ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਪਾਵਨ ਤਾਜਪੋਸ਼ੀ ਨੂੰ ਸਮਰਪਿਤ

# ਸ਼ਰਧਾ ਦੀਆਂ ਗਿਆਰਾਂ ਨਿਸ਼ਾਨੀਆਂ

ਕਈ ਲੋਕ ਕਹਿੰਦੇ ਹਨ ਕਿ ਸਾਡੀ ਗੁਰੂ 'ਤੇ ਬਹੁਤ ਸ਼ਰਧਾ ਹੈ ਇਨ੍ਹਾਂ ਗਿਆਰਾਂ ਨਿਸ਼ਾਨੀਆਂ ਵਿਚੋਂ ਆਪਣੇ 'ਤੇ ਝਾਤੀ ਮਾਰੋ ਕੀ ਇਹ ਨਿਸ਼ਾਨੀਆਂ ਸਾਡੇ ਵਿਚ ਆਈਆਂ ਹਨ ।

1 ਉਹ ਮਾਇਆ ਦੇ ਪ੍ਰਭਾਵ ਤੋਂ ਉੱਪਰ ਉਠ ਜਾਵੇਗਾ ।

2 ਉਹ ਕਦੇ ਵੀ ਇੱਕਲਾ ਨਹੀਂ ਹੁੰਦਾ ਉਹ ਆਪਣੇ ਗੁਰੂ ਨੂੰ ਹਰ ਵੇਲੇ ਅੰਗ ਸੰਗ ਮਹਿਸੂਸ ਕਰਦਾ ਹੈ

3 ਉਸ ਦੇ ਅੰਦਰ ਗੁਰੂ ਲਈ ਨਿਰਮਲ ਭਉ ਆ ਜਾਂਦਾ ਹੈ

4 ਉਹ ਆਪਣੇ ਗੁਰੂ ਵਿੱਚੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਦਾ ਹੈ

5 ਉਸ ਨੂੰ ਸੇਵਾ ਸਿਮਰਨ, ਗੁਰਬਾਣੀ ਪੜ੍ਹਨ-ਸੁਣਨ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ

6 ਉਹ ਆਪਣੇ ਗੁਰੂ ਨੂੰ ਇੱਕ ਨੰਬਰ 'ਤੇ ਦੁਨੀਆਂ ਨੂੰ ਦੋ ਨੰਬਰ 'ਤੇ ਰੱਖੇਗਾ

7 ਉਸਦੀ ਸੰਸਾਰੀ ਪਕੜ ਨਿਕਲ ਜਾਵੇਗੀ ਨਿਰੰਕਾਰੀ ਪਕੜ ਆ ਜਾਵੇਗੀ ।

8 ਉਸਨੂੰ ਇਕਾਂਤ ਵਿੱਚ ਵੀ ਜੁੜਨ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ ।

9 ਉਹ ਆਪਣੇ ਪਿਆਰੇ ਦੇ ਵੈਰਾਗ ਵਿੱਚ ਰਹਿੰਦਾ ਹੈ ।

10 ਉਸਨੂੰ ਗੁਰੂ ਦੀ ਸਮਰੱਥਾ 'ਤੇ ਵਿਸ਼ਵਾਸ ਆ ਜਾਂਦਾ ਹੈ।

11 ਉਹ ਹੁਕਮੀ ਬਣ ਜਾਂਦਾ ਹੈ, ਹੁਕਮ ਨੂੰ ਪਛਾਨਣ ਲੱਗ ਪੈਂਦਾ ਹੈ




## ਭਾਈ ਗੁਰਇਕਬਾਲ ਸਿੰਘ

ਮੁੱਖ ਦਫ਼ਤਰ : ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ

ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ । ਫ਼ੋਨ : 0183-3292255, 98765-25830

ੴ ਸਤਿਗੁਰ ਪ੍ਰਸਾਦਿ ॥

# ਸ਼ਰਧਾ ਦੀਆਂ ਗਿਆਰ੍ਹਾਂ ਨਿਸ਼ਾਨੀਆਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੦੦ ਸਾਲਾ
ਪਾਵਨ ਤਾਜ਼ਪੋਸ਼ੀ ਦਿਵਸ ਨੂੰ ਸਮਰਪਿਤ

SIKHBOOKCLUB.COM

ਲੇਖਕ :
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ
ਮਾਤਾ ਕੌਲਾਂ ਜੀ ਟਕਸਾਲ ਵਾਲੇ

ਪ੍ਰਕਾਸ਼ਕ :
ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਅੰਮ੍ਰਿਤਸਰ

© ਪ੍ਰਕਾਸ਼ਕ

ISBN 978-93-80323-17-6

ਪਹਿਲੀ ਐਡੀਸ਼ਨ ਅਕਤੂਬਰ 2008 (ਗਿਣਤੀ 2000)
ਚੌਥੀ ਐਡੀਸ਼ਨ ਮਈ 2013
ਪੰਜਵੀਂ ਐਡੀਸ਼ਨ ਫਰਵਰੀ 2015

ਭੇਟਾ : 200-00

ਮਿਲਣ ਦਾ ਪਤਾ:

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ**

ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।
ਫੋਨ : 0183-3292255 ਫੈਕਸ : 0183-2483920
ਮੋਬਾਇਲ : 91-98765-258826, 98765-25850
E-mail : mkbkt_amritsar@yahoo.com
Website : www. matakaulanjibk.org

ਪ੍ਰਕਾਸ਼ਕ :-

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫੋਨ : (0183) 2542346, 2547974, ਫੈਕਸ : 5017488
E-mail : csjssales@hotmail.com
: csjspurchase@yahoo.com
Visit our Website : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਸਮਰਪਨ !

## ਸ਼ਰਧਾ ਦੀਆਂ

## ਗਿਆਰ੍ਹਾਂ ਨਿਸ਼ਾਨੀਆਂ

SIKHBOOKCLUB.COM

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਪਾਵਨ ਤਾਜ਼ਪੋਸ਼ੀ
ਦਿਵਸ ਨੂੰ

ਦੋਹਰਾ॥

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ॥
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥

# ਅਸੀਸੜੀਆਂ



ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਕਿਰਪਾ ਅਤੇ ਧੰਨ ਬਾਬਾ ਨੰਦ ਸਿੰਘ ਜੀ, ਧੰਨ ਬਾਬਾ ਈਸ਼ਰ ਸਿੰਘ ਜੀ ਤੇ ਧੰਨ ਧੰਨ ਬਾਬਾ ਕੁੰਦਨ ਸਿੰਘ ਜੀ ਦੀਆਂ ਅਸੀਸਾਂ ਦੇ ਪਾਤਰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਜੋ ਕਿ ਨਿਸ਼ਕਾਮ ਕੀਰਤਨੀਏ ਦੇ ਰੂਪ ਵਿਚ ਜਿਥੇ ਦੇਸ਼ਾਂ ਵਿਦੇਸ਼ਾਂ ਵਿਚ ਭੁੱਲੇ ਭਟਕਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਰਹੇ ਹਨ ਅਤੇ ਕਈ ਤਰ੍ਹਾਂ ਦੀਆਂ ਸਮਾਜਿਕ ਸੇਵਾਵਾਂ ਹਸਪਤਾਲਾਂ, ਸਕੂਲਾਂ ਅਤੇ ਸਰਾਵਾਂ ਦੇ ਰੂਪ ਵਿਚ ਵੀ ਮੋਹਰੀ ਕਤਾਰ 'ਚ ਖੜ ਕੇ ਕਰ ਰਹੇ ਹਨ। ਉਥੇ ਗੁਰਮੁਖ ਪਿਆਰੇ ਕਲਮ ਦੇ ਧਨੀ ਵੀ ਹਨ। ਮੈ ਦਸਿਹੁ ਮਾਰਗਿ ਸੰਤਹੁ ਅਤੇ ਨੌਂ ਵਿਸ਼ੇਸ਼ਤਾਈਆਂ ਸ੍ਰੀ ਸੁਖਮਨੀ ਸਾਹਿਬ ਜੀ ਦੀਆਂ ਦੋ ਕਿਤਾਬਾਂ ਜੋ ਇਹਨਾਂ ਨੇ ਪਾਠਕਾਂ ਦੀ ਝੋਲੀ ਵਿਚ ਪਾਈਆਂ ਹਨ ਉਹ ਇਕ ਬੇ-ਮਿਸਾਲ ਪ੍ਰਚਾਰ ਦਾ ਮਾਧਿਅਮ ਹੈ। ਜਿਸਦਾ ਲਾਭ ਸਾਰੇ ਸੰਸਾਰ ਵਿਚ ਬੈਠੀਆਂ ਸੰਗਤਾਂ ਨੇ ਪ੍ਰਾਪਤ ਕੀਤਾ ਹੈ।

ਅੱਜ ਉਹਨਾਂ ਦੀ ਕਲਮ ਤੋਂ "ਸ਼ਰਧਾਂ ਦੀਆਂ 11 ਨਿਸ਼ਾਨੀਆਂ" ਨਾਮ ਦੀ ਹੱਥਲੀ ਪੁਸਤਕ ਵੀ ਇਕ ਮੀਲ ਪੱਥਰ ਸਾਬਤ ਹੋਵੇਗੀ।

ਕਿਉਂਕਿ ਗੁਰ ਨਾਨਕ ਦੀ ਸਿੱਖੀ ਖੜ੍ਹੀ ਹੀ ਸ਼ਰਧਾ 'ਤੇ ਹੈ। ਬਹੁਤ ਹੀ ਬਾਰੀਕੀਆਂ ਵਿਚ ਸ਼ਰਧਾਂ ਦੀਆਂ ਨਿਸ਼ਾਨੀਆਂ ਦੀ ਭਰਪੂਰ ਖੋਜ ਕਰਨ ਤੋਂ ਬਾਅਦ ਉਹਨਾਂ ਨੇ ਕਿਤਾਬ ਦਾ ਰੂਪ ਦਿੱਤਾ ਹੈ। ਦਾਸ ਨੂੰ ਆਸ ਹੀ ਨਹੀਂ ਯਕੀਨ ਹੈ ਕਿ ਇਹ ਸ਼ਰਧਾਂ ਦੀਆਂ 11 ਨਿਸ਼ਾਨੀਆਂ ਕਿਤਾਬ ਸੰਗਤਾਂ ਦੀ ਝੋਲੀ 'ਚ ਗੁਰੂ ਪਿਆਰ, ਭੈ-ਭਾਵਨਾ ਅਤੇ ਗੁਰਮਤਿ ਦੇ ਧਾਰਨੀ ਹੋਣ 'ਚ ਸਹਾਈ ਹੋਵੇਗੀ। ਨਾਨਕਸਰ ਸੰਪਰਦਾ ਵੱਲੋਂ ਦਾਸ ਭਾਈ ਸਾਹਿਬ ਜੀ ਨੂੰ ਵਧਾਈ ਦੇਂਦਾ ਹੈ ਤੇ ਬੇਨਤੀ ਕਰਦਾ ਹੈ ਕਿ ਅੱਗੋਂ ਵੀ ਭਾਈ ਸਾਹਿਬ ਜੀ ਐਸੇ ਉਪਰਾਲੇ ਕਰਦੇ ਰਹਿਣ।

ਵਲੋਂ :

ਬਾਬਾ ਕੁੰਦਨ ਸਿੰਘ ਜੀ ਦੇ ਸੇਵਾਦਾਰ

ਦਾਸ ਬਾਬਾ ਹਰਭਜਨ ਸਿੰਘ (ਨਾਨਕਸਰ ਕਲੇਰਾਂ)

## ਅਸੀਸੜੀਆਂ



ਗੁਰੂ ਘਰ ਦੇ ਮਹਾਨ ਤੇ ਨਿਸ਼ਕਾਮ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਜੀ ਸੰਸਥਾਪਕ ਮਾਤਾ ਕੌਲਾਂ ਜੀ ਭਲਾਈ ਕੇਂਦਰ ਸ੍ਰੀ ਅੰਮ੍ਰਿਤਸਰ ਜਿੱਥੇ ਸਿੱਖ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰੂ ਘਰ ਨਾਲ ਜੋੜਦੇ ਹਨ। ਉਥੇ ਉਹਨਾਂ ਵੱਲੋਂ ਬੱਚਿਆਂ ਦੀ ਵਿਦਿਆ ਲਈ ਸਕੂਲ, ਮਰੀਜਾਂ ਲਈ ਹਸਪਤਾਲ, ਗਰੀਬ ਵਿਧਵਾਵਾਂ ਲਈ ਮੁਫਤ ਰਾਸ਼ਨ ਵਰਗੇ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ। ਉਥੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਯਾਤਰੂਆਂ ਵਾਸਤੇ ਦੋ ਸਰਾਵਾਂ ਵੀ ਤਿਆਰ ਕਰਵਾਈਆਂ ਗਈਆਂ ਹਨ। ਉਹਨਾਂ ਵੱਲੋਂ ਗੁਰੂ ਘਰ ਦੇ ਪ੍ਰੇਮੀਆਂ ਲਈ ਆਪਣੀ ਲਿਖਤ ਰਾਹੀਂ ਇਹ ਤੀਸਰੀ ਪੁਸਤਕ "ਸ਼ਰਧਾ ਦੀਆਂ ਗਿਆਰ੍ਹਾਂ ਨਿਸ਼ਾਨੀਆਂ" ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ ਗੱਦੀ ਦੇ ਮੌਕੇ ਤੇ ਪ੍ਰਕਾਸ਼ਤ ਕਰਵਾਈ ਗਈ ਹੈ।

ਮੇਰੀ ਸਤਿਗੁਰਾਂ ਅੱਗੇ ਅਰਦਾਸ ਜੋਦੜੀ ਹੈ ਕਿ ਭਾਈ ਗੁਰਇਕਬਾਲ ਸਿੰਘ ਜੀ ਦੀ ਇਹ ਪੁਸਤਕ ਪੜ੍ਹ ਕੇ ਸਾਡੀ ਸਾਰਿਆਂ ਦੀ ਗੁਰੂ ਨਾਲ ਸ਼ਰਧਾ ਹੋਰ ਵੀ ਪਰਪੱਕ ਹੋਵੇ ਤੇ ਅਸੀਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਨਾਲ ਜੁੜ ਕੇ ਆਪਣਾ ਜੀਵਨ ਸਫਲ ਕਰ ਸਕੀਏ।

ਹਾਰਦਿਕ ਵਧਾਈਆਂ ਸਹਿਤ।

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ।

# ਅਸੀਸੜੀਆਂ



ਸਿੱਖ ਧਰਮ ਵਿਸ਼ਵਾਸ ਤੇ ਸ਼ਰਧਾ ਤੇ ਖੜਾ ਹੈ-

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥*

...... ......

*ਸਤਿਗੁਰ ਕੀ ਜਿਸ ਨੋ ਮਤਿ ਆਵੈ*
*ਸੋ ਸਤਿਗੁਰ ਮਾਹਿ ਸਮਾਨਾ ॥*

SIKHBOOKCLUB.COM

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਜੋ ਆਪ ਸ਼ਰਧਾ ਨਾਲ ਭਰੇ ਹੋਏ ਹਨ, ਅਨੇਕਾਂ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਕੀਰਤਨ ਵਿਚ ਸ਼ਰਧਾ ਦੀਆਂ ਸਾਖੀਆਂ ਸੁਣਾ ਕੇ ਗੁਰੂ ਤੋਂ ਝੋਲੀਆਂ ਭਰਵਾ ਰਹੇ ਹਨ। ਇਹ ਪੁਸਤਕ ਜੋ ਸ਼ਰਧਾਂ ਦੀਆਂ ਗਿਆਰ੍ਹਾਂ ਨਿਸ਼ਾਨੀਆਂ ਭਾਈ ਸਾਹਿਬ ਜੀ ਸੰਗਤ ਦੀ ਭੇਟ ਕਰ ਰਹੇ ਹਨ। ਦਾਸ ਨੂੰ ਆਸ ਹੈ ਇਹ ਸੰਗਤਾਂ ਦੇ ਵਾਸਤੇ ਮੀਲ ਪੱਥਰ ਸਾਬਤ ਹੋਵੇਗੀ।

ਦਾਸ :

ਸਿੰਘ ਸਾਹਿਬ ਗਿ: ਜਸਵਿੰਦਰ ਸਿੰਘ
ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ।

# ਤਤਕਰਾ

ਸ਼ੁਕਰਾਨਾ 9

ਭੂਮਿਕਾ 11

ਪਹਿਲੀ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

ਉਹ 'ਮਾਇਆ' ਦੇ ਪ੍ਰਭਾਵ ਤੋਂ ਉੱਪਰ ਉੱਠ ਜਾਵੇਗਾ। 17

ਦੂਜੀ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

ਉਹ ਕਦੀ ਵੀ ਇਕੱਲਾ ਨਹੀਂ ਹੁੰਦਾ, ਉਹ ਆਪਣੇ ਗੁਰੂ ਨੂੰ ਹਰ ਵੇਲੇ ਅੰਗ ਸੰਗ ਮਹਿਸੂਸ ਕਰਦਾ ਹੈ 38

ਤੀਸਰੀ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

ਉਸ ਦੇ ਅੰਦਰ ਗੁਰੂ ਲਈ ਨਿਰਮਲ ਭਉ ਆ ਜਾਂਦਾ ਹੈ 56

ਚੌਥੀ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

ਉਹ ਆਪਣੇ ਗੁਰੂ ਵਿਚੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਦਾ ਹੈ। 76

ਪੰਜਵੀ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

ਉਸ ਨੂੰ ਸੇਵਾ, ਸਿਮਰਨ, ਗੁਰਬਾਣੀ ਪੜ੍ਹਨ-ਸੁਨਣ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ 133

SIKHBOOKCLUB.COM

ਛੇਵੀਂ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਹ ਆਪਣੇ ਗੁਰੂ ਨੂੰ ੧ ਨੰਬਰ ਅਤੇ ਦੁਨੀਆਂ ਨੂੰ ੨ ਨੰਬਰ 'ਤੇ ਰੱਖੇਗਾ** **152**

ਸੱਤਵੀਂ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਸ ਦੀ ਸੰਸਾਰੀ ਪਕੜ ਨਿਕਲ ਜਾਵੇਗੀ, ਨਿਰੰਕਾਰੀ ਪਕੜ ਆ ਜਾਵੇਗੀ।** **178**

ਅਠਵੀਂ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਸਨੂੰ ਇਕਾਂਤ ਵਿੱਚ ਜੁੜਣ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ।** **206**

ਨੌਵੀਂ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਹ ਆਪਣੇ ਪਿਆਰੇ ਦੇ ਵੈਰਾਗ ਵਿਚ ਰਹਿੰਦਾ ਹੈ** **219**

ਦਸਵੀਂ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਸਨੂੰ ਗੁਰੂ ਦੀ ਸਮਰੱਥਾ 'ਤੇ ਵਿਸ਼ਵਾਸ ਆ ਜਾਂਦਾ ਹੈ** **227**

ਗਿਆਰ੍ਹਵੀਂ ਨਿਸ਼ਾਨੀ :-

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਹ ਹੁਕਮੀ ਬਣ ਜਾਂਦਾ ਹੈ ਹੁਕਮ ਨੂੰ ਪਛਾਨਣ ਲੱਗ ਪੈਂਦਾ ਹੈ** **252**

☆☆☆

SIKHBOOKCLUB.COM

# ਸ਼ੁਕਰਾਨਾ

ਜਿੱਥੇ ਪ੍ਰੇਮ ਹੈ, ਸ਼ਰਧਾ ਹੈ, ਉਥੇ ਟਿਕਾਓ ਹੁੰਦਾ ਹੈ, ਭਟਕਣਾ ਨਹੀਂ ਹੁੰਦੀ। ਪ੍ਰੇਮ ਤੋਂ ਬਿਨਾਂ ਟਿਕਾਓ ਨਹੀਂ। ਇਕ ਡੇਰੇ ਤੋਂ ਦੂਜੇ ਡੇਰੇ, ਇਕ ਆਸ਼ਰਮ ਤੋਂ ਦੂਜੇ ਆਸ਼ਰਮ, ਇਕ ਗੁਰੂ ਤੋਂ ਦੂਜੇ ਗੁਰੂ ਵੱਲ ਉਹ ਭਟਕੇਗਾ, ਜਿਸ ਨੂੰ ਆਪਣੇ ਗੁਰੂ ਤੇ ਸ਼ਰਧਾ ਨਹੀਂ। ਜਿਸ ਦਿਨ ਸ਼ਰਧਾ ਪੈਦਾ ਹੋ ਜਾਵੇਗੀ, ਭਟਕਣਾ ਬੰਦ ਹੋ ਜਾਵੇਗੀ। ਉਸ ਨੂੰ ਪ੍ਰੇਮੀ ਕਹਿੰਦੇ ਹਨ ਜੋ ਸਦਾ ਟਿਕਿਆ ਰਹਿੰਦਾ ਹੈ। ਸ਼ਰਧਾ ਹੈ ਕੀ, ਪ੍ਰੇਮ ਹੈ ਕੀ ? ਇਸ ਦੀਆਂ ਨਿਸ਼ਾਨੀਆਂ ਹਨ, ਜਿਨ੍ਹਾਂ ਤੋਂ ਸਾਨੂੰ ਪਤਾ ਲੱਗ ਸਕੇ ਕਿ ਸਾਨੂੰ ਇਹ ਦਾਤ ਮਿਲੀ ਹੈ ਕਿ ਨਹੀਂ। ਕਿਉਂਕਿ ਹਰ ਚੀਜ਼ ਦੀ ਨਿਸ਼ਾਨੀ ਹੁੰਦੀ ਹੈ।

ਸਤਿਗੁਰੂ ਜੀ ਨੇ ਬਾਣੀ ਵਿਚ ਸਾਧੂ ਦੀ ਵੀ ਨਿਸ਼ਾਨੀ ਦੱਸੀ ਹੈ :

***ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥***

(ਅੰਗ ੩੨੦)

ਸਿੱਖ ਦੀ ਵੀ ਨਿਸ਼ਾਨੀ ਦੱਸੀ ਹੈ:

SIKHBOOKCLUB.COM

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***

(ਅੰਗ ੩੦੫)

ਪੰਡਿਤ ਦੀ ਵੀ ਨਿਸ਼ਾਨੀ ਦੱਸੀ ਹੈ:

***ਸੋ ਪੰਡਿਤੁ ਜੋ ਮਨੁ ਪਰਬੋਧੈ॥***
***ਰਾਮ ਨਾਮੁ ਆਤਮ ਮਹਿ ਸੋਧੈ॥***

(ਅੰਗ ੨੭੪)

ਬ੍ਰਾਹਮਣ ਦੀ ਵੀ ਨਿਸ਼ਾਨੀ ਦੱਸੀ ਹੈ:

***ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ॥***

(ਅੰਗ ੬੮)

ਜੋਗੀ ਦੀ ਵੀ ਨਿਸ਼ਾਨੀ ਦੱਸੀ ਹੈ:-

***ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥***

***ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥***
***ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥***

(ਅੰਗ ੭੩੦)

ਜੇ ਇਸ ਤਰ੍ਹਾਂ ਜ਼ਿੰਦਗੀ ਵਿਚ ਸ਼ਰਧਾ ਤੇ ਪ੍ਰੇਮ ਆ ਗਿਆ ਹੈ ਤਾਂ ਇਸ ਦੀਆਂ ਵੀ ਕੁਝ ਨਿਸ਼ਾਨੀਆਂ ਹਨ। ਕਈ ਵਾਰੀ ਬੰਦਾ ਕੱਚੀ ਵਿਚ ਹੁੰਦਾ ਹੈ ਤੇ ਸਮਝਦਾ ਹੈ ਮੈਂ ਤੇ ਐਮ. ਏ. ਵਿਚ ਹਾਂ। ਅਸੀਂ ਵੀ ਕਿਧਰੇ ਜ਼ਿੰਦਗੀ ਵਿਚ ਭੁਲੇਖੇ ਵਿਚ ਨਾ ਰਹਿ ਜਾਈਏ ਕਿ ਸਾਡੇ ਵਰਗਾ ਪ੍ਰੇਮੀ ਕੋਈ ਨਹੀਂ। ਇਹਨਾਂ ਨਿਸ਼ਾਨੀਆਂ ਨੂੰ ਪੜ੍ਹ ਕੇ ਆਪਣੇ ਅੰਦਰ ਨਾਲ ਤੋਲੀਏ ਤਾਂ ਸਚਾਈ ਸਾਹਮਣੇ ਆ ਜਾਵੇਗੀ। ਅਸੀਂ ਕਿਥੇ ਕੁ ਖੜੇ ਹਾਂ ਇਹ ਸ਼ਰਧਾ ਦੀਆਂ ਗਿਆਰ੍ਹਾਂ ਨਿਸ਼ਾਨੀਆਂ ਗੁਰੂ ਸਾਹਿਬ ਜੀ ਨੇ ਆਪਣੀ ਕ੍ਰਿਪਾ ਨਾਲ ਲਿਖਵਾਈਆਂ ਹਨ। ਆਸ ਹੈ ਇਹਨਾਂ ਨੂੰ ਪੜ੍ਹ ਕੇ ਆਪਣਾ ਨਕਸ਼ਾ ਜ਼ਰੂਰ ਸਾਹਮਣੇ ਆਵੇਗਾ ਕਿ ਅਸੀਂ ਕਿਥੇ ਕੁ ਖੜੇ ਹਾਂ ਤੇ ਪੜ੍ਹ ਕੇ ਜ਼ਰੂਰ ਅੱਗੇ ਵੱਧਣਾ। ਆਪ ਜੀ ਦਾ ਜੀਵਨ ਗੁਰੂ ਵੱਲ ਹੋਰ ਅੱਗੇ ਵੱਧੇ ਤਾਂ ਹੀ ਗੁਰੂ ਸਾਹਿਬ ਵੱਲੋਂ ਇਹ ਕਿਤਾਬ ਲਿਖਣ ਦਾ ਕਰਵਾਇਆ ਸਾਡਾ ਨਿਮਾਣਾ ਜਿਹਾ ਉੱਦਮ ਸਫ਼ਲ ਹੋਵੇਗਾ। ਇਸ ਕਿਤਾਬ ਨੂੰ ਲਿਖਣ ਵਿਚ ਜੋ ਭੈਣ ਜੀ ਹਰਵੀਨ ਕੌਰ, ਗਰੀਨ ਐਵੀਨਿਊ ਨੇ ਸਹਿਯੋਗ ਦਿੱਤਾ ਹੈ, ਉਹ ਕਥਨ ਤੋਂ ਬਾਹਰ ਹੈ। ਇਸ ਦੇ ਨਾਲ ਭਾਈ ਹਰਵਿੰਦਰ ਸਿੰਘ (ਡੀ. ਸੀ. ਵੀਰ ਜੀ), ਭਾਈ ਜਸਵਿੰਦਰ ਸਿੰਘ ਜੀ ਪਟਿਆਲੇ ਵਾਲੇ, ਭਾਈ ਪਾਲ ਸਿੰਘ ਜੀ ਅਤੇ ਭਾਈ ਜਸਵਿੰਦਰ ਸਿੰਘ ਜੀ ਸਿਵਲ ਲਾਇਨ ਵਾਲੇ ਕੰਪਿਊਟਰ ਤੇ ਸੁਧਾਈ ਵਾਲੇ ਸਾਰੇ ਵੀਰਾਂ ਦਾ ਬਹੁਤ ਧੰਨਵਾਦ ਹੈ। ਆਪ ਸਭ ਦੀਆਂ ਅਸੀਸਾਂ ਇਸੇ ਤਰ੍ਹਾਂ ਬਣੀਆਂ ਰਹਿਣ।

SIKHBOOKCLUB.COM

ਲੇਖਕ :

ਦਾਸਨ ਦਾਸ ਭਾਈ ਗੁਰਇਕਬਾਲ ਸਿੰਘ

# ਭੂਮਿਕਾ

'ਸ਼ਰਧਾ' ਤੋਂ ਬਗ਼ੈਰ ਗੁਰੂ-ਸਰੋਵਰ ਵਿਚੋਂ ਮੋਤੀ ਨਹੀਂ ਲੱਭ ਸਕਦੇ, ਪਰ ਸ਼ਰਧਾ ਹੈ ਕੀ ? ਸ਼ਰਧਾ ਦਾ ਅਰਥ ਹੈ— 'ਬੇਮਿਸਾਲ ਪ੍ਰੇਮ'। ਪ੍ਰੇਮ ਦਾ ਜੋ ਪਰਮ ਰੂਪ ਹੈ, ਉਸ ਦਾ ਨਾਮ ਹੈ 'ਸ਼ਰਧਾ'। ਗੁਰੂ ਤੇ ਸਿੱਖ ਦੇ ਵਿਚਕਾਰ ਜੋ ਸੰਬੰਧ ਹੈ, ਉਹ ਸ਼ਰਧਾ ਦਾ ਹੈ, ਪ੍ਰੇਮ ਦਾ ਹੈ। ਪਤੀ-ਪਤਨੀ ਦਾ ਸੰਬੰਧ, ਭਰਾ-ਭਰਾ ਦਾ ਸੰਬੰਧ, ਇਹ ਸਾਰੇ ਸੰਬੰਧ ਸਰੀਰ ਦੇ ਹਨ, ਆਤਮਾ ਦੇ ਨਹੀਂ ਪਰ ਗੁਰੂ ਨਾਲ ਸਿੱਖ ਦਾ ਸੰਬੰਧ ਸਰੀਰ ਦੇ ਨਾਲ ਨਾਲ ਆਤਮਿਕ ਵੀ ਹੈ ਤੇ ਜਿਸ ਨਾਲ ਆਤਮਾ ਦਾ ਸੰਬੰਧ ਹੈ, ਉਸ ਤੋਂ ਹੀ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ। ਗੁਰੂ 'ਤੇ ਸ਼ਰਧਾ ਤੋਂ ਬਿਨਾਂ ਪ੍ਰਮਾਤਮਾ ਦੀ ਪ੍ਰਾਪਤੀ ਸੰਭਵ ਨਹੀਂ। ਸ਼ਰਧਾ ਤੋਂ ਬਿਨਾਂ ਪ੍ਰਮਾਤਮਾ ਦੀ ਮੌਜੂਦਗੀ ਦਾ ਬੋਧ ਹੋ ਹੀ ਨਹੀਂ ਸਕਦਾ।

ਸਤਿਗੁਰੂ ਪ੍ਰਤੀ ਸ਼ਰਧਾ, ਜੀਵਨ ਨੂੰ ਸਹੀ ਦਿਸ਼ਾ ਦੇਂਦੀ ਹੈ, ਮੰਜ਼ਿਲ ਦੀ ਪ੍ਰਾਪਤੀ ਵਿਚ ਸਹਾਈ ਹੁੰਦੀ ਹੈ। ਸਫਲਤਾ ਮਿਲਦੀ ਹੈ। ਪ੍ਰਮਾਤਮਾ ਦੀ ਪ੍ਰਾਪਤੀ ਵਿਸ਼ਵਾਸ ਨਾਲ ਹੁੰਦੀ ਹੈ ਤੇ ਵਿਸ਼ਵਾਸ-ਭਰੋਸਾ ਤਦ ਹੀ ਪੈਦਾ ਹੋਵੇਗਾ ਜੇ ਸ਼ਰਧਾ ਹੋਵੇਗੀ। ਇਹ ਭਰੋਸਾ ਹੀ ਜੋੜਦਾ ਹੈ, ਇਹ ਭਰੋਸਾ ਹੀ ਫਿਰ ਚਲਾਂਦਾ ਹੈ। ਜਿਸ ਦੇ ਅੰਦਰ ਭਰੋਸਾ ਬੱਝ ਜਾਂਦਾ ਹੈ, ਉਸ ਅੰਦਰ ਬ੍ਰਹਮ ਗਿਆਨ ਪ੍ਰਗਟ ਹੋ ਜਾਂਦਾ ਹੈ।

SIKHBOOKCLUB.COM

ਸ਼ਰਧਾ ਹੀ ਸ਼ਕਤੀ ਹੈ। ਜੇ ਸ਼ਰਧਾ ਨਹੀਂ ਤਾਂ ਸਾਧਨਾ ਸੰਪੂਰਨ ਨਹੀਂ ਹੋ ਸਕਦੀ। ਜਿਨ੍ਹਾਂ ਨੂੰ ਵੀ ਪ੍ਰਾਪਤੀ ਹੋਈ, ਜਿਨ੍ਹਾਂ ਦਾ ਵੀ ਜੀਵਨ ਸਾਰਥਕ ਹੋਇਆ, ਉਸ ਪਿਛੇ ਕਾਰਨ ਸੀ 'ਸਾਧਨਾ'। ਜੀਵਨ ਜੀਉਣ ਦਾ ਅਸਲ ਕੀ ਢੰਗ ਹੈ। ਜਿਥੋਂ ਅਸੀਂ ਸਿਖਦੇ ਹਾਂ ਕਿ ਜੀਵਨ ਵਿਚ ਕਿਸ ਤਰਾਂ ਚੱਲੀਏ, ਇਹੀ ਸਾਧਨਾ ਹੈ।

ਗੁਰੂ ਜੁਗਤੀਆਂ ਦੱਸਦਾ ਹੈ, ਵਿਧੀ ਦੱਸਦਾ ਹੈ। ਅਸੀਂ ਸਾਧਨਾ ਕਰ ਕੇ ਉਨ੍ਹਾਂ ਮੁਤਾਬਕ ਚਲਣਾ ਹੈ।

ਅਥਾਹ ਪ੍ਰੀਤ, ਭਰੋਸ਼ਾ ਤੇ ਸ਼ਰਧਾ ਦਾ ਸਦਕਾ ਹੀ ਭਾਈ ਲਹਿਣਾ ਜੀ ਨੂੰ, ਗੁਰੂ ਨਾਨਕ ਦੀ ਆਗਿਆ ਵਿਚ ਵਿਚਰਨ ਕਾਰਨ, ਗੁਰੂ-ਪਦਵੀ ਦੀ ਪ੍ਰਾਪਤੀ ਹੋਈ। ਪ੍ਰੀਤ ਤੇ ਸ਼ਰਧਾ ਦਾ ਸਦਕਾ ਹੀ ਬਾਬਾ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਪਾਸੋਂ ਕਈ ਵਰ ਪ੍ਰਾਪਤ ਹੋਏ ਤੇ ਗੁਰਗੱਦੀ ਦੀ ਬਖ਼ਸ਼ਿਸ਼ ਪ੍ਰਾਪਤ ਹੋਈ। ਗੁਰੂ 'ਤੇ ਸ਼ਰਧਾ ਤੇ ਪ੍ਰੇਮ-ਪਿਆਰ ਦਾ ਸਦਕਾ ਹੀ ਇਕ ਘੁੰਗਣੀਆਂ ਵੇਚਣ ਵਾਲਾ ਭਾਈ ਜੇਠਾ, ਇਕ ਅਨਾਥ ਬਾਲਕ, ਗੁਰੂ ਰਾਮਦਾਸ ਦੀ ਪਦਵੀ 'ਤੇ ਪਹੁੰਚ ਗਏ। ਪ੍ਰੇਮ ਭਾਵਨਾ, ਸੱਚੀ ਲਗਨ ਦੇਖ

ਕੇ, ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਆਪਣਾ ਜਵਾਈ ਬਣਾ ਲਿਆ। ਆਪਣੀ ਉਮਰ ਦੇ ਕੇ ਗੁਰਗੱਦੀ ਦੀ ਬਖ਼ਸ਼ਿਸ਼ ਕਰ ਦਿੱਤੀ, ਕਿਸ ਸਦਕੇ ? ਸ਼ਰਧਾ ਤੇ ਪ੍ਰੇਮ ਦੇ ਸਦਕੇ।

ਗੁਰੂ ਅਰਜਨ ਦੇਵ ਜੀ ਨੇ ਤੱਤੀ ਰੇਤ ਸੀਸ 'ਤੇ ਪਵਾਈ, ਉਬਲਦੀ ਦੇਗ ਵਿਚ ਬੈਠੇ ਵੀ ਅਡੋਲ ਰਹੇ, ਕਿਸ ਸਦਕੇ ? ਗੁਰੂ ਰਾਮਦਾਸ ਜੀ ਦੇ ਚਰਨਾਂ ਦੀ ਪ੍ਰੀਤ ਦਾ ਸਦਕਾ।

***ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।***
***ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।***
***ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।***
***ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।***

(ਵਾਰ ੨੪ ਪਉੜੀ ੨੩)

ਗੁਰੂ ਤੇ ਸ਼ਰਧਾ, ਪ੍ਰੀਤ ਤੇ ਵਿਸ਼ਵਾਸ ਦੇ ਕਾਰਨ ਹੀ ਅਨੇਕਾਂ ਸਿੰਘ-ਸਿੰਘਣੀਆਂ ਨੇ ਹਸਦੇ-ਹਸਦੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦੁਨਿਆਵੀ ਲੋਕਾਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਨੇ ਬਹੁਤ ਕਸ਼ਟ ਸਹੇ, ਪਰ ਉਨ੍ਹਾਂ ਪ੍ਰੀਤ ਨਿਬਾਹੀ, ਕਿਉਂਕਿ ਸਾਧਕ ਲਈ ਗੁਰੂ ਦੀ ਪ੍ਰੀਤ ਹੀ ਸਭ ਕੁਝ ਹੈ। ਭਗਤ ਪ੍ਰਹਿਲਾਦ ਪਿਤਾ ਦੇ ਜ਼ੁਲਮਾਂ ਤੋਂ ਘਬਰਾਇਆ ਨਹੀਂ। ਜਿਨ੍ਹਾਂ ਦੀ ਪ੍ਰਭੂ ਨਾਲ ਸੱਚੀ ਪ੍ਰੀਤ ਪੈ ਗਈ ਹੈ ਫਿਰ ਉਹ ਰਹਿ ਹੀ ਨਹੀਂ ਸਕਦੇ। ਦੁਨਿਆਵੀ ਡਰ ਉਨ੍ਹਾਂ ਨੂੰ ਡਰਾ ਨਹੀਂ ਸਕਦੇ, ਵੱਡੇ-ਵੱਡੇ ਲਾਲਚ ਉਨ੍ਹਾਂ ਨੂੰ ਤੋੜ ਨਹੀਂ ਸਕਦੇ। ਜਿਨ੍ਹਾਂ ਨੂੰ ਸੱਚਾ ਇਸ਼ਕ ਲਗ ਗਿਆ, ਉਨ੍ਹਾਂ ਨੇ ਬੰਦ ਬੰਦ ਕਟਵਾ ਲਏ ਪਰ ਗੁਰੂ ਦੇ ਚਰਨ ਨਹੀਂ ਛੱਡੇ।

ਇਕ ਗੱਲ ਯਾਦ ਰਖਿਓ ਕਿ ਜਦ ਤਕ ਤੁਹਾਡੀ ਸ਼ਰਧਾ ਨਹੀਂ ਬਣੀ ਗੁਰੂ 'ਤੇ ਤਦ ਤਕ ਖ਼ਤਰਾ ਹੀ ਖ਼ਤਰਾ ਹੈ। ਕੀਰਤਨ ਸੁਨਣਾ ਬੜਾ ਮਹਾਨ ਹੈ ਪਰ ਜੇ ਸ਼ਰਧਾ ਨਹੀਂ ਬਣੀ, ਖ਼ਤਰਾ ਹੈ। ਸੁਨਣ ਤੋਂ ਬਾਅਦ ਮੰਨਣ ਦੀ ਅਵਸਥਾ ਹੈ। ਜੇ ਪੂਰਨ ਸ਼ਰਧਾ ਭਾਵਨਾ ਨਹੀਂ ਬਣੀ ਤਾਂ ਮੰਨਣ ਵਾਲਾ ਵੀ ਟੁੱਟ ਸਕਦਾ ਹੈ। ਮੰਨਣ ਤੋਂ ਬਾਅਦ ਭਰੋਸੇ ਦੀ ਅਵਸਥਾ ਹੈ। ਜੇ ਭਰੋਸਾ ਆ ਗਿਆ, ਪਰ ਸ਼ਰਧਾ ਨਹੀਂ ਤਾਂ ਭਰੋਸੇ ਵਾਲਾ ਵੀ ਟੁੱਟ ਸਕਦਾ ਹੈ। ਜਿਵੇਂ ਇਕ ਵਾਰਤਾ ਵੀ ਹੈ ਕਿ ਕਿਸੇ ਪ੍ਰੇਮੀ ਗੁਰਮੁਖ ਪਿਆਰੇ ਨੇ ਕਿਸੇ ਗੁਰਦੁਆਰੇ ਵਿਚ ਅਖੰਡ ਪਾਠ ਕਰਵਾਇਆ। ਉਥੇ ਸੇਵਾ ਦੇ ਰੂਪ ਵਿਚ ਗੁਰੂ ਸਾਹਿਬ ਲਈ ਨਵਾਂ ਚੰਦੋਆ, ਸੁੰਦਰ ਰੁਮਾਲੇ, ਹਾਲ ਲਈ ਦਰੀਆਂ ਤੇ ਗ਼ਲੀਚਾ ਵੀ ਬਣਾਇਆ। ਗੁਰਦੁਆਰੇ ਦੀ ਇਮਾਰਤ ਦੀ ਸੇਵਾ ਲਈ ਭੇਟਾ ਵੀ ਦਿੱਤੀ। ਕੋਈ ਇਕ ਹਫਤੇ ਬਾਅਦ ਉਸ ਸਰੀਰ ਦੀ ਕਚਹਿਰੀ ਵਿਚ ਤਰੀਕ ਸੀ ਤੇ ਉਹ ਕੇਸ ਹਾਰ ਗਿਆ। ਕੇਸ ਹਾਰ ਜਾਣ

ਤੋਂ ਬਾਅਦ ਉਸ ਸਰੀਰ ਦੇ ਬਚਨ ਸਨ, ਅਖੰਡ ਪਾਠ ਵੀ ਕਰਵਾਇਆ, ਦਰੀਆਂ ਗ਼ਲੀਚੇ ਦੀ ਸੇਵਾ ਵੀ ਕੀਤੀ, ਇਮਾਰਤ ਲਈ ਵੱਡੀ ਭੇਟਾ ਵੀ ਦਿੱਤੀ ਪਰ ਫਿਰ ਵੀ ਅਸੀਂ ਕੇਸ ਹਾਰ ਗਏ। ਸਾਡਾ ਤਾਂ ਗੁਰੂ ਘਰ ਤੋਂ ਭਰੋਸਾ ਹੀ ਟੁੱਟ ਗਿਆ ਹੈ। ਜੇ ਗੁਰੂ 'ਤੇ ਪੂਰਨ ਸ਼ਰਧਾ ਨਹੀਂ ਤਾਂ ਭਰੋਸੇ ਵਾਲਾ, ਸੁਨਣ ਵਾਲਾ, ਮੰਨਣ ਵਾਲਾ ਵੀ ਟੁੱਟ ਸਕਦਾ ਹੈ। ਪਰ ਜੇ ਸ਼ਰਧਾ ਹੈ, ਭਾਵਨਾ ਹੈ, ਫੇਰ ਭਾਵੇਂ ਲੱਖਾਂ ਹਨੇਰੀਆਂ ਵੀ ਆ ਜਾਣ, ਉਸ ਨੂੰ ਤੋੜ ਨਹੀਂ ਸਕਦੀਆਂ। ਤੁਸੀਂ ਕਦੀ ਨੋਟ ਕਰੋ, ਜਦੋਂ ਹਨੇਰੀ ਆਵੇ ਤਾਂ ਤੀਲੇ ਨੂੰ ਕਈ ਬਜ਼ਾਰਾਂ ਵਿਚ ਉਡਾਂਦੀ ਹੈ ਪਰ ਪਹਾੜ ਆਪਣੀ ਜਗ੍ਹਾ 'ਤੇ ਟਿਕੇ ਰਹਿੰਦੇ ਹਨ। ਜਿਨ੍ਹਾਂ ਦੀ ਗੁਰੂ 'ਤੇ ਸ਼ਰਧਾ ਬੱਝ ਜਾਵੇ, ਉਹ ਟਿਕੇ ਰਹਿੰਦੇ ਹਨ। ਭਾਵੇਂ ਕਰੋੜਾਂ ਤੋੜਨ ਵਾਲੇ ਮਿਲ ਜਾਣ, ਉਹ ਨਹੀਂ ਟੁੱਟਦੇ। ਜਿਹੜੇ ਸਿਦਕ ਨਾਲ, ਭਰੋਸੇ ਨਾਲ, ਗੁਰੂ 'ਤੇ ਪੂਰਨ ਸ਼ਰਧਾ ਨਾਲ ਪ੍ਰੀਤ ਦੇ ਰਸਤੇ 'ਤੇ ਤੁਰਦੇ ਹਨ, ਉਨ੍ਹਾਂ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਬਣ ਸਕਦਾ। ਉਨ੍ਹਾਂ ਨੂੰ ਨਾ ਕੋਈ ਡਰ ਤੋੜ ਸਕਦਾ ਹੈ, ਨਾ ਮੁਸੀਬਤ ਤੇ ਨਾ ਕੋਈ ਲਾਲਚ।

ਪਿਆਰ ਭਰਿਆ ਉਤਮ ਨਾਮ ਹੈ 'ਨਾਨਕ ਪ੍ਰੇਮ'। ਇਸ ਪ੍ਰੇਮ ਨੇ ਜਿਸ ਹਿਰਦੇ ਵਿਚ ਇਕ ਰਤੀ ਭਰ ਵੀ ਨਿਵਾਸ ਕੀਤਾ ਹੈ, ਉਹ ਹਿਰਦਾ ਧੰਨ ਹੈ। ਗੁਰੂ ਨਾਨਕ ਪਿਆਰਾ ਲੱਗੇ, ਭਾਵੇਂ ਰਤੀ ਕੁ ਲੱਗੇ ਪਰ ਲੱਗੇ ਪਿਆਰਾ, ਤੇ ਰਾਤ-ਦਿਨ ਮਾੜੀ-ਮਾੜੀ ਧੁੰਨ ਪ੍ਰੀਤਮ ਦੇ ਪਿਆਰ ਦੀ ਚਲਦੀ ਰਹੇ। ਰਾਤ ਜੇ ਜਾਗ ਖੁੱਲ੍ਹੇ ਤਾਂ ਹਿਰਦੇ ਵਿਚ ਧੰਨ ਗੁਰੂ ਨਾਨਕ ਚੱਲ ਰਿਹਾ ਹੋਵੇ। ਤੁਰਦੇ-ਫਿਰਦੇ ਕੰਮ-ਕਾਜ ਕਰਦੇ ਪਿਆਰ ਦੀ ਸੂਤ ਵੱਜ ਜਾਵੇ। ਧੰਨ ਉਹ ਸਰੀਰ ਹੈ ਤੇ ਧੰਨ ਹੈ ਉਹ ਮਨ ਜਿਸ ਦੇ ਅੰਦਰ ਇਹ ਕਿਣਕਾ ਵਸਿਆ ਹੈ। ਜੇ ਮਹੀਨੇ ਵਿਚ ਇਕ ਛਿਨ ਵੀ ਐਸਾ ਆ ਜਾਵੇ ਕਿ ਰਸਨਾ ਨਾਲ ਕਹੇ 'ਧੰਨ ਗੁਰੂ ਨਾਨਕ' ਤੇ ਅੱਖਾਂ ਜਲ ਨਾਲ ਭਰ ਜਾਣ, ਸਰੀਰ ਦੇ ਲੂੰ-ਕੰਢੇ ਖੜੇ ਹੋ ਜਾਣ ਤੇ ਕਲੇਜੇ ਵਿਚ ਗੁਰੂ ਨਾਨਕ ਨੂੰ ਮਿਲਣ ਦੀ ਇੱਛਾ ਦਾ ਤੁਣਕਾ ਦੇ ਜਾਵੇ ਤਾਂ ਜਨਮ ਸਫਲ ਹੈ। ਜਿਸ ਨੂੰ ਇਕ ਵਾਰ ਵੀ ਐਸਾ ਸਮਾਂ ਮਿਲ ਗਿਆ, ਉਸ ਅੰਦਰ ਪਿਆਰ ਜ਼ਰੂਰ ਵੱਸੇਗਾ। ਜੇ ਲੋੜ ਹੈ ਤਾਂ ਇਕੋ, ਤਾਂਘ ਹੈ ਤਾਂ ਇਕੋ, ਉਹ ਕੀ ? ਗੁਰੂ ਨਾਨਕ ਪ੍ਰੇਮ ਅੰਦਰ ਵਸ ਜਾਵੇ। ਕਾਸ਼ ! ਉਹ ਘੜੀ ਆਵੇ ਤੇ ਫਿਰ ਖੁੱਸੇ ਨਾ, ਪਿਆਰ ਦਾ ਰਸ ਬੱਝ ਜਾਵੇ। ਮੁਕਤੀ ਵੀ ਕੁਝ ਵਸਤੂ ਨਹੀਂ, ਸੁਰਗ-ਬੈਕੁੰਠ ਵੀ ਕਿਸੇ ਕੰਮ ਨਹੀਂ। ਪਾਪਾਂ ਤੋਂ ਛੁੱਟਣ ਦਾ ਸੰਕਲਪ ਤੇ ਉੱਚੇ ਹੋਣ ਦੀ ਇੱਛਾ ਵੀ ਮਾਇਆ ਦਾ ਜਾਲ ਹੈ। ਸਾਰ ਵਸਤੂ ਇਹੋ ਹੈ 'ਨਾਨਕ ਪ੍ਰੇਮ'। ਇਹ ਲਗ ਜਾਵੇ ਤੇ ਇਸੀ ਧੁਨ ਵਿਚ ਮਗਨ ਰਹੀਏ। ਸਾਰੀ ਮੈਂ-ਮੇਰੀ ਤੇ ਸੋਚਾਂ ਛੱਡ ਕੇ ਇਕੋ ਲਗਨ ਵਿਚ ਰਹੀਏ ਕਿ 'ਗੁਰੂ ਨਾਨਕ ਆਪਣਾ ਪਿਆਰ ਲਾ ਦਿਓ।'

ਪ੍ਰਭੂ ਦੇ ਮਿਲਾਪ ਦਾ ਕੇਵਲ ਤੇ ਕੇਵਲ ਮਾਧਿਅਮ ਹੈ 'ਪ੍ਰੇਮ'। ਜਿਵੇਂ ਕਾਗਜ਼ਾਂ ਨੂੰ ਜੋੜਣਹਾਰ ਗੂੰਦ ਹੈ, ਲਕੜੀ ਨੂੰ ਜੋੜਣਹਾਰ ਸੁਰੇਸ਼ ਹੈ, ਤਿਵੇਂ ਹੀ ਆਤਮਾ ਪ੍ਰਮਾਤਮਾ

ਨਾਲ ਜੋੜਣਹਾਰ ਗੂੰਦ ਹੈ 'ਪ੍ਰੇਮ'। ਪ੍ਰੇਮ ਦੀਆਂ ਡੋਰੀਆਂ ਅਚਰਜ ਜਾਦੂ ਰਖਦੀਆਂ ਹਨ ਜੋ ਪ੍ਰਮੇਸ਼ਰ ਨੂੰ ਵੀ ਖਿੱਚ ਪਾ ਦੇਂਦੀਆਂ ਹਨ। ਪ੍ਰੇਮ ਇਕ ਐਸੀ ਸ਼ਕਤੀ ਹੈ ਜੋ ਵਾਹਿਗੁਰੂ ਨੂੰ ਵੀ ਵਸ ਵਿਚ ਕਰ ਲੈਂਦੀ ਹੈ। ਸਾਰੀ ਦੁਨੀਆਂ ਨਿਰੰਕਾਰ ਦੇ ਵੱਸ ਵਿਚ ਹੈ, ਪਰ ਨਿਰੰਕਾਰ ਆਪਣੇ ਭਗਤਾਂ ਦੇ ਵੱਸ ਵਿਚ ਹੈ। ਉਹ ਵਾਹਿਗੁਰੂ-ਨਿਰੰਕਾਰ ਪ੍ਰੇਮ ਕਰਨ ਨਾਲ ਵੱਸ ਵਿਚ ਆਉਂਦਾ ਹੈ।

ਬਾਣੀ ਉਹੀ ਹੈ, 'ਵਾਹਿਗੁਰੂ' ਸ਼ਬਦ ਉਹੀ ਹੈ, ਮੂਲਮੰਤਰ ਉਹੀ ਹੈ, ਕਈ ਤਾਂ ਉਸ ਨੂੰ ਜਪ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ ਪਰ ਕਈਆਂ ਨੂੰ ਕਈ-ਕਈ ਸਾਲ ਬੀਤ ਜਾਂਦੇ ਹਨ ਪੜ੍ਹਦਿਆਂ ਤੇ ਜਪਦਿਆਂ, ਪਰ ਅਗਾਂਹ ਨਹੀਂ ਵੱਧਦੇ, ਪ੍ਰਾਪਤੀ ਨਹੀਂ ਹੁੰਦੀ। ਪ੍ਰਾਪਤੀ ਕਿਸ ਨੂੰ, ਜਿਸ ਨੇ ਪ੍ਰੇਮ ਕੀਤਾ।

ਭਗਤ ਨਾਮਦੇਵ ਜੀ ਦੀਆਂ ਪੰਕਤੀਆਂ ਹਨ-

***ਸੁਇਨੇ ਕੀ ਸੂਈ ਰੁਪੇ ਕਾ ਧਾਗਾ॥***
***ਨਾਮੇ ਕਾ ਚਿਤੁ ਹਰਿ ਸਿਉ ਲਾਗਾ॥***

(ਅੰਗ ੪੮੫)

ਬਾਬਾ ਨੰਦ ਸਿੰਘ ਜੀ, ਇਨ੍ਹਾਂ ਪੰਕਤੀਆਂ ਦੇ ਅਰਥ ਖੋਲ੍ਹ ਕੇ ਇਸ ਤਰ੍ਹਾਂ ਕਰਦੇ ਸਨ-ਕਹਿੰਦੇ ਸਨ, 'ਸੂਈ ਕੀ ਹੈ, ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜਪਣਾ। ਸਾਨੂੰ ਸਮਝਾਉਣ ਲਈ ਇਕ ਦ੍ਰਿਸ਼ਟਾਂਤ ਵੀ ਦੇਂਦੇ ਸਨ। ਕਹਿੰਦੇ 'ਕੋਈ ਬੀਬੀ ਮਸ਼ੀਨ 'ਤੇ ਕਪੜਾ ਸੀਉ ਰਹੀ ਸੀ, ਨਾਲ ਹੀ ਇਕ ਹੋਰ ਬੀਬੀ ਵੀ ਬੈਠੀ ਸੀ। ਕਪੜਾ ਸਿਉਂਦੇ-ਸਿਉਂਦੇ ਕੀ ਦੇਖਦੀ ਹੈ ਕਿ ਸੀਉਣ ਵਜਣੀ ਬੰਦ ਹੋ ਗਈ ਹੈ। ਮਸ਼ੀਨ ਵੀ ਚਲਦੀ ਪਈ ਹੈ, ਸੂਈ ਵੀ ਹਿਲਦੀ ਪਈ ਹੈ, ਫਿਰ ਕੀ ਕਾਰਨ ਹੈ ਕਿ ਪਹਿਲੇ ਤੇ ਕਪੜਾ ਸੀਤਾ ਜਾ ਰਿਹਾ ਸੀ ਪਰ ਹੁਣ ਕਪੜਾ ਸੀਪਣਾ ਬੰਦ ਹੋ ਗਿਆ ਹੈ। ਕੋਲ ਬੈਠੀ ਬੀਬੀ ਸਿਆਣੀ ਸੀ, ਕਹਿੰਦੀ ਧਾਗਾ ਟੁੱਟ ਗਿਆ ਹੈ। ਜਦ ਧਾਗਾ ਟੁੱਟ ਗਿਆ ਹੈ ਤੇ ਫਿਰ ਕਪੜਾ ਕਿਵੇਂ ਸੀਤਾ ਜਾਵੇ। ਸੂਈ ਕੀ ਹੈ-ਰਸਨਾ ਨਾਲ ਵਾਹਿਗੁਰੂ ਵਾਹਿਗੁਰੂ ਜਪਣਾ। ਕਹਿੰਦੇ ਸਨ ਕਿ ਜੇ ਨਾਲ ਪ੍ਰੇਮ ਦਾ ਧਾਗਾ ਪਾਵਾਂਗੇ ਫਿਰ ਗਲ ਟਿਕਾਣੇ ਲਗੇਗੀ, ਫਿਰ ਪਾਪ ਬਖ਼ਸ਼ੇ ਜਾਣਗੇ, ਫਿਰ ਦੁੱਖ ਮੁੱਕ ਜਾਣਗੇ, ਫਿਰ ਔਗਣ ਕੱਟੇ ਜਾਣਗੇ। ਵਾਹਿਗੁਰੂ ਵੀ ਜਪਣਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵੀ ਬਚਨ ਹਨ-

***ਵਾਹਿਗੁਰੂ ਨਾਮੁ ਜਹਾਜ ਹੈ ਚੜ੍ਹੇ ਸੁ ਉਤਰੈ ਪਾਰ॥***
***ਜੋ ਸ਼ਰਧਾ ਕਰਿ ਸੇਂਵਦੇ ਗੁਰ ਪਾਰ ਉਤਾਰਨਿ ਹਾਰ॥***

ਦੋਹਰੇ ਦੀ ਦੂਸਰੀ ਪੰਕਤੀ ਵਿਚ ਸਤਿਗੁਰੂ ਨੇ ਫੈਸਲਾ ਕੀਤਾ ਹੈ, ਸ਼ਰਤ ਰੱਖੀ ਹੈ ਕਿ ਸਾਡੇ ਵਾਹਿਗੁਰੂ-ਵਾਹਿਗੁਰੂ ਜਪਣ ਵਿਚ ਸ਼ਰਧਾ ਵੀ ਹੋਵੇ।

SIKHBOOKCLUB.COM

9 ਪ੍ਰਕਾਰ ਦੀ ਭਗਤੀ ਹੈ-ਸ੍ਰਵਣ-ਭਗਤੀ, ਮੰਨਣ-ਭਗਤੀ, ਸੇਵਾ-ਭਗਤੀ, ਕੀਰਤਨ-ਭਗਤੀ, ਸਿਮਰਨ-ਭਗਤੀ, ਲਿਖਣ-ਭਗਤੀ, ਦਾਨ-ਭਗਤੀ, ਤਿਆਗ-ਭਗਤੀ, ਪ੍ਰੇਮਾ-ਭਗਤੀ। ਇਨ੍ਹਾਂ ਵਿਚ ਕੋਈ ਵੀ ਭਗਤੀ ਤਦ ਤਕ ਥਾਂਇ ਨਹੀਂ ਪੈਂਦੀ ਜਦ ਤਕ ਇਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਭਗਤੀ 'ਪ੍ਰੇਮਾ-ਭਗਤੀ' ਸ਼ਾਮਲ ਨਾ ਹੋ ਜਾਵੇ। ਪ੍ਰੇਮਾ-ਭਗਤੀ ਨਾਲ ਹੀ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਜਾ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਪੱਕੀ ਮੋਹਰ ਲਗਾ ਦਿੱਤੀ ਹੈ-

***ਸਾਚ ਕਹੌਂ ਸਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥***

ਅਸੀਂ ਤਕਰੀਬਨ ਸਾਰੇ ਹੀ ਕਹਿੰਦੇ ਹਾਂ ਕਿ ਮੇਰੀ ਬੜੀ ਸ਼ਰਧਾ ਹੈ ਗੁਰੂ-ਘਰ ਉੱਤੇ, ਬੜਾ ਪ੍ਰੇਮ ਹੈ ਗੁਰੂ ਨਾਲ, ਬੜੀ ਸ਼ਰਧਾ ਹੈ ਬਾਣੀ 'ਤੇ। ਕੋਈ ਇਕ ਪਾਠ ਜਪੁਜੀ ਸਾਹਿਬ ਦਾ ਰੋਜ਼ ਕਰਦਾ ਹੈ, ਉਹ ਵੀ ਧੰਨ ਹੈ। ਇਕ-ਦੋ ਪਾਠ ਜਪੁਜੀ ਸਾਹਿਬ ਦੇ ਕਰਨੇ, ਹਫ਼ਤੇ ਬਾਅਦ ਜਾਂ ਮਹੀਨੇ ਬਾਅਦ ਗੁਰਦੁਆਰੇ ਜਾਣਾ ਜਾਂ ਜੋ ਕੁਝ ਵੀ ਹੋਰ ਧਾਰਮਿਕ ਕਾਰਜ ਕਰਦੇ ਹੋ, ਮੁਬਾਰਕ ਹੈ, ਪਰ ਇਸ ਨੂੰ ਕਿਧਰੇ ਪ੍ਰੇਮ ਨਾ ਸਮਝ ਲੈਣਾ। ਸ਼ਰਧਾ ਕੀ ਹੈ, ਪ੍ਰੇਮ ਕੀ ਹੈ, ਇਸ ਦੀਆਂ ਕੁਝ ਨਿਸ਼ਾਨੀਆਂ ਹਨ। ਗੁਰੂ ਸਾਹਿਬ ਜੀ ਨੇ ਕ੍ਰਿਪਾ ਕਰਕੇ, ਆਪ ਸਿਰ 'ਤੇ ਹੱਥ ਰੱਖ ਕੇ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੋਲੋਂ ਲਿਖਣ ਦੀ ਸੇਵਾ ਲਈ ਹੈ। ਅਸੀਂ ਇਨ੍ਹਾਂ ਨਿਸ਼ਾਨੀਆਂ ਨੂੰ ਪੜ੍ਹ ਕੇ ਆਪਣੇ ਅੰਦਰ ਝਾਤੀ ਮਾਰਨੀ ਹੈ, ਆਪਣੇ ਆਪ ਨਾਲ ਵਿਚਾਰ ਕਰਨੀ ਹੈ ਕਿ ਇਹ ਨਿਸ਼ਾਨੀਆਂ ਸਾਡੇ ਵਿਚ ਆਈਆਂ ਹਨ ਕਿ ਨਹੀਂ। ਜੋ ਨਿਸ਼ਾਨੀਆਂ ਸਤਿਗੁਰੂ ਦੀ ਕਿਰਪਾ ਨਾਲ ਮਿਲੀਆਂ ਹੋਣ, ਉਨ੍ਹਾਂ ਦਾ ਸ਼ੁਕਰਾਨਾ ਕਰਨਾ ਹੈ ਕਿ ਸਤਿਗੁਰੂ ! ਸ਼ੁਕਰ ਹੈ, ਕਿਰਪਾ ਕੀਤੀ ਹੈ ਤੇ ਜੋ ਨਹੀਂ ਮਿਲੀਆਂ, ਉਨ੍ਹਾਂ ਲਈ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਨੀ ਹੈ ਕਿ ਸਤਿਗੁਰੂ ! ਆਪ ਹੀ ਕਿਰਪਾ ਕਰੋ। ਵਿਚਾਰਾਂ ਨੂੰ ਬਾਰ-ਬਾਰ ਪੜ੍ਹ ਕੇ ਆਪਣੇ ਅੰਦਰ ਦੀ ਅਵਸਥਾ ਨਾਲ ਤੋਲਣਾ ਹੈ, ਜੀਵਨ ਨੂੰ ਉੱਚਾ ਚੁੱਕਣਾ ਹੈ, ਕਮੀਆਂ ਕੱਢਣੀਆਂ ਹਨ।

ਸ਼ਰਧਾ ਕੀ ਹੈ, ਮੈਨੂੰ ਭਰਮ ਤਾਂ ਨਹੀਂ, ਮੇਰੇ ਪਾਸ ਸ਼ਰਧਾ ਹੈ। ਇਸ ਦੀਆਂ 11 ਨਿਸ਼ਾਨੀਆਂ ਹਨ। ਆਪ ਜੀ ਪੜ੍ਹੋ, ਅਨੰਦ ਮਾਣੋ ਤੇ ਜੀਵਨ ਬਣਾਇਓ।

ਵਲੋਂ :
ਭੈਣ ਹਰਵੀਨ ਕੌਰ
321, ਗਰੀਨ ਐਵੀਨਿਊ, ਸ੍ਰੀ ਅੰਮ੍ਰਿਤਸਰ

300 ਸਾਲ ਗੁਰੂ ਦੇ ਨਾਲ

ਗੁਰਤਾਗੱਦੀ–ਨਾਂਦੇੜ 2008

ਗੁਰਦੁਆਰਾ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ

SIKHBOOKCLUB.COM

# ਇਹ ਵੀ ਤਾਂ ਕਿਸੇ ਦੇ ਲਾਡਲੇ ਹਨ!

**ਕੀ** ਇਹਨਾਂ ਦੀ
ਪਰਵਰਿਸ਼ ਵਿਚ ਤੁਹਾਡਾ
ਕੋਈ ਯੋਗਦਾਨ ਹੈ ...




**ਘਰ ਵਿੱਚ ਗਰੀਬੀ**

**ਪਿਤਾ ਦਾ ਸਾਇਆ ਨਹੀਂ**

**ਰੋਟੀ ਕਿੱਥੋਂ ਖਾਣ**

**ਸਕੂਲ ਕਿਸ ਤਰਾਂ ਜਾਣ**

4465 ਵਿਧਵਾ ਬੀਬੀਆਂ, 9660 ਇਹਨਾਂ ਦੇ ਬੱਚੇ,
22 ਸ਼ਹਿਰਾਂ ਵਿੱਚ ਹਰ ਮਹੀਨੇ ਸਹਿਯੋਗ ਪ੍ਰਾਪਤ
ਕਰ ਰਹੇ ਹਨ। ਹਰ ਸੇਵਾ ਹੋ ਸਕੇ.....

ਤੁਹਾਡੀ ਵਿਸ਼ਵਾਸ ਪਾਤਰ ਸੰਸਥਾ :-

**ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ)**

ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ

ਦਾਸ **ਭਾਈ ਗੁਰਇਕਬਾਲ ਸਿੰਘ**

ਸੰਪਰਕ ਨੰ :- 0183-3294659, 98765-25828, 98765-25820
www.bkbktrustamritsar.org, bktrustasr@yahoo.com,
www.bibikaulanjibhalaikendertrust.com

# ਭਲਾ ਹੀ ਭਲਾ ਕੋਈ ਵਪਾਰ ਨਹੀਂ

# ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਹੇਠ ਚੱਲ ਰਹੇ ਸਾਰੇ ਯੂਨਿਟਾਂ ਦੇ ਵੇਰਵੇ

ਭਲਾ ਹੀ ਭਲਾ ਕੋਈ ਵਪਾਰ ਨਹੀਂ



ਬੀਬੀ ਕੌਲਾਂ ਜੀ ਭਲਾਈ ਕੇਂਦਰ ਤਰਨ ਤਾਰਨ ਰੋਡ ਸ੍ਰੀ ਅੰਮ੍ਰਿਤਸਰ ਦੀ ਇਮਾਰਤ

## ਟਰੱਸਟ ਹੇਠ ਚਲ ਰਹੇ 18 ਵਿਧਵਾ ਬੀਬੀਆਂ ਦੇ ਕੇਂਦਰ

ਇੱਥੇ 1925 ਵਿਧਵਾ ਬੀਬੀਆਂ ਨੂੰ ਹਰ ਮਹੀਨੇ ਸੱਤ ਲੱਖ ਪੰਜਾਹ ਹਜ਼ਾਰ ਰੁਪਏ ਦਾ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ।

2. ਰਾਸ਼ਨ ਉਨ੍ਹਾਂ ਲੋੜਵੰਦ ਬੀਬੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਬੱਚੇ 15 ਸਾਲ ਤੋਂ ਛੋਟੀ ਉਮਰ ਦੇ ਹਨ।
3. ਇਨ੍ਹਾਂ ਬੀਬੀਆਂ ਦੀਆਂ ਹੀ ਬੇਟੀਆਂ ਅਤੇ ਹੋਰ ਲੋੜਵੰਦ ਬੱਚੀਆਂ ਨੂੰ ਕੰਪਿਊਟਰ, ਸਿਲਾਈ-ਕਢਾਈ ਦਾ ਛੇ ਮਹੀਨੇ ਦਾ ਕੋਰਸ ਬਿਲਕੁਲ ਫ੍ਰੀ ਕਰਵਾਇਆ ਜਾਂਦਾ ਹੈ। ਸਾਡੀ ਰੀਝ ਹੈ ਕਿ ਇਨ੍ਹਾਂ ਬੀਬੀਆਂ ਦੀਆਂ ਬੱਚੀਆਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ।
4. ਇਨ੍ਹਾਂ ਬੀਬੀਆਂ ਨੂੰ ਸਰਦੀਆਂ-ਗਰਮੀਆਂ ਦੇ ਸੂਟ, ਰਜਾਈਆਂ, ਤਲਾਈਆਂ, ਸਿਲਾਈ ਮਸ਼ੀਨਾਂ, ਪ੍ਰੈਸ਼ਰ ਕੂਕਰ, ਰੈਬਰ ਕੂਲਰ ਆਦਿ ਸਾਮਾਨ ਸਾਲ ਵਿਚ ਚਾਰ ਵਾਰੀ ਫ੍ਰੀ ਦਿੱਤਾ ਜਾਂਦਾ ਹੈ।

SIKHBOOKCLUB.COM

**ਸੰਪਰਕ ਨੰ: 98765-25828/15/30, 0183-3292255**

## ਲੁਧਿਆਣਾ ਵਿਖੇ ਬੀਬੀ ਭਾਨੀ ਜੀ ਭਲਾਈ ਕੇਂਦਰ

ਪਤਾ: 1219/22-B, ਹਰਨਾਮ ਨਗਰ, ਮਾਡਲ ਟਾਊਨ, ਲੁਧਿਆਣਾ

1. ਇੱਥੇ 595 ਵਿਧਵਾ ਬੀਬੀਆਂ ਨੂੰ ਹਰ ਮਹੀਨੇ 2 ਲੱਖ ਰੁਪਏ ਦਾ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ।
2. ਰਾਸ਼ਨ ਉਨ੍ਹਾਂ ਲੋੜਵੰਦ ਬੀਬੀਆਂ ਨੂੰ ਦਿੱਤਾ ਜਾਂਦਾ ਹੈ ਜਿੰਨ੍ਹਾ ਦੇ ਬੱਚੇ 15 ਸਾਲ ਤੋਂ ਛੋਟੀ ਉਮਰ ਦੇ ਹਨ।
3. ਰਾਸ਼ਨ ਤੋਂ ਇਲਾਵਾ ਸਮੇਂ-ਸਮੇਂ 'ਤੇ ਬਸਤਰ ਤੇ ਹੋਰ ਘਰੇਲੂ ਸਾਮਾਨ ਵੀ ਦਿੱਤਾ ਜਾਂਦਾ ਹੈ।




**ਇਸ ਭਲਾਈ ਕੇਂਦਰ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਹਰਭਜਨ ਸਿੰਘ ਜੀ, ਭਾਈ ਅਰਵਿੰਦਰਪਾਲ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।**

**ਤੁਹਾਡੇ ਸਹਿਯੋਗ ਦੀ ਲੋੜ ਹੈ।** ਸੰਪਰਕ ਨੰ: 0161-2429900, 98157-93713, 98726-34013

# ਅਹਿਮਦਾਬਾਦ ਵਿਖੇ ਬੀਬੀ ਕੌਲਾਂ ਜੀ ਭਲਾਈ ਕੇਂਦਰ




87/706, ਪੁਸ਼ਪਕ ਅਪਾਰਟਮੈਂਟ, ਨਰਨਪੁਰਾ, ਅਹਿਮਦਾਬਾਦ (ਗੁਜਰਾਤ)
ਸੰਪਰਕ ਨੰ: 098240-21654

1. ਇੱਥੇ 96 ਬੀਬੀਆਂ ਨੂੰ ਹਰ ਮਹੀਨੇ ਰਾਸ਼ਨ ਫ੍ਰੀ ਦਿੱਤਾ ਜਾਂਦਾ ਹੈ।
2. ਰਾਸ਼ਨ ਉਨ੍ਹਾਂ ਬੀਬੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਬੱਚੇ 15 ਸਾਲ ਤੋਂ ਛੋਟੀ ਉਮਰ ਦੇ ਹਨ।
3. ਰਾਸ਼ਨ ਤੋਂ ਇਲਾਵਾ ਸਮੇਂ-ਸਮੇਂ 'ਤੇ ਬਸਤਰ ਤੇ ਹੋਰ ਘਰੇਲੂ ਸਾਮਾਨ ਦਿੱਤਾ ਜਾਂਦਾ ਹੈ।
4. ਇੱਥੇ ਗੁਜਰਾਤੀ ਵਿਧਵਾ ਬੀਬੀਆਂ ਸਾਂਝੀ ਬੰਨ੍ਹ ਕੇ ਰਾਸ਼ਨ ਲੈਣ ਆਉਂਦੀਆਂ ਹਨ, ਤੇ ਉਨ੍ਹਾਂ ਦੇ ਮੁੱਖ ਵਿੱਚੋਂ ਨਿਕਲਦਾ ਹੈ ......

"ਹਮਾਰੇ ਪਤੀ ਚਲੇ ਗਏ , ਹਮਾਰੇ ਕਿਸੇ ਗੁਜਰਾਤੀ ਨੇ ਤੋ ਪੂਛਾ ਨਹੀਂ, ਯੇ ਸਿੱਖ ਕੌਨ ਹੈਂ ਜੋ ਹਮਾਰੇ ਪਤੀ ਕੀ ਮ੍ਰਿਤਯੂ ਕੇ ਬਾਅਦ ਹਮਾਰੀ ਸਾਰ ਲੈ ਰਹੇ ਹੈ ? (ਧੰਨ ਸਿੱਖੀ)"

**ਇਸ ਭਲਾਈ ਕੇਂਦਰ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਕਨਵਰਬੀਰ ਸਿੰਘ ਜੀ, ਭਾਈ ਸੁਖਬੀਰ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।**

## ਹੋਰ ਸ਼ਹਿਰਾਂ ਵਿਚ ਚੱਲ ਰਹੇ ਵਿਧਵਾ ਬੀਬੀਆਂ ਦੇ ਪ੍ਰੇਰਨਾਂ ਕੇਂਦਰ

4. ਬੀਬੀ ਕੌਲਾਂ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਮੇਰਠ (ਯੂ.ਪੀ)
5. ਬੀਬੀ ਕੌਲਾਂ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਫਰੀਦਾਬਾਦ (ਹਰਿਆਣਾ)
6. ਮਾਤਾ ਸਾਹਿਬ ਕੌਰ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਚੰਡੀਗੜ੍ਹ
7. ਮਾਤਾ ਨਾਨਕੀ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਸੈਦਾਂ ਗੇਟ, ਜਲੰਧਰ
8. ਮਾਤਾ ਸਾਹਿਬ ਕੌਰ ਜੀ ਅਸੀਸ ਭਲਾਈ ਕੇਂਦਰ — ਈਸਟ ਆਫ ਕੈਲਾਸ਼, ਦਿੱਲੀ
9. ਮਾਤਾ ਸਦਾ ਕੌਰ ਜੀ ਅਸੀਸ ਭਲਾਈ ਕੇਂਦਰ ਟਰੱਸਟ — ਗੁ: ਗੋਬਿੰਦ ਦਰਬਾਰ, ਮਦਨਪੁਰੀ ਗਲੀ ਨੰ: 11 ਗੁੜਗਾਂਓ, (ਹਰਿਆਣਾ)
10. ਮਾਈ ਭਾਗੋ ਜੀ ਵਿਧਵਾ ਬਹਨ ਭਲਾਈ ਕੇਂਦਰ (ਬੇਵਾ ਔਰਤਾਂ) — ਤਿਲਕ ਨਗਰ, ਦਿੱਲੀ
11 ਬਾਬਾ ਦੀਪ ਸਿੰਘ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ਨੇੜੇ ਨੇਪਾਲ ਬਾਰਡਰ, ਨਤੱਨਵਾ
12. ਗੁਰੂ ਨਾਨਕ ਭਲਾਈ ਕੇਂਦਰ, (ਬੇਵਾ ਔਰਤਾਂ) ਗੁ: ਇਮਲੀ ਸਾਹਿਬ — ਇੰਦੌਰ (ਐਮ.ਪੀ)
13. ਬੀਬੀ ਕੌਲਾਂ ਜੀ ਭਲਾਈ ਕੇਂਦਰ, (ਬੇਵਾ ਔਰਤਾਂ) — ( ਕਾਨਪੁਰ ਯੂ.ਪੀ)
ਕੌਸ਼ਲਪੁਰੀ ਗੁਮਟੀ ਨੰ:5, (ਦਸ਼ਮੇਸ਼ ਸੇਵਕ ਸਭਾ)
14. ਮਾਤਾ ਮਨਮੋਹਨ ਕੌਰ ਜੀ ਭਲਾਈ ਕੇਂਦਰ (ਬੇਵਾ ਔਰਤਾਂ) — ਤੁਗਲਕਾਬਾਦ, ਦਿੱਲੀ
15. ਮਾਈ ਭਾਗੋ ਜੀ ਵਿਧਵਾ ਬਹਨ ਭਲਾਈ ਕੇਂਦਰ (ਬੇਵਾ ਔਰਤਾਂ) — ਰਜਿੰਦਰ ਨਗਰ, ਦਿੱਲੀ
16. ਬੀਬੀ ਕੌਲਾਂ ਜੀ ਵੈੱਲਫੇਅਰ ਸੁਸਾਇਟੀ ਭਲਾਈ ਕੇਂਦਰ, (ਰਾਜਾ ਜੀ ਪੂਰਮ), ਲਖਨਊ, (ਯੂ.ਪੀ)
17. ਬੀਬੀ ਕੌਲਾਂ ਜੀ ਵੈੱਲਫੇਅਰ ਸੈਂਟਰ, ਮੈਰੀਲੈਂਡ, ਅਮਰੀਕਾ (USA)
18. ਬੀਬੀ ਕੌਲਾਂ ਜੀ ਨਿਸ਼ਕਾਮ ਵੈੱਲਫੇਅਰ ਸੈਂਟਰ, ਕੈਲੀਫੋਰਨੀਆਂ, ਅਮਰੀਕਾ (USA)

# ਟਰੱਸਟ ਹੇਠ ਚੱਲ ਰਹੇ 3 ਹਸਪਤਾਲਾਂ ਦਾ ਵੇਰਵਾ



ਬੀਬੀ ਕੌਲਾਂ ਜੀ ਬੰਦੀ ਛੋੜ ਚੈਰੀਟੇਬਲ ਹਸਪਤਾਲ
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ

1. ਇੱਥੇ X-ray, Ultrasound, Heart, Ortho, Skin, Eyes, Physio, Pseychiatry, Dental E.N.T, T.B, ਅਤੇ ਸਾਰੇ ਸਰੀਰਕ ਟੈਸਟ ਹੁੰਦੇ ਹਨ। ਸਭ ਤੋਂ ਵੱਡੀ ਗੱਲ ਇਹ ਸਾਰੇ ਟੈਸਟ No Profit, No Loss 'ਤੇ ਕੀਤੇ ਜਾਂਦੇ ਹਨ।
2. ਇੱਥੇ ਗੁਰੂ ਦੀ ਮਿਹਰ ਨਾਲ ਰੋਜ਼ਾਨਾ 1200 ਮਰੀਜ਼ ਲਾਭ ਲੈ ਰਹੇ ਹਨ।
3. ਇੱਕੋ ਛੱਤ ਹੇਠਾਂ ਤਕਰੀਬਨ ਸਾਰੇ ਇਲਾਜ ਕੇਵਲ 10/- ਦੀ ਪਰਚੀ ਨਾਲ। ਦੋ ਦਿਨ ਦੀ ਦਵਾਈ ਅਤੇ ਚੈਕ-ਅਪ ਬਿੱਲਕੁਲ ਫ੍ਰੀ।
4. ਚਾਹ ਮਰੀਜ਼ ਕੋਲ ਫ੍ਰੀ ਪਹੁੰਚਦੀ ਹੈ, ਪਾਣੀ ਮਰੀਜ਼ ਕੋਲ ਪਹੁੰਚਦਾ ਹੈ, ਲੱਤਾਂ ਘੁੱਟਣ ਦੀ ਮਸ਼ੀਨ ਦੀ ਸੁਵਿਧਾ ਫ੍ਰੀ ਹੈ, ਜੋੜੇ ਪਾਲਿਸ਼ ਦੀ ਸੁਵਿਧਾ ਫ੍ਰੀ ਹੈ ਤੇ ਟੀ.ਵੀ. 'ਤੇ ਧਾਰਮਿਕ ਪ੍ਰੋਗਰਾਮ ਚੱਲਦਾ ਰਹਿੰਦਾ ਹੈ।

**ਇਸ ਹਸਪਤਾਲ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਹਰਵਿੰਦਰ ਪਾਲ ਸਿੰਘ ਜੀ (ਲਿਟਲ ਜੀ) ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।**

**ਸੰਪਰਕ ਨੰ: 97795-99990 ,98765-25865,98725-95910,0183-2485920**

## ਬਾਬਾ ਦੀਪ ਸਿੰਘ ਜੀ ਬਾਬਾ ਕੁੰਦਨ ਸਿੰਘ ਜੀ ਚੈਰੀਟੇਬਲ ਹਸਪਤਾਲ

**ਪਤਾ: ਬਾਬਾ ਦੀਪ ਸਿੰਘ ਕਾਲੋਨੀ, ਅੰਦਰੂਨ ਚਾਟੀਵਿੰਡ ਗੇਟ , ਸ੍ਰੀ ਅੰਮ੍ਰਿਤਸਰ**



1. ਇਥੇ 10/ਰੁ: ਦੀ ਪਰਚੀ 'ਤੇ (ਚੈਕ-ਅਪ) ਕੀਤਾ ਜਾਂਦਾ ਹੈ ਤੇ ਦੋ ਦਿਨ ਦੀ ਦਵਾਈ ਫ੍ਰੀ ਮਿਲਦੀ ਹੈ।
2. M.D. ਡਾਕਟਰਾਂ ਤੋਂ ਮਰੀਜ ਲਾਭ ਲੈਂਦੇ ਹਨ।
3. ਹਸਪਤਾਲ ਵਿਚ ਹੀ ਲੈਬ (LAB) ਸਾਰੇ ਟੈਸਟਾਂ ਲਈ ਉਪਲਬਧ ਹੈ ।
4. ਇਹ ਸ਼ਾਮ 5 ਵਜੇ ਤੋਂ 8 ਵਜੇ ਤਕ ਖੁੱਲ੍ਹਦਾ ਹੈ। ਤਕਰੀਬਨ 200 ਮਰੀਜ਼ ਰੋਜ਼ਾਨਾ ਲਾਭ ਲੈ ਰਹੇ ਹਨ।
5. ਇਹ ਹਸਪਤਾਲ ਮੌਜੂਦਾ ਮਹਾਂਪੁਰਸ਼ ਬਾਬਾ ਹਰਭਜਨ ਸਿੰਘ ਜੀ ਨਾਨਕਸਰ ਵਾਲਿਆਂ ਦੀ ਅਸੀਸਾਂ ਨਾਲ ਖੋਲ੍ਹਿਆ ਗਿਆ ਹੈ ਤੇ ਮਾਤਾ ਗਿਆਨ ਕੌਰ ਜੀ ਦੀ ਅਸੀਸ ਨਾਲ ਚੱਲ ਰਿਹਾ ਹੈ।

**ਸੰਪਰਕ ਨੰ: 0183-2546277,98725-95910**

## ਲੁਧਿਆਣਾ ਵਿਖੇ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਹਸਪਤਾਲ
**ਪਤਾ: 1219/22, ਹਰਨਾਮ ਨਗਰ, ਮਾਡਲ ਟਾਊਨ, ਲੁਧਿਆਣਾ**




ਦੰਦਾ ਦਾ ਹਸਪਤਾਲ ਸਮਾਂ ਦੁਪਹਿਰ 2 ਤੋਂ 5 ਵਜੇ ਤੱਕ

1. ਇੱਥੇ ਦੰਦਾ ਦੇ ਇਲਾਜ ਦਾ ਚੈਕ ਅੱਪ ਬਿੱਲਕੁਲ ਫ੍ਰੀ ਕੀਤਾ ਜਾਂਦਾ ਹੈ

ਇਸ ਹਸਪਤਾਲ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲਭਾਈ ਹਰਭਜਨ ਸਿੰਘ ਜੀ, ਭਾਈ ਅਰਵਿੰਦਰਪਾਲ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

**ਸੰਪਰਕ ਨੰ:0161-2429900, 98157-93713, 98726-34013**

## ਟਰੱਸਟ ਹੇਠ ਚੱਲ ਰਹੀਆਂ ਤਿੰਨ ਗੁ. ਸਾਹਿਬ ਦੀਆਂ ਕਾਰ ਸੇਵਾਵਾਂ

ਕਲਗੀਧਰ ਦੇ ਲਾਡਲੇ,ਪਿਆਰੇ, ਬਹੁਤ ਪਿਆਰੇ, ਮਹਾਨ ਤਪੱਸਵੀ,ਮਹਾਨ ਜਰਨੈਲ, ਜਤੀ-ਸਤੀ, ਪੂਰਨ ਬ੍ਰਹਮ ਗਿਆਨੀ, ਪ੍ਰੇਮ ਕਰਨ ਅਤੇ ਸਿਖਾਉਣ ਵਾਲੇ ਅਨੋਖੇ ਅਮਰ ਸ਼ਹੀਦ, ਮਹਾਨ ਜੋਧੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਇਸ ਜਗ੍ਹਾ 'ਤੇ ਆਗਮਨ ਹੋਇਆ।




ਗੁ: ਸ੍ਰੀ ਪਹੂਵਿੰਡ ਸਾਹਿਬ

1. 2000 ਸਰੀਰ ਦੇ ਬੈਠਣ ਵਾਲਾ ਪ੍ਰਕਾਸ਼ ਅਸਥਾਨ ਦਾ ਹਾਲ, ਸੋਨੇ ਦੇ ਦਰਵਾਜੇ ਅਤੇ ਸੋਨੇ ਦੀਆਂ ਬਾਰੀਆਂ ਵਾਲਾ ਸੁਖਆਸਨ ਅਸਥਾਨ।
2. 5000 ਸਰੀਰ ਦੇ ਬੈਠਣ ਵਾਲਾ ਵੱਡਾ ਲੰਗਰ ਹਾਲ, ਲੰਗਰ ਬਣਾਉਣ ਵਾਲਾ ਵੱਡਾ ਰਸੋਈ ਘਰ ਪ੍ਰਬੰਧਕੀ ਬਲਾਕ, ਸੁੰਦਰ ਬਗੀਚੀਆਂ, ਕਾਰ ਪਾਰਕਿੰਗ ਆਦਿ ਤਿਆਰ ਹੋ ਚੁੱਕੀਆਂ ਹਨ।
3. ਵੱਡੀ ਪਾਣੀ ਦੀ ਟੈਂਕੀ, ਬਾਬਾ ਦੀਪ ਸਿੰਘ ਜੀ ਡੇ-ਬੋਰਡਿੰਗ ਸਕੂਲ, ਅਜਾਇਬ ਘਰ, ਸੰਗਤਾਂ ਲਈ ਸਰ੍ਹਾਂ, ਇਹ ਸਭ ਉਸਾਰੀ ਅਧੀਨ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।
4. ਕਰਨਲ ਜੀ. ਐੱਸ. ਸੰਧੂ ਜੀ ਅਤੇ ਗੁ: ਸਾਹਿਬ ਜੀ ਦੀ ਕਮੇਟੀ ਦੀ ਪੂਰੀ ਅਸੀਸ ਹੈ।

## (ਕਾਰ ਸੇਵਾ ਅਧੀਨ)




②

③ ਗੁ. ਗੁਰੂ ਨਾਨਕ ਦੇਵ ਜੀ ਚੌਂਕ ਜੇ ਸਿੰਘ, ਸ੍ਰੀ ਅੰਮ੍ਰਿਤਸਰ

ਇਸ ਅਸਥਾਨ ਦੀ ਕਾਰ ਸੇਵਾ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਹਰਮਿੰਦਰ ਸਿੰਘ ਜੀ (ਬਾਬਾ ਜੀ) ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।

**ਸੰਪਰਕ ਨੰ: 98765-25847, 0183-3292255**

ਟਰੱਸਟ ਵੱਲੋਂ ਗੁ. ਸਾਹਿਬ ਜੀ ਦੀ ਹੋ ਚੁਕੀ ਸੰਪੂਰਨ ਕਾਰ ਸੇਵਾ

1. ਗੁ: ਬੀਬੀ ਕੌਲਾਂ ਜੀ (ਕੌਲਸਰ ਸਾਹਿਬ), ਸ੍ਰੀ ਅੰਮ੍ਰਿਤਸਰ
2. ਗੁ: ਸਤਿਸੰਗ ਸਭਾ ਅਸਥਾਨ ਬਾਬਾ ਦੀਪ ਸਿੰਘ ਜੀ ਬਜ਼ਾਰ ਲੁਹਾਰਾਂ, ਸ੍ਰੀ ਅੰਮ੍ਰਿਤਸਰ

SIKHBOOKS.COM

# ਟਰੱਸਟ ਹੇਠ ਚੱਲ ਰਹੀਆਂ 2 ਸਰਾਵਾਂ

## ਗੁਰਧਾਮਾਂ ਦੇ ਦਰਸ਼ਨਾਂ ਲਈ ਬਾਹਰੋਂ ਆਈਆਂ ਸੰਗਤਾਂ ਲਈ





**ਬੀਬੀ ਕੌਲਾਂ ਜੀ ਸੰਗਤ ਨਿਵਾਸ ਸਰ੍ਹਾਂ**

ਪਤਾ: ਸੰਗਲ ਵਾਲੀ ਗਲੀ, ਨੇੜੇ ਗੁ. ਬਾਬਾ ਅਟੱਲ ਰਾਇ ਸਾਹਿਬ ਜੀ, ਸ੍ਰੀ ਅੰਮ੍ਰਿਤਸਰ

1. ਬੀਬੀ ਕੌਲਾਂ ਜੀ ਸੰਗਤ ਨਿਵਾਸ ਸਰ੍ਹਾਂ ਸੰਗਤਾਂ ਦੇ ਆਰਾਮ ਲਈ 22 A.C. ਕਮਰੇ ਅਤੇ 3 ਵੱਡੇ A.C. ਹਾਲ ਹਨ।
2. ਸਰਾਂ ਚ ਬੁਕਿੰਗ ਲਈ 98765-25859, 98765-25811 ਤੇ ਸੰਪਰਕ ਕਰੋ।

**ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰ੍ਹਾਂ**

ਪਤਾ: ਮਾਹਣਾ ਸਿੰਘ ਰੋਡ , ਨੇੜੇ ਬ੍ਰਹਮ ਬੂਟਾ ਮਾਰਕੀਟ , ਸ੍ਰੀ ਅੰਮ੍ਰਿਤਸਰ

1. ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰ੍ਹਾਂ ਵਿਚ ਸੰਗਤਾਂ ਦੇ ਆਰਾਮ ਲਈ 29 A.C. ਕਮਰੇ ਹਨ।
2. ਸਰ੍ਹਾਂ ਚ ਬੁਕਿੰਗ ਲਈ 98765-25832, 98765-25835 ਤੇ ਸੰਪਰਕ ਕਰੋ।

SIKHBOOKCLUB.COM

ਬੀਬੀ ਕੌਲਾਂ ਜੀ ਸੰਗਤ ਨਿਵਾਸ ਸਰ੍ਹਾਂ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਪ੍ਰਿਤਪਾਲ ਸਿੰਘ ਜੀ ਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ ।

## ਇਹਨਾਂ ਦੋਵਾਂ ਸਰਾਵਾਂ ਵਿਚ ਹੇਠ ਲਿਖੀਆ ਸਹੂਲਤਾਂ ਦਿੱਤੀਆਂ ਗਈਆਂ ਹਨ।

1. ਹਰ ਕਮਰੇ ਵਿਚ ਡਬਲ ਬੈੱਡ, ਅਲਮਾਰੀ, ਅਟੈਚ ਬਾਥਰੂਮ (ਸਰਦੀਆਂ ਵਿਚ ਗਰਮ ਪਾਣੀ ਦੀ ਸਹੂਲਤ) ਇੰਟਰਕੋਮ, TV ਵਿਚ Live ਕੀਰਤਨ ਸ੍ਰੀ ਦਰਬਾਰ ਸਾਹਿਬ ਅਤੇ ਸਾਰਾ ਦਿਨ ਕਥਾ ਕੀਰਤਨ ਚੱਲਦਾ ਰਹਿੰਦਾ ਹੈ।
2. ਸੰਗਤਾਂ ਲਈ U.S.A. ਤੋਂ ਲੱਤਾਂ ਘੁੱਟਣ ਵਾਲੀ ਮਸ਼ੀਨ , ਜੋੜੇ ਪਾਲਸ਼ ਕਰਨ ਵਾਲੀ ਮਸ਼ੀਨ, ਲਿਫਟ ਦੀ ਸਹੂਲਤ ਹੈ।
3. ਸਰ੍ਹਾਂ ਦੇ ਅੰਦਰ ਹੀ ਨਾਰਮਲ ਰੇਟ 'ਤੇ ਕੰਟੀਨ ਦੀ ਸਹੂਲਤ।
4. ਆਪ ਜੀ ਕਿਸੇ ਜਗ੍ਹਾ ਤੋਂ ਵੀ 6 ਦਿਨ ਪਹਿਲੇ ਫੋਨ 'ਤੇ ਵੀ ਆਪਣੇ ਕਮਰੇ ਦੀ ਬੁਕਿੰਗ ਕਰਵਾ ਸਕਦੇ ਹੋ।
5. ਸਭ ਤੋਂ ਵੱਡੀ ਗੱਲ ਸਹੂਲਤਾਂ ਸਭ ਪਰ ਕੋਈ ਬਿਜ਼ਨੈਸ ਨਹੀਂ। ਇੱਕੋ ਰੀਝ ਹੈ ਕਿ ਤੁਸੀਂ ਗੁਰੂ ਰਾਮਦਾਸ ਜੀ ਦੇ ਦਰ 'ਤੇ ਆ ਕੇ ਨਾਮ ਦਾ ਰਸ ਲਓ ਤੇ ਤੁਹਾਡੀ ਸੇਵਾ ਹੋ ਸਕੇ ।

ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਸਰ੍ਹਾਂ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਅਮਰਜੀਤ ਸਿੰਘ ਜੀ ਸਿਲਕੀ ਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ। ਆਪ ਸੰਗਤਾਂ ਦੇ ਸਹਿਯੋਗ ਦੀ ਲੋੜ ਹੈ।

# ਟਰੱਸਟ ਹੇਠ ਚੱਲ ਰਹੇ ਤਿੰਨ ਸਕੂਲ

1. ਇਸ ਸਕੂਲ ਵਿਚ ਪੜ੍ਹਾਈ C.B.S.E. ਪੈਟਰਨ, (ਡੇ-ਬੋਰਡਿੰਗ) ਹੈ।
2. ਪੰਜਾਬ ਵਿਚ ਪਹਿਲੀ ਵਾਰੀ ਸਾਰਾ ਸਕੂਲ A.C. ਹੈ।
3. ਗੁਰਮਤਿ ਤੇ ਅੰਗਰੇਜ਼ੀ ਦੋਵਾਂ ਦਾ ਖਜ਼ਾਨਾ ਬੱਚੇ ਨੂੰ ਮਿਲੇ, ਇਹ ਰੀਝ ਹੈ।
4. ਰੋਟੀ ਖਾਣ ਤੋਂ ਪਹਿਲਾਂ ਅਰਦਾਸ, ਬਾਅਦ ਵਿਚ ਅਰਦਾਸ, ਸਕੂਲ ਛੁੱਟੀ ਵੇਲੇ ਅਰਦਾਸ ਕਿਵੇਂ ਕਰਨੀ ਹੈ, ਕਿਵੇਂ ਬੋਲਣਾ ਹੈ, ਸਾਰੀ ਗੁਰਮਤਿ ਦੀ ਸਿਖਲਾਈ।
5. ਗਤਕਾ, ਕੀਰਤਨ, ਤਬਲਾ, ਪੁਰਾਣੇ ਤੰਤੀ ਸਾਜ਼, ਕੰਪਿਊਟਰ, ਖੇਡਾਂ ਦੇ ਵਿਸ਼ੇਸ਼ ਪ੍ਰਬੰਧ।
6. ਪੰਜਵੀਂ ਦਾ ਬੱਚਾ ਅਮਰੀਕਾ ਦੀ ਅੰਬੈਸੀ (Embassy) ਵਿਚ ਅੰਗਰੇਜ਼ੀ ਵਿਚ ਗੱਲ ਕਰ ਸਕੇ, ਇਹ ਸਾਡੀ ਰੀਝ ਹੈ।
7. ਬੱਚਾ ਬਾਣੀ ਕੰਠ ਕਰੇ, ਰੋਜ਼ ਗੁਰਦੁਆਰੇ ਜਾਵੇ, 15 ਮਿੰਟ ਸੇਵਾ ਕਰੇ, ਇਸ ਦੇ ਵੱਖਰੇ ਨੰਬਰ ਹਨ।
8. ਇਸ ਸਕੂਲ 'ਤੇ ਤੁਹਾਡੇ ਦਿੱਤੇ ਦਸਵੰਧ ਵਿਚੋਂ ਤਕਰੀਬਨ 10 ਕਰੋੜ ਰੁਪਏ ਦੀ ਲਾਗਤ ਆਈ ਹੈ।
9. ਇਹ ਸਭ ਕੁਝ ਹੁੰਦੇ ਹੋਏ ਫੀਸ ਕੇਵਲ 400/-ਰੁ:ਅਤੇ 460/-ਰੁ: ਹੈ। ਕੋਈ ਵਪਾਰ ਨਹੀਂ, ਰੀਝ ਹੈ ਕਿ ਆਮ ਬੰਦਾ ਵੀ ਆਪਣੇ ਬੱਚੇ ਨੂੰ ਦੋਵੇ ਵਿੱਦਿਆ ਦੇ ਸਕੇ। ਐਸੇ ਹੋਰ ਸਕੂਲ ਖੁੱਲ੍ਹਣ ਇਸ ਲਈ ਆਪ ਜੀ ਦੇ ਸਹਿਯੋਗ ਦੀ ਲੋੜ ਹੈ।



ਬੀਬੀ ਕੌਲਾਂ ਜੀ ਪਬਲਿਕ ਸਕੂਲ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ



ਬੀਬੀ ਕੌਲਾਂ ਜੀ ਪਬਲਿਕ ਸਕੂਲ, ਨੇੜੇ ਗੁ: ਟਾਹਲਾ ਸਾਹਿਬ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ



ਸਕੂਲ ਦੀ ਤੀਸਰੀ ਬ੍ਰਾਂਚ
ਦਾਤਾ ਬੰਦੀ ਛੋੜ੍ਹ ਪਬਲਿਕ ਸਕੂਲ, ਨੇੜੇ ਪਿੰਡ ਭਿੱਟੇਵੱਡ, ਰਾਮ ਤੀਰਥ ਰੋਡ, ਜਿਲਾ ਅੰਮ੍ਰਿਤਸਰ

**ਇਸ ਸਕੂਲ ਦੀ ਡਿਊਟੀ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਗੁਰੂ ਦੀ ਕ੍ਰਿਪਾ ਨਾਲ ਭਾਈ ਅਮਨਦੀਪ ਸਿੰਘ ਜੀ ਅਤੇ ਸਹਿਯੋਗੀਆਂ ਨੂੰ ਸੌਂਪੀ ਗਈ ਹੈ।**

**ਸੰਪਰਕ ਨੰ: 98765-25824,98150-89513, 98765-25887**

SIKHBOOKCLUB.COM

## ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਦੇ ਸਮੂੰਹ ਕੀਰਤਨੀ ਜੱਥਿਆਂ ਦੇ ਸੰਪਰਕ ਨੰਬਰ

| | | |
|---|---|---|
| 1. | ਮੁਖ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਜੀ | |
| 2. | ਭਾਈ ਗੁਰਪਾਲ ਸਿੰਘ ਜੀ (ਉਸਤਾਦ ਜੀ) | 098765-25825 |
| 3. | ਭਾਈ ਹਰਵਿੰਦਰਪਾਲ ਸਿੰਘ ਜੀ (ਲਿਟਲ) | 097795-99990 |
| 4. | ਭਾਈ ਅਮਨਦੀਪ ਸਿੰਘ ਜੀ | 098765-25824, 098150-89513 |
| 5. | ਭਾਈ ਹਰਦੇਵ ਸਿੰਘ ਜੀ (ਦੀਵਾਨਾਂ ਜੀ) | 098765-25822, 0183-2493213 |
| 6. | ਭਾਈ ਜਸਵਿੰਦਰ ਸਿੰਘ ਜੀ (ਸਿਵਲ-ਲਾਈਨ) | 098765-25809 |
| 7. | ਭਾਈ ਗੁਰਦੀਪ ਸਿੰਘ ਜੀ (ਬਸੰਤ ਐਵੀਨਿਊ) | 099152-82913 |
| 8. | ਭਾਈ ਅੰਤਰਪ੍ਰੀਤ ਸਿੰਘ ਜੀ | 097791-12513, 098553-46036 |
| 9. | ਭਾਈ ਜਤਿੰਦਰ ਸਿੰਘ ਜੀ (ਬਿੱਟੂ ਜੀ) | 098150-29312 |
| 10 | ਭਾਈ ਤੇਜਪਾਲ ਸਿੰਘ ਜੀ | 095010-13678 |
| 11. | ਭਾਈ ਸੁਰਿੰਦਰ ਸਿੰਘ ਜੀ (ਮਨੀ ਜੀ) | 094641-18919 |
| 12. | ਭਾਈ ਅਰਵਿੰਦਰ ਸਿੰਘ ਜੀ (ਲੌਂਗ ਮਾਸਟਰ) | 98765-25840 |
| 13. | ਭਾਈ ਗੁਰਪ੍ਰੀਤ ਸਿੰਘ ਜੀ | 98765-25821 |
| 14. | ਭਾਈ ਧਰਮਵੀਰ ਸਿੰਘ ਜੀ | 092168-70871, 097809-14539 |
| 15. | ਭਾਈ ਹਰਮਿੰਦਰ ਸਿੰਘ ਜੀ (ਕਥਾ ਵਾਚਕ) | 098765-25847 |
| 16. | ਬੀਬੀ ਪਰਮਜੀਤ ਕੌਰ ਜੀ (ਪੰਮਾਂ ਭੈਣ ਜੀ) | 098765-25833 |
| 17. | ਬੀਬੀ ਹਰਵੀਨ ਕੌਰ ਜੀ (ਬਿਨੂੰ ਭੈਣ ਜੀ) | 099150-33901 |
| 18. | ਭਾਈ ਹਰਭਜਨ ਸਿੰਘ ਜੀ (ਲੁਧਿਆਣਾ) | 098157-93713, 098720-07184 |
| 19. | ਭਾਈ ਤਜਿੰਦਰ ਸਿੰਘ ਜੀ ਜੋਸ਼ (ਲੁਧਿਆਣਾ) | 098760-58304 |
| 20. | ਭਾਈ ਕੰਵਲਜੀਤ ਸਿੰਘ ਜੀ (ਦਿੱਲੀ) | 098106-22413, 011-26220372 |
| 21. | ਭਾਈ ਬਲਵਿੰਦਰ ਸਿੰਘ ਜੀ (ਕਥਾ ਵਾਚਕ) (ਦੇਹਰਾਦੂਨ) | 092196-01313, 099277-22464 |
| 22. | ਭਾਈ ਗਗਨਜੋਤ ਸਿੰਘ ਜੀ (ਜਲੰਧਰ) | 098154-13138 |
| 23. | ਭਾਈ ਨਰਿੰਦਰ ਸਿੰਘ ਜੀ | 099156-08409 |
| 24. | ਭਾਈ ਸਰਬਜੀਤ ਸਿੰਘ ਜੀ (ਕ੍ਰਿਸ਼ਨਾ ਨਗਰ) | 098149-09931 |
| 25. | ਭਾਈ ਜਸਪ੍ਰੀਤ ਸਿੰਘ ਜੀ (ਸ਼ਾਹਜਹਾਨਪੁਰ) | 098882-44200 |
| 26. | ਭਾਈ ਅਮਰਜੀਤ ਸਿੰਘ ਜੀ | 095695-13932 |
| 27. | ਭਾਈ ਭੁਪਿੰਦਰ ਸਿੰਘ ਜੀ | 097803-36251 |

**ਖਾਸ ਬੇਨਤੀ ਜੀ** ਸ਼ਰਧਾ ਦੇ ਸਮੂੰਹ ਪ੍ਰੇਮੀਆਂ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉੱਪਰ ਲਿਖੇ ਸਾਰੇ ਜੱਥੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਪਿਆਰ ਭਰੀ ਕਮਾਂਡ ਹੇਠ ਨਿਸ਼ਕਾਮ ਸੇਵਾ ਨਿਭਾ ਰਹੇ ਹਨ। ਬੇਨਤੀ ਹੈ ਕਿ ਦਾਸ ਸਮੇਤ ਇਹਨਾਂ ਸਾਰੇ ਜੱਥਿਆਂ ਨੂੰ ਕੋਈ ਵੀ ਘਰੇਲੂ ਵਸਤੂ ਜਿਵੇਂ ਕਿ ਦਸਤਾਰ, ਸੂਟ, ਕੁੜਤਾ-ਪਜਾਮਾਂ, ਜਰਸੀਆਂ, ਘੜੀ, ਮੋਬਾਈਲ, ਬੱਚਿਆਂ ਦੇ ਕੱਪੜੇ ਆਦਿਕ ਕੋਈ ਵੀ ਘਰੇਲੂ ਵਸਤੂ ਨਾ ਦਿੱਤੀ ਜਾਵੇ ਜੀ। ਅਗਰ ਆਪ ਜੀ ਦਾ ਮਨ ਸੇਵਾ ਕਰਨ ਲਈ ਕਹੇ ਤਾਂ ਕਵਿਹਰਿਆਂ ਦਾ ਕੱਪੜਾ, ਸੀਤੇ ਕਛਿਹਰੇ, ਕ੍ਰਿਪਾਨਾਂ, ਗਾਤਰੇ, ਗੁਟਕੇ, ਕੇਸਕੀਆਂ ਲਈ ਕੱਪੜਾ, ਮਾਲਾ ਜਾਂ ਚੱਲ ਰਹੇ ਵਿਧਵਾ ਬੀਬੀਆਂ ਦੇ ਕੇਂਦਰ ਲਈ ਮਾਇਕ ਜਾਂ ਰਾਸ਼ਨ ਦਾ ਸਹਿਯੋਗ ਦਿੱਤਾ ਜਾਵੇ ਜੀ। ਸਾਡੀ ਭਾਵਨਾ ਹੈ ਕਿ ਤੁਹਾਡੀ ਦਿੱਤੀ ਵਸਤੂ ਸੰਗਤ ਦੇ ਕੰਮ ਆਵੇ, ਜਿਸ ਨਾਲ ਸਭ ਦਾ ਭਲਾ ਹੋਵੇ। ਇਸ ਲਿਖਤ ਨੂੰ ਪੜ੍ਹਨ ਦੇ ਬਾਵਜੂਦ ਵੀ ਅਗਰ ਕੋਈ ਪ੍ਰੇਮੀ ਘਰੇਲੂ ਵਸਤੂ ਦਾਸਾਂ ਨੂੰ ਜਾਂ ਜੱਥਿਆਂ ਨੂੰ ਦੇਵੇਗਾ ਤਾਂ ਉਸ ਉੱਪਰ ਗੁਰੂ ਦੀ ਬਣਾਈ ਹੋਈ ਸਭਾ ਵੱਲੋਂ ਖੁਸ਼ੀ ਨਹੀਂ ਹੋਵੇਗੀ।

ਆਸ ਹੈ ਬੇਨਤੀ ਪ੍ਰਵਾਨ ਕਰਦੇ ਹੋਏ ਅਸੀਸਾਂ ਬਖਸ਼ੋਗੇ ਜੀ। ਧੰਨਵਾਦ।

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ), ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ
(ਫੋਨ) : 0183-3292255 (ਫੈਕਸ) : 0183-2483920



**ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਵੱਲੋਂ 5 ਨਿਵੇਕਲੀਆਂ ਲਹਿਰਾਂ**

(1) 300 ਸਾਲ ਗੁਰਬਾਣੀ ਕੰਠ ਦੇ ਨਾਲ" ਦੇ ਹੁਣ ਤੱਕ 3 ਭਾਗ ਹੋ ਚੁੱਕੇ ਹਨ ਇਸ ਲਹਿਰ ਵਿਚ ਕ੍ਰਮਵਾਰ 3,23,207/4,12,820/11,32000 [illegible] ਭਾਗ ਲਿਆ।

(2) [illegible] 300 ਸਾਲ ਲਿਖਣ ਭਗੌਤੀ ਦੇ ਨਾਲ" ਇਸ ਲਹਿਰ ਵਿਚ 2,81000 ਬੱਚੇ/ ਨੌਜਵਾਨ/ਬਜੁਰਗਾਂ ਨੇ ਭਾਗ ਲਿਆ।

(3) [illegible] 300 ਸਾਲ ਸਿੱਖੀ ਸਰੂਪ ਦੇ ਨਾਲ" ਇਸ ਲਹਿਰ ਵਿਚ 3,24,804 ਬੱਚੇ/ ਨੌਜਵਾਨ/ਬਜੁਰਗਾਂ ਨੇ ਭਾਗ ਲਿਆ।

(4) [illegible] 300 ਸਾਲ ਸਿੱਖ ਇਤਿਹਾਸ ਦੇ ਨਾਲ" " ਇਸ ਲਹਿਰ ਵਿਚ 19,32,536 ਬੱਚੇ/ ਨੌਜਵਾਨ/ਬਜੁਰਗਾਂ ਨੇ ਭਾਗ ਲਿਆ।

(5) [illegible] 350 ਸਾਲ ਧੰਨ ਗੁਰੂ ਗੋਬਿੰਦ ਸਿੰਘ ਜੀ ਨਾਲ ਇਹ ਲਹਿਰ **2017** ਵਿੱਚ ਆ ਰਹੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਦਿਨ ਨੂੰ ਸਮਰਪਿਤ ਹੈ।

# ਭਲਾ ਹੀ ਭਲਾ ਕੋਈ ਵਪਾਰ ਨਹੀਂ

ਇਹ ਜੋ ਵੀ ਸਭ ਕੁਝ ਚੱਲ ਰਿਹਾ ਹੈ, ਸਾਰੀ ਅਸੀਸ ਨਦਰਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਕਲੇਰਾਂ) ਤੇ ਮੌਜੂਦਾ ਮਹਾਪੁਰਸ਼ ਬਾਬਾ ਹਰਭਜਨ ਸਿੰਘ ਜੀ ਨਾਨਕਸਰ ਵਾਲਿਆਂ ਦੀ ਹੈ।

ਇਹ ਉਪਰ ਲਿਖੀਆਂ ਸੰਸਥਾਵਾਂ ਤੁਸੀਂ ਆਪ ਆ ਕੇ ਵੇਖੋ , ਆਪ ਦਰਸ਼ਨ ਦਿਉ, ਸਾਨੂੰ ਹੋਰ ਸੁਮੱਤ ਬਖ਼ਸ਼ੋ, ਤਕਰੀਬਨ ਹਰ ਸਿੱਖ ਦਸਵੰਧ ਕੱਢਦਾ ਹੈ, ਉਹ ਦਸਵੰਧ ਲੱਗ ਕਿੱਥੇ ਰਿਹਾ ਹੈ, ਇਹ ਵੇਖਣਾ ਤੁਹਾਡੀ ਡਿਊਟੀ ਹੈ, ਦਸਵੰਧ ਸਹੀ ਜਗ੍ਹਾ ਲਗਾਉਣਾ ,ਸਹੀ ਸੰਸਥਾ 'ਚ ਦੇਣਾ, ਇਹ ਸਾਡਾ ਫਰਜ਼ ਹੈ। ਧਿਆਨ ਰੱਖਣਾ ਐਸੇ ਭਲਾਈ ਕੇਂਦਰ, ਐਸੇ ਹਸਪਤਾਲ, ਐਸੀਆਂ ਸਰਾਵਾਂ, ਐਸੇ ਸਕੂਲ ਹੋਰ ਖੁੱਲ੍ਹਣ, ਸਤਿਗੁਰ ਜੀ ਆਪ ਜੀ ਦੀ ਅਸੀਸ ਅਤੇ ਸਹਿਯੋਗ ਦੀ ਲੋੜ ਹੈ।

ਤੁਹਾਡੀ ਵਿਸ਼ਵਾਸ ਪਾਤਰ ਸੰਸਥਾ

ਇਹਨਾਂ ਚੱਲ ਰਹੇ ਕਾਰਜਾਂ ਲਈ ਅਗਰ ਆਪ ਜੀ ਆਪਣੇ ਦਸਵੰਧ ਵਿਚੋਂ ਸੇਵਾ ਹਿਤ (ਚੈੱਕ ਜਾਂ ਡਰਾਫਟ) ਭੇਜਣਾ ਚਾਹੋ ਤਾਂ ਹੇਠ ਲਿਖੇ ਨਾਮ ਅਤੇ ਪਤੇ ਤੇ ਭੇਜਣਾ ਜੀ:-

ਨਾਮ:- ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)

ਪਤਾ:- ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ) ਤਰਨ ਤਾਰਨ ਰੋਡ ਸ੍ਰੀ ਅੰਮ੍ਰਿਤਸਰ ਸਾਹਿਬ।

ਆਪ ਜੀ ਆਪਣਾ ਪੂਰਾ ਪਤਾ ਅਤੇ ਮੋਬਾਇਲ ਨੰਬਰ ਸਾਫ-ਸਾਫ ਅੱਖਰਾਂ ਵਿਚ ਲਿਖ ਕੇ ਨਾਲ ਜਰੂਰੀ ਭੇਜਣਾ ਜੀ ਤਾਂ ਕਿ ਰਸੀਦ ਅਤੇ ਸਤਿਕਾਰ ਆਪ ਜੀ ਦੇ ਦਿੱਤੇ ਪਤੇ 'ਤੇ ਪੋਸਟ ਕੀਤਾ ਜਾ ਸਕੇ। ਟਰੱਸਟ ਨੂੰ ਦਿੱਤੀ ਹੋਈ ਸੇਵਾ ਵਿੱਚ ਇੰਨਕਮ ਟੈਕਸ ਦੇ ਕਾਨੂੰਨ 80-G ਅਨੁਸਾਰ ਛੋਟ ਹੈ ਜੀ।

ਜੇਕਰ ਆਪ ਜੀ ਨੇ ਦਸਵੰਧ ਦੀ ਸੇਵਾ ਸਿੱਧੀ ਬੈਂਕ ਵਿਚ ਟਰਾਂਸਫਰ ਕਰਕੇ ਭੇਜਣੀ ਹੋਵੇ ਤਾਂ ਸਾਡੇ ਦੋਵੇਂ ਬੈਂਕਾ ਦੇ ਆਨ ਲਾਈਨ ਅਕਾਉਂਟ ਨੰਬਰ (ONLINE Account No.) ਹੇਠ ਲਿਖੇ ਅਨੁਸਾਰ ਹਨ ਜੀ:-

| | | | |
|---|---|---|---|
| ਨਾਮ: | ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ) | ਨਾਮ: | ਮਾਤਾ ਕੌਲਾਂ ਜੀ ਭਲਾਈ ਕੇਂਦਰ (ਟਰੱਸਟ) |
| ਖਾਤਾ ਨੰਬਰ : | 3398000100114013 | ਖਾਤਾ ਨੰਬਰ : | 02631770000020 |
| ਬੈਂਕ: | ਪੰਜਾਬ ਨੈਸ਼ਨਲ ਬੈਂਕ | ਬੈਂਕ: | ਐਚ ਡੀ ਐਫ ਸੀ ਬੈਂਕ |
| ਬ੍ਰਾਂਚ: | ਕੋਟ ਮਿਤ ਸਿੰਘ , ਤਰਨ ਤਾਰਨ ਰੋਡ ਅੰਮ੍ਰਿਤਸਰ | ਬ੍ਰਾਂਚ: | ਆਰ ਐਸ ਟਾਵਰ, ਅੰਮ੍ਰਿਤਸਰ |
| IFSC CODE : | PUNB0339800 | IFSC CODE : | HDFC 0000263 |

ਜਰੂਰੀ ਬੇਨਤੀ :- ਆਨ ਲਾਈਨ ਬੈਂਕ ਖਾਤੇ ਵਿਚ ਸੇਵਾ ਪਾ ਕੇ ਮੋਬਾਇਲ ਨੰਬਰ 9876525820 ਜਾਂ 9876525828 ਤੇ ਜਰੂਰ ਸੂਚਿਤ ਕਰੋ ਜੀ ਤਾਂ ਕਿ ਆਪ ਜੀ ਨੂੰ ਰਸੀਦ ਅਤੇ ਸਤਿਕਾਰ ਪੋਸਟ ਕੀਤਾ ਜਾ ਸਕੇ।

ਧੰਨਵਾਦ ਸਹਿਤ।

ਦਾਸਨ ਦਾਸ ਭਾਈ ਗੁਰਇਕਬਾਲ ਸਿੰਘ ਅਤੇ
ਸਹਿਯੋਗੀ


**0183-3292255, FAX 0183-2483920,**
**(M) 98765-25826, 98765-25828,98765-25820**
**www.bkbktrustamritsar.org, bktrustasr@yahoo.com,**
**www.bibikaulanjibhalaikendertrust.com**

# ਸ਼ਰਧਾ ਦੀ ਪਹਿਲੀ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਹ 'ਮਾਇਆ' ਦੇ ਪ੍ਰਭਾਵ ਤੋਂ ਉੱਪਰ ਉੱਠ ਜਾਵੇਗਾ।

ਸ਼ਰਧਾ ਵਾਲਾ, ਗੁਰੂ ਦੀ ਕਿਰਪਾ ਨੂੰ ਮਾਇਆ ਨਾਲ ਨਹੀਂ ਤੋਲੇਗਾ, ਗੁਰੂ ਦੇ ਕਾਰਜ ਮਾਇਆ ਲਈ ਨਹੀਂ ਕਰੇਗਾ।

ਬਹੁਤ ਸਾਰੇ ਲੋਕ ਧਾਰਮਿਕ ਕੰਮ ਵੀ ਮਾਇਆ ਦੀ ਪ੍ਰਾਪਤੀ ਲਈ ਕਰਦੇ ਹਨ। ਜੇ ਕੋਈ ਥੋੜਾ ਉਪਰ ਉਠੇ ਤਾਂ ਉਸ ਦੇ ਧਾਰਮਿਕ ਕੰਮਾਂ ਦੇ ਪਿਛੇ ਮੂਲ ਹੁੰਦਾ ਹੈ ਮਕਾਨ ਮਿਲੇ, ਪੁੱਤਰ, ਮਾਇਆ, ਬਹੁਤ ਵੱਡੀ ਕਿਰਪਾ ਹੋਵੇ ਤਾਂ ਕੋਈ ਇਨਸਾਨ ਧਾਰਮਿਕ ਕੰਮ ਕਰਦਾ ਹੈ। ਅਜਿਹੀਆਂ ਇੱਛਾਵਾਂ ਨੂੰ ਲੈ ਕੇ ਸਤਿਗੁਰੂ ਮੈਂ ਤੇਰੇ ਚਰਨਾਂ ਨਾਲ ਜੁੜ ਜਾਵਾਂ, ਮੇਰੀ ਤੇਰੇ ਚਰਨਾਂ ਨਾਲ ਪ੍ਰੀਤ ਪੈ ਜਾਵੇ। ਮਹਾਤਮਾ ਬੁੱਧ ਜੀ ਨੂੰ ਇਕ ਵਾਰੀ ਕਿਸੇ ਨੇ ਪੁੱਛਿਆ, ਤੁਸੀਂ ਇੰਨਾ ਪ੍ਰਚਾਰ ਕਰਦੇ ਹੋ ਧਰਮ ਦਾ, ਰੱਬ ਨਾਲ ਜੋੜਨ ਦਾ, ਰੱਬ ਦੀ ਪ੍ਰਾਪਤੀ ਦਾ, ਪਰ ਦੱਸੋ, ਕੀ ਕੋਈ ਅੱਜ ਤਕ ਜੁੜਿਆ ਵੀ ਹੈ ? ਕਿਸੇ ਨੂੰ ਪ੍ਰਾਪਤੀ ਹੋਈ ਵੀ ਹੈ ? ਮਹਾਤਮਾ ਬੁੱਧ ਕਹਿਣ ਲੱਗੇ, ਮੇਰੇ ਉੱਤਰ ਦੇਣ ਨਾਲ ਤੇਰੀ ਤਸੱਲੀ ਨਹੀਂ ਹੋਣੀ। ਜੇ ਤੂੰ ਆਪਣੇ ਇਸ ਸਵਾਲ ਦਾ ਉੱਤਰ ਚਾਹੁੰਦਾ ਹੈਂ ਤਾਂ ਇਕ ਕੰਮ ਕਰ, ਜਿਤਨੇ ਵੀ ਘਰਾਂ ਵਿਚ ਤੇਰੀ ਜਾਣ ਦੀ ਹਿੰਮਤ ਹੈ ਜਾ ਕੇ ਪੁੱਛ ਕੇ ਆ ਕਿ ਉਹ ਧਾਰਮਿਕ ਕਾਰਜ ਕਿਸ ਲਈ ਕਰਦੇ ਹਨ? ਧਾਰਮਿਕ ਅਸਥਾਨਾਂ 'ਤੇ ਕਿਸ ਮਕਸਦ ਨਾਲ ਜਾਂਦੇ ਹਨ ? ਉਸ ਨੇ ਐਸਾ ਹੀ ਕੀਤਾ। ਜਿਸ ਘਰ ਵਿਚ ਜਾ ਕੇ ਉਸ ਨੇ ਇਹ ਸਵਾਲ ਕੀਤਾ ਕਿ ਤੁਸੀਂ ਧਾਰਮਿਕ ਅਸਥਾਨ 'ਤੇ ਕਿਸ ਮਕਸਦ ਲਈ ਜਾਂਦੇ ਹੋ ? ਕਿਸੇ ਦਾ ਜਵਾਬ ਸੀ, ਮਾਇਆ ਦੀ ਬਹੁਤ ਤੰਗੀ ਹੈ, ਥੋੜੀ ਤੰਗੀ ਨਿਕਲ ਜਾਵੇ, ਰੋਜ਼ ਤਾਂ ਧਾਰਮਿਕ ਅਸਥਾਨ 'ਤੇ ਜਾਂਦੇ ਹਾਂ। ਕਿਸੇ ਦਾ ਜਵਾਬ ਸੀ, ਆਪਣਾ ਮਕਾਨ ਨਹੀਂ, ਕਿਰਾਏ ਦੇ ਮਕਾਨ ਵਿਚ ਰਹਿੰਦੇ ਹਾਂ, ਰੋਜ਼ ਮੰਦਰ ਇਸ ਲਈ ਜਾਂਦੇ ਹਾਂ ਕਿ ਸਾਨੂੰ ਵੀ ਆਪਣਾ ਮਕਾਨ ਮਿਲ ਜਾਵੇ। ਕਿਸੇ ਨੇ ਕਿਹਾ, ਪੁੱਤਰ ਦੀ ਪ੍ਰਾਪਤੀ ਲਈ ਬੇਨਤੀਆਂ ਕਰਨ ਜਾਂਦੇ ਹਾਂ। ਕਿਸੇ ਨੇ ਕਿਹਾ, ਸਾਡੇ ਘਰ ਔਲਾਦ ਨਹੀਂ, ਸਾਡੇ ਘਰ ਵੀ ਬੂਟਾ ਲੱਗ ਜਾਵੇ। ਜਿਤਨੇ ਵੀ ਘਰਾਂ ਵਿਚ ਉਹ ਗਿਆ, ਉਸ ਨੂੰ ਐਸੇ ਹੀ ਜਵਾਬ ਮਿਲੇ ਤੇ ਜਾ ਕੇ ਮਹਾਤਮਾ ਬੁੱਧ ਜੀ ਨੂੰ

ਕਹਿਣ ਲੱਗਾ, ਮੈਨੂੰ ਮੇਰੇ ਸੁਆਲ ਦਾ ਜੁਆਬ ਮਿਲ ਗਿਆ ਹੈ। ਮਹਾਤਮਾ ਬੁੱਧ ਜੀ ਕਹਿੰਦੇ ਹਨ, ਭਲਿਆ ਲੋਕਾ ! ਮੇਰੇ ਸਮਝਾਣ ਨਾਲ ਤੈਨੂੰ ਸਮਝ ਨਹੀ ਸੀ ਪੈਣੀ, ਇੰਝ ਤੂੰ ਸੌਖਾ ਸਮਝ ਗਿਆ ਹੈਂ ਕਿ ਭਗਵਾਨ ਨੂੰ ਮੰਗਦਾ ਹੀ ਕੋਈ ਕੋਈ ਹੈ। ਪ੍ਰਾਪਤੀ ਕੀ ਹੋਵੇ, ਮੈਂ ਜੋੜਾਂ ਕੀ, ਸੌਦਾ ਕੀ ਦੇਵਾਂ ਜੇ ਕੋਈ ਗਾਹਕ ਹੀ ਨਾ ਹੋਵੇ। ਸੋ ਇਹ ਪਹਿਲੀ ਨਿਸ਼ਾਨੀ ਹੈ। ਜੇ ਪ੍ਰੇਮ ਹੈ ਤਾਂ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਜਾਵੇਗਾ।

ਦੁਨਿਆਵੀ ਜ਼ਰੂਰਤਾਂ ਪੁੱਤਰ, ਮਾਇਆ ਇਹ ਵੀ ਗੁਰੂ ਕੋਲੋਂ ਹੀ ਮੰਗਣੀਆਂ ਹਨ। ਦੁਨਿਆਵੀ ਮੰਗਾਂ ਨੂੰ ਲੈ ਕੇ ਪ੍ਰਭੂ ਨੂੰ ਧਿਆਉਣਾ ਕੋਈ ਗੁਨਾਹ ਨਹੀਂ। ਬਾਣੀ ਪੜ੍ਹਨ ਪਿਛੇ ਪੁੱਤਰ ਦੀ ਮੰਗ ਹੈ, ਘਰ ਦੀ ਗ਼ਰੀਬੀ ਖ਼ਤਮ ਹੋ ਜਾਵੇ, ਘਰ ਦਾ ਕਲੇਸ਼ ਖ਼ਤਮ ਹੋ ਜਾਵੇ, ਇਹ ਵੀ ਮੁਬਾਰਕ ਹੈ ਪਰ ਨਿਸ਼ਕਾਮਤਾ ਬੜੀ ਵੱਡੀ ਦਾਤ ਹੈ ਜੇ ਮਿਲ ਜਾਵੇ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, ਜੇ ਦੁਕਾਨਦਾਰ ਕੋਲੋਂ ਸੌਦਾ ਲੈ ਲਈਏ ਤੇ ਪੈਸੇ ਦੇ ਦੇਈਏ ਤਾਂ ਨਾ ਸਾਡਾ ਉਸ ਉੱਤੇ ਕੋਈ ਅਹਿਸਾਨ ਤੇ ਨਾ ਹੀ ਉਸ ਦਾ ਸਾਡੇ 'ਤੇ। ਮਹਾਂਪੁਰਸ਼ ਬਚਨ ਕਰਦੇ ਸਨ, ਕਹਿੰਦੇ ਸਨ, ਅਸੀਂ ਰੋਜ਼ ਨੇਮ ਕਰੀਏ, ਵੱਧ ਤੋਂ ਵੱਧ ਪਾਠ ਕਰੀਏ ਪਰ ਨਾਲ ਹੀ ਨਾਲ ਰੋਜ਼ ਗੁਰੂ ਕੋਲੋਂ ਮੰਗਾਂ ਵੀ ਮੰਗੀ ਜਾਈਏ ਤਾਂ ਇਹ ਉਸ ਮਜ਼ਦੂਰ ਦੀ ਤਰ੍ਹਾਂ ਹੈ ਜੋ ਰੋਜ਼ ਕੰਮ ਦੀ ਦਿਹਾੜੀ ਲੈ ਲੈਂਦਾ ਹੈ।

ਇਕ ਭਗਤੀ ਹੁੰਦੀ ਹੈ ਕਾਮਨਾ ਸਹਿਤ, ਇਕ ਹੁੰਦੀ ਹੈ ਕਾਮਨਾ-ਰਹਿਤ। ਕਾਮਨਾ ਰਹਿਤ ਭਗਤੀ ਕੀ ਹੈ ? ਉਸ ਦੇ ਮਿਲਾਪ ਲਈ ਭਗਤੀ ਕਰਨੀ, ਉਸ ਦੇ ਦੀਦਾਰਿਆਂ ਲਈ ਭਗਤੀ ਕਰਨੀ। ਬੰਦਗੀ ਦੀ ਦਾਤ ਮਿਲ ਜਾਵੇ, ਇਸ ਲਈ ਜਪ-ਤਪ ਕਰਨੇ, ਉਸ ਦੀ ਪ੍ਰਸੰਨਤਾ ਲੈਣ ਲਈ ਬਾਣੀ ਪੜ੍ਹਨੀ, ਅੰਮ੍ਰਿਤ ਵੇਲੇ ਦੀ ਅਨਮੋਲ ਦਾਤ ਝੋਲੀ ਵਿਚ ਪੈ ਜਾਵੇ, ਇਸ ਮੰਗ ਨੂੰ ਲੈ ਕੇ ਸੰਗਤ ਦੇ ਜੋੜੇ ਝਾੜਨੇ। ਇਸ਼ਾਰਾ ਸਮਝਿਓ, ਬਾਣੀ ਪੜ੍ਹਨੀ, ਸੰਗਤ ਦੇ ਜੋੜੇ ਝਾੜਨੇ, ਚੁਪਹਿਰੇ ਕੱਟਣੇ, ਏਸ ਮੰਗ ਨੂੰ ਲੈ ਕੇ ਕਿ ਮੇਰੀ ਸਤਿਗੁਰੂ ਦੇ ਚਰਨਾਂ ਨਾਲ ਗੰਢ ਪੈ ਜਾਵੇ, ਪ੍ਰੀਤ ਪੈ ਜਾਵੇ, ਮੈਂ ਨਾਮ ਦੇ ਰੰਗ ਵਿਚ ਰੰਗਿਆ ਜਾਵਾਂ, ਇਹ ਉੱਤਮ ਭਗਤੀ ਹੈ। ਸ਼ਰਧਾ ਦੀ ਪਹਿਲੀ ਨਿਸ਼ਾਨੀ ਹੈ ਕਿ ਇਸ ਪੰਗਤੀ ਦੀ ਖ਼ੁਸ਼ਬੋ ਤੇਰੇ ਜੀਵਨ 'ਚ ਆਉਣੀ ਸ਼ੁਰੂ ਹੋ ਜਾਵੇ।

*ਕਾਹੂ ਫਲ ਕੀ ਇਛਾ ਨਹੀ ਬਾਛੈ॥*
*ਕੇਵਲ ਭਗਤਿ ਕੀਰਤਨ ਸੰਗਿ ਰਾਚੈ॥*

(ਅੰਗ ੨੭੪)

ਇਕ ਮਾਈ ਭਿਰਾਈ ਜੀ ਹੋਏ ਹਨ, ਗੁਰੂ ਨਾਨਕ ਸਾਹਿਬ ਵੇਲੇ। ਉਸ ਉੱਤੇ ਵੀ ਇਹ ਬਖ਼ਸ਼ਿਸ਼ ਸੀ, ਇਹ ਉੱਤਮ-ਭਗਤੀ ਦੀ ਦਾਤ ਉਸ ਨੂੰ ਪ੍ਰਾਪਤ ਸੀ। ਮਾਈ ਭਿਰਾਈ ਜੀ ਨੇ ਕਰਤਾਰਪੁਰ ਜਾ ਕੇ ਸੰਗਤ ਦੇ ਜੂਠੇ ਬਰਤਨ ਮਾਂਜਣੇ, ਸੰਗਤ ਦੇ ਜੋੜੇ

ਝਾੜਨੇ, ਕਿਸੇ ਦੁਨਿਆਵੀ ਦਾਤ ਦੀ ਪ੍ਰਾਪਤੀ ਲਈ ਨਹੀਂ, ਬਲਕਿ ਏਸ ਕਰਕੇ ਕਿ ਮੇਰੀ ਗੁਰੂ ਨਾਨਕ ਸਾਹਿਬ ਦੇ ਚਰਨਾਂ ਨਾਲ ਅੰਦਰੋਂ ਸਾਂਝ ਪੈ ਜਾਵੇ, ਪ੍ਰੀਤ ਪੈ ਜਾਵੇ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਗੋਦਾਵਰੀ ਦੇ ਕਿਨਾਰੇ 101 ਟੁਕੜੇ ਬਜਰੀ ਦੇ ਰਖ ਲੈਣੇ। ਇਕ-ਇਕ ਪਾਠ ਜਪੁਜੀ ਸਾਹਿਬ ਦਾ ਕਰ ਕੇ ਬਜਰੀ ਦੇ ਪੀਸਾਂ ਦੀ ਦੂਜੀ ਢੇਰੀ ਲਾਈ ਜਾਣੀ। ਗਿਣਤੀ ਇੰਝ ਕਰਨੀ। ਸਵਾ-ਸਵਾ ਲੱਖ ਪਾਠ ਜਪੁਜੀ ਸਾਹਿਬ ਦੇ ਦੋ ਵਾਰੀ ਕੀਤੇ ਪਰ ਪਿਛੇ ਮਨੋਰਥ ਕੀ ? ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਜੀ ਦੇ ਦੀਦਾਰੇ ਹੋ ਜਾਣ।

ਬੜੀ ਅਨਮੋਲ ਦਾਤ ਹੈ ਜੋ ਗੁਰੂ ਨੂੰ ਹੀ ਮੰਗ ਲੈਣ। ਵਾਹਿਗੁਰੂ ਪਾਸ ਸਭ ਕੁਝ ਹੈ ਪਰ ਅਸੀਂ ਸਭ ਕੁਝ ਛੱਡ ਕੇ ਵਾਹਿਗੁਰੂ ਨੂੰ ਹੀ ਪਾਉਣਾ ਹੈ। ਜਦੋਂ ਮਾਂ ਹੀ ਮਿਲ ਗਈ ਤਾਂ ਖਿਡੌਣੇ ਤੇ ਦੁੱਧ ਆਪੇ ਹੀ ਮਿਲ ਜਾਣਗੇ। ਜੇ ਗੁਰੂ ਹੀ ਮਿਲ ਗਿਆ ਤਾਂ ਬਾਕੀ ਸਭ ਕੁਝ ਆਪੇ ਹੀ ਮਿਲ ਜਾਵੇਗਾ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, ਜੇ ਰੋਜ਼ ਦੇ ਨੇਮ ਦੇ ਨਾਲ-ਨਾਲ ਉਸ ਦੇ ਰੰਗ ਵਿਚ ਰਹਿਣ ਦੀ ਜਾਚ ਆ ਜਾਵੇ, ਉਸ ਦੇ ਪ੍ਰੇਮ ਵਿਚ ਮਨ ਭਿੱਜ ਜਾਵੇ, ਉਸ ਦੀ ਰਜ਼ਾ ਵਿਚ ਮਨ ਰਾਜ਼ੀ ਰਹੇ ਤਾਂ ਇਕ ਦਿਨ ਤੁਰ ਕੇ ਉਹ ਆਪ ਹੀ ਸਾਰੀਆਂ ਦਾਤਾਂ ਝੋਲੀ ਵਿਚ ਪਾ ਦੇਂਦਾ ਹੈ। ਬਾਬਾ ਜੀ ਫ਼ਰਮਾਉਂਦੇ ਸਨ -

ਪਦਾਰਥ ਇਨਸਾਨ ਨੂੰ ਆਪਣੇ ਵਲ ਖਿੱਚਦੇ ਹਨ, ਪਰ ਅਸੀਂ ਪਦਾਰਥਾਂ ਵਾਲੇ ਨੂੰ ਫੜੀਏ। ਆਪੇ ਨਿਰੰਕਾਰ ਨੂੰ ਫ਼ਿਕਰ ਹੈ। ਫੁਰਨਾ ਹੀ ਨਾ ਬਣੇ ਕਿ ਪਦਾਰਥ ਮਿਲੇ, ਪਦਾਰਥ ਵਾਲੇ ਦੇ ਬਣ ਜਾਈਏ।

ਅਸੀਂ ਮਾਇਆ ਨੂੰ ਪ੍ਰੀਤਮ ਬਣਾਇਆ ਹੈ। ਅਸੀਂ ਮਾਇਆ ਨੂੰ ਕਹਿੰਦੇ ਹਾਂ ਕਿ ਜੇ ਤੂੰ ਨਾ ਹੋਵੇਂ ਤਾਂ ਮੈਂ ਰੁੱਲ ਜਾਵਾਂਗਾ। ਗੁਰੂ ਨੂੰ ਪ੍ਰੀਤਮ ਬਣਾਈਏ। ਜਿਸ ਦੇ ਹੁਕਮ ਵਿਚ ਸਭ ਕੁਝ ਹੈ, ਉਸ ਨਾਲ ਯਾਰੀ ਲਾਈਏ, ਸਭ ਕੁਝ ਮਗਰ ਲੱਗਾ ਫਿਰੇਗਾ। ਆਪੇ ਅੰਦਾਜ਼ਾ ਲਾ ਲਵੋ, ਜਿਸ ਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਹੈ, ਮਾਇਆ ਹੈ, ਸਤਿਕਾਰ ਹੈ, ਜੇ ਤੁਸੀਂ ਉਸ ਦੇ ਬਣ ਜਾਵੋਗੇ ਤਾਂ ਕਿਹੜੀ ਚੀਜ਼ ਨੂੰ ਉਹ ਹੁਕਮ ਲਾ ਕੇ ਤੁਹਾਡੇ ਚਰਨਾਂ ਵਿਚ ਨਹੀਂ ਲਿਆ ਸਕਦਾ।

ਇਕ ਰਾਜਾ ਸੀ। ਉਸ ਨੇ ਇਕ ਪੰਜ-ਮੰਜ਼ਿਲਾ ਮਹਿਲ ਬਣਵਾ ਕੇ ਉਸ ਦੀਆਂ 4 ਮੰਜ਼ਿਲਾਂ ਵਿਚ ਵਡਮੁੱਲੀਆਂ ਚੀਜ਼ਾਂ, ਹੀਰੇ, ਜਵਾਹਾਰਾਤ ਆਦਿ ਰਖਵਾ ਦਿੱਤੇ ਤੇ ਆਪ ਪੰਜਵੀਂ ਮੰਜ਼ਿਲ ਵਿਚ ਜਾ ਕੇ ਬੈਠ ਗਿਆ ਤੇ ਐਲਾਨ ਕਰਵਾ ਦਿੱਤਾ ਕਿ ਜੋ ਵੀ ਕੋਈ ਦਿਨ ਛੁਪਣ ਤੋਂ ਪਹਿਲੇ ਉਸ ਨੂੰ ਲਭ ਲਵੇਗਾ, ਉਸ ਨੂੰ ਰਾਜੇ ਦੀ ਪ੍ਰਸੰਨਤਾ ਮਿਲੇਗੀ। ਬਹੁਤ ਸਾਰੇ ਲੋਕ ਇਹ ਐਲਾਨ ਸੁਣ ਕੇ ਮਹਿਲ ਵਿਚ ਪਹੁੰਚੇ ਤੇ ਲੱਗੇ ਰਾਜੇ ਨੂੰ ਲੱਭਣ ਪਰ ਜਦੋਂ ਗਏ ਤਾਂ ਚੀਜ਼ਾਂ ਵੇਖ ਕੇ ਹੈਰਾਨ ਹੋ ਗਏ। ਹੀਰੇ, ਮੋਤੀ, ਸੋਨੇ, ਚਾਂਦੀ

ਦੇ ਕੀਮਤੀ ਗਹਿਣੇ ਖੁੱਲ੍ਹੇ ਹੀ ਪਏ ਸਨ, ਕੋਈ ਪਹਿਰੇਦਾਰ ਵੀ ਨਹੀਂ ਸੀ। ਅਜਿਹੀ ਹਾਲਤ ਵਿਚ ਲੋਭ ਜਾਗਣਾ ਸੁਭਾਵਿਕ ਹੀ ਸੀ। ਲੋਭ ਨੇ ਐਸਾ ਦਿਮਾਗ਼ 'ਤੇ ਪਰਦਾ ਪਾਇਆ ਕਿ ਸੋਚਣ ਲੱਗੇ, ਅਜੇ ਸਾਰਾ ਦਿਨ ਪਿਆ ਹੈ ਰਾਜੇ ਨੂੰ ਲੱਭਣ ਲਈ, ਪਹਿਲੇ ਗਹਿਣੇ, ਹੀਰੇ, ਜਵਾਹਾਰਾਤ ਕੀਮਤੀ ਦਾਤਾਂ ਤਾਂ ਸੰਭਾਲ ਲਈਏ, ਪਰ ਉਨ੍ਹਾਂ ਵਿਚੋਂ ਇਕ ਬੰਦਾ ਸੀ ਜਿਹੜਾ ਰਾਜੇ ਦੀ ਤਲਾਸ਼ ਵਿਚ ਸੀ। ਬਾਕੀ ਸਾਰਿਆਂ ਨੂੰ ਹੀਰੇ, ਮੋਤੀਆਂ ਦੀ ਚਮਕ ਨੇ ਐਸਾ ਅੰਨਾ ਕਰ ਦਿੱਤਾ ਕਿ ਇਕ ਦੂਜੇ ਨੂੰ ਧੱਕੇ ਮਾਰ ਕੇ ਵੱਧ ਤੋਂ ਵੱਧ ਧਨ ਤੇ ਗਹਿਣੇ ਇਕੱਠੇ ਕਰਨ ਲਗੇ। ਕਹਿੰਦੇ ਹਨ ਕਿ ਰਾਜੇ ਨੂੰ ਕੀ ਕਰਨਾ ਹੈ। ਪਰ ਇਕ ਸੀ, ਜਿਸ ਨੇ ਕੀਮਤੀ ਚੀਜ਼ਾਂ ਦੀ ਚਮਕ ਵੱਲ ਕੋਈ ਧਿਆਨ ਨਹੀਂ ਦਿੱਤਾ ਤੇ ਅਖ਼ੀਰਲੀ ਮੰਜ਼ਿਲ 'ਤੇ ਪਹੁੰਚ ਕੇ ਰਾਜੇ ਨੂੰ ਲੱਭ ਲਿਆ। ਰਾਜਾ ਬਹੁਤ ਖ਼ੁਸ਼ ਹੋਇਆ। ਉਸ ਨੇ ਬਾਹਰ ਆ ਕੇ ਸਾਰਿਆਂ ਨੂੰ ਦੱਸਿਆ ਕਿ ਮੈਂ ਤਾਂ ਇਹ ਸਭ ਖੇਲ ਇਹ ਦੇਖਣ ਲਈ ਕੀਤਾ ਸੀ ਕਿ ਕਿਸ ਨੂੰ ਮੇਰੇ ਨਾਲ ਪਿਆਰ ਹੈ ਤੇ ਕਿਸ ਨੂੰ ਮੇਰੀ ਦੌਲਤ ਨਾਲ। ਤੁਹਾਡੇ ਵਿਚੋਂ ਸਿਰਫ਼ ਇਕ ਬੰਦਾ ਲੋਭ ਦੇ ਬੰਧਨ ਤੋੜ ਕੇ ਮੇਰੇ ਤਕ ਪਹੁੰਚਿਆ ਹੈ, ਇਸ 'ਤੇ ਮੈਂ ਬਹੁਤ ਖ਼ੁਸ਼ ਹਾਂ। ਮੈਂ ਇਸ ਨੂੰ ਆਪਣਾ ਅੱਧਾ ਰਾਜ ਦੇ ਰਿਹਾ ਹਾਂ। ਇਹ ਗੱਲ ਸੁਣ ਕੇ ਉਹ ਵਿਅਕਤੀ ਰਾਜੇ ਦੇ ਚਰਨਾਂ 'ਤੇ ਢਹਿ ਪਿਆ। ਕਹਿੰਦਾ ਹੈ, ਮੈਨੂੰ ਰਾਜ-ਭਾਗ ਨਹੀਂ ਚਾਹੀਦਾ, ਮੈਨੂੰ ਤਾਂ ਤੇਰੀ ਪ੍ਰਸੰਨਤਾ ਚਾਹੀਦੀ ਹੈ। ਰਾਜੇ ਨੇ ਉਸ 'ਤੇ ਖ਼ੁਸ਼ ਹੋ ਕੇ ਉਸ ਨੂੰ ਗੱਲ ਨਾਲ ਲਾ ਲਿਆ ਤੇ ਕਹਿਣ ਲੱਗਾ, ਹੁਣ ਮੈਂ ਸਾਰੇ ਰਾਜ ਦੀਆਂ ਚਾਬੀਆਂ ਹੀ ਤੈਨੂੰ ਦੇ ਦਿੰਦਾ ਹਾਂ। ਭਾਵ ਜੇ ਪ੍ਰੀਤਮ ਪ੍ਰਸੰਨ ਤਾਂ ਪਦਾਰਥ ਸਾਰੇ ਆਪੇ ਹੀ ਆ ਜਾਣਗੇ। ਗੁਰੂ ਨਾਨਕ ਸਾਹਿਬ ਨੇ ਵੀ ਕੌਤਕ ਰਚਿਆ ਸੀ। ਲੰਬਾ ਚੋਲਾ ਪਾ ਲਿਆ, ਹੱਥ ਵਿਚ ਡਾਂਗ ਫੜ ਲਈ। ਰਸਤੇ ਵਿਚ ਕਿਧਰੇ ਮਾਇਆ ਦੇ ਢੇਰ ਲਾ ਦਿੱਤੇ ਤੇ ਕਿਧਰੇ ਸੋਨੇ, ਚਾਂਦੀ ਦੇ। ਵਾਰੀ-ਵਾਰੀ ਸਾਰੇ ਹੀ ਚਲੇ ਗਏ ਸੀ। ਅਖ਼ੀਰ 'ਤੇ ਇਕੋ ਹੀ ਰਹਿ ਗਿਆ ਸੀ 'ਭਾਈ ਲਹਿਣਾ'। ਸਤਿਗੁਰੂ ਕਹਿੰਦੇ ਹਨ, ਤੂੰ ਨਹੀਂ ਗਿਆ। ਕੋਈ ਮਾਇਆ ਲੈ ਕੇ ਚਲੇ ਗਏ, ਕੋਈ ਸੋਨਾ ਚਾਂਦੀ ਤੇ ਕੋਈ ਹੀਰੇ ਜਵਾਹਰਾਤ ਲੈ ਕੇ ਚਲੇ ਗਏ, ਤੂੰ ਕਿਉਂ ਨਹੀਂ ਜਾਂਦਾ ? ਭਾਈ ਲਹਿਣਾ ਜੀ ਨੇ ਪਿਆਰ ਵਿਚ ਜਵਾਬ ਦਿੱਤਾ, ਮੈਨੂੰ ਤਾਂ ਇਕ ਆਪ ਜੀ ਦੀ ਲੋੜ ਹੈ। ਆਪ ਜੀ ਦੇ ਇਲਾਵਾ ਮੇਰਾ ਹੋਰ ਕੋਈ ਹੈ ਹੀ ਨਹੀਂ, ਮੈਨੂੰ ਤਾਂ ਆਪ ਜੀ ਦਾ ਹੀ ਆਸਰਾ ਹੈ। ਇਹ ਸਾਡੇ ਲਈ ਪੂਰਨੇ ਹਨ। ਤੁਹਾਨੂੰ ਵੀ ਕਦੀ ਗੁਰੂ ਕਹਿ ਦੇਵੇ, ਮੈਂ ਤੈਨੂੰ ਕਰੋੜਾਂ ਪਤੀ, ਅਰਬਾਂ ਪਤੀ ਬਣਾ ਦੇਂਦਾ ਹਾਂ, ਪਰ ਮੇਰਾ ਖਹਿੜਾ ਛੱਡ ਦੇ, ਕਦੀ ਨਾ ਮੰਨਿਓ, ਗੁਰੂ ਦੇ ਚਰਨ ਕਦੀ ਨਾ ਛੱਡਿਓ।

ਇਹ ਸ਼ਰਧਾ ਦੀ ਪਹਿਲੀ ਨਿਸ਼ਾਨੀ ਜੇ। ਜਿਨ੍ਹਾਂ ਦੀ ਗੁਰੂ 'ਤੇ ਸ਼ਰਧਾ ਹੋਵੇ, ਉਹ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਜਾਂਦੇ ਹਨ। ਉਨ੍ਹਾਂ ਲਈ ਗੁਰੂ ਦਾ ਪਿਆਰ ਹੀ ਸਭ ਕੁਝ ਹੈ, ਗੁਰੂ ਹੀ ਸਭ ਕੁਝ ਹੈ। ਬਾਬਾ ਨੰਦ ਸਿੰਘ ਜੀ ਨੂੰ ਵੀ ਜਦੋਂ ਫਿਰੋਜ਼ਪੁਰ ਗੁ:

ਸਾਰਾਗੜ੍ਹੀ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾਂ ਦੀ ਪ੍ਰਾਪਤੀ ਹੋਈ, ਸਤਿਗੁਰੂ ਕਹਿੰਦੇ ਹਨ, ਕੁਝ ਮੰਗ ਲਵੋ। ਬਾਬਾ ਜੀ ਕਹਿੰਦੇ ਹਨ, ਤੁਹਾਡੇ ਦਰਸ਼ਨ ਹੋ ਗਏ ਹੋਰ ਕੁਝ ਨਹੀਂ ਚਾਹੀਦਾ। ਸਤਿਗੁਰੂ ਕਹਿੰਦੇ ਹਨ, ਬਚਨ ਨਹੀਂ ਮੋੜੀਦਾ, ਕੁਝ ਮੰਗ ਲਵੋ। ਬਾਬਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ਜੀ ਮੰਗਣ ਦੀ ਜਾਚ ਤੇ ਨਹੀਂ ਆਉਂਦੀ ਪਰ ਜੇ ਤੁੱਠੇ ਹੋ ਤਾਂ ਇਕ ਕਿਰਪਾ ਕਰੋ, ਆਪਣਾ ਬਣਾ ਲਵੋ। ਗੁਰੂ ਨਾਨਕ ਪਾਤਿਸ਼ਾਹ ਮੁਸਕਰਾਏ, ਨਾਲੇ ਤੇ ਕਹਿੰਦੇ ਹੋ ਮੰਗਣ ਦੀ ਜਾਚ ਨਹੀਂ ਆਉਂਦੀ ਤੇ ਨਾਲੇ ਉਹ ਮੰਗ ਲਿਆ ਜੇ, ਜਿਸ ਵਿਚ ਸਭ ਕੁਝ ਹੀ ਆ ਗਿਆ। ਜਿਸ ਨੂੰ ਗੁਰੂ ਨੇ ਆਪਣਾ ਹੀ ਬਣਾ ਲਿਆ, ਫਿਰ ਹੋਰ ਰਹਿ ਕੀ ਗਿਆ, ਫਿਰ ਕਿਸੇ ਕਿਸਮ ਦੀ ਘਾਟ ਨਹੀਂ ਰਹਿੰਦੀ। ਬਾਬਾ ਜੀ ਬਚਨ ਕਰਦੇ ਸਨ 'ਜੇ ਪੁੱਤਰ ਪਿਉ ਕੋਲੋਂ ਉਸ ਦੀ ਜਾਇਦਾਦ ਵਿਚੋਂ ਕੁਝ ਮੰਗਦਾ ਹੈ ਤਾਂ ਪਿਆਰ ਦੀ ਗੱਲ ਨਹੀਂ ਰਹਿੰਦੀ, ਵਖਰੇਵਾਂ ਹੋ ਜਾਂਦਾ ਹੈ, ਪਰ ਜੇ ਪੁੱਤਰ ਪਿਉ ਨੂੰ ਕਹੇ ਕਿ ਮੈਂ ਹੈ ਹੀ ਤੇਰਾ ਹਾਂ, ਮੈਨੂੰ ਤੇਰੀ ਹੀ ਲੋੜ ਹੈ ਤਾਂ ਪਿਆਰ ਵੱਧ ਜਾਂਦਾ ਹੈ ਤੇ ਪਿਉ ਦੀ ਹਰ ਚੀਜ਼ ਦਾ ਉਹ ਆਪੇ ਹੀ ਮਾਲਕ ਬਣ ਜਾਂਦਾ ਹੈ।

ਗੁਰੂ ਤੁੱਠੇ ਤੇ ਕਈ ਦੁਨਿਆਵੀ ਦਾਤਾਂ ਮੰਗਦੇ ਹਨ, ਮਹਿਲ, ਮਾੜੀਆਂ, ਕੋਠੀਆਂ, ਧਨ, ਦੌਲਤ, ਧੀਆਂ, ਪੁੱਤਰ। ਪਰ ਐਸੇ ਵਿਰਲੇ ਹੁੰਦੇ ਹਨ ਜੋ ਮੋਹ ਮਾਇਆ ਤੋਂ, ਦੁਨਿਆਵੀ ਖ਼ਾਹਿਸ਼ਾਂ ਤੋਂ ਉਪਰ ਉਠ ਕੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦੇ ਹਨ ਤੇ ਪ੍ਰਮਾਤਮਾ ਦੇ ਮਿਲ ਜਾਣ 'ਤੇ ਵੀ ਉਸ ਕੋਲੋਂ ਉਸ ਦੀ ਪ੍ਰੀਤ ਹੀ ਮੰਗਦੇ ਹਨ। ਉਨ੍ਹਾਂ ਨੂੰ ਨਰਕ ਦਾ ਡਰ ਨਹੀਂ ਹੁੰਦਾ ਤੇ ਸਵਰਗ ਦੀ ਚਾਹ ਨਹੀਂ ਹੁੰਦੀ। ਭਗਤ ਕਬੀਰ ਨੇ ਵੀ ਕਹਿ ਦਿੱਤਾ-

*ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥*
*ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥*

(ਅੰਗ ੧੩੭੦)

ਗੁਰੂ ਨਾਲ ਪ੍ਰੇਮ ਕਰਨ ਵਾਲੇ ਮਾਇਆ ਤੋਂ ਹੀ ਉਪਰ ਨਹੀਂ ਹੁੰਦੇ, ਉਹ ਤਾਂ ਸਵਰਗਾਂ ਨੂੰ ਵੀ ਲਤਾੜ ਦੇਂਦੇ ਹਨ। ਰਾਖਸ਼ਾਂ ਤੇ ਦੇਵਤਿਆਂ ਦੇ ਕਿੰਨੇ ਯੁੱਧ ਹੋਏ, ਸਿਰਫ਼ ਇਸ ਕਾਰਨ ਕਿ ਸਵਰਗਾਂ 'ਤੇ ਸਾਡਾ ਰਾਜ ਹੋ ਜਾਵੇ ਪਰ ਗੁਰੂ ਦੇ ਪਿਆਰੇ ਸਵਰਗਾਂ ਨੂੰ ਜੁੱਤੀ ਦੀ ਨੋਕ 'ਤੇ ਸਮਝਦੇ ਹਨ। ਉਨ੍ਹਾਂ ਲਈ ਗੁਰੂ ਦੇ ਚਰਨ, ਗੁਰੂ ਦੀ ਪ੍ਰੀਤ ਹੀ ਸਭ ਕੁਝ ਹੈ। ਗਿਆਨੀ ਭਗਤ ਸਿੰਘ ਜੀ ਆਪਣੀ ਕਿਤਾਬ 'ਕੁੱਜੇ ਵਿਚ ਸਮੁੰਦਰ' ਵਿਚ ਇਕ ਜਗ੍ਹਾ ਲਿਖਦੇ ਹਨ ਕਿ ਮਾਤਾ ਭਾਗਭਰੀ ਨੂੰ ਜਿਸ ਦਿਨ ਛੇਵੇਂ ਪਾਤਿਸ਼ਾਹ ਦੇ ਦਰਸ਼ਨ ਹੋਏ, ਉਸ ਰਾਤ ਸੁਪਨੇ ਵਿਚ ਉਸ ਨੂੰ ਸ਼ਿਵਜੀ ਦੇ ਦਰਸ਼ਨ ਹੋਏ ਤੇ ਕਹਿੰਦੇ ਹਨ, ਤੇਰਾ ਸਮਾਂ ਪੂਰਾ ਹੋ ਗਿਆ ਹੈ, ਚਲ ਤੈਨੂੰ ਸ਼ਿਵ-ਪੁਰੀ ਲੈ ਜਾਵਾਂ। ਉਹ ਕਹਿਣ ਲੱਗੀ, ਮੈਨੂੰ

ਤੇ ਗੁਰਪੁਰੀ ਹੀ ਚਾਹੀਦੀ ਹੈ।

ਬਾਬਾ ਈਸ਼ਰ ਸਿੰਘ ਜੀ ਨੂੰ ਵੀ ਕਿਸੇ ਨੇ ਪੁੱਛਿਆ ਸੀ ਕਿ ਤੁਸੀਂ ਮੰਗਦੇ ਕੀ ਹੋ ਗੁਰੂ ਨਾਨਕ ਕੋਲੋਂ? ਬਾਬਾ ਜੀ ਕਹਿੰਦੇ ਹਨ, ਅਸੀਂ ਮੁਕਤੀ ਵੀ ਨਹੀਂ ਮੰਗਦੇ। ਇਹ ਵੀ ਨਹੀਂ ਮੰਗਦੇ ਕਿ ਜਨਮ ਮਰਨ ਕੱਟਿਆ ਜਾਵੇ, ਅਸੀਂ ਤੇ ਇਹੀ ਕਹਿੰਦੇ ਹਾਂ ਕਿ ਗੁਰੂ ਨਾਨਕ ਸੱਚੇ-ਪਾਤਿਸ਼ਾਹ! ਜਿੰਨੀ ਵਾਰੀ ਮਰਜ਼ੀ ਭੇਜ, ਜਿੰਨੀ ਵਾਰੀ ਮਰਜ਼ੀ ਬੁਲਾ, ਪਰ ਸਾਡਾ ਇਕੋ ਤਰਲਾ ਹੈ ਕਿ ਏਥੇ ਰੱਖ, ਓਥੇ ਰੱਖ, ਰਖੀਂ ਚਰਨਾਂ ਦੇ ਕੋਲ।

ਭਗਤ ਬੇਣੀ ਦੇ ਇਤਿਹਾਸ ਵੱਲ ਝਾਤੀ ਮਾਰੀਏ। ਉਹ ਜਿੰਨੀ ਵੀ ਬੰਦਗੀ ਕਰਦਾ ਸੀ, ਬੰਦਗੀ ਕਰ ਕੇ ਕੋਈ ਮਾਇਆ ਨਹੀਂ ਸੀ ਮੰਗਦਾ, ਕੋਈ ਦੁਨਿਆਵੀ ਪਦਾਰਥ ਨਹੀਂ ਸੀ ਮੰਗਦਾ ਬਲਕਿ ਇਹ ਮਨੋਰਥ ਲੈ ਕੇ ਕਿ ਹੇ ਪ੍ਰਮੇਸ਼ਰ! ਮੇਰੀ ਝੋਲੀ ਵਿਚ ਆਪਣੀ ਬੰਦਗੀ ਦੀ, ਪ੍ਰੇਮ ਦੀ ਹੋਰ ਦਾਤ ਪਾ। ਭਾਈ ਗੁਰਦਾਸ ਜੀ ਦੀਆਂ ਪੰਗਤੀਆਂ ਵੀ ਹਨ-

*ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ।*

(ਵਾਰ ੧੦, ਪਉੜੀ ੧੪)

ਬੇਣੀ ਦੀ ਭਗਤੀ ਪਿਛੇ ਕੀ ਹੈ? ਪ੍ਰਮੇਸ਼ਰ ਦਾ ਪਿਆਰ, ਉਸ ਦਾ ਮਿਲਾਪ, ਬੰਦਗੀ।

SIKHBOOKCLUB.COM

ਉਸ ਦਿਨ ਤੁਸੀਂ ਵੀ ਕਿਸੇ ਖਾਤੇ ਵਿਚ ਆ ਜਾਵੋਗੇ, ਜਿਸ ਦਿਨ ਰੱਬ ਨੂੰ ਮਿਲਣ ਦੀ ਖ਼ਾਹਿਸ਼ ਲੈ ਕੇ ਬਾਣੀ ਪੜ੍ਹੋ, ਸੇਵਾ ਕਰੋ, ਸਿਮਰਨ ਕਰੋ। ਜੇ ਸਾਰੀ ਉਮਰ ਦੁਨਿਆਵੀ ਮੰਗਾਂ ਨੂੰ ਹੀ ਲੈ ਕੇ ਬਾਣੀ ਪੜ੍ਹਦੇ ਰਹੇ, ਨਿਸ਼ਕਾਮਤਾ ਵਿਚ ਨਹੀਂ ਆਏ ਤਾਂ ਇਹ ਪ੍ਰੇਮ ਨਹੀਂ, ਇਹ ਸ਼ਰਧਾ ਨਹੀਂ। ਹਰ ਵੇਲੇ ਹੀ ਇੰਨੇ ਪਾਠ ਜਪੁਜੀ ਸਾਹਿਬ ਦੇ ਫਲਾਣੇ ਦੁੱਖ ਲਈ, ਇੰਨੇ ਪਾਠ ਸੁਖਮਨੀ ਸਾਹਿਬ ਦੇ, ਫਲਾਣੇ ਦੁੱਖ ਲਈ, ਚੰਗੀ ਗੱਲ ਹੈ, ਮਾੜੀ ਨਹੀਂ, ਇਹ ਵੀ ਕਰੋ ਪਰ ਅਗਲੀ ਕਲਾਸ ਦੀ ਅਰਦਾਸ ਵੀ ਕਰੋ ਕਿ ਸਤਿਗੁਰੂ ਕਿਰਪਾ ਕਰੋ ਮੈਨੂੰ ਆਪਣੇ ਚਰਨਾਂ ਨਾਲ ਜੋੜੋ, ਚਰਨਾਂ ਦੀ ਪ੍ਰੀਤ ਬਖ਼ਸ਼ੋ।

ਸੰਗਤ ਵਿਚੋਂ ਇਕ ਭੈਣ ਆਈ ਦਾਸ ਕੋਲ ਆਪਣੀ ਬੇਟੀ ਨੂੰ ਨਾਲ ਲੈ ਕੇ, ਕਹਿਣ ਲੱਗੀ, ਕਾਰੋਬਾਰ ਬੜਾ ਢਿੱਲਾ ਹੈ, ਕੋਈ ਨੇਮ ਦਿਓ। ਨਾਲ ਹੀ ਕਹਿਣ ਲੱਗੀ, ਮੇਰੀ ਬੇਟੀ ਵੀ ਪੜ੍ਹਾਈ ਵਿਚ ਕਮਜ਼ੋਰ ਹੈ, ਇਸ ਨੂੰ ਵੀ ਕੋਈ ਨੇਮ ਦਿਓ। ਦਾਸ ਨੇ ਜਦੋਂ ਨੇਮ ਦਿੱਤਾ ਤੇ ਉਹ ਪੁੱਛਣ ਲੱਗੀ, ਕਿੰਨੀ ਦੇਰ ਕਰਨਾ ਹੈ ਇਹ ਨੇਮ? ਦਾਸ ਨੇ ਕਿਹਾ 13 ਹਫ਼ਤੇ। ਥੋੜੇ ਦਿਨਾਂ ਬਾਅਦ ਉਹ ਬੀਬੀ ਫਿਰ ਆਈ ਦਾਸ ਕੋਲ, ਕਹਿਣ ਲੱਗੀ, ਕਿਰਪਾ ਹੋਈ ਹੈ। ਕਾਰੋਬਾਰ ਵੀ ਠੀਕ ਹੋ ਗਿਆ ਹੈ, ਬੱਚੀ ਨੂੰ ਵੀ ਇਮਤਿਹਾਨਾਂ 'ਚ ਸਫਲਤਾ ਮਿਲੀ ਹੈ। ਫਿਰ ਕਹਿਣ ਲੱਗੀ, ਮੇਰੀ ਤੇ ਮੇਰੇ ਲੜਕੇ ਦੀ ਸਿਹਤ ਨਹੀਂ ਠੀਕ

ਰਹਿੰਦੀ, ਉਸ ਲਈ ਵੀ ਕੋਈ ਨੇਮ ਦਿਓ। ਸਿਹਤ ਲਈ ਵੀ ਨੇਮ ਦੇ ਦਿੱਤਾ। 3-4 ਮਹੀਨੇ ਬਾਅਦ ਕੁਦਰਤੀ ਉਸੇ ਬੀਬੀ ਨਾਲ ਕਿਸੇ ਸ਼ਾਦੀ 'ਤੇ ਮੇਲ ਹੋ ਗਿਆ। ਕੁਦਰਤੀ ਪੁਛ ਲਿਆ ਕਿ ਹੁਣ ਕਿੰਨਾ ਕੁ ਨੇਮ ਕਰਦੇ ਹੋ ? ਉਹ ਬੀਬੀ ਕਹਿਣ ਲੱਗੀ, ਹੁਣ ਤਾਂ ਮੈਂ ਕੋਈ ਨੇਮ ਨਹੀਂ ਕਰਦੀ। ਸਾਰੇ ਕਾਰਜ ਰਾਸ ਹੋ ਗਏ ਹਨ, ਹੁਣ ਨੇਮ ਦੀ ਕੀ ਲੋੜ ਹੈ ? ਬਰੀਕੀ ਸਮਝਿਓ, ਮੰਗ ਪੂਰੀ, ਨੇਮ ਖ਼ਤਮ। ਆਪਣੇ ਅੰਦਰ ਝਾਤੀ ਪਾਇਓ। ਜੇ ਅਸੀਂ ਵੀ ਏਸ ਅਵਸਥਾ ਵਿਚ ਹਾਂ ਤਾਂ ਸਮਝ ਲੈਣਾ ਸ਼ਰਧਾ ਨਹੀਂ, ਪ੍ਰੇਮ ਵਿਚ ਨਹੀਂ ਆਏ। ਬਾਬਾ ਕੁੰਦਨ ਸਿੰਘ ਜੀ (ਨਾਨਕਸਰ ਵਾਲੇ) ਦੇ ਜੀਵਨ ਤੋਂ ਸੇਧ ਲਈਏ। 40 ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰ ਨਾਜ਼ਰ ਜਾਣ ਕੇ ਸੇਵਾ ਕੀਤੀ, ਇਕ ਵੀ ਨਾਗ਼ਾ ਨਹੀਂ। ਇਹ ਹੈ ਪ੍ਰੇਮ। ਜਿਥੇ ਗੁਰੂ ਕੋਲੋਂ ਧਨ-ਦੌਲਤ, ਪੁੱਤਰ ਤੇ ਹੋਰ ਦੁਨਿਆਵੀ ਦਾਤਾਂ ਮੰਗਦੇ ਹੋ, ਇਹ ਵੀ ਮੰਗਿਆ ਕਰੋ-

*ਮੈ ਨਾਲਹੁ ਕਦੇ ਨਾ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥*

(ਅੰਗ ੧੧੦੨)

ਸਿੱਖ ਦਾ ਗੁਰੂ ਨਾਲ ਐਸਾ ਪਿਆਰ ਹੋਵੇ ਕਿ ਜਿਥੇ ਲੋੜ ਅਨੁਸਾਰ ਦੁਨਿਆਵੀ ਦਾਤਾਂ ਮੰਗੇ, ਉੱਥੇ ਪ੍ਰਮੇਸ਼ਰ ਨੂੰ ਵੀ ਮੰਗੇ। ਭਗਤੀ ਥਾਂਇ ਪੈ ਜਾਵੇਗੀ। ਇਕ ਗੱਲ ਧਿਆਨ ਵਿਚ ਰਖਿਓ। ਕੇਵਲ ਦੁਨਿਆਵੀ ਮੰਗ ਨੂੰ ਲੈ ਕੇ ਕੀਤੀ ਭਗਤੀ ਗੁਰੂ ਨਾਲੋਂ ਨਾਤਾ ਤੋੜ ਸਕਦੀ ਹੈ, ਕਿਉਂਕਿ ਜੇ ਮੰਗ ਪੂਰੀ ਹੋ ਗਈ ਤਾਂ ਵੀ ਨਾਤਾ ਖ਼ਤਮ, ਤੇ ਜੇ ਨਾ ਪੂਰੀ ਹੋਈ ਤਾਂ ਵੀ ਨਾਤਾ ਖ਼ਤਮ ਕਿ ਮੇਰੀ ਮੰਗ ਤੇ ਪੂਰੀ ਹੋਈ ਨਹੀਂ, ਮੈਂ ਕੀ ਕਰਨਾ ਹੈ ਨੇਮ ਕਰਕੇ ਜਾਂ ਬਾਣੀ ਪੜ੍ਹ ਕੇ, ਪਰ ਜੇ ਇਹੋ ਜਿਹੇ ਪਿਆਰ ਦੀ ਅਵਸਥਾ ਵਿਚ ਆਵੋਗੇ ਅਤੇ ਗੁਰੂ ਨੂੰ ਹੀ ਮੰਗ ਲਵੋਗੇ, ਤਾਂ ਫਿਰ ਲੱਗੇ ਰਹੋਗੇ। ਇਸ ਲਈ ਉਸ ਦੇ ਮਿਲਾਪ ਦੀ ਤਾਂਘ ਨਾ ਛਡਿਓ।

ਦਾਸ ਨੂੰ ਕਈ ਮਿਲਦੇ ਹਨ ਐਸੇ ਜਿਹੜੇ ਕਹਿ ਦੇਂਦੇ ਹਨ, ਅਸੀ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਦੇ ਹਾਂ, ਨਿਤਨੇਮ ਵੀ ਕਰਦੇ ਹਾਂ, ਸਾਡਾ ਫਲਾਣਾ ਦੁੱਖ ਤੇ ਗਿਆ ਨਹੀਂ। ਰੱਬ ਨੂੰ ਉਲਾਂਭੇ ਦੇਂਦੇ ਹਨ। ਜਿਹੜੀਆਂ ਰੱਬ ਨੇ ਦਾਤਾਂ ਦਿੱਤੀਆਂ ਹਨ, ਉਨ੍ਹਾਂ ਨੂੰ ਭੁੱਲ ਜਾਂਦੇ ਹਨ। ਕਦੀ ਸੋਚਿਆ ਕਰੋ ਕਿ ਜੋ ਉਸ ਨੇ ਦਾਤਾਂ ਦਿੱਤੀਆਂ ਹਨ ਜੇ ਉਹ ਵੀ ਲੈ ਲਵੇ ਤਾਂ ਕੀ ਕਰ ਲਵੋਗੇ। ਉਸ ਦੀਆਂ ਬਖ਼ਸ਼ਿਸ਼ਾਂ ਗਿਣਿਆ ਕਰੋ। ਚੰਗਾ ਪਤੀ ਮਿਲਿਆ ਹੈ, ਇਹ ਵੀ ਉਸਦੀ ਕਿਰਪਾ ਹੈ, ਚੰਗੀ ਜ਼ਨਾਨੀ, ਨੇਕ ਔਲਾਦ, ਚੰਗਾ ਗੁਆਂਢੀ, ਆਪਣਾ ਮਕਾਨ ਸਭ ਉਸ ਦੀਆਂ ਬਖ਼ਸ਼ਿਸ਼ਾਂ ਹੀ ਤਾਂ ਹਨ। ਉਸ ਦੀਆਂ ਬਖ਼ਸ਼ਿਸ਼ਾਂ ਗਿਨਣ ਲਗੋ ਤਾਂ ਮੁਕਦੀਆਂ ਨਹੀਂ। ਜੇ ਇਕ ਅੱਧੀ ਦਾਤ ਕੋਈ ਨਹੀਂ ਮਿਲੀ, ਕੋਈ ਕਮੀ ਹੈ ਤਾਂ ਓਦੇ ਪਿਛੇ ਗੁਰੂ ਨੂੰ ਨਹੀਂ ਛੱਡੀਦਾ। ਦਾਸ ਦੀ ਇਹ ਗਲ ਲਿਖਣ ਦਾ

ਇਹ ਭਾਵ ਨਹੀਂ ਕਿ ਕੋਈ ਦੁੱਖ ਲਈ ਬੇਨਤੀ ਨਹੀਂ ਕਰਨੀ ਜਾਂ ਦੁੱਖ ਲਈ ਨੇਮ ਨਹੀਂ ਕਰਨਾ। ਬੇਨਤੀ ਕਰਨੀ ਹੈ, ਦੁੱਖ ਚਲਾ ਜਾਵੇ ਪਰ ਜੇ ਨਹੀਂ ਗਿਆ ਮੈਂ ਤਾਂ ਵੀ ਤੇਰਾ ਹਾਂ।

ਇਕ ਦਿਨ ਭਲਾਈ ਕੇਂਦਰ ਬੈਠੇ ਸੀ, ਕੋਈ ਵੀਰ ਆਇਆ ਕਹਿਣ ਲੱਗਾ-ਜਦੋਂ ਦਾ ਅੰਮ੍ਰਿਤ ਛਕਿਆ ਹੈ, ਸਾਡੇ 'ਤੇ ਦੁੱਖ ਆਉਣੇ ਸ਼ੁਰੂ ਹੋ ਗਏ ਹਨ। ਦਾਸ ਨੇ ਕਿਹਾ ਕਿ ਇਹ ਗੱਲ ਜਿੰਨੀ ਵਾਰ ਕਹੀ ਜਾਵੋਗੇ, ਤੁਹਾਡੇ 'ਤੇ ਭਾਰ ਪਈ ਜਾਵੇਗਾ, ਕਿਉਂਕਿ ਇਸ ਤਰ੍ਹਾਂ ਨਾਲ ਤੁਸੀਂ ਗੁਰੂ ਦੀ ਨਿਰਾਦਰੀ ਕਰ ਰਹੇ ਹੋ। ਇਹ ਸਾਡੀ ਅੱਖ ਵੇਖ ਨਹੀਂ ਸਕਦੀ। ਇਹ ਤਾਂ ਗੁਰੂ ਹੀ ਜਾਣਦਾ ਹੈ ਕਿ ਕਿੰਨਾ ਕੁ ਆਉਣਾ ਸੀ ਤੇ ਕਿੰਨਾ ਕੁ ਕੱਟ ਕੇ ਆਇਆ ਹੈ। ਇਹ ਹੈ ਸ਼ਰਧਾ ਦੀ ਪਹਿਲੀ ਨਿਸ਼ਾਨੀ। ਜਿਸ ਅੰਦਰ ਸ਼ਰਧਾ ਹੈ, ਉਹ ਲੈਣ ਦੇਣ ਦੀਆਂ ਗੱਲਾਂ ਤੋਂ ਉਪਰ ਉੱਠ ਜਾਂਦਾ ਹੈ, ਮਾਇਆ ਦੇ ਪ੍ਰਭਾਵ ਤੋਂ ਉਪਰ ਉੱਠ ਜਾਂਦਾ ਹੈ, ਉਸ ਦਾ ਗੁਰੂ ਨਾਲ ਅੰਦਰੋਂ ਪਿਆਰ ਹੁੰਦਾ ਹੈ।

ਅੱਜ ਕੱਲ੍ਹ ਤਾਂ ਮਾਇਆ ਦਾ ਪ੍ਰਭਾਵ ਬਹੁਤ ਜ਼ਿਆਦਾ ਹੈ। ਇਹੋ ਜਿਹਾ ਸਮਾਂ ਆ ਗਿਆ ਹੈ ਕਿ ਜ਼ਿਆਦਾ ਜਗ੍ਹਾ ਉਸ ਦਾ ਨਾਮ ਵੇਚਿਆ ਜਾ ਰਿਹਾ ਹੈ। ਕਥਾ-ਕੀਰਤਨ ਨੂੰ ਮਾਇਆ ਨਾਲ ਤੋਲਿਆ ਜਾ ਰਿਹਾ ਹੈ। ਕਈ ਕਰਦੇ ਤਾਂ ਕਥਾ ਹਨ, ਕਰਦੇ ਤਾਂ ਕੀਰਤਨ ਹਨ, ਕਰਦੇ ਤਾਂ ਗੁਰੂ ਦੀਆਂ ਬਾਣੀਆਂ ਦੀਆਂ ਵਿਚਾਰਾਂ ਹਨ, ਪਰ ਅੰਦਰ ਲਪਟ ਮਾਇਆ ਦੀ ਹੈ। ਕਈਆਂ ਦਾ ਰੋਜ਼ਗਾਰ ਹੁੰਦਾ ਹੈ। ਕੀਰਤਨ ਕਰਨਾ, ਭੇਟਾ ਲੈ ਕੇ ਕੀਰਤਨ ਕਰਦੇ ਹਨ, ਕੋਈ ਮਨਾਹੀ ਨਹੀਂ ਕਰੋ, ਕਿਉਂਕਿ ਧੰਦੇ ਦੀ ਸਿੱਖੀ ਵੀ ਪ੍ਰਵਾਨ ਹੈ। ਬਾਬਾ ਜੀ ਬਚਨ ਕਰਦੇ ਸਨ-ਕੋਈ ਮਾਇਆ ਲੈ ਕੇ ਕੀਰਤਨ ਕਰੇ, ਉਹ ਵੀ ਪ੍ਰਵਾਨ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਹਿਤਨਾਮੇ ਦੀਆਂ ਪੰਗਤੀਆਂ ਯਾਦ ਰਖੇ,

*ਅਧਿਕ ਹੋਵੇ ਤਾਂ ਜਹ ਕਹ ਦੇਵਾਹਿ*

(ਰਹਿਤਨਾਮੇ 'ਚੋਂ)

ਕੀਰਤਨ ਕਰਦਾ ਹੈ, ਮਾਇਆ ਲੈਂਦਾ ਹੈ, ਘਰ ਵਰਤਦਾ ਹੈ, ਜੋ ਖ਼ਰਚਾ ਘਰ ਦਾ ਹੈ ਉਸ ਤੋਂ ਵੱਧ ਆ ਜਾਵੇ ਤਾਂ ਪੁੰਨਦਾਨ ਵਿਚ ਲਗਾ ਦੇਵੇ। ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਮਾਇਆ ਦੇ ਟੋਕਰੇ ਭਰ-ਭਰ ਕੇ ਸਤਿਲੁਜ ਵਿਚ ਰੋੜ੍ਹੀ ਜਾਣ। ਮਾਤਾ ਗੁਜਰੀ ਜੀ ਕਹਿੰਦੇ ਹਨ, ਸਿੰਘਾਂ ਨੂੰ ਇੰਨੀ ਤੰਗੀ ਵਿਚ ਰਖਿਆ ਹੋਇਆ ਹੈ, ਉਨ੍ਹਾਂ ਨੂੰ ਖੁੱਲੀ ਮਾਇਆ ਦਿਓ, ਮਾਇਆ ਨੂੰ ਦਰਿਆ ਵਿਚ ਕਿਉਂ ਰੋੜ੍ਹੀ ਜਾਂਦੇ ਹੋ। ਗੁਰੂ ਸਾਹਿਬ ਮਾਤਾ ਜੀ ਦੀ ਇਹ ਗੱਲ ਸੁਣ ਕੇ ਮਾਤਾ ਜੀ ਨੂੰ ਕਹਿਣ ਲੱਗੇ, ਮਾਤਾ ਜੀ! ਮੈਨੂੰ ਥੋੜਾ ਜਿਹਾ ਸੰਖੀਆ ਲਿਆ ਦਿਓ। ਮਾਤਾ ਜੀ ਕਹਿੰਦੇ ਹਨ, ਸੰਖੀਆ ਕੀ ਕਰਨਾ ਹੈ, ਉਹ ਜ਼ਹਿਰ ਹੁੰਦਾ ਹੈ। ਸਤਿਗੁਰੂ ਕਹਿੰਦੇ ਹਨ, ਮੈਂ ਖਾਣਾ ਹੈ। ਮਾਤਾ ਜੀ ਕਹਿਣ ਲੱਗੇ ਕਿ ਮੈਂ ਤੁਹਾਨੂੰ ਸੰਖੀਆ ਖਾਣ ਵਾਸਤੇ ਕਿਵੇਂ ਦੇ ਸਕਦੀ ਹਾਂ। ਤੁਸੀਂ ਮੇਰੇ ਪੁੱਤਰ ਹੋ। ਸਤਿਗੁਰੂ ਕਹਿੰਦੇ

ਹਨ, ਜੇ ਤੁਸੀਂ ਮੈਨੂੰ ਆਪਣੇ ਹੱਥੀਂ ਸੰਖੀਆ ਨਹੀਂ ਦੇ ਸਕਦੇ ਤੇ ਮੈਂ ਆਪਣੇ ਸਿੰਘਾਂ ਨੂੰ ਕਿਵੇਂ ਸੰਖੀਆ ਦੇ ਦਿਆਂ। ਮਾਤਾ ਜੀ ਕਹਿੰਦੇ ਹਨ, ਮੈਂ ਉਨ੍ਹਾਂ ਨੂੰ ਸੰਖੀਆ ਥੋੜੀ, ਮਾਇਆ ਦੇਣ ਵਾਸਤੇ ਕਹਿ ਰਹੀ ਹਾਂ। ਸਤਿਗੁਰੂ ਕਹਿੰਦੇ, ਗੁਰੂ ਘਰ ਦੀ ਮਾਇਆ ਵੀ ਲਿਮਟ ਤੱਕ ਅੰਮ੍ਰਿਤ ਹੈ, ਲਿਮਟ ਤੋਂ ਬਾਹਰ ਵਿਸ਼ ਹੈ, ਜ਼ਹਿਰ ਹੈ। ਇਨ੍ਹਾਂ ਨੂੰ ਉਤਨੀ ਕੁ ਦੇਣੀ ਹੈ ਜਿਤਨੀ ਕੁ ਲੋੜ ਹੈ, ਨਹੀਂ ਤੇ ਇਨ੍ਹਾਂ ਦੀ ਮਤ 'ਤੇ ਪੜਦਾ ਪੈ ਜਾਵੇਗਾ। ਧਨ ਨੂੰ ਭਲੇ ਦੇ ਕਾਰਜਾਂ ਵਿਚ ਹੀ ਵਰਤਣਾ ਜਾਇਜ਼ ਹੈ। ਜੇ ਛੇਵੇਂ ਪਾਤਿਸ਼ਾਹ ਦਾ ਇਤਿਹਾਸ ਪੜ੍ਹੀਏ, ਉਨ੍ਹਾਂ ਦਾ ਇਕ ਸਿੱਖ ਹੋਇਆ ਹੈ ਭਾਈ ਗੜ੍ਹੀਆ ਜੀ, ਜਿਸ ਨੂੰ ਪ੍ਰਚਾਰ ਕਰਨ ਲਈ ਸਤਿਗੁਰੂ ਜੀ ਨੇ ਕਸ਼ਮੀਰ ਭੇਜਿਆ ਸੀ। ਉਸ ਕੋਲ ਜਿੰਨੀ ਵੀ ਉਥੇ ਮਾਇਆ ਇਕੱਠੀ ਹੁੰਦੀ ਸੀ, ਉਸ ਨਾਲ ਕਿਸੇ ਗ਼ਰੀਬ ਦੀ ਲੋੜ ਅਨੁਸਾਰ ਮਦਦ ਕਰ ਦੇਂਦਾ ਸੀ। ਭੁੱਖੇ ਨੂੰ ਅੰਨ, ਨੰਗੇ ਨੂੰ ਕਪੜਾ, ਗ਼ਰੀਬ ਦੀ ਸ਼ਾਦੀ ਲਈ। ਸਿੱਖਾਂ ਸ਼ਿਕਾਇਤ ਕੀਤੀ ਕਿ ਕਸ਼ਮੀਰ ਤੋਂ ਭਾਈ ਗੜ੍ਹੀਆ ਕਾਰ ਭੇਟਾ ਨਹੀਂ ਲੈ ਕੇ ਆਇਆ, ਖ਼ਾਲੀ ਆਇਆ ਹੈ। ਛੇਵੇਂ ਪਾਤਿਸ਼ਾਹ ਜੀ ਕਹਿਣ ਲੱਗੇ, ਇਹ ਬਾਅਦ ਵਿਚ ਆਇਆ ਹੈ। ਇਸਦੀ ਮਾਇਆ ਸਾਨੂੰ ਪਹਿਲੇ ਹੀ ਪਹੁੰਚ ਗਈ ਹੈ। ਵੇਖ ਲਉ ਲੋੜਵੰਦਾਂ ਵਿਚ ਲਾਉਣ ਨਾਲ ਮਾਇਆ ਗੁਰੂ ਕੋਲ ਪਹੁੰਚ ਜਾਂਦੀ ਹੈ ਤੇ ਸਤਿਗੁਰੂ ਦੀ ਖ਼ੁਸ਼ੀ ਹੈ, ਭਲੇ ਦੇ ਕਾਰਜਾਂ 'ਚ ਲਗਣ 'ਤੇ ਇਹ ਦਾਸ ਨੇ ਥੋੜੀ ਜਿਹੀ ਵਿਚਾਰ ਲਿਖੀ ਹੈ ਤਾਂ ਕਿ ਗੁਰੂ ਸਾਹਿਬਾਂ ਦੇ, ਮਹਾਂਪੁਰਸ਼ਾਂ ਦੇ ਇਤਿਹਾਸ ਨੂੰ ਪੜ੍ਹ ਕੇ , ਸਾਡੇ ਦਿਮਾਗ਼ ਵਿਚ ਇਹ ਗੱਲ ਚੰਗੀ ਤਰ੍ਹਾਂ ਕਲੀਅਰ ਹੋ ਜਾਵੇ।

SIKHBOOKCLUB.COM

ਸਮਾਂ ਘੋਰ ਕਲਜੁਗ ਦਾ ਹੈ, ਮਾਇਆ ਦਾ ਪ੍ਰਭਾਵ ਬਹੁਤ ਜ਼ਿਆਦਾ ਹੈ। ਕੁਝ ਕੁ ਸਮਾਂ ਪਹਿਲੇ ਦੀ ਗੱਲ ਹੈ, ਕਿਧਰੇ ਕੋਈ ਮੀਟਿੰਗ ਸੀ, ਉਨ੍ਹਾਂ ਨੇ ਦਾਸ ਨੂੰ ਵੀ ਮੀਟਿੰਗ ਵਿਚ ਬਿਠਾ ਲਿਆ। ਉਹ ਹਰ ਸਾਲ ਕੀਰਤਨ ਦਰਬਾਰ ਕਰਵਾਉਂਦੇ ਸੀ। ਉਹ ਦਾਸ ਨੂੰ ਕਹਿਣ ਲੱਗੇ, ਸਾਡੀ ਸੁਸਾਇਟੀ ਦੇ ਮੈਂਬਰਾਂ ਦਾ ਮਨ ਬਹੁਤ ਖ਼ਰਾਬ ਹੈ। ਦਾਸ ਨੇ ਕਿਹਾ ਉਹ ਕਿਉਂ ? ਕਹਿਣ ਲੱਗੇ, ਕਿਉਂਕਿ ਇਸ ਵਾਰੀ ਕੀਰਤਨ ਦਰਬਾਰ ਵਿਚ ਬਚਿਆ ਕੁਝ ਨਹੀਂ। ਪਹਿਲੇ ਹਮੇਸ਼ਾ ਪੰਜਾਹ, ਸੱਠ ਹਜ਼ਾਰ ਬੱਚ ਜਾਂਦਾ ਸੀ, ਇਸ ਵਾਰੀ ਕੁਝ ਨਹੀਂ ਬਚਿਆ। ਸਾਰੇ ਹੁਣ ਦੇਖ ਲਉ ਕਰਵਾ ਕੀਰਤਨ ਦਰਬਾਰ ਰਹੇ ਹਨ ਪਰ ਮਨ ਕਿਥੇ ਖੜਾ ਹੈ, ਮਾਇਆ ਦੇ ਪ੍ਰਭਾਵ 'ਤੇ। ਬਚਿਆ ਕੁਝ ਨਹੀਂ ਹੈ, ਮਨ ਖ਼ਰਾਬ ਹੈ, ਇਹ ਸ਼ਰਧਾ ਨਹੀਂ ਹੈ। ਦਾਸ ਨਾਲ ਵੀ ਕਈ ਵਾਰੀ ਐਸਾ ਵਾਪਰਦਾ ਹੈ। ਜੋ ਮਾਇਆ ਆਵੇ ਕੀਰਤਨ ਦੀ, ਉਹ ਜਾਣੀ ਤੇ ਸਭ ਕੁਝ ਭਲਾਈ ਕੇਂਦਰ ਹੀ ਹੁੰਦੀ ਹੈ, ਗੁਰੂ ਸਾਹਿਬ ਦੀ ਕਿਰਪਾ ਨਾਲ ਕਈ ਸੇਵਾਵਾਂ ਚਲ ਰਹੀਆਂ ਹਨ। ਮਨ ਵਿਚ ਆ ਜਾਂਦਾ ਹੈ ਕਿ ਫਲਾਣੇ ਸ਼ਹਿਰ ਕੀਰਤਨ ਕਰਨ ਜਾਣਾ ਹੈ, ਚਲੋ ਆ ਕੇ ਸਿਮੇਂਟ ਸਰੀਆ ਆ ਜਾਏਗਾ ਜਾਂ ਕੋਈ ਕਰਜ਼ਾ ਲੱਥ ਜਾਵੇਗਾ। ਅਸੀਂ ਕਿਸੇ ਸ਼ਹਿਰ ਵਿਚ ਗਏ ਤਿੰਨ ਦਿਨ ਲਈ

ਕੀਰਤਨ ਕਰਨ। ਉਹਨਾਂ ਨੇ ਕੋਈ ਭੇਟਾ ਨਾ ਧਰੀ। ਜਦੋਂ ਵਾਪਿਸ ਆ ਰਹੇ ਸੀ ਤਾਂ ਰਸਤੇ ਵਿਚ ਸੋਚਿਆ ਕਿ ਇਥੇ ਤਾਂ ਇਹੋ ਜਿਹਾ ਹਿਸਾਬ ਕਿਤਾਬ ਹੋ ਗਿਆ ਹੈ ਕਿ ਕਿਰਾਇਆ ਵੀ ਪੱਲਿਓਂ ਪੈ ਗਿਆ ਹੈ। ਧਿਆਨ ਦੇਣਾ, ਜੋ ਗੱਲ ਦਾਸ ਦਸਣੀ ਚਾਹੁੰਦਾ ਹੈ-ਤਿੰਨ ਦਿਨ ਕੀਰਤਨ ਕਰ ਕੇ ਆਏ ਵਾਪਿਸ ਤੇ ਟਰੇਨ ਵਿਚ ਸਾਡਾ ਖ਼ਿਆਲ ਮਾਇਆ ਵਲ ਚਲਾ ਗਿਆ। ਰਾਤ 11-12 ਵਜੇ ਘਰ ਪਹੁੰਚੇ। ਸਵੇਰੇ ਜਦੋਂ ਗੁਰੂ ਸਾਹਿਬ ਦਾ ਪ੍ਰਕਾਸ਼ ਘਰ ਕੀਤਾ ਤਾਂ ਹੁਕਮਨਾਮਾ ਆ ਗਿਆ

*"ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ॥*
*ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ॥*

(ਅੰਗ ੭੦੯)

ਜਦੋਂ ਇਹ ਹੁਕਮਨਾਮਾ ਆਇਆ ਤਾਂ ਦਾਸ ਨੂੰ ਬਾਣੀ ਦੀ ਪੰਗਤੀ ਦੁਆਰਾ ਮੂੰਹ 'ਤੇ ਚਪੇੜ ਪਈ ਕਿ ਗੁਰੂ ਸਾਹਿਬ ਕਹਿੰਦੇ ਹਨ ਕਿ ਤੂੰ ਕੀਰਤਨ ਵਲ ਧਿਆਨ ਰੱਖ, ਮਾਇਆ ਨਾਲ ਨਾ ਲਿਬੜ, ਇਹ ਥੱਲੇ ਦੀ ਖੇਡ ਹੈ।

ਕਦੀ ਝਾਤੀ ਪਾਓ ਇਤਿਹਾਸ ਵਿਚ। ਮਰਦਾਨੇ ਨੇ ਕਿੰਨਾ ਕੀਰਤਨ ਕੀਤਾ ਪਰ ਕਦੀ ਕਿਧਰੇ ਇਹ ਨਹੀਂ ਪੜ੍ਹਿਆ-ਸੁਣਿਆ ਹੋਵੇਗਾ ਕਿ ਮਰਦਾਨੇ ਨੂੰ ਗੁਰੂ ਨਾਨਕ ਸਾਹਿਬ ਨੇ ਕਦੀ ਕਿਹਾ ਹੋਵੇ ਕਿ ਤੂੰ ਇੰਨੀ ਜਗ੍ਹਾ ਕੀਰਤਨ ਕੀਤਾ ਹੈ, ਇੰਨੀ ਮਾਇਆ ਲੈ ਲੈ। ਸੱਤੇ-ਬਲਵੰਡ ਜੀ ਨੇ ਵੀ ਇਕ ਵਾਰੀ ਲਾਲਚ ਕੀਤਾ (ਭੈਣ ਦੇ ਵਿਆਹ 'ਤੇ ਚੜ੍ਹਤ ਮੰਗ ਲਈ) ਤੇ ਕਿੰਨਾ ਵੱਡਾ ਪਰਚਾ ਭੁਗਤਣਾ ਪਿਆ। ਇਹ ਵੀ ਸੁਨਣਾ ਪੈ ਗਿਆ ਕਿ ਇਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ। ਫਿਰ ਜਦੋਂ ਅੱਖ ਖੁੱਲ੍ਹੀ, ਮਾਇਆ ਦੇ ਪ੍ਰਭਾਵ ਤੋਂ ਉਪਰ ਉਠੇ ਤੇ ਆਪ ਕਿਹਾ, ਅਸੀਂ ਵੇਖ ਲਿਆ ਹੈ ਕਿ ਮਾਇਆ ਵੱਡੀ ਨਹੀਂ, ਗੁਰੂ ਦੀ ਕਿਰਪਾ, ਗੁਰੂ ਦੀ ਮਿਹਰ ਵੱਡੀ ਹੈ। ਫਿਰ ਉਹੀ ਸੱਤੇ-ਬਲਵੰਡ ਦੀ ਬਾਣੀ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਗ੍ਹਾ ਮਿਲ ਗਈ। ਰਹਿੰਦੀ ਦੁਨੀਆਂ ਤਕ, ਜਦੋਂ ਤਕ ਦੁਨੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰੇਗੀ, ਉਨ੍ਹਾਂ ਨੂੰ ਵੀ ਨਾਲ ਨਮਸਕਾਰ ਹੋਵੇਗੀ। ਇਹ ਹੈ ਵੀ ਪੱਕੀ ਗੱਲ, ਮਾਇਆ ਵੱਡੀ ਨਹੀਂ, ਉਸ ਦੀ ਮਿਹਰ ਵੱਡੀ ਹੈ, ਉਸ ਦੀ ਕਿਰਪਾ, ਉਸ ਦੀ ਬਖ਼ਸ਼ਿਸ਼ ਵੱਡੀ ਹੈ। ਮਾਇਆ ਇਕ ਦਿਨ ਮੁੱਕ ਸਕਦੀ ਹੈ ਪਰ ਜਿਥੇ ਮਿਹਰ ਹੈ, ਉਥੇ ਕਦੇ ਕਮੀ ਨਹੀ ਆਉਂਦੀ। ਸੂਰਜ ਵਲ ਮੁਖ ਕਰ ਲਈਏ, ਪਰਛਾਵਾਂ ਮਗਰ ਆ ਜਾਂਦਾ ਹੈ। ਗੁਰੂ ਵਲ ਮੁਖ ਕਰ ਲਈਏ, ਦੁਨੀਆਂ ਦੇ ਪਦਾਰਥ ਮਗਰ ਚਲੇ ਆਉਂਦੇ ਹਨ। ਜਿਸ ਦੀ ਗੁਰੂ 'ਤੇ ਸ਼ਰਧਾ ਹੈ, ਉਹ ਗੁਰੂ ਨਾਲ ਪਿਆਰ ਦੀ ਅਵਸਥਾ ਵਿਚ ਆ ਕੇ ਕੀਰਤਨ ਕਰਦਾ ਹੈ। ਉਹ ਹਰ ਪੱਖ ਤੋਂ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਜਾਂਦਾ ਹੈ ਅਤੇ ਗੁਰੂ ਦੀ ਖ਼ੁਸ਼ੀ ਲੈਣ ਲਈ ਕੀਰਤਨ ਕਰਦਾ

SIKHBOOKCLUB.COM

ਹੈ। ਇਕ ਗੱਲ ਨਾਲ ਯਾਦ ਰਖਿਓ, ਐਹੋ ਜਿਹੇ ਬੰਦੇ ਦੇ ਘਰ ਵਿਚ ਕੰਧਾਂ ਟੱਪ ਕੇ ਪਦਾਰਥ ਡਿਗਦੇ ਹਨ। ਇਕ ਟਾਈਮ ਐਸਾ ਆ ਜਾਂਦਾ ਹੈ, ਲੋਕੀਂ ਕਹਿੰਦੇ ਹਨ ਕਿ ਸਾਡੇ ਪਦਾਰਥਾਂ ਦੀ ਇਸ ਕੋਲ ਕਿਸੇ ਤਰੀਕੇ ਹਾਜ਼ਰੀ ਲਗ ਜਾਵੇ। ਇਹ ਮਾਇਆ ਦੇ ਪ੍ਰਭਾਵ ਤੋਂ ਉਤੇ ਉਠ ਗਿਆ ਹੈ।

ਦਾਸ ਦੇ ਪਿਤਾ ਜੀ ਪਿਛੋਂ ਮਰਦਾਨ (ਪਾਕਿਸਤਾਨ) ਇਲਾਕੇ ਦੇ ਹਨ। ਉਨ੍ਹਾਂ ਨੇ ਇਕ ਦਿਨ ਇਕ ਬਚਨ ਸੁਣਾਇਆ। ਕਹਿੰਦੇ ਸਨ ਕਿ ਸਾਡੇ ਮਰਦਾਨ ਵਿਚ ਇਕ ਕੀਰਤਨੀਏ ਸਨ, ਉਨ੍ਹਾਂ ਦਾ ਬੜਾ ਸਤਿਕਾਰ ਸੀ ਤੇ ਬਹੁਤ ਸਾਰੀਆਂ ਸੰਗਤਾਂ ਉਨ੍ਹਾਂ ਦੇ ਜੀਵਨ ਤੋਂ ਚਲਣ ਦੀ ਸੇਧ ਲੈਂਦੀਆਂ ਸਨ। ਪਿਤਾ ਜੀ ਦਸਦੇ ਸਨ ਕਿ ਉਨਾਂ ਨੇ ਜਿਥੇ ਕੀਰਤਨ ਦੀ ਹਾਜ਼ਰੀ ਲਗਾਉਣੀ, ਬਾਅਦ ਵਿਚ ਇਕ ਪਾਠ ਸੁਖਮਨੀ ਸਾਹਿਬ ਦਾ ਕਰਨਾ ਫਿਰ ਕੋਈ ਹੋਰ ਕੰਮ ਕਰਨਾ। ਆਪੇ ਫ਼ਰਕ ਵੇਖ ਲਵੋ। ਕਿਧਰੇ ਤੇ ਕੀਰਤਨ ਤੋਂ ਬਾਅਦ ਸ਼ੁਕਰਾਨੇ ਲਈ ਸੁਖਮਨੀ ਸਾਹਿਬ ਦਾ ਪਾਠ ਕੀਤਾ ਜਾ ਰਿਹਾ ਹੈ ਕਿ ਸਤਿਗੁਰੂ ਸ਼ੁਕਰ ਹੈ ਤੁਸਾਂ ਕੀਰਤਨ ਦੀ ਸੇਵਾ ਲਈ ਹੈ ਤੇ ਕਿਧਰੇ ਕੀਰਤਨ ਨੂੰ ਮਾਇਆ ਨਾਲ ਤੋਲਿਆ ਜਾ ਰਿਹਾ ਹੈ। ਮਾਇਆ ਦੇ ਪ੍ਰਭਾਵ ਤੋਂ ਉੱਤੇ ਉਠਣਾ ਇੰਨੀ ਵੱਡੀ ਦਾਤ ਹੈ-

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*

SIKHBOOKCLUB.COM

(ਅੰਗ ੨੮੬)

ਇਥੇ ਇਕ ਬਾਰੀਕੀ ਦਾ ਧਿਆਨ ਰੱਖਣਾ। ਜੇ ਕੋਈ ਕਿਸੇ ਦੇ ਘਰ ਅਖੰਡ ਪਾਠ ਦੀ ਨਿਸ਼ਕਾਮ ਰੋਲ ਦੇਣ ਜਾਵੇ ਤੇ ਅੰਦਰ ਇਹ ਹੋਵੇ ਕਿ ਮੈਂ ਘਰ ਵਾਲਿਆਂ 'ਤੇ ਅਹਿਸਾਨ ਕਰ ਰਿਹਾ ਹਾਂ ਤਾਂ ਵੀ ਅਜੇ ਮੰਜ਼ਿਲ ਦੂਰ ਹੈ। ਅੰਦਰੋਂ ਸ਼ੁਕਰਾਨਾ ਨਿਕਲੇ ਰੋਲ ਦੇ ਕੇ ਕਿ ਸਤਿਗੁਰੂ ਸ਼ੁਕਰ ਹੈ, ਸ਼ੁਕਰ ਹੈ ਜੋ ਮੇਰਾ ਕੁਝ ਸਮਾਂ ਆਪ ਨੇ ਆਪਣੇ ਚਰਨਾਂ ਵਿਚ ਬਿਤਾਇਆ ਹੈ, ਬਾਹਰ ਅੱਗ ਲਗੀ ਪਈ ਹੈ। ਘਰ ਦਿਆਂ 'ਤੇ ਅਹਿਸਾਨ ਚੜ੍ਹਾ ਕੇ ਨਹੀਂ, ਸ਼ੁਕਰਾਨੇ ਵਿਚ ਜਾਈਏ।

ਬਾਬਾ ਨੰਦ ਸਿੰਘ ਜੀ ਕਹਿੰਦੇ ਸਨ ਕਿ ਪਾਠੀ ਸਿੰਘ ਸ਼ਰਧਾ ਨਾਲ ਪਾਠ ਕਰਨ ਵਾਲੇ ਹੋਣ ਤੇ ਘਰ ਦੇ ਸ਼ਰਧਾ ਨਾਲ ਪਾਠ ਕਰਵਾਉਣ ਵਾਲੇ ਹੋਣ ਤਾਂ 12-12 ਕੋਹ ਤਕ ਜਮਦੂਤ ਨੇੜੇ ਨਹੀਂ ਆ ਸਕਦੇ। ਪਾਠ ਕਰਵਾਉਣ ਵਾਲੇ ਪਾਠੀਆਂ ਦੀ ਸ਼ਰਧਾ ਨਾਲ ਹੱਥੀਂ ਸੇਵਾ ਕਰਨ, ਗੁਰੂ ਸਾਹਿਬ ਨੂੰ ਆਪ ਘੰਟਾ-ਘੰਟਾ ਚੌਰ ਸਾਹਿਬ ਕਰਨ, ਕੋਲ ਬੈਠ ਕੇ ਬਾਣੀ ਸ੍ਰਵਨ ਕਰਨ, ਜਿਤਨੇ ਦਿਨ ਅਖੰਡ ਪਾਠ ਚਲ ਰਿਹਾ ਹੋਵੇ, ਜ਼ਮੀਨ 'ਤੇ ਅਰਾਮ ਕਰਨ, ਇਹੋ ਜਿਹਾ ਪ੍ਰੇਮ ਤੇ ਸ਼ਰਧਾ ਵੇਖ ਕੇ ਗੁਰੂ ਰੀਝ ਜਾਵੇਗਾ, ਉਸ ਨੂੰ ਫ਼ਿਕਰ ਲਗ ਜਾਂਦੀ ਹੈ ਕਿ ਇਸ ਦੀ ਝੋਲੀ ਕਿਵੇਂ ਭਰਨੀ ਹੈ, ਇਸ ਦੇ ਦੁੱਖ ਕਿਵੇਂ ਕੱਟਣੇ ਹਨ,

ਇਸ ਦੇ ਮਾੜੇ ਕਰਮ ਕਿਵੇਂ ਮਿਟਾਣੇ ਹਨ। ਇਸ ਦੇ ਉਲਟ ਜੇ ਕੋਈ ਕੇਵਲ ਮਾਇਆ ਨਾਲ ਅਖੰਡ ਪਾਠ ਨੂੰ ਤੋਲ ਰਿਹਾ ਹੈ, ਅੰਦਰ ਕੋਈ ਸ਼ਰਧਾ ਨਹੀਂ, ਇਕ ਕਮਰੇ 'ਚ ਪਾਠ ਚਲ ਰਿਹਾ ਹੋਵੇ ਤੇ ਦੂਸਰੇ ਵਿਚ ਟੀ.ਵੀ., ਕੋਈ ਹੱਥੀਂ ਸੇਵਾ ਨਹੀਂ, ਉਹ ਗੁਰੂ ਦੀ ਪ੍ਰਸੰਨਤਾ ਤੋਂ ਵਾਂਝਾ ਰਹਿ ਜਾਂਦਾ ਹੈ।

ਇਸ ਦੇ ਉਲਟ ਦੂਸਰੇ ਸ਼ਰਧਾ ਵਾਲਿਆਂ ਦਾ ਵੀ ਜ਼ਿਕਰ ਕਰ ਲਈਏ ਤਾਂ ਕਿ ਗੱਲ ਸਾਫ਼ ਹੋ ਜਾਵੇ ਤੇ ਸਾਨੂੰ ਆਪਣੇ ਲਈ ਸੇਧ ਮਿਲ ਜਾਵੇ। ਇਕ ਵਾਰ ਸਤਿਗੁਰੂ ਨੇ ਡੇਹਰਾਦੂਨ ਸੇਵਾ ਲਈ ਕੀਰਤਨ ਦੀ। ਦੇਹਰਾਦੂਨ ਦੀ ਧਰਤੀ 'ਤੇ ਮਹਾਂਪੁਰਸ਼ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦੇ ਵੀ ਚਰਨ ਪਏ ਹਨ। ਉੱਥੇ ਇਕ ਵੱਡਾ ਗੁਰਦੁਆਰਾ ਹੈ 'ਗੁਰਦੁਆਰਾ ਸਿੰਘ ਸਭਾ'। ਉਥੋਂ ਦੇ ਇਕ ਪ੍ਰਬੰਧਕ ਨੇ ਸਾਨੂੰ ਬਾਬਾ ਜੀ ਦੇ ਸਮੇਂ ਦਾ ਜ਼ਿਕਰ ਸੁਣਾਇਆ। ਕਹਿਣ ਲੱਗਾ, ਇਕ ਵਾਰੀ ਬਾਬਾ ਜੀ 15-20 ਦਿਨ ਲਈ ਡੇਹਰਾਦੂਨ ਆਏ। ਦੀਵਾਨ ਚਲ ਰਹੇ ਸਨ। ਉਸ ਨੇ ਦੱਸਿਆ ਕਿ ਅਸੀਂ 5-6 ਸਰੀਰਾਂ ਨੇ ਵੀ ਜਾ ਕੇ ਬਾਬਾ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਬਾਬਾ ਜੀ, ਕਿਰਪਾ ਕਰੋ, 2-3 ਦਿਨ ਸਾਡੇ ਗੁਰਦੁਆਰੇ ਵਿਚ ਵੀ ਦੀਵਾਨ ਲਗਾਓ। ਉਧਰ ਵੀ ਸੰਗਤਾਂ ਨੂੰ ਨਿਹਾਲ ਕਰੋ। ਹੁਣ ਧਿਆਨ ਦੇਣਾ ਸ਼ਰਧਾ ਵਾਲੇ ਦੀ ਨਿਸ਼ਾਨੀ, ਬਾਬਾ ਈਸ਼ਰ ਸਿੰਘ ਜੀ ਕਹਿੰਦੇ ਹਨ ਕਿ ਤਿੰਨ ਦਿਨ ਪੱਕੇ ਪਰ ਸਾਡੀ ਭੇਟਾ ਹੈ। ਉਹ ਸਾਰੇ ਪ੍ਰਬੰਧਕ ਕਹਿੰਦੇ ਹਨ, ਕੀ ਭੇਟਾ ਹੈ ਦੱਸੋ ? ਬਾਬਾ ਜੀ ਕਹਿੰਦੇ ਹਨ ਕਿ ਤੁਹਾਡੇ ਗੁਰਦੁਆਰੇ ਵਿਚ ਤਿੰਨ ਦਿਨ ਤਾਂ ਦੀਵਾਨ ਲਗਾਵਾਂਗੇ ਜੇ ਤੁਸੀਂ ਆਪਣੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਲਈ ਸੁੰਦਰ ਪਲੰਘ ਤਿਆਰ ਕਰਵਾਉਗੇ, ਕਿਉਂਕਿ ਸਾਨੂੰ ਪਤਾ ਚਲਿਆ ਹੈ ਕਿ ਤੁਹਾਡੇ ਗੁਰਦੁਆਰੇ ਵਿਚ ਗੁਰੂ ਸਾਹਿਬ ਨੂੰ ਅਲਮਾਰੀ ਵਿਚ ਬਿਰਾਜਮਾਨ ਕੀਤਾ ਜਾਂਦਾ ਹੈ। ਸਾਰੇ ਪ੍ਰਬੰਧਕ ਇਕ ਦੂਸਰੇ ਦਾ ਹੈਰਾਨੀ ਨਾਲ ਮੂੰਹ ਵੇਖਣ ਲਗ ਪਏ ਕਿ ਅਸੀਂ ਤੇ ਸੋਚਿਆ ਸੀ ਕਿ ਪਤਾ ਨਹੀਂ ਕਿੰਨੀ ਕੁ ਮਾਇਆ ਦੀ ਭੇਟਾ ਮੰਗਣਗੇ। ਵੇਖੋ ! ਜਿਸ ਨੂੰ ਗੁਰੂ 'ਤੇ ਸ਼ਰਧਾ ਹੋਵੇ ਉਹ ਭੇਟਾ ਵੀ ਮੰਗਦਾ ਹੈ ਤੇ ਐਸੀ ਜਿਸ ਨਾਲ ਗੁਰੂ ਦੇ ਸਤਿਕਾਰ ਵਿਚ ਵਾਧਾ ਹੋਵੇ। ਪ੍ਰਬੰਧਕਾਂ ਨੇ ਦਸਿਆ ਕਿ ਫਿਰ ਅਸੀਂ ਬਾਬਾ ਜੀ ਦੇ ਕਹਿਣ 'ਤੇ ਗੁਰੂ ਸਾਹਿਬ ਦੇ ਬਿਰਾਜਮਾਨ ਲਈ ਸੁੰਦਰ ਪਲੰਘ ਤਿਆਰ ਕਰਵਾਇਆ। ਕਹਿਣ ਲੱਗੇ ਸਾਡੇ ਗੁਰਦੁਆਰੇ ਵਿਚ ਪਲੰਘ ਬਣਿਆ ਵੇਖ ਕੇ ਹੋਰ ਵੀ ਕਈ ਗੁਰਦੁਆਰਿਆਂ ਵਿਚ ਇਹ ਰੀਤ ਚਲ ਪਈ। ਇਸ਼ਾਰਾ ਲੈਣਾ, ਜਿਥੇ ਨਹੀਂ ਸ਼ਰਧਾ, ਉਹ ਰੇਟ ਕਰਦੇ ਨੇ, ਆਵਾਂਗੇ ਤੇ ਕਿੰਨੀ ਮਾਇਆ ਦੇਵੋਗੇ ਪਰ ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ, ਉਹ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਜਾਂਦਾ ਹੈ।

ਦੁਨੀਆਂ ਵਿਚ ਆਮ ਉਨ੍ਹਾਂ ਲੋਕਾਂ ਦੀ ਗਿਣਤੀ ਜ਼ਿਆਦਾ ਹੈ ਜੋ ਧਨ-ਮਾਲ, ਸ਼ਾਨ ਸ਼ੌਕਤ, ਦੁਨਿਆਵੀ ਝਮੇਲਿਆਂ ਲਈ ਲਾਲਚ ਕਰੀ ਬੈਠੇ ਹਨ। ਸਤਿਪੁਰਸ਼ਾਂ, ਗੁਰੂ

ਦੇ ਪਿਆਰਿਆਂ, ਸ਼ਰਧਾ ਵਾਲਿਆਂ ਅੰਦਰ ਵੀ ਇਕ ਲਾਲਚ ਹੁੰਦਾ ਹੈ। ਉਹ ਕੀ? ਜਿਹੜਾ ਕੋਈ ਮੁਖ ਧਾਰਾ ਤੋਂ ਟੁੱਟਿਆ ਹੈ, ਉਸ ਨੂੰ ਕਿਵੇਂ ਇਸ ਨਾਲ ਜੋੜਿਆ ਜਾਵੇ ਤੇ ਉਹ ਹਰ ਹੀਲੇ-ਵਸੀਲੇ ਨਾਲ ਜੋੜ ਹੀ ਦੇਂਦੇ ਹਨ। ਬਾਬਾ ਈਸ਼ਰ ਸਿੰਘ ਜੀ 'ਨਾਨਕਸਰ' ਵਾਲੇ, ਜਿਨ੍ਹਾਂ ਨੇ ਸਾਰੀ ਉਮਰ ਗੁਰੂ ਘਰ ਦੀ ਸੇਵਾ ਤੇ ਗੁਰਮਤਿ ਪ੍ਰਚਾਰ ਵਿਚ ਲਗਾ ਦਿੱਤੀ, ਘਰ-ਘਰ, ਪਿੰਡ-ਪਿੰਡ ਦੂਰ-ਦੁਰਾਡੇ ਜਾ ਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ ਤੇ ਸਿੰਘ ਸਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਬੇੜੇ ਵਿਚ ਬਿਠਾਇਆ। ਆਪ ਜੀ ਨੇ ਦੂਰ-ਦੂਰਾਡੇ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਥੋੜੇ ਜਿਹੇ ਸਮੇਂ ਵਿਚ ਅਨੋਖਾ ਕੰਮ ਸਾਢੇ ਸੱਤ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਲੜ ਲਾਇਆ। ਆਪ ਜੀ ਸਭ ਨੂੰ ਇਹੀ ਉਪਦੇਸ਼ ਦੇਂਦੇ ਸਨ ਕਿ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੋ, ਨਿਤਨੇਮ ਕਰੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਮੰਨੋ ਤੇ ਜਿਤਨਾ ਵੱਧ ਤੋਂ ਵੱਧ ਹੋ ਸਕੇ ਸਤਿਗੁਰੂ ਦਾ ਅਦਬ ਤੇ ਸਤਿਕਾਰ ਕਰੋ। ਉਨ੍ਹਾਂ ਨੇ ਲੋਕਾਂ ਨੂੰ ਗੁਰੂ ਸਾਹਿਬ ਨੂੰ ਪੇਟੀਆਂ ਤੇ ਅਲਮਾਰੀਆਂ ਵਿਚ ਬੰਦ ਕਰਨ ਤੋਂ ਰੋਕਿਆ ਤੇ ਗੁਰੂ ਸਾਹਿਬ ਦੇ ਸਰੂਪ ਸੁਖ ਆਸਣ ਪਲੰਘ ਉਪਰ ਬਿਰਾਜਮਾਨ ਕਰਵਾਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ-ਨਾਜ਼ਰ ਸਮਝ ਕੇ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਲੱਖਾਂ ਪ੍ਰਾਣੀਆਂ ਨੂੰ ਜੀਵਨ ਦੀ ਸੇਧ, ਸਿਮਰਨ ਦੀ ਦਾਤ ਦਿੱਤੀ ਤੇ ਗੁਰੂ ਨਾਲ ਜੋੜਿਆ। ਆਪਣੇ ਅੰਤਲੇ ਸੁਆਸਾਂ ਤਕ ਇਸ ਤਪਦੀ ਲੁਕਾਈ ਨੂੰ ਅੰਮ੍ਰਿਤ ਬਚਨਾਂ ਨਾਲ ਠਾਰਦੇ ਰਹੇ ਤੇ ਸੀਤਲਤਾ ਵਰਤਾਂਦੇ ਰਹੇ। ਦੀਨ-ਦੁਨੀਆਂ ਦੀ ਸੇਵਾ ਕਰਦੇ ਰਹੇ, ਪਰ ਕਿਸੇ ਮਾਇਆ ਜਾਂ ਸੋਭਾ ਦੀ ਖ਼ਾਤਰ ਨਹੀਂ।

ਦਾਸ ਨੂੰ ਬਾਬਾ ਈਸ਼ਰ ਸਿੰਘ ਜੀ ਦਾ ਇਕ ਜ਼ਿਕਰ ਯਾਦ ਆ ਗਿਆ। ਬਾਬਾ ਜੀ ਇਕ ਵਾਰੀ ਕਲਕੱਤੇ ਗਏ। ਉਥੇ 5-7 ਦਿਨ ਲਈ ਕਥਾ-ਕੀਰਤਨ ਦੇ ਦੀਵਾਨ ਸਨ। ਉਨ੍ਹਾਂ ਦੀਵਾਨਾਂ ਵਿਚ ਬਾਬਾ ਜੀ ਨੇ ਅੰਮ੍ਰਿਤ ਮਈ ਕਥਾ ਦੀ ਵਰਖਾ ਕਰਨੀ, ਬਹੁਤ ਅਨੰਦ ਬੱਝਣਾ। ਜਦੋਂ ਕੋਈ ਜੁੜਿਆ ਹੋਇਆ ਮਹਾਂਪੁਰਸ਼ ਕਥਾ-ਕੀਰਤਨ ਕਰੇ, ਤਾਂ ਸਚਖੰਡ ਦਾ ਨਜ਼ਾਰਾ ਹੁੰਦਾ ਹੈ, ਕਿਉਂਕਿ ਉਸ ਵੇਲੇ ਮਹਾਂਪੁਰਸ਼ ਦੇ ਅੰਦਰ ਆਪ ਰੱਬ ਬੈਠਾ ਹੁੰਦਾ ਹੈ। ਕਲਕੱਤੇ ਦੀ ਸੰਗਤ ਨੇ ਬੜੇ ਰਸ ਵਿਚ ਅਨੰਦ ਮਾਨਣਾ। ਜਿਸ ਦਿਨ ਦੀਵਾਨ ਦਾ ਆਖ਼ਰੀ ਦਿਨ ਸੀ, ਸਾਰਿਆਂ ਪ੍ਰਬੰਧਕਾਂ ਨੇ ਰਲ ਕੇ ਮੀਟਿੰਗ ਕੀਤੀ ਕਿ ਦੀਵਾਨਾਂ ਦਾ ਬੜਾ ਅਨੰਦ ਆ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਮਿਲਣਾ, ਕਿਉਂ ਨਾ ਬਾਬਾ ਜੀ ਨੂੰ 2-4 ਦਿਨ ਹੋਰ ਦੀਵਾਨ ਲਗਾਉਣ ਦੀ ਬੇਨਤੀ ਕੀਤੀ ਜਾਵੇ। ਬਖਸ਼ੀ ਸਿੰਘ, ਜਿਹੜਾ ਸ਼ਹਿਰ ਦਾ ਪ੍ਰਮੁੱਖ ਸ਼ਾਹੂਕਾਰ ਸੀ, ਟਰਾਂਸਪੋਰਟ ਦਾ ਮਾਲਕ, ਟਰਾਂਸਪੋਰਟ ਐਸੋਸੀਏਸ਼ਨ ਦਾ ਪ੍ਰਧਾਨ ਸੀ ਤੇ ਇਲਾਕੇ ਵਿਚ ਉਸ ਦਾ ਚੰਗਾ ਪ੍ਰਭਾਵ ਵੀ ਸੀ, ਸਾਰਿਆਂ ਨੇ ਉਸ ਨੂੰ ਅੱਗੇ ਲਾ ਦਿੱਤਾ ਕਿ ਉਹੀ ਬੇਨਤੀ ਕਰੇ। ਰਾਤ ਨੂੰ ਦੀਵਾਨ

ਤੋਂ ਬਾਅਦ ਬਖਸ਼ੀ ਸਿੰਘ ਨੇ ਖੜਾ ਹੋ ਕੇ ਕਲਕੱਤੇ ਦੀ ਸੰਗਤ ਵਲੋਂ ਬੇਨਤੀ ਕੀਤੀ ਬਾਬਾ ਜੀ ਦੇ ਚਰਨਾਂ ਵਿਚ ਕਿ ਬਹੁਤ ਅਨੰਦ ਆ ਰਿਹਾ ਹੈ, ਅੰਮ੍ਰਿਤ ਵਰਸ ਰਿਹਾ ਹੈ, ਕਿਰਪਾ ਕਰੋ 2-4 ਦਿਨ ਹੋਰ ਸਮਾਂ ਬਖ਼ਸ਼ੋ, ਹੋਰ ਕੁਝ ਦਿਨ ਵਰਖਾ ਕਰੋ ਕਥਾ-ਕੀਰਤਨ ਦੀ। ਬਾਬਾ ਜੀ ਕਹਿਣ ਲੱਗੇ, ਹੈ ਤੇ ਬਹੁਤ ਮੁਸ਼ਕਲ, ਕਿਉਂਕਿ ਅਗਾਂਹ ਵੀ ਸਾਡਾ ਪ੍ਰੋਗਰਾਮ ਹੈ, ਪਰ ਬਖਸ਼ੀ ਸਿੰਘ, ਜੇ ਤੂੰ ਕਹਿੰਦਾ ਹੈਂ ਤਾਂ ਅਸੀ 2-4 ਦਿਨ ਹੋਰ ਰੁਕ ਜਾਂਦੇ ਹਾਂ ਪਰ ਤੁਹਾਨੂੰ ਇਸ ਦੇ ਲਈ ਭੇਟਾ ਦੇਣੀ ਪਵੇਗੀ। ਬਖਸ਼ੀ ਸਿੰਘ ਸੋਚਣ ਲੱਗਾ, ਮਹਾਂਪੁਰਸ਼ਾਂ ਦੀਆਂ ਕਈ ਸੇਵਾਵਾਂ ਚਲਦੀਆਂ ਹਨ, ਕਿਧਰੇ ਗੁਰਦੁਆਰੇ, ਕਿਧਰੇ ਹਸਪਤਾਲ, ਕਿਧਰੇ ਸਕੂਲ, ਉਨ੍ਹਾਂ ਵਾਸਤੇ ਮਾਇਆ ਦੀ ਭੇਟਾ ਮੰਗ ਰਹੇ ਹੋਣਗੇ। ਮਨ ਵਿਚ ਸੋਚਦਾ ਹੈ 50,000 ਦੇ ਦੇਵਾਂਗਾ। ਬਾਬਾ ਜੀ ਕਹਿੰਦੇ ਹਨ ਕਿ ਇਹ ਭੇਟਾ ਥੋੜੀ ਹੈ। ਉਹ ਬੜਾ ਹੈਰਾਨ ਕਿ ਮੈਂ ਤਾਂ ਮੂੰਹੋਂ ਕੁਝ ਬੋਲਿਆ ਹੀ ਨਹੀਂ, ਮਨ ਵਿਚ ਹੀ ਸੋਚਿਆ ਸੀ, ਬਾਬਾ ਜੀ ਨੇ ਮੇਰੇ ਅੰਦਰ ਕੀ ਬੁਝ ਲਈ ਹੈ। ਫਿਰ ਮਨ ਵਿਚ ਸੋਚਦਾ ਹੈ, ਜੇ ਇਹ ਘੱਟ ਹੈ ਤੇ ਫਿਰ ਦੁਗੁਣੀ ਕਰ ਦੇਵਾਂਗਾ, ਪਰ ਬਾਬਾ ਜੀ ਨੂੰ ਰੋਕਣਾ ਜ਼ਰੂਰ ਹੈ। ਬਾਬਾ ਜੀ ਅੰਦਰ ਦੀਆਂ ਜਾਨਣ ਵਾਲੇ ਕਹਿੰਦੇ ਹਨ, ਦੁਗਣੀ ਵੀ ਥੋੜੀ ਹੈ। ਬਖਸ਼ੀ ਸਿੰਘ ਦੀ ਹੁਣ ਹੋਰ ਸ਼ਰਧਾ ਬੱਝ ਗਈ ਕਿ ਇਹ ਤਾਂ ਅੰਤਰਜਾਮੀ ਹਨ, ਬਿਨਾਂ ਬੋਲਿਆਂ ਹੀ ਜਾਣ ਜਾਂਦੇ ਹਨ। ਹੁਣ ਨਿਮਰਤਾ ਵਿਚ ਬੇਨਤੀ ਕੀਤੀ, ਬਾਬਾ ਜੀ ! ਤੁਸੀਂ ਹੋਰ ਸਮਾਂ ਜ਼ਰੂਰ ਬਖ਼ਸ਼ੋ। ਜੋ ਭੇਟਾ ਕਹੋਗੇ ਮੈਂ ਦੇਵਾਂਗਾ। ਬਾਬਾ ਜੀ ਕਹਿੰਦੇ, ਬਖਸ਼ੀ ਸਿੰਘ, ਕਿਧਰੇ ਮੁਕਰ ਨਾ ਜਾਵੀਂ। ਬਖਸ਼ੀ ਸਿੰਘ ਕਹਿਣ ਲੱਗਾ, ਜੀ ਮੈਂ ਸਾਰੀ ਸੰਗਤ ਵਿਚ ਖੜੋ ਕੇ ਬਚਨ ਕਰ ਰਿਹਾ ਹਾਂ ਕਿ ਜੋ ਭੇਟਾ ਕਹੋਗੇ ਦੇਵਾਂਗਾ। ਇਸ਼ਾਰਾ ਸਮਝਿਓ, ਸ਼ਰਧਾ ਵਾਲਾ ਭੇਟਾ ਵੀ ਮੰਗਦਾ ਹੈ ਤੇ ਕਿਹੜੀ ? ਸ਼ਹਿਰ ਦਾ ਪ੍ਰਮੁੱਖ ਸ਼ਾਹੂਕਾਰ ਹੈ, ਮੂੰਹ-ਮੰਗੀ ਭੇਟਾ ਦੇਣ ਨੂੰ ਤਿਆਰ ਹੈ ਪਰ ਬਾਬਾ ਜੀ ਕਹਿੰਦੇ ਹਨ ਕਿ ਤੂੰ ਮਨ ਵਿਚ ਭੇਟਾ ਸੋਚੀ ਹੈ ਮਾਇਆ ਦੀ, ਪਰ ਅਸੀਂ ਤੇਰੀ ਮਾਇਆ ਨੂੰ ਕੀ ਕਰਨਾ ਹੈ, ਸਾਨੂੰ ਮਾਇਆ ਦੀ ਭੇਟਾ ਨਹੀਂ ਚਾਹੀਦੀ, ਸਾਡੀ ਭੇਟਾ ਤਾਂ ਇਹ ਹੈ ਕਿ ਕਲ ਸਵੇਰੇ ਖੰਡੇ-ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲਾ ਬਣ ਜਾ। ਬਾਬਾ ਜੀ ਦਾ ਇਹ ਬਚਨ ਸੁਣ ਕੇ ਫੁੱਟ-ਫੁੱਟ ਕੇ ਰੋ ਪਿਆ। ਬਖਸ਼ੀ ਸਿੰਘ ਕਹਿੰਦਾ ਹੈ ਕਿ ਬੜੇ ਮਹਾਂਪੁਰਸ਼ ਆਏ ਕਲੱਕਤੇ ਵਿਚ, ਕਿਸੇ ਨੇ ਸਕੂਲ ਲਈ ਮਾਇਆ ਮੰਗੀ ਤੇ ਕਿਸੇ ਨੇ ਹਸਪਤਾਲ ਲਈ ਤੇ ਕਿਸੇ ਨੇ ਗੁਰਦੁਆਰੇ ਲਈ ਪਰ ਤੁਸੀਂ ਪਹਿਲੇ ਹੋ ਜਿਨ੍ਹਾਂ ਨੇ ਮੇਰੇ ਜੀਵਨ ਸੁਆਰਨ ਦੀ, ਮੇਰੇ ਭਲੇ ਦੀ, ਮੇਰੀ ਟੁੱਟੀ ਗੰਢਣ ਦੀ ਭੇਟਾ ਮੰਗੀ ਹੈ। ਅਗਲੇ ਦਿਨ ਉਸ ਨੇ ਆਪ ਵੀ ਅੰਮ੍ਰਿਤ ਛਕਿਆ ਤੇ ਉਸ ਦਾ ਸ਼ਹਿਰ ਵਿਚ ਬਹੁਤ ਪ੍ਰਭਾਵ ਹੋਣ ਕਾਰਨ ਹੋਰ ਵੀ ਅਨੇਕਾਂ ਕਲਗੀਆਂ ਵਾਲੇ ਦੇ ਬੇੜੇ 'ਚ ਚੜ੍ਹੇ। ਆਹ ਸ਼ਰਧਾ ਹੈ, ਮਾਇਆ ਦੇ ਪ੍ਰਭਾਵ ਤੋਂ ਉਤੇ ਉਠ ਕੇ। ਇਹ ਲਾਲਚ ਹੈ ਕਿ ਕੋਈ ਟੁੱਟਾ ਜੁੜ ਜਾਵੇ। ਜਿਸ ਉੱਤੇ ਵੀ ਤੁਹਾਡਾ ਪ੍ਰਭਾਵ ਹੋਵੇ, ਉਸ ਨੂੰ ਪ੍ਰੇਰਨਾ ਦੇ ਕੇ ਗੁਰੂ ਨਾਲ ਜੋੜਨਾ। ਇਹ ਸ਼ਰਧਾ ਦੀ ਨਿਸ਼ਾਨੀ ਹੈ। ਸਾਨੂੰ ਵੀ ਜਦੋਂ ਕੋਈ ਕੀਰਤਨ ਦਾ ਪ੍ਰੋਗਰਾਮ

ਬੁਕ ਕਰਨ ਲਈ ਆਖਦਾ ਹੈ, ਅਸੀਂ ਤਰੀਕ ਦੇ ਦੇਂਦੇ ਹਾਂ, ਸਮਾਂ ਦਸ ਦੇਂਦੇ ਹਾਂ ਤੇ ਜਦੋਂ ਉਹ ਪੁੱਛੇ ਭੇਟਾ ਕੀ ਲਵੋਗੇ ? ਫਿਰ ਅਸੀਂ ਵੀ ਮੌਕਾ ਨਹੀ ਗੁਆਚਣ ਦੇਂਦੇ। ਕਹਿ ਦੇਂਦੇ ਹਾਂ ਪ੍ਰੋਗਰਾਮ ਤੋਂ ਪਹਿਲਾਂ 500 ਪਾਠ ਜਪੁਜੀ ਸਾਹਿਬ ਜਾਂ 200 ਪਾਠ ਸੁਖਮਨੀ ਸਾਹਿਬ ਸਾਰਾ ਪ੍ਰਵਾਰ ਹਾਜ਼ਰੀ ਲਗਾਵੇ। ਕਿਉਂਕਿ ਭਾਵੇਂ ਬੰਨ੍ਹ ਕੇ ਹੀ ਕੋਈ ਕਰੇ, ਇਸ ਵਿਚ ਉਸ ਦਾ ਵੀ ਭਲਾ ਤੇ ਸਾਡਾ ਵੀ ਕਿਉਂਕਿ ਬਾਬਾ ਨੰਦ ਸਿੰਘ ਜੀ ਦੇ ਬਚਨ ਹਨ ਕਿ ਜਿਹੜਾ ਟੁੱਟੇ ਨੂੰ ਜੋੜਦਾ ਹੈ, ਉਹ ਜਿਤਨੀ ਵੀ ਕਮਾਈ ਕਰੇ, ਗੁਰੂ ਨਾਨਕ ਦੇ ਘਰੋਂ ਜੋੜਨ ਵਾਲੇ ਨੂੰ 10% ਮਿਲਦਾ ਹੈ। ਇਥੇ ਇਕ ਗੱਲ ਯਾਦ ਰੱਖਣਾ, ਦੂਸਰਿਆਂ ਨੂੰ ਜੋੜਨਾ ਉਸੇ ਦਾ ਹੀ ਸਫਲਾ ਹੈ ਜੋ ਆਪ ਜੁੜਿਆ ਹੋਵੇ। ਬਾਣੀ ਵਿਚ ਵੀ ਇਸ ਪਰਥਾਇ ਪੰਕਤੀਆਂ ਹਨ-

*ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥*

(ਅੰਗ ੨੬੯)

*ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥*

(ਅੰਗ ੧੩੬੯)

ਬਾਬਾ ਨੰਦ ਸਿੰਘ ਜੀ ਦੇ ਜਿਸ ਨੇ ਵੀ ਦਰਸ਼ਨ ਕਰਨ ਜਾਣਾ, ਬਾਬਾ ਜੀ ਨੇ ਹਰੇਕ ਨੂੰ ਇਹੀ ਪੁੱਛਣਾ ਕਿ ਦਸ ਭਾਈ ਤੇਰਾ ਨਿਤਨੇਮ ਕਿੰਨਾ ਹੈ, ਕਿੰਨਾ ਚਿਰ ਜੁੜਦਾ ਹੈਂ ਗੁਰੂ ਨਾਨਕ ਦੇ ਚਰਨਾਂ ਨਾਲ ? ਫਿਰ ਜਿਸ ਦਾ ਘੱਟ ਹੋਣਾ, ਉਸ ਨੂੰ ਨਿਤਨੇਮ ਵਧਾਉਣ ਵਾਸਤੇ ਕਹਿਣਾ, ਜਿਹੜਾ ਨਾ ਕਰਨ ਵਾਲਾ ਹੋਣਾ, ਉਸ ਨੂੰ ਕਰਨ ਦੀ ਪ੍ਰੇਰਨਾ ਦੇਣੀ। ਇਕ ਵਾਰ ਦਿੱਲੀ ਵਿਚ ਬਾਬਾ ਈਸ਼ਰ ਸਿੰਘ ਜੀ ਦੇ ਕੀਰਤਨ ਦੇ ਦੀਵਾਨ ਚਲ ਰਹੇ ਸਨ। ਇਕ ਰਾਤ ਸਾਰੇ ਬਾਬਾ ਜੀ ਨੂੰ ਕਹਿਣ ਲੱਗੇ ਕਿ ਕਲ ਸਵੇਰੇ ਇਕ ਬਹੁਤ ਵੱਡੇ ਸ਼ਾਹੂਕਾਰ ਨੇ ਆਉਣਾ ਹੈ। ਜਦੋਂ ਅਗਲੇ ਦਿਨ ਉਹ ਸ਼ਾਹੂਕਾਰ ਆਇਆ ਤਾਂ ਬਾਬਾ ਜੀ ਕਹਿੰਦੇ ਹਨ, ਅਸੀਂ ਸੁਣਿਆ ਹੈ ਤੂੰ ਬਹੁਤ ਵੱਡਾ ਸ਼ਾਹੂਕਾਰ ਹੈਂ, ਪਰ ਇਕ ਗੱਲ ਤੇ ਦਸ ਤੇਰਾ ਨਿਤਨੇਮ ਕਿੰਨਾ ਹੈ। ਉਹ ਹੱਸ ਕੇ ਕਹਿੰਦਾ, ਨਿਤਨੇਮ ਕੀ ਹੁੰਦਾ ਹੈ ? ਬਾਬਾ ਜੀ ਕਹਿੰਦੇ, ਕਿੰਨਾ ਸਮਾਂ ਗੁਰੂ ਦੇ ਲੇਖੇ ਲਾਉਂਦਾ ਹੈਂ, ਕੋਈ ਜਪੁਜੀ ਸਾਹਿਬ, ਕੋਈ ਸੁਖਮਨੀ ਸਾਹਿਬ ? ਉਹ ਕਹਿਣ ਲੱਗਾ, ਮੇਰੇ ਕੋਲ ਇੰਨਾ ਸਮਾਂ ਕਿਥੇ ? ਬਾਬਾ ਜੀ ਕਹਿੰਦੇ, ਸਾਰੇ ਇਥੇ ਤੇਰੀ ਬੜੀ ਤਾਰੀਫ਼ ਕਰ ਰਹੇ ਸਨ ਕਿ ਇਹ ਬੜਾ ਵੱਡਾ ਸ਼ਾਹੂਕਾਰ ਹੈ, ਪਰ ਅਸੀਂ ਕਈ ਸ਼ਹਿਰਾਂ 'ਚ ਗਏ, ਦੀਵਾਨ ਲਾਏ, ਕਈਆਂ ਨੂੰ ਮਿਲੇ ਪਰ ਅਸੀਂ ਤਾਂ ਕਹਾਂਗੇ ਕਿ ਤੇਰੇ ਵਰਗਾ ਕੰਗਾਲ ਕੋਈ ਨਹੀਂ ਵੇਖਿਆ। ਉਹ ਕਹਿਣ ਲੱਗਾ, ਪਹਿਲੀ ਵਾਰ ਕੋਈ ਐਸਾ ਮਿਲਿਆ ਹੈ, ਜਿਸ ਨੇ ਮੇਰੇ ਜੀਵਨ 'ਤੇ ਨਜ਼ਰ ਮਾਰੀ ਹੈ, ਮਾਇਆ 'ਤੇ ਨਹੀਂ। ਉਹ ਸਰੀਰ ਬਾਬਾ ਜੀ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਆਪ ਕਹਿ ਕੇ ਨਿਤਨੇਮ ਲਿਆ।

*ਕਿਸੀ ਨੇ ਪੂਛਾ ਤੇਰਾ ਕਾਰੋਬਾਰ ਕਿਤਨਾ ਹੈ,*
*ਕਿਸੀ ਨੇ ਪੂਛਾ ਤੇਰਾ ਘਰ ਬਾਹਰ ਕਿਤਨਾ ਹੈ,*
*ਕਿਸੀ ਨੇ ਪੂਛਾ ਤੇਰਾ ਪ੍ਰਵਾਰ ਕਿਤਨਾ ਹੈ*
*ਪਰ ਕਿਸੀ ਵਿਰਲੇ ਨੇ ਪੂਛਾ ਤੇਰਾ ਗੁਰੂ ਨਾਲ ਪਿਆਰ ਕਿਤਨਾ ਹੈ ?*

ਐਸਾ ਉਹੀ ਕਰ ਸਕਦਾ ਹੈ ਜਿਹੜਾ ਆਪ ਗੁਰੂ ਦੇ ਪਿਆਰ ਵਿਚ ਰੰਗਿਆ ਹੋਵੇ ਅਤੇ ਆਪ ਮਾਇਆ ਦੇ ਪ੍ਰਭਾਵ ਤੋਂ ਉਪਰ ਹੋਵੇ। ਉਹ ਆਪ ਹਰ ਵੇਲੇ ਗੁਰੂ ਦੇ ਚਰਨਾਂ ਦਾ ਰਸ ਮਾਣਦਾ ਹੈ, ਸਿਮਰਨ-ਬੇਨਤੀ ਕਰਦਾ ਹੈ ਤੇ ਉਸ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਬਾਕੀ ਵੀ ਜੁੜ ਜਾਣ। ਜਿਸ ਤਰ੍ਹਾਂ ਵੀ ਹੋਵੇ, ਕੋਈ ਦੁਨਿਆਵੀ ਜੁੜ ਜਾਵੇ, ਕੋਈ ਬੇਮੁਖ ਹੋਇਆ ਗੁਰੂ ਦੇ ਲੜ ਲਗ ਜਾਵੇ। ਸਾਨੂੰ ਆਮ ਜੀਵਾਂ ਨੂੰ ਤਾਂ ਆਪੋ-ਆਪਣੀ ਦੌੜ ਲਗੀ ਰਹਿੰਦੀ ਹੈ। ਆਪਣੇ ਹੀ ਖਲੇਰਿਆਂ ਤੋਂ ਵਿਹਲ ਨਹੀਂ ਮਿਲਦੀ ਪਰ ਪੂਰਨ ਸੰਤ, ਮਹਾਂਪੁਰਸ਼ ਦਾ, ਸ਼ਰਧਾ ਤੇ ਪ੍ਰੇਮ ਵਾਲਿਆਂ ਦਾ ਇਹੀ ਉਪਰਾਲਾ ਹੁੰਦਾ ਹੈ, ਇਹੀ ਨਿਸ਼ਾਨਾ ਹੁੰਦਾ ਹੈ। ਕੋਈ ਵਿਰਲੇ ਸੰਤ ਮਹਾਂਪੁਰਸ਼ ਹੀ ਇੰਨੀ ਬਖ਼ਸ਼ਿਸ਼ ਵਾਲੇ ਹੁੰਦੇ ਹਨ, ਜੋ ਮਾਇਆ ਤੋਂ ਨਿਰਲੇਪ ਹੁੰਦੇ ਹਨ ਤੇ ਹਰੇਕ ਨੂੰ ਗੁਰੂ ਨਾਲ ਜੋੜਨ ਦਾ ਯਤਨ ਕਰਦੇ ਹਨ।

SIKHBOOKCLUB.COM

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਜੀਵਨ ਵਿਚ ਵੀ ਇਹ ਗੁਣ ਸੀ ਕਿ ਉਹ ਵੀ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਚੁੱਕੇ ਸਨ। ਉਨ੍ਹਾਂ ਕੋਲ ਜੇ ਕੋਈ ਮਾਇਆ ਦੀ ਭੇਟਾ ਲੈ ਕੇ ਹਾਜ਼ਰ ਹੁੰਦਾ ਸੀ ਤਾਂ ਉਸ ਵਿਚ ਕੋਈ ਦਿਲਚਸਪੀ ਨਹੀਂ ਸੀ ਰਖਦੇ। ਭਾਂਤ-ਭਾਂਤ ਦੇ ਲਾਚਾਰ ਲੋਕ ਉਨ੍ਹਾਂ ਦੀ ਸ਼ਰਣ ਵਿਚ ਆਉਂਦੇ ਸਨ। ਜਿਥੇ ਸਰੀਰਕ ਕਸ਼ਟ ਦੂਰ ਹੁੰਦੇ ਸਨ, ਮਨੋਕਾਮਨਾਵਾਂ ਦੀ ਪੂਰਤੀ ਹੁੰਦੀ ਸੀ, ਉਥੇ ਅੰਦਰ ਭਜਨ-ਬੰਦਗੀ ਦੀ ਲਾਗ ਵੀ ਲਗ ਜਾਂਦੀ ਸੀ। ਜੰਮੂ ਦਾ ਮਹਾਰਾਜਾ ਪ੍ਰਤਾਪ ਸਿੰਘ ਕਿਸੇ ਬਿਮਾਰੀ ਤੋਂ ਪੀੜਿਤ ਸੀ ਤੇ ਘਰ ਵਿਚ ਔਲਾਦ ਵੀ ਨਹੀਂ ਸੀ। ਬਾਬਾ ਜੀ ਦੇ ਸਹਜ ਸੁਭਾਅ ਬਚਨਾਂ ਨਾਲ ਹੀ ਸਰੀਰ ਵੀ ਅਰੋਗ ਹੋ ਗਿਆ ਤੇ ਪੁੱਤਰ ਦੀ ਦਾਤ ਵੀ ਪ੍ਰਾਪਤ ਹੋਈ। ਸ਼ੁਕਰਾਨੇ ਵਜੋਂ ਬੇਅੰਤ ਮਾਇਆ ਤੇ ਕਿੰਨੀ ਹੀ ਜਗੀਰ ਬਾਬਾ ਜੀ ਦੀ ਭੇਟ ਕਰਨ ਲਈ ਲੈ ਕੇ ਆਇਆ ਪਰ ਬਾਬਾ ਜੀ ਨੇ ਕੁਝ ਵੀ ਸਵੀਕਾਰ ਨਾ ਕੀਤਾ ਤੇ ਆਖਿਆ, ਸਾਨੂੰ ਤੇਰੀ ਮਾਇਆ ਜਾਂ ਜਗੀਰ ਨਹੀਂ ਚਾਹੀਦੀ, ਤੂੰ ਆਪਣਾ ਨਿਤਨੇਮ ਵਧਾ ਦੇ, ਸਾਨੂੰ ਉਸ ਵਿਚ ਖ਼ੁਸ਼ੀ ਮਿਲੇਗੀ।

ਇਕ ਸੰਤ ਜਵਾਹਰ ਸਿੰਘ ਜੀ ਹੋਏ ਹਨ ਮਿੱਠੇ ਟਿਵਾਣੇ ਵਾਲੇ। ਉਨਾਂ ਨੂੰ ਇਕ ਵਾਰੀ ਸੁਜਾਨ ਸਿੰਘ ਨਾਂ ਦੇ ਸ਼ਾਹੂਕਾਰ ਨੇ ਬੇਨਤੀ ਕੀਤੀ, ਮਹਾਂਪੁਰਸ਼ੋ ! ਸਾਡੇ ਘਰ ਪ੍ਰਸ਼ਾਦਾ ਛਕੋ। ਮਹਾਂਪੁਰਸ਼ ਕਹਿੰਦੇ ਹਨ ਭੇਟਾ ਲਗੇਗੀ। ਉਹ ਕਹਿਣ ਲੱਗਾ, ਕੋਈ ਨਹੀਂ

ਜੋ ਭੇਟਾ ਕਹੋਗੇ ਦੇਵਾਂਗਾ। ਮਹਾਂਪੁਰਸ਼ਾਂ ਨੇ ਦਿਨ ਮਿੱਥ ਦਿੱਤਾ। ਮਿੱਥੇ ਹੋਏ ਦਿਨ ਮਹਾਂਪੁਰਸ਼ ਉਸ ਦੇ ਘਰ ਗਏ, ਨਾਲ 8-10 ਸੰਗੀ ਵੀ ਸਨ। ਸਾਰੇ ਬੈਠ ਗਏ। ਘਰਦਿਆਂ ਨੇ ਹੱਥ ਸੁੱਚੇ ਕਰਾਏ, ਥਾਲੀਆਂ ਵੰਡਣੀਆਂ ਸ਼ੁਰੂ ਕੀਤੀਆਂ। ਜਦੋਂ ਪ੍ਰਸ਼ਾਦਾ ਲਿਆਣ ਲੱਗੇ ਤਾਂ ਮਹਾਂਪੁਰਸ਼ ਕਹਿੰਦੇ ਹਨ, ਠਹਿਰ ਜਾਵੋ ਭਾਈ, ਅਜੇ ਪ੍ਰਸ਼ਾਦਾ ਨਹੀ ਵਰਤਾਉਣਾ, ਪਹਿਲਾਂ ਅਸੀਂ ਭੇਟਾ ਲੈਣੀ ਹੈ। ਉਸ ਸ਼ਾਹੂਕਾਰ ਨੇ ਜੇਬ ਵਿਚੋਂ ਚੈੱਕ ਕੱਢ ਕੇ ਮਹਾਂਪੁਰਸ਼ਾਂ ਦੇ ਚਰਨਾਂ 'ਚ ਰੱਖ ਦਿੱਤਾ ਤੇ ਕਹਿਣ ਲੱਗਾ, ਇਹ ਲਵੋ ਚੈੱਕ, ਮੈਂ ਸਾਈਨ ਕਰ ਦਿੱਤੇ ਹਨ, ਆਪਣੀ ਮਰਜ਼ੀ ਨਾਲ ਰਕਮ ਭਰ ਲੈਣਾ। ਮਹਾਂਪੁਰਸ਼ਾਂ ਨੇ ਚੈੱਕ ਦੇ 8-10 ਟੁਕੜੇ ਕਰ ਕੇ ਸੁੱਟ ਦਿਤੇ ਤੇ ਕਿਹਾ, ਪੁੱਛ ਤੇ ਲੈਣਾ ਸੀ ਕਿ ਸਾਡੀ ਭੇਟਾ ਹੈ ਕੀ ? ਮਹਾਂਪੁਰਸ਼ ਕਹਿਣ ਲੱਗੇ ਇਹ ਮਾਇਆ ਦੀ ਭੇਟਾ ਨਹੀਂ ਚਾਹੀਦੀ। ਤੂੰ ਸਾਨੂੰ ਇਹ ਦਸ ਤੇਰਾ ਨਿਤਨੇਮ ਕੀ ਹੈ ? ਉਹ ਕਹਿਣ ਲੱਗਾ, ਨਿਤਨੇਮ ਕੀ ਹੁੰਦਾ ਹੈ ? ਬਾਬਾ ਜੀ ਕਹਿੰਦੇ ਹਨ, ਤੈਨੂੰ ਇਤਨਾ ਵੀ ਨਹੀਂ ਪਤਾ ਕਿ ਨਿਤਨੇਮ ਕੀ ਹੁੰਦਾ ਹੈ ? ਫੇਰ ਸਾਡੀ ਇਹੀ ਭੇਟਾ ਹੈ ਕਿ ਤੂੰ ਰੋਜ਼ ਇਕ ਪਾਠ ਸੁਖਮਨੀ ਸਾਹਿਬ ਦਾ ਕਰਿਆ ਕਰ। ਉਹ ਕਹਿਣ ਲੱਗਾ, ਇਹ ਮੈਂ ਨਹੀਂ ਕਰ ਸਕਦਾ, ਮੇਰੇ ਬੜੇ ਰੁਝੇਵੇਂ ਹਨ। ਮਹਾਂਪੁਰਸ਼ ਕਹਿੰਦੇ ਹਨ, ਭਾਈ ਸਾਡੀ ਤਾਂ ਇਹੀ ਭੇਂਟਾ ਹੈ। ਜੇ ਨਹੀਂ ਦੇ ਸਕਦਾ ਤਾਂ ਫਿਰ ਅਸੀਂ ਵੀ ਤੇਰੇ ਘਰ ਪ੍ਰਸ਼ਾਦਾ ਨਹੀਂ ਛਕ ਸਕਦੇ। ਇਸ਼ਾਰਾ ਸਮਝਣਾ, ਸ਼ਾਹੂਕਾਰ ਨੇ ਖ਼ਾਲੀ ਚੈੱਕ ਦੇ ਦਿੱਤਾ ਹੈ ਕਿ ਆਪਣੀ ਮਰਜ਼ੀ ਨਾਲ ਜਿੰਨੀ ਮਰਜ਼ੀ ਰਕਮ ਭਰ ਲਵੋ ਪਰ ਜਿਹੜਾ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਚੁੱਕਾ ਹੈ, ਚੈੱਕ ਦੇ ਟੋਟੇ-ਟੋਟੇ ਕਰ ਕੇ ਉਸ ਦਾ ਜੀਵਨ ਬਨਾਉਣ ਦਾ ਯਤਨ ਕਰ ਰਿਹਾ ਹੈ। ਸ਼ਾਹੂਕਾਰ ਕਹਿਣ ਲੱਗਾ, ਪ੍ਰਸ਼ਾਦਾ ਛਕਣਾ ਹੈ ਤਾਂ ਛੱਕੋ, ਨਹੀਂ ਛੱਕਣਾ ਤਾਂ ਨਾ ਛਕੋ, ਪਰ ਮੈਂ ਰੋਜ਼ ਸੁਖਮਨੀ ਸਾਹਿਬ ਦਾ ਪਾਠ ਨਹੀਂ ਕਰ ਸਕਦਾ। ਮਹਾਂਪੁਰਸ਼ ਉਠ ਕੇ ਬਾਹਰ ਵਲ ਤੁਰ ਪਏ। ਸੁਜਾਨ ਸਿੰਘ ਦੀ ਘਰਵਾਲੀ ਸੋਝੀ ਵਾਲੀ ਸੀ। ਉਸ ਨੇ ਆਪਣੇ ਪਤੀ ਦੇ ਪੈਰ ਫੜ ਲਏ ਤੇ ਆਖਣ ਲੱਗੀ, ਇਹ ਜੋ ਕਾਰੋਬਾਰ, ਧੰਨ-ਦੌਲਤ ਹੈ, ਸਭ ਕੁਝ ਖ਼ਤਮ ਹੋ ਜਾਵੇਗਾ ਜੇ ਘਰ ਆਏ ਮਹਾਂਪੁਰਸ਼ ਨਰਾਜ਼ ਹੋ ਕੇ ਚਲੇ ਗਏ। ਇਹ ਤਾਂ ਤੁਹਾਡੇ ਹੀ ਭਲੇ ਲਈ ਕਹਿ ਰਹੇ ਹਨ। ਗੱਲ ਸੁਜਾਨ ਸਿੰਘ ਦੇ ਹਿਰਦੇ 'ਤੇ ਵੱਜੀ ਤੇ ਉਸ ਨੇ ਦੌੜ ਕੇ ਮਹਾਂਪੁਰਸ਼ਾਂ ਦੇ ਚਰਨ ਫੜ ਲਏ, ਮਾਫ਼ੀ ਮੰਗੀ ਤੇ ਬਚਨ ਕੀਤਾ ਕਿ ਮੈਂ ਰੋਜ਼ ਇਕ ਪਾਠ ਸੁਖਮਨੀ ਸਾਹਿਬ ਦਾ ਕਰਿਆ ਕਰਾਂਗਾ, ਤੁਸੀਂ ਜ਼ਰੂਰ ਕਿਰਪਾ ਕਰ ਕੇ ਪ੍ਰਸ਼ਾਦਾ ਛਕੋ। ਇਹ ਹੈ ਮਾਇਆ ਤੋਂ ਉੱਤੇ ਉਠਣਾ। ਚੈੱਕ ਦੇ ਟੋਟੇ ਕੀਤੇ ਤੇ ਮੰਗਿਆ ਕੀ ? ਕੋਈ ਗੁਰੂ ਨਾਲ ਜੁੜੇ ਤੇ ਇਹ ਹੈ ਸ਼ਰਧਾ। ਸੱਚੇ ਤੇ ਪੂਰਨ ਮਹਾਂਪੁਰਸ਼ ਹੁੰਦੇ ਹੀ ਐਸੇ ਹਨ ਜੋ ਇਨਸਾਨ ਦੇ ਜੀਵਨ ਦਾ ਰੰਗ ਹੀ ਬਦਲ ਦੇਂਦੇ ਹਨ, ਅਸਲ ਜੀਵਨ-ਜਾਚ ਦਾ ਰਸਤਾ ਦਸ ਦੇਂਦੇ ਹਨ, ਕੋਸ਼ਿਸ਼ ਕਰਦੇ ਹਨ ਕਿ ਦੂਸਰਿਆਂ ਦਾ ਜੀਵਨ ਸੰਵਰ ਜਾਵੇ, ਉਨ੍ਹਾਂ ਦੇ ਔਗੁਣ ਨਿਕਲ ਜਾਣ, ਵਿਕਾਰ ਨਿਕਲ ਜਾਣ।

ਇਕ ਹੋਰ ਵਾਰਤਾ ਯਾਦ ਆਈ। ਇਕ ਸੱਚੇ ਸੰਤ ਨੂੰ ਕਿਸੇ ਨੇ ਆਪਣੇ ਘਰ ਪ੍ਰਸ਼ਾਦਾ ਛੱਕਣ ਦੀ ਬੇਨਤੀ ਕੀਤੀ। ਨਾਮ ਦੇ ਜੋ ਰਸੀਏ ਹੁੰਦੇ ਹਨ, ਉਹ ਅੰਦਰ ਦੀ ਬੁੱਝ ਲੈਂਦੇ ਹਨ। ਕਹਿਣ ਲੱਗੇ, ਔਗੁਣ ਤਾਂ ਤੇਰੇ ਵਿਚ ਬਹੁਤ ਨੇ, ਪਰ ਤਿੰਨ ਬਹੁਤ ਵੱਡੇ ਹਨ, ਇਕ ਤੇ ਤੂੰ ਦਾੜ੍ਹੀ ਕੱਟਦਾ ਹੈਂ, ਦੂਜਾ ਮਾਸ ਖਾਂਦਾ ਹੈਂ ਤੇ ਤੀਜਾ ਸ਼ਰਾਬ ਪੀਂਦਾ ਹੈਂ। ਇਨ੍ਹਾਂ ਵਿਚੋਂ ਇਕ ਔਗੁਣ ਦੀ ਭੇਟਾ ਦੇ ਦੇ, ਅਸੀਂ ਤੇਰੇ ਘਰ ਪ੍ਰਸ਼ਾਦਾ ਛੱਕਣ ਆ ਜਾਵਾਂਗੇ। ਵੇਖੋ ਭੇਟਾ ਵੀ ਮੰਗੀ ਤੇ ਕੈਸੀ ਕਿ ਕਿਸੇ ਦੀ ਜ਼ਿੰਦਗੀ ਵਿਚੋਂ ਔਗੁਣ ਨਿਕਲ ਜਾਣ, ਕਿਸੇ ਦਾ ਜੀਵਨ ਸੰਵਰ ਜਾਵੇ। ਇਹ ਹੈ ਸ਼ਰਧਾ ਵਾਲਿਆਂ ਦੀ ਨਿਸ਼ਾਨੀ। ਪਹਿਲੇ ਤਾਂ ਉਹ ਸਰੀਰ ਬੜਾ ਹੈਰਾਨ ਹੋਇਆ ਕਿ ਕੈਸੀ ਭੇਟਾ ਮੰਗ ਰਹੇ ਹਨ ਪਰ ਫੇਰ ਮਨ ਬਣਾ ਕੇ ਕਹਿਣ ਲੱਗਾ ਮਹਾਂਪੁਰਸ਼ੋ ! ਮੈਂ ਅੱਜ ਤੋਂ ਦਾੜ੍ਹੀ ਕੱਟਣੀ ਛੱਡੀ। ਸੰਤ, ਮਹਾਂਪੁਰਸ਼ ਕਦੀ ਇਕ ਦਮ ਸੱਟ ਨਹੀਂ ਮਾਰਦੇ, ਇਸ ਤਰ੍ਹਾਂ ਨਾਲ ਬੰਦਾ ਡਰ ਕੇ ਭੱਜ ਜਾਂਦਾ ਹੈ। ਹੌਲੀ-ਹੌਲੀ ਪਿਆਰ ਨਾਲ, ਗਿਆਨ ਦੀ ਰੌਸ਼ਨੀ ਦੇ ਕੇ, ਸੋਧ ਦੇ ਕੇ ਸਹੀ ਰਸਤੇ 'ਤੇ ਲਿਆਉਂਦੇ ਹਨ। ਉਹ ਦਾੜ੍ਹੀ ਕੱਟਣੀ ਛੱਡਣ ਨੂੰ ਮੰਨ ਗਿਆ। ਮਹਾਂਪੁਰਸ਼ ਉਸ ਦੇ ਘਰ ਗਏ ਤੇ ਪ੍ਰਸ਼ਾਦਾ ਛੱਕਿਆ। ਐਸੀ ਬਖ਼ਸ਼ਿਸ਼ ਕੀਤੀ, ਐਸੀ ਕਿਰਪਾ ਕੀਤੀ ਕਿ ਹੌਲੀ-ਹੌਲੀ ਸਾਰੀਆਂ ਹੀ ਭੈੜੀਆਂ ਆਦਤਾਂ ਉਸ ਦੇ ਜੀਵਨ ਵਿਚੋਂ ਨਿਕਲ ਗਈਆਂ ਤੇ ਉਹ ਇਕ ਦਿਨ ਅੰਮ੍ਰਿਤਧਾਰੀ ਗੁਰਸਿਖ ਸਜ ਗਿਆ।

ਪੂਰਨ ਸੰਤ ਮਾਇਆ ਤੋਂ ਨਿਰਲੇਪ ਹੁੰਦੇ ਹਨ। ਉਨ੍ਹਾਂ ਨੂੰ ਮਾਇਆ ਦਾ ਲਾਲਚ ਨਹੀਂ ਹੁੰਦਾ ਬਲਕਿ ਇਹੀ ਲਾਲਚ ਹੁੰਦਾ ਹੈ ਕਿ ਟੁੱਟੇ ਹੋਏ ਗੁਰੂ ਨਾਨਕ ਦੇ ਚਰਨ ਨਾਲ ਜੁੜ ਜਾਣ। ਪੂਰਨ ਸੰਤ ਹੈ ਹੀ ਉਹ ਜੋ ਗੁਰੂ ਨਾਲ ਜੋੜ ਦੇਵੇ।

ਇਹ ਹੈ ਪਹਿਲੀ ਨਿਸ਼ਾਨੀ। ਜਿਸ ਨੂੰ ਸ਼ਰਧਾ ਦਾ ਕਿਣਕਾ ਮਿਲਿਆ ਹੈ, ਉਹ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਜਾਵੇਗਾ। ਦਾਸ ਨੂੰ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਇਕ ਜ਼ਿਕਰ ਯਾਦ ਆ ਗਿਆ। ਬਾਬਾ ਜੀ ਇੰਗਲੈਂਡ ਬਹੁਤ ਜਾਂਦੇ ਸਨ ਪ੍ਰਚਾਰ ਵਾਸਤੇ, ਸਰੀਰ ਵੀ ਉਥੇ ਹੀ ਤਿਆਗਿਆ ਸੀ। ਉਨ੍ਹਾਂ ਦਾ ਫਿਰ ਸਰੀਰ ਜਹਾਜ਼ ਵਿਚ ਇਥੇ ਲਿਆਂਦਾ ਗਿਆ ਸੀ ਅੰਤਿਮ ਸੰਸਕਾਰ ਦੇ ਲਈ। ਇਕ ਵਾਰੀ ਦਾ ਜ਼ਿਕਰ ਹੈ, ਬਾਬਾ ਜੀ ਇੰਗਲੈਂਡ ਗਏ। ਉਨ੍ਹਾਂ ਦੇ ਵਾਜੇ ਅੱਗੇ ਜਗ੍ਹਾ ਭਰ ਗਈ ਪੌਂਡਾਂ ਨਾਲ (ਉਥੇ ਰੁਪਏ ਦੀ ਜਗ੍ਹਾ ਪੌਂਡ ਹੁੰਦੇ ਹਨ) ਕਿਸੇ ਨੇ ਪੰਜ ਪੌਂਡ ਰਖੇ, ਕਿਸੇ ਨੇ ਦਸ। 10 ਕੁ ਦਿਨ ਉਥੇ ਦੀਵਾਨ ਸਨ, ਸੰਗਤ ਬੇਅੰਤ ਤੇ ਢੇਰ ਲੱਗ ਜਾਣਾ ਪੌਂਡਾਂ ਦਾ। ਜਿਸ ਵੇਲੇ ਸਮਾਪਤੀ ਹੋਣੀ ਦੀਵਾਨ ਦੀ, ਬਾਬਾ ਜੀ ਨੇ ਸੇਵਾਦਾਰ ਨੂੰ ਇਸ਼ਾਰਾ ਕਰਨਾ ਕਿ ਸਾਰੀ ਪੌਂਡਾਂ ਦੀ ਢੇਰੀ ਗੁਰਦੁਆਰੇ ਦੀ ਗੋਲਕ ਵਿਚ ਪਾ ਦਿਓ। ਜਿਸ ਦਿਨ ਅਖ਼ੀਰਲਾ ਦਿਨ ਸੀ, ਪ੍ਰਬੰਧਕਾਂ ਨੇ ਆਪਸ ਵਿਚ ਸਲਾਹ ਕੀਤੀ ਕਿ ਮਹਾਂਪੁਰਸ਼ਾਂ ਨੇ ਕੋਲ ਤਾਂ ਮਾਇਆ ਰੱਖੀ ਹੀ ਕੋਈ ਨਹੀਂ, ਸਾਰੀ ਮਾਇਆ ਗੁਰਦੁਆਰੇ ਦੀ ਗੋਲਕ ਵਿਚ ਪੁਆ ਦੇਂਦੇ ਹਨ,

ਤੁਰਨ ਲਗਿਆਂ ਮਹਾਂਪੁਰਸ਼ਾਂ ਨੂੰ 50 ਹਜ਼ਾਰ ਪੌਂਡ ਭੇਟਾ ਵਜੋਂ ਦੇ ਦੇਵਾਂਗੇ। ਜਦੋਂ ਤੁਰਨ ਲਗਿਆਂ ਪ੍ਰਬੰਧਕ ਬਾਬਾ ਜੀ ਨੂੰ ਮਾਇਆ ਦੇਣ ਲੱਗੇ ਤਾਂ ਬਾਬਾ ਜੀ ਕਹਿੰਦੇ ਹਨ ਕਿ ਇਹ ਕਿਉਂ ਦੇ ਰਹੇ ਹੋ ? ਪ੍ਰਬੰਧਕ ਕਹਿੰਦੇ ਹਨ, ਜਿਹੜੇ ਅਸਥਾਨ ਤੋਂ ਤੁਸੀਂ ਆਏ ਹੋ ਰਾੜਾ ਸਾਹਿਬ, ਉਥੋਂ ਦੇ ਲਈ। ਦੇਖੋ ਕਿੰਨਾ ਮਾਇਆ ਦੇ ਪ੍ਰਭਾਵ ਤੋਂ ਉਪਰ। ਕਹਿਣ ਲੱਗੇ ਉਥੇ ਵੀ ਗੁਰੂ ਦੀ ਗੋਲਕ ਹੈ ਤੇ ਇਥੇ ਵੀ ਗੁਰੂ ਦੀ ਗੋਲਕ ਹੈ। ਐਸੀ ਗੱਲ ਕੋਈ ਆਮ ਬੰਦਾ ਨਹੀਂ ਕਹਿ ਸਕਦਾ। ਉਹੀ ਕਹਿ ਸਕਦਾ ਹੈ ਜਿਸ ਨੇ ਮਨ ਮਾਰਿਆ ਹੈ।

ਮਾਇਆ ਦੇ ਵੀ ਕਈ ਰੂਪ ਹਨ, ਸਿਰਫ਼ ਪੈਸੇ ਨੂੰ ਹੀ ਨਹੀਂ ਮਾਇਆ ਕਿਹਾ। ਰਿੱਧੀ-ਸਿੱਧੀ ਵੀ ਮਾਇਆ ਦਾ ਹੀ ਰੂਪ ਹੈ। ਬਹੁਤ ਦੁਨੀਆਂ ਨਾਮ ਵਾਲੇ ਬੰਨੇ ਤੁਰਦੀ ਹੈ ਪਰ ਗੁਰੂ ਦੇ ਚਰਨਾਂ ਤਕ ਨਹੀਂ ਪਹੁੰਚ ਪਾਉਂਦੀ। ਰਿੱਧੀਆਂ ਸਿੱਧੀਆਂ 'ਤੇ ਰੁਕ ਜਾਂਦੀ ਹੈ। ਜਿਉਂ ਜਿਉਂ ਅਭਿਆਸ ਵਧਦਾ ਹੈ, ਇਹ ਰਿੱਧੀਆਂ-ਸਿੱਧੀਆਂ ਕਰਾਮਾਤਾਂ ਅਭਿਆਸੀ ਨੂੰ ਖਿੱਚ ਪਾ ਕੇ ਪਰਮਾਨੰਦ ਦੀ ਪਦਵੀ ਵਿਚ ਇਸਥਿਤ ਹੋਣ ਤੋਂ ਰੋਕਦੀਆਂ ਹਨ। ਇਹ ਅਭਿਆਸੀ ਨੂੰ ਆਪਣੇ ਜਲਵੇ ਵਿਖਾ ਕੇ ਆਪਣੇ ਵਲ ਪ੍ਰੇਰਦੀਆਂ ਹਨ। ਜੇ ਅਭਿਆਸੀ ਕਰਾਮਾਤਾਂ ਵਿਚ ਲਗ ਜਾਵੇ ਤਾਂ ਉਸ ਦੀ ਆਤਮਿਕ ਤਰੱਕੀ ਰੁੱਕ ਜਾਂਦੀ ਹੈ। ਬਹੁਤ ਦੁਨੀਆਂ ਇਸ ਵਿਚ ਹੀ ਫਸ ਜਾਂਦੀ ਹੈ। ਗੁਰੂ ਦੇ ਚਰਨਾਂ ਨਾਲ ਪਿਆਰ, ਇਹ ਸਿਰੇ ਦੀ ਭਗਤੀ ਹੈ।

ਬਾਬਾ ਨੰਦ ਸਿੰਘ ਜੀ ਕੋਲ ਵੀ ਆਈਆਂ ਸਨ ਇਹ ਗੁਪਤ-ਸ਼ਕਤੀਆਂ। ਬਾਬਾ ਜੀ ਕਹਿਣ ਲੱਗੇ, ਤੁਸੀਂ ਕੌਣ ਹੋ ? ਉਨ੍ਹਾਂ ਆਖਿਆ, ਤੁਸੀਂ ਜਿਸ ਸ਼ਬਦ ਦਾ ਨਿਰੰਤਰ ਜਾਪ ਕਰਦੇ ਹੋ, ਉਸ ਦਾ ਜੋ ਵੀ ਕੋਈ ਨਿਰੰਤਰ ਜਾਪ ਕਰੇ, ਸਾਨੂੰ ਉਸ ਦੀ ਸੇਵਾ ਵਿਚ ਪਹੁੰਚਣ ਦਾ ਹੁਕਮ ਹੈ।

ਪ੍ਰੀਤਮ ਵੀ ਬੜਾ ਵੇਪਰਵਾਹ ਹੈ। ਆਪਣੇ ਤੋਂ ਖਹਿੜਾ ਛੁਡਾਉਣ ਲਈ ਕਈ ਕਿਸਮ ਦੇ ਡਰਾਵੇ ਵੀ ਦੇਂਦਾ ਹੈ ਤੇ ਲਾਲਚ ਵੀ ਪਰ ਜਿਨ੍ਹਾਂ ਨੂੰ ਪ੍ਰੀਤਮ ਨਾਲ ਸੱਚਾ ਇਸ਼ਕ ਲੱਗਾ ਹੋਵੇ, ਉਨ੍ਹਾਂ ਨੂੰ ਪ੍ਰੀਤਮ ਤੋਂ ਬਿਨਾਂ ਕੁਝ ਵੀ ਚੰਗਾ ਨਹੀਂ ਲੱਗਦਾ। ਜਿਨ੍ਹਾਂ ਨੇ ਸੀਨੇ 'ਚ ਖਿੱਚ ਖਾਧੀ ਹੋਵੇ, ਜਿਨ੍ਹਾਂ ਦੀ ਪ੍ਰੀਤ ਸੱਚੀ ਹੋਵੇ, ਉਹ ਕਹਿੰਦੇ ਹਨ, ਮੈਨੂੰ ਰਿੱਧੀਆਂ-ਸਿੱਧੀਆਂ ਦੀ ਲੋੜ ਨਹੀਂ। ਪਰ ਇਸ਼ਕ ਹਕੀਕੀ ਦੇ ਇਸ ਮਰਤਬੇ ਨੂੰ ਪਹੁੰਚਣਾ ਹਰੇਕ ਦੇ ਵੱਸ ਦੀ ਗੱਲ ਨਹੀਂ। ਗੁਰੂ ਦੀ ਕਿਰਪਾ ਨਾਲ ਕੋਈ ਵਿਰਲਾ ਗੁਰਮੁਖ ਮਾਇਆ ਨੂੰ ਉੱਕਾ ਹੀ ਤਿਆਗ ਕੇ, ਮਾਇਆ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਉਪਰ ਉਠ ਕੇ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਉਸ ਦੇ ਪਿਆਰਿਆਂ ਨੂੰ ਧਨ-ਦੌਲਤ, ਰਿੱਧੀਆਂ-ਸਿੱਧੀਆਂ ਕੋਈ ਵੀ ਚੀਜ਼ ਮੋਹ ਨਹੀਂ ਸਕਦੀ। ਬਾਬਾ ਜੀ ਨੇ ਇਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਕਿਹਾ ਕੱਲ ਆਣਾ। ਬਾਬਾ ਜੀ ਆਪਣੇ ਮੁਰਸ਼ਦ ਬਾਬਾ ਹਰਨਾਮ ਸਿੰਘ ਜੀ ਭੁਚੋ ਵਾਲਿਆਂ ਕੋਲ ਗਏ ਤੇ ਜਾ ਕੇ ਬੇਨਤੀ ਕੀਤੀ। ਜਿਹੜਾ ਤੁਸੀਂ ਜਾਪ ਦਿੱਤਾ ਸੀ, ਉਸ ਦੇ ਜਾਪ ਨਾਲ

ਇਹ ਅਜੀਬ ਚੀਜ਼ਾਂ ਸਾਹਮਣੇ ਆ ਖੜ੍ਹੋਤੀਆਂ ਹਨ। ਇਹ ਸ਼ਬਦ ਸੰਗਤ ਦੀ ਜਾਣਕਾਰੀ ਲਈ ਦਿੰਦੇ ਹਾਂ। ਇਹ ਜਾਪ ਸੀ-

*ਜਾ ਕੈ ਵਸਿ ਖਾਨ ਸੁਲਤਾਨ॥ ਜਾ ਕੈ ਵਸਿ ਹੈ ਸਗਲ ਜਹਾਨ॥*

(ਅੰਗ ੧੯੨)

ਇਹ ਸਾਰੇ ਸ਼ਬਦ ਦਾ ਜਾਪ ਵਿਧੀ ਨਾਲ ਦਿੱਤਾ ਸੀ ਭੁਚੋ ਵਾਲੇ ਬਾਬਾ ਜੀ ਨੇ। ਕਹਿੰਦੇ, ਫਿਰ ਸ਼ਕਤੀਆਂ ਖੜੀਆਂ ਹੋ ਗਈਆਂ, ਸੇਵਾ ਮੰਗਦੀਆਂ ਹਨ, ਫਿਰ ਹੋਰ ਕੀ ਚਾਹੁੰਦੇ ਹੋ? ਬਾਬਾ ਨੰਦ ਸਿੰਘ ਜੀ ਵੈਰਾਗ ਵਿਚ ਕਹਿੰਦੇ ਹਨ, ਇਹ ਨਹੀਂ ਚਾਹੀਦੀਆਂ, ਗੁਰੂ ਨਾਨਕ ਚਾਹੀਦਾ ਹੈ।

ਧੰਨ ਹਨ ਉਹ ਜਿਹੜੇ ਇਸ ਰਾਹ 'ਤੇ ਤੁਰੇ। ਮਾਰਗ 'ਤੇ ਚਲਦਿਆਂ ਜੇ ਕਿਧਰੇ ਰਸਨਾ 'ਤੇ ਸਤਿ ਆ ਗਿਆ ਜਾਂ ਹੋਰ ਬਖ਼ਸ਼ਿਸ਼ਾਂ ਵਰਤਣ ਲਗ ਪਈਆਂ ਤਾਂ ਉਨ੍ਹਾਂ ਵਿਚ ਵੀ ਫਸੇ ਨਹੀਂ, ਆਪ ਵੀ ਜੁੜੇ ਤੇ ਦੂਜਿਆਂ ਨੂੰ ਵੀ ਜੋੜਿਆ। ਇਕ ਵਾਰੀ ਬਾਬਾ ਨੰਦ ਸਿੰਘ ਜੀ ਨੂੰ ਇਕ ਸਰੀਰ ਪੁੱਛਣ ਲੱਗਾ, ਕੀ ਤੁਹਾਡੇ ਕੋਲ ਕੋਈ ਸ਼ਕਤੀ ਹੈ? ਬਾਬਾ ਜੀ ਕਹਿੰਦੇ ਹਨ, ਤੇਰੇ ਕੋਲ ਕਿਹੜੀ ਹੈ? ਉਹ ਕਹਿੰਦਾ ਹੈ, ਤੁਸੀਂ ਹੈਰਾਨ ਹੋ ਜਾਵੋਗੇ ਸੁਣ ਕੇ, ਮੇਰੇ ਕੋਲ ਐਸੀ ਸ਼ਕਤੀ ਹੈ ਕਿ ਪਤੀਲੇ ਵਿਚ ਰਿੱਝਣ ਵੇਲੇ ਜੋ ਮਰਜ਼ੀ ਤੁਸੀਂ ਚੀਜ਼ ਪਾ ਦੇਵੋ ਪਰ ਜੋ ਤੁਸੀਂ ਮੂੰਹੋਂ ਕਹੋਗੇ, ਮੈਂ ਉਹੀ ਕੱਢ ਕੇ ਦਿਖਾ ਸਕਦਾ ਹਾਂ। ਮੈਂ 45 ਸਾਲ ਲਗਾ ਕੇ ਇਹ ਸ਼ਕਤੀ ਹਾਸਲ ਕੀਤੀ ਹੈ। ਬਾਬਾ ਜੀ ਕਹਿੰਦੇ ਹਨ, ਤੇਰੇ ਵਰਗਾ ਬੇਵਕੂਫ਼ ਕੋਈ ਨਹੀਂ। ਇਹੀ ਜੇ ਤੂੰ 45 ਸਾਲ ਨਾਮਦੇਵ, ਕਬੀਰ ਵਾਂਗ ਨਾਮ ਜਪਣ ਵਿਚ ਲਾਏ ਹੁੰਦੇ, ਰਬ ਵਾਲੇ ਬੰਨੇ ਲਾਏ ਹੁੰਦੇ, ਤੈਨੂੰ ਦਾਤਾਂ ਦੇਣ ਵਾਲਾ ਰੱਬ ਹੀ ਮਿਲ ਜਾਣਾ ਸੀ।

ਸੋਭਾ, ਵਡਿਆਈ, ਵਾਹ-ਵਾਹ ਇਹ ਵੀ ਮਾਇਆ ਦਾ ਹੀ ਰੂਪ ਹੈ। ਇਹ ਵੀ ਗੁਰੂ ਨਾਲੋਂ ਤੋੜ ਦੇਂਦੀ ਹੈ। ਪੜ੍ਹੋ ਇਤਿਹਾਸ। ਰਾਮਰਾਇ ਨੂੰ ਗੁਰੂ ਘਰ ਤੋਂ ਬੇਦਖ਼ਲ ਕਿਉਂ ਕੀਤਾ ਗਿਆ? ਗੁਰੂ ਹਰਿ ਰਾਇ ਸਾਹਿਬ ਜੀ ਨੇ, ਕਿੰਨੀਆਂ ਕਿਰਪਾ ਤੇ ਬਖਸ਼ਿਸ਼ਾਂ ਦੇ ਕੇ ਔਰੰਗਜ਼ੇਬ ਦੇ ਦਰਬਾਰ 'ਚ ਭੇਜਿਆ ਸੀ। ਉਥੋਂ ਦੀ ਸ਼ਾਨੋ-ਸ਼ੌਕਤ ਨੇ ਐਸਾ ਦਿਮਾਗ਼ ਖ਼ਰਾਬ ਕੀਤਾ ਕਿ ਬਾਣੀ ਦੀ ਪੰਕਤੀ ਹੀ ਬਦਲਾ ਦਿੱਤੀ। ਜਦੋਂ ਔਰੰਗਜ਼ੇਬ ਨੇ ਪੁੱਛਿਆ, ਕੀ ਇਹ ਸਚ ਹੈ ਕਿ ਬਾਣੀ ਵਿਚ ਲਿਖਿਆ ਹੈ-

*"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥"*

(ਅੰਗ ੪੬੬)

ਦਿਮਾਗ਼ 'ਤੇ ਐਸਾ ਮਾਇਆ ਦਾ ਪ੍ਰਭਾਵ ਪਿਆ ਤੇ ਸੋਚਦੇ ਹਨ ਸ਼ਹਿਨਸ਼ਾਹ ਦੇ ਦਰਬਾਰ ਵਿਚ ਬੈਠਾ ਹਾਂ, ਇੰਨਾ ਮਾਨ-ਸਤਿਕਾਰ ਮਿਲਿਆ ਹੈ, ਜੇ ਇਹ ਕਹਾਂਗਾ ਕਿ

ਇਹ ਸਚਾਈ ਹੈ, ਇਹ ਪੰਕਤੀ ਦਰਜ ਹੈ ਬਾਣੀ ਵਿਚ ਤਾਂ ਕਿਧਰੇ ਬਾਦਸ਼ਾਹ ਨਰਾਜ਼ ਹੀ ਨਾ ਹੋ ਜਾਵੇ। ਜੇ ਬਾਦਸ਼ਾਹ ਦੀ ਨਰਾਜ਼ਗੀ ਹੋ ਗਈ ਤਾਂ ਇਹ ਸਭ ਸ਼ਾਨੋ-ਸ਼ੌਕਤ, ਸੋਭਾ, ਵਡਿਆਈਆਂ ਖੋਈਆਂ ਜਾਣਗੀਆਂ। ਕਹਿਣ ਲੱਗਾ ਪੰਕਤੀ ਲਿਖਣ ਵਿਚ ਗ਼ਲਤੀ ਹੋ ਗਈ ਹੈ। ਪੰਕਤੀ ਬਦਲਾ ਕੇ- 'ਮਿਟੀ ਬੇਈਮਾਨ ਕੀ' ਕਰ ਦਿੱਤਾ। ਗੁਰੂ ਸਾਹਿਬ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਸੁਨੇਹਾ ਭਿਜਵਾ ਦਿੱਤਾ। ਸਾਡੇ ਮੱਥੇ ਨਾ ਲੱਗੇ। ਅੱਜ ਤਕ ਸਿਖੀ ਵਿਚ ਰਾਮਰਾਈਆਂ ਤੇ ਧੀਰਮਲੀਆਂ ਨਾਲ ਵਰਤਣ ਤੋਂ ਮਨਾਹੀ ਹੈ। ਸਿੱਖੀ ਤੋਂ ਵੀ ਛੇਕ ਦਿੱਤਾ। ਜ਼ਰਾ ਸੋਚੋ ! ਪਿਛੇ ਕਾਰਨ ਕੀ ਸੀ ? ਕਾਰਨ ਸੀ ਮਾਇਆ ਦਾ ਪ੍ਰਭਾਵ, ਸੋਭਾ ਦਾ, ਵਡਿਆਈ ਦਾ, ਵਾਹ-ਵਾਹ ਦਾ ਪ੍ਰਭਾਵ।

ਗੁਰੂ ਦੇ ਪਿਆਰਿਆਂ ਦੇ ਜੀਵਨ ਤੋਂ ਸੇਧ ਲਈਏ। ਭਾਈ ਨੰਦ ਲਾਲ ਜੀ ਕਲਗੀਆਂ ਵਾਲੇ ਦੇ ਪਿਆਰੇ, ਕਿੰਨੇ ਗੁਣੀ ਗਿਆਨੀ, ਕਿੰਨੀਆਂ ਕਲਾਂ ਦੇ ਮਾਲਕ, ਕਿੰਨੇ ਦਿਮਾਗ਼ੀ, ਕਿੰਨੀਆਂ ਬੋਲੀਆਂ ਦੇ ਜਾਣੂ ! ਵੱਡੇ-ਵੱਡੇ ਰਾਜਿਆਂ ਕੋਲੋਂ ਸੁਨੇਹੇ ਆਉਂਦੇ ਸੀ ਕਿ ਤੂੰ ਇੰਨਾ ਗੁਣੀ-ਗਿਆਨੀ ਹੈਂ, ਇੰਨਾ ਵਡਾ ਲਿਖਾਰੀ ਹੈਂ, ਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ ਜੂਠੇ ਬਰਤਨ ਮਾਂਜ ਕੇ ਤੇ ਝਾੜੂ ਦੇ ਕੇ ਕਿਉਂ ਆਪਣੀ ਜ਼ਿੰਦਗੀ ਪਿਆ ਬਰਬਾਦ ਕਰਦਾ ਹੈਂ, ਸਾਡੇ ਕੋਲ ਆ ਜਾ, ਸੋਹਣੀਆਂ-ਚਿੱਟੀਆਂ ਚਦਰਾਂ 'ਤੇ ਬਿਠਾਵਾਂਗੇ, ਉੱਚੀਆਂ ਤਨਖ਼ਾਹਾਂ ਦੇਵਾਂਗੇ। ਇਸ਼ਾਰਾ ਲੈਣਾ। ਭਾਈ ਨੰਦ ਲਾਲ ਨੂੰ ਮਾਇਆ, ਸੋਭਾ ਅਵਾਜ਼ਾਂ ਪਈ ਮਾਰਦੀ ਸੀ, ਪਰ ਉਸ ਨੇ ਕਲਗੀਆਂ ਵਾਲੇ ਦੇ ਚਰਨ ਨਹੀਂ ਛੱਡੇ, ਬਲਕਿ ਕਹਿੰਦੇ ਹਨ ਕਿ ਜੋ ਸੁਆਦ, ਜੋ ਅਨੰਦ, ਜੋ ਰਸ ਕਲਗੀਆਂ ਵਾਲੇ ਦੇ ਦਰ 'ਤੇ ਜੂਠੇ ਬਰਤਨ ਮਾਂਜਣ ਤੇ ਝਾੜੂ ਦੇਣ ਵਿਚ ਹੈ, ਉਹ ਚਿੱਟੀਆਂ ਚਦਰਾਂ ਉੱਚੇ ਔਹਦਿਆਂ ਤੇ ਮਾਇਆ ਵਿਚ ਨਹੀਂ।

ਇਹ ਹੈ ਸ਼ਰਧਾ ਦੀ ਪਹਿਲੀ ਨਿਸ਼ਾਨੀ। ਪੜ੍ਹਨ ਤੋਂ ਬਾਅਦ ਆਪਣੇ ਆਪ ਨੂੰ ਚੈੱਕ ਕਰਿਉ, ਮੈਂ ਕਿਥੇ ਖੜ੍ਹਾ ਹਾਂ। ਜਿਸ ਸਿੱਖ ਪਾਸ ਸ਼ਰਧਾ ਹੈ, ਉਹ ਮਾਇਆ ਦੇ ਪ੍ਰਭਾਵ ਤੋਂ ਉਪਰ ਉਠ ਜਾਵੇਗਾ।

☆☆☆

SIKHBOOKCLUB.COM

*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ*
*ਅਵਰੁ ਕਿਛੁ ਕਰਣੁ ਨ ਜਾਇ॥*

# ਸ਼ਰਧਾ ਦੀ ਦੂਸਰੀ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਹ ਕਦੀ ਵੀ ਇਕੱਲਾ ਨਹੀਂ ਹੁੰਦਾ, ਉਹ ਆਪਣੇ ਗੁਰੂ ਨੂੰ ਹਰ ਵੇਲੇ ਅੰਗ ਸੰਗ ਮਹਿਸੂਸ ਕਰਦਾ ਹੈ**

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ, ਉਹ ਕਦੀ ਵੀ ਇਕੱਲਾ ਨਹੀਂ ਹੁੰਦਾ। ਗੁਰੂ ਨੂੰ ਹਰ ਵੇਲੇ ਅੰਗ ਸੰਗ ਮਹਿਸੂਸ ਕਰਦਾ ਹੈ। ਪ੍ਰਮਾਤਮਾ ਦੀ ਕੁਦਰਤ ਨਿਆਰੀ ਹੈ। ਉਸ ਨੇ ਲਕੜੀ ਵਿਚ ਵੀ ਅੱਗ ਛੁਪਾਈ ਹੈ, ਪਰ ਅਸੀਂ ਦੇਖ ਨਹੀਂ ਸਕਦੇ। ਜਿਨ੍ਹਾਂ ਨੂੰ ਜੁਗਤੀ ਆਉਂਦੀ ਹੋਵੇ, ਉਹ ਲਕੜੀ ਵਿਚੋਂ ਅੱਗ ਨੂੰ ਪ੍ਰਗਟ ਕਰ ਲੈਂਦੇ ਹਨ। ਦੁੱਧ ਵਿਚ ਮੱਖਣ ਹੈ ਪਰ ਜੁਗਤੀ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਠੀਕ ਇਸੇ ਤਰ੍ਹਾਂ ਰੱਬ, ਪ੍ਰਮੇਸ਼ਰ ਵੀ ਸਾਡੇ ਅੰਦਰ ਹੀ ਹੈ, ਬਹੁਤ ਨਜ਼ਦੀਕ, ਹੱਥਾਂ ਪੈਰਾਂ ਤੋਂ ਵੀ ਨੇੜੇ ਪਰ ਪ੍ਰਾਪਤੀ ਲਈ ਜੁਗਤੀ ਦੀ ਲੋੜ ਹੈ। ਅਸੀਂ ਲੋਕ ਪ੍ਰਮਾਤਮਾ ਨੂੰ ਤੀਰਥਾਂ ਤੇ ਜੰਗਲਾਂ ਵਿਚ ਲੱਭਦੇ ਫਿਰਦੇ ਹਾਂ, ਪਰ ਉਹ ਤਾਂ ਸਾਡੇ ਅੰਦਰ ਹੀ ਬੈਠਾ ਹੈ। ਕਬੀਰ ਜੀ ਦੇ ਵੀ ਬਚਨ ਹਨ-

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥*

(ਅੰਗ ੧੩੬੯)

ਭਾਵ ਕਿ ਜਿਸ ਨੂੰ ਤੀਰਥਾਂ ਤੇ ਖੋਜਦੇ ਫਿਰਦੇ ਸੀ, ਕਬੀਰ ਜੀ ਕਹਿੰਦੇ ਹਨ, ਉਸ ਨੂੰ ਸਤਿਸੰਗ ਦੁਆਰਾ ਹਿਰਦੇ ਰੂਪੀ ਠਉਰ ਵਿਚੋਂ ਪਾ ਲਿਆ।

ਮਨ ਸ਼ੀਸ਼ਾ ਹੈ। ਇਸ ਰਾਹੀਂ ਅਸੀਂ ਪ੍ਰਮਾਤਮਾ ਨੂੰ ਵੇਖ ਸਕਦੇ ਹਾਂ, ਪਰ ਇਸ ਮਨ ਨੂੰ ਜਨਮਾਂ-ਜਨਮਾਂ ਦੀ ਮੈਲ ਲਗੀ ਹੋਈ ਹੈ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*

(ਅੰਗ ੬੫੧)

ਮਹਾਂਪੁਰਸ਼ਾਂ ਦੀ, ਸਤਿਪੁਰਸ਼ਾਂ ਦੀ, ਰੱਬ ਦੇ ਪਿਆਰਿਆਂ ਦੀ ਸੰਗਤ ਵਿੱਚ ਜਾ ਕੇ

ਮਨ ਨੂੰ ਮਾਂਜੀਏ ਤੇ ਜਦੋਂ ਮਨ ਦਾ ਸ਼ੀਸ਼ਾ ਸਾਫ਼ ਹੋ ਜਾਵੇ, ਤਾਂ ਆਪਣੇ ਅੰਦਰ ਹੀ ਪ੍ਰਮਾਤਮਾ ਨਜ਼ਰ ਆ ਜਾਂਦਾ ਹੈ। ਇਸ ਪਰਥਾਇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੀ ਬਚਨ ਹਨ-

*ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥*
*ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ॥*

(ਅੰਗ ੪੫੫)

ਪ੍ਰਮਾਤਮਾ ਸਰਬ ਵਿਆਪੀ ਹੈ। ਸਰਬ ਵਿਆਪੀ ਦਾ ਅਰਥ ਹੈ ਨਾ ਉਹ ਸਾਡੇ ਤੋਂ ਤੇ ਨਾ ਅਸੀਂ ਉਸ ਤੋਂ ਕਦੀ ਵਿਛੁੜੇ ਹਾਂ ਤੇ ਨਾ ਹੀ ਵਿਛੁੜ ਸਕਦੇ ਹਾਂ। ਜਿਵੇਂ ਪਾਣੀ ਤੋਂ ਬੁਲਬੁਲਾ ਜਾਂ ਲਹਿਰ ਕਦੇ ਵਿਛੁੜ ਨਹੀਂ ਸਕਦੀ, ਉਸੇ ਤਰ੍ਹਾਂ ਅਸੀਂ ਵੀ ਪ੍ਰਮਾਤਮਾ ਤੋਂ ਕਦੀ ਵਖਰੇ ਨਹੀਂ ਹੋ ਸਕਦੇ। ਉਹ ਹਰ ਥਾਂ ਮੌਜੂਦ ਹੈ। ਸਭ ਚੀਜ਼ਾਂ ਦੇ ਅੰਦਰ-ਬਾਹਰ ਮੌਜੂਦ ਹੈ। ਹਰ ਸ਼ਖ਼ਸ ਦੇ ਹਿਰਦੇ ਵਿਚ ਵਿਆਪ ਰਿਹਾ ਹੈ, ਅਸੀਂ ਘਰ ਹੋਈਏ, ਬਾਹਰ ਹੋਈਏ, ਉਹ ਸਾਡੇ ਨਾਲ ਹੈ। ਹਰ ਵੇਲੇ, ਹਰ ਥਾਂ, ਅੰਦਰ-ਬਾਹਰ ਸਾਡੇ ਅੰਗ-ਸੰਗ ਮੌਜੂਦ ਹੈ। ਅਸੀਂ ਸੌਂਈਏ, ਜਾਗੀਏ, ਖਾਈਏ ਪੀਏ, ਘਰ ਹੋਈਏ, ਬਾਹਰ ਹੋਈਏ, ਕਿਧਰੇ ਵੀ ਜਾਈਏ, ਉਹ ਸਾਡੇ ਨਾਲ ਹੁੰਦਾ ਹੈ। ਜਿਸ ਤਰ੍ਹਾਂ ਦਾ ਦੁਨੀਆਵੀ ਪਤੀ ਸਾਰਾ ਸਾਰਾ ਦਿਨ ਘਰ ਤੋਂ ਬਾਹਰ ਵੀ ਰਹਿੰਦਾ ਹੈ, ਕਈ ਵਾਰੀ ਸ਼ਹਿਰ ਤੋਂ ਬਾਹਰ ਵੀ ਚਲਾ ਜਾਂਦਾ ਹੈ, ਕਈ ਵਾਰੀ ਜਾਂ ਇਸਤ੍ਰੀ ਤੋਂ ਪਹਿਲਾਂ ਹੀ ਮੌਤ ਹੋ ਜਾਵੇ ਤਾਂ ਸਦਾ ਲਈ ਵਿਛੜ ਜਾਂਦਾ ਹੈ। ਇਹ ਪਤੀ ਦੀ ਵੀ ਲੋੜ ਹੈ ਪਰ ਜੇ ਜੀਵ-ਇਸਤ੍ਰੀ ਨਾਲ ਪ੍ਰਮਾਤਮਾ ਨੂੰ ਵੀ ਪਤੀ ਬਣਾ ਲਵੇ ਤਾਂ ਉਹ ਛੱਡ ਕੇ ਕਿਧਰੇ ਨਹੀਂ ਜਾਂਦਾ ਤੇ ਨਾ ਹੀ ਮਰਦਾ ਹੈ। ਮਿੱਟੀ ਦੇ ਕਣ-ਕਣ ਵਿਚ ਉਸ ਦੀ ਜੋਤ ਪ੍ਰਕਾਸ਼ ਰਹੀ ਹੈ। ਉਹ ਆਪ ਹੀ ਅਨੇਕਾਂ ਰੂਪ ਹੋ ਕੇ ਸਭ ਥਾਂ ਪਸਰਿਆ ਹੋਇਆ ਹੈ।

*"ਏਕੋ ਏਕੁ ਏਕੁ ਹਰਿ ਆਪਿ॥*
*ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥"*

(ਅੰਗ ੨੮੯)

ਪ੍ਰਮਾਤਮਾ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਹੀ ਇਸ ਸੰਸਾਰ ਵਿਚ ਵਿਚਰਦਾ ਹੈ। ਇਕ ਵਾਰੀ ਪੰਜਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, 4-5 ਸਿੱਖਾਂ ਨੇ ਪੁੱਛਿਆ ਸੀ ਕਿ ਉਪਾਸਨਾ ਸਰਗੁਨ ਦੀ ਕਰਨੀ ਚਾਹੀਦੀ ਹੈ ਕਿ ਨਿਰਗੁਨ ਦੀ। ਸਤਿਗੁਰੂ ਕਹਿੰਦੇ ਹਨ ਕਿ ਤੁਹਾਡਾ ਇਹ ਸੰਸਾ ਵਿਅਰਥ ਹੈ, ਕਿਉਂਕਿ ਸਰਗੁਨ ਤੇ ਨਿਰਗੁਨ ਵਿਚ ਕੋਈ ਅੰਤਰ ਨਹੀਂ।

*"ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥'*

(ਅੰਗ ੨੮੭)

ਪ੍ਰਮਾਤਮਾ ਆਪਣੀ ਇੱਛਾ ਅਨੁਸਾਰ ਆਪਣਾ ਸਰਗੁਨ ਰੂਪ ਧਾਰ ਕੇ ਗੁਰੂ ਦੇ ਰੂਪ ਵਿਚ ਆਉਂਦਾ ਹੈ।

ਜਿਵੇਂ ਹਵਾ ਚਲਦੀ ਹੈ, ਅਸੀਂ ਉਸ ਨੂੰ ਮਹਿਸੂਸ ਕਰਦੇ ਹਾਂ, ਇਸ ਨਾਲ ਸਾਹ ਵੀ ਲੈਂਦੇ ਹਾਂ ਪਰ ਇਕ ਮੁਰਦਾ ਸਰੀਰ ਹਵਾ ਨੂੰ ਮਹਿਸੂਸ ਨਹੀਂ ਕਰ ਸਕਦਾ, ਕਿਉਂਕਿ ਹਵਾ ਨੂੰ ਮਹਿਸੂਸ ਕਰਨ ਵਾਲੇ ਜੰਤੂ, ਉਸ ਦੇ ਫੇਫੜੇ ਆਦਿ ਕੰਮ ਨਹੀਂ ਕਰ ਰਹੇ ਹੁੰਦੇ। ਇਸੇ ਤਰ੍ਹਾਂ ਵਾਹਿਗੁਰੂ ਹਰ ਥਾਂ ਹੈ, ਪਰ ਗੁਰੂ 'ਤੇ ਸ਼ਰਧਾ ਤੋਂ ਹੀਣਾ ਇਨਸਾਨ ਵੀ ਮੁਰਦੇ ਦੀ ਤਰ੍ਹਾਂ ਹੈ। ਗੁਰੂ 'ਤੇ ਸ਼ਰਧਾ ਤੋਂ ਬਗ਼ੈਰ ਉਸ ਦੀ ਹੋਂਦ ਨੂੰ ਮਹਿਸੂਸ ਨਹੀਂ ਕੀਤਾ ਜਾ ਸਕਦਾ।

*ਕਹੁ ਨਾਨਕ ਗੁਰ ਬਿਨੁ ਨਹੀ ਸੂਝੈ*
*ਹਰਿ ਸਾਜਨੁ ਸਭ ਕੈ ਨਿਕਟਿ ਖੜਾ॥*

(ਅੰਗ ੯੨੪)

ਇਹ ਦਾਸ ਵਿਸਥਾਰ ਨਾਲ ਨਹੀਂ ਲਿਖ ਸਕਦਾ ਕਿਉਂਕਿ ਇਹ ਤੇ ਅਨੁਭਵ ਦੀ ਗੱਲ ਹੈ। ਮਰਦਾਨੇ ਨੇ ਇਕ ਵਾਰੀ ਆਖਿਆ ਸੀ ਬਾਬੇ ਨਾਨਕ ਨੂੰ, ਸਤਿਗੁਰੂ ! ਤੁਸੀਂ ਕਹਿੰਦੇ ਹੋ, ਰਬ ਸਾਰੀ ਜਗ੍ਹਾ ਹੈ ਪਰ ਮੈਨੂੰ ਤਾਂ ਨਜ਼ਰ ਨਹੀਂ ਆਉਂਦਾ। ਉਪਰ ਵੇਖਦਾ ਹਾਂ ਤਾਂ ਅਕਾਸ਼ ਹੈ, ਥੱਲੇ ਵੇਖਦਾ ਹਾਂ ਤਾਂ ਧਰਤੀ, ਮਕਾਨ, ਦਰੱਖ਼ਤ, ਬਿਲਡਿੰਗਾਂ ਨਜ਼ਰ ਆਉਂਦੀਆਂ ਹਨ। ਸਤਿਗੁਰੂ ਕਹਿੰਦੇ ਹਨ, ਇਹ ਅਨੁਭਵ ਦੀ ਗੱਲ ਹੈ ਮਰਦਾਨਿਆ। ਮਰਦਾਨਾ ਕਹਿੰਦਾ ਹੈ, ਮੈਂ ਸਮਝਿਆ ਨਹੀਂ। ਸਤਿਗੁਰੂ ਕਹਿੰਦੇ ਹਨ, ਜਦੋਂ ਤੇਰੇ ਅੰਦਰ ਆਉਂਦਾ ਹੈ ਕਿ ਮੈਂ ਦਰਬਾਰੀ ਰਾਗ ਵਜਾਉਣਾ ਹੈ, ਉਸ ਵੇਲੇ ਤੂੰ ਕੋਈ ਕਾਪੀ ਤਾਂ ਨਹੀਂ ਕੱਢਦਾ ਪਰ ਤੇਰੀ ਰਬਾਬ ਉੱਤੇ ਦਰਬਾਰੀ ਰਾਗ ਦੀਆਂ ਸੁਰਾਂ ਸ਼ੁਰੂ ਹੋ ਜਾਂਦੀਆਂ ਹਨ। ਬਸ ਦਿਮਾਗ਼ ਵਿਚ ਆਉਣ ਦੀ ਗੱਲ ਹੈ। ਫਿਰ ਤੂੰ ਉਸ ਰਾਗ ਦੀ ਸਰਗਮ ਕਿਵੇਂ ਕੱਢਣੀ ਹੈ, ਉਸ ਦੇ ਲਈ ਕੋਈ ਕਾਪੀ ਨਹੀਂ ਵੇਖਦਾ। ਜੇ ਤੇਰੇ ਦਿਮਾਗ਼ ਵਿਚ ਆ ਜਾਵੇ ਬਿਹਾਗੜਾ ਰਾਗ, ਤੂੰ ਉਹ ਸ਼ੁਰੂ ਕਰ ਦੇਂਦਾ ਹੈਂ, ਜੇ ਆਵੇ ਭੈਰਵੀ ਰਾਗ, ਤੂੰ ਉਹ ਸ਼ੁਰੂ ਕਰ ਦਿੰਦਾ ਹੈਂ, ਤੇਰਾ ਹੱਥ ਉਧਰ ਨੂੰ ਚਲ ਪੈਂਦਾ ਹੈ। ਇਹ ਅਨੁਭਵ ਦੀ ਗੱਲ ਹੈ। ਤੇਰੇ ਅੰਦਰ ਅਨੁਭਵ ਆਉਂਦਾ ਹੈ। ਤੁਸੀਂ ਕਦੀ ਨੋਟ ਕਰੋ, ਬੀਬੀਆਂ, ਭੈਣਾਂ, ਕਦੀ ਸਬਜ਼ੀ ਜਾਂ ਹੋਰ ਕੋਈ ਪਦਾਰਥ ਵਗ਼ੈਰਾ ਬਨਾਉਣ ਤਾਂ ਵਿਚ ਮਿਰਚ, ਮਸਾਲੇ ਵਗੈਰਾ ਤੋਲ ਕੇ ਨਹੀਂ ਪਾਉਂਦੀਆਂ। ਅੰਦਰ ਇਕ ਅਨੁਭਵ ਆ ਜਾਂਦਾ ਹੈ, ਚਮਚ ਫੜਦੀਆਂ ਹਨ ਤੇ ਪਾ

ਦੇਂਦੀਆਂ ਹਨ। ਚਾਹ ਬਣਾਉ, ਕਦੀ ਪੱਤੀ, ਚੀਨੀ ਵਗੈਰਾ ਤੋਲ ਮਿਣ ਕੇ ਨਹੀਂ ਪਾਉਂਦੇ, ਜਦੋਂ ਪਾਉਂਦੇ ਹੋ, ਅੰਦਰ ਇਕ ਅਨੁਭਵ ਆ ਜਾਂਦਾ ਹੈ ਕਿ ਇਤਨਾ ਕੁ ਪਾਉਣਾ ਹੈ। ਇਸੇ ਤਰ੍ਹਾਂ ਪ੍ਰਮਾਤਮਾ ਦੀ ਹੋਂਦ ਵੀ ਇਕ ਅਨੁਭਵ ਦੀ ਗੱਲ ਹੈ। ਨਜ਼ਰ ਤਾਂ ਅਕਾਸ਼, ਧਰਤੀ, ਦਰੱਖ਼ਤ, ਬਿਲਡਿੰਗ ਵਗ਼ੈਰਾ ਹੀ ਆਉਂਦੀਆਂ ਹਨ ਪਰ ਇਹ ਅਨੁਭਵ ਦੀ ਗੱਲ ਹੈ। ਜਿਨ੍ਹਾਂ ਨੂੰ ਅਨੁਭਵ ਹੋ ਜਾਵੇ, ਫਿਰ ਉਹ ਹਰ ਵੇਲੇ ਪ੍ਰਮਾਤਮਾ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦੇ ਹਨ।

ਪਰਮੇਸ਼ਰ ਹਰ ਥਾਂ 'ਤੇ ਹੈ। ਉਹ ਸਾਡੇ ਤਨ, ਮਨ ਤੇ ਪ੍ਰਾਣਾਂ ਵਿਚ ਰਵ ਰਿਹਾ ਹੈ, ਪਰ ਅਸੀਂ ਸਿਰਫ਼ ਇਸ ਗੱਲ ਨੂੰ ਭੁੱਲੀ ਬੈਠੇ ਹਾਂ। ਉਹ ਸਾਡੇ ਸਰੀਰ ਦੇ ਅੰਦਰ ਹਰ ਵਕਤ ਨਾਲ ਹੈ, ਸਭ ਕੁਝ ਵੇਖਦਾ ਹੈ, ਸੁਣਦਾ ਹੈ, ਲੋੜ ਹੈ ਸਿਰਫ਼ ਇਸ ਗੱਲ ਨੂੰ ਯਾਦ ਰੱਖਣ ਦੀ। ਜਿਵੇਂ ਘਰ ਵਿਚ ਰੁਪਏ ਹੋਣ ਪਰ ਅਸੀਂ ਭੁੱਲ ਜਾਈਏ ਤੇ ਲਹਿਣੇਦਾਰ ਨੂੰ ਨਾ ਦੇ ਸਕੀਏ ਤਾਂ ਇੱਜ਼ਤ ਖ਼ਰਾਬ ਹੁੰਦੀ ਹੈ, ਪਰ ਜੇ ਇਹ ਯਾਦ ਆ ਜਾਵੇ ਤਾਂ ਇੱਜ਼ਤ ਰਹਿ ਜਾਂਦੀ ਹੈ। ਵਾਹਿਗੁਰੂ ਸਾਡੇ ਅੰਗ ਸੰਗ ਹੈ। ਅਸੀਂ ਸਿਰਫ਼ ਇਹ ਗੱਲ ਯਾਦ ਰੱਖਣੀ ਹੈ। ਪ੍ਰੇਸ਼ਾਨੀ ਤਦ ਹੀ ਹੁੰਦੀ ਹੈ ਜਦੋਂ ਅਸੀਂ ਇਹ ਗੱਲ ਭੁੱਲ ਜਾਂਦੇ ਹਾਂ। ਪ੍ਰਮਾਤਮਾ ਤਾਂ ਸਾਡੇ ਅੰਦਰ ਹੀ ਹੈ। ਉਹ ਤਾਂ ਸਾਡੇ ਅੰਦਰ ਹੀ ਬੈਠਾ ਹੈ, ਕਿਧਰੇ ਦੂਰ ਨਹੀਂ, ਸਿਰਫ਼ ਅਸੀਂ ਇਹ ਭੁੱਲ ਜਾਂਦੇ ਹਾਂ, ਲੋੜ ਹੈ ਇਸ ਭੁੱਲ ਨੂੰ ਮੇਟਣ ਦੀ। ਉਸ ਦਾ ਨਾਮ-ਸਿਮਰਨ ਲਗਾਤਾਰ ਕਰਨ ਨਾਲ ਇਹ ਭੁੱਲ ਦੂਰ ਹੋ ਜਾਂਦੀ ਹੈ। ਭਾਈ ਵੀਰ ਸਿੰਘ ਜੀ ਦੇ ਬਚਨ ਹਨ। ਕਹਿੰਦੇ ਹਨ 'ਮੈਂ ਜੀਵਨ ਤੋਂ ਇਹੀ ਸਿਖਿਆ ਹੈ ਕਿ ਸਿਮਰਨ ਦੇ ਹੁਲਾਰੇ ਨਾਲ ਇਹ ਭਾਸੇ ਕਿ ਵਾਹਿਗੁਰੂ ਮੇਰੇ ਨਾਲ ਹੈ ਤੇ ਜੇ ਕਦੀ ਅਜਿਹਾ ਨਾ ਵੀ ਭਾਸੇ ਤਾਂ ਵੀ ਸਿਮਰਨ ਜਾਰੀ ਰਹੇ।'

SIKHBOOKCLUB.COM

ਅਸੀਂ ਵਾਹਿਗੁਰੂ ਨਾਲ ਪਿਆਰ ਕਰਨਾ ਹੈ। ਵਾਹਿਗੁਰੂ ਦਾ ਸਿਮਰਨ ਕਰਨਾ, ਉਸ ਨਾਲ ਪਿਆਰ ਕਰਨਾ ਹੀ ਹੈ। ਜਦੋਂ ਪਿਆਰਾ ਪਾਸ ਹੋਵੇ ਤਾਂ ਉਸਦੇ ਦੀਦਾਰੇ ਕਰੀਦੇ ਹਨ ਤੇ ਜਦੋਂ ਉਹ ਵਿਥ 'ਤੇ ਹੋਵੇ ਤਾਂ ਉਸ ਨੂੰ ਯਾਦ ਕਰੀਦਾ ਹੈ। ਪ੍ਰਮਾਤਮਾ ਸਾਨੂੰ ਨਜ਼ਰ ਨਹੀਂ ਆਉਂਦਾ, ਇਸ ਲਈ ਉਸ ਨੂੰ ਯਾਦ ਕਰਨਾ ਹੈ ਤੇ ਯਾਦ ਨਾਲ ਹਜ਼ੂਰੀ ਵਿਚ ਰਹਿਣਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਵੇਲੇ ਆਤਮਾ ਵਿਚ ਸੁਰਤ ਲਾ ਕੇ ਸਮਾਧੀ ਵਿਚ ਜੀਵਨ ਬਿਤਾਈਏ। ਅਸੀਂ ਕਾਰ ਵਿਹਾਰ ਕਰਕੇ ਉਸ ਦੀ ਹਜੂਰੀ ਵਿਚ, ਪਿਆਰ ਵਿਚ ਰਹਿਣਾ ਹੈ। ਸਿਮਰਨ ਦਾ ਭਾਵ ਇਹੀ ਹੈ ਕਿ ਅੰਦਰ ਵਾਹਿਗੁਰੂ ਦੀ ਹਜੂਰੀ ਪ੍ਰਤੀਤ ਹੋਵੇ, ਫਿਰ ਉਹ ਅੰਗ ਸੰਗ ਮਹਿਸੂਸ ਹੁੰਦਾ ਹੈ, ਉਸ ਦੀ ਹਜ਼ੂਰੀ ਦਾ ਅਹਿਸਾਸ ਹੁੰਦਾ ਹੈ। ਇਸ ਮਾਰਗ 'ਤੇ ਚਲਣ ਵਾਲੇ ਨੂੰ ਜਦੋਂ ਅੰਤਰਮੁਖ ਹੋਣ ਦੀ ਜਾਚ ਆ ਜਾਂਦੀ ਹੈ, ਉਸ ਦਾ ਮਨ ਸਿਮਰਨ ਵਿਚ ਜੁੜਦਾ ਹੈ ਤਾਂ ਉਸ ਨੂੰ ਪ੍ਰਮਾਤਮਾ ਦੀ ਛੋਹ ਮਹਿਸੂਸ ਹੁੰਦੀ ਹੈ। ਇਹ ਸੁਖ, ਇਹ ਅਨੰਦ ਸਾਰੇ ਸੁੱਖਾਂ ਤੋਂ ਸੁਆਦੀ ਹੁੰਦਾ ਹੈ,

ਮਿੱਠਾ ਹੁੰਦਾ ਹੈ।

*ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥*

(ਅੰਗ ੩੩੪)

ਜਿਵੇਂ ਗੂੰਗੇ ਨੇ ਗੁੜ ਖਾਧਾ ਹੋਵੇ ਤੇ ਉਸ ਪਾਸੋਂ ਕੋਈ ਉਸ ਦਾ ਸੁਆਦ ਪੁਛੇ ਤਾਂ ਉਹ ਦੱਸ ਨਹੀਂ ਸਕਦਾ, ਇਸੇ ਤਰ੍ਹਾਂ ਇਸ ਰਸ ਦੇ ਸੁਆਦ ਨੂੰ ਵੀ ਦਸਿਆ ਨਹੀਂ ਜਾ ਸਕਦਾ।

ਜਿਵੇਂ ਕੁਰਸੀ ਨਾਲ ਢਾਸਣਾ ਲਾ ਕੇ ਬੈਠੀਏ ਤਾਂ ਕੁਰਸੀ ਦੀ ਮੌਜੂਦਗੀ ਮਹਿਸੂਸ ਹੁੰਦੀ ਹੈ, ਇਸੇ ਤਰ੍ਹਾਂ ਪ੍ਰਮੇਸ਼ਰ ਦੀ ਵੀ ਹੋਂਦ ਮਹਿਸੂਸ ਹੁੰਦੀ ਹੈ। ਅਸੀਂ ਉਸ ਨੂੰ ਵੇਖ ਨਹੀਂ ਸਕਦੇ ਪਰ ਉਸ ਦੀ ਹੋਂਦ ਦਾ ਝਉਲਾ ਪੈਂਦਾ ਹੈ। ਸੰਤ ਅਤਰ ਸਿੰਘ ਜੀ ਨੂੰ ਇਕ ਵਾਰੀ ਉਨ੍ਹਾਂ ਦੇ ਨਜ਼ਦੀਕੀ ਸੇਵਕ ਨੇ ਪੁੱਛਿਆ ਕਿ ਜਦੋਂ ਤੁਸੀਂ ਤੁਰਦੇ ਹੋ, ਕਈ ਵਾਰੀ ਇੰਝ ਝਉਲਾ ਜਿਹਾ ਪੈਂਦਾ ਹੈ ਜਿਵੇਂ ਤੁਹਾਡੇ ਨਾਲ ਕੋਈ ਹੈ। ਪਹਿਲਾਂ ਤਾਂ ਸੰਤ ਜੀ ਗੱਲ ਨੂੰ ਟਾਲਦੇ ਰਹੇ, ਕਿਉਂਕਿ-

*ਜਿਨਿ ਹਰਿ ਪਾਇਓ ਤਿਨਹਿ ਛਪਾਇਓ॥*

(ਅੰਗ ੭੧੮)

ਭਾਵ ਕਿ ਜਿਨ੍ਹਾਂ ਵੀ ਗੁਰਮੁਖ ਪਿਆਰਿਆਂ ਨੇ ਹਰੀ ਨੂੰ ਪਾਇਆ ਹੈ, ਉਹ ਇਸ ਗੱਲ ਨੂੰ ਛੁਪਾ ਕੇ ਰਖਦੇ ਹਨ ਪਰ ਸੇਵਕ ਦੇ ਬਹੁਤ ਜ਼ਿਆਦਾ ਜ਼ਿੱਦ ਕਰਨ ਤੇ ਉਨ੍ਹਾਂ ਨੇ ਦੱਸਿਆ ਕਿ ਕਲਗੀਧਰ ਪਾਤਿਸ਼ਾਹ ਆਪ ਹਰ ਵੇਲੇ ਅੰਗ ਸੰਗ ਹੋ ਕੇ ਵਰਤਦੇ ਹਨ, ਰਾਖੀ ਕਰਦੇ ਹਨ ਤੇ ਜੇ ਕਿਸੇ ਵੇਲੇ ਮਰਯਾਦਾ ਵਿਚ ਨਾ ਰਹੀਏ ਤਾਂ ਤਾੜਨਾ ਵੀ ਕਰਦੇ ਹਨ।

ਗੁਰੂ ਨਾਨਕ ਪਾਤਿਸ਼ਾਹ ਸਾਡੇ ਪਿਤਾ ਹਨ, ਅਸੀ ਉਨ੍ਹਾਂ ਦੀ ਅੰਸ਼ ਹਾਂ। ਸਾਡੀ ਇਹ ਪ੍ਰਤੀਤ ਬਣ ਜਾਵੇ, ਭਾਵਨਾ ਬਣ ਜਾਵੇ ਕਿ ਉਹ ਸਾਡੇ ਨਾਲ ਹਨ ਤੇ ਅਸੀਂ ਉਨ੍ਹਾਂ ਦੇ ਹੀ ਆਸਰੇ ਤੁਰੇ ਫਿਰਦੇ ਹਾਂ। ਦਾਸ ਦੀ ਆਮ ਕਈਆਂ ਨਾਲ ਵਿਚਾਰ ਹੁੰਦੀ ਹੈ, ਕਈ ਕਹਿ ਦੇਂਦੇ ਹਨ ਕਿ ਮੈਂ ਫਲਾਣੀ ਜਗ੍ਹਾ ਇਕੱਲਿਆਂ ਨਹੀ ਜਾਣਾ। ਫਿਰ ਦਾਸ ਜਵਾਬ ਦੇਂਦਾ ਹੈ, ਅਜੇ ਬੜੀ ਛੋਟੀ ਦ੍ਰਿਸ਼ਟੀ ਹੈ ਤੇਰੀ, ਤੂੰ ਇਕੱਲਾ ਨਹੀਂ ਹੈਂ, ਤੇਰੇ ਨਾਲ ਕੋਈ ਹੈ। ਉਸ ਨੂੰ ਪਹਿਚਾਨਣ ਦਾ ਯਤਨ ਕਰ, ਉਹ ਗੁਰੂ ਨਾਨਕ ਪਿਆਰਾ ਤੇਰੇ ਨਾਲ ਹੈ। ਜਿਸ ਦੀ ਗੁਰੂ 'ਤੇ ਸ਼ਰਧਾ ਹੋਵੇ ਉਹ ਕਦੀ ਵੀ ਇਕੱਲਾ ਨਹੀ ਹੁੰਦਾ, ਉਹ ਆਪਣੇ ਗੁਰੂ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦਾ ਹੈ।

ਬਾਬਾ ਨੰਦ ਸਿੰਘ ਜੀ ਦੇ ਸਮੇਂ ਦੀ ਇਕ ਵਾਰਤਾ ਹੈ ਕਿ ਇਕ ਵਾਰੀ ਕੀਰਤਨ ਦਾ ਬਹੁਤ ਸੋਹਣਾ ਸਮਾਂ ਬੱਝਾ ਹੋਇਆ ਸੀ। ਸੰਗਤ ਕੀਰਤਨ ਰੂਪ ਹੋਈ ਜੁੜੀ ਬੈਠੀ ਸੀ।

ਸਮਾਪਤੀ 'ਤੇ ਇਕ ਪ੍ਰੇਮੀ ਬਾਬਾ ਜੀ ਨੂੰ ਕਹਿਣ ਲੱਗਾ ਕਿ ਬਾਬਾ ਜੀ! ਅੱਜ ਕੀਰਤਨ ਦੇ ਦੌਰਾਨ ਇਕ ਖ਼ਾਸ ਮਿੱਠੀ ਤੇ ਸੁਰੀਲੀ ਅਵਾਜ਼ ਕੰਨਾਂ ਵਿਚ ਰਸ ਘੋਲ ਰਹੀ ਸੀ, ਬਹੁਤ ਅਨੰਦ ਆ ਰਿਹਾ ਸੀ। ਬਾਬਾ ਜੀ ਕਹਿੰਦੇ ਹਨ, ਓਇ ਪਿਆਰਿਆ! ਉਹ ਮਿੱਠੀ ਤੇ ਰਸ ਭਿੰਨੀ ਅਵਾਜ਼ ਗੁਰੂ ਨਾਨਕ ਪਾਤਸ਼ਾਹ ਦੀ ਸੀ ਜੋ ਆਪ ਸੰਗਤ ਵਿਚ ਬਿਰਾਜਮਾਨ ਹੋ ਕੇ ਕੀਰਤਨ ਕਰਦੇ ਤੇ ਸੁਣਦੇ ਹਨ।

ਜਿਨ੍ਹਾਂ ਕੋਲ ਸ਼ਰਧਾ ਦਾ ਕਿਣਕਾ ਹੈ, ਉਹ ਸੰਗਤ ਵਿਚ ਬੈਠੇ ਹੋਣ ਤੇ ਉਨ੍ਹਾਂ ਨੇ ਭਾਵਨਾ ਬਣਾਈ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮੇਰਾ ਮਾਲਕ ਬੈਠਾ ਹੈ। ਤੁਸੀਂ ਵੀ ਹਰਿਮੰਦਰ ਸਾਹਿਬ ਬੈਠੇ ਹੋਵੋ, ਸੰਗਤ 'ਚ ਬੈਠੇ ਹੋਵੋ ਜਾਂ ਜਿਥੇ ਵੀ ਪ੍ਰਕਾਸ਼ ਹੋਵੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ, ਜੇ ਉਸ ਨੂੰ ਵਰਕੇ ਸਿਆਹੀ ਸਮਝੋ ਤੇ ਉਹ ਗੱਲ ਨਹੀਂ ਬਣੇਗੀ, ਜੇ ਸਮਝੋ ਆਪ ਗੁਰੂ ਨਾਨਕ, ਆਪ ਕਲਗੀਧਰ ਪਾਤਸ਼ਾਹ (ਜੋਤ ਇਕ ਹੀ ਹੈ ਜਿਥੇ ਵੀ ਤੁਹਾਡੀ ਸੁਰਤ ਜੁੜਦੀ ਹੋਵੇ, ਜਿਹੜੇ ਪਾਤਸ਼ਾਹ ਦਾ ਵੀ ਤੁਸੀਂ ਧਿਆਨ ਧਰਦੇ ਹੋਵੋ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਆਸਣ 'ਤੇ ਚੌਕੜੀ ਮਾਰ ਕੇ ਬੈਠੇ ਹਨ, ਤੁਹਾਡੇ ਬੈਠਣ ਵਿਚ ਰਸ ਭਰ ਜਾਵੇਗਾ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ, ਇਕ ਬੜਾ ਹੀ ਪਿਆਰ ਵਾਲਾ ਸਿੱਖ ਭਾਈ ਸੁਜਾਨ, ਜਿਸ ਦੀ ਗੁਰੂ ਸਾਹਿਬ ਨੇ ਅਨੰਦਪੁਰ ਦੇ ਰਸਤੇ ਵਿਚ ਹਕੀਮੀ ਦੀ ਦੁਕਾਨ ਖੋਲ੍ਹ ਕੇ ਆਉਂਦੇ ਜਾਂਦੇ ਰਾਹੀਆਂ ਦੀ ਦਵਾ-ਦਾਰੂ, ਸੇਵਾ ਕਰਨ ਦੀ ਡਿਊਟੀ ਲਾਈ ਸੀ, ਉਹ ਵੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ-ਪਾਣੀ ਕਰਕੇ ਸਾਮ੍ਹਣੇ ਸੁੱਚੀ ਚੱਦਰ ਦਾ ਆਸਣ ਵਿਛਾ ਕੇ ਨਿਤਨੇਮ ਵਿਚ ਜੁੜਦਾ ਸੀ ਤੇ ਭਾਵਨਾ ਬਣਾਉਂਦਾ ਸੀ ਕਿ ਕਲਗੀਆਂ ਵਾਲੇ ਹਾਜ਼ਰ ਨਾਜ਼ਰ ਬੈਠੇ ਹਨ। ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਜਦੋਂ ਕਾਬਲ ਦੀ ਸੰਗਤ ਨੇ ਬਹੁਤ ਬੇਨਤੀਆਂ ਕੀਤੀਆਂ ਗੁਰੂ ਸਾਹਿਬ ਨੂੰ ਕਾਬਲ ਵਿਚ ਕੁਝ ਦਿਨ ਦੀਵਾਨ ਸਜਾਉਣ ਦੀਆਂ ਤਾਂ ਗੁਰੂ ਸਾਹਿਬ ਨੇ ਕਿਹਾ ਸੀ ਕਿ ਭਾਈ ਗੋਂਦਾ ਜੀ ਨੂੰ ਲੈ ਜਾਵੋ, ਇਨ੍ਹਾਂ ਵਿਚੋਂ ਤੁਹਾਨੂੰ ਸਾਡੇ ਦਰਸ਼ਨ ਹੋਣਗੇ। ਇਹ ਗੱਲ ਸੁਣ ਕੇ ਭਾਈ ਗੋਂਦਾ ਜੀ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਸੰਗਤ ਤਾਂ ਮੇਰੇ ਵਿਚੋਂ ਤੁਹਾਡੇ ਦਰਸ਼ਨ ਕਰ ਲਵੇਗੀ, ਪਰ ਮੈਨੂੰ ਤੁਹਾਡੇ ਦਰਸ਼ਨ ਕਿਵੇਂ ਹੋਣਗੇ? ਤਾਂ ਸਤਿਗੁਰੂ ਨੇ ਬਚਨ ਕੀਤਾ ਸੀ, ਨਿਤਨੇਮ ਵਿਚ ਜੁੜਨ ਲੱਗਿਆਂ ਸਾਹਮਣੇ ਸੁੱਚੀ ਚੱਦਰ ਦਾ ਆਸਣ ਵਿਛਾ ਲੈਣਾ, ਅਸੀਂ ਉਸੇ ਆਸਣ 'ਤੇ ਰੋਜ਼ ਦਰਸ਼ਨ ਦਿਆ ਕਰਾਂਗੇ। ਮਾਤਾ ਸਾਹਿਬ ਕੌਰ ਜੀ ਨੂੰ ਵੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ ਸੀ ਦਿੱਲੀ ਜਾ ਕੇ ਰਹਿਣ ਦਾ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਸਿਰ ਮਸਤਕ 'ਤੇ ਪ੍ਰਵਾਨ ਤਾਂ ਕਰ ਲਿਆ ਪਰ ਨਾਲ ਹੀ ਬੇਨਤੀ ਕੀਤੀ ਸੀ ਕਿ ਮੇਰਾ ਜੋ ਰੋਜ਼ ਨਿਤਨੇਮ ਤੋਂ ਬਾਅਦ ਤੁਹਾਡੇ ਦਰਸ਼ਨ ਕਰ ਕੇ ਕੁਝ ਛੱਕਣ ਦਾ ਨੇਮ ਹੈ, ਉਹ ਕਿਵੇਂ ਪੂਰਾ ਹੋਵੇਗਾ? ਤਾਂ ਸਤਿਗੁਰੂ ਨੇ ਆਪਣਾ ਨਿਜੀ ਸ਼ਸਤਰ ਦੇ ਕੇ ਆਖਿਆ ਸੀ ਕਿ

ਸਾਡੇ ਇਸ ਸ਼ਸਤ੍ਰ ਨੂੰ ਸਾਹਮਣੇ ਆਸਣ 'ਤੇ ਰਖਿਆ ਕਰਨਾ, ਇਸ ਵਿਚੋਂ ਤੁਹਾਨੂੰ ਸਾਡੇ ਦਰਸ਼ਨ ਹੋਣਗੇ। ਦੀਪਾਲਪੁਰ ਦੇ ਕੋਹੜੀ ਨੂੰ ਵੀ ਜਦੋਂ ਗੁਰੂ ਨਾਨਕ ਸਾਹਿਬ ਨੇ ਦਰਸ਼ਨ ਦਿੱਤੇ, ਉਸਦਾ ਕੋਹੜ ਰਾਜ਼ੀ ਕੀਤਾ ਤੇ ਜਦੋਂ ਉਥੋਂ ਤੁਰਨ ਲੱਗੇ ਤਾਂ ਦੀਪਾਲਪੁਰ ਦੇ ਕੋਹੜੀ ਨੇ ਪਿਆਰ ਵਿਚ ਬਚਨ ਕੀਤਾ ਸੀ ਕਿ ਸਤਿਗੁਰੂ ! ਤੁਸੀਂ ਜਦੋਂ ਜਾਣਾ ਹੈ ਤੇ ਮੈਂ ਸਰੀਰ ਤਿਆਗ ਦੇਣਾ ਹੈ, ਕਿਉਂਕਿ ਤੁਹਾਡੇ ਦਰਸ਼ਨਾਂ ਤੋਂ ਬਗੈਰ ਹੁਣ ਮੈਂ ਜੀਅ ਨਹੀਂ ਸਕਾਂਗਾ। ਗੁਰੂ ਨਾਨਕ ਸਾਹਿਬ ਨੇ ਬਚਨ ਕੀਤਾ ਕਿ ਸਰੀਰ ਨਹੀਂ ਤਿਆਗਣਾ, ਇਹ ਮਰਯਾਦਾ ਨਹੀਂ, ਪਰ ਅਸੀਂ ਤੇਰੇ ਪਿਆਰ ਨੂੰ ਵੇਖ ਕੇ ਤੇਰੇ ਨਾਲ ਇਹ ਬਚਨ ਕਰਦੇ ਹਾਂ ਕਿ ਜਦੋਂ ਤੂੰ ਨਿਤਨੇਮ ਤੋਂ ਬਾਅਦ ਅਰਦਾਸ ਕਰਿਆ ਕਰੇਂਗਾ, ਏਸੇ ਥੜੀ 'ਤੇ ਤੈਨੂੰ ਦਰਸ਼ਨ ਦਿਆ ਕਰਾਂਗੇ। ਦਾਸ ਦਾ ਇਹ ਕੁਝ ਕੁ ਗੁਰੂ ਪਿਆਰਿਆਂ ਦੀਆਂ ਮਿਸਾਲਾਂ ਦੇਣ ਤੋਂ ਭਾਵ ਹੈ ਕਿ ਸ਼ਰਧਾ ਵਾਲੇ ਕਦੀ ਵੀ ਇਕੱਲੇ ਨਹੀਂ ਹੁੰਦੇ, ਉਹ ਗੁਰੂ ਨੂੰ ਹਰ ਵੇਲੇ ਅੰਗ ਸੰਗ ਮਹਿਸੂਸ ਕਰਦੇ ਹਨ। ਦਾਸ ਨੂੰ ਇਕ ਗੁਰਮੁਖ ਪਿਆਰੇ ਦਾ ਜ਼ਿਕਰ ਯਾਦ ਆ ਗਿਆ, ਆਪ ਜੀ ਨਾਲ ਸਾਂਝਾ ਕਰ ਰਿਹਾ ਹਾਂ। ਗੱਲ ਥੋੜੀ ਪਿਆਰ ਵਾਲੀ ਹੈ। ਦਾਸ ਅਤੇ ਤਿੰਨ ਸਰੀਰ ਕਿਸੇ ਗੁਰਮੁਖ ਨੂੰ ਮਿਲਣ ਲਈ ਉਸ ਦੇ ਘਰ ਗਏ, ਸਰਦੀ ਦੇ ਦਿਨ ਸਨ। ਉਨ੍ਹਾਂ ਦੀ ਘਰ ਵਾਲੀ ਨੇ ਆਖਿਆ, ਉਹ ਛੱਤ 'ਤੇ ਧੁੱਪ ਸੇਕ ਰਹੇ ਹਨ। ਅਸੀਂ ਸਾਰੇ ਉਪਰ ਚਲੇ ਗਏ। ਉਹ ਕੁਰਸੀ 'ਤੇ ਬੈਠੇ ਧੁੱਪ ਸੇਕ ਰਹੇ ਸਨ। ਕੋਲ ਹੀ ਦੋ ਕੁਰਸੀਆਂ ਖ਼ਾਲੀ ਪਈਆਂ ਸਨ, ਨਾਲ ਹੀ ਇਕ ਬੈਂਚ ਵੀ ਪਿਆ ਹੋਇਆ ਸੀ। ਉਹ ਜਿੱਥੇ ਬੈਠੇ ਸਨ, ਉਨ੍ਹਾਂ ਦੇ ਬਿਲਕੁਲ ਨਾਲ ਹੀ ਇਕ ਹੋਰ ਕੁਰਸੀ ਪਈ ਸੀ ਜਿਸ 'ਤੇ ਤਹਿ ਲਗਾ ਕੇ ਇਕ ਸਾਫ-ਸੁਥਰੀ ਸੋਹਣੀ ਚਦਰ ਵਿਛੀ ਪਈ ਸੀ। ਅਸੀਂ 4 ਸਰੀਰ ਸਾਂ, ਦੋ ਕੁਰਸੀਆਂ 'ਤੇ ਬੈਠ ਗਏ ਤੇ ਇਕ ਸਰੀਰ ਬੈਂਚ ਤੇ ਬੈਠ ਗਿਆ। ਓਸ ਬੈਂਚ 'ਤੇ ਅਜੇ ਹੋਰ ਸਰੀਰ ਦੇ ਬੈਠਣ ਦੀ ਜਗ੍ਹਾ ਸੀ, ਪਰ ਚੌਥਾ ਸਰੀਰ ਉਥੇ ਨਾ ਬੈਠਾ। ਉਸ ਨੇ ਸੋਚਿਆ ਕਿ ਜਿਥੇ ਚੱਦਰ ਵਿਛੀ ਹੈ ਉਹ ਕੁਰਸੀ ਤੇ ਮੈਂ ਬੈਠ ਜਾਂਦਾ ਹਾਂ, ਬੈਠਣ ਲਈ ਚੱਦਰ ਚੁੱਕਣ ਲੱਗਾ ਤਾਂ ਨਾਲ ਹੀ ਉਹ ਗੁਰਮੁਖ ਪਿਆਰਾ ਭਿੱਜੀ ਹੋਈ ਅਵਾਜ਼ ਵਿਚ ਉਸ ਸਰੀਰ ਨੂੰ ਕਹਿਣ ਲੱਗਾ, ਇਧਰ ਬੈਂਚ 'ਤੇ ਬੈਠ ਜਾਵੋ। ਉਹ ਸਰੀਰ ਕਹਿਣ ਲੱਗਾ, ਇਥੇ ਕੁਰਸੀ 'ਤੇ ਹੀ ਬੈਠ ਜਾਂਦਾ ਹਾਂ, ਇਹ ਵੀ ਤਾਂ ਖ਼ਾਲੀ ਹੀ ਹੈ। ਉਹ ਗੁਰਮੁਖ ਪਿਆਰਾ ਬੜੇ ਪਿਆਰ ਭਰੇ ਤੇ ਨਿੱਘੇ ਲਫ਼ਜ਼ਾਂ ਵਿਚ ਕਹਿਣ ਲੱਗਾ, ਭਾਈ, ਇਹ ਤੈਨੂੰ ਖ਼ਾਲੀ ਨਜ਼ਰ ਆ ਰਹੀ ਹੈ, ਮੈਂ ਇਥੇ ਇਕੱਲਾ ਬੈਠ ਕੇ ਧੁੱਪ ਨਹੀਂ ਸੇਕ ਰਿਹਾ, ਸੁਰਤੀ ਨਾਲ ਇਸ ਕੁਰਸੀ 'ਤੇ ਮਾਲਕ ਨੂੰ ਬਿਠਾਇਆ ਹੋਇਆ ਹੈ। ਗੱਲ ਬਹੁਤ ਉੱਚੀ ਹੈ, ਬਹੁਤ ਪਿਆਰ ਵਾਲੀ ਹੈ, ਇਸ ਨੂੰ ਓਹੀ ਸਮਝ ਸਕਦਾ ਹੈ, ਜਿਹੜਾ ਇਸ ਸ਼ਰਧਾ ਦੀ ਅਵਸਥਾ 'ਤੇ ਪਹੁੰਚਿਆ ਹੈ, ਉਹ ਕਦੀ ਇਕੱਲਾ ਨਹੀਂ, ਉਸਦੇ ਗੁਰੂ ਅੰਗ ਸੰਗ ਹੈ।

ਗੁਰੂ ਸਾਹਿਬ ਵੀ ਬਾਣੀ ਵਿਚ ਚਕਵੀ ਤੇ ਸੂਰਜ ਦੀ ਪ੍ਰੀਤ ਦੀ ਮਿਸਾਲ ਦੇ ਕੇ

## ਸ਼ਰਧਾ ਦੀ ਦੂਸਰੀ ਨਿਸ਼ਾਨੀ

ਸਾਨੂੰ ਗੁਰੂ ਨੂੰ ਅੰਗ ਸੰਗ ਸਮਝਣ ਦਾ ਉਪਦੇਸ਼ ਦੇਂਦੇ ਹਨ :

*ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ॥*

(ਅੰਗ ੬੦)

ਭਾਵ ਕਿ ਪ੍ਰਮਾਤਮਾ ਨਾਲ ਐਸੀ ਪ੍ਰੀਤ ਕਰੀਏ ਜਿਵੇਂ ਚਕਵੀ ਦੀ ਸੂਰਜ ਨਾਲ ਹੈ। ਜਦੋਂ ਸੂਰਜ ਛਿਪ ਜਾਂਦਾ ਹੈ ਤੇ ਚਕਵੀ ਦੀਆਂ ਨਜ਼ਰਾਂ ਤੋਂ ਓਹਲੇ ਹੋ ਜਾਂਦਾ ਹੈ ਤਾਂ ਵੀ ਚਕਵੀ ਇਕ ਪਲ ਵੀ ਨਹੀਂ ਸੌਂਦੀ ਤੇ ਸੂਰਜ ਭਾਵੇਂ ਉਸ ਤੋਂ ਦੂਰ ਹੈ ਫਿਰ ਵੀ ਉਸ ਨੂੰ ਨੇੜੇ ਜਾਣਦੀ ਹੈ, ਆਪਣੇ ਅੰਗ ਸੰਗ ਸਮਝਦੀ ਹੈ। .

ਇਕ ਵਾਰੀ ਅਸੀ ਕਿਸੇਂ ਬਾਹਰ ਦੇ ਸ਼ਹਿਰ ਗਏ। ਉਥੇ ਇਕ ਬੜੀ ਸੋਹਣੀ ਗੱਲ ਵੇਖੀ। ਉਥੇ ਕੋਈ ਮਹਾਂਪੁਰਸ਼ ਆਏ ਹੋਏ ਸਨ। ਉਹ ਜਦੋਂ ਵੀ ਕਾਰ ਵਿਚ ਬੈਠਦੇ ਸਨ ਤਾਂ ਪਹਿਲੇ ਹੱਥ ਨਾਲ ਉਸ ਦੇ ਹੈਂਡਲ 'ਤੇ ੧ਓ ਵਾਹੁੰਦੇ ਸਨ ਫਿਰ ਮੂੰਹ ਵਿਚ ਪਹਿਲੀ ਪਉੜੀ ਪੜ੍ਹਨ ਤੋਂ ਬਾਅਦ ਡਰਾਈਵਰ ਨੂੰ ਕਹਿੰਦੇ ਸਨ, ਹੁਣ ਗੇਅਰ ਪਾ। ਇਸ ਤਰ੍ਹਾਂ ਓਟ ਲੈ ਕੇ, ਮਾਲਕ ਨੂੰ ਨਾਲ ਲੈ ਕੇ ਤੁਰਨਾ।

ਇਹ ਹੈ ਸ਼ਰਧਾ ਦੀ ਦੂਸਰੀ ਨਿਸ਼ਾਨੀ। ਜਿਸ ਨੂੰ ਸ਼ਰਧਾ ਦੀ ਦਾਤ ਪ੍ਰਾਪਤ ਹੈ, ਉਹ ਕਦੇ ਵੀ ਇਕੱਲਾ ਨਹੀਂ ਹੁੰਦਾ, ਗੁਰੂ ਨੂੰ ਹਰ ਵੇਲੇ ਅੰਗ ਸੰਗ ਮਹਿਸੂਸ ਕਰਦਾ ਹੈ। ਇਕ ਭਾਈ ਸਹਜ ਰਾਮ ਜੀ ਹੋਏ ਹਨ। ਜਦੋਂ ਵੀ ਕੀਰਤਨ ਕਰਦੇ ਸਨ, ਵਿਆਖਿਆ ਕਰਦੇ ਸਨ, ਕਈ-ਕਈ ਘੰਟੇ ਪਿਆਰ ਵਿਚ ਲੱਗੇ ਰਹਿੰਦੇ ਸਨ। ਇਕ ਵਾਰੀ ਕਿਸੇ ਨੇ ਪੁੱਛ ਲਿਆ ਕਿ ਇੰਨੇ-ਇੰਨੇ ਘੰਟੇ ਲਗਾਤਾਰ ਤੁਸੀਂ ਕਿਵੇਂ ਕਥਾ-ਕੀਰਤਨ ਕਰ ਲੈਂਦੇ ਹੋ ? ਉਨ੍ਹਾਂ ਦਸਿਆ ਕਿ ਜਦੋਂ ਅੱਖਾਂ ਮੀਟ ਕੇ ਬਾਣੀ ਪੜ੍ਹਨੀ ਸ਼ੁਰੂ ਕਰਦਾ ਹਾਂ ਤਾਂ ਗੁਰੂ ਦੀ ਮਿਹਰ ਦਾ ਹੱਥ ਆਪਣੇ ਸਿਰ 'ਤੇ ਮਹਿਸੂਸ ਹੁੰਦਾ ਹੈ। ਹੁਣ ਗੱਲ ਸਮਝਣਾ। ਕਥਾ ਬਹੁਤ ਸਰੀਰ ਕਰਦੇ ਹਨ ਤੇ ਇਹ ਮਹਿਸੂਸ ਕਰਨਾ ਕਿ ਹੱਥ ਗੁਰੂ ਦਾ ਸਿਰ 'ਤੇ ਹੈ, ਇਹ ਸ਼ਰਧਾ ਹੈ। ਭਾਈ ਸਹਜ ਰਾਮ ਜੀ ਕਹਿੰਦੇ ਹਨ, ਉਹ ਹੱਥ ਹੀ ਕਈ ਘੰਟੇ ਸੇਵਾ ਲੈਂਦਾ ਹੈ। ਰਘੁਬੀਰ ਸਿੰਘ ਬੀਰ ਦੀ ਕਿਤਾਬ 'ਬੰਦਗੀ ਨਾਮਾ' ਵਿਚ ਉਨ੍ਹਾਂ ਦਾ ਵੀ ਗੁਰੂ ਦੀ ਹੋਂਦ ਨੂੰ ਅੰਗ-ਸੰਗ ਮਹਿਸੂਸ ਕਰਨ ਦਾ ਬੜਾ ਪਿਆਰ ਵਾਲਾ ਜ਼ਿਕਰ ਮਿਲਦਾ ਹੈ। ਉਹ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਮੈਂ ਇਕ ਵਾਰੀ ਅੱਧੀ ਰਾਤ ਦੇ ਸਮੇਂ ਬੰਦਗੀ ਵਿਚ ਬੈਠੇ ਕਿਸੇ ਮੁਸ਼ਕਲ ਦੇ ਹੱਲ ਨਾ ਹੋ ਸਕਣ ਕਾਰਨ ਜ਼ਾਰ ਜ਼ਾਰ ਰੋ ਰਿਹਾ ਸੀ। ਅੱਥਰੂਆਂ ਨਾਲ ਮੇਰੀ ਆਤਮਾ ਵਿਚੋਂ ਇਕ ਤਰੰਗ ਜਿਹੀ ਉਠੀ ਤੇ ਹੌਲੀ-ਹੌਲੀ ਵੱਡੀ ਹੁੰਦੀ ਗਈ, ਜਿਸ ਨੇ ਮੇਰੀ ਆਤਮਾ ਨੂੰ ਆਪਣੀ ਜੱਫੀ ਵਿਚ ਲਪੇਟ ਲਿਆ ਤੇ ਪਿਆਰ ਨਾਲ ਘੁੱਟ ਕੇ ਆਪਣੇ ਨਾਲ ਲਾ ਲਿਆ। ਲਿਖਦੇ ਹਨ ਕਿ ਮੈਂ ਇੰਝ ਮਹਿਸੂਸ ਕੀਤਾ ਕਿ ਇਸ ਆਤਮਿਕ ਤਰੰਗ ਨੇ ਮੈਨੂੰ ਪਿਆਰ ਦੀ ਗਲਵੱਕੜੀ ਪਾਈ ਹੋਈ ਹੈ। ਇਸ ਜੱਫੀ

ਵਿਚ ਉਹ ਅਨੰਦ ਸੀ ਕਿ ਬਚਪਨ ਵਿਚ ਮਾਤਾ ਪਿਤਾ ਦੀਆਂ ਜੱਫੀਆਂ ਨੂੰ ਮਾਤ ਕਰ ਰਿਹਾ ਸੀ। ਇਹ ਆਤਮਕ ਤਰੰਗ ਮੇਰੇ ਅਥਰੂ ਪੂੰਝਦੀ, ਸਿਰ 'ਤੇ ਹੱਥ ਫੇਰਦੀ ਤੇ ਦਿਲਾਸਾ ਦੇਂਦੀ ਜਾਂਦੀ ਸੀ। ਅੱਗੇ ਲਿਖਦੇ ਹਨ ਕਿ ਇਸੇ ਅਵਸਥਾ ਵਿਚ ਹੀ ਮੈਂ ਸੌਂ ਗਿਆ ਜਾਂ ਇਵੇਂ ਕਹਿ ਲਵੋ ਕਿ ਮੈਂ ਸਾਰੀ ਰਾਤ ਸੁਖ-ਨੀਂਦਰ ਦੀ ਅਵਸਥਾ ਵਿਚ ਪਿਆ ਰਿਹਾ। ਸਵੇਰ ਹੁੰਦਿਆਂ ਹੀ ਮੇਰੀ ਤਮਾਮ ਮੁਸ਼ਕਲ ਵੀ ਹੱਲ ਹੋਈ ਪਈ ਸੀ। ਇਸ ਮੁਸ਼ਕਲ ਦਾ ਹੱਲ ਹੋਣਾ ਮੇਰੀ ਇਨਸਾਨੀ ਅਕਲ ਵਾਸਤੇ ਇਕ ਭਾਰੀ ਅਚੰਭਾ ਸੀ। ਜਿਸ ਗੱਲ ਨੂੰ ਮੈਂ ਦੋ ਦਿਨ ਪਹਿਲੇ ਅਸੰਭਵ ਸਮਝਦਾ ਸੀ, ਉਹ ਗੱਲ ਮੇਰੀਆਂ ਅੱਖਾਂ ਸਾਹਮਣੇ ਸੰਭਵ ਹੋਈ ਪਈ ਸੀ। ਉਹ ਕਹਿੰਦੇ ਹਨ, ਉਸ ਦਿਨ ਮੈਨੂੰ ਮਹਿਸੂਸ ਹੋਇਆ ਕਿ ਮੈਂ ਇਕੱਲਾ ਨਹੀਂ ਹਾਂ, ਕੋਈ ਮੇਰੇ ਨਾਲ ਹੈ।

ਗੁਰੂ ਨਾਨਕ ਸੂਖਮ ਵੀ ਹੈ ਤੇ ਅਸਥੂਲ ਵੀ। ਅਸਥੂਲ ਉਸ ਨੂੰ ਕਹਿੰਦੇ ਹਨ ਜੋ ਚੀਜ਼ ਸਾਹਮਣੇ ਦਿਖਾਈ ਦੇ ਰਹੀ ਹੈ ਪਰ ਜੋ ਚੀਜ਼ ਸਾਹਮਣੇ ਦਿਖਾਈ ਨਹੀਂ ਦੇ ਰਹੀ, ਹਰ ਵੇਲੇ ਆਸ ਪਾਸ ਮਹਿਸੂਸ ਹੋ ਰਹੀ ਹੈ, ਉਹ ਹੈ ਸੂਖਮ। ਜੋ ਦਿਖਾਈ ਨਹੀਂ ਦੇ ਰਹੀ ਪਰ ਉਸ ਦੀ ਹੋਂਦ ਦਾ ਅਹਿਸਾਸ ਹਰ ਵੇਲੇ ਹੈ, ਹਰ ਪਲ ਹੈ, ਉਹ ਸੂਖਮ ਹੈ। ਉਹ ਅਸਥੂਲ ਵੀ ਵਰਤਦਾ ਹੈ, ਸੂਖਸ਼ਮ ਵੀ ਵਰਤਦਾ ਹੈ। ਜਿਹੜਾ ਅੰਮ੍ਰਿਤਧਾਰੀ ਹੋਵੇ, 7 ਬਾਣੀਆਂ, 5 ਬਾਣੀਆਂ ਅੰਮ੍ਰਿਤ ਵੇਲੇ ਦੀਆਂ, ਜਪੁਜੀ ਸਾਹਿਬ, ਜਾਪ ਸਾਹਿਬ, ਸਵਯੇ, ਚੌਪਈ ਸਾਹਿਬ, ਅਨੰਦ ਸਾਹਿਬ, ਸ਼ਾਮ ਨੂੰ ਰਹਿਰਾਸ ਸਾਹਿਬ ਤੇ ਰਾਤ ਨੂੰ ਕੀਰਤਨ ਸੋਹਿਲਾ ਦਾ ਨਿਤਨੇਮੀ ਹੋਵੇ, ਸੁਖਮਨੀ ਸਾਹਿਬ ਦੀ ਬਾਣੀ ਦੀ ਰੋਜ਼ ਹਾਜ਼ਰੀ ਭਰੇ, ਘੱਟ ਤੋਂ ਘੱਟ ਅੱਧਾ ਘੰਟਾ ਰੋਜ਼ ਸਿਮਰਨ ਵਿਚ ਜੁੜੇ, ਕਿਸੇ ਦਾ ਬੁਰਾ ਨਾ ਕਰੇ, ਉਸ ਦੇ ਨਾਲ ਗੁਰੂ ਹਰ ਵੇਲੇ ਹੈ, ਅੰਗ ਸੰਗ ਹੈ। ਜਿਹੜੇ ਵੀ ਉਸ ਦੇ ਬਣਨ, ਉਸ ਨਾਲ ਪ੍ਰੀਤ ਕਰਨ, ਉਹ ਪ੍ਰਤੱਖ ਹੋ ਕੇ ਵਰਤਦਾ ਹੈ, ਇਕ-ਇਕ ਕਾਰਜ ਆਪਣੇ ਸੇਵਕਾਂ ਦਾ ਸੁਆਰਦਾ ਹੈ। ਉਹ ਪੱਤੇ-ਪੱਤੇ ਵਿਚ ਮੌਜੂਦ ਹੈ, ਸਿਰਫ਼ ਲੋੜ ਹੈ ਉਸ ਦਾ ਮਾਰਗ਼ ਅਪਨਾਉਣ ਦੀ, ਉਸ ਦਾ ਬਣਨ ਦੀ, ਉਸ ਦੀਆਂ ਦੱਸੀਆਂ ਮਰਯਾਦਾਵਾਂ ਵਿਚ ਰਹਿਣ ਦੀ, ਫਿਰ ਉਹ ਸਾਰੀ ਜ਼ਿੰਦਗੀ 24 ਘੰਟੇ ਅੰਗ ਸੰਗ ਰਹੇਗਾ। ਇਹ ਕੋਈ ਛੋਟੀ ਡਿਊਟੀ ਨਹੀਂ। ਜਿਤਨੇ ਵੀ ਨੌਕਰੀਆਂ ਵਾਲੇ ਹਨ, ਤਕਰੀਬਨ 8 ਘੰਟੇ ਬਾਅਦ ਕਲਮ ਛੱਡ ਦੇਂਦੇ ਹਨ ਕਿ ਸਾਡੀ ਡਿਊਟੀ ਖ਼ਤਮ ਪਰ ਗੁਰੂ 24 ਘੰਟੇ, ਸਾਰੀ ਜ਼ਿੰਦਗੀ ਅੰਗ ਸੰਗ ਹੋ ਕੇ ਡਿਊਟੀ ਦੇਂਦਾ ਹੈ।

ਸਾਡੇ ਘਰ ਵਿਚ 2-4 ਮਿਸਤ੍ਰੀ ਲੱਗੇ ਹੋਣ ਤੇ ਭਸੂੜੀ ਪਈ ਹੁੰਦੀ ਹੈ ਕਿ ਉਨ੍ਹਾਂ ਦੇ ਸਿਰ 'ਤੇ ਵੀ ਬੈਠਣਾ ਹੈ, ਬਜ਼ਾਰੋਂ ਸਮਾਨ ਵੀ ਲਿਆ ਕੇ ਦੇਣਾ ਹੈ ਪਰ ਇਹ ਪਰਤੱਖ ਅੱਖੀਂ ਵੇਖੀਆਂ ਗੱਲਾਂ ਹਨ। ਬਾਬਾ ਕੁੰਦਨ ਸਿੰਘ ਜੀ ਨਾਨਕਸਰ ਵਾਲਿਆਂ ਨੇ ਕਈ ਗੁਰਦੁਆਰੇ, ਸਕੂਲ, ਕਾਲਜ, ਧਰਮਸ਼ਾਲਾ ਬਣਾਈਆਂ। ਆਪ ਉਹ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਦੀ ਸੇਵਾ ਵਿਚ ਹੁੰਦੇ ਸਨ, ਪਰ ਉਨ੍ਹਾਂ ਦੇ ਸਾਰੇ ਕਾਰਜ ਆਪ ਗੁਰੂ ਨਾਨਕ ਸਾਹਿਬ ਹਾਜ਼ਰ ਨਾਜ਼ਰ ਹੋ ਕੇ ਸਵਾਰਦੇ ਰਹੇ ਹਨ ਬਾਬਾ ਜੀ ਦੀ ਭਾਵਨਾ ਸੀ ਗੁਰੂ ਨਾਨਕ ਸਾਹਿਬ ਸਾਡੇ ਅੰਗ ਸੰਗ ਹਨ। ਅਸੀਂ ਇਕੱਲੇ ਨਹੀਂ ਹਾਂ।

ਇਕ ਵਾਰੀ ਦਾਸ ਨੂੰ ਇਕ ਗੁਰਮੁਖ ਪਿਆਰਾ ਮਿਲਿਆ। ਬਹੁਤ ਹੀ ਵੈਰਾਗ ਵਿਚ ਸੀ, ਆਖਣ ਲੱਗਾ, ਕੀ ਮੈਨੂੰ ਗੁਰੂ ਨਾਨਕ ਦੇ ਦਰਸ਼ਨ ਨਹੀਂ ਹੋਣਗੇ ? ਦਾਸ ਨੇ ਕਿਹਾ ਜੇ ਅਜੇ ਨਹੀਂ ਤੇਰੀ ਇੰਨੀ ਕਮਾਈ, ਇੰਨੀ ਅਵਸਥਾ ਕਿ ਪ੍ਰਤੱਖ ਦਰਸ਼ਨਾਂ ਦੀ ਪ੍ਰਾਪਤੀ ਹੋਵੇ ਪਰ ਉਹ ਹੈ ਤਾਂ ਤੇਰੇ ਨੇੜੇ ਹੀ, ਹਰ ਵੇਲੇ ਤੇਰੇ ਕੋਲ, ਤੇਰੇ ਅੰਗ ਸੰਗ। ਦਾਸ ਨੇ ਕਿਹਾ, ਮੈਨੂੰ ਦਸ ਕੀ ਤੇਰਾ ਕੋਈ ਕੰਮ ਰੁਕਿਆ ਹੈ ? ਕਹਿੰਦਾ ਨਹੀਂ। ਮੈਂ ਕਿਹਾ ਉਹ ਜਿਹੜਾ ਤੇਰੇ ਸਾਰੇ ਕਾਰਜ ਸੁਆਰ ਰਿਹਾ ਹੈ, ਹਰ ਵੇਲੇ ਤੇਰੇ ਅੰਗ ਸੰਗ ਹੈ, ਤੂੰ ਮਹਿਸੂਸ ਕਰ ਕਿ ਤੂੰ ਇਕੱਲਾ ਨਹੀਂ, ਗੁਰੂ ਤੇਰੇ ਅੰਗ ਸੰਗ ਹੈ। ਸਮੇਂ 'ਤੇ ਪ੍ਰਤੱਖ ਦਰਸ਼ਨ ਵੀ ਹੋ ਜਾਣਗੇ।

ਆਹ ਵੇਖੋ, ਤਿੱਬਤ ਵਿਚ ਅਨੇਕਾਂ ਤਿੱਬਤੀ ਗੁਰੂ ਨਾਨਕ ਸਾਹਿਬ ਨੂੰ ਕਿੰਨਾ ਅੰਗ ਸੰਗ ਮਹਿਸੂਸ ਕਰਦੇ ਹਨ। ਕਿਸੇ ਤਿਬਤੀ ਨੇ ਦਾਸ ਨੂੰ ਬਚਨ ਸੁਣਾਇਆ। ਕਹਿੰਦਾ ਹੈ, ਸਾਨੂੰ ਤਿੱਬਤ ਵਿਚ ਕਿਸੇ ਗੱਲ ਦੀ ਦੁਚਿੱਤੀ ਬਣ ਜਾਵੇ, ਇਹ ਪਲਾਟ ਲਈਏ ਕਿ ਨਾ, ਇਥੇ ਬੱਚੀ ਦਾ ਰਿਸ਼ਤਾ ਕਰੀਏ ਕਿ ਨਾ, ਅਸੀਂ ਹਰ ਕੰਮ ਗੁਰੂ ਨਾਨਕ ਤੋਂ ਪੁੱਛ ਕੇ ਕਰਦੇ ਹਾਂ। ਦਾਸ ਨੇ ਕਿਹਾ ਉਹ ਕਿਵੇਂ, ਕੀ ਗੁਰੂ ਨਾਨਕ ਪ੍ਰਤੱਖ ਰੂਪ ਹੋ ਕੇ ਦਸਦੇ ਹਨ ਕਿ ਕਰ ਲਉ ਜਾਂ ਨਾ ਕਰ ਲਉ ? ਉਹ ਕਹਿਣ ਲੱਗਾ ਕਿ ਸਾਡੀ ਇੰਨੀ ਕਮਾਈ ਨਹੀਂ, ਕਿ ਗੁਰੂ ਨਾਨਕ ਪ੍ਰਤੱਖ ਦਰਸ਼ਨ ਦੇਵੇ। ਸਾਡੇ ਦੇਸ਼ ਤਿੱਬਤ ਵਿਚ ਇਕ ਰਿਵਾਜ ਹੈ ਕਿ ਜਦੋਂ ਕੋਈ ਦੁਚਿੱਤੀ ਹੋਵੇ, ਉਥੇ ਇਕ ਦਰਿਆਏ ਸਿੰਧ ਨਦੀ ਹੈ, ਜਿਸ ਵਿਚ ਲੱਕ ਤਕ ਪਾਣੀ ਹੁੰਦਾ ਹੈ। ਉਸ ਵਿਚ ਦੋ ਰੰਗਾਂ ਦੇ ਪੱਥਰ ਹੁੰਦੇ ਹਨ-ਚਿੱਟੇ ਤੇ ਕਾਲੇ। ਅਸੀਂ ਉਸ ਨਦੀ ਵਿਚ ਖੜੇ ਹੋ ਕੇ ਭਾਵਨਾ ਬਣਾਉਂਦੇ ਹਾਂ ਕਿ ਗੁਰੂ ਨਾਨਕ ਹਾਜ਼ਰ ਹੈ ਤੇ ਫਿਰ ਬੇਨਤੀ ਕਰਦੇ ਹਾਂ ਗੁਰੂ ਨਾਨਕ ਲਾਂਬਾ ( ਨੋਟ : ਤਿੱਬਤ ਵਿਚ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਨਾਨਕ ਲਾਬਾਂ ਕਹਿੰਦੇ ਹਨ) ਐ ਦੁਚਿੱਤੀ ਹੈ, ਐ ਮੁਸ਼ਕਲ ਹੈ। ਫਿਰ ਬੇਨਤੀ ਕਰਕੇ ਅਰਦਾਸ ਕਰ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਅੰਗ ਸੰਗ ਸਮਝ ਕੇ ਅਸੀਂ ਨਦੀ ਵਿਚੋਂ ਹੱਥ ਥੱਲੇ ਕ਼ਰ ਕੇ ਇਕ ਪੱਥਰ ਚੁੱਕਦੇ ਹਾਂ। ਜੇ ਸਾਡੇ ਹੱਥ ਵਿਚ ਚਿੱਟਾ ਪੱਥਰ ਆ ਜਾਵੇ ਤਾਂ ਅਸੀਂ ਸਮਝਦੇ ਹਾਂ ਗੁਰੂ ਨਾਨਕ ਸਾਹਿਬ ਜੀ ਨੇ ਹਾਂ ਕਰ ਦਿੱਤੀ ਹੈ ਤੇ ਜੇ ਕਾਲਾ ਆਵੇ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਨਾਂਹ ਕਰ ਦਿੱਤੀ ਹੈ। ਉਹ ਕਹਿਣ ਲੱਗਾ ਕਿ ਸਾਡਾ ਵਿਸ਼ਵਾਸ ਹੈ ਕਿ ਗੁਰੂ ਨਾਨਕ ਸਾਹਿਬ ਹਾਜ਼ਰ ਨਾਜ਼ਰ ਹਨ, ਸਾਡੇ ਅੰਗ ਸੰਗ ਹਨ ਤੇ ਉਹ ਸਾਡੇ ਹੱਥ ਵਿਚ ਉਹੀ ਪੱਥਰ ਦੇਣਗੇ ਜੋ ਸਾਡੇ ਲਈ ਭਲਾ ਹੈ। ਇਸ਼ਾਰਾ ਲੈਣਾ, ਸ਼ਰਧਾ ਦੀ ਦੂਜੀ ਨਿਸ਼ਾਨੀ, ਗੁਰੂ ਨੂੰ ਅੰਗ ਸੰਗ ਸਮਝਣਾ ਇਹਨਾਂ ਦੀ ਝੋਲੀ ਪਿਆ ਹੈ।

'ਭਾਈ ਰੂਪੇ' ਨੂੰ ਕੇਵਲ ਢਾਈ ਮਿੰਟ ਸੰਗਤ ਹੋਈ ਸੀ ਗੁਰੂ ਨਾਨਕ ਦੀ। ਐਸਾ ਛਿੱਟਾ ਪਿਆ, ਐਸੀ ਮਿਹਰ ਹੋਈ, ਐਸਾ ਗੁਰੂ ਸਾਹਿਬ ਸਾਹਿਬ ਜੀ ਦੇ ਬਚਨਾਂ ਨਾਲ ਰੰਗਿਆ ਗਿਆ ਕਿ ਅੰਦਰ ਇਕ ਅਟੁੱਟ ਵਿਸ਼ਵਾਸ ਬੱਝ ਗਿਆ ਕਿ ਗੁਰੂ ਨਾਨਕ ਹਰ ਵੇਲੇ ਮੇਰੇ ਨਾਲ ਹੈ, ਗੁਰੂ ਅੰਗ ਸੰਗ ਮਹਿਸੂਸ ਹੋਣ ਲਗ ਗਿਆ। ਜਿਵੇਂ ਇਕ ਗਾਥਾ ਵੀ ਹੈ, ਇਕ ਰੱਬ ਦੇ ਪਿਆਰੇ ਦੀ। ਬਹੁਤ ਵਿਸ਼ਵਾਸ ਸੀ ਉਸ ਨੂੰ ਕਿ ਮੇਰਾ ਮਾਲਕ ਮੇਰੇ ਅੰਗ ਸੰਗ ਹੈ। ਉਹ ਹਰ ਵੇਲੇ ਉਸ ਨੂੰ ਆਪਣੇ ਨਾਲ ਮਹਿਸੂਸ ਕਰਦਾ ਸੀ। ਇਕ ਦਿਨ ਉਹ ਸਮੁੰਦਰ ਦੇ ਕਿਨਾਰੇ ਆਪਣੇ ਪ੍ਰਮੇਸ਼ਰ ਦੇ ਰੰਗ ਵਿਚ ਤੁਰਿਆ ਜਾ ਰਿਹਾ ਸੀ। ਤੁਰਦੇ-ਤੁਰਦੇ ਜਦੋਂ ਉਹ ਆਪਣੇ ਪਿਛੇ ਵੇਖਦਾ ਸੀ ਤੇ ਦੋ ਆਦਮੀਆਂ ਦੇ ਪੈਰਾਂ ਦੇ ਨਿਸ਼ਾਨ ਵੇਖ ਕੇ ਸ਼ੁਕਰਾਨਾ ਕਰਦਾ ਸੀ ਕਿ ਹੇ ਨਿਰੰਕਾਰ ! ਤੂੰ ਮੇਰੇ ਅੰਗ-ਸੰਗ ਹੈਂ, ਇਕ ਮੇਰੇ ਪੈਰਾਂ ਦੇ ਨਿਸ਼ਾਨ ਤੇ ਦੂਜੇ ਤੇਰੇ ਪੈਰਾਂ ਦੇ ਹਨ। ਤੂੰ ਮੇਰੇ ਨਾਲ ਤੁਰ ਰਿਹਾ ਹੈਂ। ਅਚਾਨਕ ਸਮੁੰਦਰ 'ਚੋਂ ਇਕ ਪਾਣੀ ਦੀ ਛੱਲ ਆਈ ਤੇ ਉਸ ਵਿਚ ਉਹ ਪੂਰਾ ਹੀ ਡੁੱਬ ਗਿਆ। ਇਕ ਦੋ ਗੋਤੇ ਆਏ, ਕਿਉਂਕਿ ਤੈਰਨਾ ਆਉਂਦਾ ਨਹੀਂ ਸੀ। ਇਕ ਦੋ ਮਿੰਟ ਬਾਅਦ ਹੀ ਪਾਣੀ ਦੀ ਛੱਲ ਚਲੀ ਗਈ। ਉਹ ਸੋਚਣ ਲੱਗਾ ਕਿ ਮੈਂ ਡੁੱਬ ਵੀ ਸਕਦਾ ਸੀ, ਬੜੀ ਮੁਸ਼ਕਿਲ ਬਚਿਆ ਹਾਂ, ਪਾਣੀ ਦੀ ਛੱਲ ਮੈਨੂੰ ਸਮੁੰਦਰ ਵਿਚ ਰੋੜ ਕੇ ਵੀ ਲਿਜਾ ਸਕਦੀ ਸੀ, ਪਤਾ ਨਹੀਂ ਕਿਵੇਂ ਪ੍ਰਮੇਸ਼ਰ ਨੇ ਆਪ ਹੀ ਹੱਥ ਦੇ ਕੇ ਬਚਾ ਲਿਆ ਹੈ। ਇਹ ਸੋਚ ਹੀ ਰਿਹਾ ਸੀ ਕਿ ਇਕ ਦਮ ਖ਼ਿਆਲ ਆਇਆ ਕਿ ਮੇਰਾ ਪ੍ਰਮਾਤਮਾ ਤਾਂ ਮੇਰੇ ਨਾਲ ਤੁਰਿਆ ਆ ਰਿਹਾ ਸੀ ਪਰ ਜਦੋਂ ਪਿੱਛੇ ਤਕਿਆ ਤੇ ਕੀ ਦੇਖਿਆ ਜਿਥੇ ਪਹਿਲੇ 2 ਬੰਦਿਆਂ ਦੇ ਪੈਰਾਂ ਦੇ ਨਿਸ਼ਾਨ ਬਣ ਰਹੇ ਸਨ, ਪਰ ਜਿਸ ਜਗ੍ਹਾ ਤੇ ਛਲ ਆਈ ਸੀ ਉਥੇ ਇਕ ਹੀ ਇਨਸਾਨ ਦੇ ਕਦਮਾਂ ਦੇ ਨਿਸ਼ਾਨ ਸਨ। ਉਹ ਥੋੜਾ ਉਦਾਸ ਹੋ ਗਿਆ। ਕਹਿਣ ਲੱਗਾ ਵਾਹ ਰੱਬਾ ! ਤੂੰ ਵੀ ਦੁਨੀਆਂ ਦੇ ਆਮ ਲੋਕਾਂ ਵਾਂਗ ਹੀ ਨਿਕਲਿਆ। ਉਹ ਦੁੱਖ ਵਿਚ ਸਾਥ ਛੱਡ ਦੇਂਦੇ ਹਨ ਪਰ ਜਦੋਂ ਮੇਰੇ 'ਤੇ ਮੁਸ਼ਕਲ ਦੀ ਘੜੀ ਆਈ, ਤੂੰ ਵੀ ਉਨ੍ਹਾਂ ਲੋਕਾਂ ਦੀ ਤਰ੍ਹਾਂ ਮੇਰਾ ਸਾਥ ਛੱਡ ਦਿਤਾ। ਇਹ ਸੁਣ ਕੇ ਨਿਰੰਕਾਰ ਪ੍ਰਗਟ ਹੋਏ ਤੇ ਆਪਣੇ ਪਿਆਰੇ ਦਾ ਸ਼ੰਕਾ ਦੂਰ ਕਰਨ ਲਈ ਕਿਹਾ ਪਿਆਰਿਆ! ਮੈਂ ਕਿਧਰੇ ਨਹੀਂ ਸੀ ਗਿਆ, ਮੈਂ ਪਹਿਲੇ ਵੀ ਤੇਰੇ ਨਾਲ ਸੀ ਤੇ ਜਦੋਂ ਦੁੱਖ ਦੀ ਘੜੀ ਬਣੀ ਉਦੋਂ ਵੀ ਤੇਰੇ ਨਾਲ ਸੀ ਤੇ ਹੁਣ ਜਦੋਂ ਤੂੰ ਮੇਰੇ ਤੇ ਸ਼ਿਕਵਾ ਕਰ ਰਿਹਾ ਹੈਂ, ਇਸ ਸਮੇਂ ਵੀ ਤੇਰੇ ਨਾਲ ਹਾਂ। ਜਦੋਂ ਸਮੁੰਦਰ ਵਿਚ ਛੱਲ ਆਈ, ਉਸ ਅਉਖੀ ਘੜੀ ਵੇਲੇ ਮੈਂ ਤੈਨੂੰ ਆਪਣੀ ਗੋਦੀ ਵਿਚ ਚੁੱਕ ਲਿਆ ਸੀ ਤਾਂ ਕਿ ਉਹ ਛੱਲ ਤੈਨੂੰ ਸਮੁੰਦਰ ਵਿਚ ਲਿਜਾ ਕੇ ਡੋਬ ਨਾ ਦੇਵੇ। ਜਿਹੜੇ ਇਕ ਦੇ ਪੈਰਾਂ ਦੇ ਨਿਸ਼ਾਨ ਤੂੰ ਵੇਖੇ, ਉਹ ਤੇਰੇ ਪੈਰਾਂ ਦੇ ਨਹੀਂ, ਉਹ ਮੇਰੇ ਪੈਰਾਂ ਦੇ ਸਨ ਕਿਉਂਕਿ ਤੈਨੂੰ ਤਾਂ ਮੈਂ ਗੋਦ ਵਿਚ ਚੁੱਕਿਆ ਹੋਇਆ ਸੀ। ਇਕ ਗਾਥਾ ਹੈ, ਸ਼ਰਧਾ ਵਾਲੇ ਮਹਿਸੂਸ ਕਰਦੇ ਹਨ ਕਿ ਮੈਂ ਇਕੱਲਾ ਨਹੀਂ, ਮੇਰੇ ਨਾਲ ਗੁਰੂ ਹੈ। ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ

ਫ਼ੌਜ ਵਿਚ ਨੌਕਰੀ ਕਰਦੇ ਸਨ ਤੇ ਹਰ ਵੇਲੇ ਗੁਰੂ ਸਾਹਿਬ ਦੇ ਚਰਨਾਂ 'ਚ ਮਗਨ ਰਹਿੰਦੇ ਸਨ। ਇਕ ਵਾਰੀ ਆਪਣੇ ਰੋਜ਼ ਦੇ ਨੇਮ ਅਨੁਸਾਰ ਅੰਮ੍ਰਿਤ ਵੇਲੇ ਨਦੀ ਦੇ ਕਿਨਾਰੇ ਬੰਦਗੀ ਲਈ ਗਏ। ਇਤਫ਼ਾਕ ਐਸਾ ਹੋਇਆ ਕਿ ਉਸ ਦਿਨ ਐਸਾ ਮਨ ਜੁੜਿਆ ਕਿ ਪਤਾ ਹੀ ਨਹੀਂ ਚਲਿਆ ਕਿ ਕਦੋਂ ਦੁਪਹਿਰ ਹੋ ਗਈ। ਜਦੋਂ ਨੇਤ੍ਰ ਖੋਲ੍ਹੇ ਤੇ ਦੇਖਿਆ ਕਿ ਅੱਜ ਤਾਂ ਬਹੁਤ ਲੇਟ ਹੋ ਗਏ ਹਾਂ, ਪਰੇਡ ਵਿਚ ਸ਼ਾਮਲ ਨਾ ਹੋਣ ਵਾਲੇ ਦਾ ਕੋਰਟ ਮਾਰਸ਼ਲ ਹੋ ਜਾਂਦਾ ਹੈ। ਅਗਲੇ ਦਿਨ ਡਿਊਟੀ 'ਤੇ ਪਹੁੰਚੇ, ਜਾ ਕੇ ਕਮਾਂਡਰ ਕੋਲੋਂ ਕੱਲ ਦੀ ਪਰੇਡ ਵਿਚ ਸ਼ਾਮਲ ਨਾ ਹੋ ਸਕਣ ਦੀ ਮਾਫ਼ੀ ਮੰਗੀ। ਕਮਾਂਡਰ ਹੈਰਾਨ ਹੋ ਕੇ ਕਹਿੰਦਾ ਹੈ, ਤੁਸੀਂ ਤੇ ਕੱਲ ਪਰੇਡ ਵਿਚ ਸਭ ਤੋਂ ਅੱਗੇ ਤੇ ਸੁਚੇਤ ਸੀ। ਤੁਹਾਡੀ ਤਾਂ ਕੱਲ ਦੀ ਪਰੇਡ ਤੋਂ ਖ਼ੁਸ਼ ਹੋ ਕੇ ਵੱਡੇ ਅਫ਼ਸਰ ਨੇ ਤੁਹਾਡੀ ਤਰੱਕੀ ਕਰ ਦਿੱਤੀ ਹੈ। ਉਸ ਨੇ ਸੰਤ ਅਤਰ ਸਿੰਘ ਜੀ ਨੂੰ ਹਾਜ਼ਰੀ ਵਾਲਾ ਰਜਿਸਟਰ ਵੀ ਦਿਖਾਇਆ ਜਿਸ 'ਤੇ ਉਨ੍ਹਾਂ ਦੇ ਦਸਤਖ਼ਤ ਵੀ ਮੌਜੂਦ ਸਨ। ਸੰਤ ਜੀ ਸਮਝ ਗਏ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਨ੍ਹਾਂ ਦੇ ਚਰਨਾਂ 'ਚ ਉਹ ਜੁੜੇ ਹੋਏ ਸਨ, ਨੇ ਆਪ ਉਨ੍ਹਾਂ ਦਾ ਰੂਪ ਧਾਰ ਕੇ ਉਨ੍ਹਾਂ ਦੀ ਜਗ੍ਹਾ 'ਤੇ ਡਿਊਟੀ ਦਿੱਤੀ ਹੈ। ਉਸ ਦਿਨ ਤੋਂ ਸੰਤ ਜੀ ਮਹਿਸੂਸ ਕਰਨ ਲੱਗ ਪਏ ਕਿ ਉਹ ਇਕੱਲੇ ਨਹੀਂ, ਗੁਰੂ ਹਰ ਵੇਲੇ ਅੰਗ ਸੰਗ ਹੈ।

ਗੁਰਮੁਖ ਰੂਹਾਂ ਨਾਲ ਜਦੋਂ ਐਸੀਆਂ ਗੱਲਾਂ ਵਾਪਰਨ, ਉਹ ਗੁਰੂ ਨਾਲ ਹੋਰ ਪਿਆਰ ਵਧਾ ਦੇਂਦੀਆਂ ਹਨ ਕਿ ਸਤਿਗੁਰੂ ! ਤੂੰ ਇਤਨੀ ਨੇੜੇ ਹੈਂ। ਸੰਤ ਅਤਰ ਸਿੰਘ ਜੀ ਇਸ ਘਟਨਾ ਤੋਂ ਬਾਅਦ ਇੰਨਾ ਪਿਆਰ ਵਿਚ ਆਏ ਤੇ ਕਹਿੰਦੇ ਹਨ ਹੁਣ ਫ਼ੌਜ ਦੀ ਨੌਕਰੀ ਨਹੀਂ ਕਰਨੀ। ਜਿਹੜਾ ਇਤਨੀ ਨੇੜੇ ਹੈ ਹੁਣ ਤਾਂ ਉਸ ਸੱਚੇ ਮਾਲਕ ਦੀ ਹੀ ਨੌਕਰੀ ਕਰਨੀ ਹੈ।

ਭਾਈ ਜੋਗਾ ਜੀ ਦੀ ਵੀ ਇਹ ਅੱਖ ਉਦੋਂ ਖੁੱਲ੍ਹੀ ਜਦੋਂ ਅਨੰਦਪੁਰ ਸਾਹਿਬ ਕਹਿੰਦਾ ਹੈ, ਮਹਾਰਾਜ ! ਝੋਕਾਂ ਲੈ ਰਹੇ ਹੋ ਸੁੱਤੇ ਨਹੀਂ ? ਕਲਗੀਧਰ ਜੀ ਕਹਿੰਦੇ ਹਨ, ਜੋਗਿਆ, ਜਗਾਵੇਂ ਵੀ ਆਪ ਤੇ ਪੁੱਛੇਂ ਵੀ ਆਪ। ਫਿਰ ਵੈਰਾਗ ਵਿਚ ਆ ਗਏ। ਪੰਜਵੇਂ ਜਾਮੇ ਵਿਚ ਤਤੀ ਲੋਅ 'ਤੇ ਬੈਠੇ ਸਿੱਖੀ ਖ਼ਾਤਰ, ਨੌਵੇਂ ਜਾਮੇਂ ਵਿਚ ਚਾਂਦਨੀ ਚੌਂਕ ਸੀਸ ਕਟਵਾਇਆ ਪਰ ਨਹੀਂ ਸੀ ਪਤਾ ਕਿ ਦਸਵੇਂ ਜਾਮੇ ਵਿਚ ਸਿੱਖੀ ਖ਼ਾਤਰ ਵੇਸਵਾ ਦੇ ਬੂਹੇ ਤੇ ਵੀ ਪਹਿਰਾ ਦੇਣਾ ਪੈਣਾ ਹੈ। ਉਸ ਵੇਲੇ ਅੱਖ ਖੁੱਲ੍ਹੀ। ਮਹਾਰਾਜ ! ਉਹ ਤੁਸੀਂ ਸੀ ? ਹੁਣ ਗੁਰੂ ਕਿੰਨਾ ਅੰਗ ਸੰਗ ਹੈ, ਫਿਰ ਸ਼ਰਧਾ ਐਸੀ ਬਣੀ ਕਿ ਸਦਾ ਲਈ ਆਪਣੇ ਆਪ ਨੂੰ ਵੇਚ ਦਿੱਤਾ। ਫਿਰ ਐਸੀ ਸ਼ਰਧਾ ਬਣੀ ਕਿ ਮੈਂ ਇਕੱਲਾ ਨਹੀਂ, ਗੁਰੂ ਅੰਗ ਸੰਗ ਹੈ। ਇਹ ਅੱਖ ਪਿਆਰ ਦੀ ਸਾਡੀ ਵੀ ਗੁਰੂ ਬਣਾਵੇ। ਇਕ ਹੋਰ ਬਚਨ ਯਾਦ ਆਇਆ। ਭਾਈ ਸ਼ਾਲੋ ਜੀ ਦੀ ਕੁਲ਼ ਵਿਚੋਂ ਜਿਨ੍ਹਾਂ ਕੋਲ ਮਜੀਠੇ, ਭਾਈ ਸ਼ਾਲੋ ਜੀ ਦੇ ਗੁਰਦੁਆਰੇ ਦੀ ਸੇਵਾ ਹੈ, ਬਾਬਾ ਗੁਰਦਿਆਲ ਸਿੰਘ ਜੀ, ਉਨ੍ਹਾਂ ਨੇ ਇਕ ਵਾਰ ਕੁਝ ਸਾਲ ਪਹਿਲੇ ਵੀ ਆਪਣੀ ਹੱਡ-

ਬੀਤੀ ਸੁਣਾਈ। ਕਹਿੰਦੇ ਹਨ, ਇਕ ਵਾਰੀ ਸ੍ਰੀ ਦਰਬਾਰ ਸਾਹਿਬ ਗਏ, ਦੇਗ ਕਰਾਈ ਤੇ ਅਰਦਾਸ ਵੇਲੇ ਕੁਦਰਤੀ ਚੰਦੋਏ ਸਾਹਿਬ 'ਤੇ ਧਿਆਨ ਪੈ ਗਿਆ ਜਿਸ ਉੱਤੇ ਸੋਨੇ ਦੇ ਛੱਬੇ ਲੱਗੇ ਹੋਏ ਹਨ। ਉਹ ਸੋਨੇ ਦੇ ਛੱਬੇ ਵੇਖ ਕੇ ਸਹਿਜ ਸੁਭਾਅ ਪਿਆਰ ਵਿਚ ਅੰਦਰੋਂ ਅਰਦਾਸ ਨਿਕਲੀ, 'ਗੁਰੂ ਰਾਮਦਾਸ ਜੀ ! ਆਪ ਇਤਨੇ ਸਾਰੇ ਸੋਨੇ ਦੇ ਛੱਬੇ ਲਾਏ ਜੇ, ਆਪਣੇ ਸਿੱਖ ਭਾਈ ਸ਼ਾਲੋ ਦੇ ਗੁਰਦੁਆਰੇ ਵੀ ਇਕ ਲਗਵਾ ਦਿਓ। (ਇਕ ਅਰਦਾਸ ਹੁੰਦੀ ਹੈ ਲਫਜ਼ਾਂ ਦੀ, ਇਕ ਹੈ ਸਹਜ ਸੁਭਾਅ) ਆਪਣੇ ਆਪ ਹੋ ਜਾਂਦੀ ਹੈ ਅਰਦਾਸ। ਇਹ ਅਰਦਾਸ ਕੋਈ ਲੋਭ ਵਸ ਨਹੀਂ, ਪਿਆਰ ਵੱਸ ਹੈ। ਦਾਸ ਇਹ ਜ਼ਿਕਰ ਸਿਰਫ ਏਸ ਲਈ ਲਿਖ ਰਿਹਾ ਹੈ ਕਿ ਕਿਵੇਂ ਉਹ ਆਪਣਿਆਂ ਪਿਆਰਿਆਂ ਦੇ ਅੰਦਰ ਜੇ ਕੋਈ ਸਹਜ ਸੁਭਾਅ ਭਾਵਨਾ ਵੀ ਬਣ ਜਾਵੇ ਤੇ ਕਿਵੇਂ ਉਸ ਨੂੰ ਪੂਰੀ ਕਰਨ ਦੀ ਬਿਧ ਬਣਾਂਦਾ ਹੈ, ਕਿੰਨੀ ਨੇੜੇ ਹੋ ਕੇ ਸੁਣਦਾ ਹੈ। ਉਨ੍ਹਾਂ ਦਸਿਆ, ਕਹਿੰਦੇ ਹਨ ਕਿ ਅਗਲੀ ਹੀ ਰਾਤ ਕਿਸੇ ਨੇ ਰਾਤ ਦੇ ਡੇਢ ਵਜੇ ਉਨ੍ਹਾਂ ਦਾ ਬੂਹਾ ਖੜਕਾਇਆ ਕਿਉਂਕਿ ਉਥੇ ਭਾਈ ਸ਼ਾਲੋ ਜੀ ਦੇ ਅਸਥਾਨ ਮਜੀਠੇ ਦੇ ਬਿਲਕੁਲ ਕੋਲ ਹੀ ਉਨ੍ਹਾਂ ਦੀ ਰਿਹਾਇਸ਼ ਹੈ। ਜਦ ਉਨ੍ਹਾਂ ਨੇ ਉਠ ਕੇ ਦਰਵਾਜ਼ਾ ਖੋਲ੍ਹਿਆ ਤੇ ਪੁੱਛਣ ਲਗੇ ਕੌਣ ਹੈ ਭਾਈ ਤੇ ਇਸ ਵੇਲੇ ਕੀ ਕੰਮ ਆਣ ਪੈ ਗਿਆ ? ਇਹ ਗੁਰਮੁਖ ਪਿਆਰਾ ਕਹਿਣ ਲੱਗਾ, ਮੈਂ ਗੁਰਦੁਆਰੇ ਦੇ ਦਰਸ਼ਨ ਕਰਨੇ ਹਨ। ਬਾਬਾ ਗੁਰਦਿਆਲ ਸਿੰਘ ਜੀ ਕਹਿਣ ਲੱਗੇ, ਕਿਵਾੜ ਖੁਲ੍ਹਣ ਦਾ ਸਮਾਂ ਤਾਂ 3 ਵਜੇ ਦਾ ਹੈ, ਅਜੇ ਤਾਂ ਡੇਢ ਵਜਿਆ ਹੈ। ਉਹ ਸਰੀਰ ਜਿਸਨੇ ਕਿਧਰੇ ਬਾਹਰਲੇ ਮੁਲਕ ਜਾਣਾ ਸੀ, ਕਹਿਣ ਲੱਗਾ, ਮੈਂ ਤਾਂ ਜਹਾਜ਼ ਫੜਨਾ ਹੈ, ਮੈਂ ਰੁਕ ਨਹੀਂ ਸਕਾਂਗਾ। ਬਾਬਾ ਜੀ ਕਹਿਣ ਲੱਗੇ, ਅਸੀਂ ਵੀ ਮਜਬੂਰ ਹਾਂ, ਕਿਉਂਕਿ ਸਮੇਂ ਦੀ ਪਾਬੰਦੀ ਹੈ, ਅੰਦਰ ਮਾਲਕ ਹਾਜ਼ਰ-ਨਾਜ਼ਰ ਬੈਠੇ ਹਨ, ਇਸ ਲਈ ਮਰਯਾਦਾ ਵਿਚ ਰਹਿਣਾ ਜ਼ਰੂਰੀ ਹੈ। ਇਹ ਨਹੀਂ ਕਿ ਜਿਸ ਵੇਲੇ ਮਰਜ਼ੀ ਬੂਹਾ ਖੋਲ੍ਹ ਦੇਈਏ। (ਇੱਥੋਂ ਆਪਣੇ ਲਈ ਵੀ ਸੇਧ ਲੈਣਾ, ਤੁਹਾਡੇ ਵੀ ਘਰਾਂ ਵਿਚ ਜੇ ਗੁਰੂ ਸਾਹਿਬ ਦਾ ਪ੍ਰਕਾਸ਼ ਹੋਵੇ, ਮਾਲਕ ਨੂੰ ਹਾਜ਼ਰ ਨਾਜ਼ਰ ਸਮਝ ਕੇ ਉਸ ਦੇ ਨਿਰਮਲ ਭੈਅ ਵਿਚ, ਮਰਯਾਦਾ ਵਿਚ ਰਿਹਾ ਕਰੋ, ਕਿਉਂਕਿ ਜੇ ਹਾਜ਼ਰ ਸਮਝੀਏ ਫਿਰ ਮਰਯਾਦਾ ਵੀ ਹੈ) ਉਹ ਗੁਰਮੁਖ ਪਿਆਰਾ ਕਹਿਣ ਲੱਗਾ ਕਿ ਮੈਂ ਕੁਝ ਭੇਟਾ ਕਰਨਾ ਸੀ, ਉਹ ਤੁਸੀਂ ਰੱਖ ਲਵੋ ਤੇ ਜਦੋਂ ਕਿਵਾੜ ਖੋਲ੍ਹੋਗੇ, ਇਹ ਮੇਰੀ ਗ਼ਰੀਬ ਦੀ ਤੁੱਛ ਜਿਹੀ ਭੇਟਾ ਦੀ ਬਾਬਾ ਜੀ ਦੇ ਚਰਨਾਂ ਵਿਚ ਹਾਜ਼ਰੀ ਲਵਾ ਦੇਣੀ। ਸਵੇਰ ਹੋਣ ਤੇ ਜਦੋਂ ਬਾਬਾ ਜੀ ਨੇ ਉਸ ਦੀ ਭੇਟਾ ਖੋਲ੍ਹ ਕੇ ਦੇਖੀ ਕਿ ਕੀ ਚੀਜ਼ ਹੈ ਤਾਂ ਦੇਖਦਿਆਂ ਹੀ ਗੁਰੂ ਦੇ ਪਿਆਰ ਵਿਚ ਭਿੱਜ ਗਏ, ਵੈਰਾਗ ਵਿਚ ਅੱਖਾਂ ਵਿਚ ਅਥਰੂ ਆ ਗਏ ਕਿ ਗੁਰੂ ਰਾਮਦਾਸ ਜੀ ! ਤੁਸੀਂ ਇੰਨੀ ਨੇੜੇ ਹੋ। ਇਕ ਅੰਦਰ ਫੁਰਨਾ ਹੀ ਬਣਿਆ ਸੀ ਕਿ ਇਕ ਛੱਬਾ ਸੋਨੇ ਦਾ ਭਾਈ ਸ਼ਾਲੋ ਜੀ ਦੇ ਅਸਥਾਨ 'ਤੇ ਵੀ ਲੱਗੇ ਤੇ ਕਿਵੇਂ ਪੂਰਾ ਕੀਤਾ, ਕਿਉਂਕਿ ਜੋ ਗੁਰਮੁਖ ਪਿਆਰੇ ਨੇ ਭੇਟਾ ਦਿੱਤੀ ਸੀ ਉਹ ਕੁਝ ਹੋਰ ਨਹੀਂ ਬਲਕਿ

16 ਤੋਲਿਆਂ ਦਾ ਸੋਨੇ ਦਾ ਛੱਬਾ ਸੀ ਜੋ ਇਕ ਦਿਨ ਪਹਿਲੇ ਗੁਰੂ ਰਾਮਦਾਸ ਜੀ ਦੇ ਦਰ 'ਤੇ ਲਗੇ ਚੰਦੋਏ ਵਿਚ ਲਟਕਦੇ ਵੇਖ ਕੇ ਉਨ੍ਹਾਂ ਦੇ ਮਨ ਵਿਚ ਵੀ ਭਾਵਨਾ ਆ ਗਈ ਸੀ ਕਿ ਕਿਧਰੇ ਐਸਾ ਹੀ ਇਕ ਛੱਬਾ ਬਾਬਾ ਭਾਈ ਸ਼ਾਲੋ ਜੀ ਦੇ ਅਸਥਾਨ 'ਤੇ ਵੀ ਲਗ ਜਾਵੇ। ਪ੍ਰਮੇਸ਼ਰ ਨੇ ਤਾਂ ਬਿਧ ਬਨਾਉਣੀ ਹੁੰਦੀ ਹੈ ਕਿਸੇ ਨਾ ਕਿਸੇ ਤੋਂ। ਉਹ ਕਹਿੰਦੇ ਹਨ, ਸਾਡੀ ਉਸ ਦਿਨ ਤੋਂ ਸ਼ਰਧਾ ਵਿਚ ਵਾਧਾ ਹੋ ਗਿਆ ਕਿ ਅਸੀਂ ਇਕੱਲੇ ਨਹੀਂ, ਗੁਰੂ ਰਾਮਦਾਸ ਸਾਡੇ ਬਹੁਤ ਨੇੜੇ ਹਨ। ਸਾਡੀ ਵੀ ਪ੍ਰਤੀਤ ਬਣੇ ਕਿ ਗੁਰੂ ਹਰ ਵੇਲੇ ਹਾਜ਼ਰ ਨਾਜ਼ਰ ਹੈ, ਹਰ ਵੇਲੇ ਸਾਡੇ ਅੰਗ ਸੰਗ ਹੈ। ਸਾਡੀ ਇਹ ਪ੍ਰਤੀਤ ਬਣੇ-

*ਤੂੰ ਸਭਨੀ ਥਾਈ ਜਿਥੈ ਹਉ ਜਾਈ*
*ਸਾਚਾ ਸਿਰਜਣਹਾਰੁ ਜੀਉ॥*

(ਅੰਗ ੪੩੮)

ਇਹ ਪੰਕਤੀਆਂ ਪੜ੍ਹਨੀਆਂ ਤੇ ਪੜ੍ਹ ਕੇ ਲੰਘ ਜਾਣਾ ਗੱਲ ਕੁਝ ਹੋਰ ਹੈ, ਇਸ ਚੀਜ਼ ਦਾ ਸੁਆਦ ਲੈਣਾ ਕਿ ਮੇਰਾ ਗੁਰੂ ਹਰ ਥਾਂ ਮੇਰੇ ਨਾਲ ਹੈ। ਅੰਬ ਅੰਬ ਸਾਰੇ ਕਹਿੰਦੇ ਹਨ, ਪਰ ਜਦੋਂ ਕੋਈ ਅੰਬ ਦਾ ਛਿਲਕਾ ਲਾਹ ਕੇ, ਉਸ ਦਾ ਰਸ ਲੈਂਦਾ ਹੈ, ਗੁੱਦਾ ਖਾਂਦਾ ਹੈ, ਉਸ ਦਾ ਸੁਆਦ ਕੁਝ ਹੋਰ ਹੈ। ਇਹ ਪੰਕਤੀਆਂ ਰਸਨਾ ਨਾਲ ਬੋਲਣੀਆਂ ਕਿ

SIKHBOOKCLUB.COM

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*

(ਅੰਗ ੩੯੪)

ਗੱਲ ਕੁਝ ਹੋਰ ਹੈ। ਪਰ ਇਹ ਗੱਲ ਵਾਕਈ ਹੀ ਅੰਦਰੋਂ ਮਹਿਸੂਸ ਹੋਣੀ, ਕਿ ਵਾਕਈ ਹੀ ਮੇਰਾ ਗੁਰੂ ਹਰ ਵੇਲੇ ਮੇਰੇ ਅੰਗ ਸੰਗ ਹੈ ਤੇ ਨਾਲ ਹੋ ਕੇ ਸਹਾਈ ਹੁੰਦਾ ਹੈ, ਇਸ ਦਾ ਅਨੰਦ ਕੁਝ ਹੋਰ ਹੀ ਹੈ। ਇਸ ਰਸ ਨੂੰ ਤਾਂ ਉਹੀ ਜਾਣਦਾ ਹੈ ਜੋ ਇਸ ਰਸ ਨੂੰ ਮਾਣਦਾ ਹੈ। ਗੁਰੂ ਸਾਹਿਬਾਂ ਦੇ ਇਤਿਹਾਸ ਵਲ ਝਾਤੀ ਮਾਰੀਏ ਤੇ ਇਹ ਚਾਨਣਾ ਮਿਲਦਾ ਹੈ ਕਿ ਕਿਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਨੂੰ ਅੰਗ ਸੰਗ ਸਮਝਿਆ। (ਗੁਰੂ ਰਾਮਦਾਸ ਜੀ ਜਦੋਂ ਅਜੇ ਸੇਵਾ ਵਿਚ ਸਨ, ਗੁਰੂ ਪਦਵੀ ਨਹੀਂ ਸੀ ਪ੍ਰਾਪਤ ਹੋਈ) ਨੂੰ ਇਕ ਵਾਰੀ ਲਾਹੌਰ ਅਕਬਰ ਬਾਦਸ਼ਾਹ ਦੀ ਕਚਹਿਰੀ ਵਿਚ ਤਰੀਕ ਭੁਗਤਾਨ ਜਾਣ ਲਈ ਕਿਹਾ, ਕਿਉਂਕਿ ਪੰਡਿਤਾਂ ਨੇ ਕੋਈ ਝੂਠੀ ਸ਼ਿਕਾਇਤ ਕਰ ਦਿੱਤੀ ਸੀ। ਭਾਈ ਜੇਠਾ ਜੀ ਨੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ, ਤੁਹਾਡਾ ਹੁਕਮ ਸਿਰ ਮਸਤਕ 'ਤੇ ਪਰ ਮੈਂ ਅਨਪੜ੍ਹ ਘੁੰਗਣੀਆਂ ਵੇਚਣ ਵਾਲਾ, ਕਚਹਿਰੀ ਵਿਚ ਪੜ੍ਹਿਆਂ ਲਿਖਿਆਂ ਦੇ ਸਵਾਲਾਂ ਦੇ ਜੁਆਬ ਕਿਵੇਂ ਦੇ ਪਾਵਾਂਗਾ। ਉਨ੍ਹਾਂ ਨੂੰ ਕਿਵੇਂ ਸੰਤੁਸ਼ਟ ਕਰ ਸਕਾਂਗਾ ? ਹੁਣ ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਜੋ ਬਚਨ ਕਹੇ ਉਹ ਗ਼ੌਰ ਕਰਨੇ, ਸਤਿਗੁਰੂ ਕਹਿੰਦੇ ਹਨ 'ਕਚਿਹਰੀ ਸ਼ੁਰੂ ਹੋਣ ਤੋਂ ਪਹਿਲੇ ਅਰਦਾਸ ਕਰਨੀ, ਅਸੀਂ ਤੁਹਾਡੇ ਨਾਲ ਬਚਨ

ਕਰਦੇ ਹਾਂ ਕਿ ਤੁਹਾਡੇ ਸੱਜੇ ਬੰਨੇ ਖੜੇ ਹੋਵਾਂਗੇ।' (ਵੇਖ ਲਵੋ ਗੁਰੂ ਸਾਹਿਬ ਆਪ ਜਾਚ ਦਸ ਰਹੇ ਹਨ, ਪੂਰਨੇ ਪਾ ਰਹੇ ਹਨ ਗੁਰੂ ਨੂੰ ਆਪਣੇ ਨਾਲ ਰੱਖਣ ਦੇ) ਭਾਈ ਜੇਠਾ ਜੀ ਗੁਰੂ ਸਾਹਿਬ ਦੇ ਹੁਕਮ ਮੁਤਾਬਕ ਲਾਹੌਰ ਗਏ, ਉਨ੍ਹਾਂ ਦੇ ਬਚਨਾਂ ਮੁਤਾਬਿਕ ਅਰਦਾਸ ਕੀਤੀ ਤੇ ਇਹੋ ਜਿਹੇ ਅੰਦਰੋਂ ਜੁਆਬ ਫੁਰੇ ਕਿ ਸਾਰਿਆਂ ਦੀ ਤਸੱਲੀ ਹੋ ਗਈ, ਕਿਉਂਕਿ ਗੁਰੂ ਅਮਰਦਾਸ ਜੀ ਆਪ ਉਨ੍ਹਾਂ ਦੇ ਹਿਰਦੇ ਵਿਚ ਬੈਠ ਕੇ ਬੋਲ ਰਹੇ ਸਨ, ਜੁਆਬ ਦੇ ਰਹੇ ਸਨ।

ਇਹ ਜੇ ਸ਼ਰਧਾ ਦੀ ਦੂਸਰੀ ਨਿਸ਼ਾਨੀ, ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ, ਜਿਸ ਦੀ ਝੋਲੀ ਵਿਚ ਗੁਰੂ ਸਾਹਿਬ ਦੀ ਕਿਰਪਾ ਨਾਲ ਸ਼ਰਧਾ ਦਾ ਕਿਣਕਾ ਪਿਆ ਹੋਵੇ, ਉਸ ਦੀ ਇਹ ਅਵਸਥਾ ਬਣ ਜਾਂਦੀ ਹੈ ਕਿ ਉਹ ਹਰ ਵੇਲੇ ਗੁਰੂ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦਾ ਹੈ।

ਦਾਸ ਨੂੰ ਇਕ ਵਾਰਤਾ ਯਾਦ ਆ ਗਈ। ਦਾਸ ਸਾਂਝੀ ਕਰੇ, ਸ਼ਾਇਦ ਸਾਨੂੰ ਵੀ ਆਪਣੇ ਲਈ ਕੁਛ ਸੇਧ ਮਿਲ ਜਾਵੇ। ਕੋਈ ਮਹਾਂਪੁਰਸ਼ ਸਨ। ਉਨ੍ਹਾਂ ਦੇ ਦੋ ਚੇਲੇ ਸਨ। ਦੋਵੇਂ ਹੀ ਉਨ੍ਹਾਂ ਦੀ ਬਹੁਤ ਤਨੋ ਮਨੋ ਹੋ ਕੇ ਸੇਵਾ ਕਰਦੇ ਸਨ। ਉਨ੍ਹਾਂ ਨੇ ਆਪਣਾ ਚੋਲਾ ਬਦਲਣ ਦਾ ਸਮਾਂ ਨਜ਼ਦੀਕ ਜਾਣ ਕੇ ਵਿਚਾਰਿਆ ਕਿ ਕਿਸ ਨੂੰ ਆਪਣੀ ਗੱਦੀ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਮਿਆਨ ਵਿਚ ਦੋ ਕ੍ਰਿਪਾਨਾਂ ਤਾਂ ਪੈ ਨਹੀਂ ਸਕਦੀਆਂ ਭਾਵ ਗੱਦੀ ਤਾਂ ਇਕ ਨੂੰ ਹੀ ਮਿਲ ਸਕਦੀ ਸੀ। ਇਸ ਲਈ ਮਹਾਂਪੁਰਸ਼ਾਂ ਨੇ ਦੋਨਾਂ ਦੀ ਪਰੀਖਿਆ ਲੈਣ ਲਈ ਦੋਵਾਂ ਨੂੰ ਇਕ-ਇਕ ਕਬੂਤਰ ਦਿੱਤਾ ਤੇ ਬਚਨ ਕੀਤਾ ਕਿ ਦੋਵੇਂ ਵਖਰੀ-ਵਖਰੀ ਦਿਸ਼ਾ ਵਿਚ ਚਲੇ ਜਾਵੋ ਤੇ ਐਸੀ ਜਗ੍ਹਾ 'ਤੇ ਜਾ ਕੇ ਕਬੂਤਰ ਨੂੰ ਮਾਰ ਕੇ ਸਾਡੇ ਪਾਸ ਲੈ ਕੇ ਆਵੋ ਜਿਥੇ ਕੋਈ ਵੀ ਵੇਖਦਾ ਨਾ ਹੋਵੇ। ਦੋਵੇਂ ਸਤਿ ਬਚਨ ਕਹਿ ਕੇ ਤੁਰ ਪਏ। ਪਹਿਲਾ ਕਬੂਤਰ ਨੂੰ ਮਾਰਨ ਲਈ ਜੰਗਲ ਵਲ ਤੁਰ ਪਿਆ ਤੇ ਜੰਗਲ ਵਿਚ ਜਾ ਕੇ ਜਦੋਂ ਕਬੂਤਰ ਨੂੰ ਮਾਰਨ ਲੱਗਾ ਤਾਂ ਮਨ ਵਿਚ ਸੋਚਦਾ ਹੈ ਕਿ ਇਥੇ ਇਨਸਾਨ ਤਾਂ ਕੋਈ ਨਹੀਂ ਵੇਖ ਰਿਹਾ ਪਰ ਜੰਗਲ ਦੇ ਜਾਨਵਰ, ਪੰਛੀ, ਜੀਵ-ਜੰਤੂ ਦੇਖ ਰਹੇ ਹਨ ਤੇ ਮਹਾਤਮਾ ਨੇ ਕਿਹਾ ਸੀ ਕਿ ਕੋਈ ਨਾ ਦੇਖ ਰਿਹਾ ਹੋਵੇ। ਇਹ ਸੋਚ ਕੇ ਇਹ ਅਗਾਂਹ ਤੁਰ ਪਿਆ, ਕੋਈ ਇਕਾਂਤ ਜਗ੍ਹਾ ਲੱਭਣ ਦੇ ਲਈ, ਜਿਥੇ ਕੋਈ ਪਸ਼ੂ-ਪੰਛੀ ਵੀ ਨਾ ਹੋਵੇ। ਥੋੜੀ ਅਗੇ ਜਾ ਕੇ ਉਸ ਦੀ ਨਿਗਾਹ ਇਕ ਗੁਫਾ 'ਤੇ ਪਈ। ਉਹ ਇਸ ਗੁਫਾ ਦੇ ਅੰਦਰ ਚਲਾ ਗਿਆ ਤੇ ਮਨ ਵਿਚ ਇਹ ਤਸੱਲੀ ਹੋ ਗਈ ਕਿ ਇਥੇ ਨਾ ਕੋਈ ਇਨਸਾਨ ਹੈ ਤੇ ਨਾ ਹੀ ਕੋਈ ਪਸ਼ੂ-ਪੰਛੀ, ਇਸ ਲਈ ਇਥੇ ਦੇਖਣ ਵਾਲਾ ਕੋਈ ਨਹੀਂ, ਇਹ ਸੋਚ ਕੇ ਕਬੂਤਰ ਦੀ ਗਰਦਨ ਮਰੋੜ ਕੇ ਉਸ ਨੂੰ ਮਾਰ ਦਿੱਤਾ ਤੇ ਲੈ ਕੇ ਮਹਾਤਮਾ ਕੋਲ ਵਾਪਿਸ ਪਹੁੰਚ ਗਿਆ।

## ਸ਼ਰਧਾ ਦੀ ਦੂਸਰੀ ਨਿਸ਼ਾਨੀ

ਹੁਣ ਦੂਸਰਾ ਸੇਵਕ ਵੀ ਕਬੂਤਰ ਨੂੰ ਕਿਸੇ ਐਸੀ ਜਗ੍ਹਾ 'ਤੇ ਮਾਰਨ ਲਈ ਜਿਥੇ ਕੋਈ ਨਾ ਵੇਖ ਰਿਹਾ ਹੋਵੇ, ਐਸੀ ਇਕਾਂਤ ਜਗ੍ਹਾ ਨੂੰ ਲੱਭਦਾ-ਲੱਭਦਾ ਬਹੁਤ ਦੂਰ ਨਿਕਲ ਗਿਆ। ਅਖ਼ੀਰ ਜਦ ਐਸੀ ਥਾਂ 'ਤੇ ਪਹੁੰਚਿਆ, ਜਿਥੇ ਕੋਈ ਵੀ ਨਹੀਂ ਸੀ ਪਰ ਜਦੋਂ ਉਹ ਉਸ ਕਬੂਤਰ ਨੂੰ ਮਾਰਨ ਲੱਗਿਆ ਤਾਂ ਸੋਚਦਾ ਹੈ ਕਿ ਇਥੇ ਹੋਰ ਕੋਈ ਤਾਂ ਨਹੀਂ ਵੇਖ ਰਿਹਾ ਪਰ ਇਹ ਕਬੂਤਰ ਤਾਂ ਮੈਨੂੰ ਵੇਖ ਰਿਹਾ ਹੈ। ਇਹ ਸੋਚ ਕੇ ਉਸ ਨੇ ਕਬੂਤਰ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ। ਹੁਣ ਜਦੋਂ ਕਬੂਤਰ ਦੀ ਗਰਦਨ ਮਰੋੜਨ ਲਈ ਹੱਥ ਚੁੱਕਿਆ, ਨਾਲ ਹੀ ਮਨ ਵਿਚ ਸੋਚ ਆ ਗਈ ਕਿ ਹੁਣ ਹੋਰ ਤਾਂ ਚਾਹੇ ਕੋਈ ਨਹੀਂ ਵੇਖ ਰਿਹਾ, ਪਰ ਮੈਂ ਤਾਂ ਵੇਖ ਰਿਹਾ ਹਾਂ। ਇਹ ਵਿਚਾਰ ਆਉਣ 'ਤੇ ਉਸ ਨੇ ਆਪਣੀਆਂ ਅੱਖਾਂ 'ਤੇ ਵੀ ਪੱਟੀ ਬੰਨ੍ਹ ਲਈ ਤੇ ਨਿਸ਼ਚਿੰਤ ਹੋ ਗਿਆ ਕਿ ਹੁਣ ਵੇਖਣ ਵਾਲਾ ਕੋਈ ਨਹੀਂ, ਹੁਣ ਇਸ ਨੂੰ ਮਾਰ ਦੇਂਦਾ ਹਾਂ, ਪਰ ਅਜੇ ਉਸ ਨੇ ਕਬੂਤਰ ਨੂੰ ਮਾਰਨ ਲਈ ਹੱਥ ਚੁੱਕਿਆ ਹੀ ਸੀ ਕਿ ਮਹਾਤਮਾ ਦਾ ਬਚਨ ਯਾਦ ਆ ਗਿਆ ਕਿ ਮਹਾਤਮਾ ਬਚਨ ਕਰਦੇ ਹੁੰਦੇ ਹਨ ਕਿ ਪ੍ਰਮਾਤਮਾ ਹਰ ਥਾਂ 'ਤੇ ਵਿਆਪਕ ਹੈ, ਸ੍ਰਿਸ਼ਟੀ ਦੇ ਕਣ ਕਣ ਵਿਚ ਮੌਜੂਦ ਹੈ, ਸਾਡੇ ਅੰਦਰ ਵੀ ਮੌਜੂਦ ਹੈ, ਹਰ ਵੇਲੇ ਸਾਡੇ ਅੰਗ ਸੰਗ ਹੈ, ਸਾਡੇ ਹਰ ਬੁਰੇ-ਭਲੇ ਕਰਮ ਨੂੰ ਉਹ ਵੇਖ ਰਿਹਾ ਹੈ। ਇਸ ਵਿਚਾਰ ਦੇ ਮਨ ਵਿਚ ਆਉਂਦਿਆਂ ਹੀ ਸੋਚਦਾ ਹੈ ਕਿ ਮਹਾਤਮਾ ਨੇ ਬਚਨ ਕੀਤਾ ਸੀ ਕਿ ਕਬੂਤਰ ਨੂੰ ਉਥੇ ਮਾਰਨਾ ਹੈ ਜਿਥੇ ਕੋਈ ਵੀ ਨਾ ਵੇਖ ਰਿਹਾ ਹੋਵੇ, ਪਰ ਐਸੀ ਜਗ੍ਹਾ ਤਾਂ ਕੋਈ ਵੀ ਨਹੀਂ ਹੋ ਸਕਦੀ ਕਿਉਂਕਿ ਇਹ ਪ੍ਰਮਾਤਮਾ, ਸਾਰੀ ਸ੍ਰਿਸ਼ਟੀ ਦਾ ਮਾਲਕ ਤਾਂ ਹਰ ਜਗ੍ਹਾ 'ਤੇ ਮੌਜੂਦ ਵੇਖ ਰਿਹਾ ਹੈ। ਇਸ ਵਿਚਾਰ ਦੇ ਆਉਂਦਿਆਂ ਹੀ ਉਸੇ ਵੇਲੇ ਆਪਣੀਆਂ ਅੱਖਾਂ ਤੋਂ ਪੱਟੀ ਖੋਲ੍ਹੀ ਤੇ ਕਬੂਤਰ ਨੂੰ ਜ਼ਿੰਦਾ ਹੀ ਲੈ ਕੇ ਵਾਪਿਸ ਮਹਾਤਮਾ ਦੇ ਚਰਨਾਂ ਵਿਚ ਪਹੁੰਚਿਆ ਤੇ ਜਾ ਕੇ ਬੇਨਤੀ ਕੀਤੀ ਕਿ ਮੈਨੂੰ ਕੋਈ ਵੀ ਜਗ੍ਹਾ ਐਸੀ ਨਹੀਂ ਮਿਲ ਸਕੀ ਜਿਥੇ ਕੋਈ ਵੀ ਨਾ ਵੇਖ ਰਿਹਾ ਹੋਵੇ, ਇਸ ਲਈ ਮੈਂ ਤੁਹਾਡੇ ਦਿੱਤੇ ਹੋਏ ਕਬੂਤਰ ਨੂੰ ਮਾਰ ਨਹੀਂ ਸਕਿਆ, ਕਿਉਂਕਿ ਤੁਹਾਡਾ ਆਦੇਸ਼ ਸੀ ਕਿ ਕਬੂਤਰ ਨੂੰ ਐਸੀ ਜਗ੍ਹਾ 'ਤੇ ਮਾਰਨਾ ਹੈ ਜਿਥੇ ਕੋਈ ਵੀ ਨਾ ਹੋਵੇ ਪਰ ਆਪ ਜੀ ਦੇ ਹੀ ਬਚਨ ਹਨ, ਆਪ ਜੀ ਦੀ ਦਿੱਤੀ ਹੋਈ ਹੀ ਸਿਖਿਆ ਹੈ ਕਿ ਪ੍ਰਮਾਤਮਾ ਤੋਂ ਖ਼ਾਲੀ ਕੋਈ ਵੀ ਜਗ੍ਹਾ ਨਹੀਂ, ਉਹ ਸਾਡੇ ਕਰਤਬਾਂ ਨੂੰ ਸਦਾ ਵੇਖਦਾ ਹੈ, ਸਾਰੀਆਂ ਗੱਲਾਂ ਨੂੰ ਸੁਣਦਾ ਹੈ। ਬਾਣੀ ਦੀਆਂ ਪੰਗਤੀਆਂ ਵੀ ਇਸ ਗੱਲ ਦਾ ਪ੍ਰਮਾਣ ਹਨ-

*"ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥*
*ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥*

(ਅੰਗ ੪੨੯)

ਮਹਾਤਮਾ ਉਸ ਦੀ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਆਖਿਆ ਕਿ ਮੈਂ ਤਾਂ ਤੁਹਾਡੀ ਪ੍ਰੀਖਿਆ ਲੈ ਰਿਹਾ ਸੀ। ਅੱਜ ਤੂੰ ਪਾਸ ਹੋ ਗਿਆ ਹੈਂ। ਹੁਣ ਮੇਰੀ ਗੱਦੀ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਤੂੰ ਪੂਰੀ ਤਰ੍ਹਾਂ ਯੋਗ ਹੈਂ ਕਿਉਂਕਿ ਜਿਸ ਨੂੰ ਹਰ ਥਾਂ 'ਤੇ ਪ੍ਰਮਾਤਮਾ ਦੀ, ਗੁਰੂ ਦੀ ਮੌਜੂਦਗੀ ਦਾ ਅਹਿਸਾਸ ਹੋ ਗਿਆ ਹੈ, ਉਸ ਕੋਲੋਂ ਕਿਸੇ ਵੀ ਗ਼ਲਤ ਕਰਮ ਦੀ ਜਾਂ ਗ਼ਲਤ ਨਿਰਣੇ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ਼ਾਰਾ ਲੈਣਾ। ਦਾਸ ਦਾ ਇਹ ਵਾਰਤਾ ਲਿਖਣ ਤੋਂ ਸਿਰਫ ਇਤਨਾ ਹੀ ਭਾਵ ਹੈ ਕਿ ਜਿਹੜਾ ਪ੍ਰਮਾਤਮਾ ਨੂੰ, ਗੁਰੂ ਨੂੰ ਹਰ ਜਗ੍ਹਾ, ਆਪਣੇ ਅੰਗ ਸੰਗ ਮਹਿਸੂਸ ਕਰਦਾ ਹੈ, ਉਸ ਦਾ ਮਨ ਨਿਰਮਲ ਹੋ ਜਾਂਦਾ ਹੈ। ਉਹ ਕਿਸੇ ਨਾਲ ਵੀ ਛਲ, ਕਪਟ, ਧੋਖਾ, ਫ਼ਰੇਬ ਕਰ ਹੀ ਨਹੀਂ ਸਕਦਾ। ਕਰਨਾ ਤੇ ਦੂਰ ਰਿਹਾ, ਕਿਸੇ ਦਾ ਮਾੜਾ ਕਰਨ ਲਈ ਸੋਚ ਵੀ ਨਹੀਂ ਸਕਦਾ।

ਇਹ ਹੈ ਸ਼ਰਧਾ ਦੀ ਦੂਸਰੀ ਨਿਸ਼ਾਨੀ। ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ, ਉਹ ਕਦੇ ਵੀ ਇਕੱਲਾ ਨਹੀਂ ਹੁੰਦਾ, ਗੁਰੂ ਨੂੰ ਹਰ ਵੇਲੇ ਆਪਣੇ ਨਾਲ ਮਹਿਸੂਸ ਕਰਦਾ ਹੈ। ਉਸ ਦੇ ਅੰਦਰ ਇਹ ਪੰਕਤੀਆਂ ਰਸ ਜਾਂਦੀਆਂ ਹਨ-

*ਜਹ ਜਾਈਐ ਤਹ ਨਾਲਿ ਮੇਰਾ ਸੁਆਮੀ॥*

(ਅੰਗ ੧੯੭)

SIKHBOOKCLUB.COM

ਜ਼ਰੂਰ ਆਪਣੇ ਮਨਾਂ 'ਤੇ ਝਾਤੀ ਪਾਇਓ ਕਿ ਕੀ ਇਹ ਨਿਸ਼ਾਨੀ ਸਾਡੇ ਅੰਦਰ ਅਜੇ ਆਈ ਹੈ ਕਿ ਨਹੀਂ।

*ਨਿਕਟਿ ਜੀਅ ਕੈ ਸਦ ਹੀ ਸੰਗਾ॥*
*ਕੁਦਰਤ ਵਰਤੈ ਰੂਪ ਅਰੁ ਰੰਗਾ॥*

(ਅੰਗ ੩੭੬)

*ਜਲ ਥਲਿ ਮਹੀਅਲਿ ਰਹਿਆ ਭਰਪੂਰਿ॥*
*ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥*

(ਅੰਗ ੭੩੬)

*ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ,*
*ਜਿਥੈ ਕਿਥੈ ਮੈਨੋ ਲਏ ਛਡਾਈ॥*

(ਅੰਗ ੫੮੮)

ਉਪਰੋਕਤ ਪੰਕਤੀਆਂ ਨੂੰ ਅਸੀਂ ਸਿਰਫ ਪੜ੍ਹਨ ਤਕ ਹੀ ਸੀਮਤ ਹਾਂ ਜਾਂ ਇਹ ਪੰਕਤੀਆਂ ਵਰਤਣੀਆਂ ਸ਼ੁਰੂ ਹੋ ਗਈਆਂ ਹਨ। ਜੇ ਹਾਂ ਤਾਂ ਸਤਿਗੁਰ ਦੀ ਕਿਰਪਾ ਹੈ ਜੇ

ਨਹੀਂ ਤਾਂ ਜ਼ਰੂਰ ਅਰਦਾਸ ਕਰਿਓ ਕਿ ਇਹ ਕਿਰਪਾ ਹੋਵੇ। ਇਹ ਸ਼ਰਧਾ ਦੀ ਦੂਸਰੀ ਨਿਸ਼ਾਨੀ ਹੈ। ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ ਉਹ ਕਦੀ ਵੀ ਇਕੱਲਾ ਨਹੀਂ ਹੁੰਦਾ। ਗੁਰੂ ਨੂੰ ਹਰ ਵੇਲੇ ਆਪਣੇ ਨਾਲ ਮਹਿਸੂਸ ਕਰਦਾ ਹੈ।

SIKHBOOKCLUB.COM

# ਸ਼ਰਧਾ ਦੀ ਤੀਸਰੀ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਸ ਦੇ ਅੰਦਰ ਗੁਰੂ ਲਈ ਨਿਰਮਲ ਭਉ ਆ ਜਾਂਦਾ ਹੈ

*ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ॥ ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ॥* (ਅੰਗ ੭੮੮)

ਬਾਣੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਇਹ ਗੱਲ ਸਾਫ਼ ਸਪਸ਼ਟ ਹੋ ਰਹੀ ਹੈ ਕਿ ਪ੍ਰਮੇਸ਼ਰ ਦਾ ਡਰ ਧਾਰੇ ਤੋਂ ਬਿਨਾਂ ਭਗਤੀ ਨਹੀ ਹੁੰਦੀ ਤੇ ਭਗਤੀ ਤੋਂ ਬਿਨਾਂ 'ਨਾਮਿ' ਤੋਂ ਭਾਵ ਹੈ — ਨਾਮੀ-ਪ੍ਰਮਾਤਮਾ ਨਾਲ ਪਿਆਰ ਨਹੀਂ ਪੈਦਾ ਹੁੰਦਾ ਤੇ ਜਦ ਤਕ ਪਿਆਰ ਨਹੀਂ ਪੈਦਾ ਹੁੰਦਾ ਤਦ ਤਕ ਪ੍ਰਾਪਤੀ ਸੰਭਵ ਨਹੀਂ। ਉਸ ਪ੍ਰਮੇਸ਼ਰ ਦੇ ਨਿਰਮਲ ਭਉ ਨੂੰ ਮਨ ਵਿਚ ਰਖ ਕੇ ਅੰਤਹਕਰਣ ਨੂੰ ਸਵਾਰਿਆ ਜਾਵੇ ਤਾਂ ਹੀ ਰੰਗ ਚੜ੍ਹਦਾ ਹੈ, ਤਾਂ ਹੀ ਅਸਲੀ ਰੰਗ ਦੀ ਪ੍ਰਾਪਤੀ ਹੁੰਦੀ ਹੈ। ਉਸ ਦਾ ਨਿਰਮਲ ਭਉ ਹੀ ਪ੍ਰੇਮ ਦੇ ਰੰਗ ਨੂੰ ਸਵਾਰ ਸਕਦਾ ਹੈ। ਪਰ ਉਸ ਪ੍ਰਮਾਤਮਾ ਦਾ ਨਿਰਮਲ ਭਉ ਤਾਂ ਹੀ ਪ੍ਰਾਪਤ ਹੁੰਦਾ ਹੈ ਜੇ ਕਰ ਆਪਣੇ ਗੁਰੂ 'ਤੇ ਪੂਰਨ ਭਾਵਨਾ ਹੋਵੇ ਤੇ ਮਨ ਵਿਚ ਇਹ ਵਿਸ਼ਵਾਸ ਹੋਵੇ ਕਿ ਉਹ ਹਾਜ਼ਰ ਨਾਜ਼ਰ ਹੈ ਤੇ ਸਭ ਕੁਝ ਵੇਖ ਰਿਹਾ ਹੈ।

ਇਕ ਹੁੰਦਾ ਹੈ — ਕਿਸੇ ਨੂੰ ਦਬਕਾ ਮਾਰ ਕੇ ਡਰਾਉਣਾ ਤਾਂ ਕਿ ਉਹ ਤੁਹਾਡੇ ਡਰ ਵਿਚ ਰਹੇ, ਤੁਹਾਡੇ ਤੋਂ ਡਰ ਕੇ ਤੁਹਾਡਾ ਅਦਬ ਕਰੇ (ਇਹ ਮਾੜਾ ਹੈ)। ਇਕ ਹੈ— ਨਿਰਮਲ ਭਉ। ਗੁਰੂ ਲਈ ਨਿਰਮਲ ਭਉ ਦੀ ਲੋੜ ਹੈ ।

ਜਿਨ੍ਹਾਂ ਦੀ ਝੋਲੀ ਵਿਚ ਸ਼ਰਧਾ ਦਾ ਕਿਣਕਾ ਪਿਆ ਹੈ, ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਦੇ ਪ੍ਰੇਮ ਦਾ ਕਿਣਕਾ ਵਸਿਆ ਹੋਵੇ, ਉਹ ਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਹਰ ਵੇਲੇ ਗੁਰੂ ਦੇ ਨਿਰਮਲ ਭੈਅ ਵਿਚ ਰਹਿੰਦੇ ਹਨ। ਜਿਨ੍ਹਾਂ ਨੂੰ ਸ਼ਰਧਾ ਦਾ ਕਿਣਕਾ ਮਿਲਿਆ ਹੋਵੇ, ਉਨ੍ਹਾਂ ਨੂੰ ਕਹਿਣ ਦੀ ਲੋੜ ਨਹੀ ਪੈਂਦੀ ਕਿ ਗੁਰੂ ਦਾ ਸਤਿਕਾਰ ਕਰੋ, ਪ੍ਰੇਮ ਵਾਲਿਆਂ ਦਾ ਤਾਂ ਰੋਮ- ਰੋਮ ਗੁਰੂ ਦੇ ਸਤਿਕਾਰ ਵਿਚ ਭਿੱਜਿਆ ਹੁੰਦਾ ਹੈ। ਜਿਤਨਾ ਕੋਈ ਗੁਰੂ ਦਾ ਸਤਿਕਾਰ ਕਰਦਾ ਹੈ, ਉਤਨੇ ਹੀ ਉਸ ਨੂੰ ਭਾਗ ਲਗਦੇ ਹਨ। ਜੋ ਵੀ ਕੋਈ ਗੁਰੂ ਦੇ ਨਿਰਮਲ ਭਉ ਵਿਚ ਰਹੇ, ਉਸ ਨੂੰ ਗੁਰੂ ਦੀ ਪ੍ਰਸੰਨਤਾ ਮਿਲਦੀ ਹੈ। ਕਲਗੀਧਰ

ਪਾਤਸ਼ਾਹ ਦੇ ਸਮੇਂ ਦਾ ਇਕ ਪ੍ਰਤੱਖ ਵਾਕਿਆ ਵੀ ਹੈ— ਸੱਚੇ ਪਾਤਸ਼ਾਹ ਦੀ ਸੇਵਾ ਵਿਚ ਰਾਤ ਨੂੰ ਅੱਠ ਪਹਿਰੇਦਾਰ ਖੜ੍ਹੇ ਸਨ। ਨੇੜੇ ਦੇ ਕਿਸੇ ਪਿੰਡ ਵਿਚ ਰਾਸ ਸੀ। ਉਨ੍ਹਾਂ ਵਿਚੋਂ ਚਾਰ ਪਹਿਰੇਦਾਰ ਰਾਸ ਦੇਖਣ ਚਲੇ ਗਏ ਤੇ ਚਾਰ ਉਥੇ ਹੀ ਖੜ੍ਹੇ ਰਹੇ ਆਪਣੀ ਡਿਊਟੀ 'ਤੇ। ਹੁਣ ਜਿਹੜੇ (ਰਾਸ) ਦੇਖਣ ਗਏ ਸਨ ਉਹ ਮਨ ਵਿਚ ਸੋਚਦੇ ਹਨ, ਜੇ ਕਲਗੀਧਰ ਪਾਤਸ਼ਾਹ ਬਾਹਰ ਆ ਗਏ ਤੇ ਸਾਨੂੰ ਆਪਣੀ ਡਿਊਟੀ 'ਤੇ ਹਾਜ਼ਰ ਨਾ ਵੇਖ ਕੇ ਸਾਡੇ 'ਤੇ ਨਰਾਜ਼ ਹੋਣਗੇ ਤੇ ਸਾਨੂੰ ਬਹੁਤ ਤਾੜਨਾ ਮਿਲੇਗੀ। ਸੋਚਦੇ ਹਨ, ਸਾਡੇ ਕੋਲੋਂ ਬਹੁਤ ਵੱਡੀ ਗ਼ਲਤੀ ਹੋ ਗਈ ਹੈ, ਸਾਨੂੰ ਰਾਸ ਦੇਖਣ ਨਹੀਂ ਸੀ ਆਉਣਾ ਚਾਹੀਦਾ। ਗੁਰੂ ਸਾਹਿਬ ਕੋਲ ਰਹਿ ਕੇ ਆਪਣੀ ਡਿਊਟੀ ਨਿਬਾਹੁਣੀ ਚਾਹੀਦੀ ਸੀ, ਜਦ ਕਿ ਦੂਸਰੇ ਪਾਸੇ ਜਿਹੜੇ ਪਹਿਰੇਦਾਰ ਡਿਊਟੀ 'ਤੇ ਖੜ੍ਹੇ ਸਨ, ਉਹ ਸੋਚ ਰਹੇ ਸਨ ਕਿ ਕਲਗੀਧਰ ਪਾਤਸ਼ਾਹ ਬਾਹਰ ਤਾਂ ਆਏ ਹੀ ਨਹੀਂ। ਉਨ੍ਹਾਂ ਨੂੰ ਪਤਾ ਹੀ ਨਹੀਂ ਲਗਣਾ ਸੀ, ਅਸੀਂ ਐਵੇਂ ਹੀ ਡਰਦੇ ਮਾਰੇ ਰਾਸ ਦੇਖਣ ਨਹੀਂ ਗਏ। ਪਰ ਗੁਰੂ ਸਾਹਿਬ ਤਾਂ ਪੱਤੇ-ਪੱਤੇ ਵਿਚ ਵਿਆਪਕ ਹਨ, ਹਰ ਥਾਂ ਹਾਜ਼ਰ ਨਾਜ਼ਰ ਹਨ, ਇਹ ਭਾਵਨਾ ਨਹੀਂ ਸੀ। ਅਗਲੇ ਦਿਨ ਜਦੋਂ ਸਵੇਰ ਹੋਈ ਤਾਂ ਗੁਰੂ ਸਾਹਿਬ ਨੇ ਸਾਰੇ ਪਹਿਰੇਦਾਰਾਂ ਨੂੰ ਅੰਦਰ ਆਪਣੇ ਕੋਲ ਬੁਲਾਇਆ ਤੇ ਬਚਨ ਕੀਤਾ-ਹਾਜ਼ਰ, ਗ਼ੈਰ ਹਾਜ਼ਰ, ਗ਼ੈਰ ਹਾਜ਼ਰ ਹਾਜ਼ਰ। ਇਹ ਕੀ ਸਨ ਬਚਨ। ਗੁਰੂ ਅੰਦਰ ਦੀ ਪੱਟੀ ਪੜ੍ਹਦਾ ਹੈ। ਜਿਹੜੇ ਰਾਸ ਦੇਖਣ ਗਏ ਸੀ ਉਹ ਦੇਖ ਤਾਂ ਰਾਸ ਰਹੇ ਸੀ ਪਰ ਉਥੇ ਬੈਠੇ ਵੀ ਉਨ੍ਹਾਂ ਦੇ ਅੰਦਰ ਇਹ ਭੈਅ ਵਸਿਆ ਰਿਹਾ ਸੀ ਕਿ ਅਸੀਂ ਬਹੁਤ ਵੱਡੀ ਗ਼ਲਤੀ ਕੀਤੀ ਹੈ। ਉਨ੍ਹਾਂ ਦੇ ਅੰਦਰ ਨਿਰਮਲ ਭੈਅ ਹੋਣ ਦੇ ਕਾਰਨ ਉਨ੍ਹਾਂ ਦਾ ਮਨ ਸਾਡੇ ਚਰਨਾਂ ਵਿਚ ਸੀ ਪਰ ਜਿਹੜੇ ਸਰੀਰ ਕਰ ਕੇ ਤਾਂ ਇਥੇ ਸਾਡੇ ਕੋਲ ਰਹਿ ਕੇ ਡਿਊਟੀ ਨਿਭਾ ਰਹੇ ਸਨ ਪਰ ਉਹ ਮਨ ਵਿਚ ਇਹੀ ਸੋਚਦੇ ਰਹੇ ਕਿ ਅਸੀਂ ਗੁਰੂ ਦੀ ਸੇਵਾ ਵਿਚ ਰਹਿ ਕੇ ਭੁੱਲ ਕੀਤੀ ਹੈ, ਜੇ ਅਸੀਂ ਚਲੇ ਜਾਂਦੇ ਤਾਂ ਗੁਰੂ ਸਾਹਿਬ ਨੂੰ ਕਿਹੜਾ ਪਤਾ ਲਗਣਾ ਸੀ। ਉਨ੍ਹਾਂ ਦੇ ਅੰਦਰ ਨਿਰਮਲ ਭਉ ਨਹੀਂ ਸੀ, ਉਹ ਹਾਜਰ ਵੀ ਗ਼ੈਰ ਹਾਜ਼ਰ ਹੋ ਗਏ। ਇਸ ਲਈ ਨਿਰਮਲ ਭਉ ਦਾ ਹੋਣਾ ਬਹੁਤ ਜ਼ਰੂਰੀ ਹੈ।

ਇਸ ਵੇਲੇ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਮਾਲਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਹਨ। ਕਲਗੀਧਰ ਪਾਤਸ਼ਾਹ ਦੇ ਬਚਨ ਵੀ ਹਨ ਕਿ ਜੇ ਚਾਹੁੰਦੇ ਹਾਂ ਕਿ ਸਾਡੇ ਘਰਾਂ ਦੇ ਵਿਹੜੇ ਵਿਚ ਸੁੱਖਾਂ ਦੇ ਬੂਟੇ ਲਗ ਜਾਣ ਤੇ ਦੁੱਖਾਂ ਦੇ ਬੂਟੇ ਪੁੱਟੇ ਜਾਣ ਤਾਂ ਇਸ ਦੇ ਲਈ ਬਹੁਤ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪੂਰਨ ਸ਼ਰਧਾ ਰਖੀਏ। ਉਨ੍ਹਾਂ ਦਾ ਜਿਤਨਾ ਵੱਧ ਤੋਂ ਵੱਧ ਸਤਿਕਾਰ ਹੋ ਸਕੇ ਕਰੀਏ। ਉਨ੍ਹਾਂ ਨੂੰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਨਿਰਮਲ ਭਉ ਵਿਚ ਰਹੀਏ।

ਬਾਬਾ ਨੰਦ ਸਿੰਘ ਜੀ ਜਿਨ੍ਹਾਂ ਨੇ ਪਛਾਣਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਬਚਨ ਕਰਦੇ ਸਨ -'ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਾਗਜ਼ ਕਹਿੰਦਾ ਹੈ, ਕੋਈ ਸਿਆਹੀ

ਤੇ ਕੋਈ ਜਿਲਦ, ਪਰ ਮੇਰੀ ਰਸਨਾ ਸੜ ਜਾਵੇ ਜੇ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਾਗਜ਼, ਸਿਆਹੀ ਤੇ ਜਿਲਦ ਕਹਾਂ। ਬਾਬਾ ਜੀ ਬਚਨ ਕਰਦੇ ਸਨ ਕਿ ਕੋਈ ਪਿਆਰ ਦੀ ਅੱਖ ਨਾਲ ਵੇਖੇ ਤਾਂ ਸਹੀ, ਸ੍ਰੀ ਗਰੂ ਗ੍ਰੰਥ ਸਾਹਿਬ ਜੀ ਦਾ ਇਕ-ਇਕ ਅੱਖਰ ਗੁਰੂ ਨਾਨਕ ਦਾ ਨੇਤ੍ਰ ਹੈ। ਬਾਬਾ ਜੀ ਦੇ ਹਿਰਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਨਿਰਮਲ ਭਉ ਸੀ। ਉਹ ਵਰਕੇ, ਸਿਆਹੀ ਜਾਂ ਜਿਲਦ ਨਹੀਂ ਸਮਝਦੇ ਸਨ, ਹਾਜ਼ਰ-ਨਾਜ਼ਰ ਜੋਤ ਸਮਝਦੇ ਹੋਏ ਨਿਰਮਲ ਭਉ ਵਿਚ ਰਹਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਰਕੇ ਨਾ ਸਮਝੀਏ, ਕਾਗਜ਼ ਨਾ ਸਮਝੀਏ, ਜਿਲਦ ਨਾ ਸਮਝੀਏ, ਕੀ ਸਮਝੀਏ— 'ਪ੍ਰਗਟ ਗੁਰਾਂ ਕੀ ਦੇਹ'। ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਸੇਵਾ ਕਰੀਏ। ਸੇਵਾ ਵੀ ਤਿੰਨ ਤਰ੍ਹਾਂ ਦੀ ਹੁੰਦੀ ਹੈ— ਉੱਤਮ ਸੇਵਾ, ਮੱਧਮ ਸੇਵਾ, ਕਨਿਸ਼ਟ ਸੇਵਾ, ਇਕ ਹੁੰਦਾ ਹੈ ਆਪਣੇ ਤੋਂ ਵੱਧ ਸਤਿਕਾਰ, ਭਾਵ ਆਪਣੇ ਘਰ ਵਿਚ ਆਪਣੇ ਕਮਰਿਆਂ ਤੋਂ ਕਈ ਗੁਣਾ ਵੱਧ ਸੁੰਦਰ ਕਮਰਾ ਗੁਰੂ ਸਾਹਿਬ ਦਾ ਬਨਾਉਣਾ, ਪਲੰਘ 'ਤੇ ਬਿਰਾਜਮਾਨ ਕਰਨਾ, ਗੁਰੂ ਸਾਹਿਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਤਿੰਨ ਵੇਲੇ ਭੋਗ ਲਵਾਉਣਾ, ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਸਰਦੀਆਂ 'ਚ ਗਰਮ ਰੁਮਾਲੇ, ਅਤੇ ਗਰਮੀਆਂ ਵਿਚ ਗੁਰੂ ਸਾਹਿਬ ਦੇ ਕਮਰੇ ਲਈ ਪੱਖੇ ਦਾ, A.C. ਦਾ ਪ੍ਰਬੰਧ, ਇਸ ਨੂੰ ਉੱਤਮ ਸੇਵਾ ਕਹਿੰਦੇ ਹਨ, ਆਪਣੇ ਕਮਰਿਆਂ ਲਈ A.C. ਜਾਂ ਹੀਟਰ ਦਾ ਪ੍ਰਬੰਧ ਭਾਵੇਂ ਨਾ ਕਰ ਸਕਣ, ਪਰ ਗੁਰੂ ਸਾਹਿਬ ਦੇ ਕਮਰੇ 'ਚ ਜ਼ਰੂਰ ਲਗਵਾਉਣਗੇ, ਜਿਹੜੇ ਆਪਣੇ ਵਰਗਾ ਸਤਿਕਾਰ ਕਰਦੇ ਹਨ, ਉਹ ਮੱਧਮ ਸੇਵਾ ਵਿਚ ਆਉਂਦੇ ਹਨ। ਜਿਹੋ ਜਿਹੇ ਕਮਰੇ 'ਚ ਆਪ ਰਹਿੰਦੇ ਹਨ, ਉਹੋ ਜਿਹਾ ਹੀ ਸਤਿਗੁਰੂ ਦਾ। ਜੇ ਆਪਣੇ ਕਮਰਿਆਂ ਲਈ A.C. ਦਾ ਪ੍ਰਬੰਧ ਨਹੀਂ ਤਾਂ ਗੁਰੂ ਸਾਹਿਬ ਦੇ ਕਮਰਿਆਂ ਲਈ ਵੀ ਨਹੀਂ। ਪਰ ਕਈ ਇਸ ਤੋਂ ਵੀ ਥੱਲੇ ਦੀ ਡਿਗਰੀ ਵਿਚ ਆਉਂਦੇ ਹਨ ਜਿਸ ਨੂੰ ਕਹਿੰਦੇ ਹਨ, ਕਨਿਸ਼ਟ ਸੇਵਾ। ਆਪਣੇ ਲਈ ਸੁੰਦਰ, ਆਲੀਸ਼ਾਨ, A.C. ਕਮਰੇ ਤੇ ਗੁਰੂ ਸਾਹਿਬ ਲਈ ਛੋਟਾ ਜਿਹਾ ਪਰਛੱਤੀ 'ਤੇ ਕਮਰਾ ਬਣਵਾ ਦੇਂਦੇ ਹਨ, ਤੇ ਗੁਰੂ ਸਾਹਿਬ ਨੂੰ ਅਲਮਾਰੀ ਵਿਚ ਬਿਰਾਜਮਾਨ ਕਰਦੇ ਹਨ। ਹੁਣ ਤੁਸੀਂ ਆਪੇ ਅੰਦਾਜ਼ਾ ਲਾ ਲਵੋ ਕਿ ਜਿਹੜੇ ਗੁਰੂ ਲਈ ਪਰਛੱਤੀਆਂ 'ਤੇ ਨਿੱਕਾ ਜਿਹਾ ਕਮਰਾ ਬਣਾ ਦਿੰਦੇ ਹਨ ਤੇ ਗੁਰੂ ਸਾਹਿਬ ਨੂੰ ਅਲਮਾਰੀ ਵਿਚ ਬੰਦ ਕਰਦੇ ਹਨ, ਕੀ ਉਨ੍ਹਾਂ ਦੇ ਮਨ ਵਿਚ ਗੁਰੂ ਪ੍ਰਤੀ ਨਿਰਮਲ ਭਉ ਹੈ?

ਦਾਸ ਨੂੰ ਇਕ ਜ਼ਿਕਰ ਯਾਦ ਆ ਗਿਆ। ਦਾਸ ਇਕ ਵਾਰੀ ਕਿਸੇ ਦੇ ਘਰ ਗਿਆ, ਚੰਗੇ-ਵੱਡੇ ਸ਼ਾਹੂਕਾਰ, ਪੰਜ ਸੌ ਗਜ਼ ਦੀ ਉਨ੍ਹਾਂ ਦੀ ਆਲੀਸ਼ਾਨ ਕੋਠੀ। ਦਾਸ ਨੇ ਕੁਦਰਤੀ ਬਜ਼ੁਰਗ ਮਾਤਾ ਨੂੰ ਪੁੱਛ ਲਿਆ ਕਿ ਤੁਹਾਡੀ ਕੋਠੀ ਵਿਚ ਕਿੰਨੇ ਕੁ ਕਮਰੇ ਹਨ? ਉਸ ਬਜ਼ੁਰਗ ਮਾਤਾ ਨੇ ਦਸਿਆ ਸਤਾਰਾਂ ਕਮਰੇ। ਦਾਸ ਨੇ ਫਿਰ ਪੁੱਛਿਆ, ਕੀ ਘਰ ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਵੀ ਹੈ? ਉਹ ਅਗੋਂ ਬੜੇ ਮਾਣ ਨਾਲ ਕਹਿੰਦੀ ਹੈ, 'ਹਾਂ ਅਸੀਂ

ਆਪਣੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਰਖੇ ਹੋਏ ਹਨ। (ਮਾਤਾ ਦੇ ਕਹੇ ਇਨ੍ਹਾਂ ਲਫਜ਼ਾਂ 'ਤੇ ਜ਼ਰਾ ਗ਼ੌਰ ਕਰਨਾ, ਇਨ੍ਹਾਂ ਲਫ਼ਜ਼ਾਂ ਨੂੰ ਜਦੋਂ ਧਿਆਨ ਨਾਲ ਸਮਝੋਗੇ ਤੇ ਪਤਾ ਲਗ ਜਾਵੇਗਾ ਕਿ ਕੀ ਭਾਵਨਾ ਹੈ ? ਬਾਬਾ ਜੀ ਬਚਨ ਕਰਦੇ ਸਨ, ਕਦੇ ਇਹ ਨਹੀਂ ਕਹਿਣਾ ਚਾਹੀਦਾ ਕਿ ਅਸੀਂ ਆਪਣੇ ਘਰ ਵਿਚ ਗੁਰੂ ਸਾਹਿਬ ਰਖੇ ਹਨ, ਬਲਕਿ ਸਾਡੀ ਭਾਵਨਾ ਇਹ ਹੋਵੇ ਕਿ ਅਸੀਂ ਗੁਰੂ ਸਾਹਿਬ ਦੇ ਬਖ਼ਸ਼ੇ ਘਰ ਵਿਚ ਰਹਿ ਰਹੇ ਹਾਂ) ਦਾਸ ਨੇ ਸੁਭਾਵਿਕ ਪੁੱਛ ਲਿਆ ਕਿ ਗੁਰੂ ਸਾਹਿਬ ਦਾ ਕਮਰਾ ਕਿਥੇ ਹੈ ? ਉਹ ਮਾਤਾ ਕਹਿਣ ਲਗੀ, ਚੌਥੀ ਮੰਜ਼ਿਲ 'ਤੇ। ਤੁਸੀਂ ਆਪ ਹੀ ਸੋਚੋ ਕਿ ਚੌਥੀ ਮੰਜ਼ਿਲ 'ਤੇ ਜਿਹੜਾ ਕਮਰਾ ਹੋਵੇ, ਉਥੇ ਗਰਮੀਆਂ ਵਿਚ ਇਕ ਮਿੰਟ ਖਲੋਣਾ ਵੀ ਮੁਸ਼ਕਲ ਹੁੰਦਾ ਹੈ। ਦਾਸ ਇੰਨੀ ਕੁ ਗੱਲ 'ਤੇ ਹੀ ਸਮਝ ਤਾਂ ਗਿਆ ਕਿ ਇੰਨ੍ਹਾਂ ਦੇ ਘਰ ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਤਾਂ ਹੈ ਪਰ ਗੁਰੂ ਦਾ ਸਤਿਕਾਰ ਥਰਡ ਡਿਗਰੀ ਦਾ ਹੈ। ਦਾਸ ਨੇ ਫਿਰ ਪੁੱਛਿਆ, ਕੀ ਗੁਰੂ ਸਾਹਿਬ ਦਾ ਪ੍ਰਕਾਸ਼-ਸੁਖ ਆਸਣ ਤੁਸੀਂ ਆਪ ਕਰਦੇ ਹੋ ਜਾਂ ਫਿਰ ਤੁਹਾਡੀਆ ਨੂੰਹਾਂ ਕਰਦੀਆ ਹਨ ? ਉਸ ਮਾਤਾ ਦਾ ਜੁਆਬ ਸੀ, ਮੇਰੇ ਤਾਂ ਗੋਡਿਆਂ ਵਿਚ ਦਰਦ ਰਹਿੰਦੀ ਹੈ, ਮੇਰੇ ਲਈ ਤਾਂ ਪੌੜੀਆਂ ਚੜ੍ਹਨੀਆਂ-ਉਤਰਨੀਆਂ ਬਹੁਤ ਹੀ ਔਖੀਆਂ ਹਨ ਤੇ ਨੂੰਹਾਂ ਦੇ ਬੱਚੇ ਛੋਟੇ ਹੋਣ ਕਾਰਨ ਉਨ੍ਹਾਂ ਕੋਲ ਇੰਨਾ ਟਾਈਮ ਨਹੀ ਹੁੰਦਾ। ਦਾਸ ਨੇ ਕਿਹਾ ਫਿਰ ਪੁੱਤਰ ਕਰਦੇ ਹੋਣਗੇ ਗੁਰੂ ਸਾਹਿਬ ਦੀ ਸੇਵਾ ? ਬਜ਼ੁਰਗ ਮਾਤਾ ਕਹਿਣ ਲੱਗੀ, ਪੁੱਤਰ ਤਾਂ ਰਾਤ 10-11 ਵਜੇ ਥੱਕੇ ਟੁੱਟੇ ਦੁਕਾਨਾਂ ਤੋਂ ਆਉਂਦੇ ਹਨ, ਸਾਰੇ ਦਿਨ ਦੇ ਥੱਕੇ ਹੋਣ ਕਾਰਨ ਸਵੇਰੇ 8 ਵਜੇ ਸੁੱਤੇ ਉਠਦੇ ਹਨ, 9 ਵਜੇ ਫਿਰ ਦੁਕਾਨਾਂ ਖੋਲ੍ਹਣੀਆਂ ਹੁੰਦੀਆਂ ਹਨ, ਉਨ੍ਹਾਂ ਵਿਚਾਰਿਆਂ ਕੋਲ ਕਿਥੇ ਵਿਹਲ ਹੁੰਦੀ ਹੈ। ਦਾਸ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ, ਨੂੰਹਾਂ ਕੋਲ ਬੱਚਿਆਂ ਕਰਕੇ ਟਾਈਮ ਨਹੀ, ਪੁੱਤਰਾਂ ਕੋਲ ਕਾਰੋਬਾਰ ਤੋਂ ਫੁਰਸਤ ਨਹੀਂ, ਤੁਹਾਡੇ ਗੋਡਿਆਂ ਵਿਚ ਦਰਦ ਹੋਣ ਕਾਰਨ ਤੁਸੀਂ ਪੌੜੀਆਂ ਚੜ੍ਹ ਕੇ ਉਪਰ ਗੁਰੂ ਸਾਹਿਬ ਦੇ ਕਮਰੇ 'ਚ ਜਾ ਨਹੀਂ ਸਕਦੇ ਤੇ ਫਿਰ ਗੁਰੂ ਸਾਹਿਬ ਦੇ ਸਰੂਪ ਦੀ ਸੇਵਾ ਕੌਣ ਕਰਦਾ ਹੈ ? ਉਸ ਬਜ਼ੁਰਗ ਮਾਤਾ ਨੇ ਜੋ ਜਵਾਬ ਦਿੱਤਾ, ਉਹ ਸੁਣ ਕੇ ਦਾਸ ਦੀਆਂ ਅੱਖਾਂ 'ਚ ਅਥਰੂ ਆ ਗਏ ਕਿ ਸਤਿਗੁਰੂ ਦਾ ਸਰੂਪ ਤਾਂ ਘਰ ਵਿਚ ਹੈ ਪਰ ਅੰਦਰ ਕੋਈ ਗੁਰੂ ਵਾਸਤੇ ਪਿਆਰ ਨਹੀਂ, ਸ਼ਰਧਾ ਭਾਵਨਾ ਨਹੀਂ। ਕੋਈ ਗੁਰੂ ਲਈ ਮਨ ਵਿਚ ਨਿਰਮਲ ਭਉ ਨਹੀਂ। ਉਸ ਮਾਤਾ ਦਾ ਜਵਾਬ ਸੀ ਕਿ ਇਕ ਪਾਠੀ ਰੱਖਿਆ ਹੋਇਆ ਹੈ ਤਨਖ਼ਾਹ 'ਤੇ, ਉਹ ਆਪੇ ਹੀ ਆ ਕੇ ਪ੍ਰਕਾਸ਼ ਵੀ ਕਰ ਜਾਂਦਾ ਹੈ ਤੇ ਸੁਖ ਆਸਣ ਵੀ ਕਰ ਜਾਂਦਾ ਹੈ। ਅਸੀਂ ਸਾਰੇ ਪ੍ਰਵਾਰ ਦੇ ਮੈਂਬਰ ਸੰਗਰਾਂਦ ਵਾਲੇ ਦਿਨ ਗੁਰੂ ਸਾਹਿਬ ਦੇ ਕਮਰੇ ਵਿਚ ਜਾ ਕੇ ਮੱਥਾ ਟੇਕ ਆਉਂਦੇ ਹਾਂ। ਹੁਣ ਤੁਸੀਂ ਆਪੇ ਅੰਦਾਜ਼ਾ ਲਾ ਲਵੋ, ਕੀ ਉਨ੍ਹਾਂ ਦੇ ਮਨ ਵਿਚ ਗੁਰੂ ਪ੍ਰਤੀ ਕੋਈ ਸਤਿਕਾਰ ਹੈ ? ਭਉ ਹੈ ? ਕੀ ਉਹ ਗੁਰੂ ਸਾਹਿਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਕਰ ਰਹੇ ਹਨ ? ਕੀ ਉਹ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ

ਕੀ ਦੇਹ ਮੰਨਦੇ ਹੋਣਗੇ ? ਤੁਹਾਡੇ ਘਰ ਵਿਚ ਕੋਈ ਬਜ਼ੁਰਗ ਹੋਵੇ, ਪਿਤਾ ਹੋਵੇ, ਸਹੁਰਾ ਹੋਵੇ, ਤੁਸੀਂ ਉਸ ਨੂੰ ਇਕ ਪਾਸੇ ਨੁੱਕਰ 'ਚ ਕੋਈ ਕਮਰਾ ਦੇ ਛੱਡੋ, ਨਾ ਉਸ ਨੂੰ ਰੋਟੀ ਪਾਣੀ ਪੁੱਛੋ, ਨਾ ਉਸ ਨਾਲ ਕੋਈ ਗੱਲਬਾਤ ਕਰੋ, ਨਾ ਉਸ ਨੂੰ ਮਿਲੋ ਜਾ ਕੇ, ਤਾਂ ਕੀ ਤੁਹਾਨੂੰ ਉਸਦੀ ਅਸੀਸ ਮਿਲੇਗੀ ? ਕੀ ਉਹ ਤੁਹਾਡੇ 'ਤੇ ਕਦੀ ਖ਼ੁਸ਼ ਹੋਵੇਗਾ ? ਭਾਗ ਤੇ ਸ਼ਰਧਾ ਭਾਵਨਾ ਨੂੰ ਲਗਦੇ ਹਨ, ਪਿਆਰ ਨਾਲ ਸੇਵਾ ਕਰਨ ਵਾਲੇ ਨੂੰ ਲਗਦੇ ਹਨ। ਜਦ ਤਕ ਗੁਰੂ 'ਤੇ ਭਾਵਨਾ ਹੀ ਨਹੀਂ ਬਣਾਉਗੇ, ਭਾਗ ਕਿਵੇਂ ਲਗਣਗੇ।

ਗੁਰੂ ਨਾਨਕ ਸਾਹਿਬ ਜਦੋਂ ਸਰੀਰ ਕਰ ਕੇ ਆਏ, ਉਨ੍ਹਾਂ 'ਤੇ ਵੀ ਜਿਨ੍ਹਾਂ ਦੀ ਨਹੀਂ ਸੀ ਭਾਵਨਾ, ਉਨ੍ਹਾਂ ਨੇ ਵੱਟੇ ਵੀ ਮਾਰੇ, ਭੂਤਨਾ-ਬੇਤਾਲਾ ਵੀ ਕਿਹਾ, ਤੇ ਉਹ ਵੀ ਸਨ ਜਿਨ੍ਹਾਂ ਦੀ ਭਾਵਨਾ ਸੀ ਕਿ ਗੁਰੂ ਨਾਨਕ ਤੇਰੇ ਤੋਂ ਪਰੇ ਕੋਈ ਪਾਰਬ੍ਰਹਮ, ਪ੍ਰਮੇਸ਼ਰ ਨਹੀਂ ਹੈ, ਤੂੰ ਹੀ ਪਾਰਬ੍ਰਹਮ ਹੈਂ, ਉਨ੍ਹਾਂ ਦੇ ਹਰ ਹੁਕਮ ਨੂੰ ਖ਼ੁਸ਼ੀ ਨਾਲ ਮੰਨਿਆ। ਇਥੋਂ ਤੱਕ ਕਿ ਜੇ ਉਨ੍ਹਾਂ ਮੁਰਦਾ ਖਾਣ ਵਾਸਤੇ ਕਿਹਾ ਤੇ ਉਸ ਹੁਕਮ ਅੱਗੇ ਵੀ ਸਤਿ ਬਚਨ ਕੀਤਾ। ਜਿੰਨੀ ਭਾਵਨਾ ਉਤਨੇ ਹੀ ਭਾਗ। ਅੱਜ ਵੀ ਬਹੁਤ ਸਾਰੇ ਸਰੀਰ ਐਸੇ ਹਨ ਜਿਨ੍ਹਾਂ ਦੀ ਗੁਰੂ ਸਾਹਿਬ 'ਤੇ ਭਾਵਨਾ ਨਹੀਂ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀ ਕਿਤਾਬ ਦਾ ਦਰਜਾ ਦੇਂਦੇ ਹਨ। ਕਦੀ ਸੋਚਿਆ ਕਰੋ, ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਕਿਤਾਬ ਹੈ ਤਾਂ ਫਿਰ ਪਲਕਾਂ ਕਿਉਂ ਲਗਾਂਦੇ ਹੋ, ਰੁਮਾਲੇ ਕਿਉਂ ਪਾਉਂਦੇ ਹੋ, ਚੌਰ ਸਾਹਿਬ ਕਿਉਂ ਕਰਦੇ ਹੋ, ਚੰਦੋਏ ਕਿਉਂ ਲਗਾਂਦੇ ਹੋ? ਉਇ ਪਿਆਰਿਉ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਕੀ ਕਿਤਾਬਾਂ ਵਾਂਗੂ ਇਕ ਕਿਤਾਬ ਨਹੀਂ, ਸਿਆਹੀ ਨਹੀਂ, ਜਿਲਦ ਨਹੀਂ, ਇਕ-ਇਕ ਅੱਖਰ ਗੁਰੂ ਨਾਨਕ ਦਾ ਨੇਤ੍ਰ ਹੈ।

ਦਾਸ ਨੂੰ ਬਾਬਾ ਨੰਦ ਸਿੰਘ ਜੀ ਦਾ ਇਕ ਜ਼ਿਕਰ ਯਾਦ ਆ ਗਿਆ। ਇਕ ਵਾਰੀ ਸੰਤ ਬਾਬਾ ਹਰਨਾਮ ਸਿੰਘ ਜੀ ਭੁਚੋ ਵਾਲੇ ਜੋ ਬਾਬਾ ਜੀ ਦੇ ਮੁਰਸ਼ਦ ਹੋਏ ਹਨ। ਉਹਨਾਂ ਨੇ ਬਾਬਾ ਨੰਦ ਸਿੰਘ ਜੀ ਨੂੰ ਅਖੰਡ ਪਾਠ ਰਖਵਾਉਣ ਦੇ ਲਈ ਸੁਨੇਹਾ ਭਿਜਵਾਇਆ। ਬਾਬਾ ਜੀ ਨੇ ਆਪਣੇ ਮੁਰਸ਼ਦ ਦਾ ਹੁਕਮ ਜਾਣ ਕੇ ਅਖੰਡ ਪਾਠ ਰਖਵਾ ਦਿੱਤੇ। ਉਨ੍ਹਾਂ ਦਿਨਾਂ ਵਿਚ ਬੱਤੀ ਦੀ ਸੁਵਿਧਾ ਨਹੀਂ ਸੀ ਹੁੰਦੀ ਇਸ ਲਈ ਗੈਸ ਜਲਾਏ ਜਾਂਦੇ ਸਨ। ਅਖੰਡ ਪਾਠ ਚਲ ਰਹੇ ਸਨ। ਰਾਤ ਦਾ ਤਕਰੀਬਨ 9-10 ਵਜੇ ਦਾ ਸਮਾਂ ਹੋਵੇਗਾ। ਅਚਾਨਕ ਇੰਨ੍ਹੀ ਤੇਜ਼ ਹਨੇਰੀ ਆਈ, ਇਤਨੇ ਤੇਜ਼ ਹਨੇਰੀ ਦੇ ਬੁੱਲੇ ਆਏ ਕਿ ਸਾਰੇ ਹੀ ਗੈਸ ਬੁੱਝ ਗਏ। ਬਾਬਾ ਨੰਦ ਸਿੰਘ ਜੀ ਜਿਥੇ ਅਖੰਡ ਪਾਠ ਚਲ ਰਹੇ ਸਨ, ਉਸ ਕਮਰੇ ਵੱਲ ਦੌੜੇ-ਦੌੜੇ ਆਏ ਕਿ ਗੈਸ ਬੰਦ ਨਾ ਹੋ ਜਾਣ। ਗੈਸ ਬੰਦ ਹੋਣ ਕਾਰਨ ਹਨੇਰਾ ਹੋ ਜਾਣਾ ਹੈ ਤੇ ਪਾਠ ਖੰਡਣ ਹੋ ਜਾਣਗੇ ਪਰ ਜਦੋਂ ਅਖੰਡ ਪਾਠ ਵਾਲੇ ਕਮਰੇ ਵਿਚ ਪਹੁੰਚੇ ਤੇ ਅਜੀਬ ਕੌਤਕ ਵੇਖ ਕੇ ਹੈਰਾਨ ਹੋ ਗਏ। ਉਹ ਅਜੀਬ ਕੌਤਕ ਕੀ ਸੀ— ਜਿੰਨੇ ਵੀ ਪਾਠੀ ਰੋਲ ਦੇ ਰਹੇ ਸਨ, ਸਾਰੇ ਉੱਚੀ-ਉੱਚੀ ਪਾਠ ਕਰ ਰਹੇ ਸਨ। ਬੜੇ ਹੈਰਾਨ ਕਿ

ਇਤਨੇ ਹਨੇਰੇ ਵਿਚ ਪਾਠੀ ਪਾਠ ਕਿਵੇਂ ਕਰੀ ਜਾ ਰਹੇ ਹਨ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਜਿਨ੍ਹਾਂ 'ਤੇ ਪਾਠ ਚਲ ਰਹੇ ਸੀ, ਦੇ ਕੋਲ ਗਏ ਤਾਂ ਵੇਖਿਆ ਇਕ-ਇਕ ਅੱਖਰ ਲਾਈਟ ਵਾਂਗੂ ਜਗ ਰਿਹਾ ਸੀ। (ਇਹ ਸਾਰਾ ਬਾਬਾ ਜੀ ਦੇ ਮੁਰਸ਼ਦ ਮਹਾਪੁਰਸ਼ ਬਾਬਾ ਹਰਨਾਮ ਸਿੰਘ ਜੀ ਭੁਚੋ ਵਾਲਿਆਂ ਨੇ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪੂਰਨ ਭਾਵਨਾ ਬੰਨਾਉਣ ਲਈ ਕੌਤਕ ਰਚਿਆ ਸੀ) ਉਸ ਦਿਨ ਤੋਂ ਬਾਬਾ ਜੀ ਦੀ ਇਹ ਪ੍ਰਪੱਕ ਭਾਵਨਾ ਬਣ ਗਈ ਕਿ ਇਹ ਅੱਖਰ ਜਾਂ ਸਿਆਹੀ ਨਹੀਂ, ਇਕ-ਇਕ ਅੱਖਰ ਗੁਰੂ ਨਾਨਕ ਦਾ ਨੇਤ੍ਰ ਹੈ। ਗੁਰੂ ਨਾਨਕ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਗੁਰੂ ਨਾਨਕ ਦੀ ਹੀ ਜੋਤ ਬਿਰਾਜਮਾਨ ਹੈ ਇਸ ਲਈ ਜੋ ਵੀ ਦਾਤਾਂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਮਿਲਣਗੀਆਂ। ਕਲਗੀਧਰ ਪਾਤਸ਼ਾਹ ਜੀ ਨੇ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਟਿਕਾ ਕੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਤੇ ਹੁਕਮ ਕੀਤਾ —

*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥*
*ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ॥*

ਦਾਸ ਗ਼ਰੀਬ ਦੀ, ਗੁਰੂ ਘਰ ਦੇ ਕੂਕਰ ਦੀ ਹੱਥ ਜੋੜ ਕੇ ਬੇਨਤੀ ਹੈ ਸਾਰਿਆਂ ਦੇ ਚਰਨਾਂ ਵਿਚ ਕਿ ਜਿਨ੍ਹਾਂ ਦੇ ਵੀ ਘਰਾਂ ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਹੈ, ਜਿਤਨਾ ਵੱਧ ਤੋਂ ਵੱਧ ਸਤਿਕਾਰ ਕਰ ਸਕਦੇ ਹੋ, ਕਰਿਆ ਕਰੋ। ਜੇ ਆਪਣੇ ਤੋਂ ਵੱਧ ਨਹੀਂ ਕਰ ਸਕਦੇ ਤਾਂ ਆਪਣੇ ਵਰਗਾ ਜ਼ਰੂਰ ਕਰੀਏ। (ਜੇ ਸੇਵਾ ਨਹੀਂ ਕਰ ਸਕਦੇ ਤਾਂ ਸੈਂਚੀਆਂ ਰਖ ਲਵੋ, ਸੈਂਚੀਆਂ ਤੋਂ ਪਾਠ ਕਰ ਸਕਦੇ ਹੋ। ਸੈਂਚੀਆਂ ਨੂੰ ਤੁਸੀਂ ਕਿਸੇ ਵੀ ਸੁੱਚੇ, ਸਾਫ਼ ਰੁਮਾਲੇ ਵਿਚ ਲਪੇਟ ਕੇ ਰੱਖ ਸਕਦੇ ਹੋ। ਉਸ ਦੇ ਲਈ ਹੋਰ ਪਲੰਘ ਨਾ ਵੀ ਹੋਏ ਤਾਂ ਕੋਈ ਗੱਲ ਨਹੀਂ ਪਰ ਜੇ 1430 ਅੰਗਾਂ ਦਾ ਪੂਰਾ ਸਰੂਪ ਹੈ, ਫਿਰ ਉਹ ਪ੍ਰਗਟ ਗੁਰਾਂ ਕੀ ਦੇਹ ਹੈ ਤੇ ਉਸ ਦੇ ਲਈ ਪੂਰਨ ਮਰਯਾਦਾ ਵੀ ਬਹੁਤ ਜ਼ਰੂਰੀ ਹੈ।) ਜਿਤਨਾ ਗੁਰੂ ਸਾਹਿਬ ਦਾ ਵੱਧ ਤੋਂ ਵੱਧ ਸਤਿਕਾਰ ਕਰੋਗੇ, ਉਤਨੇ ਹੀ ਭਾਗ ਲਗਣਗੇ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿੰਨਾ ਕੋਈ ਅਦਬ ਕਰੇਗਾ, ਉਸ ਤੋਂ ਦਸ ਗੁਣਾ ਅਦਬ ਦੁਨੀਆਂ ਉਸ ਦਾ ਕਰੇਗੀ। ਕਹਿਣ ਨੂੰ ਤਾਂ ਤਕਰੀਬਨ ਹਰ ਕੋਈ ਕਹਿ ਦੇਂਦਾ ਹੈ ਕਿ ਮੇਰੇ ਦਿਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਬਹੁਤ ਸਤਿਕਾਰ ਹੈ, ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਕ ਦੀ ਜੋਤ ਮੰਨਦੇ ਹਾਂ, ਪਰ ਬਹੁਤਿਆਂ ਦੀ ਅਸਲੀ ਜੀਵਨ ਵਿਚ ਇਕ ਕਿਤਾਬ ਤੋਂ ਵੱਧ ਸਮਝਣ ਵਾਲੀ ਬਿਰਤੀ ਨਹੀਂ ਹੁੰਦੀ। ਹਾਜ਼ਰ-ਨਾਜ਼ਰ ਜਾਣ ਕੇ ਗੁਰੂ ਸਾਹਿਬ ਪ੍ਰਤੀ ਅੰਦਰ ਨਿਰਮਲ ਭਉ ਨਹੀਂ ਰਖਦੇ। ਕੋਈ ਵਿਰਲੇ ਹੀ ਹਨ ਜੋ ਹਿਰਦੇ ਦੀ ਤਹਿ ਵਿਚੋਂ ਗੁਰੂ ਸਾਹਿਬ ਨੂੰ ਪ੍ਰਤੱਖ ਗੁਰੂ ਨਾਨਕ ਜਾਣ ਕੇ ਪੂਜਦੇ ਹਨ, ਸੇਵਾ ਕਰਦੇ ਹਨ ਤੇ ਹਾਜ਼ਰ ਜਾਣ ਕੇ ਨਿਰਮਲ ਭਉ ਵਿਚ ਰਹਿੰਦੇ ਹਨ

ਤੇ ਨਿਰਮਲ ਭਉ ਵਿਚ ਰਹਿਣਾ ਹੀ ਸ਼ਰਧਾ ਹੈ।

ਮਹਾਂਪੁਰਸ਼ ਭਾਈ ਆਇਆ ਰਾਮ ਜੀ ਹੋਏ ਹਨ। ਬਹੁਤ ਸਤਿਕਾਰ ਕਰਦੇ ਸਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਜੇ ਕਰ ਕੋਈ ਵੀ ਉਨ੍ਹਾਂ ਦੀ ਨਜ਼ਰ ਵਿਚ ਗੁਰੂ ਸਾਹਿਬ ਦਾ ਅਦਬ ਰਖਣ ਵਿਚ ਰਤਾ ਕੁ ਵੀ ਅਵੇਸਲਾ ਹੁੰਦਾ ਸੀ ਤਾਂ ਉਸ ਨੂੰ ਬਹੁਤ ਤਾੜਨਾ ਕਰਦੇ ਸਨ। ਇਕ ਵਾਰੀ ਆਪ ਜੀ ਨੂਰਪੁਰ ਦੇ ਕਿਸੇ ਗੁਰਦੁਆਰੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੇ ਹੋਏ ਸਨ ਕਿ ਇਕ ਵਪਾਰੀ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਉਥੇ ਕੋਲ ਹੀ ਬੈਠ ਗਿਆ। ਬੈਠਦੇ ਸਾਰ ਹੀ ਆਪਣੀ ਪਗੜੀ ਦੇ ਲੜ ਵਿਚੋਂ ਇਕ ਪੱਤਰ ਕੱਢ ਕੇ ਵਾਚਣ ਲਗ ਪਿਆ। ਮਹਾਂਪੁਰਸ਼ ਇਹ ਦੇਖ ਕੇ ਉਠ ਕੇ ਬਾਹਰ ਚਲੇ ਗਏ ਤੇ ਜਾ ਕੇ ਉਥੋਂ ਦੇ ਮਹੰਤ ਨੂੰ ਕਹਿੰਦੇ ਹਨ ਕਿ ਅਸੀਂ ਇਥੇ ਨਹੀਂ ਠਹਿਰ ਸਕਦੇ, ਕਿਉਂਕਿ ਇਥੇ ਗੁਰੂ ਸਾਹਿਬ ਦਾ ਅਦਬ ਸਤਿਕਾਰ ਨਹੀਂ ਕੀਤਾ ਜਾਂਦਾ। ਜਿੱਥੇ ਬੈਠ ਕੇ ਮਾਇਆ ਦੇ ਵਿਹਾਰ ਦੀਆਂ ਚਿੱਠੀਆਂ ਵਾਚੀਆਂ ਜਾਣ, ਉਹ ਗੁਰਦੁਆਰਾ ਨਹੀਂ, ਚਬੂਤਰਾ ਹੋ ਗਿਆ । ਮਹਾਂਪੁਰਸ਼ ਕਹਿਣ ਲੱਗੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤਾਂ ਅਦਬ ਤੇ ਭੈਅ ਨਾਲ ਬੈਠਣਾ ਚਾਹੀਦਾ ਹੈ, ਟਹਿਲ ਸੇਵਾ ਕਰਨੀ ਚਾਹੀਦੀ ਹੈ ਤਾਂ ਹੀ ਲਾਭ ਹੈ।'

ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ ਵੀ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ। ਇਥੋਂ ਤਕ ਕਿ ਇਕ ਵਾਰ ਉਨ੍ਹਾਂ ਦੇ ਜੱਥੇ ਦੇ ਇਕ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਮੈਂ 'ਗ੍ਰੰਥ ਸਾਹਿਬ' ਦਾ ਸੁਖ ਆਸਣ ਕਰ ਆਇਆ ਹਾਂ। ਸੰਤਾਂ ਨੇ ਉਸ ਦੇ ਲਫ਼ਜ਼ ਸੁਣ ਕੇ ਉਸ ਨੂੰ ਬਹੁਤ ਤਾੜਨਾ ਕੀਤੀ ਤੇ ਕਹਿਣ ਲੱਗੇ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਕਿਉਂ ਨਹੀਂ ਕਿਹਾ। ਇਹੀ ਨਹੀਂ, ਉਸ ਸਿੰਘ ਨੂੰ ਇਸ ਨਿਰਾਦਰੀ ਦੇ ਲਈ 101 ਪਾਠ ਜਪੁਜੀ ਸਾਹਿਬ ਦੇ ਸਜ਼ਾ ਦੇ ਤੌਰ 'ਤੇ ਕਰਨ ਲਈ ਵੀ ਕਿਹਾ ਤੇ ਸੇਧ ਦਿੱਤੀ ਕਿ ਅੱਗੋਂ ਤੋਂ ਗੁਰੂ ਸਾਹਿਬ ਲਈ ਪੂਰੇ ਸਤਿਕਾਰ ਦੇ ਲਫ਼ਜ਼ ਵਰਤਣੇ ਹਨ।

ਇਕ ਵਾਰੀ ਲੁਧਿਆਣੇ ਵਿਖੇ 'ਗੁਰੂ ਤੇਗ਼ ਬਹਾਦਰ ਚੈਰੀਟੇਬਲ ਹਸਪਤਾਲ' ਦੀ ਨੀਂਹ ਰੱਖਣ ਲਈ ਸੰਤ ਕਰਤਾਰ ਸਿੰਘ ਜੀ ਨੂੰ ਬੁਲਾਇਆ ਗਿਆ। ਜਦੋਂ ਆਪ ਜੀ ਬਸ ਰਾਹੀਂ ਉਥੇ ਪੁਹੰਚੇ ਤਾਂ 15-20 ਪ੍ਰਬੰਧਕ ਦੀਵਾਨ ਵਿਚੋਂ ਉੱਠ ਕੇ ਸੇਹਰੇ ਲੈ ਕੇ ਉਨ੍ਹਾਂ ਦੇ ਸਤਿਕਾਰ ਲਈ ਉਨ੍ਹਾਂ ਕੋਲ ਗਏ। ਸੰਤ ਜੀ ਨੇ ਜਦੋਂ ਉਨ੍ਹਾਂ ਨੂੰ ਆਪਣੇ ਵੱਲ ਆਉਂਦਿਆਂ ਵੇਖਿਆ ਤਾਂ ਉਹ ਉਸੇ ਪੈਰੀਂ ਵਾਪਸ ਮੁੜ ਪਏ। ਜਦੋਂ ਮਗਰ ਜਾ ਕੇ ਪ੍ਰਬੰਧਕਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਸੰਤਾਂ ਨੇ ਕਿਹਾ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿਚੋਂ ਉੱਠ ਕੇ ਕਿਸੇ ਵਿਅਕਤੀ ਦਾ ਸਤਿਕਾਰ ਕਰਨਾ ਗੁਰੂ ਦੀ ਨਿਰਾਦਰੀ ਹੈ, ਗੁਰੂ ਦੇ ਸਤਿਕਾਰ ਦੇ ਵਿਚ ਫ਼ਰਕ ਪਾਉਣ ਵਾਲੀ ਗੱਲ ਹੈ। ਉਨ੍ਹਾਂ ਬਚਨ ਕੀਤਾ ਕਿ ਭਾਵੇਂ ਕੋਈ ਕਿੰਨਾ ਵੱਡਾ

ਵਿਅਕਤੀ ਜਾਂ ਲੀਡਰ ਕਿਉਂ ਨਾ ਆ ਜਾਵੇ, ਤੁਸੀਂ ਗੁਰੂ ਸਾਹਿਬ ਦੇ ਸਤਿਕਾਰ ਨੂੰ ਪਹਿਲ ਦਿਆ ਕਰੋ।

ਗੁਰੂ ਸਾਹਿਬ ਦਾ ਜਿਤਨਾ ਵੱਧ ਤੋਂ ਵੱਧ ਹੋ ਸਕੇ ਸਤਿਕਾਰ ਕਰਿਆ ਕਰੋ। ਸਾਡੇ ਲਫ਼ਜ਼ਾਂ ਵਿਚ ਵੀ ਗੁਰੂ ਸਾਹਿਬ ਪ੍ਰਤੀ ਸਤਿਕਾਰ ਹੋਵੇ। ਕਈ ਵਾਰੀ ਅਸੀਂ ਗੁਰੂ ਸਾਹਿਬ ਲਈ 'ਬੀੜ' ਲਫ਼ਜ਼ ਵਰਤਦੇ ਹਾਂ। ਬੀੜ ਜੰਗਲ ਨੂੰ ਕਹਿੰਦੇ ਹਨ। ਮਹਾਂਪੁਰਸ਼ ਬਚਨ ਕਰਦੇ ਸਨ ਕਿ ਬੀੜ ਲਫ਼ਜ਼ ਨਹੀਂ ਵਰਤਣਾ ਚਾਹੀਦਾ, 'ਸਰੂਪ' ਕਹਿਣਾ ਚਾਹੀਦਾ ਹੈ। ਕਈ ਪੰਨਾ, ਵਰਕਾ ਲਫਜ਼ ਵਰਤਦੇ ਹਨ। ਮਹਾਂਪੁਰਸ਼ ਸੁਮੱਤ ਦੇਂਦੇ ਸਨ ਕਿ ਵਰਕੇ-ਪੰਨੇ ਤਾਂ ਕਿਤਾਬਾਂ ਦੇ ਹੁੰਦੇ ਹਨ, 'ਅੰਗ' ਲਫ਼ਜ਼ ਵਰਤਣਾ ਚਾਹੀਦਾ ਹੈ, ਅੰਗ - ਜਿਵੇਂ ਸਾਡੇ ਸਰੀਰ ਦੇ ਅੰਗ। ਸਾਡੀ ਰਸਨਾ ਵਿਚੋਂ ਸਤਿਗੁਰੂ ਪ੍ਰਤੀ ਸਤਿਕਾਰ ਦੇ ਲਫ਼ਜ਼ ਨਿਕਲਣ।

ਸਾਡੇ ਵੱਲੋਂ ਗੁਰੂ ਪ੍ਰਤੀ ਕੀਤੀਆਂ ਜਾਣ ਵਾਲੀਆਂ ਕ੍ਰਿਆਵਾਂ ਵਿਚ ਵੀ ਸਤਿਕਾਰ ਹੋਵੇ। ਜਦੋਂ ਵੀ ਗੁਰੂ ਸਾਹਿਬ ਨੂੰ ਨਵਾਂ ਰੁਮਾਲਾ ਖ਼੍ਰੀਦ ਕੇ ਚੜ੍ਹਾਉ ਤਾਂ ਧੋ ਕੇ ਚੜ੍ਹਾਉ, ਕਿਉਂਕਿ ਜਿਥੇ ਰੁਮਾਲੇ ਸੀਤੇ ਜਾਂਦੇ ਹਨ, ਕਿਨਾਰੀ ਵਗੈਰਾ ਲਗਦੀ ਹੈ, ਤਿਆਰ ਕਰਦਿਆਂ ਕਾਰੀਗਰਾਂ ਦੇ ਹੱਥ ਸੁੱਚੇ ਨਹੀਂ ਹੁੰਦੇ, ਪੈਰਾਂ ਵਾਲੀ ਮਸ਼ੀਨ ਅਤੇ ਸੀਵਣ ਵੇਲੇ ਕਈ ਵਾਰੀ ਪੈਰ ਵੀ ਲਗਦੇ ਹਨ। ਆਪਣੇ ਘਰ ਵਿਚ ਵੀ ਜਦੋਂ ਗੁਰੂ ਸਾਹਿਬ ਦੇ ਰੁਮਾਲੇ ਧੋਂਦੇ ਹੋ ਤਾਂ ਉਸ ਤਰ੍ਹਾਂ ਨਾ ਧੋਇਆ ਕਰੋ ਜਿਵੇਂ ਆਪਣੇ ਵਸਤ੍ਰ ਧੋਂਦੇ ਹੋ। ਗੁਰੂ ਸਾਹਿਬ ਦੇ ਰੁਮਾਲੇ ਧੋਣ ਲਗਿਆਂ ਪਾਣੀ ਸੁੱਚਾ, ਬਾਲਟੀ ਸੁੱਚੀ, ਸਾਬਣ ਸੁੱਚਾ ਲਿਆ ਕਰੋ ਤੇ ਇਹ ਭਾਵਨਾ ਬਣਾਇਆ ਕਰੋ ਕਿ ਇਹ ਰੁਮਾਲਾ ਨਹੀਂ, ਗੁਰੂ ਨਾਨਕ ਦਾ ਚੋਲਾ ਧੋ ਰਿਹਾ ਹਾਂ। ਦਾਸ ਗੁਰੂ ਨਾਨਕ ਦੇ ਭਰੋਸੇ ਨਾਲ ਲਿਖ ਰਿਹਾ ਹੈ। ਜੇ ਇਸ ਤਰੀਕੇ ਨਾਲ, ਇਸ ਭਾਵਨਾ ਨਾਲ ਗੁਰੂ ਸਾਹਿਬ ਦੇ ਰੁਮਾਲੇ ਧੋਵੋਗੇ ਤਾਂ ਤੁਹਾਡੇ ਕਈ-ਕਈ ਜਨਮਾਂ ਦੇ ਪਾਪ ਧੋਤੇ ਜਾਣਗੇ।

ਵਿਚਾਰ ਚਲ ਰਹੀ ਸੀ ਕਿ ਸਾਡੀਆਂ ਗੁਰੂ ਪ੍ਰਤੀ ਕੀਤੀਆਂ ਜਾਣ ਵਾਲੀਆਂ ਕ੍ਰਿਆਵਾਂ ਵਿਚ ਵੀ ਸਤਿਕਾਰ ਹੋਵੇ। ਜੋ ਵੀ ਕਾਰਜ ਕਰੀਏ, ਗੁਰੂ ਸਾਹਿਬ ਨੂੰ ਹਾਜ਼ਰ ਜਾਣ ਕੇ ਕਰੀਏ। ਬਾਬਾ ਹਰਭਜਨ ਸਿੰਘ ਜੀ (ਵੱਡੇ) ਨਾਨਕਸਰ ਵਾਲੇ ਸੁਮੱਤ ਦੇਂਦੇ ਸਨ ਕਿ ਜਦੋਂ ਵੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਦੇ ਹੋ, ਮਨ ਵਿਚ ਇਹ ਭਾਵਨਾ ਹੋਵੇ ਕਿ ਗੁਰੂ ਸਾਹਿਬ ਪ੍ਰਤੱਖ ਰੂਪ ਵਿਚ ਹਾਜ਼ਰ ਹਨ। ਮਨ ਵਿਚ ਇਹ ਵਿਸ਼ਵਾਸ ਹੋਵੇ ਕਿ ਗੁਰੂ ਸਾਹਿਬ ਮੇਰੇ ਗੁਨਾਹਾਂ ਨੂੰ ਬਖ਼ਸ਼ਣ ਵਾਲੇ ਬਖ਼ਸ਼ਿੰਦ ਪਿਤਾ ਹਨ। ਜੇ ਇਸ ਤਰ੍ਹਾਂ ਸ਼ਰਧਾ ਨਾਲ ਨਮਸਕਾਰ ਕਰੋਗੇ, ਸੀਸ ਝੁਕਾਉਗੇ ਤਾਂ ਤੁਹਾਨੂੰ ਇੰਝ ਮਹਿਸੂਸ ਹੋਵੇਗਾ ਕਿ ਸਦ ਬਖ਼ਸ਼ਿੰਦ ਪਿਤਾ ਨੇ ਤੁਹਾਡੇ 'ਤੇ ਬਖ਼ਸ਼ਿਸ਼ ਕਰ ਦਿੱਤੀ ਹੈ, ਤੁਸੀਂ ਆਪਣੇ ਆਪ ਨੂੰ ਹਲਕਾ ਮਹਿਸੂਸ ਕਰੋਗੇ। ਇਹ ਬੇਨਤੀ ਹੈ ਦਾਸ ਵੱਲੋਂ। ਜਦੋਂ ਵੀ ਮੱਥਾ

ਟੇਕੋ, ਗੁਰੂ ਸਾਹਿਬ ਨੂੰ ਕਦੀ ਵੀ ਪਹਿਲੇ ਮਾਇਆ ਨਹੀਂ ਚੜ੍ਹਾਉਣੀ ਚਾਹੀਦੀ। ਪਹਿਲਾਂ ਨਮਸਕਾਰ ਕਰੋ ਫਿਰ ਮਾਇਆ ਚੜ੍ਹਾਉ ਇਸ ਵਿਚ ਬਰੀਕੀ ਜੇ। ਜੇ ਕਰ ਕੋਈ ਪਹਿਲੇ ਮਾਇਆ ਚੜ੍ਹਾ ਰਿਹਾ ਹੈ ਫਿਰ ਤੇ ਉਹ ਦਾਤਾ ਬਣ ਗਿਆ ਹੈ। ਜੇ ਪਹਿਲੇ ਨਮਸਕਾਰ ਕਰਦੇ ਹੋ, ਇਸ ਦਾ ਭਾਵ ਇਹ ਹੈ ਕਿ ਤੁਹਾਡੇ ਮਨ ਵਿਚ ਗੁਰੂ ਸਾਹਿਬ ਲਈ ਮਾਲਕ ਦੀ ਭਾਵਨਾ ਹੈ, ਫਿਰ ਤੁਸੀਂ ਜੋ ਦਿਉਗੇ ਉਹ ਭੇਟਾ ਬਣ ਜਾਵੇਗੀ। ਇਸ ਤੋਂ ਇਲਾਵਾ ਜੋ ਵੀ ਮਾਇਆ ਭੇਟਾ ਕਰਨੀ ਹੋਵੇ , ਬਾਹਰੋਂ ਹੀ ਕੱਢ ਕੇ ਆਪਣੀ ਮੁੱਠੀ ਵਿਚ ਫੜ ਕੇ ਲਿਆਉ। ਗੁਰੂ ਸਾਹਿਬ ਨੂੰ ਮੱਥਾ ਟੇਕਣ ਲਗਿਆਂ, ਉਥੇ ਖੜੇ ਹੋ ਕੇ ਜੇਬ ਵਿਚੋਂ ਬਟੂਏ ਵਿਚੋਂ ਮਾਇਆ ਕੱਢਣੀ ਇਹ ਵੀ ਸਤਿਕਾਰ ਦੀ ਨਿਸ਼ਾਨੀ ਨਹੀਂ, ਹਉਮੈਂ ਦੀ ਨਿਸ਼ਾਨੀ ਹੈ। ਜੋ ਭੇਟਾ ਚੜ੍ਹਾਣੀ ਹੈ ਪਿੱਛੋਂ ਬਟੂਏ ਚੋਂ ਕੱਢ ਕੇ ਹੱਥ ਵਿਚ ਰੱਖੋ। ਜਦੋਂ ਮੱਥਾ ਟੇਕਦੇ ਹੋ, ਇਹ ਭਾਵਨਾ ਬਣਾਇਆ ਕਰੋ ਕਿ ਸਤਿਗੁਰੂ ਦੇ ਚਰਨ ਤੁਹਾਡੇ ਮੱਥੇ ਨੂੰ ਸਪਰਸ਼ ਕੀਤੇ ਹਨ। ਇਹ ਸਭ ਕਿਰਿਆਵਾਂ ਹਨ। ਸਾਡੀਆਂ ਕ੍ਰਿਆਵਾਂ ਵਿਚ ਵੀ ਗੁਰੂ ਪ੍ਰਤੀ ਪ੍ਰੇਮ ਸਤਿਕਾਰ ਹੋਵੇ। ਸਾਡੀ ਇਹ ਭਾਵਨਾ ਹੋਵੇ ਕਿ ਇਹ ਕਿਤਾਬ ਨਹੀਂ, ਪ੍ਰਤਖ ਗੁਰੂ ਸਾਹਿਬ ਹਾਜ਼ਰ-ਨਾਜ਼ਰ ਹਨ। ਜਦੋਂ ਵੀ ਗੁਰੂ ਸਾਹਿਬ ਦੇ ਕਮਰੇ ਵਿਚ ਜਾਣਾ ਹੋਵੇ, ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ, ਸਤਿਨਾਮ ਸ੍ਰੀ ਵਾਹਿਗੁਰੂ ਦਾ ਅਵਾਜ਼ਾ ਦੇ ਕੇ ਜਾਵੋ।

ਇਕ ਸ਼ਹਿਰ ਅਸੀਂ ਕਿਸੇ ਘਰ ਗਏ। ਉਸ ਘਰ ਦੇ ਬਜ਼ੁਰਗ ਕਹਿਣ ਲੱਗੇ, ਪਹਿਲੇ ਗੁਰੂ ਸਾਹਿਬ ਦੇ ਕਮਰੇ 'ਚ ਜਾ ਕੇ ਗੁਰੂ ਸਾਹਿਬ ਦੇ ਦਰਸ਼ਨ ਕਰ ਲਵੋ। ਕੋਈ ਜਦੋਂ ਕਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਨੂੰ, ਫਿਰ ਸਾਨੂੰ ਵੀ ਚਾਅ ਹੁੰਦਾ ਹੈ, ਸਾਡੇ ਵੀ ਪੈਰ ਨਹੀਂ ਰੁਕਦੇ। ਉਹ ਬਜ਼ੁਰਗ ਸਾਨੂੰ ਲੈ ਕੇ ਪੌੜੀਆਂ ਵਲ ਸਾਡੇ ਅੱਗੇ-ਅੱਗੇ ਤੁਰ ਪਿਆ, ਕਿਉਂਕਿ ਗੁਰੂ ਸਾਹਿਬ ਜੀ ਦਾ ਕਮਰਾ ਉਪਰ ਸੀ ਦੂਸਰੀ ਮੰਜ਼ਿਲ 'ਤੇ। ਜਦੋਂ ਪੌੜੀਆਂ ਚੜ੍ਹ ਗਿਆ ਤਾਂ ਉਸ ਨੇ ਅੱਗੇ ਹੋ ਕੇ ਕਮਰੇ ਦਾ ਕੁੰਡਾ ਖੋਲ੍ਹਿਆ ਤੇ ਅੰਦਰ ਚਲਾ ਗਿਆ ਤੇ ਦਾਸ ਨੂੰ ਅੰਦਰੋਂ ਕਹਿਣ ਲੱਗਾ, ਅੰਦਰ ਆ ਜਾਵੋ। ਦਾਸ ਨੇ ਉਸ ਨੂੰ ਬਾਹਰੋਂ ਅਵਾਜ਼ ਦਿੱਤੀ ਕਿ ਪਹਿਲੇ ਤੁਸੀਂ ਬਾਹਰ ਆ ਜਾਵੋ। ਉਹ ਬਜ਼ੁਰਗ ਕਹਿਣ ਲੱਗਾ, ਇਹੀ ਗੁਰੂ ਸਾਹਿਬ ਦਾ ਕਮਰਾ ਹੈ, ਅੰਦਰ ਆ ਜਾਵੋ। ਦਾਸ ਨੇ ਹੱਥ ਜੋੜ ਕੇ ਕਿਹਾ ਕਿ ਮੇਰੇ ਮਨ ਦੀ ਭਾਵਨਾ ਹੈ ਕਿ ਪਹਿਲੇ ਤੁਸੀਂ ਗੁਰੂ ਸਾਹਿਬ ਦੇ ਕਮਰੇ ਵਿਚ ਜਾਣ ਦੀ ਜਾਚ ਸਿਖ ਲਵੋ।

ਦਾਸ ਦੀ ਇਹ ਗੱਲ ਸੁਣ ਕੇ ਬਜ਼ੁਰਗ ਬੜਾ ਹੈਰਾਨ ਹੋਇਆ ਤੇ ਕਹਿਣ ਲੱਗਾ, ਕੀ ਗੁਰੂ ਸਾਹਿਬ ਦੇ ਕਮਰੇ ਵਿਚ ਜਾਣ ਦੀ ਵੀ ਕੋਈ ਜਾਚ ਹੁੰਦੀ ਹੈ? ਦਾਸ ਨੇ ਬੇਨਤੀ ਕੀਤੀ ਕਿ ਤੁਸੀਂ ਕਮਰੇ ਦੇ ਦਰਵਾਜ਼ੇ ਦੀ ਕੁੰਡੀ ਖੋਲ੍ਹੀ ਤੇ ਅੰਦਰ ਚਲੇ ਗਏ, ਇਸ ਦਾ ਮਤਲਬ ਹੈ ਕਿ ਤੁਹਾਡੇ ਅੰਦਰ ਗੁਰੂ ਸਾਹਿਬ ਪ੍ਰਤੀ ਨਿਰਮਲ ਭਉ ਵਾਲੀ ਕੋਈ ਗੱਲ ਨਹੀਂ। ਗੁਰੂ ਲਈ ਅੰਦਰ ਨਿਰਮਲ ਭਉ ਰਖਣਾ ਹੈ ਕਿ ਮਾਲਕ ਅੰਦਰ ਬੈਠੇ ਹਨ। ਬਾਬਾ

ਜੀ ਵਲੋਂ ਮਿਲੀ ਸੁਮੱਤ ਮੁਤਾਬਕ ਦਾਸ ਨੇ ਕਿਹਾ ਕਿ ਗੁਰੂ ਸਾਹਿਬ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਅਵਾਜ਼ ਦੇਣੀ ਹੈ (ਸਤਿਨਾਮ ਸ੍ਰੀ ਵਾਹਿਗੁਰੂ ਜੀ) ਜਿਸ ਤਰ੍ਹਾਂ ਕਿਸੇ ਵਿਦਿਆਰਥੀ ਨੇ ਹੈੱਡਮਾਸਟਰ ਸਾਹਿਬ ਦੇ ਕਮਰੇ ਵਿਚ ਜਾਣਾ ਹੋਵੇ ਤਾਂ ਉਹ ਕਮਰੇ ਦੇ ਬਾਹਰ ਖੜਾ ਹੋ ਕੇ ਪਹਿਲਾਂ ਬੜੇ ਅਦਬ ਨਾਲ ਦਰਵਾਜ਼ੇ ਦੇ ਬਾਹਰ ਖੜਾ ਹੋ ਕੇ ਕਹਿੰਦਾ ਹੈ (May I come in Sir) -ਭਾਵ ਕੀ ਮੈਂ ਅੰਦਰ ਆ ਸਕਦਾ ਹਾਂ? ਫਿਰ ਕਮਰੇ ਵਿਚ ਦਾਖ਼ਲ ਹੁੰਦਾ ਹੈ। ਕਿਉਂਕਿ ਉਸ ਦੇ ਅੰਦਰ ਆਪਣੇ ਹੈੱਡਮਾਸਟਰ ਪ੍ਰਤੀ ਭਉ ਹੁੰਦਾ ਹੈ। ਤੁਸੀਂ ਵੀ ਕਿਸੇ ਵੱਡੇ ਅਫ਼ਸਰ ਨੂੰ ਮਿਲਣ ਜਾਵੋ ਜਾਂ ਆਪਣੇ ਬੱਚੇ ਦੇ ਸਕੂਲ ਉਸ ਦੇ Principal ਨੂੰ ਮਿਲਣ ਜਾਵੋ ਤੇ ਜੇ ਸਿੱਧਾ ਹੀ ਦਰਵਾਜ਼ਾ ਖੋਲ੍ਹ ਕੇ ਅੰਦਰ ਚਲੇ ਜਾਵੋ ਤਾਂ ਅਫ਼ਸਰ ਵੀ ਸੋਚੇਗਾ ਕਿ ਇਸ ਨੂੰ ਕਮਰੇ ਦੇ ਅੰਦਰ ਦਾਖ਼ਲ ਹੋਣ ਦੀ ਜਾਚ ਨਹੀਂ ਤੇ ਮੈਂ ਇਸ ਦਾ ਕੰਮ ਕੀ ਕਰਾਂ। ਫਿਰ ਗੁਰੂ ਸਾਹਿਬ ਤਾਂ ਸਾਰੀ ਸ੍ਰਿਸ਼ਟੀ ਦੇ ਮਾਲਕ ਹਨ। ਭਾਵ ਜਿਵੇਂ ਅਸੀਂ ਕਿਸੇ ਅਫ਼ਸਰ ਦੇ ਕਮਰੇ 'ਚ ਜਾਣਾ ਹੋਵੇ ਤਾਂ ਦਰਵਾਜ਼ੇ ਦੇ ਬਾਹਰ ਖੜ੍ਹੇ ਹੋ ਕੇ ਅਦਬ ਨਾਲ ਪੁੱਛਦੇ ਹਾਂ, ਇਸੇ ਤਰਾਂ ਜਦੋਂ ਅਫ਼ਸਰਾਂ ਨੂੰ ਬਨਾਉਣ ਵਾਲੇ, ਸਾਰੀ ਸ੍ਰਿਸ਼ਟੀ ਦੇ ਕਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਅੰਦਰ ਜਾਣਾ ਹੋਵੇ ਤਾਂ ਪਹਿਲੇ ਬੜੇ ਸਤਿਕਾਰ ਨਾਲ ਸਤਿਨਾਮ ਸ੍ਰੀ ਵਾਹਿਗੁਰੂ ਜੀ ਦੀ ਅਵਾਜ਼ ਦਿਉ, ਫਿਰ ਬਿਰਤੀ ਨਾਲ ਸੀਸ ਝੁਕਾਉ ਫਿਰ ਅੰਦਰ ਜਾਵੋ, ਇਹ ਨਿਰਮਲ ਭਉ ਹੈ। ਨਿਰਮਲ ਭਉ ਤੇ ਭਾਵਨਾ ਨੇ ਹੀ ਭਗਤੀ ਬਣ ਜਾਣਾ ਹੈ।

SIKHBOOKCLUB.COM

ਇਹ ਤਾਂ ਅਸੀਂ ਤਕਰੀਬਨ ਸਾਰੇ ਹੀ ਜਾਣਦੇ ਹਾਂ ਕਿ ਗੁਰੂ ਸਾਹਿਬ ਦੇ ਕਮਰੇ ਵਿਚ ਜਾਣ ਤੋਂ ਪਹਿਲੇ ਹੱਥ-ਪੈਰ ਧੋਣੇ ਜ਼ਰੂਰੀ ਹਨ, ਪਰ ਇਸ ਤਰ੍ਹਾਂ ਦਰਵਾਜ਼ੇ 'ਤੇ ਅਵਾਜ਼ ਦੇ ਕੇ ਜਾਣਾ, ਇਹ ਵੀ ਇਕ ਸਤਿਕਾਰ ਦੀ ਨਿਸ਼ਾਨੀ ਹੈ। ਕਈ ਸਰੀਰ ਜੁਰਾਬਾਂ ਪਾ ਕੇ ਗੁਰੂ ਸਾਹਿਬ ਜੀ ਦੀ ਤਾਬਿਆਂ ਬੈਠ ਜਾਂਦੇ ਹਨ, ਇਹ ਵੀ ਇਕ ਬਹੁਤ ਭਾਰੀ ਬੇਅਦਬੀ ਹੈ। ਦਾਸ ਪਿਛੇ ਜਿਹੇ ਅਮਰੀਕਾ ਗਏ, ਕੀਰਤਨ ਦੀ ਹਾਜ਼ਰੀ ਸੀ। ਦਾਸ ਨੇ ਦੇਖਿਆ, ਉਥੇ ਇਕ ਬਜ਼ੁਰਗ ਗੁਰੂ ਸਾਹਿਬ ਜੀ ਦੀ ਤਾਬਿਆਂ ਬੈਠਾ ਹੋਇਆ ਸੀ। ਉਸ ਨੇ ਜੁਰਾਬਾਂ ਪਾਈਆਂ ਹੋਈਆਂ ਸਨ। ਦਾਸ ਕੋਲੋਂ ਰਿਹਾ ਨਹੀਂ ਗਿਆ। ਬੇਨਤੀ ਕੀਤੀ ਕਿ ਗੁਰੂ ਸਾਹਿਬ ਦੀ ਤਾਬਿਆਂ ਜੁਰਾਬਾਂ ਪਾ ਕੇ ਨਹੀਂ ਬੈਠਣਾ ਚਾਹੀਦਾ, ਕਿਉਂਕਿ ਜੁਰਾਬਾਂ ਜੋੜਿਆਂ ਨਾਲ ਲੱਗੀਆਂ ਹੋਣ ਕਾਰਨ ਜੂਠੀਆਂ ਹੁੰਦੀਆਂ ਹਨ ਤੇ ਨਾਲ ਹੀ ਪੈਰ ਦੇ ਪਸੀਨੇ ਦੀ ਬਦਬੂ ਵੀ ਹੁੰਦੀ ਹੈ। ਉਹ ਸਰੀਰ ਦਾਸ ਨੂੰ ਕਹਿਣ ਲੱਗਾ, ਜੀ ਤੁਸੀਂ ਕੀਰਤਨ ਕਰੋ, ਇਥੇ ਇਹ ਹੀ ਚਲਦਾ ਹੈ। ਦਾਸ ਨੇ ਬੇਨਤੀ ਕੀਤੀ, ਗੱਲ ਇਹ ਨਹੀਂ ਕਿ ਇਥੇ ਸਭ ਕੁਝ ਚਲਦਾ ਹੈ। ਸਾਡਾ ਕੇਂਦਰ ਹੈ ਗੁਰੂ ਰਾਮਦਾਸ ਜੀ ਦਾ ਘਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਕੀ ਤੁਸੀਂ ਕਦੀ ਉਥੇ ਗਏ ਹੋ? ਉਹ ਕਹਿਣ ਲੱਗਾ 3-4 ਵਾਰੀ ਗਿਆ ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ। ਦਾਸ ਨੇ ਕਿਹਾ, ਫਿਰ ਤਾਂ

ਤੁਸੀਂ ਇਹ ਗੱਲ ਜਾਣਦੇ ਹੀ ਹੋਵੋਗੇ ਕਿ ਜੁਰਾਬਾਂ ਪਾ ਕੇ ਤਾਬਿਆਂ ਬੈਠਣਾ ਤਾਂ ਇਕ ਪਾਸੇ ਰਿਹਾ, ਉਥੇ ਤਾਂ ਜੇ ਪ੍ਰਕਰਮਾ ਵਿਚ ਵੀ ਜੁਰਾਬਾਂ ਪਾ ਕੇ ਜਾਵੋ ਤਾਂ ਉਥੋਂ ਦੇ ਸੇਵਾਦਾਰ ਮਨ੍ਹਾਂ ਕਰਦੇ ਹਨ, ਪ੍ਰਕਰਮਾ ਵਿਚ ਵੀ ਜੁਰਾਬਾਂ ਉਤਾਰ ਕੇ ਪੈਰ ਧੋ ਕੇ ਜਾਣਾ ਪੈਂਦਾ ਹੈ। ਇਸ ਦਲੀਲ ਨਾਲ ਬਜ਼ੁਰਗ ਮੰਨ ਗਏ ਕਿ ਮੈਥੋਂ ਗ਼ਲਤੀ ਹੋਈ ਹੈ, ਜੁਰਾਬਾਂ ਪਾ ਕੇ ਬੈਠਣਾ ਨਿਰਮਲ ਭਾਉ ਨਹੀਂ ਹੈ। ਬਹੁਤ ਲੋੜ ਹੈ ਸੁੱਚਮਤਾ ਦੀ ਵੀ, ਕਿਉਂਕਿ ਸਫਾਈ, ਸਚਾਈ ਤੇ ਖ਼ੁਦਾਈ ਦਾ ਮੇਲ ਹੈ। ਜਿਥੇ ਸਫ਼ਾਈ ਤੇ ਸਚਾਈ, ਉਥੇ ਖ਼ੁਦਾ। ਬਾਕੀ ਗੁਰੂ ਸਾਹਿਬ ਜੀ ਦੀ ਤਾਬਿਆਂ ਬੈਠਣ ਵਾਲੇ ਨੂੰ ਤਾਂ ਅਗਰ ਹੋ ਸਕੇ ਤਾਂ ਕੇਸੀ-ਇਸ਼ਨਾਨ ਵੀ ਕਰਨਾ ਚਾਹੀਦਾ ਹੈ। ਜੇ ਨਹੀਂ ਤਾਂ ਇਸ਼ਨਾਨ ਤਾਂ ਰੋਜ਼ ਕਰਨਾ ਬਹੁਤ ਜ਼ਰੂਰੀ ਹੈ।

ਬਾਬਾ ਈਸ਼ਰ ਸਿੰਘ ਜੀ ਨੇ ਇਕ ਵਾਰੀ ਕਿਸੇ ਸ਼ਹਿਰ 10 ਦਿਨ ਦੇ ਸਮਾਗਮ ਰੱਖੇ। ਉਨ੍ਹਾਂ ਕੋਲ ਤੀਜੇ ਦਿਨ 4-5 ਪ੍ਰਬੰਧਕ ਆ ਕੇ ਕਹਿਣ ਲੱਗੇ ਕਿ ਸਾਡੇ ਗੁਰਦੁਆਰੇ ਵੀ ਪ੍ਰੋਗਰਾਮ ਦਿਉ। ਬਾਬਾ ਜੀ ਕਹਿੰਦੇ ਹਨ ਕਿ ਗੁਰੂ ਸਾਹਿਬ ਤੋਂ ਹੁਕਮਨਾਮਾ ਲੈ ਲੈਂਦੇ ਹਾਂ, ਜੇ ਕਰ ਗੁਰੂ ਸਾਹਿਬ ਵਲੋਂ ਮੰਨਜ਼ੂਰੀ ਮਿਲ ਗਈ ਤਾਂ ਜ਼ਰੂਰ ਦਿਆਂਗੇ। ਅਜੇ ਗੱਲਬਾਤ ਚਲ ਹੀ ਰਹੀ ਸੀ ਕਿ ਬਾਬਾ ਜੀ ਦੀ ਨਜ਼ਰ ਅਚਾਨਕ ਉਨ੍ਹਾਂ ਪ੍ਰਬੰਧਕਾਂ ਦੇ ਖੜੇ ਹੋਣ ਦੇ ਤਰੀਕੇ 'ਤੇ ਪੈ ਗਈ। ਉਨ੍ਹਾਂ ਵਿਚੋਂ 3 ਪ੍ਰਬੰਧਕ ਪਿੱਠ ਪਿੱਛੇ ਹੱਥ ਰੱਖ ਕੇ ਖੜੇ ਸਨ ਤੇ ਖੜੇ ਵੀ ਗੁਰਦੁਆਰੇ ਦੇ ਅੰਦਰ ਹਾਲ ਵਿਚ ਜਿੱਥੇ ਪ੍ਰਕਾਸ਼ ਸੀ ਮਹਾਰਾਜ ਦਾ। ਬਾਬਾ ਜੀ ਉਨਾਂ ਨੂੰ ਕਹਿੰਦੇ ਹਨ, ਤੁਸੀਂ ਪ੍ਰਬੰਧਕ ਹੋ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕਿਸ ਤਰ੍ਹਾਂ ਖੜੇ ਹੋਣਾ ਚਾਹੀਦਾ ਹੈ, ਭਾਈ ਇਹ ਅਦਬ ਤਾਂ ਸਿਖ ਲਵੋ। ਬਾਬਾ ਜੀ ਕਹਿੰਦੇ ਹਨ, ਇਸ ਤਰ੍ਹਾਂ ਪਿੱਛੇ ਹੱਥ ਤਾਂ ਪੁਲਿਸ ਵਾਲੇ ਉਨ੍ਹਾਂ ਦੇ ਕਰਦੇ ਹਨ ਜਿਨਾਂ ਨੂੰ ਹੱਥਕੜੀ ਲਗੀ ਹੋਵੇ। ਲਫ਼ਜ਼ ਥੋੜ੍ਹੇ ਸਖ਼ਤ ਹਨ। ਬਾਬਾ ਜੀ ਕਹਿੰਦੇ ਹਨ ਕਿ ਜਮਦੂਤ ਵੀ ਇਸੇ ਤਰ੍ਹਾਂ ਹੀ ਖੜਦੇ ਹਨ। ਬਾਬਾ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਇੰਞ ਪਿਛੇ ਬਾਹਵਾਂ ਖੜੀਆਂ ਕਰਕੇ ਖਲੋਣਾ ਹਉਮੈ ਦੀ ਨਿਸ਼ਾਨੀ ਹੈ, ਸਾਨੂੰ ਨਿਰਮਲ ਭਉ ਵਿਚ ਰਹਿਣਾ ਬਣਦਾ ਹੈ ਭਾਈ।

ਇਹ ਭਾਵਨਾਵਾਂ ਗੁਰੂ ਸਾਹਿਬ ਦੇ ਸਤਿਕਾਰ ਭਉ ਦੀਆਂ ਸਾਨੂੰ ਮਹਾਪੁਰਸ਼ਾਂ ਤੋਂ ਮਿਲਦੀਆਂ ਹਨ। ਭਗਤ ਰਵੀਦਾਸ ਜੀ ਲਿਖਦੇ ਹਨ—

*"ਸਾਧਸੰਗਤਿ ਬਿਨਾ ਭਾਉ ਨਹੀ ਊਪਜੈ*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥"*

(ਅੰਗ ੬੯੪)

ਬਾਬਾ ਨੰਦ ਸਿੰਘ ਜੀ ਕਦੀ ਵੀ ਬੈਠ ਕੇ ਚੌਰ ਸਾਹਿਬ ਨਹੀਂ ਸੀ ਕਰਦੇ, ਕਿਉਂਕਿ ਭਾਵਨਾ ਬਣਾਉਂਦੇ ਸਨ ਕਿ ਮਾਲਕ ਬੈਠਾ ਹੈ। ਕਹਿੰਦੇ ਸਨ ਕਿ ਬੈਠ ਕੇ ਚੌਰ ਸਾਹਿਬ

ਕਰਨ ਨਾਲ, ਚਉਰ ਮਾਲਕ ਦੀ ਦਸਤਾਰ 'ਤੇ ਵੱਜਦੀ ਹੈ। ਸਾਡੇ ਲਈ ਵੀ ਸਿੱਖਿਆ ਹੈ ਕਿ ਹਮੇਸ਼ਾ ਖੜ੍ਹੇ ਹੋ ਕੇ ਚੌਰ ਸਾਹਿਬ ਕਰਨੀ ਚਾਹੀਦੀ ਹੈ। ਜੇ ਬੈਠ ਕੇ ਕਰਨੀ ਵੀ ਹੋਵੇ ਤਾਂ ਹੱਥ ਉੱਚਾ ਚੁੱਕ ਕੇ ਕਰੋ, ਅੰਦਰ ਇਹ ਭਾਵਨਾ ਹੋਵੇ ਕਿ ਗੁਰੂ ਸਾਹਿਬ ਚੌਂਕੜਾ ਮਾਰ ਕੇ ਬੈਠੇ ਹਨ। ਕਦੀ ਨੋਟ ਕਰੋ, ਹਰਿਮੰਦਰ ਸਾਹਿਬ, ਸਿੰਘ ਸਾਹਿਬ ਹੱਥ ਨੂੰ ਪੂਰਾ ਉੱਚਾ ਚੁੱਕ ਕੇ ਚੌਰ ਸਾਹਿਬ ਕਰਦੇ ਹਨ। ਇਕ ਵਾਰੀ ਕੋਈ ਸਰੀਰ ਬਿਨਾਂ ਹੱਥ ਉੱਚਾ ਚੁੱਕੇ ਹੀ ਬੈਠ ਕੇ ਗੁਰੂ ਸਾਹਿਬ ਨੂੰ ਚੌਰ ਸਾਹਿਬ ਕਰ ਰਿਹਾ ਸੀ। ਬਾਬਾ ਨੰਦ ਸਿੰਘ ਜੀ ਸਾਮ੍ਹਣੇ ਬੈਠੇ ਸਨ। ਕਹਿੰਦੇ ਹਨ, ਹੱਥ ਨੂੰ ਉੱਚਾ ਕਰ ਕੇ ਚੌਰ ਸਾਹਿਬ ਕਰ, ਬਾਰ-ਬਾਰ ਸਤਿਗੁਰੂ ਦੇ ਸੀਸ 'ਤੇ ਚੌਰ ਸਾਹਿਬ ਵੱਜ ਰਹੀ ਹੈ। ਇਹ ਹੈ ਨਿਰਮਲ ਭਉ, ਤੇ ਨਿਰਮਲ ਭਉ ਉਥੇ ਹੀ ਹੋਵੇਗਾ ਜਿਥੇ ਭਾਵਨਾ ਹੋਵੇਗੀ, ਜਿਥੇ ਨਹੀਂ, ਉਹ ਜੋ ਮਰਜ਼ੀ ਪਿਆ ਕਰੇ। ਦਾਸ ਗੁਰੂ ਸਾਹਿਬ ਦੇ ਭਰੋਸੇ ਨਾਲ ਲਿਖ ਰਿਹਾ ਹੈ ਕਿ ਕੋਈ ਵੱਡੀ ਤੋਂ ਵੱਡੀ ਮੁਸ਼ਕਿਲ ਵੀ ਹੋਵੇ, ਜੇ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖੜ੍ਹੇ ਹੋ ਕੇ ਪ੍ਰੇਮ ਨਾਲ ਚੌਰ ਸਾਹਿਬ ਕਰੇ, ਨਾਲ ਜਪੁਜੀ ਸਾਹਿਬ ਦਾ ਪਾਠ ਜਾਂ ਮੂਲਮੰਤ੍ਰ ਦਾ ਪਾਠ ਕਰੇ, ਤਕਰੀਬਨ ਅੱਧਾ ਘੰਟਾ ਰੋਜ਼ ਹਾਜ਼ਰੀ ਲਾਵੇ ਤਾਂ ਗੁਰੂ ਨੂੰ ਵੱਡੇ ਤੋਂ ਵੱਡੇ ਬੰਧਨ ਵੀ ਕੱਟਣੇ ਪੈਂਦੇ ਹਨ। ਇਹੋ ਜਿਹੇ ਵੀ ਕਈ ਕੇਸ ਦਾਸ ਦੇ ਸਾਹਮਣੇ ਆਏ ਹਨ ਕਿ ਜਿਥੇ ਕੋਈ ਆਸ ਵੀ ਨਹੀਂ ਸੀ ਪਰ ਖੜ੍ਹੇ ਹੋ ਕੇ ਪ੍ਰੇਮ ਨਾਲ ਚੌਰ ਸਾਹਿਬ ਕਰਨ ਦਾ ਸਦਕਾ ਗੁਰੂ ਸਾਹਿਬ ਜੀ ਨੇ ਬੰਧਨ ਕੱਟ ਦਿੱਤੇ।

SIKHBOOKCLUB.COM

ਮਹਾਪੁਰਸ਼ ਬਾਬਾ ਨੰਦ ਸਿੰਘ ਜੀ ਧੁਰ ਦਰਗਾਹ ਤੋਂ ਡਿਊਟੀ ਲੈ ਕੇ ਆਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਪ੍ਰਗਟ ਕਰਨ ਦੀ ਉਨ੍ਹਾਂ ਨੇ ਆਪ ਪੂਰਨੇ ਪਾ ਕੇ ਸਾਰੀ ਲੋਕਾਈ ਨੂੰ ਜਾਚ ਸਿਖਾਈ। ਬਾਬਾ ਜੀ ਨੇ 12 ਸਾਲ ਹਜ਼ੂਰ ਸਾਹਿਬ ਗਾਗਰ ਦੀ ਸੇਵਾ ਕੀਤੀ। ਉਥੇ ਅਕਾਸ਼ਵਾਣੀ ਹੋਈ ਕਿ ਬਹੁਤ ਸਾਰੇ ਸਰੀਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਲਮਾਰੀਆਂ ਵਿਚ ਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ, ਤੁਹਾਡੀ ਡਿਊਟੀ ਹੈ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਪ੍ਰਗਟ ਕਰੋ। ਫਿਰ ਬਾਬਾ ਜੀ ਨੇ ਜੋ ਸਤਿਕਾਰ ਪ੍ਰਗਟ ਕੀਤਾ ਅਤੇ ਹਨੇਰੀ ਵਿਚ ਦੀਵੇ ਜਗਾਉਣ ਵਾਲੀ ਗੱਲ ਕੀਤੀ, ਉਨ੍ਹਾਂ ਨੇ ਆਪ ਪਛਾਣਿਆ ਤੇ ਸਾਨੂੰ ਦੱਸਿਆ ਕਿ ਇਹ ਵਰਕੇ ਨਹੀਂ, ਇਹ ਸਿਆਹੀ ਨਹੀਂ, ਹਾਜ਼ਰ-ਨਾਜ਼ਰ ਗੁਰੂ ਹਨ। ਬਾਬਾ ਈਸ਼ਰ ਸਿੰਘ ਜੀ ਵੀ ਇੰਨਾ ਸਤਿਕਾਰ ਕਰਦੇ ਸਨ। ਇੰਨੀ ਭਾਵਨਾ ਸੀ, ਇਥੋਂ ਤਕ ਬਚਨ ਕਰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਗੁਰੂਆਂ ਦੇ ਗੁਰੂ ਹਨ।' (ਬਰੀਕੀ) ਇਕ ਹੈ ਕਿਤਾਬ ਸਮਝਣਾ, ਇਕ ਹੈ ਗੁਰੂ ਸਮਝਣਾ ਪਰ ਗੁਰੂਆਂ ਦਾ ਗੁਰੂ, ਇਹ ਹੋਰ ਸਤਿਕਾਰ ਵਾਲੀ ਗੱਲ ਹੈ। ਕਿਸੇ ਨੇ ਪੁੱਛ ਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂਆਂ ਦੇ ਗੁਰੂ ਕਿਵੇਂ ਹੋਏ ? ਬਾਬਾ ਜੀ ਕਹਿੰਦੇ ਹਨ, ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਹੈ। ਗੁਰੂ ਗੋਬਿੰਦ ਸਿੰਘ ਜੀ ਸਾਡੇ ਗੁਰੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਦੇ ਗੁਰੂ, ਇਤਨਾ ਸਤਿਕਾਰ

ਕਰਦੇ ਸਨ।

ਬਾਬਾ ਨੰਦ ਸਿੰਘ ਜੀ ਨੇ ਬਹੁਤ ਬਰੀਕੀਆਂ ਕੱਢੀਆਂ, ਦਾਸ ਕੁਝ ਕੁ ਸਾਂਝੀਆਂ ਕਰੇ ਤਾਂ ਕਿ ਸਾਨੂੰ ਵੀ ਆਪਣੇ ਲਈ ਸੇਧ ਮਿਲ ਜਾਵੇ। ਬਾਬਾ ਜੀ ਬਚਨ ਕਰਦੇ ਸਨ ਕਿ ਗੁਰੂ ਸਾਹਿਬ ਦੇ ਪ੍ਰਕਾਸ਼ ਲਈ ਵੱਡੇ ਸਾਈਜ਼ ਦੀ ਮੰਜੀ ਸਾਹਿਬ ਹੋਣੀ ਚਾਹੀਦੀ ਹੈ ਤੇ ਪ੍ਰਕਾਸ਼ ਵੇਲੇ ਇਸ ਤਰ੍ਹਾਂ ਦੀ ਭਾਵਨਾ ਬਨਾਉਣੀ ਹੈ ਕਿ ਗੁਰੂ ਸਾਹਿਬ ਬੈਠੇ ਹਨ। ਕਈਆਂ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਲਈ ਛੋਟੀ ਜਿਹੀ ਮੰਜੀ ਜਾਂ ਪਾਲਕੀ ਰੱਖੀ ਹੁੰਦੀ ਹੈ, ਇਹ ਉਚਿਤ ਨਹੀਂ। ਜ਼ਰਾ ਆਪ ਹੀ ਸੋਚੋ ਕਿ ਜੇ ਤੁਹਾਨੂੰ ਕੋਈ ਛੋਟੀ ਜਿਹੀ ਪੀਹੜੀ (ਮੰਜੀ) ਬੈਠਣ ਲਈ ਦੇ ਦੇਵੇ ਤਾਂ ਕੀ ਤੁਸੀਂ ਉਸ ਉਤੇ ਅਰਾਮ ਨਾਲ ਬੈਠ ਸਕਦੇ ਹੋ? ਬਾਬਾ ਜੀ ਤਾਂ ਪ੍ਰਕਾਸ਼ ਕਰਨ ਦੀ ਵੀ ਮਰਯਾਦਾ ਦੱਸਦੇ ਸਨ ਤੇ ਕਹਿੰਦੇ ਸਨ ਹਮੇਸ਼ਾ ਇਸ਼ਨਾਨ ਕਰ ਕੇ ਸੁੱਚੇ ਕੱਪੜੇ ਪਾ ਕੇ ਪ੍ਰਕਾਸ਼ ਕਰਨਾ ਚਾਹੀਦਾ ਹੈ। ਪ੍ਰਕਾਸ਼ ਕਰਨ ਤੋਂ ਪਹਿਲਾਂ ਬੜੇ ਅਦਬ ਨਾਲ ਖੜੇ ਹੋ ਕੇ ਬੇਨਤੀ ਰੂਪ ਵਿਚ ਗੁਰੂ ਸਾਹਿਬ ਨੂੰ ਮੁਖਾਤਿਬ ਕਰ ਕੇ ਬੜੇ ਪਿਆਰ ਨਾਲ ਕਹਿਣਾ ਹੈ—ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਧੰਨ-ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਇਸ ਤਰ੍ਹਾਂ ਬੜੇ ਪਿਆਰ ਨਾਲ ਦਸ ਪਾਤਸ਼ਾਹੀਆਂ ਦੇ ਨਾਮ ਲੈ ਕੇ ਬੇਨਤੀ ਕਰਨੀ ਹੈ, ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਉਹੀ ਜੋਤ) ਕਿਰਪਾ ਕਰੋ, ਆਪ ਜੀ ਦੀ ਕਿਰਪਾ ਨਾਲ ਰਾਤ ਸੁੱਖ ਦੀ ਬਤੀਤ ਹੋਈ ਹੈ, ਕਿਰਪਾ ਕਰੋ ਸਾਨੂੰ ਗ਼ਰੀਬਾਂ ਨੂੰ, ਆਪਣੇ ਦਰ ਦੇ ਭਿਖਾਰੀਆਂ ਨੂੰ ਦਰਸ਼ਨ ਦਿਉ। ਇਹ ਬੇਨਤੀ ਕਰਨ ਤੋਂ ਬਾਅਦ ਪ੍ਰਕਾਸ਼ ਕਰਨ ਲੱਗਿਆਂ ਮੁਖ ਅੱਗੇ ਕਪੜਾ ਰੱਖਣਾ ਹੈ ਤੇ ਨਾਲ-ਨਾਲ ਪਹਿਲੀ ਪਉੜੀ ਪੜ੍ਹੀ ਜਾਣੀ ਹੈ। ਰੁਮਾਲੇ ਚੜ੍ਹਾਉ, ਫਿਰ ਸਾਹਮਣੇ ਆ ਕੇ ਕਹੋ ਧੰਨ ਗੁਰੂ ਨਾਨਕ ਤੂੰ ਹੀ ਨਿਰੰਕਾਰ, ਇਸੇ ਤਰ੍ਹਾਂ ਦਸਾਂ ਪਾਤਸ਼ਾਹੀਆਂ ਦਾ ਨਾਮ ਲੈ ਕੇ ਕਹਿਣਾ ਹੈ, ਸ਼ੁਕਰ ਹੈ ਸਤਿਗੁਰੂ ਜੀ ! ਕਿਰਪਾ ਕੀਤੀ ਜੇ, ਸਾਨੂੰ ਗ਼ਰੀਬਾਂ ਨਿਮਾਣਿਆਂ ਨੂੰ ਦਰਸ਼ਨ ਬਖ਼ਸ਼ੇ ਜੇ।

ਜਿਵੇਂ ਸਾਡੇ ਨੇਤ੍ਰਾਂ ਦੀ ਹਿਫਾਜ਼ਤ ਲਈ ਪਰਮਾਤਮਾ ਨੇ ਪਲਕਾਂ ਬਣਾਈਆਂ ਹਨ ਜੋ ਸਾਡੇ ਨੇਤ੍ਰਾਂ ਨੂੰ ਮਿੱਟੀ-ਘੱਟੇ ਤੋਂ ਬਚਾਉਂਦੀਆਂ ਹਨ, ਇਸੇ ਤਰ੍ਹਾਂ ਗੁਰੂ ਸਾਹਿਬ ਦੀਆਂ ਵੀ ਪਲਕਾਂ ਹਨ। ਬਾਬਾ ਜੀ ਬਚਨ ਕਰਦੇ ਸਨ, ਕਦੇ Single ਪਲਕ ਨਹੀਂ ਲਾਉਣੀ ਚਾਹੀਦੀ। ਪਹਿਲੇ ਚਿੱਟੀ ਪਲਕ ਉਤੇ ਰੁਮਾਲੇ ਦੀ ਪਲਕ। ਬਾਬਾ ਜੀ ਦੇ ਸਾਰੇ ਸੰਗੀਆਂ ਦੇ ਘਰਾਂ ਵਿਚ ਦੂਹਰੀਆਂ ਪਲਕਾਂ ਲਗਾਈਆਂ ਜਾਂਦੀਆਂ ਹਨ, ਇਕ ਲੜ ਮੰਜੀ ਸਾਹਿਬ ਤੋਂ ਹੇਠਾਂ ਆਉਂਦਾ ਹੈ ਤੇ ਦੂਸਰਾ ਮੋੜ ਕੇ ਗੁਰੂ ਸਾਹਿਬ ਦੇ ਉਪਰ ਆ ਜਾਂਦਾ ਹੈ। ਫਿਰ ਉਪਰ ਰੁਮਾਲਾ ਵੀ ਪਹਿਲੇ ਚਿੱਟਾ, ਫਿਰ ਉਪਰ ਦਰਸ਼ਨੀ ਰੁਮਾਲਾ ਮੌਸਮ ਅਨੁਸਾਰ ਸਰਦੀਆਂ 'ਚ ਗਰਮ, ਗਰਮੀਆਂ 'ਚ ਠੰਢਾ ਹੋਵੇ, ਇਹ ਵੀ ਨਿਰਮਲ ਭਉ ਹੈ। ਜੋ ਚਿੱਟਾ ਰੁਮਾਲਾ ਇਸ ਦੇ ਥੱਲੇ ਇਸ ਭਾਵਨਾ ਨਾਲ ਕਿ ਜਿਵੇਂ ਅਸੀਂ ਕਮੀਜ਼ ਦੇ ਥੱਲੇ ਬਨੈਣ

ਪਾਉਂਦੇ ਹਾਂ। ਇਸਤਰ੍ਹਾਂ ਕਰਨ ਨਾਲ ਇਕ ਤਾਂ ਗੁਰੂ ਸਾਹਿਬ ਦੇ ਅੰਗ ਨਹੀਂ ਮੁੜਦੇ, ਦੂਸਰਾ ਘੱਟੇ ਮਿੱਟੀ ਤੋਂ ਬਚਾਅ ਰਹਿੰਦਾ ਹੈ। ਇਕ ਵਾਰੀ ਬਾਬਾ ਜੀ ਕਿਸੇ ਗੁਰਦੁਆਰੇ 'ਚ ਗਏ, ਉਥੇ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਦੇਖਿਆ ਕਿ ਗੁਰੂ ਸਾਹਿਬ ਦੇ ਸਾਰੇ ਅੰਗ ਰੇਤ ਨਾਲ ਭਰੇ ਹੋਏ ਸਨ। ਬਾਬਾ ਜੀ ਦੀਆਂ ਅੱਖਾਂ ਵਿਚ ਅਥਰੂ ਆ ਗਏ। ਉਨ੍ਹਾਂ ਨੇ ਆਪਣੇ ਅਗਲੇ ਸਾਰੇ ਪ੍ਰੋਗਰਾਮ ਕੈਂਸਲ ਕਰ ਦਿੱਤੇ ਤੇ ਹੰਝੂ ਭਰੇ ਨੇਤ੍ਰਾਂ ਨਾਲ ਸਾਫ ਮਲਮਲ ਦਾ ਕਪੜਾ ਲੈ ਕੇ, ਗੁਰੂ ਸਾਹਿਬ ਦੇ ਸਾਰੇ ਅੰਗਾਂ ਦੀ ਆਪਣੇ ਹੱਥੀਂ ਸੇਵਾ ਕੀਤੀ। ਇਥੋਂ ਆਪਣੇ ਲਈ ਸੇਧ ਲੈਣਾ — ਚਿੱਟਾ ਮਲਮਲ ਦਾ ਕਪੜਾ ਲੈ ਕੇ, ਉਸ ਨੂੰ ਚੰਗੀ ਤਰ੍ਹਾਂ ਧੋ ਕੇ, ਸੁਕਾ ਕੇ ਤਾਂ ਕਿ ਉਸ ਦੀ ਮਾਇਆ (ਖਰਵਾ ਪਨ) ਨਿਕਲ ਜਾਵੇ, ਉਸ ਨਾਲ ਗੁਰੂ ਸਾਹਿਬ ਦੇ ਇਕ-ਇਕ ਅੰਗ ਦੀ ਸੇਵਾ ਕਰਿਆ ਕਰੋ। ਸੁਖ ਆਸਣ 3ਧ6 ਫੁੱਟ ਦਾ ਘਟ ਤੋਂ ਘਟ ਪਲੰਘ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਨਿਰਮਲ ਭਉ ਰੱਖਣ ਵਾਲੇ ਸਨ ਬਾਬਾ ਜੀ, ਜਿਨ੍ਹਾਂ ਨੇ ਪਛਾਣ ਲਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਉਨ੍ਹਾਂ ਨੇ ਸਾਨੂੰ ਵੀ ਸਤਿਕਾਰ ਕਰਨਾ ਸਿਖਾਇਆ, ਨਿਰਮਲ ਭਉ ਵਿਚ ਰਹਿਣਾ ਸਿਖਾਇਆ।

ਇਕ ਵਾਰ ਦਾਸ ਕਿਸੇ ਦੇ ਘਰ ਗਿਆ। ਉਹ ਦਾਸ ਨੂੰ ਗੁਰੂ ਸਾਹਿਬ ਦੇ ਕਮਰੇ ਵਿਚ ਲੈ ਗਏ ਤੇ ਕਹਿਣ ਲੱਗੇ, ਅੱਜ ਸੰਗ੍ਰਾਂਦ ਹੈ, ਤੁਸੀਂ ਆਏ ਹੋ, ਮਹੀਨੇ ਦਾ ਵਾਕ ਤੁਸੀਂ ਸੁਣਾਉ। ਦਾਸ ਜਦੋਂ ਹੁਕਮ ਮੰਨ ਕੇ ਗੁਰੂ ਸਾਹਿਬ ਜੀ ਦੀ ਤਾਬਿਆਂ ਬੈਠਾ ਤਾਂ ਮਨ ਰੋ ਪਿਆ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਜਗ੍ਹਾ 'ਤੇ, ਇਕ ਜਗ੍ਹਾ 'ਤੇ ਗੱਤਾ, ਇਕ ਜਗ੍ਹਾ ਮੋਰ ਦਾ ਖੰਭ ਤੇ ਇਕ ਜਗ੍ਹਾ ਬਾਰਾਂ ਮਹੀਨੇ ਦੇ ਜੋ ਛੋਟੇ ਕਾਰਡ ਹੁੰਦੇ ਹਨ, ਉਹ ਰੱਖੇ ਹੋਏ ਸਨ। ਦਾਸ ਨੇ ਜਦੋਂ ਪੁੱਛਿਆ ਇਹ ਕਿਉਂ ? ਤਾਂ ਉਹ ਕਹਿਣ ਲੱਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸਹਿਜ ਪਾਠ ਚਲ ਰਹੇ ਹਨ ਤੇ ਇਹ ਤਿੰਨੇ ਚੀਜ਼ਾਂ ਨਿਸ਼ਾਨੀਆਂ ਲਈ ਰੱਖੀਆਂ ਹਨ। ਦਾਸ ਨੇ ਕਿਹਾ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਘਰ ਵਿਚ ਤਿੰਨ-ਤਿੰਨ ਸਹਿਜ ਪਾਠ ਚਲ ਰਹੇ ਹਨ ਪਰ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਸ਼ਾਨੀ ਲਈ ਕੋਈ ਚੀਜ਼ ਰੱਖਣੀ ਬਹੁਤ ਭਾਰੀ ਬੇਅਦਬੀ ਹੈ। ਇਕ-ਇਕ ਅੱਖਰ ਗੁਰੂ ਸਾਹਿਬ ਜੀ ਦਾ ਨੇਤ੍ਰ ਹੈ। ਤੁਸੀਂ ਆਪੇ ਅੰਦਾਜ਼ਾ ਲਾ ਲਵੋ ਕਿ ਜੇ ਤੁਹਾਡੀਆਂ ਅੱਖਾਂ ਵਿਚ ਕੁਝ ਪੈ ਜਾਵੇ ਤਾਂ ਕੀ ਤੁਸੀਂ ਬਰਦਾਸ਼ਤ ਕਰ ਲਵੋਗੇ ? ਪਾਠ ਦੀ ਨਿਸ਼ਾਨੀ ਲਈ ਇਕ ਵੱਖਰੀ ਕਾਪੀ ਲਗਾ ਕੇ ਉਸ ਉੱਤੇ ਨੋਟ ਕਰੋ।

ਆਮ ਕਈ ਵਾਰੀ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਕਈ ਪਾਠ ਕਰਨ ਲੱਗਿਆਂ ਮੂੰਹ ਅੱਗੇ ਕਪੜਾ ਨਹੀਂ ਰੱਖਦੇ। ਕਦੀ ਨੋਟ ਕਰਿਓ, ਅਸੀਂ ਜਦੋਂ ਬੋਲ ਕੇ ਪਾਠ ਕਰਦੇ ਹਾਂ ਤਾਂ ਕਈ ਵਾਰੀ ਮੂੰਹ ਵਿਚੋਂ ਥੁੱਕ ਡਿੱਗ ਪੈਂਦੀ ਹੈ ਤੇ ਮੂੰਹ ਅੱਗੇ ਕੱਪੜਾ ਨਹੀਂ ਰੱਖਿਆ ਹੋਵੇਗਾ ਤਾਂ ਥੁੱਕ ਗੁਰੂ ਸਾਹਿਬ 'ਤੇ ਡਿੱਗੇਗੀ, ਇਹ ਵੀ ਇਕ ਬਹੁਤ ਵੱਡੀ

ਬੇਅਦਬੀ ਹੈ। ਇਸ ਲਈ ਗੁਰੂ ਸਾਹਿਬ ਦਾ ਪਾਠ ਕਰਨ ਲੱਗਿਆਂ ਮੂੰਹ ਅੱਗੇ ਕਪੜਾ ਰਖਣਾ ਚਾਹੀਦਾ ਹੈ। ਬਾਬਾ ਜੀ ਤਾਂ ਸੁਮੱਤ ਦੇਂਦੇ ਸਨ ਕਿ ਦੇਗ ਬਨਾਉਣ ਸਮੇਂ ਵੀ ਮੂੰਹ ਪਰਨੇ ਨਾਲ ਢੱਕਿਆ ਹੋਣਾ ਚਾਹੀਦਾ ਹੈ। ਕਦੀ ਨੋਟ ਕਰਿਆ ਕਰੋ, ਕਈ ਪਾਠ ਕਰਦੇ-ਕਰਦੇ, ਆਪਣੇ ਹੱਥ ਪੈਰਾਂ ਨੂੰ ਲਗਾਈ ਜਾਂਦੇ ਹਨ, ਕਦੀ ਨੱਕ ਨੂੰ, ਕਦੀ ਮੂੰਹ ਨੂੰ, ਕਦੀ ਕੰਨ 'ਚ ਉਂਗਲ ਮਾਰਦੇ ਹਨ, ਕਦੀ ਸਰੀਰ ਦੇ ਕਿਸੇ ਅੰਗ 'ਤੇ ਖ਼ਾਰਿਸ਼ ਕਰੀ ਜਾਂਦੇ ਹਨ। ਬੰਦੇ ਨੂੰ ਕਈ ਵਾਰੀ ਪਤਾ ਨਹੀਂ ਲਗਦਾ ਕਿ ਉਹ ਸਰੀਰ ਦੇ ਕਿਸ ਹਿੱਸੇ 'ਤੇ ਖਾਰਸ਼ ਕਰਦਾ ਹੈ। ਇਕ ਵਾਰੀ ਦਾਸ ਨੇ ਵੇਖਿਆ ਕੋਈ ਗੁਰਮੁਖ ਪਿਆਰੇ ਪਾਠ ਦੀ ਰੋਲ ਦੇ ਰਹੇ ਸਨ ਤੇ ਨਾਲ-ਨਾਲ ਆਪਣੇ ਸੱਜੇ ਹੱਥ ਦੇ ਨਾਲ ਪੈਰ ਦੇ ਅੰਗੂਠੇ 'ਤੇ ਖ਼ਾਰਿਸ਼ ਕਰੀ ਜਾ ਰਹੇ ਸਨ। ਦਾਸ ਦਾ ਉਸ ਵੇਲੇ ਮਨ ਕੰਬ ਗਿਆ, ਜਦੋਂ ਵੇਖਿਆ ਕਿ ਉਸ ਨੇ ਉਹੀ ਪੈਰ ਵਾਲੇ ਹੱਥ ਨਾਲ ਗੁਰੂ ਸਾਹਿਬ ਦਾ ਅੰਗ ਬਦਲਾਇਆ। ਜਦੋਂ ਵੀ ਜਪੁਜੀ ਸਾਹਿਬ ਦੀ ਸੈਂਚੀ 'ਤੇ ਰੋਲ ਦੇਣ ਲਈ ਬੈਠਣਾ ਹੋਵੇ ਜਾਂ ਗੁਰੂ ਸਾਹਿਬ ਦੇ ਸਹਿਜ ਪਾਠ ਕਰੋ, ਹਮੇਸ਼ਾ ਗਲੇ ਵਿਚ ਹਜ਼ੂਰੀਆ ਪਾ ਕੇ ਬੈਠੋ। ਕਿਸੇ ਅੰਗ 'ਤੇ ਖ਼ਾਰਿਸ਼ ਕਰਨੀ ਹੋਵੇ ਤਾਂ ਉਸ ਹਜ਼ੂਰੀਏ ਨਾਲ ਕਰਨੀ ਚਾਹੀਦੀ ਹੈ।

ਦਾਸ ਨੂੰ ਇਕ ਵਾਕਿਆ ਯਾਦ ਆ ਗਿਆ। ਕਿਸੇ ਦੇ ਘਰ ਅਖੰਡ ਪਾਠ ਸੀ। ਘਰਦਿਆ ਵਲੋਂ ਸਾਨੂੰ ਹੁਕਮ ਹੋਇਆ ਕਿ ਜ਼ਰੂਰ ਭਾਵੇਂ 5 ਮਿੰਟ ਲਈ ਆਓ। ਜਦੋਂ ਅਸੀ ਉਨ੍ਹਾਂ ਦੇ ਘਰ ਗਏ ਤੇ ਮਨ ਵਿਚ ਸੋਚਿਆ ਕਿ ਜਿਥੇ ਪਾਠ ਚਲ ਰਿਹਾ ਹੈ, 5-7 ਮਿੰਟ ਬੈਠ ਕੇ ਪਾਠ ਸ੍ਰਵਣ ਕਰਦੇ ਹਾਂ। ਗੁਰੂ ਕੇ ਲਾਲ ਪਾਠੀ ਸਿੰਘ ਜੀ ਪਾਠ ਕਰ ਰਹੇ ਸੀ। ਜਦੋਂ ਅਸੀਂ ਬੈਠੇ, ਉਹ ਪਾਠ ਉੱਚੀ ਕਰਨ ਲਗ ਪਏ। ਬੜੀ ਖ਼ੁਸ਼ੀ ਹੋਈ, ਬੜੇ ਪ੍ਰੇਮ 'ਚ ਭਿੱਜੇ ਪਾਠ ਕਰ ਰਹੇ ਸਨ। ਕੋਈ ਵੀ ਸ਼ੁਧ ਪਾਠ ਕਰ ਰਿਹਾ ਹੋਵੇ, ਸੁਨਣ ਦਾ ਆਨੰਦ ਹੀ ਬੜਾ ਆਉਂਦਾ ਹੈ। ਅਸੀਂ ਬੈਠ ਕੇ ਪਾਠ ਸੁਨਣ ਲਗ ਗਏ। ਉਸ ਪਾਠੀ ਸਿੰਘ ਨੂੰ ਸ਼ਾਇਦ ਕਿਸੇ ਮਹਾਪੁਰਸ਼ ਦੀ ਸੰਗਤ ਨਹੀਂ ਸੀ ਪ੍ਰਾਪਤ ਹੋਈ, ਕਿਉਂਕਿ 3-4 ਮਿੰਟ ਹੀ ਬੀਤੇ ਹੋਣਗੇ ਕਿ ਉਸ ਨੇ ਪਾਠ ਕਰਦੇ-ਕਰਦੇ ਹੀ ਆਪਣੇ ਸੱਜੇ ਹੱਥ ਨਾਲ ਆਪਣੀ ਪੱਗ ਉੱਚੀ ਚੁੱਕ ਕੇ, ਕੰਨ ਦੇ ਅੰਦਰ ਉਂਗਲ ਮਾਰ ਕੇ ਖ਼ਾਰਸ਼ ਕਰਨੀ ਸ਼ੁਰੂ ਕਰ ਦਿੱਤੀ। ਇਹ ਵੇਖ ਕੇ ਸਾਡਾ ਮਨ ਕੰਬਣਾ ਸ਼ੁਰੂ ਹੋ ਗਿਆ, ਕਿਉਂਕਿ ਕੰਨ ਵਿਚ ਮੈਲ ਵੀ ਹੁੰਦੀ ਹੈ। ਜਦੋਂ ਅੰਗ ਪੂਰਾ ਹੋਣ ਤੇ ਉਸ ਨੇ ਉਸੇ ਉਂਗਲ ਨਾਲ ਅੰਗ ਬਦਲਾਇਆ, ਤਾਂ ਸਾਡੇ ਕੋਲੋਂ ਰਿਹਾ ਨਹੀਂ ਗਿਆ। ਦਾਸ ਨੇ ਘਰਦਿਆਂ ਨੂੰ ਕਿਹਾ ਕਿ ਪਾਠ 'ਤੇ ਕਿਸੇ ਹੋਰ ਨੂੰ ਬਿਠਾ ਕੇ ਇਨ੍ਹਾਂ ਨੂੰ ਉਠਾਓ, ਇਨਾਂ ਨੂੰ ਕੁਝ ਬੇਨਤੀ ਕਰਨੀ ਹੈ। ਜਦੋਂ ਉਹ ਉੱਠੇ, ਨਿਮਰਤਾ ਨਾਲ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਭਈ ਉਹੋ ਕੰਨ ਦੀ ਮੈਲ ਵਾਲੇ ਹੱਥ ਗੁਰੂ ਸਾਹਿਬ ਦੇ ਅੰਗ ਨੂੰ ਲਾਉਣ ਦਾ ਮਤਲਬ ਹੈ ਕਿ ਤੁਹਾਡੇ ਅੰਦਰ ਗੁਰੂ ਪ੍ਰਤੀ ਨਿਰਮਲ ਭਉ ਨਹੀਂ। ਸ਼ਾਇਦ ਤੁਸੀਂ ਕਿਸੇ ਮਹਾਂਪੁਰਸ਼ ਦੀ ਸੰਗਤ ਨਹੀਂ ਕੀਤੀ। ਉਨ੍ਹਾਂ ਆਪਣੀ ਗ਼ਲਤੀ ਮਹਿਸੂਸ

ਕੀਤੀ ਕਿ ਇਹ ਬਰੀਕੀ ਸਾਨੂੰ ਪਤਾ ਨਹੀਂ। ਅਸੀਂ ਅੱਗੇ ਤੋਂ ਧਿਆਨ ਰੱਖਾਂਗੇ। ਦਾਸ ਨੇ ਬੇਨਤੀ ਕੀਤੀ ਕਿ ਕਿਸੇ ਤਰ੍ਹਾਂ ਦੀ ਖਾਰਸ਼ ਦੀ ਕਿਰਿਆ ਗੱਲ ਵਿਚ ਪਏ ਹਜ਼ੂਰੀਏ ਨਾਲ ਕਰੋ, ਪਾਠ 'ਤੇ ਬੈਠਣ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਮੱਥਾ ਟੇਕਣ ਲੱਗਿਆਂ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਹੱਥ ਜ਼ਮੀਨ 'ਤੇ ਨਾ ਲੱਗਣ ਕਿਉਂਕਿ ਕਿਰਕ ਵਗੈਰਾ ਲੱਗ ਜਾਂਦੀ ਹੈ। ਫਿਰ ਉਹੀ ਕਿਰਕ ਵਾਲੇ ਹੱਥ ਗੁਰੂ ਸਾਹਿਬ ਦੇ ਅੰਗ ਨੂੰ ਲਗਦੇ ਹਨ। ਮੱਥਾ ਟੇਕਣ ਲੱਗਿਆਂ ਅਰਕ ਭਾਰ ਮੱਥਾ ਟੇਕਣਾ ਚਾਹੀਦਾ ਹੈ। ਜਿਤਨਾ ਵੀ ਵੱਧ ਤੋਂ ਵੱਧ ਹੋ ਸਕੇ, ਗੁਰੂ ਸਾਹਿਬ ਦਾ ਸਤਿਕਾਰ ਕਰਨਾ ਚਾਹੀਦਾ ਹੈ। ਭਾਈ ਚਉਪਾ ਸਿੰਘ ਦੇ ਰਹਿਤਨਾਮੇ ਵਿਚ ਵੀ ਲਿਖਿਆ ਹੈ—

**'ਗੁਰੂ ਕਾ ਸਿੱਖ ਪਾਠ ਕਰਨ ਬੈਠੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਾਂ ਸੁਚੇਤ ਹੋਇ ਕੇ ਬੈਠੇ।**

**ਨਕ ਪਿੰਡਾ ਖੁਰਕ ਕੇ ਹਥ ਧੋਇ ਲਏ।**

ਬਾਬਾ ਜੀ ਬਚਨ ਕਰਦੇ ਸਨ ਕਿ ਅਗਰ ਹਰ ਵੇਲੇ ਗਲੇ ਵਿਚ ਹਜ਼ੂਰੀਆ ਨਾ ਵੀ ਰਖ ਸਕੋ ਪਰ ਜਦੋਂ ਗੁਰੂ ਦੀ ਹਜ਼ੂਰੀ ਵਿਚ ਜਾਉ ਤਾਂ ਗਲ ਵਿਚ ਪੱਲਾ ਪਾ ਕੇ ਜਾਵੋ। ਮਨ ਵਿਚ ਐਸੀ ਭਾਵਨਾ ਹੋਵੇ ਕਿ ਸਤਿਗੁਰੂ ਤੇਰਾ ਨਿਮਾਣਾ ਜਿਹਾ ਸਿੱਖ ਆਇਆ ਹੈ, ਇਸ ਤਰ੍ਹਾਂ ਕਰਨ ਨਾਲ ਹੋਰ ਸਤਿਕਾਰ ਵੱਧ ਜਾਂਦਾ ਹੈ। ਜਦੋਂ ਨਿਮਾਣੇ ਹੋ ਕੇ ਗੁਰੂ ਸਾਹਿਬ ਜੀ ਦੇ ਚਰਨਾਂ 'ਚ ਜਾਈਏ ਤਾਂ ਸਤਿਗੁਰੂ ਦੀ ਸੇਵਾ, ਸਤਿਕਾਰ ਸੱਚੇ ਮਨੋਂ ਪ੍ਰਗਟ ਗੁਰਾਂ ਕੀ ਦੇਹ ਸਮਝ ਕੇ ਕਰੰਨਾ ਚਾਹੀਦਾ ਹੈ। ਬਾਬਾ ਜੀ ਤਾਂ ਇਥੋਂ ਤਕ ਬਚਨ ਕਰਦੇ ਸਨ ਕਿ ਪਾਠੀ ਦੇ ਪਾਠ ਕਰਨ ਵਾਲੇ ਬਸਤਰ ਵੀ ਅਲੱਗ ਹੋਣੇ ਚਾਹੀਦੇ ਹਨ ਜੋ ਸਿਰਫ਼ ਪਾਠ ਵੇਲੇ ਹੀ ਪਹਿਨੇ ਜਾਣ। ਪਾਠੀ ਸਿੰਘ ਹਮੇਸ਼ਾ ਰੋਲ 'ਤੇ ਇਸ਼ਨਾਨ ਕਰ ਕੇ ਬੈਠਣ। ਕਈ ਵਾਰੀ ਕਈ ਕੂਹਣੀਆਂ ਦਾ ਭਾਰ ਪਾ ਕੇ ਬੈਠਦੇ ਹਨ, ਉਹ ਵੀ ਨਹੀਂ ਮੰਜੀ ਸਾਹਿਬ 'ਤੇ ਪਾਉਣਾ ਚਾਹੀਦਾ, ਪਾਠ ਕਰਦੇ-ਕਰਦੇ ਹੱਥ ਵੀ ਅਗਰ ਜ਼ਮੀਨ 'ਤੇ ਰਖਣਾ ਹੋਵੇ ਤਾਂ ਹਜ਼ੂਰੀਆ ਰਖ ਕੇ। ਬਾਬਾ ਜੀ ਹੋਰ ਬਰੀਕੀ ਵਿਚ ਜਾਂਦੇ ਸਨ ਜਿਹੜੀ ਸਾਡੇ ਵਰਗੇ ਆਮ ਇਨਸਾਨ ਦੀ ਸੋਚ ਵਿਚ ਵੀ ਨਹੀਂ ਆ ਸਕਦੀ। ਬਾਬਾ ਜੀ ਇਤਨਾ ਸਤਿਕਾਰ ਕਰਦੇ ਸਨ ਕਿ ਸਹਿਜ ਪਾਠ, ਅਖੰਡ ਪਾਠ ਜਾਂ ਸੰਪਟ ਪਾਠ ਚਲ ਰਿਹਾ ਹੋਵੇ ਤਾਂ Table Fan ਜਿਹੜਾ ਤਾਬਿਆਂ ਪਾਠੀ ਬੈਠਾ ਹੋਵੇ, ਉਸ ਦੀ ਪਿੱਠ ਵਾਲੇ ਬੰਨ੍ਹੇ ਨਹੀਂ ਸੀ ਲਾਉਣ ਦੇਂਦੇ। ਕਹਿੰਦੇ ਸਨ ਕਿ ਇਹ ਵੀ ਬੇਅਦਬੀ ਹੈ ਕਿ ਪਹਿਲੇ ਪਾਠੀ ਨੂੰ ਹਵਾ ਲੱਗੇ ਫਿਰ ਇਸਦੇ ਸਰੀਰ ਦੀ ਜੂਠੀ ਹਵਾ ਛੂਹ ਕੇ ਗੁਰੂ ਸਾਹਿਬ ਨੂੰ ਲੱਗੇ। ਬਚਨ ਕਰਦੇ ਸਨ, Table Fan ਸਾਹਮਣੇ ਲਾਓ ਤਾਂ ਕਿ ਪਹਿਲਾਂ ਗੁਰੂ ਸਾਹਿਬ ਨੂੰ ਹਵਾ ਲੱਗੇ ਤੇ ਗੁਰੂ ਸਾਹਿਬ ਨੂੰ ਹਵਾ ਛੂਹ ਕੇ ਪਾਠੀ ਨੂੰ ਲੱਗੇ।

ਇਹ ਸਾਰੀਆਂ ਮਰਯਾਦਾਵਾਂ ਬਾਰੇ ਲਿਖਣ ਪਿੱਛੇ ਮਕਸਦ ਤਾਂ ਇਹੀ ਹੈ ਕਿ ਸਾਡੀ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪ੍ਰਤੱਖ ਭਾਵਨਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਪੂਜੀਏ। ਸਤਿਕਾਰ ਕਰੀਏ, ਉਨ੍ਹਾਂ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਨ੍ਹਾਂ ਦੇ ਨਿਰਮਲ ਭਉ ਵਿਚ ਰਹੀਏ। ਹਲਤ-ਪਲਤ ਦੇ ਰਾਖੇ, ਲੋਕ-ਪ੍ਰਲੋਕ ਦੇ ਸਹਾਇਕ ਸਭ ਕੁਝ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜਿਨ੍ਹਾਂ ਦੀ ਪੂਰਨ ਸ਼ਰਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੂਰੀ ਨਹੀਂ ਪਈ ਤਾਂ ਫਿਰ ਕਿਧਰੋਂ ਵੀ ਨਹੀਂ ਪੈ ਸਕਦੀ। ਬਾਬਾ ਜੀ ਤਾਂ ਇਥੋਂ ਤਕ ਬਚਨ ਕਰਦੇ ਸਨ ਕਿ ਜਿਥੇ ਗੁਰੂ ਸਾਹਿਬ ਦਾ ਪ੍ਰਕਾਸ਼ ਹੋਵੇ, ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਹੁੰਦੀ ਹੋਵੇ, ਉਥੇ ਸਾਰੀਆਂ ਸ਼ਕਤੀਆਂ ਦਾ ਨਿਵਾਸ ਹੁੰਦਾ ਹੈ। ਉਥੇ ਸ਼ਹੀਦ ਸਿੰਘਾਂ ਦਾ ਵੀ ਪਹਿਰਾ ਰਹਿੰਦਾ ਹੈ। ਇਹ ਸਾਰੀਆਂ ਉਪਰੋਕਤ ਗੱਲਾਂ ਲਿਖਣ ਤੋਂ ਇਹ ਜ਼ਾਹਰ ਹੈ ਕਿ ਸਤਿਗੁਰੂ ਦੀ ਸੇਵਾ ਉੱਚੇ ਮਨੋਂ ਹਾਜ਼ਰ ਨਾਜ਼ਰ ਸਮਝ ਕੇ ਕਰਨੀ ਚਾਹੀਦੀ ਹੈ। ਬਹੁਤ ਜ਼ਰੂਰੀ ਹੈ ਮਾਲਕ ਨੂੰ ਮਨਾ ਲਈਏ, ਮਾਲਕ ਪ੍ਰਤੀ ਨਿਰਮਲ ਭਉ ਰੱਖੀਏ।

ਲਾਵਾਂ ਦਾ ਪਾਠ ਕਿਧਰੇ ਧਿਆਨ ਨਾਲ ਪੜ੍ਹੋ। ਉਸ ਵਿਚ ਪੰਕਤੀ ਆਉਂਦੀ ਹੈ ਦੂਸਰੀ ਲਾਵ ਵਿਚ—

*ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥*

SIKHBOOKCLUB.COM

(ਅੰਗ ੭੭੪)

ਇਹ ਦੂਜੀ ਅਵਸਥਾ ਹੈ ਨਿਰਮਲ ਭਉ ਗੁਰੂ ਪ੍ਰਤੀ ਪ੍ਰਾਪਤ ਹੋ ਜਾਣਾ। ਸੁਖਮਨੀ ਸਾਹਿਬ ਦੀ ਬਾਣੀ ਵਿਚ ਇਕ ਪੰਕਤੀ ਆਉਂਦੀ ਹੈ—

*ਭੈ ਤੇ ਨਿਰਭਉ ਹੋਇ ਬਸਾਨਾ॥*

(ਅੰਗ ੨੯੫)

ਬੜੀ ਡੂੰਘਾਈ ਹੈ ਇਸ ਪੰਕਤੀ ਵਿਚ ਕਿ ਜਿਹੜਾ ਗੁਰੂ-ਪ੍ਰਮੇਸ਼ਰ ਦਾ ਨਿਰਮਲ ਭੈਅ ਰਖੇਗਾ, ਉਹ ਨਿਰਭਉ ਪ੍ਰਮੇਸ਼ਰ ਉਸ ਦੇ ਅੰਦਰ ਵਸ ਜਾਣਗੇ।

ਦਾਸ ਨੂੰ ਇਕ ਵਾਕਿਆ ਯਾਦ ਆ ਗਿਆ। ਕਿਸੇ ਗੁਰਮੁਖ ਪਿਆਰੇ ਨੇ ਸੁਣਾਇਆ। ਕਹਿਣ ਲਗਾ ਕਿ ਉਸ ਨੂੰ ਇਕ ਵਾਰੀ ਕੋਈ ਐਸਾ ਸਰੀਰ ਮਿਲਿਆ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਟਰੰਕ ਵਿਚ ਰਖਿਆ ਹੋਇਆ ਸੀ। ਉਸ ਗੁਰਮੁਖ ਪਿਆਰੇ ਨੇ ਉਸ ਨੂੰ ਪਿਆਰ ਨਾਲ ਬੇਨਤੀ ਕੀਤੀ ਕਿ ਇਹ ਗੁਰੂ ਸਾਹਿਬ ਦੀ ਬਹੁਤ ਵੱਡੀ ਬੇਅਦਬੀ ਹੈ। ਉਸ ਸਰੀਰ ਦੇ ਅੱਗੋ ਬੋਲ ਸਨ, ਤੂੰ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਹੈਂ ਜੋ ਮੈਨੂੰ ਸਿਖਾਉਣ ਆਇਆ ਹੈਂ। ਮੈਂ ਇਕ ਸਰੂਪ ਪਾਲਕੀ ਸਾਹਿਬ ਵਿਚ ਰੱਖਦਾ ਹਾਂ, ਪਰ ਇਕ ਸਰੂਪ ਟਰੰਕ ਵਿਚ ਇਸ ਲਈ ਰੱਖਦਾ ਹਾਂ ਕਿ ਜਦੋਂ ਮੈਨੂੰ ਪ੍ਰੋਗਰਾਮ

ਆ ਜਾਂਦਾ ਹੈ ਤਾਂ ਇਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਲੈ ਕੇ ਜਾਣਾ ਹੁੰਦਾ ਹੈ। ਦਾਸ ਨੂੰ ਜਦੋਂ ਗੁਰਮੁਖ ਪਿਆਰੇ ਨੇ ਇਹ ਗੱਲ ਸੁਣਾਈ ਤਾਂ ਦਾਸ ਦੇ ਰੌਂਗਟੇ ਖੜੇ ਹੋ ਗਏ। ਤੁਸੀਂ ਵੀ ਅੰਦਾਜ਼ਾ ਲਾ ਲਵੋ ਕਿ ਐਸੇ ਸਰੀਰ ਦੀ ਗੁਰੂ ਪ੍ਰਤੀ ਕੀ ਭਾਵਨਾ ਹੋਵੇਗੀ। ਕੀ ਉਸ ਦੇ ਅੰਦਰ ਗੁਰੂ ਪ੍ਰਤੀ ਕੋਈ ਨਿਰਮਲ ਭਉ ਹੋਵੇਗਾ ? ਦਾਸਾਂ ਨੂੰ ਵੀ ਕੀਰਤਨ ਦੇ ਪ੍ਰੋਗਰਾਮ ਦੇ ਸਿਲਸਿਲੇ ਵਿਚ ਬਾਹਰ-ਅੰਦਰ ਜਾਣਾ ਪੈਂਦਾ ਹੈ, ਸਤਿਗੁਰੂ ਕਿਰਪਾ ਕਰਕੇ ਸੇਵਾ ਲੈਂਦੇ ਹਨ। ਬਾਹਰ ਜਿਤਨੇ ਵੀ ਕੀਰਤਨ ਦਰਬਾਰ ਹੁੰਦੇ ਹਨ, ਉਥੇ ਤਕਰੀਬਨ ਰਾਤ ਦੇ 11-12 ਵਜੇ ਹੀ ਜਾਂਦੇ ਹਾਂ। ਕਈ ਵਾਰੀ ਕੀਰਤਨ ਦੀ ਸਮਾਪਤੀ ਤੋਂ ਬਾਅਦ ਸਾਥੀ ਆਖ ਦੇਂਦੇ ਹਨ ਕਿ ਚਲਦੇ ਹਾਂ, ਪਰ ਆਪਣਾ ਮਨ ਨਹੀਂ ਖਲੋਂਦਾ। ਇਹੀ ਮਨ ਵਿਚ ਹੁੰਦਾ ਹੈ ਕਿ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਾ ਕੇ ਜਾਈਏ। ਮਾਲਕ ਦਾ ਸਤਿਕਾਰ ਜ਼ਰੂਰੀ ਹੈ, ਬਾਕੀ ਸਭ ਕੁਝ ਆਪੇ ਠੀਕ ਹੋ ਜਾਵੇਗਾ।

ਭਾਈ ਵੀਰ ਸਿੰਘ ਜੀ ਵਲੋਂ ਇਕ ਖਾਲਸਾ ਸਮਾਚਾਰ ਪਤ੍ਰਿਕਾ ਨਿਕਲਦੀ ਹੈ। 5-6 ਸਾਲ ਪਹਿਲੇ ਉਸ ਵਿਚ ਇਕ ਬਚਨ ਛਪਿਆ ਸੀ ਜਿਸ ਨੂੰ ਪੜ੍ਹ ਕੇ ਤੁਸੀ ਆਪ ਹੀ ਅੰਦਾਜ਼ਾ ਲਾ ਲਵੋ ਕਿ ਗੁਰੂ ਸਾਹਿਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਭਉ ਵਿਚ ਰਹਿਣਾ ਕਿੰਨਾ ਕੁ ਜ਼ਰੂਰੀ ਹੈ।

ਇਕ ਕੀਰਤਨੀਆ ਸੀ, ਹੇਮਕੁੰਟ ਸਾਹਿਬ ਗਿਆ। ਰਸਤੇ ਵਿਚ ਕਿਸੇ ਮਹਾਂਪੁਰਸ਼ ਦੀ ਕੁਟੀਆ ਸੀ, ਉਨ੍ਹਾਂ ਪਾਸ ਚਲਾ ਗਿਆ। ਫਤਹਿ ਦੀ ਸਾਂਝ ਹੋਈ। ਗੁਰਬਾਣੀ ਦੀਆਂ ਗੱਲਾਂ ਹੋਣ ਲਗ ਪਈਆਂ। ਗੱਲਾਂ-ਬਾਤਾਂ ਦੇ ਦੌਰਾਨ ਮਹਾਂਪੁਰਸ਼ ਨੇ ਕੀਰਤਨੀਏ ਨੂੰ ਪੁੱਛ ਲਿਆ ਕਿ ਤੁਹਾਨੂੰ ਕਿਤਨੇ ਕੁ ਸ਼ਬਦ ਕੰਠ ਹਨ ? ਉਨ੍ਹਾਂ ਦੱਸਿਆ ਕੋਈ ਸਵਾ ਸੌ ਦੇ ਕਰੀਬ। ਜਦੋਂ ਉਨ੍ਹਾਂ ਸ਼ਬਦ ਸੁਣਾਉਣੇ ਸ਼ੁਰੂ ਕੀਤੇ ਤਾਂ ਮਹਾਂਪੁਰਸ਼ ਵੀ ਇਕ-ਇਕ ਪ੍ਰਕਰਣ ਦੇ ਨਾਲ ਕਈ ਪ੍ਰਮਾਣ ਪੜ੍ਹਨੇ ਸ਼ੁਰੂ ਹੋ ਗਏ। ਕੀਰਤਨੀਆ ਕਹਿਣ ਲੱਗਾ, ਤੁਹਾਨੂੰ ਤਾਂ ਬਹੁਤ ਬਾਣੀ ਕੰਠ ਹੈ, ਜ਼ਰੂਰ ਤੁਸੀਂ ਰੋਜ਼ ਗੁਰੂ ਸਾਹਿਬ ਜੀ ਦੀ ਤਾਬਿਆਂ ਬੈਠ ਕੇ 3-4 ਘੰਟੇ ਸਹਿਜ ਪਾਠ ਕਰਦੇ ਹੋਵੋਗੇ। ਉਸ ਦਾ ਇੰਨਾ ਬਚਨ ਕਰਦਿਆਂ ਹੀ ਮਹਾਂਪੁਰਸ਼ਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਕਹਿਣ ਲੱਗੇ, ਮੇਰੀ ਜ਼ਿੰਦਗੀ ਵਿਚ ਇਕ ਬਹੁਤ ਵੱਡੀ ਘਾਟ ਹੈ ਕਿ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਨਹੀਂ ਬੈਠ ਸਕਦਾ। ਉਹ ਕੀਰਤਨੀਆ ਹੈਰਾਨ ਹੋ ਕੇ ਕਹਿਣ ਲੱਗਾ, ਤਾਬਿਆ ਕਿਉਂ ਨਹੀਂ ਬੈਠ ਸਕਦੇ ? ਤਾਬਿਆਂ ਤਾਂ ਜਿਹੜਾ ਮਰਜ਼ੀ ਜਦੋਂ ਮਰਜ਼ੀ ਬੈਠ ਜਾਵੇ।

ਬੜੇ ਵਜਦ ਵਿੱਚ ਉਨ੍ਹਾਂ ਨੇ ਆਪਣਾ 15 ਸਾਲ ਪੁਰਾਣਾ ਇਕ ਵਾਕਿਆ ਸੁਣਾਇਆ। ਕਹਿਣ ਲੱਗੇ ਮੈਂ ਪਾਠੀ ਸੀ, ਇਕ ਪਿੰਡ ਵਿਚ ਕਿਸੇ ਦੇ ਘਰ ਰਹਿੰਦਾ ਸੀ। ਜਿਨ੍ਹਾਂ ਦੇ ਘਰ ਰਹਿੰਦਾ ਸੀ ਉਨ੍ਹਾਂ ਦੇ ਪੁੱਤਰ ਦਾ ਰਿਸ਼ਤਾ ਹੋਇਆ ਤੇ 10 ਦਿਨ ਬਾਅਦ

ਦੀ ਵਿਆਹ ਦੀ ਤਰੀਕ ਨਿਸ਼ਚਿਤ ਹੋ ਗਈ। ਘਰ ਦੇ ਕਹਿਣ ਲੱਗੇ ਕਿ ਸਹਿਜ ਪਾਠ ਰੱਖ ਕੇ ਵਿਆਹ ਤੋਂ ਪਹਿਲਾਂ ਭੋਗ ਪਾਉਣਾ ਹੈ, ਇਸ ਲਈ ਇਕ ਦੋ ਪਾਠੀ ਨਾਲ ਹੋਰ ਰਖ ਲਵੋ। ਦਿਨ ਘੱਟ ਹਨ ਤੇ ਸਮੇਂ ਸਿਰ ਭੋਗ ਪੈ ਜਾਵੇ ਵਿਆਹ ਤੋਂ ਪਹਿਲਾਂ। ਉਹ ਕਹਿੰਦੇ ਹਨ, ਮੈਨੂੰ ਲਾਲਚ ਆ ਗਿਆ ਕਿ ਮੈਂ ਇਕੱਲਾ ਹੀ ਕਰ ਲਵਾਂਗਾ ਤੇ ਸਾਰੀ ਭੇਟਾ ਮੈਨੂੰ ਹੀ ਮਿਲ ਜਾਵੇਗੀ। ਇਹ ਸੋਚ ਕੇ ਆਪ ਹੀ ਸਹਿਜ਼ ਪਾਠ ਆਰੰਭ ਕਰ ਦਿੱਤਾ। ਸਤਵੇਂ ਦਿਨ ਹੀ ਰਾਤ ਦੇ 10 ਵਜੇ ਘਰ ਦੇ ਕਹਿਣ ਲੱਗੇ, ਸਵੇਰੇ ਪਾਠ ਦਾ ਭੋਗ ਪਾਉਣਾ ਹੈ, ਸਭ ਤਿਆਰੀ ਹੈ, ਪਰ ਪਾਠ ਅਜੇ ਤਿਆਰ ਨਹੀਂ ਸੀ। ਮੈਂ ਸੋਚਿਆ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ, ਕੌਣ ਮੈਨੂੰ ਵੇਖ ਰਿਹਾ ਹੈ ਕਿ ਮੈਂ ਸਾਰੇ ਅੰਗ ਪੜ੍ਹੇ ਹਨ ਕਿ ਨਹੀਂ। ਉਸ ਨੇ ਦੱਸਿਆ ਕਿ ਮੈਂ 400 ਅੰਗ ਬਗੈਰ ਪੜ੍ਹੇ ਹੀ ਪਲਟ ਦਿੱਤੇ ਤੇ ਸਵੇਰੇ ਪਾਠ ਦਾ ਭੋਗ ਪਾ ਕੇ ਅਰਦਾਸ ਕਰ ਦਿੱਤੀ ਤੇ ਘਰਦਿਆਂ ਕੋਲੋਂ ਪਾਠ ਦੀ ਭੇਟਾ ਲੈ ਲਈ। ਪਰ 2-4 ਦਿਨ ਬਾਅਦ ਹੀ ਮੇਰੇ ਹੱਥਾਂ 'ਤੇ ਕੋਹੜ ਸ਼ੁਰੂ ਹੋ ਗਿਆ। ਮੈਂ ਮਨ ਵਿਚ ਸਮਝ ਗਿਆ ਕਿ ਇਹ ਜੋ ਮੈਂ ਗੁਰੂ ਦੇ ਅੰਗ ਬਿਨਾਂ ਪੜ੍ਹਨ ਦੇ ਇਹ ਸੋਚ ਕੇ ਪਲਟ ਦਿੱਤੇ ਸੀ ਕਿ ਮੈਨੂੰ ਕੌਣ ਵੇਖ ਰਿਹਾ ਹੈ, ਮੈਨੂੰ ਉਸ ਬੇਅਦਬੀ ਦੀ ਸਜ਼ਾ ਮਿਲੀ ਹੈ। ਮੈਂ ਇਹ ਭੁੱਲ ਗਿਆ ਸੀ ਕਿ ਗੁਰੂ ਸਾਹਿਬ ਪ੍ਰਗਟ ਗੁਰਾਂ ਕੀ ਦੇਹ ਹਨ, ਹਾਜ਼ਰ-ਨਾਜ਼ਰ ਹਨ, ਕਿਤਾਬਾਂ ਨਹੀਂ ਹਨ।

SIKHBOOKCLUB.COM

ਉਹਨਾਂ ਨੇ ਆਪਣੀ ਆਪ-ਬੀਤੀ ਸੁਣਾਈ। ਕਹਿੰਦੇ ਹਨ ਕਿ ਮੈਂ ਕਿਸੇ ਮਹਾਂਪੁਰਸ਼ ਦੀ ਸੰਗਤ ਕਰਦਾ ਸੀ। ਉਨ੍ਹਾਂ ਕੋਲ ਗਿਆ ਤੇ ਆਪਣੀ ਸਾਰੀ ਵਿਥਿਆ ਉਨ੍ਹਾਂ ਦੇ ਅੱਗੇ ਰਖ ਦਿੱਤੀ। ਮਹਾਂਪੁਰਸ਼ ਮੇਰੇ ਕੋਲੋਂ ਹੋਈ ਬੇਅਦਬੀ ਬਾਰੇ ਸੁਣ ਕੇ ਬੀਰ ਰਸ ਵਿਚ ਆ ਗਏ ਤੇ ਬਹੁਤ ਨਰਾਜ਼ਗੀ ਜ਼ਾਹਰ ਕੀਤੀ। ਉਹ ਕਹਿਣ ਲੱਗੇ ਕਿ ਫਿਰ ਮੇਰੇ ਬਹੁਤ ਬੇਨਤੀਆਂ ਕਰਨ ਤੇ ਕਿ ਮਹਾਂਪੁਰਸ਼ੋ ! ਕੋਈ ਤਾਂ ਰਾਹ ਕੱਢੋ, ਗੁਰੂ ਨਾਨਕ ਦਾ ਘਰ ਤਾਂ ਬਖ਼ਸ਼ਣ ਵਾਲਾ ਹੈ। ਕੋਈ ਭੁੱਲ ਮੰਨ ਲਵੇ ਬਖ਼ਸ਼ਿਆ ਜਾਂਦਾ ਹੈ। ਵੱਡੇ-ਵੱਡੇ ਪਾਪੀ ਬਖ਼ਸ਼ੇ ਗਏ। ਮੈਂ ਜਾਣਦਾ ਹਾਂ ਮੈਂ ਪਾਪ ਬਹੁਤ ਵੱਡਾ ਕੀਤਾ ਹੈ ਪਰ ਕੋਈ ਰਾਹ ਤੇ ਕੱਢੋ। ਮਹਾਂਪੁਰਸ਼ ਕਹਿੰਦੇ ਹਨ, ਚੰਗਾ ਫੇਰ ਬਖ਼ਸ਼ਿਸ਼ ਭਰੀ ਬਾਣੀ ਸ੍ਰੀ ਸੁਖਮਨੀ ਸਾਹਿਬ ਦਾ ਓਟ ਆਸਰਾ ਲੈ। ਰੋਜ਼ ਦੇ 5 ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਕਰਨੇ ਹਨ, 40 ਦਿਨ ਲਗਾਤਾਰ ਹਾਜ਼ਰੀ ਭਰ ਕੇ ਨਾਲ ਅਰਦਾਸ ਕਰਿਆ ਕਰ ਕਿ ਮੇਰਾ ਕੋਹੜ ਚਲਾ ਜਾਵੇ। ਗੁਰੂ ਸਾਹਿਬ ਜ਼ਰੂਰ ਕਿਰਪਾ ਕਰਨਗੇ। ਸੁਖਮਨੀ ਸਾਹਿਬ ਦੀ ਬਾਣੀ ਸਦਕਾ ਤੇਰਾ ਕੋਹੜ ਰਾਜ਼ੀ ਹੋ ਜਾਵੇਗਾ ਪਰ ਇਕ ਤੇਰੇ ਲਈ ਸਜ਼ਾ ਹੈ ਤਾਂ ਕਿ ਤੈਨੂੰ ਸਾਰੀ ਜ਼ਿੰਦਗੀ ਆਪਣੀ ਇਸ ਭੁੱਲ ਦਾ ਅਹਿਸਾਸ ਰਹੇ ਤੇ ਤੇਰੇ ਤੋਂ ਹੋਰ ਵੀ ਕਈਆਂ ਨੂੰ ਸੇਧ ਮਿਲ ਜਾਵੇ ਤੇ ਉਹ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਕੀ ਦੇਹ ਜਾਣ ਕੇ ਨਿਰਮਲ ਭਉ ਵਿਚ ਆ ਜਾਣ। ਸਜ਼ਾ ਇਹ ਹੈ ਤੇਰੇ ਲਈ ਕਿ ਤੂੰ ਹੁਣ ਕਦੇ ਵੀ ਗੁਰੂ ਸਾਹਿਬ ਦੀ ਤਾਬਿਆਂ ਨਹੀਂ ਬੈਠਣਾ।

## ਸ਼ਰਧਾ ਦੀ ਤੀਸਰੀ ਨਿਸ਼ਾਨੀ

ਇਹ ਜ਼ਿਕਰ ਦਾਸ ਦਾ ਇਥੇ ਲਿਖਣ ਦਾ ਸਿਰਫ ਇਹੀ ਮਕਸਦ ਹੈ ਕਿ ਜਿਹੜਾ ਵੀ ਇਸ ਜ਼ਿਕਰ ਨੂੰ, ਪ੍ਰਤੱਖ ਬੀਤੇ ਹੋਏ ਵਾਕਿਆ ਨੂੰ ਪੜ੍ਹੇਗਾ, ਉਸ ਨੂੰ ਜ਼ਰੂਰ ਨਿਰਮਲ ਭਉ ਦੀ ਪ੍ਰਾਪਤੀ ਹੋ ਜਾਵੇਗੀ। ਇਹ ਯਕੀਨ ਹੋ ਜਾਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰ-ਨਾਜ਼ਰ ਜੋਤ ਹਨ, ਕਿਤਾਬ ਨਹੀਂ, ਕਿਉਂਕਿ ਤੁਸੀਂ ਕਿਸੇ ਧਾਰਮਿਕ ਕਿਤਾਬ ਨੂੰ, ਗੁਟਕੇ ਸਾਹਿਬ ਨੂੰ ਜਿਥੋਂ ਮਰਜ਼ੀ ਪੜ੍ਹੋ ਤੇ ਜਿਥੇ ਮਰਜ਼ੀ ਛੱਡ ਦਿਓ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਤਾਬ ਨਹੀਂ, ਪ੍ਰਗਟ ਗੁਰਾਂ ਕੀ ਦੇਹ ਹਨ।

ਇਹ ਹੈ ਸ਼ਰਧਾ ਦੀ ਤੀਸਰੀ ਨਿਸ਼ਾਨੀ ਕਿ ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ, ਉਸ ਅੰਦਰ ਗੁਰੂ ਪ੍ਰਤੀ ਨਿਰਮਲ ਭਉ ਆ ਜਾਂਦਾ ਹੈ। ਜ਼ਰੂਰ ਮਨਾਂ 'ਤੇ ਝਾਤੀ ਪਾਉ ਕਿ ਇਹ ਨਿਸ਼ਾਨੀ ਸਾਡੇ ਅੰਦਰ ਆਈ ਹੈ ਕਿ ਨਹੀਂ। ਜੇ ਮਿਲੀ ਹੈ ਤਾਂ ਸਤਿਗੁਰੂ ਦੀ ਕਿਰਪਾ ਹੈ ਤੇ ਜੇ ਨਹੀਂ ਮਿਲੀ ਤਾਂ ਜ਼ਰੂਰ ਗੁਰੂ ਸਾਹਿਬ ਦੇ ਚਰਨਾਂ ਵਿਚ ਜੋਦੜੀ ਕਰਿਉ ਕਿ ਇਹ ਦਾਤ ਨਿਰਮਲ ਭਉ ਦੀ ਸਾਨੂੰ ਪ੍ਰਾਪਤ ਹੋਵੇ ਕਿਉਂਕਿ ਇਹ ਬਹੁਤ ਜ਼ਰੂਰੀ ਹੈ। ਇਸ ਦੇ ਬਗ਼ੈਰ ਕੋਈ ਗੱਲ ਨਹੀਂ ਬਣ ਸਕਦੀ। ਬਾਣੀ ਦਾ ਵੀ ਫੈਸਲਾ ਹੈ—

*ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ॥*
*ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ॥*
*ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ॥*
*ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ॥*

(ਅੰਗ ੪੨੭)

ਭਾਵ ਕਿ ਗੁਰੂ ਦੇ ਨਿਰਮਲ ਭਉ ਤੋਂ ਬਿਨਾਂ ਸ਼ਰਨ ਰੂਪੀ ਲਾਗ ਨਹੀਂ ਲਗਦੀ ਤੇ ਨਾ ਹੀ ਮਨ ਸ਼ੁੱਧ ਹੁੰਦਾ ਹੈ। ਜਿਹੜੇ ਉਸ ਦੇ ਨਿਰਮਲ ਭਉ ਤੇ ਪ੍ਰੇਮ ਵਿਚ ਰੱਤੇ ਜਾਂਦੇ ਹਨ, ਉਹ ਉਸ ਸੱਚੇ ਵਿਚ ਸਮਾ ਜਾਂਦੇ ਹਨ।

ਅਸੀਂ ਕਹਿੰਦੇ ਹਾਂ ਕਿ ਸਾਨੂੰ ਗੁਰੂ 'ਤੇ ਸ਼ਰਧਾ ਹੈ। ਝਾਤ ਪਾਉ ਸ਼ਰਧਾ ਦੀ ਇਹ ਤੀਜੀ ਨਿਸ਼ਾਨੀ ਹੈ ਸਾਡੇ ਪਾਸ। ਜਿਸ ਪਾਸ ਸ਼ਰਧਾ ਹੋਵੇ ਉਸਦੇ ਅੰਦਰ ਗੁਰੂ ਪ੍ਰਤੀ ਨਿਰਮਲ ਭਉ ਆ ਜਾਂਦਾ ਹੈ।

★★★

SIKHBOOKCLUB.COM

*ਜਿਤੁ ਕਾਰੈ ਕੰਮਿ ਹਮ ਹਰਿ ਲਾਏ॥*
*ਸੋ ਹਮ ਕਰਹ ਜੁ ਆਪਿ ਕਰਾਏ॥*

# ਸ਼ਰਧਾ ਦੀ ਚੌਥੀ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

**ਉਹ ਆਪਣੇ ਗੁਰੂ ਵਿਚੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਦਾ ਹੈ।**

ਜਿਸ ਤਰ੍ਹਾਂ ਸਮੁੰਦ੍ਰ ਵਿਚੋਂ ਜੋ ਲਹਿਰ ਉਠਦੀ ਹੈ, ਉਹ ਸਮੁੰਦਰ ਦਾ ਹੀ ਰੂਪ ਹੁੰਦੀ ਹੈ। ਉਹ ਲਹਿਰ ਜਦੋਂ ਕੰਢੇ ਤੱਕ ਛੱਲ ਮਾਰਦੀ ਹੈ, ਜੇ ਕੋਈ ਕੰਢੇ ਪਈ ਵਸਤੂ ਉਸ ਨਾਲ ਮਿਲ ਜਾਵੇ ਤਾਂ ਉਸ ਨੂੰ ਵੀ ਸਮੁੰਦਰ ਵਿਚ ਹੀ ਲੈ ਜਾਂਦੀ ਹੈ। ਪ੍ਰਮੇਸ਼ਰ ਆਪ ਹੀ ਗੁਰੂ ਰੂਪ ਹੋ ਕੇ ਜਗਤ ਨੂੰ ਉਪਦੇਸ਼ ਦੇਂਦਾ ਹੈ ਤੇ ਜਿਹੜਾ ਗੁਰੂ ਦੇ ਚਰਨਾਂ ਨਾਲ ਮਿਲ ਜਾਵੇ, ਉਹ ਉਸ ਨੂੰ ਵੀ ਆਪਣੇ ਨਿਜ ਸਰੂਪ ਵਿਚ ਲੀਨ ਕਰ ਲੈਂਦਾ ਹੈ। ਗੁਰੂ ਜੋਤ ਰੂਪ ਹੁੰਦਾ ਹੈ, ਸਰੀਰ ਰੂਪ ਨਹੀਂ। ਵੇਖੋ, ਗੁਰੂ ਨਾਨਕ ਸਾਹਿਬ ਵੇਲੇ, ਭਾਈ ਲਹਿਣਾ ਜੀ ਸਰੀਰ ਰੂਪ ਵਿਚ ਮੌਜੂਦ ਸਨ ਪਰ ਕੋਈ ਵੀ ਉਨ੍ਹਾਂ ਨੂੰ ਗੁਰੂ ਨਹੀਂ ਸੀ ਮੰਨਦਾ ਪਰ ਜਦੋਂ ਗੁਰੂ ਨਾਨਕ ਪਾਤਿਸ਼ਾਹ ਨੇ ਨਿਰੰਕਾਰੀ ਜੋਤ ਉਨ੍ਹਾਂ ਦੇ ਅੰਦਰ ਟਿਕਾਈ ਤਾਂ ਸਾਰੀ ਸ੍ਰਿਸ਼ਟੀ ਉਨ੍ਹਾਂ ਅੱਗੇ ਝੁਕਣ ਲਗ ਪਈ। ਗੁਰੂ ਅੰਗਦ ਸਾਹਿਬ ਜੀ ਵੇਲੇ ਅਮਰਦਾਸ ਜੀ ਦਾ ਸਰੀਰ ਮੌਜੂਦ ਸੀ ਪਰ ਕਈਆਂ ਨੇ ਆਪ ਨੂੰ ਅਮਰੂ ਨਿਥਾਵਾਂ ਵੀ ਕਿਹਾ, ਪਰ ਜਦੋਂ ਨਿਰੰਕਾਰੀ ਜੋਤ ਉਨ੍ਹਾਂ ਵਿਚ ਰੱਖੀ ਗਈ ਤਾਂ ਉਹ ਨਿਥਾਵਿਆਂ ਦੀ ਥਾਂ ਬਣ ਗਏ, ਸਾਰੀ ਸ੍ਰਿਸ਼ਟੀ ਦੇ ਮਾਲਕ ਬਣ ਗਏ। ਹੁਣ ਉਹੀ ਨਿਰੰਕਾਰੀ ਜੋਤ ਕਲਗੀਧਰ ਪਾਤਿਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਿਕਾ ਦਿੱਤੀ ਹੈ। ਦਾਸ ਦਾ ਇਹ ਲਿਖਣ ਤੋਂ ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਦਸ ਪਾਤਿਸ਼ਾਹੀਆਂ ਨਿਰੰਕਾਰ ਹਨ, ਪ੍ਰਮੇਸ਼ਰ ਹਨ। ਦਸਾਂ ਪਾਤਸ਼ਾਹੀਆਂ 'ਚੋਂ ਜਿਸ ਉਪਰ ਵੀ ਸਾਡੀ ਭਾਵਨਾ ਬਣੇ (ਜੋਤ ਸਭ ਇਕ ਹੀ ਹੈ) ਉਸ ਨੂੰ ਹੀ ਪ੍ਰਮੇਸ਼ਰ ਜਾਣ ਕੇ ਅਰਾਧਨਾ, ਸ਼ਰਧਾ ਦੀ ਨਿਸ਼ਾਨੀ ਹੈ। ਨਿਰੰਕਾਰ ਆਪ ਹੀ ਗੁਰੂ ਨਾਨਕ ਦੇ ਰੂਪ ਵਿਚ ਆਇਆ ਤੇ 10 ਜਾਮੇਂ ਧਾਰਨ ਕੀਤੇ।

### ਸ਼ਰਧਾ ਦੀ ਚੌਥੀ ਨਿਸ਼ਾਨੀ

ਬਾਬਾ ਜੀ ਬਚਨ ਕਰਦੇ ਸਨ ਕਿ ਜਿਸ ਤਰ੍ਹਾਂ ਅਸੀਂ ਪੱਗ ਬੰਨ੍ਹਦੇ ਹਾਂ ਤੇ ਵੇਖਣਾ ਚਾਹੁੰਦੇ ਹਾਂ ਕਿ ਪੱਗ ਕਿਹੋ ਜਿਹੀ ਬੱਝੀ ਹੈ ਤਾਂ ਸ਼ੀਸ਼ੇ ਵਿਚ ਦੇਖਦੇ ਹਾਂ, ਇਸੇ ਤਰ੍ਹਾਂ ਗੁਰੂ ਨਾਨਕ ਖ਼ੁਦ ਨਿਰੰਕਾਰ ਹਨ। ਨਿੰਰਕਾਰ ਦੀ ਜਦੋਂ ਇੱਛਾ ਹੋਈ ਆਪਣਾ ਰੂਪ ਦੇਖਣ ਦੀ, ਉਸ ਨੇ ਗੁਰੂ ਨਾਨਕ ਦਾ ਰੂਪ ਧਾਰ ਲਿਆ।

*ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ॥*

(ਵਾਰ ੧੨, ਪਾ: ੧੭)

ਬਾਬਾ ਜੀ ਬਚਨ ਕਰਦੇ ਸਨ ਕਿ ਜਦੋਂ ਬਿਮਾਰੀ ਬਹੁਤ ਜ਼ਿਆਦਾ ਵਧ ਜਾਵੇ ਤਾਂ ਡਾਕਟਰ ਨੂੰ ਆਪ ਚਲ ਕੇ ਆਉਣਾ ਪੈਂਦਾ ਹੈ। ਧਰਤੀ ਨੇ ਨਿਰੰਕਾਰ ਅਗੇ ਪੁਕਾਰ ਕੀਤੀ ਸੀ ਕਿ 'ਹੇ ਨਿਰੰਕਾਰ! ਹਉਮੈ, ਜ਼ੁਲਮ ਤੇ ਕਾਇਰਤਾ ਦੀ ਬਿਮਾਰੀ ਬਹੁਤ ਵੱਧ ਗਈ ਹੈ। ਮੈਂ ਬਹੁਤ ਦੁਖੀ ਹਾਂ, ਮੇਰਾ ਕਲਿਆਣ ਕਰੋ। ਧਰਤੀ 'ਤੇ ਜ਼ੁਲਮ ਅਤਿਆਚਾਰ ਇਤਨੇ ਜ਼ਿਆਦਾ ਵਧ ਗਏ ਸਨ, ਇਸ ਲਈ ਆਪ ਨਿਰੰਕਾਰ, ਗੁਰੂ ਨਾਨਕ ਦਾ ਰੂਪ ਧਾਰ ਕੇ ਧਰਤੀ 'ਤੇ ਆ ਗਿਆ। ਇਸ ਤੋਂ ਪਹਿਲਾਂ ਜਦੋਂ ਵੀ ਧਰਤੀ 'ਤੇ ਮੁਸ਼ਕਲ ਬਣੀ, ਨਿਰੰਕਾਰ ਧਰਤੀ 'ਤੇ ਅਵਤਾਰਾਂ ਨੂੰ ਭੇਜਦਾ ਰਿਹਾ ਪਰ ਇਕ ਬੜੀ ਕਮਾਲ ਦੀ ਗੱਲ ਹਿਰਦੇ ਵਿਚ ਵਸਾਇਓ ਕਿ ਜਿਤਨੀ ਕੁ ਮੁਸ਼ਕਲ ਧਰਤੀ 'ਤੇ ਬਣਦੀ ਸੀ, ਨਿਰੰਕਾਰ ਵਲੋਂ ਉਤਨੀ ਕੁ ਤਾਕਤ ਦੇ ਕੇ ਅਵਤਾਰ ਨੂੰ ਧਰਤੀ 'ਤੇ ਭੇਜਿਆ ਜਾਂਦਾ ਸੀ। ਤ੍ਰੇਤੇ ਯੁਗ ਵਿਚ ਅਜੇ ਪਾਪ ਘੱਟ ਸਨ, ਸ੍ਰੀ ਰਾਮ ਨੂੰ 14 ਕਲਾ ਦੇ ਕੇ ਭੇਜਿਆ ਗਿਆ। ਦੁਆਪਰ ਵਿਚ ਪਾਪ ਕੁਝ ਵੱਧ ਗਏ, ਧਰਮ ਦੇ ਦੋ ਹੀ ਪੈਰ ਰਹਿ ਗਏ ਤਾਂ ਫਿਰ ਹੋਰ ਵੱਧ ਸ਼ਕਤੀ (16 ਕਲਾ) ਦੇ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਧਰਤੀ 'ਤੇ ਭੇਜਿਆ ਗਿਆ। ਪ੍ਰਮੇਸ਼ਰ ਨੇ ਹੋਰ ਵੀ ਕਈ ਅਵਤਾਰਾਂ ਨੂੰ ਧਰਤੀ 'ਤੇ ਭੇਜਿਆ। ਸਤਜੁਗ ਵਿਚ ਹਰਨਾਖਸ਼ ਨੇ ਜਦੋਂ ਅਤਿ ਦੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ ਤਾਂ ਨਰਸਿੰਘ ਅਵਤਾਰ ਥੰਮ੍ਹ ਵਿਚੋਂ ਪ੍ਰਗਟ ਹੋਇਆ। ਇਸ ਤਰ੍ਹਾਂ ਮਛ ਅਵਤਾਰ, ਕਛ ਅਵਤਾਰ ਤੇ ਹੋਰ ਵੀ ਕਈ।

ਕਲਜੁਗ ਵਿਚ ਧਰਮ ਦੇ ਤਿੰਨ ਪੈਰ ਟੁੱਟ ਗਏ, ਇਕ ਹੀ ਪੈਰ ਰਹਿ ਗਿਆ ਤਾਂ ਧਰਤੀ ਉੱਤੇ ਬਹੁਤ ਅਤਿਆਚਾਰ ਹੋਣ ਲਗ ਪਏ। ਗਊ ਗ਼ਰੀਬ ਦੀ ਰੱਖਿਆ ਕਰਨ ਦੇ ਸਮਰੱਥ ਕੋਈ ਨਾ ਰਿਹਾ। ਕਾਜ਼ੀ ਮੁੱਲਾਂ ਵੱਢੀ ਲੈ ਕੇ ਨਿਆਂ ਕਰਨ ਲਗ ਪਏ। ਸਾਰੇ ਸੰਸਾਰ ਵਿਚ ਝੂਠ ਦਾ ਬੋਲਬਾਲਾ ਹੋ ਗਿਆ। ਚੋਰ, ਠੱਗ, ਸਾਧੂਆਂ ਵਾਲਾ ਬਾਣਾ ਪਾ ਕੇ ਲੋਕਾਂ ਨੂੰ ਲੁੱਟਣ ਲੱਗੇ। ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ, ਧਰਮ ਤਾਂ ਮਾਨੋ ਖੰਭ ਲਾ ਕੇ ਉਡ ਗਿਆ। ਅਨੇਕ ਪ੍ਰਕਾਰ ਦੇ ਪਾਪਾਂ ਕਰ ਕੇ ਧਰਤੀ ਕਲਜੁਗੀ ਜੀਵਾਂ ਦੇ ਭਾਰ ਨਾਲ ਬਹੁਤ ਦੁਖੀ ਹੋ ਗਈ। ਫਿਰ ਧਰਤੀ ਨੇ ਨਿਰੰਕਾਰ ਅੱਗੇ ਰੋ ਕੇ ਪੁਕਾਰ ਕੀਤੀ ਕਿ ਮੇਰੇ ਕੋਲੋਂ ਪਾਪਾਂ ਦਾ ਭਾਰ ਨਹੀਂ ਝੱਲਿਆ ਜਾਂਦਾ। ਨਿਰੰਕਾਰ ਨੇ ਪੁੱਛਿਆ, ਕਿਸ ਚੀਜ਼

ਦਾ ਭਾਰ ਹੈ ? ਤਾਂ ਧਰਤੀ ਨੇ ਕਿਹਾ, ਮੇਰੇ 'ਤੇ ਅਕ੍ਰਿਤਘਣਾਂ ਦਾ ਭਾਰ ਬਹੁਤ ਵੱਧ ਗਿਆ ਹੈ ਜੋ ਕਿਸੇ ਦੀ ਕੀਤੀ ਨੂੰ ਨਹੀਂ ਜਾਣਦੇ। ਈਰਖਾ ਬਹੁਤ ਵੱਧ ਗਈ ਹੈ, ਜਿਸ ਕਾਰਨ ਜ਼ੁਲਮ ਤੇ ਅਤਿਆਚਾਰ ਬਹੁਤ ਵੱਧ ਗਏ ਹਨ। ਧਰਤੀ ਦੀ ਪੁਕਾਰ ਸੁਣ ਕੇ ਨਿਰੰਕਾਰ ਨੇ ਕਿਹਾ, ਮੈਂ ਜਲਦੀ ਹੀ ਕਿਸੇ ਅਵਤਾਰ ਨੂੰ ਭੇਜਦਾ ਹਾਂ, ਪਰ ਧਰਤੀ ਨੇ ਆਖਿਆ, 'ਹੇ ਨਿਰੰਕਾਰ ! ਤ੍ਰੇਤਾ ਯੁਗ ਵਿਚ ਇਕ ਰਾਵਣ ਸੀ, ਜਿਸ ਨੂੰ ਮਾਰਨ ਲਈ ਤੁਸੀਂ ਸ੍ਰੀ ਰਾਮ ਨੂੰ ਭੇਜਿਆ। ਦੁਆਪਰ ਯੁਗ ਵਿਚ ਇਕ ਪਾਪੀ ਕੰਸ ਸੀ, ਜਿਸ ਨੂੰ ਮਾਰਨ ਲਈ ਸ੍ਰੀ ਕ੍ਰਿਸ਼ਨ ਨੂੰ ਭੇਜਿਆ ਪਰ ਕਲਯੁਗ ਵਿਚ ਤਾਂ ਲੱਖਾਂ ਹੀ ਰਾਵਣ ਤੇ ਲੱਖਾਂ ਹੀ ਕੰਸ ਹਨ। ਹੁਣ ਕਿਸੇ ਅਵਤਾਰ ਦੇ ਵੱਸ ਦੀ ਗਲ ਨਹੀਂ, ਹੁਣ ਤੂੰ ਆਪ ਹੀ ਧਰਤੀ 'ਤੇ ਆ।

ਕਲਯੁਗ ਵਿਚ ਧਰਤੀ ਦੀ ਪੁਕਾਰ ਸੁਣ ਕੇ ਨਿਰੰਕਾਰ ਆਪ ਗੁਰੂ ਨਾਨਕ ਦੇ ਰੂਪ ਵਿਚ ਧਰਤੀ 'ਤੇ ਆਇਆ। ਭਾਈ ਗੁਰਦਾਸ ਜੀ ਵੀ ਲਿਖਦੇ ਹਨ-

*ਸੁਣੀ ਪੁਕਾਰਿ ਦਾਤਾਰ ਪ੍ਰਭੁ*
*ਗੁਰੁ ਨਾਨਕ ਜਗ ਮਾਹਿ ਪਠਾਇਆ।*

(ਵਾਰ ੧, ਪਾ: ੨੩)

ਬਾਣੀ ਦੀਆਂ ਪੰਕਤੀਆਂ ਵੀ ਹਨ-

*"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥'*

(ਅੰਗ ੧੩੯੫)

SIKHBOOKCLUB.COM

ਕਤਕ ਦੀ ਪੂਰਨਮਾਸ਼ੀ ਸੰਮਤ 1426 ਅੱਧੀ ਰਾਤ ਤੋਂ ਇਕ ਘੜੀ ਉਪਰ, ਰਾਇ ਭੋਇ ਦੀ ਤਲਵੰਡੀ ਵਿਖੇ ਮਾਤਾ ਤ੍ਰਿਪਤਾ ਦੀ ਕੁੱਖੋਂ ਰਬੀ ਨੂਰ ਨੇ ਅਵਤਾਰ ਲਿਆ। ਮਹਿਤਾ ਕਾਲੂ ਨੂੰ ਪਿਤਾ ਤੇ ਨਾਨਕੀ ਨੂੰ ਆਪ ਜੀ ਦੀ ਭੈਣ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੀ ਵੀ ਰਮਜ਼ ਬਾਬਾ ਜੀ ਦਸਦੇ ਸਨ ਕਿ ਜਿਥੇ ਹੁਣ ਦਰਬਾਰ ਸਾਹਿਬ (ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ) ਹੈ, ਇਥੇ ਪਹਿਲਾਂ ਜੰਗਲ ਹੁੰਦਾ ਸੀ ਤੇ ਜਿੱਥੇ ਸਰੋਵਰ ਹੈ ਉਥੇ 7 ਰਿਖੀ (ਪਿਤਾ ਕਾਲੂ, ਮਾਤਾ ਤ੍ਰਿਪਤਾ, ਬੇਬੇ ਨਾਨਕੀ, ਭਾਈਆ ਜੈ ਰਾਮ, ਭਾਈ ਲਾਲੋ, ਰਾਇ ਬੁਲਾਰ ਤੇ ਭਾਈ ਝੰਡਾ) ਤਪ ਕਰਦੇ ਸਨ। ਤ੍ਰਿਪਤਾ ਤੇ ਕਾਲੂ ਨੇ ਤਪੱਸਿਆ ਕਰਕੇ ਇਹ ਵਰ ਮੰਗਿਆ ਸੀ ਕਿ ਨਿਰੰਕਾਰ ਸਾਡੇ ਵਿਹੜੇ ਖੇਡੇ, ਸਾਡੀ ਗੋਦ ਵਿਚ ਖੇਡੇ। ਰਾਇ ਬੁਲਾਰ ਤੇ ਬਾਕੀਆਂ ਨੇ ਮੰਗਿਆ ਸੀ ਕਿ ਸਾਨੂੰ ਖ਼ੁਦਾ ਦੇ ਦਰਸ਼ਨ ਹੋ ਜਾਣ ਤੇ ਬੇਬੇ ਨਾਨਕੀ ਨੇ ਮੰਗਿਆ ਸੀ ਕਿ ਮੈਂ ਨਿਰੰਕਾਰ ਦੀ ਰੱਜ ਕੇ ਸੇਵਾ ਕਰਨੀ ਚਾਹੁੰਦੀ ਹਾਂ।

ਦੌਲਤਾਂ ਦਾਈ ਨੇ ਜਦੋਂ ਇਸ ਅਰਸ਼ੀ ਬਾਲਕ ਦੇ ਦਰਸ਼ਨ ਕੀਤੇ ਤੇ ਕਹਿਣ ਲੱਗੀ, ਮੇਰੇ ਹੱਥਾਂ ਵਿਚ ਅਨੇਕਾਂ ਬਾਲਕ ਹੋਏ ਪਰ ਇਸ ਤਰ੍ਹਾਂ ਦਾ ਬਾਲਕ ਮੈਂ ਕੋਈ ਨਹੀਂ ਵੇਖਿਆ। ਇਹ ਕੋਈ ਸਾਧਾਰਣ ਬਾਲਕ ਨਹੀਂ, ਇਹ ਤਾਂ ਰੱਬੀ ਅਵਤਾਰ ਹੈ। ਜਦੋਂ ਪੰਡਿਤ ਹਰਦਿਆਲ ਨੇ ਵੇਖਿਆ ਤਾਂ ਉਸ ਨੇ ਵੀ ਆਖਿਆ, ਇਸ ਬਾਲਕ ਦੇ ਚਰਨ ਜਹਾਜ਼ ਦੇ ਸਮਾਨ ਹੋਣਗੇ। ਜੋ ਵੀ ਇਸ ਦੇ ਚਰਨਾਂ ਨਾਲ ਲੱਗੇਗਾ, ਉਹ ਭਵ ਸਾਗਰ ਤੋਂ ਪਾਰ ਹੋ ਜਾਵੇਗਾ। ਇਸ ਨੂੰ ਹਿੰਦੂ ਮੁਸਲਮਾਨ ਦੋਵੇਂ ਹੀ ਮੰਨਣਗੇ। ਨਾਮ-ਭਗਤੀ ਨਾਲ ਇਹ ਬੇਅੰਤ ਜੀਵਾਂ ਦਾ ਉਧਾਰ ਕਰੇਗਾ। ਇਹ ਸਾਖਸ਼ਾਤ ਨਿਰੰਕਾਰ ਦੀ ਜੋਤ ਹੈ।

ਹੋ ਸਕਦਾ ਹੈ ਅਜੇ ਵੀ ਕਈਆਂ ਦੇ ਮਨ ਵਿਚ ਇਹ ਤਸੱਲੀ ਨਾ ਹੋਈ ਹੋਵੇ ਕਿ ਨਿਰੰਕਾਰ ਆਪ ਹੀ ਗੁਰੂ ਨਾਨਕ ਦੇ ਰੂਪ ਵਿਚ ਧਰਤੀ 'ਤੇ ਆਇਆ। ਕਿਸੇ ਜਗ੍ਹਾ 'ਤੇ ਕੋਈ ਕਿੱਲ ਠੋਕਣਾ-ਹੋਵੇ ਹਥੌੜੀ ਨਾਲ ਤਾਂ ਉਹ ਮਾੜਾ ਜਿਹਾ ਠੁੱਕਦਾ ਹੈ ਤੇ ਝੱਟ ਹੀ ਨਿਕਲ ਜਾਂਦਾ ਹੈ, ਫਿਰ ਤੁਸੀਂ ਇਕ ਹੋਰ ਸੱਟ ਮਾਰਦੇ ਹੋ, ਫਿਰ ਹੋਰ, ਫਿਰ ਹੋਰ ਤਾਂ ਕਿ ਉਹ ਚੰਗੀ ਤਰ੍ਹਾਂ ਪੱਕਾ ਹੋ ਜਾਵੇ, ਨਿਕਲ ਨਾ ਸਕੇ। ਦਾਸ, ਗੁਰੂ ਇਤਿਹਾਸ ਦੀਆਂ ਕੁਝ ਹੋਰ ਵਿਚਾਰਾਂ ਲਿਖ ਕੇ ਸਾਂਝੀਆਂ ਕਰ ਰਿਹਾ ਹੈ, ਜਿਨ੍ਹਾਂ ਨੂੰ ਪੜ੍ਹ ਕੇ ਸਾਡਾ ਸਾਰਿਆਂ ਦਾ ਯਕੀਨ ਪੱਕਾ ਹੋ ਜਾਵੇ ਕਿ ਗੁਰੂ ਨਾਨਕ ਦੇ ਰੂਪ ਵਿਚ ਨਿਰੰਕਾਰ, ਪ੍ਰਮੇਸ਼ਰ ਆਪ ਧਰਤੀ 'ਤੇ ਆਏ।

SIKHBOOKCLUB.COM

ਜਦੋਂ ਗੁਰੂ ਨਾਨਕ ਸਾਹਿਬ ਭੈਣ ਨਾਨਕੀ ਦੀ ਪਿਆਰ-ਭਰੀ ਸੱਦ (ਅੰਦਰੂਨੀ ਪੁਕਾਰ) 'ਤੇ ਉਸ ਨੂੰ ਮਿਲਣ ਲਈ ਸੁਲਤਾਨਪੁਰ ਗਏ ਤਾਂ ਭੈਣ ਨਾਨਕੀ ਨੇ ਦੌੜ ਕੇ ਆਪ ਜੀ ਦੇ ਚਰਨਾਂ 'ਤੇ ਮੱਥਾ ਟੇਕ ਦਿੱਤਾ। ਗੁਰੂ ਸਾਹਿਬ ਕਹਿਣ ਲੱਗੇ, ਤੁਸੀਂ ਮੇਰੀ ਵੱਡੀ ਭੈਣ ਹੋ, ਮੱਥਾ ਟੇਕਣਾ ਤਾਂ ਮੇਰਾ ਫ਼ਰਜ਼ ਬਣਦਾ ਹੈ। ਹੁਣ ਅਗੋਂ ਜੋ ਜੁਆਬ ਭੈਣ ਨਾਨਕੀ ਨੇ ਦਿੱਤਾ, ਉਹ ਗ਼ੌਰ ਕਰਿਓ। ਭੈਣ ਨਾਨਕੀ ਕਹਿਣ ਲੱਗੀ, 'ਮੈਂ ਤੁਹਾਨੂੰ ਆਪਣਾ ਛੋਟਾ ਵੀਰ ਨਹੀਂ ਸਮਝਦੀ, ਤੁਸੀਂ ਤਾਂ ਪ੍ਰਮੇਸ਼ਰ ਦਾ ਰੂਪ ਹੋ, ਤੁਸੀਂ ਜਗਤ ਨੂੰ ਉਧਾਰਨ ਵਾਸਤੇ ਆਪਣੀ ਇੱਛਾ ਅਨੁਸਾਰ ਸਰੀਰ ਧਾਰਨ ਕੀਤਾ ਹੈ।'

ਕੌਡੇ ਰਾਕਸ਼ ਨੇ ਜਦੋਂ ਮਰਦਾਨੇ ਨੂੰ ਫੜ ਕੇ ਤਪਦੇ ਤੇਲ ਦੇ ਕੜਾਹੇ ਵਿਚ ਸੁੱਟਣਾ ਚਾਹਿਆ ਤਾਂ ਗੁਰੂ ਨਾਨਕ ਸਾਹਿਬ ਨੇ ਕਿਰਪਾ ਦ੍ਰਿਸ਼ਟੀ ਨਾਲ ਤਪਦੇ ਹੋਏ ਤੇਲ ਦੇ ਕੜਾਹੇ ਨੂੰ ਪੋਹ-ਮਾਘ ਦੇ ਕੱਕਰ ਵਾਂਗ ਠੰਢਾ ਕਰ ਦਿੱਤਾ ਤੇ ਕੌਡਾ ਇਹ ਕੌਤਕ ਵੇਖ ਕੇ ਬੜਾ ਹੈਰਾਨ ਹੋਇਆ ਤੇ ਗੁਰੂ ਨਾਨਕ ਸਾਹਿਬ ਦੇ ਚਰਨਾਂ 'ਤੇ ਢਹਿ ਪਿਆ। ਚਰਨਾਂ ਦੀ ਛੋਹ ਪ੍ਰਾਪਤ ਹੁੰਦਿਆਂ ਹੀ ਉਸ ਨੂੰ ਆਪਣੇ ਪਿਛਲੇ ਜਨਮ ਦਾ ਗਿਆਨ ਹੋ ਗਿਆ ਤੇ ਉਸ ਨੇ ਆਪਣੀ ਜ਼ਬਾਨੀ ਆਪਣੀ ਪਿਛਲੀ ਜਨਮ ਦੀ ਵਿਥਿਆ ਸੁਣਾਈ। ਕਹਿਣ ਲੱਗਾ ਕਿ ਮੈਂ ਪਿਛਲੇ ਜਨਮ ਵਿਚ ਬ੍ਰਾਹਮਣ ਸੀ। ਮੇਰੇ ਅੰਦਰ ਵਿਦਿਆ ਦਾ ਬਹੁਤ ਹੰਕਾਰ ਹੋ ਚੁੱਕਾ ਸੀ। ਉਸ ਨੇ ਦਸਿਆ ਕਿ ਮੈਂ ਆਪਣੇ ਵਿਦਿਆ ਦੇ ਹੰਕਾਰ ਵਿਚ

ਇਤਨਾ ਅੰਨ੍ਹਾ ਹੋ ਚੁੱਕਾ ਸੀ ਕਿ ਇਕ ਵਾਰੀ ਮੇਰੇ ਗੁਰੂ, ਮੇਰੇ ਘਰ ਆਏ ਤਾਂ ਮੈਂ ਉਸ ਦਾ ਵੀ ਸਤਿਕਾਰ ਨਾ ਕੀਤਾ। ਉਨ੍ਹਾਂ ਨੇ ਅਪਣੀ ਇਸ ਨਿਰਾਦਰੀ ਕਾਰਨ ਮੈਨੂੰ ਸ਼ਰਾਪ ਦੇ ਦਿੱਤਾ ਕਿ ਤੂੰ ਰਾਕਸ਼ ਦਾ ਸਰੀਰ ਧਾਰ ਕੇ ਖੋਟੇ ਕਰਮ ਕਰੇਂਗਾ। ਉਹ ਕਹਿਣ ਲੱਗਾ, ਮੈਂ ਬਹੁਤ ਡਰ ਗਿਆ ਤੇ ਉਸੇ ਵਕਤ ਆਪਣੇ ਗੁਰੂ ਦੇ ਚਰਨ ਫੜ ਲਏ ਤੇ ਪੁੱਛਿਆ ਕਿ ਮੇਰੀ ਗਤੀ ਕਿਵੇਂ ਹੋਵੇਗੀ ਕਿਉਂਕਿ ਮੈਂ ਜਾਣਦਾ ਸੀ ਕਿ ਮੇਰੇ ਗੁਰੂ ਦਾ ਬਚਨ ਜ਼ਰੂਰ ਪੂਰਾ ਹੋਣਾ ਹੀ ਹੈ। ਮੇਰੇ ਇਸ ਤਰ੍ਹਾਂ ਗੁਰੂ ਦੇ ਚਰਨਾਂ 'ਤੇ ਢਹਿ ਕੇ ਆਪਣੀ ਗ਼ਲਤੀ ਨੂੰ ਮੰਨ ਲੈਣ ਕਾਰਨ ਉਹ ਪ੍ਰਸੰਨਤਾ ਦੇ ਘਰ ਵਿਚ ਆ ਗਏ ਤੇ ਜੋ ਬਚਨ ਕੀਤਾ ਉਹ ਗ਼ੌਰ ਕਰਿਓ (ਕਿਉਂਕਿ ਸਾਡੀ ਵਿਚਾਰ ਚਲ ਰਹੀ ਹੈ ਕਿ ਨਿਰੰਕਾਰ ਨੇ ਹੀ ਗੁਰੂ ਨਾਨਕ ਦੇ ਰੂਪ ਵਿਚ ਧਰਤੀ 'ਤੇ ਆਉਣਾ ਕੀਤਾ) ਆਖਿਆ, ਜਦੋਂ ਨਿਰੰਕਾਰ ਆਪ ਅਵਤਾਰ ਧਾਰ ਕੇ ਸੰਸਾਰ ਵਿਚ ਆਵੇਗਾ, ਉਨ੍ਹਾਂ ਦੇ ਦਰਸ਼ਨ ਕਰ ਕੇ ਤੇਰਾ ਪਾਰ ਉਤਾਰਾ ਹੋਵੇਗਾ। ਇਤਨਾ ਕਹਿ ਕੇ ਕੌਡੇ ਰਾਕਸ਼ ਨੇ ਆਪਣਾ ਸਰੀਰ ਤਿਆਗ ਦਿੱਤਾ ਤੇ ਬ੍ਰਹਮ ਲੋਕ ਚਲਾ ਗਿਆ।

ਰਾਜੇ ਜਨਕ ਦੇ ਵੀ ਰਸੋਈਏ ਨੇ ਜਦੋਂ ਸੰਤਾਂ-ਮਹਾਂਪੁਰਸ਼ਾਂ ਲਈ ਤਿਆਰ ਕੀਤੇ ਭੋਜਨ ਨੂੰ ਉਨ੍ਹਾਂ ਨੂੰ ਛਕਾਣ ਤੋਂ ਪਹਿਲਾਂ ਹੀ ਚੋਰੀ-ਚੋਰੀ ਵਿੱਚੋਂ ਕੱਢ ਕੇ ਖਾ ਲਿਆ ਸੀ ਤਾਂ ਉਸ ਨੇ ਵੀ ਕ੍ਰੋਧ ਵਿਚ ਆ ਕੇ ਆਪਣੇ ਰਸੋਈਏ ਨੂੰ ਸਰਾਪ ਦਿੱਤਾ ਸੀ ਕਿ ਤੂੰ ਅਗਲੇ ਜਨਮ ਵਿਚ ਰਾਕਸ਼ ਬਣੇਗਾ, ਕਿਉਂਕਿ ਤੂੰ ਬੜਾ ਰਾਕਸ਼ਾਂ ਵਾਲਾ ਕੰਮ ਕੀਤਾ ਹੈ। ਜਦੋਂ ਉਸ ਨੇ ਹੱਥ ਜੋੜ ਕੇ ਪੁੱਛਿਆ, ਮੇਰਾ ਉਧਾਰ ਕਿਵੇਂ ਹੋਵੇਗਾ ਤਾਂ ਰਾਜੇ ਜਨਕ ਨੇ ਕਿਹਾ ਸੀ ਕਿ ਕਲਯੁਗ ਵਿਚ ਪ੍ਰਮੇਸ਼ਰ ਗੁਰੂ ਨਾਨਕ ਦਾ ਰੂਪ ਧਾਰ ਕੇ ਪ੍ਰਗਟ ਹੋਵੇਗਾ, ਉਸ ਦੇ ਦਰਸ਼ਨ ਕਰ ਕੇ ਤੇਰਾ ਉਧਾਰ ਹੋਵੇਗਾ।

ਗੁਰੂ ਨਾਨਕ ਸਾਹਿਬ ਜਦੋਂ ਕਰਤਾਰਪੁਰ ਵਿਖੇ ਨਿਵਾਸ ਕਰਦੇ ਸਨ ਤਾਂ ਰੋਜ਼ ਰਾਵੀ ਦੇ ਕਿਨਾਰੇ ਬੈਠ ਕੇ ਆਪਣੇ ਨਿਜ ਸਰੂਪ ਵਿਚ ਜੁੜਦੇ ਸਨ। ਉਥੋਂ ਦੇ ਇਕ ਸਿੱਖ ਭਾਈ ਸੈਦਾ, ਜਿਸ ਦੀ ਗੁਰੂ ਨਾਨਕ 'ਤੇ ਅਜੇ ਪ੍ਰਮੇਸ਼ਰ ਵਾਲੀ ਭਾਵਨਾ ਨਹੀਂ ਸੀ, ਉਸ ਨੇ ਜਦੋਂ ਗੁਰੂ ਸਾਹਿਬ ਨੂੰ ਅਜਿਹਾ ਕਰਦਿਆਂ ਵੇਖਿਆ ਤਾਂ ਉਸ ਨੇ ਸੋਚਿਆ ਕਿ ਸ਼ਾਇਦ ਗੁਰੂ ਨਾਨਕ ਸਾਹਿਬ ਜਲ-ਦੇਵਤਾ ਦੀ ਅਰਾਧਨਾ ਕਰ ਕੇ ਉਸ ਤੋਂ ਸ਼ਕਤੀ ਪ੍ਰਾਪਤ ਕਰਦੇ ਹਨ। ਇਸ ਵਿਚਾਰ ਦੇ ਮਨ ਵਿਚ ਆਉਂਦਿਆਂ ਹੀ ਉਸ ਨੇ ਸੋਚਿਆ ਕਿ ਉਹ ਵੀ ਜਲ ਦੇਵਤਾ ਦੀ ਪੂਜਾ ਕਰਿਆ ਕਰੇਗਾ। ਅਗਲੇ ਦਿਨ ਜਦੋਂ ਸਵੇਰੇ ਭਾਈ ਸੈਦਾ ਜਲ ਦੇਵਤੇ ਦੀ ਪੂਜਾ ਕਰਨ ਲਈ ਜਾ ਰਿਹਾ ਸੀ ਤਾਂ ਰਸਤੇ ਵਿਚ ਕੀ ਕੌਤਕ ਵੇਖਦਾ ਹੈ ਕਿ ਅੱਗੇ ਕੋਈ ਜਾ ਰਿਹਾ ਹੈ। ਚੰਦਰਮਾ ਦੀ ਰੌਸ਼ਨੀ ਵਿਚ ਉਸਦਾ ਪਰਛਾਵਾਂ ਨਹੀਂ ਬਣ ਰਿਹਾ। ਭਾਈ ਸੈਦੇ ਨੇ ਪੁੱਛਿਆ ਤੂੰ ਕੌਣ ਹੈਂ, ਤੇਰਾ ਪਰਛਾਵਾਂ ਕਿਉਂ ਨਹੀਂ ਬਣ ਰਿਹਾ ? ਉਸ ਨੇ ਕਿਹਾ ਕਿ ਮੈਂ ਜਲ ਦੇਵਤਾ ਹਾਂ। ਭਾਈ ਸੈਦਾ ਕਹਿਣ ਲੱਗਾ ਤੁਸੀਂ ਕਿਧਰ ਜਾ ਰਹੇ ਹੋ ? ਜਲ ਦੇਵਤਾ ਨੇ ਕਿਹਾ ਕਿ ਰਾਵੀ ਦੇ ਕਿਨਾਰੇ ਨਿਰੰਕਾਰ ਰੂਪ ਗੁਰੂ

ਨਾਨਕ ਆਪਣੇ ਨਿਜ ਸਰੂਪ ਵਿਚ ਜੁੜਦੇ ਹਨ, ਮੈਂ ਉਹਨਾਂ ਦੇ ਦਰਸ਼ਨ ਕਰਕੇ ਆਪਣੇ ਭਾਗ ਬਣਾਉਣ ਚਲਿਆ ਹਾਂ। ਇਹ ਸੁਣ ਕੇ ਸੈਦਾ ਬੜਾ ਹੈਰਾਨ ਹੋਇਆ ਤੇ ਕਹਿਣ ਲੱਗਾ ਕਿ ਮੈਂ ਤੇ ਸੋਚਿਆ ਸੀ ਕਿ ਗੁਰੂ ਜੀ ਉਥੇ ਬੈਠ ਕੇ ਤੁਹਾਡੀ ਪੂਜਾ ਕਰਦੇ ਹਨ। ਅੱਗੋਂ ਜਲ ਦੇਵਤੇ ਕਹਿਣ ਲੱਗਾ, ਮੈਂ ਤਾਂ ਉਸ ਦੇ ਦਰਬਾਰ ਦਾ ਪਾਣੀ ਭਰਨ ਵਾਲਾ ਤੁੱਛ ਜਿਹਾ ਸੇਵਾਦਾਰ ਹਾਂ।

ਇਕ ਪੀਰ ਬਹਾਵਲ ਹਕ ਨੇ ਗੁਰੂ ਨਾਨਕ ਸਾਹਿਬ ਨੂੰ ਕਿਹਾ ਸੀ ਕਿ ਮੇਰੀ ਦਰਗਾਹ ਤਕ ਪਹੁੰਚ ਹੈ। ਮੇਰੇ ਕੋਲੋਂ ਕੁਝ ਵੀ ਮੰਗ ਲਵੋ, ਮੈਂ ਤੁਹਾਨੂੰ ਦਰਗਾਹ ਵਿਚੋਂ ਲੈ ਕੇ ਦੇ ਸਕਦਾ ਹਾਂ। ਉਸ ਦੇ ਬਾਰ-ਬਾਰ ਇਹ ਗੱਲ ਆਖਣ ਤੇ ਸਤਿਗੁਰੂ ਨਾਨਕ ਕਹਿੰਦੇ ਹਨ, ਚੰਗਾ ਫੇਰ ਸਾਨੂੰ ਦਰਗਾਹ ਵਿਚੋਂ ਇਕ ਪਾਈਆ ਗ਼ਰੀਬੀ (ਗ਼ਰੀਬੀ ਤੋਂ ਭਾਵ ਮਾਇਆ ਵਲੋਂ ਗਰੀਬੀ ਨਾ ਸਮਝਿਓ, ਇਥੇ ਗ਼ਰੀਬੀ ਤੋਂ ਭਾਵ ਹਿਰਦੇ ਦੀ ਗ਼ਰੀਬੀ ਭਾਵ ਨਿਮ੍ਰਤਾ ਤੋਂ ਹੈ) ਲੈ ਦੇ। ਉਸ ਫ਼ਕੀਰ ਨੇ ਜਦੋਂ ਸਮਾਧੀ ਸਮੇਂ ਦਰਗਾਹ ਵਿਚੋਂ ਪਾਈਆ ਗ਼ਰੀਬੀ ਦੀ ਮੰਗ ਕੀਤੀ ਤਾਂ ਅਕਾਸ਼ਬਾਣੀ ਹੋਈ ਕਿ ਇਕ ਕਿਲੋ (ਕਿਲੋਂ ਤੋਂ ਭਾਵ ਇਥੇ ਕਿਸੇ ਨਾਪ ਤੋਲ ਤੋਂ ਨਹੀਂ, ਕਿਲੋ ਤੋਂ ਭਾਵ 4 ਹਿੱਸੇ ਕਹਿ ਲਵੋ) ਗ਼ਰੀਬੀ ਵਿਚੋਂ ਤਿੰਨ ਪਾਈਆ ਭਾਵ ਤਿੰਨ ਹਿੱਸੇ ਗ਼ਰੀਬੀ ਨਿਰੰਕਾਰ ਗੁਰੂ ਨਾਨਕ ਦੇ ਰੂਪ ਵਿਚ ਧਰਤੀ 'ਤੇ ਲੈ ਕੇ ਆਏ ਹਨ ਤੇ ਬਾਕੀ ਦੀ ਇਕ ਪਾਈਆ ਭਾਵ ਇਕ ਹਿੱਸੇ ਨਾਲ ਸਾਰੀ ਸ੍ਰਿਸ਼ਟੀ ਦਾ ਚੱਕਰ ਚਲਾ ਰਿਹਾ ਹਾਂ ਤੇ ਜਿਸ ਦੇ ਲਈ ਤੂੰ ਪਾਈਆ ਗ਼ਰੀਬੀ ਦੀ ਮੰਗ ਕਰ ਰਿਹਾ ਹੈਂ, ਉਹ ਕੋਈ ਹੋਰ ਨਹੀਂ, ਉਹ ਗੁਰੂ ਨਾਨਕ ਆਪ ਪ੍ਰਮੇਸ਼ਰ ਦਾ ਸਰੂਪ, ਆਪ ਨਿਰੰਕਾਰ ਹੈ।

ਦਾਸ ਨੇ ਇਹ ਕੁਝ ਕੁ ਇਤਿਹਾਸਕ ਜ਼ਿਕਰ ਉਸਦੀ ਕਿਰਪਾ ਨਾਲ ਇਸ ਲਈ ਉਸਨੇ ਆਪ ਲਿਖਵਾਏ ਹਨ ਤਾਂ ਕਿ ਅਸੀਂ ਕਿਧਰੇ ਏਸ ਭੁਲੇਖੇ ਵਿਚ ਹੀ ਨਾ ਬੈਠੇ ਰਹੀਏ ਕਿ ਗੁਰੂ ਨਾਨਕ ਹੋਰ ਹੈ ਤੇ ਰੱਬ ਹੋਰ। ਪ੍ਰਮੇਸ਼ਰ ਆਪ ਗੁਰੂ ਨਾਨਕ ਦੇ ਰੂਪ ਵਿਚ ਧਰਤੀ 'ਤੇ ਆਏ ਤੇ 10 ਜਾਮੇ ਧਾਰਨ ਕੀਤੇ। ਗੁਰੂ ਨਾਨਕ ਸਾਹਿਬ ਦਾ ਸਰੀਰ ਜੋਤੀ ਜੋਤ ਸਮਾਇਆ, ਜੋਤ ਗਈ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿਚ ਤੇ ਇਸ ਤਰ੍ਹਾਂ ਚਲਦਿਆਂ-ਚਲਦਿਆਂ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਵਿਚ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨਿਰੰਕਾਰੀ ਜੋਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਟਿਕਾ ਦਿੱਤਾ। ਉਸ ਨਿਰੰਕਾਰੀ ਜੋਤ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ ਰਾਹੀਂ ਤਿਆਰ ਕੀਤੇ ਖੰਡੇ-ਬਾਟੇ ਦੇ ਅੰਮ੍ਰਿਤ ਨੂੰ ਜੋ ਵੀ ਛੱਕ ਲੈਂਦਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਟਿਕਾ ਕੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਕੁਰਬਾਨ ਜਾਈਏ, ਕਲਗੀਆਂ ਵਾਲੇ ਤੋਂ ਜੋ ਉਨ੍ਹਾਂ ਨੇ ਸਾਨੂੰ ਪੂਰਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਸਾਨੂੰ ਭਟਕਨ ਤੋਂ ਬਚਾ ਲਿਆ, ਕਿਉਂਕਿ ਉਹ ਜਾਣਦੇ ਸਨ ਕਿ ਕਲਯੁਗ ਵਿਚ

ਕਈ ਕੱਚੇ ਗੁਰੂ ਬਣ ਜਾਣਗੇ, ਜਿਹੜੇ ਭੋਲੀ-ਭਾਲੀ ਲੋਕਾਈ ਨੂੰ ਆਪਣੇ ਮਗਰ ਲਾ ਕੇ ਉਨ੍ਹਾਂ ਨੂੰ ਲੁੱਟਣਗੇ। (ਇਕ ਗੱਲ ਯਾਦ ਰੱਖਿਓ, ਕੱਚਾ ਗੁਰੂ ਕਦੀ ਮੁਕਤੀ ਨਹੀਂ ਦੇ ਸਕਦਾ। ਜਿਹੜੇ ਉਸ ਦੇ ਮਗਰ ਲੱਗਦੇ ਹਨ, ਉਨ੍ਹਾਂ ਨੂੰ ਡੋਬੇਗਾ ਹੀ) ਇਸ ਕਰਕੇ ਧਿਆਨ ਦਿਉ। ਅੱਜ ਉਹੀ ਗੁਰੂ ਨਾਨਕ ਦੀ ਜੋਤ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਹਾਜ਼ਰ ਹੈ, ਜੋ ਕਲਗੀਧਰ ਪਾਤਿਸ਼ਾਹ ਨੇ ਸ਼ਬਦ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਟਿਕਾ ਕੇ ਖਾਲਸੇ ਨੂੰ ਉਸਦੀ ਤਾਬਿਆਂ ਕੀਤਾ ਹੈ।

ਭਾਈ ਵੀਰ ਸਿੰਘ ਜੀ ਆਪਣੇ ਬਚਨ ਵਿਚ ਕਹਿੰਦੇ ਹਨ ਕਿ ਸਮੇਂ-ਸਮੇਂ ਨਾਲ ਧਰਤੀ 'ਤੇ ਜ਼ੁਲਮ ਹੋਏ, ਕਸ਼ਟ ਆਏ, ਅਵਤਾਰ ਆਇਆ, ਡਿਊਟੀ ਨਿਭਾਈ ਤੇ ਗਿਆ। ਸਮਾਂ ਬੀਤਿਆ ਧਰਤੀ 'ਤੇ ਫਿਰ ਕਸ਼ਟ ਆਏ, ਜ਼ੁਲਮ ਹੋਏ ਪਰ ਹੁਣ ਕਸ਼ਟ, ਜ਼ੁਲਮ ਇਤਨੇ ਜ਼ਿਆਦਾ ਸਨ ਕਿ ਅਵਤਾਰ ਭੇਜਣ ਨਾਲ ਗਲ ਨਹੀਂ ਸੀ ਬਨਣੀ, ਇਸ ਲਈ ਆਪ ਨਿਰੰਕਾਰ ਆਇਆ, ਗੁਰੂ ਨਾਨਕ ਦੇ ਰੂਪ ਵਿਚ, 10 ਜਾਮੇਂ ਧਾਰਨ ਕੀਤੇ ਤੇ ਦਸਵੇਂ ਜਾਮੇ ਤੋਂ ਬਾਅਦ ਸ਼ਬਦ ਰੂਪ ਵਿਚ ਹਮੇਸ਼ਾ ਹਮੇਸ਼ਾ ਲਈ ਧਰਤੀ 'ਤੇ ਟਿਕ ਗਏ, ਦੁਨੀਆਂ ਨੂੰ ਤਾਰਨ ਲਈ। ਬਾਕਾਇਦਾ ਉਸੇ ਤਰ੍ਹਾਂ ਜੋਤ ਟਿਕਾਈ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਨਾਨਕ ਦੀ, ਨਿਰੰਕਾਰੀ ਭਾਵ ਉਹ ਨਿੰਰਕਾਰ ਸ਼ਬਦ ਰੂਪ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਦਾ ਲਈ ਧਰਤੀ 'ਤੇ ਟਿਕ ਗਏ, ਦੁਨੀਆਂ ਨੂੰ ਤਾਰਨ ਲਈ, ਦੁਨੀਆਂ ਦੇ ਬੇੜੇ ਬੰਨੇ ਲਾਉਣ ਦੇ ਲਈ। ਅਸੀਂ ਇਹ ਤਾਂ ਪੜ੍ਹਦੇ ਹਾਂ-

*ਭਇਆ ਅਨੰਦ ਜਗਤੁ ਵਿਚਿ*
*ਕਲਿ ਤਾਰਨ ਗੁਰੁ ਨਾਨਕੁ ਆਇਆ।*

(ਵਾਰ ੧, ਪਉੜੀ ੩੭)

ਪਰ ਕਦੀ ਕਿਸੇ ਨੇ ਇਹ ਨਹੀਂ ਪੜ੍ਹਿਆ ਹੋਵੇਗਾ ਕਿ ਗੁਰੂ ਨਾਨਕ ਤਾਰ ਕੇ ਚਲੇ ਗਏ ਤੇ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਦਾ ਸਦਾ ਲਈ ਹਨ। ਪਹਿਲੇ ਜਾਮੇ ਤੋਂ ਦੂਜੇ, ਫਿਰ ਤੀਜੇ, ਚੌਥੇ, ਪੰਜਵੇਂ, ਛੇਵੇਂ, ਸਤਵੇਂ, ਅਠਵੇਂ, ਨੌਵੇਂ, ਫਿਰ ਦਸਵੇਂ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹਨ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਧੰਨੇ ਦੀ ਪੱਥਰ 'ਤੇ ਭਾਵਨਾ ਬਣ ਗਈ, ਉਹ ਭੋਲਿਆ, ਤੇਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਭਾਵਨਾ ਨਹੀਂ ਬਣੀ।

ਮਹਾਂਪੁਰਸ਼ ਬਚਨ ਕਰਦੇ ਸਨ, ਪਿਆਰ ਵਾਲੇ, ਸ਼ਰਧਾ ਵਾਲੇ ਤਾਂ ਕਦੀ ਇਹ ਨਹੀਂ ਕਹਿੰਦੇ ਕਿ ਗੁਰੂ ਨਾਨਕ ਚਲਾ ਗਿਆ ਹੈ, ਉਹ ਗੁਰੂ ਨਾਨਕ ਦੀ ਹੋਂਦ ਨੂੰ ਮੰਨਦੇ ਹਨ। ਗੱਲ ਤਾਂ ਭਾਵਨਾ ਦੀ ਹੈ। ਸਾਡਾ ਸਿਦਕ ਹੋਣਾ ਚਾਹੀਦਾ ਹੈ। ਤਿੰਨ ਢੰਗਾਂ ਨਾਲ

ਅੱਜ ਵੀ ਦਰਸ਼ਨ ਹੁੰਦੇ ਹਨ-

*"ਤੀਨ ਰੂਪ ਹੈ ਮੋਹ ਕੇ ਸੁਨਹੁ ਨੰਦ ਚਿਤ ਲਾਇ॥*
*ਨਿਰਗੁਣ ਸਰਗੁਣ ਗੁਰ ਸ਼ਬਦ ਕਹੁ ਤੋਹਿ ਸਮਝਾਇ॥"*

(ਰਹਿਤਨਾਮਾ ਪ੍ਰਸ਼ਨ ਉਤਰ ਨੰਦ ਲਾਲ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਪ੍ਰਤੱਖ ਗੁਰੂ ਨਾਨਕ ਪਾਤਿਸ਼ਾਹ ਹਨ। ਅਸੀਂ ਆਪਣੀ ਭਾਵਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਪ੍ਰਪੱਕ ਕਰੀਏ। ਗੁਰੂ ਸਾਹਿਬ ਨੂੰ ਪ੍ਰਤੱਖ ਪ੍ਰਮੇਸ਼ਰ ਸਮਝ ਕੇ ਪੂਜਾ ਕਰੋ, ਤੁਸੀਂ ਆਪ ਮਹਿਸੂਸ ਕਰੋਗੇ ਜੋ ਅਨੰਦ ਸਾਲਾਂ ਬੱਧੀ ਸਿਮਰਨ ਕਰਕੇ ਨਹੀਂ ਸੀ ਮਿਲਿਆ, ਉਹ ਇਕ ਘੜੀ ਵਿਚ ਹੀ ਮਿਲ ਸਕਦਾ ਹੈ। ਲੋੜ ਹੈ ਵਿਸ਼ਵਾਸ ਦੀ, ਲੋੜ ਹੈ ਭਾਵਨਾ ਦੀ। ਭਾਵਨਾ ਵਾਲਿਆਂ ਨੂੰ ਤਾਂ ਪ੍ਰਤੱਖ ਦਰਸ਼ਨ ਵੀ ਹੁੰਦੇ ਹਨ, ਪਰ ਇਸ ਦੇ ਲਈ ਬਹੁਤ ਕਮਾਈ ਦੀ ਲੋੜ ਹੈ। ਬਾਬਾ ਜੀ ਸੁਮੱਤ ਦੇਂਦੇ ਸਨ। ਕਹਿੰਦੇ ਸਨ ਕਿ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ: ਸੱਚੇ ਪਾਤਿਸ਼ਾਹ ! ਕਿਰਪਾ ਕਰੋ ਸਰਗੁਣ ਸਰੂਪ ਵਿਚ ਵੀ ਦਰਸ਼ਨ ਦੇ ਕੇ ਮੇਰੀ ਝੋਲੀ ਭਰੋ। ਬਚਨ ਕਰਦੇ ਸਨ 'ਇੰਝ ਤਰਲਾ ਪਾਇਆ ਕਰੋ 'ਧੰਨ ਗੁਰੂ ਗ੍ਰੰਥ ਸਾਹਿਬ ਜੀ, ਤੁਹਾਡੇ ਦਰਸ਼ਨ ਵੀ ਦਰਸ਼ਨ ਹਨ ਪਰ ਕਿਰਪਾ ਕਰੋ, ਕਦੀ ਉਸ ਰੂਪ ਵਿਚ ਜਿਸ ਰੂਪ ਵਿਚ ਕੌਡੇ ਰਾਕਸ਼ ਨੂੰ ਤਾਰਿਆ, ਵਲੀ ਕੰਧਾਰੀ, ਭੂਮੀਏ ਚੋਰ ਨੂੰ ਤਾਰਿਆ, ਭਾਵੇਂ ਮਾੜੀ ਜਿਹੀ ਝਲਕ ਹੀ ਦਿਖਾ ਦਿਓ। ਉਹ ਕੋਈ ਦੂਰ ਨਹੀਂ ਹੈ। ਲੋੜ ਹੈ, ਭਾਵਨਾ ਦੀ, ਪਿਆਰ ਦੀ। ਭਾਵਨਾ ਤੇ ਪਿਆਰ ਨਾਲ ਅਜਿਹੀ ਤਾਂਘ ਰੱਖਣ ਵਾਲਿਆਂ ਨੂੰ ਪ੍ਰਤੱਖ ਦਰਸ਼ਨ ਵੀ ਹੁੰਦੇ ਹਨ।

ਪੰਕਤੀ ਆਉਂਦੀ ਹੈ, ਉਨ੍ਹਾਂ ਦੀ ਸੋਝੀ ਲਈ ਜਿਹੜੇ ਹੋਂਦ ਨੂੰ ਨਹੀਂ ਮੰਨਦੇ, ਗ਼ੌਰ ਕਰਿਓ-

*ਪੁਛਨਿ ਸਿਖ ਅਰਦਾਸਿ ਕਰਿ*
*ਛਿਅ ਮਹਲਾਂ ਤਕਿ ਦਰਸੁ ਨਿਹਾਰੀ।*
*ਅਗਮ ਅਗੋਚਰ ਸਤਿਗੁਰੂ*
*ਬੋਲੇ ਮੁਖ ਤੇ ਸੁਣਹੁ ਸੰਸਾਰੀ।*
*ਕਲਿਜੁਗੁ ਪੀੜੀ ਸੋਢੀਆਂ*
*ਨਿਹਚਲ ਨੀਂਵ ਉਸਾਰਿ ਖਿਲਾਰੀ।*
*ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥੪੮॥*

(ਵਾਰ ੧, ਪਉੜੀ ੪੮)

ਇਹ ਵਾਰ ਸਾਨੂੰ ਬੜੀ ਵੱਡੀ ਸੇਧ ਦੇਣ ਵਾਲੀ ਹੈ। ਇਸ ਦਾ ਭਾਵ ਹੈ ਕਿ ਇਹ ਸਤਿਗੁਰੂ ਦੀ ਹੋਂਦ ਤਾਂ ਜੁਗਾਂ-ਜੁਗਾਂ ਤਕ ਖ਼ਤਮ ਨਹੀਂ ਹੋਵੇਗੀ। 'ਨਿਹਚਲ' ਤੋਂ ਭਾਵ ਹੈ- ਪੱਕੀਆਂ ਨੀਂਹਾਂ। ਭਾਵ ਕਿ ਇਹ ਨੀਂਹਾਂ ਇਤਨੀਆਂ ਪੱਕੀਆਂ ਹਨ ਕਿ ਗੁਰੂ ਨਾਨਕ ਦੀ ਹੋਂਦ ਜੁਗਾਂ-ਜੁੱਗਾਂ ਤੱਕ ਰਹੇਗੀ। ਅਜੇ ਵੀ ਜੇ ਕਿਸੇ ਨੂੰ ਯਕੀਨ ਨਾ ਆਇਆ ਹੋਵੇ, ਮਨ ਵਿਚ ਸ਼ੰਕਾ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਚਿਤ ਪੰਕਤੀਆਂ ਵੀ ਹਨ-

*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ*
*ਆਦਿ ਪੁਰਖਿ ਫੁਰਮਾਇਓ॥*

(ਅੰਗ ੧੩੯੦)

ਭਾਵ, ਇਹ ਰਾਜ ਅਬਿਚਲ-ਅਟੱਲ ਹੈ। ਇਸ ਲਈ ਇਹੋ ਜਿਹਾ ਪਿਆਰ ਕਰਿਓ, ਇਹ ਪ੍ਰਤੀਤ, ਇਹ ਭਾਵਨਾ ਰਖਿਓ ਕਿ ਗੁਰੂ ਨਾਨਕ ਹੈ, ਉਹ ਕਿਧਰੇ ਵੀ ਗਿਆ ਨਹੀਂ। ਕਦੀ ਵੀ ਇਹ ਨਾ ਕਹਿਣਾ ਕਿ ਗੁਰੂ ਨਾਨਕ ਪਾਤਿਸ਼ਾਹ ਚਲੇ ਗਏ ਹਨ। ਉਹ ਗਏ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮੌਜੂਦ ਹਨ, ਭਾਵਨਾ ਦੀ ਲੋੜ ਹੈ। ਅੱਜ ਵੀ ਓਹੀ ਜੋਤ ਹਾਜ਼ਰ-ਨਾਜ਼ਰ ਹੈ। ਓਇ ਪਿਆਰਿਓ ! ਕਿਧਰੇ ਕਿਤਾਬ ਨ ਸਮਝ ਲੈਣਾ, ਪਛਾਣੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਬਾਬਾ ਜੀ ਤਾਂ ਇੱਥੋਂ ਤੱਕ ਬਚਨ ਕਰਦੇ ਸਨ ਕਿ ਜਿਥੇ ਹਾਜ਼ਰ ਨਾਜ਼ਰ ਜਾਣ ਕੇ ਸੇਵਾ ਹੁੰਦੀ ਹੋਵੇ, ਉਥੇ ਸਾਰੀਆਂ ਸ਼ਕਤੀਆਂ ਦਾ ਨਿਵਾਸ ਹੁੰਦਾ ਹੈ। ਉਥੇ 24 ਘੰਟੇ ਸ਼ਹੀਦ ਸਿੰਘਾਂ ਦਾ ਪਹਿਰਾ ਰਹਿੰਦਾ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਸ ਦੀ ਗੁਰੂ ਗ੍ਰੰਥ ਸਾਹਿਬ ਤੋਂ ਪੂਰੀ ਨਹੀਂ ਪਈ, ਕਿਧਰੋਂ ਵੀ ਨਹੀਂ ਪੈ ਸਕਦੀ। ਸਾਡੀ ਵੀ ਗੁਰੂ ਗ੍ਰੰਥ ਸਾਹਿਬ 'ਤੇ ਪੂਰਨ ਭਾਵਨਾ ਬਣੇ, ਅਸੀਂ ਉਨਾਂ ਨੂੰ ਹਾਜ਼ਰ ਨਾਜ਼ਰ, ਹਲਤ-ਪਲਤ ਦੇ ਰਾਖੇ, ਲੋਕ ਪ੍ਰਲੋਕ ਦੇ ਸਹਾਇਕ ਜਾਣ ਕੇ ਪੂਜੀਏ। ਇਕ ਵਾਰੀ ਬਾਬਾ ਨੰਦ ਸਿੰਘ ਜੀ ਨੂੰ ਕਿਸੇ ਨੇ ਬੇਨਤੀ ਕੀਤੀ ਕਿ ਮਹਾਂਪੁਰਸ਼ੋ ! ਮੈਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਪਾਤਿਸ਼ਾਹ ਦੇ ਦਰਸ਼ਨ ਕੀਤੇ ਹਨ, ਮੈਨੂੰ ਵੀ ਕਰਾ ਦਿਓ। ਬਾਬਾ ਜੀ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਇਸ਼ਾਰਾ ਕਰ ਕੇ ਕਹਿਣ ਲੱਗੇ, ਮੇਰਾ ਤਾਂ ਗੁਰੂ ਨਾਨਕ ਆਹ ਬੈਠਾ ਹੈ, ਇਹੀ ਗੁਰੂ ਨਾਨਕ ਹਨ, ਪਰ ਭਾਵਨਾ ਬਨਾਉਣੀ ਪਵੇਗੀ।

ਇਕ ਗੱਲ ਯਾਦ ਰੱਖਿਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੇਵਲ ਦਰਸ਼ਨ ਕਰਨ ਨਾਲ ਗੱਲ ਨਹੀਂ ਜੇ ਬਣਨੀ। ਜਦੋਂ ਗੁਰੂ ਨਾਨਕ ਸਾਹਿਬ ਦੇਹਧਾਰੀ ਸਰੂਪ ਵਿਚ ਸਨ, ਉਹਨਾਂ ਦੇ ਵੀ ਦਰਸ਼ਨ ਤਾਂ ਕਈਆਂ ਨੇ ਕੀਤੇ ਸਨ, ਪਰ ਨਾ ਪਛਾਨਣ ਵਾਲਿਆਂ ਨੇ ਭੂਤਨਾ, ਬੇਤਾਲਾ ਤਕ ਕਹਿ ਦਿੱਤਾ। ਜਿਨ੍ਹਾਂ ਨੇ ਨਹੀਂ ਪਛਾਣਿਆ, ਉਨ੍ਹਾਂ ਨੇ ਵੱਟੇ ਵੀ ਮਾਰੇ। ਦਰਸ਼ਨ ਤਾਂ ਪਿਤਾ ਕਾਲੂ ਨੇ ਵੀ ਕੀਤੇ, ਉਸ ਦੇ ਵਿਹੜੇ ਰੱਬ ਆਪ ਖੇਡਦਾ

ਰਿਹਾ, ਪਰ ਪਛਾਣ ਨਾ ਹੋਣ ਕਾਰਨ ਚਪੇੜ ਵੀ ਮਾਰੀ, ਨਿਖੱਟੂ ਤਕ ਕਹਿ ਦਿੱਤਾ। ਕਈਆਂ ਨੇ ਸਿੱਖ ਕਿਹਾ ਤੇ ਕਈਆਂ ਨੇ ਸੰਤ-ਮਹਾਂਪੁਰਸ਼ ਦਾ ਦਰਜਾ ਦਿੱਤਾ ਪਰ ਜਿਸ ਨੇ ਪਛਾਣਿਆ ਉਹ ਭਾਈ ਲਹਿਣਾ ਸੀ। ਕਹਿ ਦਿੱਤਾ ਮੇਰਾ ਤੇ ਰਬ ਹੀ ਤੂੰ ਹੈਂ। ਮੇਰਾ ਤੇ ਪ੍ਰਮੇਸ਼ਰ ਹੀ ਤੂੰ ਹੈਂ। ਓਹੀ ਨਿਰੰਕਾਰੀ ਜੋਤ ਜਦੋਂ ਗੁਰੂ ਅਮਰਦਾਸ ਜੀ ਵਿਚ ਚਲੀ ਗਈ, ਜਿਨ੍ਹਾਂ ਨੇ ਨਹੀਂ ਪਛਾਣਿਆ, 'ਦਾਤੂ' ਨੇ ਜ਼ੋਰ ਦੀ ਲੱਤ ਕੱਢ ਕੇ ਮਾਰੀ। ਜਿਨ੍ਹਾਂ ਨੇ ਨਹੀਂ ਪਛਾਣਿਆ, ਉਨ੍ਹਾਂ ਨੇ ਪੰਜਵੀਂ ਜੋਤ ਗੁਰੂ ਅਰਜਨ ਸਾਹਿਬ ਜੀ ਨੂੰ ਕਿੰਨੇ ਤਸੀਹੇ ਦਿੱਤੇ।

ਸਾਰੇ ਆਪਣੇ ਅੰਦਰ ਝਾਤੀ ਪਾਇਓ। ਤੁਹਾਡੇ ਵਿਚੋਂ ਕਿਸੇ ਦਾ ਦਰਬਾਰ ਸਾਹਿਬ ਦਾ ਨੇਮ ਹੋਵੇਗਾ, ਕਿਸੇ ਦਾ ਸੰਤੋਖਸਰ ਦਾ, ਕਿਸੇ ਦਾ ਬਿਬੇਕਸਰ ਦਾ, ਕਿਸੇ ਦਾ ਬਾਬਾ ਦੀਪ ਸਿੰਘ ਜੀ ਦੇ ਦਰ ਦਾ ਜਾਂ ਕਿਸੇ ਵੀ ਸ਼ਹਿਰ ਵਿਚ ਕਿਸੇ ਵੀ ਧਾਰਮਿਕ ਅਸਥਾਨ ਦਾ। ਕੋਈ ਦਰਬਾਰ ਸਾਹਿਬ ਜਾਵੇ ਤੇ ਮਨ ਵਿਚ ਰੱਖੇ ਕਿ ਗੁਰੂ ਰਾਮਦਾਸ ਜੀ ਤੁਹਾਡੇ ਕੋਲ ਆਇਆ ਹਾਂ ਪਰ ਰੱਬ ਕੋਈ ਹੋਰ ਲੱਭਣਾ ਹੈ। ਉਸ ਨੂੰ ਇਸ ਜਨਮ ਵਿਚ ਪ੍ਰਾਪਤੀ ਨਹੀਂ ਹੋ ਸਕਦੀ। ਜੇ ਅੰਦਰ ਇਹ ਖਾਨਾ ਬਣਿਆ ਹੋਇਆ ਹੈ ਕਿ ਗੁਰੂ ਰਾਮਦਾਸ ਹੋਰ ਹੈ ਤੇ ਰੱਬ ਹੋਰ ਹੈ। ਜੇ ਅਸੀਂ ਆਪਣੇ ਗੁਰੂ ਵਿਚ ਰੱਬ ਨਹੀਂ ਵੇਖ ਸਕਦੇ ਤੇ ਹੋਰ ਕਿਧਰੇ ਵੀ ਨਹੀਂ ਮਿਲ ਸਕਦਾ ਭਾਵੇਂ ਪੁੱਠੇ ਲਟਕ ਕੇ ਭਗਤੀ ਕਰੀ ਜਾਵੋ। ਜਿਸ ਨੇ ਆਪਣੇ ਗੁਰੂ ਵਿਚੋਂ ਨਿਰੰਕਾਰ ਨਹੀਂ ਵੇਖਿਆ, ਉਸ ਨੂੰ ਪ੍ਰਾਪਤੀ ਹੋ ਹੀ ਨਹੀਂ ਸਕਦੀ। ਸਿੱਖੀ ਦੀ ਪੜ੍ਹਾਈ ਹੀ ਇਹੀ ਹੈ ਕਿ ਗੁਰੂ ਨੂੰ ਪ੍ਰਤੱਖ ਪ੍ਰਮਾਤਮਾ ਸਮਝੋ।

SIKHBOOKCLUB.COM

ਦਾਸ ਦੀ ਆਪਣੀ ਜ਼ਿੰਦਗੀ ਵੀ ਕਾਫੀ ਐਸੀ ਗੁਜ਼ਰੀ ਹੈ। ਜਦੋਂ ਮਨ ਵਿਚ ਇਹ ਹੁੰਦਾ ਸੀ ਕਿ ਗੁਰੂ ਨਾਨਕ ਹੋਰ ਹੈ ਤੇ ਰਬ ਹੋਰ ਹੈ। ਕੁਝ ਸਾਲ ਪਹਿਲਾਂ ਜਦੋਂ ਅੱਖ ਨਹੀਂ ਸੀ ਖੁਲ੍ਹੀ ਦਾਸ ਦਾ ਵੀ ਇਹੀ ਹਾਲ ਸੀ, ਦਰਬਾਰ ਸਾਹਿਬ ਜਾਣਾ, ਗੁਰੂ ਰਾਮਦਾਸ ਜੀ ਦੇ ਦਰ 'ਤੇ ਨਮਸਕਾਰ ਕਰਨੀ ਪਰ ਮਨ ਵਿਚ ਹੋਣਾ ਕਿ ਗੁਰੂ ਰਾਮਦਾਸ ਜੀ ਦੇ ਦਰਸ਼ਨ ਤੇ ਕਰ ਰਹੇ ਹਾਂ, ਪਰ ਰੱਬ ਅਜੇ ਕੋਈ ਹੋਰ ਹੈ। ਪ੍ਰਮੇਸ਼ਰ ਤੇ ਕੋਈ ਹੋਰ ਹੈ। ਜੇ ਕੋਈ ਐਸੀ ਸਟੇਜ 'ਤੇ ਹੈ ਤਾਂ ਸਮਝ ਲੈਣਾ ਅਜੇ ਸ਼ਰਧਾ ਦੀ ਘਾਟ ਹੈ। ਜਿਸ ਨੂੰ ਸ਼ਰਧਾ ਦੀ ਦਾਤ ਮਿਲੀ ਹੋਵੇਗੀ, ਉਹ ਆਪਣੇ ਗੁਰੂ ਵਿਚੋਂ ਹੀ ਰੱਬ ਨੂੰ ਵੇਖੇਗਾ।

ਬਾਬਾ ਨੰਦ ਸਿੰਘ ਜੀ ਨੇ ਪਤਾ ਨਹੀਂ ਕਿਤਨੀ ਘਾਲਣਾ ਘਾਲੀ ਤੇ ਜਦੋਂ ਅੱਖ ਖੁੱਲ੍ਹ ਗਈ ਤਾਂ ਭਾਵਨਾ ਵਿਚ ਕਹਿ ਦਿੱਤਾ 'ਧੰਨ ਗੁਰੂ ਨਾਨਕ ਤੂੰ ਹੀ ਨਿਰੰਕਾਰ' ਭਾਈ ਨੰਦ ਲਾਲ ਨੇ ਵੀ ਕਹਿ ਦਿੱਤਾ-

*ਗੁਰੂ ਨਾਨਕ ਆਂਵਦੋ ਨਾਰਾਇਨ ਸਰੂਪ।*
*ਹੋਮਾਨਾ ਨਿਰੰਜਨ ਨਿਰੰਕਾਰ ਰੂਪ।*

ਭਾਈ ਗੁਰਦਾਸ ਜੀ ਦੀ ਅੱਖ ਖੁੱਲ੍ਹੀ ਤਾਂ ਕਹਿ ਦਿੱਤਾ-

*ਹਰਿਗੋਵਿੰਦ ਗੁਰ ਅਰਜਨਹੁ ਗੁਰੂ ਗੋਬਿੰਦ ਨਾਉ ਸਦਵਾਇਆ।*

(ਵਾਰ ੨੪, ਪ: ੨੫)

ਇਕ ਵਾਰੀ ਬਾਬਾ ਈਸ਼ਰ ਸਿੰਘ ਜੀ ਨੇ ਕਿਸੇ ਨੂੰ ਪੁੱਛਿਆ ਕਿ ਦਸ ਭਾਈ ਰੱਬ ਕਿਹੋ ਜਿਹਾ ਹੈ ? (ਵੇਖਣਾ ਚਾਹੁੰਦੇ ਸੀ ਕਿਥੇ ਖੜਾ ਹੈ ਜਾਂ ਇਹ ਕਹਿ ਲਵੇ ਕਿ ਸੇਧ ਦੇਣੀ ਚਾਹੁੰਦੇ ਸੀ) ਉਹ ਸਰੀਰ ਕਹਿਣ ਲੱਗਾ, ਜੀ ਮੋਮਬੱਤੀ ਦੀ ਲਾਈਟ ਵਰਗਾ। (ਕਈ ਲਾਈਟ ਵਿਚ ਬਿਰਤੀ ਰੱਖਦੇ ਹਨ ਕਿ ਇਹੀ ਰੱਬ ਹੈ) ਦੂਸਰੇ ਨੂੰ ਪੁੱਛਣ ਲੱਗੇ ਤੂੰ ਦਸ ਭਾਈ ਰਬ ਕਿਹੋ ਜਿਹਾ ਹੈ ? ਉਹ ਕਹਿੰਦਾ ਹੈ, ਰੱਬ ਤਾਰੇ ਵਰਗਾ ਹੈ। (ਉਹ ਤਾਰੇ ਵਿੱਚ ਬਿਰਤੀ ਰੱਖਦਾ ਹੋਵੇਗਾ) ਤੀਸਰੇ ਨੂੰ ਪੁੱਛਿਆ ਤਾਂ ਉਹ ਕਹਿੰਦਾ, ਰੱਬ ਨਾ ਲਾਈਟ ਵਰਗਾ ਤੇ ਨਾ ਤਾਰੇ ਵਰਗਾ, ਰੱਬ ਤਾਂ ਚੰਦ੍ਰਮਾ ਵਰਗਾ ਹੈ। ਜਦੋਂ ਚੌਥੇ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ, ਜਦੋਂ ਬਿਜਲੀ ਕੜਕਦੀ ਹੈ ਤੇ ਜੋ ਰੌਸ਼ਨੀ ਆਉਂਦੀ ਹੈ ਫਿਰ ਚਲੀ ਜਾਂਦੀ ਹੈ, ਉਹ ਜੋ ਰੌਸ਼ਨੀ ਹੈ ਉਹੀ ਰੱਬ ਹੈ। ਇਕ ਹੋਰ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ, ਪ੍ਰਕਾਰ ਦੇ ਨਾਲ ਇਕ ਗੋਲ ਘਤਾਰਾ ਵਾਹ ਦਿਓ, ਉਸ ਦੇ ਅੰਦਰ ਇਕ ਹੋਰ ਛੋਟਾ, ਉਸ ਦੇ ਅੰਦਰ ਇਕ ਹੋਰ ਛੋਟਾ, ਕਰਦੇ-ਕਰਦੇ ਇਕ ਜਗ੍ਹਾ ਆ ਜਾਂਦੀ ਹੈ ਕੇਵਲ ਇਕ ਬਿੰਦੂ ਰਹਿ ਜਾਂਦਾ ਹੈ, ਇਹੀ ਰੱਬ ਹੈ। ਮਹਾਂਪੁਰਸ਼ ਹੱਸ ਪਏ, ਕਹਿੰਦੇ ਓਇ ਭੋਲਿਓ ! ਰੱਬ ਬਿੰਦੂ, ਲਾਈਟ, ਤਾਰੇ, ਚੰਦ੍ਰਮਾ, ਰੌਸ਼ਨੀ ਵਰਗਾ ਨਹੀਂ। ਅਗਰ ਐਸੇ ਭਰਮਾਂ ਵਿਚ ਰਹੇ ਤਾਂ ਸਾਰੀ ਜ਼ਿੰਦਗੀ ਲੱਗੇ ਰਹੋਗੇ ਤੇ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕੋਗੇ। ਉਹ ਕਹਿਣ ਲੱਗੇ, ਬਾਬਾ ਜੀ ! ਫਿਰ ਤੁਸੀਂ ਦਸੋ ਰੱਬ ਕਿਹੋ ਜਿਹਾ ਹੈ ? ਬਾਬਾ ਜੀ ਨੇ ਉਨ੍ਹਾਂ ਦੀ ਬਾਂਹ ਫੜੀ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਲੈ ਗਏ ਤੇ ਕਹਿੰਦੇ ਹਨ, ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛਦੇ ਹਾਂ ਕਿ ਰੱਬ ਕਿਹੋ ਜਿਹਾ ਹੈ। ਬਾਬਾ ਜੀ ਨੇ ਅਰਦਾਸ ਕੀਤੀ, ਰੁਮਾਲਾ ਲਾਹਿਆ ਤੇ ਹੁਕਮਨਾਮਾ ਲਿਆ। ਹੁਣ ਜੋ ਹੁਕਮਨਾਮਾ ਆਇਆ ਉਹ ਪੜ੍ਹ ਕੇ ਸ਼ਾਇਦ ਤੁਹਾਨੂੰ ਸਾਰਿਆਂ ਨੂੰ ਵੀ ਸੋਝੀ ਮਿਲ ਜਾਵੇ, ਹੁਕਮਨਾਮਾ ਸੀ-

*ਸਤਿਗੁਰੁ ਮੇਰਾ ਬੇਮੁਹਤਾਜੁ॥*

*ਸਤਿਗੁਰ ਮੇਰੇ ਸਚਾ ਸਾਜੁ॥*

ਇਸ ਦੀਆਂ ਅਖ਼ੀਰਲੀਆਂ ਪੰਕਤੀਆਂ ਹਨ-

*ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥*

(ਅੰਗ ੧੧੪੨)

ਇਨ੍ਹਾਂ ਪੰਕਤੀਆਂ ਦੇ ਅਰਥ ਸਮਝਿਓ, ਗੁਰੂ ਸਾਹਿਬ ਕਥਨ ਕਰਦੇ ਹਨ ਕਿ ਅਸੀਂ ਚਾਰੇ ਵੇਦ ਤੇ ਸਤਾਈ ਸਿੰਮ੍ਰਤੀਆਂ ਨੂੰ ਸੋਧ ਕੇ ਵੇਖ ਲਿਆ ਹੈ ਕਿ ਗੁਰੂ ਵਿਚ ਤੇ

ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਭਾਵ ਦੋਵੇਂ ਹੀ ਇਕ ਸਰੂਪ ਹਨ।

ਸਾਨੂੰ ਇਕ ਮਾਣ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਕੁਝ ਵੀ ਲਿਖਿਆ ਹੈ ਉਹ ਤਿੰਨ ਕਾਲ ਸਤ ਹੈ, ਉਸ ਨੂੰ ਕੋਈ ਵੀ ਗ਼ਲਤ ਨਹੀ ਕਹਿ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰ ਵੀ ਅਨੇਕਾਂ ਹੀ ਐਸੀਆਂ ਪੰਕਤੀਆਂ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਹੀ ਪ੍ਰਮੇਸ਼ਰ ਹੈ। ਦਾਸ ਕੁਛ ਕੁ ਪੰਕਤੀਆਂ ਹੋਰ ਲਿਖ ਰਿਹਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਤਾਂ ਕਿ ਸਾਡੇ ਮਨ ਵਿਚ ਕਿਧਰੇ ਜ਼ਰਾ ਜਿਹਾ ਵੀ ਸ਼ੰਕਾ ਨਾ ਰਹਿ ਜਾਵੇ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

(ਅੰਗ ੪੪੨)

ਵੇਖ ਲਵੋ ਇਸ ਦੀਆਂ ਵੀ ਅਖ਼ੀਰਲੀਆਂ ਪੰਕਤੀਆਂ ਦਾ ਇਹੀ ਭਾਵ ਹੈ ਕਿ ਗੁਰੂ ਗੋਵਿੰਦ ਰੂਪ ਹੈ ਤੇ ਗੋਵਿੰਦ ਗੁਰੂ ਰੂਪ ਹੈ। ਇਨ੍ਹਾਂ ਦੋਵਾਂ ਵਿਚ ਕੋਈ ਭੇਦ ਨਹੀਂ।

ਗੁਰੂ ਅਰਜਨ ਸਾਹਿਬ ਜੀ ਦੀਆਂ ਪੰਕਤੀਆਂ ਹਨ-

SIKHBOOKCLUB.COM

*ਸਤਿਗੁਰ ਜੇਵਡੁ ਅਵਰੁ ਨ ਕੋਇ॥*
*ਗੁਰੁ ਪਾਰਬ੍ਰਹਮ ਪਰਮੇਸਰੁ ਸੋਇ॥*

(ਅੰਗ ੧੨੭੧)

ਦਾਸ ਇਨ੍ਹਾਂ ਪੰਕਤੀਆਂ ਦੇ ਵੀ ਅਰਥ ਖੋਲ੍ਹ ਦੇਵੇ। ਸਤਿਗੁਰੂ ਕਹਿੰਦੇ ਹਨ ਕਿ ਸਤਿਗੁਰੂ ਤੋਂ ਵੱਡਾ ਹੋਰ ਕੋਈ ਵੀ ਨਹੀਂ। ਗੁਰੂ, ਪਾਰਬ੍ਰਹਮ ਪ੍ਰਮੇਸ਼ਰ ਇਕ ਹੀ ਹੈ।

ਇਕ ਹੋਰ ਜਗ੍ਹਾ ਲਿਖਦੇ ਹਨ-

*ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ॥*
*ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ॥*

(ਅੰਗ ੧੨੭੦)

ਇਨ੍ਹਾਂ ਪੰਕਤੀਆਂ ਦਾ ਵੀ ਇਹੀ ਭਾਵ ਹੈ ਕਿ ਗੁਰੂ ਤੇ ਪਾਰਬ੍ਰਹਮ ਇਕ ਹੀ ਹੈ, ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਪੰਜਵੇਂ ਪਾਤਿਸ਼ਾਹ ਸਾਨੂੰ ਵੀ ਇਨ੍ਹਾਂ ਪੰਕਤੀਆਂ ਰਾਹੀਂ ਉਪਦੇਸ਼ ਕਰ ਰਹੇ ਹਨ ਕਿ ਗੁਰੂ ਨੂੰ ਪ੍ਰਮੇਸ਼ਰ ਜਾਣੀਏ-

*ਗੁਰੁ ਪਰਮੇਸਰੁ ਏਕੋ ਜਾਣੁ॥*

(ਅੰਗ ੮੬੪)

ਸਾਡੇ ਲਈ ਉਪਦੇਸ਼ ਕੀਤਾ ਹੈ ਕਿ ਗੁਰੂ ਤੇ ਪ੍ਰਮੇਸ਼ਰ ਦੋਹਾਂ ਨੂੰ ਇਕ ਸਰੂਪ ਕਰ ਕੇ ਜਾਣੀਏ। ਪੰਜਵੇਂ ਪਾਤਿਸ਼ਾਹ ਦੀਆਂ ਇਕ ਹੋਰ ਪੰਕਤੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਹ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦੀ ਗੁਰੂ ਪ੍ਰਤੀ ਕੀ ਭਾਵਨਾ ਹੈ, ਅਸੀਂ ਵੀ ਉਸ ਤੋਂ ਆਪਣੇ ਲਈ ਸੇਧ ਲਈਏ-

*ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ॥*
*ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ॥*
*ਗੁਰੁ ਮੇਰਾ ਦੇਉ ਅਲਖ ਅਭੇਉ॥*
*ਸਰਬ ਪੂਜ ਚਰਨ ਗੁਰ ਸੇਉ॥*
*ਗੁਰੁ ਬਿਨੁ ਅਵਰੁ ਨਾਹੀ ਮੈ ਥਾਉ॥*
*ਅਨਦਿਨੁ ਜਪਉ ਗੁਰੂ ਗੁਰੁ ਨਾਉ॥*
*ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ॥*
*ਗੁਰੁ ਗੋਪਾਲੁ ਪੁਰਖੁ ਭਗਵਾਨੁ॥*

(ਅੰਗ ੮੬੪)

ਕਿੰਨਾ ਪਿਆਰ! ਕਿੰਨੀ ਭਾਵਨਾ ਜ਼ਾਹਰ ਹੋ ਰਹੀ ਹੈ। ਕਹਿੰਦੇ ਹਨ, ਮੇਰੀ ਪੂਜਾ ਵੀ ਗੁਰੂ ਹੈ। ਮੇਰਾ ਗੋਬਿੰਦ ਵੀ ਗੁਰੂ ਹੈ, ਗੁਰੂ ਹੀ ਮੇਰਾ ਪਾਰਬ੍ਰਹਮ ਭਗਵੰਤ ਹੈ। ਅਖ਼ੀਰਲੀਆਂ ਪੰਕਤੀਆਂ ਵੀ ਸਾਨੂੰ ਕਿੰਨੀ ਵੱਡੀ ਸੇਧ ਦੇ ਰਹੀਆਂ ਹਨ ਕਿ ਮੈਂ ਹਿਰਦੇ ਵਿਚ ਗੁਰੂ ਦਾ ਹੀ ਧਿਆਨ ਧਰਦਾ ਹਾਂ। ਗੁਰੂ ਹੀ ਗੋਪਾਲ ਪੁਰਖ ਭਗਵਾਨ ਹਨ।

ਦਾਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੁਝ ਕੁ ਪੰਕਤੀਆਂ ਲਿਖਣ ਦਾ ਜਾਂ ਕੁਝ ਕੁ ਸ਼ਰਧਾ ਵਾਲਿਆਂ ਦੇ ਬਚਨ ਲਿਖਣ ਦਾ ਸਿਰਫ਼ ਇੰਨਾ ਕੁ ਹੀ ਭਾਵ ਹੈ ਕਿ ਸਾਡਾ ਵੀ ਵਿਸ਼ਵਾਸ ਬੱਝ ਜਾਵੇ। ਪ੍ਰਮੇਸ਼ਰ ਦਸ ਪਾਤਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜੋ ਇਨ੍ਹਾਂ ਨੂੰ ਛੱਡ ਕੇ ਗੋਲ ਮੋਲ ਚਕਰਾਂ ਤੇ ਜਾਂ ਚੰਦ੍ਰਮਾ-ਤਾਰਿਆਂ ਵਿਚ ਬਿਰਤੀ ਟਿਕਾਈ ਬੈਠਾ ਹੈ, ਉਸ ਦੀ ਸਾਰੀ ਭਗਤੀ ਟਿਕਾਣੇ ਨਹੀਂ ਲੱਗਦੀ। ਕਬੀਰ ਜੀ ਦੀਆਂ ਵੀ ਪੰਕਤੀਆਂ ਹਨ-

*ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥*
*ਜਾ ਕੈ ਰਿਦੈ ਭਾਉ ਹੈ ਦੂਜਾ॥*

(ਅੰਗ ੩੨੪)

ਭਾਵ ਜਿਹੜਾ ਆਪਣੇ ਗੁਰੂ ਸਾਹਿਬ ਨੂੰ ਛੱਡ ਕੇ ਹੋਰ ਕਿਧਰੇ ਪ੍ਰਭੂ ਲੱਭਦਾ ਹੈ, ਉਸ ਦੇ ਜਪ ਤਪ ਬ੍ਰਤ ਪੂਜਾ ਕੀਤੇ ਸਭ ਟਿਕਾਣੇ ਨਹੀਂ ਲੱਗਦੇ।

## ਸ਼ਰਧਾ ਦੀ ਚੌਥੀ ਨਿਸ਼ਾਨੀ

ਵਿਸ਼ਵਾਸ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ। ਗਲ ਤੇ ਭਾਵਨਾ ਦੀ ਹੈ। ਭਾਗ ਤੇ ਭਾਵਨਾ ਨੂੰ ਲੱਗਦੇ ਹਨ। ਗੁਰੂ ਨਾਨਕ ਤੇ ਇਕ ਹੀ ਸੀ, ਮਾਤਾ-ਪਿਤਾ ਨੇ ਪੁੱਤਰ ਸਮਝਿਆ, ਭੈਣ ਨੇ ਅਵਤਾਰ ਸਮਝਿਆ, ਰਾਇ ਬੁਲਾਰ ਨੇ ਅਵਤਾਰ ਸਮਝਿਆ, ਲਹਣੇ ਨੇ ਕਹਿ ਦਿਤਾ-

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥*

(ਅੰਗ ੭੯੧)

ਮੈਨੂੰ ਇਕ ਤੇਰਾ ਹੀ ਆਸਰਾ ਹੈ। ਮੇਰਾ ਤੇ ਰੱਬ ਹੀ ਤੂੰ ਹੈਂ। ਗੁਰੂ ਨਾਨਕ ਤੇ ਇਕ ਹੀ ਸੀ, ਭਾਵਨਾ ਆਪਣੀ-ਆਪਣੀ ਸੀ। ਜਿਹੋ ਜਿਹੀ ਭਾਵਨਾ ਗੁਰੂ 'ਤੇ ਰਖ ਲਵੋਗੇ ਓਹੋ ਜਿਹਾ ਫਲ ਝੋਲੀ 'ਚ ਪੈ ਜਾਵੇਗਾ। ਭੈਣ ਤੇ ਰਾਇ ਬੁਲਾਰ ਨੇ ਅਵਤਾਰ ਸਮਝਿਆ। ਉਨ੍ਹਾਂ ਨੂੰ ਓਹੋ ਜਿਹਾ ਫਲ ਮਿਲਿਆ। ਵੱਟੇ ਮਾਰਨ ਵਾਲਿਆਂ ਨੂੰ ਵੱਟੇ ਮਾਰਨ ਦਾ ਫਲ ਮਿਲਿਆ, ਜਿਹੋ ਜਿਹੀ ਭਾਵਨਾ ਨਾਲ ਗੁਰੂ ਦਾ ਸਤਿਕਾਰ ਕਰ ਲਵਾਂਗੇ, ਗੁਰੂ ਨੂੰ ਅਰਾਧਾਂਗੇ, ਉਹੋ ਜਿਹਾ ਫਲ ਮਿਲੇਗਾ। ਇਸੇ ਤਰ੍ਹਾਂ ਪ੍ਰਿਥੀਚੰਦ ਵੀ ਗੁਰੂ ਰਾਮਦਾਸ ਜੀ ਦਾ ਪੁੱਤਰ ਸੀ ਤੇ ਗੁਰੂ ਅਰਜਨ ਸਾਹਿਬ ਵੀ। ਪ੍ਰਿਥੀ ਚੰਦ ਦੀ ਭਾਵਨਾ ਗੁਰੂ ਰਾਮਦਾਸ ਜੀ 'ਤੇ ਸਿਰਫ਼ ਪਿਤਾ ਵਾਲੀ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਨੂੰ ਸਿਰਫ਼ ਪਿਤਾ ਨਹੀਂ ਸੀ ਸਮਝਿਆ, ਬਲਕਿ ਪ੍ਰਮੇਸ਼ਰ ਦਾ ਸਰੂਪ ਮੰਨਦੇ ਸਨ। ਉਹ ਕਹਿੰਦੇ ਸਨ ਮੈਨੂੰ ਤੇ ਇੰਝ ਲੱਗਦਾ ਹੈ ਕਿ ਹਰੀ ਨੇ ਆਪਣਾ ਨਾਮ ਵਟਾ ਕੇ ਰਾਮਦਾਸ ਰਖ ਲਿਆ ਹੈ-

*ਹਰਿ ਜੀਉ ਨਾਮੁ ਪਰਿਓ ਰਾਮਦਾਸੁ॥*

(ਅੰਗ ੬੧੨)

ਇਕ ਵਾਰੀ ਭਾਈ ਬਾਲਾ ਜੀ (ਗੁਰੂ ਨਾਨਕ ਦੇਵ ਜੀ ਦੇ ਸਾਥੀ) ਗੁਰੂ ਅੰਗਦ ਸਾਹਿਬ ਦੇ ਦਰਸ਼ਨ ਕਰਨ ਗਏ ਤੇ ਬੇਨਤੀ ਕਰਨ ਲੱਗੇ ਕਿ ਮੇਰੇ ਮਨ ਵਿਚ ਇਕ ਸੁਆਲ ਹੈ। ਸਤਿਗੁਰੂ ਕਹਿੰਦੇ ਹਨ, ਪੁੱਛੋ ਬਾਲਾ ਜੀ! (ਗੁਰੂ ਅੰਗਦ ਸਾਹਿਬ ਜੀ ਬਹੁਤ ਸਤਿਕਾਰ ਕਰਦੇ ਸਨ ਭਾਈ ਬਾਲਾ ਜੀ ਦਾ। ਉਨ੍ਹਾਂ ਕੋਲੋਂ ਗੁਰੂ ਨਾਨਕ ਦੀ ਕਥਾ ਸੁਣਦੇ ਸਨ। ਕਹਿੰਦੇ ਸਨ ਬਾਲਾ ਜੀ! ਤੁਸੀਂ ਇਤਨੇ ਸਾਲ ਮੇਰੇ ਗੁਰੂ ਨਾਨਕ ਪਾਤਿਸ਼ਾਹ ਦੇ ਨਾਲ ਰਹੇ ਹੋ। ਉਨ੍ਹਾਂ ਕੋਲੋਂ ਗੁਰੂ ਨਾਨਕ ਦੇ ਚੋਜ ਬੜੇ ਪਿਆਰ ਵਿਚ ਸੁਣਦੇ ਸਨ ਜੋ ਭਾਈ ਬਾਲਾ ਜੀ ਨੇ ਅੱਖੀਂ ਵੇਖੇ ਸਨ) ਬਾਲਾ ਜੀ ਕਹਿਣ ਲੱਗੇ, ਮੈਂ 40 ਸਾਲ ਗੁਰੂ ਨਾਨਕ ਸਾਹਿਬ ਜੀ ਦੀ ਸੇਵਾ ਵਿਚ ਉਨ੍ਹਾਂ ਦੇ ਨਾਲ ਰਿਹਾ। ਉਨ੍ਹਾਂ ਨੂੰ ਚੌਰ ਸਾਹਿਬ ਕਰਦਾ ਰਿਹਾ ਪਰ ਤੁਹਾਡੀ ਮੁਲਾਕਾਤ ਗੁਰੂ ਨਾਨਕ ਸਾਹਿਬ ਨਾਲ ਬਹੁਤ ਸਮਾਂ ਬਾਅਦ ਹੋਈ ਤੇ ਕੇਵਲ 7-8 ਸਾਲ ਦਾ ਸਮਾਂ ਹੀ ਤੁਸੀਂ ਉਨ੍ਹਾਂ ਨਾਲ ਵਿਚਰੇ ਪਰ ਮੈਨੂੰ ਇਸ ਗੱਲ ਦੀ

ਬੜੀ ਹੈਰਾਨੀ ਹੁੰਦੀ ਹੈ ਕਿ ਜੋ ਤੁਸੀਂ 7-8 ਸਾਲ ਵਿਚ ਉਨ੍ਹਾਂ ਪਾਸੋਂ ਪ੍ਰਾਪਤ ਕੀਤਾ, ਮੈਂ 40 ਸਾਲ ਵਿਚ ਵੀ ਨਹੀਂ ਕਰ ਸਕਿਆ। ਉਨ੍ਹਾਂ ਨੇ ਤੁਹਾਨੂੰ ਆਪਣਾ ਰੂਪ ਹੀ ਬਣਾ ਦਿੱਤਾ। ਹੁਣ ਜੋ ਗੁਰੂ ਅੰਗਦ ਸਾਹਿਬ ਨੇ ਭਾਈ ਬਾਲਾ ਜੀ ਨੂੰ ਜੁਆਬ ਦਿੱਤਾ ਉਸ 'ਤੇ ਗ਼ੌਰ ਕਰਨਾ ਤੇ ਫਿਰ ਆਪਣੇ ਮਨਾਂ ਵਿਚ ਚੰਗੀ ਤਰ੍ਹਾਂ ਵਿਚਾਰਨਾ ਕਿ ਅਸੀਂ ਗੁਰੂ 'ਤੇ ਕਿਹੋ ਜਿਹੀ ਭਾਵਨਾ ਰੱਖਣੀ ਹੈ। ਗੁਰੂ ਅੰਗਦ ਸਾਹਿਬ ਕਹਿੰਦੇ ਹਨ, ਬਾਲਾ ਜੀ ! ਤੁਸੀਂ ਮੈਨੂੰ ਇਹ ਦਸੋ ਕਿ ਤੁਸੀਂ 40 ਸਾਲ ਗੁਰੂ ਨਾਨਕ ਸਾਹਿਬ ਦੀ ਸੇਵਾ ਉਨ੍ਹਾਂ ਨੂੰ ਕੀ ਸਮਝ ਕੇ ਕਰਦੇ ਰਹੇ ? ਤੁਹਾਡੀ ਉਨ੍ਹਾਂ ਪ੍ਰਤੀ ਕੀ ਭਾਵਨਾ ਸੀ ? ਬਾਲਾ ਜੀ ਕਹਿੰਦੇ ਹਨ, ਬ੍ਰਹਮ ਗਿਆਨੀ, ਪੂਰਨ ਸੰਤ, ਮਹਾਂਪੁਰਸ਼ ਸਮਝ ਕੇ। ਗੁਰੂ ਅੰਗਦ ਸਾਹਿਬ ਕਹਿੰਦੇ ਹਨ, ਬਾਲਾ ਜੀ, ਗੁਰੂ ਸ਼ੀਸ਼ਾ ਰੂਪ ਹੈ, ਜਿਹੋ ਜਿਹਾ ਸ਼ੀਸ਼ੇ ਵਿਚ ਮੂੰਹ ਵੇਖੋਗੇ ਉਹੋ ਜਿਹਾ ਹੀ ਨਜ਼ਰ ਆਉਂਦਾ ਹੈ। ਤੁਸੀਂ ਗੁਰੂ ਨਾਨਕ ਪਾਤਿਸ਼ਾਹ ਨੂੰ ਮਹਾਂਪੁਰਸ਼ ਜਾਣ ਕੇ ਉਨ੍ਹਾਂ ਦੀ ਸੇਵਾ ਕਰਦੇ ਰਹੇ, ਉਨ੍ਹਾਂ ਨੇ ਤੁਹਾਨੂੰ ਮਹਾਂਪੁਰਸ਼ ਹੀ ਬਣਾ ਦਿੱਤਾ। ਬਾਲਾ ਜੀ ਕਹਿੰਦੇ ਹਨ, ਤੁਸੀਂ ਦੱਸੋ, ਤੁਸੀਂ ਕੀ ਸਮਝ ਕੇ ਉਨ੍ਹਾਂ ਦੀ ਸੇਵਾ ਵਿਚ ਰਹੇ ? ਤੁਹਾਡੀ ਗੁਰੂ ਨਾਨਕ ਪ੍ਰਤੀ ਕੀ ਭਾਵਨਾ ਸੀ ? ਗੁਰੂ ਅੰਗਦ ਸਾਹਿਬ ਕਹਿੰਦੇ ਹਨ, ਮੈਂ ਉਨ੍ਹਾਂ ਨੂੰ ਪਾਰਬ੍ਰਹਮ-ਪ੍ਰਮੇਸ਼ਰ ਮੰਨ ਕੇ ਪੂਜਿਆ, ਉਨ੍ਹਾਂ ਤੋਂ ਪਰੇ ਕੋਈ ਰੱਬ ਨਹੀਂ ਵੇਖਿਆ। ਬਾਲਾ ਜੀ ਦਾ ਸੀਸ ਝੁਕ ਗਿਆ ਤੇ ਕਹਿਣ ਲੱਗੇ, ਮੈਨੂੰ ਮੇਰੇ ਸੁਆਲ ਦਾ ਜੁਆਬ ਮਿਲ ਗਿਆ ਹੈ। ਤੁਸੀਂ ਗੁਰੂ ਨਾਨਕ ਨੂੰ ਪਾਰਬ੍ਰਹਮ ਪ੍ਰਮੇਸ਼ਰ ਸਮਝ ਕੇ ਪੂਜਿਆ ਹੈ ਤੇ ਉਹਨਾਂ ਤੁਹਾਨੂੰ ਉਹੀ ਰੂਪ ਬਣਾ ਦਿੱਤਾ ਹੈ। ਅਸੀਂ ਵੀ ਸੇਧ ਲਈਏ ਗੁਰੂ ਅੰਗਦ ਸਾਹਿਬ ਦੀ ਭਾਵਨਾ ਤੋਂ।

ਸ਼ਰਧਾ ਦੇ ਪੂਰਨੇ ਪਾਏ ਗੁਰੂ ਅੰਗਦ ਸਾਹਿਬ ਨੇ। ਉਨ੍ਹਾਂ ਦੇ ਪਾਏ ਪੂਰਨੇ ਸਾਡੇ ਲਈ ਸੱਚੀ ਸਿੱਖੀ ਦੇ ਪੂਰਨੇ ਹਨ। ਉਨ੍ਹਾਂ ਨੇ ਸਾਨੂੰ ਦੱਸਿਆ ਕਿ ਗੁਰੂ ਜਿਹਾ ਕੋਈ ਨਹੀਂ। ਉਨ੍ਹਾਂ ਨੇ ਜਿਸ ਤਰ੍ਹਾਂ ਸ਼ਰਧਾ ਤੇ ਭਾਵਨਾ ਨਾਲ ਗੁਰੂ ਨੂੰ ਸੇਵਿਆ, ਸਾਨੂੰ ਜਾਚ ਸਿਖਾਈ। ਕਿਧਰੇ ਪੜ੍ਹੋ ਗੁਰੂ ਅੰਗਦ ਸਾਹਿਬ ਦਾ ਇਤਿਹਾਸ। ਪਹਿਲਾਂ ਹਰ ਸਾਲ ਦੇਵੀ ਦੀ ਯਾਤਰਾ 'ਤੇ ਜਾਂਦੇ ਸਨ ਪਰ ਜਦੋਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋਏ, ਫਿਰ ਮਨ ਵੇਚ ਦਿੱਤਾ ਗੁਰੂ ਨਾਨਕ ਅੱਗੇ। ਐਸਾ ਗੁਰੂ ਨਾਨਕ ਨਾਲ ਪਿਆਰ ਕੀਤਾ ਕਿ ਗੁਰੂ ਨਾਨਕ ਦੇ ਹੀ ਹੋ ਕੇ ਰਹਿ ਗਏ, ਆਪਣਾ ਅੰਦਰਲਾ ਭਾਵ ਦੇ ਦਿੱਤਾ ਗੁਰੂ ਨਾਨਕ ਨੂੰ। ਸਾਡੇ ਲਈ ਲੀਹਾਂ ਪਾਈਆਂ ਸ਼ਰਧਾਂ ਦੀਆਂ ਗੁਰੂ ਅੰਗਦ ਸਾਹਿਬ ਨੇ। ਸਾਨੂੰ ਜਾਚ ਸਿਖਾਈ ਕਿ ਗੁਰੂ 'ਤੇ ਕਿਹੋ ਜਿਹੀ ਸ਼ਰਧਾ ਰੱਖਣੀ ਹੈ।

ਗੁਰੂ ਨਾਨਕ ਸਾਹਿਬ ਦੀ ਪਤਨੀ ਮਾਤਾ ਸੁਲੱਖਣੀ ਜੀ ਨੇ ਇਕ ਵਾਰ ਗੁਰੂ ਸਾਹਿਬ ਨੂੰ ਕਿਹਾ ਕਿ ਆਪਣੇ ਪੁੱਤਰ ਵੀ ਤਾਂ ਚੰਗੇ ਹਨ। ਗੁਰਗੱਦੀ ਦੀ ਬਖ਼ਸ਼ਿਸ਼ ਪੁੱਤਰਾਂ ਨੂੰ ਹੀ ਕਰਨੀ ਤੇ ਕੁਲ ਵਿਚ ਰਹਿਣੀ ਹੀ ਸੰਸਾਰ ਦੀ ਮਰਯਾਦਾ ਹੈ। ਗੁਰੂ ਨਾਨਕ ਸਾਹਿਬ ਨੇ ਜੋ ਕੌਤਕ ਵਰਤਾ ਕੇ ਮਾਤਾ ਸੁਲੱਖਣੀ ਜੀ ਨੂੰ ਉਨ੍ਹਾਂ ਦੀ ਇਸ ਗੱਲ ਦਾ ਜੁਆਬ

ਦਿੱਤਾ, ਉਸ ਤੋਂ ਇਸ਼ਾਰਾ ਲੈਣਾ ਕਿ ਸ਼ਰਧਾ ਕੀ ਹੈ ਤੇ ਸ਼ਰਧਾ ਦੀ ਕਿਤਨੀ ਜ਼ਰੂਰਤ ਹੈ। ਉਹ ਕੌਤਕ ਕੀ ਸੀ ? ਉਸ ਵੇਲੇ ਇਕ ਸਿੱਖ ਨੇ ਮੰਸੂਰੀ ਟਕਾ ਚੜ੍ਹਾਇਆ। ਗੁਰੂ ਸਾਹਿਬ ਨੇ ਉਹ ਟਕਾ ਮੁੱਠੀ ਵਿਚ ਬੰਦ ਕਰ ਲਿਆ ਤੇ ਪੁਤਰਾਂ ਵੱਲ ਵੇਖ ਕੇ ਪੁੱਛਣ ਲੱਗੇ, ਦੱਸੋ ਮੇਰੀ ਮੁੱਠੀ ਵਿਚ ਕੀ ਹੈ ? ਇਕ ਨੂੰ ਪੁੱਛਿਆ, ਉਹ ਕਹਿੰਦਾ ਹੈ, ਟਕਾ ਹੈ। ਦੂਸਰੇ ਨੂੰ ਪੁੱਛਿਆ ਉਹ ਵੀ ਕਹਿੰਦਾ ਹੈ ਟਕਾ। ਹੁਣੇ ਸਾਡੇ ਸਾਰਿਆਂ ਦੇ ਸਾਮ੍ਹਣੇ ਤਾਂ ਟਕਾ ਰਖ ਕੇ ਸਿੱਖ ਨੇ ਮੱਥਾ ਟੇਕਿਆ ਹੈ। ਉਹੋ ਤੁਸੀਂ ਮੁੱਠੀ ਵਿਚ ਰਖਿਆ ਹੈ। ਐਵੇਂ ਬਾਰ-ਬਾਰ ਪੁੱਛੀ ਜਾਂਦੇ ਹੋ। ਹੋਰ ਸੰਗਤ ਵੀ ਉਥੇ ਬੈਠੀ ਸੀ। ਉਨ੍ਹਾਂ ਤੋਂ ਵੀ ਸਤਿਗੁਰੂ ਨੇ ਪੁੱਛਿਆ, ਉਨਾਂ ਦਾ ਵੀ ਉਹੀ ਜੁਆਬ ਸੀ। ਹੁਣ ਮਾਤਾ ਸੁਲੱਖਣੀ ਨੂੰ ਪੁੱਛਿਆ ਤਾਂ ਉਨ੍ਹਾਂ ਨੇ ਵੀ ਕਿਹਾ ਕਿ ਟਕਾ ਹੀ ਤਾਂ ਹੈ। ਸਾਰਿਆਂ ਨੇ ਵੇਖਿਆ ਹੈ। ਸਭ ਤੋਂ ਪਿੱਛੇ ਖੜੇ ਸੀ ਭਾਈ ਲਹਿਣਾ ਜੀ ਨਿਮਾਣਾ ਬਣ ਕੇ ਕਿ ਸਤਿਗੁਰੂ ਨੇ ਅਵਾਜ਼ ਮਾਰੀ ਲਹਿਣਿਆ, ਤੂੰ ਦਸ ਸਾਡੀ ਮੁੱਠੀ ਵਿਚ ਕੀ ਹੈ ? ਭਾਈ ਲਹਿਣਾ ਜੀ ਦੇ ਨੇਤ੍ਰ ਪਿਆਰ ਵਿਚ ਸੇਜਲ ਹੋ ਗਏ ਤੇ ਬੜੇ ਸਹਜ ਨਾਲ ਪਿਆਰ ਭਰੇ ਬੋਲਾਂ ਵਿਚ ਕਹਿੰਦੇ ਹਨ, ਮਾਲਕਾ ! ਮੁੱਠੀ ਤੇਰੀ ਹੋਵੇ ਤੇ ਦੱਸਾਂ ਮੈਂ ਕਿ ਇਸ ਵਿਚ ਕੀ ਹੈ। ਗੁਰੂ ਨਾਨਕ ਪਾਤਿਸ਼ਾਹ ਨੇ ਫਿਰ ਕਿਹਾ ਲਹਿਣਿਆ, ਦਸ ਸਾਡੀ ਮੁੱਠੀ ਵਿਚ ਕੀ ਹੈ ? ਲਹਿਣਾ ਜੀ ਨੇ ਜੋ ਜੁਆਬ ਦਿੱਤਾ, ਉਸ ਤੋਂ ਇਸ਼ਾਰਾ ਲੈਣਾ ਕਿ ਸ਼ਰਧਾ ਕੀ ਹੈ ਤੇ ਸੋਧ ਲੈਣਾ ਆਪਣੇ ਲਈ ਕਿ ਸਾਡੀ ਭਾਵਨਾ ਗੁਰੂ ਪ੍ਰਤੀ ਕਿਹੋ ਜਿਹੀ ਹੋਵੇ। ਲਹਿਣਾ ਜੀ ਕਹਿੰਦੇ ਹਨ, ਸੱਚੇ ਪਾਤਿਸ਼ਾਹ ! ਤੇਰੀ ਮੁੱਠੀ ਵਿਚ ਸਾਰੀ ਸ੍ਰਿਸ਼ਟੀ ਦੀਆਂ ਦਾਤਾਂ ਹਨ, ਤਿੰਨਾਂ ਭਵਨਾਂ ਦੇ ਸਾਰੇ ਪਦਾਰਥਾਂ ਦੀ ਦਾਤ ਹੈ। ਆਪ ਜੀ ਜਿਸ ਦੇ ਸਿਰ 'ਤੇ ਹੱਥ ਰੱਖ ਦੇਵੋ, ਜਿਸ ਨੂੰ ਜਿਹੜੀ ਤ੍ਰਿਲੋਕੀ ਦਾ ਰਾਜ ਦੇਣਾ ਚਾਹੋ, ਸਭ ਆਪ ਜੀ ਦੀ ਮੁੱਠੀ ਵਿਚ ਹੈ। ਰਹਿਰਾਸ ਸਾਹਿਬ ਵਿਚ ਪੰਕਤੀਆਂ ਹਨ-

*ਸਭਿ ਨਿਧਾਨ ਦਸ ਅਸਟ ਸਿਧਾਨ*
*ਠਾਕੁਰ ਕਰ ਤਲ ਧਰਿਆ॥*

(ਅੰਗ ੧੦)

ਆਪੇ ਅੰਦਾਜ਼ਾ ਲਾ ਲੈਣਾ ਕਿ ਜਿਨ੍ਹਾਂ ਅੰਦਰ ਨਹੀਂ ਸ਼ਰਧਾ ਉਨ੍ਹਾਂ ਨੂੰ ਤਾਂ ਟਕਾ ਨਜ਼ਰ ਆ ਰਿਹਾ ਹੈ ਤੇ ਜਿਸ ਦੀ ਸ਼ਰਧਾ ਹੈ, ਉਸ ਨੇ ਕੀ ਆਖਿਆ। ਇਥੇ ਹੀ ਬਸ ਨਹੀਂ। ਲਹਿਣਾ ਜੀ ਕਹਿੰਦੇ ਹਨ, ਸਤਿਗੁਰੂ ! ਆਪ ਜੀ ਦੀ ਮੁੱਠੀ 'ਤੇ ਜਿੰਨੇ ਰੋਮ ਹਨ, ਇਕ ਇਕ ਰੋਮ ਵਿਚ ਕ੍ਰੋੜਾਂ ਬ੍ਰਹਿਮੰਡ ਵਸਦੇ ਹਨ, ਇਸ ਲਈ ਹੇ ਮੇਰੇ ਉੱਚੇ ਸਤਿਗੁਰੂ ! ਮੈਂ 'ਨੀਵਾਂ' ਇਹ ਕਿਵੇਂ ਦੱਸ ਸਕਦਾ ਹਾਂ ਕਿ ਤੇਰੀ ਮੁੱਠੀ ਵਿਚ ਕੀ ਹੈ। ਇਸ਼ਾਰਾ ਸਮਝਿਓ ਕਿ ਭਾਈ ਲਹਿਣਾ ਜੀ ਦੀ ਸ਼ਰਧਾ ਭਾਵਨਾ ਕਿਥੇ ਟਿਕੀ ਹੋਈ ਸੀ ਕਿ ਗੁਰੂ ਨਾਨਕ ਤੂੰ ਹੀ ਪ੍ਰਮੇਸ਼ਰ ਹੈਂ। ਉਨ੍ਹਾਂ ਦੀ ਦ੍ਰਿਸ਼ਟੀ ਹਮੇਸ਼ਾ ਗੁਰੂ ਨਾਨਕ ਦੇ ਰੱਬੀ ਰੰਗ 'ਤੇ ਟਿਕੀ ਰਹਿੰਦੀ

ਸੀ। ਇਕ ਵਾਰੀ ਗੁਰੂ ਨਾਨਕ ਸਾਹਿਬ ਨੇ ਕਿਸੇ ਨੂੰ ਪੁੱਛਿਆ, ਕਿੰਨੀ ਰਾਤ ਬਾਕੀ ਹੈ? (ਉਸ ਸਮੇਂ ਘੜੀਆਂ ਨਹੀਂ ਸਨ ਹੁੰਦੀਆਂ) ਉਸ ਨੇ ਬਾਹਰ ਜਾ ਕੇ ਵੇਖ ਕੇ ਦੱਸਿਆ, ਸਵਾ ਪਹਿਰ ਬਾਕੀ ਹੈ। ਗੁਰੂ ਸਾਹਿਬ ਕਹਿੰਦੇ ਹਨ, ਨਹੀਂ, ਪਹਿਰ ਬਾਕੀ ਹੈ। ਜਾ ਕੇ ਚੰਗੀ ਤਰ੍ਹਾਂ ਵੇਖ ਕੇ ਆਵੋ। ਇਸ ਤਰ੍ਹਾਂ ਗੁਰੂ ਸਾਹਿਬ ਨੇ ਤਿੰਨ ਵਾਰੀ ਭੇਜਿਆ ਤੇ ਉਨ੍ਹਾਂ ਦਾ ਹਰ ਵਾਰ ਇਹੀ ਜੁਆਬ ਸੀ। ਜਦੋਂ ਭਾਈ ਲਹਿਣਾ ਜੀ ਨੂੰ ਪੁੱਛਿਆ ਤਾਂ ਉਨ੍ਹਾਂ ਦਾ ਜੁਆਬ ਪੜ੍ਹੋ ਕਿਧਰੇ, ਕਮਾਲ ਹੋ ਗਈ, ਇੰਨੀ ਸ਼ਰਧਾ! ਇੰਨੀ ਭਾਵਨਾ! ਲਹਿਣਾ ਜੀ ਦਾ ਜੁਆਬ ਸੀ, ਹੇ ਜਗਤ ਗੁਰ ਸੁਆਮੀ! ਕਾਲ ਤੇਰਾ ਕੀਤਾ ਹੈ ਤੇ ਤੇਰੇ ਭਾਣੇ ਵਿਚ ਹੈ, ਰਾਤ ਜਿੰਨੀ ਆਪ ਜੀ ਨੇ ਬਿਤਾਈ, ਉਤਨੀ ਬੀਤੀ ਹੈ ਤੇ ਜਿਤਨੀ ਆਪ ਜੀ ਦੀ ਰਜ਼ਾ ਉਤਨੀ ਬਾਕੀ ਹੈ। ਇਸ਼ਾਰਾ—ਹੇ ਗੁਰੂ ਨਾਨਕ! ਰਾਤ ਵੀ ਤੇਰੇ ਹੁਕਮ ਵਿਚ ਹੈ।

ਹੁਣ ਆਪੇ ਅੰਦਾਜ਼ਾ ਲਾ ਲਵੋ ਕਿ ਗੁਰੂ ਅੰਗਦ ਸਾਹਿਬ ਜੀ ਨੇ ਸਾਡੇ ਲਈ ਸ਼ਰਧਾ ਦੇ ਕਿਹੜੇ ਪੂਰਨੇ ਪਾਏ ਹਨ। ਸਹੀ ਮਾਇਨੇ ਵਿਚ ਜੇ ਦੇਖਿਆ ਜਾਵੇ ਤਾਂ ਗੁਰੂ ਨਾਨਕ ਸਾਹਿਬ ਦੀ ਅਸਲ ਪਛਾਣ ਹੀ ਭਾਈ ਲਹਿਣਾ ਜੀ ਨੇ ਕੀਤੀ। ਪੂਰੀ ਪਛਾਣ ਕਰ ਵੀ ਓਹੀ ਸਕਦਾ ਹੈ ਜਿਸ ਦੀ ਆਪਣੀ ਨਜ਼ਰ ਉਸ ਉਚਿਆਈ ਤਕ ਉੱਚੀ ਉੱਠੀ ਹੋਵੇ ਕਿ ਕਿਤਨੇ ਉੱਚੇ ਸਤਿਗੁਰ ਨਾਨਕ ਪਾਤਿਸ਼ਾਹ ਹਨ। ਗੁਰੂ ਨਾਨਕ 'ਤੇ ਇੰਨੀ ਉੱਚੀ ਭਾਵਨਾ ਰੱਖਣ ਦੇ ਕਾਰਨ ਹੀ ਉਹ ਆਪ ਵੀ ਇਕ ਦਿਨ ਉਤਨੇ ਹੀ ਉੱਚੇ ਹੋ ਗਏ। ਭਾਈ ਲਹਿਣਾ ਜੀ ਦਾ ਗੁਰੂ ਨਾਨਕ ਸਾਹਿਬ ਪ੍ਰਤੀ ਜੋ ਇਹ ਸ਼ਰਧਾ ਦਾ ਨਮੂਨਾ ਹੈ, ਸਾਰੇ ਜਗਤ ਲਈ ਰੌਸ਼ਨੀ ਦਾ ਘਰ ਹੈ, ਚਾਨਣ ਮੁਨਾਰਾ ਹੈ। ਅਸਲ ਵਿਚ ਭਾਈ ਲਹਿਣਾ ਜੀ ਵੀ ਧੁਰੋਂ ਆਏ ਸਨ। ਆਪ ਵੀ ਗੁਰੂ ਜਯੋਤੀ ਹੀ ਸਨ ਪਰ ਉਨ੍ਹਾਂ ਨੂੰ ਅਕਾਲ ਪੁਰਖ ਵਾਹਿਗੁਰੂ ਨੇ ਜਾਣ ਕੇ ਸਿੱਖਾਂ ਦੀ ਕਲਿਆਣ ਲਈ ਇਸ ਰੰਗ ਵਿਚ ਰਖਿਆ ਸੀ ਤਾਂ ਕਿ ਉਹ ਸ਼ਰਧਾ ਦੇ ਪੂਰਨੇ ਪਾ ਕੇ ਸਿਖਾ ਸਕਣ। ਉਨ੍ਹਾਂ ਸਿਖੀ ਧਾਰੀ ਹੀ ਸਾਨੂੰ ਸੇਧ ਦੇਣ ਲਈ ਸੀ। ਧੰਨ ਸਨ ਭਾਈ ਲਹਿਣਾ ਜੀ, ਮਾਲਕ ਹੋ ਕੇ ਵੀ ਸਿੱਖਾਂ ਵਿਚ ਸਿੱਖ ਹੋ ਕੇ ਵਰਤੇ, ਸਿੱਖਾਂ ਵਾਲੀਆਂ ਕਰਨੀਆਂ ਘਾਲੀਆਂ ਤੇ ਟਹਿਲਾਂ ਕੀਤੀਆਂ। ਸਿੱਖੀ ਭਾਵਨਾ ਵਿਚ ਗੁਰੂ ਨਾਨਕ ਨੂੰ ਸੇਵਿਆ ਤੇ ਸਾਨੂੰ ਜਾਚ ਸਿਖਾਈ। ਗੁਰੂ ਸਾਹਿਬਾਂ ਦਾ ਇਤਿਹਾਸ ਪੜ੍ਹ ਕੇ ਆਪਣੇ ਲਈ ਸੇਧ ਲਈਏ ਕਿ ਅਸੀਂ ਆਪਣੇ ਗੁਰੂ ਪ੍ਰਤੀ ਕਿਹੋ ਜਿਹੀ ਭਾਵਨਾ ਰੱਖਣੀ ਹੈ। ਲਹਿਣਾ ਜੀ (ਗੁਰੂ ਅੰਗਦ ਸਾਹਿਬ) ਨੇ ਸ਼ਰਧਾ ਭਾਵਨਾ ਰਖੀ ਗੁਰੂ ਨਾਨਕ ਸਾਹਿਬ 'ਤੇ, ਇਸੇ ਤਰ੍ਹਾਂ ਅਗੋਂ ਤੀਸਰੇ ਪਾਤਿਸ਼ਾਹ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਨੂੰ ਆਪਣਾ ਪਾਰਬ੍ਰਹਮ ਪ੍ਰਮੇਸ਼ਰ ਜਾਣ ਕੇ ਪੂਜਿਆ। ਇਸੇ ਤਰ੍ਹਾਂ ਅੱਗੇ ਤੋਂ ਅੱਗੇ ਇਹੀ ਲੀਹ ਚਲਦੀ ਗਈ। ਕਿਸੇ ਨੇ ਵੀ ਆਪਣੇ ਗੁਰੂ ਤੋਂ ਇਲਾਵਾ ਹੋਰ ਅਕਾਲ ਪੁਰਖ ਨਹੀਂ ਲੱਭਿਆ, ਇਹ ਸਾਡੇ ਲਈ ਪੂਰਨੇ ਹਨ। ਹੁਣ ਸਾਨੂੰ ਦਸਵੇਂ ਪਾਤਿਸ਼ਾਹ ਹੁਕਮ ਦੇ ਗਏ ਹਨ ਕਿ ਤੁਹਾਡੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜੇ ਅਸੀਂ ਇਨ੍ਹਾਂ ਨੂੰ ਛੱਡ ਕੇ

ਕਿਧਰੇ ਹੋਰ ਰੱਬ ਲੱਭਦੇ ਹਾਂ ਤਾਂ ਸਾਨੂੰ ਕਿਧਰੇ ਵੀ ਢੋਈ ਨਹੀਂ ਮਿਲਣੀ। ਸਾਡੇ ਨਾਲੋਂ ਤਾਂ ਦਰੱਖ਼ਤ ਚੰਗੇ ਹਨ ਜਿਹੜੇ ਸਿਰ ਦੇ ਭਾਰ ਖੜੇ ਹਨ ਤੇ ਲੱਤਾਂ ਉਪਰ ਦੀ ਹਨ। ਹਜ਼ਾਰਾਂ ਸਾਲ ਉਥੇ ਦੇ ਉਥੇ ਹੀ ਸਿਰ ਦੇ ਭਾਰ ਖੜੇ ਰਹਿੰਦੇ ਹਨ, ਜਿਥੇ ਨਿਰੰਕਾਰ ਨੇ ਖੜੇ ਕਰ ਦਿੱਤੇ। ਲੱਖਾਂ ਹਨੇਰੀਆਂ ਵਗਦੀਆਂ ਹਨ, ਤੂਫ਼ਾਨ ਆਉਂਦੇ ਹਨ, ਹੜ੍ਹ ਆਉਂਦੇ ਹਨ, ਇਹ ਟੁੱਟ ਭਾਵੇਂ ਜਾਣ ਪਰ ਆਪਣੀ ਜਗ੍ਹਾ ਨਹੀਂ ਛੱਡਦੇ। ਜਿਥੇ ਨਿਰੰਕਾਰ ਨੇ ਖੜੇ ਕਰ ਦਿੱਤੇ, ਉਥੇ ਹੀ ਖੜੇ ਰਹਿੰਦੇ ਹਨ ਜਦ ਕਿ ਸਾਡੀ ਇਹ ਹਾਲਤ ਹੈ ਕਿ ਜਿੱਥੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਸਾਨੂੰ ਖੜੇ ਕਰ ਗਏ ਹਨ, ਉਥੇ ਟਿਕਦੇ ਨਹੀਂ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਨਹੀਂ ਮੰਨਦੇ ਤੇ ਹੋਰ ਪ੍ਰਮੇਸ਼ਰ ਲੱਭਦੇ ਫਿਰਦੇ ਹਾਂ। ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਕਿਧਰੇ ਹੋਰ ਰੱਬ ਲੱਭਦੇ ਫਿਰਦੇ ਹਨ, ਉਨ੍ਹਾਂ ਦੀ ਭਾਵਨਾ ਵਿਚ ਫ਼ਰਕ ਹੈ। ਜਦ ਤਕ ਭਾਵਨਾ ਨਹੀਂ ਤਦ ਤਕ ਦਰਜਾ ਬਹੁਤ ਪਿੱਛੇ ਹੈ, ਪ੍ਰਾਪਤੀ ਨਹੀਂ ਹੋ ਸਕਦੀ। ਸ਼ਰਧਾ ਦੀ ਇਹ ਚੌਥੀ ਨਿਸ਼ਾਨੀ ਹੈ ਆਪਣੇ ਗੁਰੂ ਵਿੱਚੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਨੇ। ਸਾਡੇ ਵਿਚੋਂ ਕਈ ਸਰੀਰ ਦਸਾਂ ਪਾਤਸ਼ਾਹੀਆਂ ਨੂੰ ਵੱਖਰਾ-ਵੱਖਰਾ ਸਮਝਦੇ ਹਨ। ਬਚਿੱਤਰ ਨਾਟਕ ਦੀਆਂ ਪੰਕਤੀਆਂ ਵੀ ਹਨ-

*ਭਿੰਨ ਭਿੰਨ ਸਭਹੂੰ ਕਰ ਜਾਨਾ*
*ਏਕ ਰੂਪ ਕਿਨਹੂੰ ਪਹਿਚਾਨਾ॥*

SIKHBOOKCLUB.COM

ਦਸ ਪਾਤਿਸ਼ਾਹੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਹੀ ਜੋਤ ਹਨ, ਉਨ੍ਹਾਂ ਨੂੰ ਭਿੰਨ-ਭਿੰਨ ਸਮਝਣਾ ਸਾਡੀ ਨਾ ਸਮਝੀ ਹੈ। ਭਾਈ ਨੰਦ ਲਾਲ ਜੀ ਦੀਆਂ 'ਸ੍ਰੀ ਜੋਤ ਬਿਗਾਸ ਵਿਚ' ਲਿਖੀਆਂ ਪੰਕਤੀਆਂ ਵੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ-

*ਹਮੂ ਨਾਨਕ ਅਸਤੋ ਹਮੋ ਅੰਗਦ ਅਸਤ॥*
*ਹਮੂ ਅਮਰਦਾਸ ਅਫ਼ਜ਼ਲੋ ਅਮਜਦ ਅਸਤ॥*
*ਹਮੂ ਰਾਮਦਾਸੋ ਹਮੂ ਅਰਜੁਨ ਅਸਤ॥*
*ਹਮੂ ਹਰਿਗੋਬਿੰਦ ਅਕਰਮੋ ਅਹਿਸਨ ਅਸਤ॥*
*ਹਮੂ ਅਸਤ ਹਰਿ ਰਾਇ ਕਰਤਾ ਗੁਰੂ॥*
*ਬਦ ਆਸ਼ਕਾਰਾ ਹਮਾ ਪੁਸ਼ਤੋ ਰੂ॥*
*ਹਮੂ ਹਰਿ ਕਿਸ਼ਨ ਆਮਦਾ ਸਰ ਬੁਲੰਦ॥*
*ਅਜ਼ੋ ਹਾਸਿਲ ਉਮੀਦਿ ਹਰ ਮਸਤਮੰਦ॥*
*ਹਮੂ ਅਸਤ ਤੇਗ਼ਿ ਬਹਾਦਰ ਗੁਰੂ॥*
*ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ॥*

*ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ॥*
*ਹਮੂ ਸ਼ਬਦਿ ਊ ਜੌਹਰਿ ਹਮੂ ਮਾਨਕ ਅਸਤ॥*

(ਸ੍ਰੀ ਜੋਤ ਬਿਗਾਸ ਭਾਈ ਨੰਦ ਲਾਲ ਵਿਚੋਂ ੨੩, ੨੮)

ਦਸ ਗੁਰੂ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਨਿੰਰਕਾਰ ਹਨ। ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਅਕਾਲ ਪੁਰਖ ਵਿਚ ਫ਼ਰਕ ਸਮਝਦੇ ਹਨ, ਉਨ੍ਹਾਂ ਬਾਰੇ ਬਾਣੀ ਵਿਚ ਇਸ ਤਰ੍ਹਾਂ ਲਿਖਿਆ ਹੈ-

*ਜਿਨ ਕੈ ਭੀਤਰਿ ਹੈ ਅੰਤਰਾ॥*
*ਜੈਸੇ ਪਸੁ ਤੈਸੇ ਓਇ ਨਰਾ॥*

(ਅੰਗ ੧੧੬੩)

ਗੁਰੂ ਨੂੰ ਛੱਡ ਕੇ ਹੋਰ ਕਿਧਰੇ ਰੱਬ ਲੱਭਣਾ ਤਾਂ ਹਨੇਰੇ ਦੀਆਂ ਟੱਕਰਾਂ ਹਨ, ਐਵੇਂ ਹੱਡ-ਗੋਡੇ ਭੰਨਾਉਣਾ ਹੀ ਹੈ। ਜੇ ਅਸੀਂ ਇਹ ਕਹਿਣ ਦੀ ਹਿੰਮਤ ਰੱਖਦੇ ਹੋਈਏ ਕਿ ਜੇ ਕੋਈ ਹੋਰ ਪਾਰਬ੍ਰਹਮ ਹੈ ਵੀ ਤਾਂ ਵੀ ਉਸ ਦੇ ਦਰਸ਼ਨ ਦੇ ਚਾਹਵਾਨ ਨਹੀਂ, ਫੇਰ ਪ੍ਰਾਪਤੀ ਹੋਵੇਗੀ, ਜਿਵੇਂ ਇਕ ਗਾਥਾ ਵੀ ਹੈ - ਇਕ ਰਾਜਾ ਸੀ। ਉਸ ਦੇ ਮਨ ਵਿਚ ਪ੍ਰਮਾਤਮਾ ਦੇ ਮਿਲਾਪ ਦੀ ਇੱਛਾ ਪ੍ਰਗਟ ਹੋਈ ਤੇ ਉਹ ਆਪਣਾ ਸਾਰਾ ਰਾਜ ਭਾਗ ਆਪਣੇ ਪੁੱਤਰਾਂ ਨੂੰ ਸੌਂਪ ਕੇ ਆਪਣੇ ਨਾਲ ਕੁਝ ਕੁ ਕੀਮਤੀ ਸਾਮਾਨ ਲੈ ਕੇ ਜੰਗਲਾਂ ਨੂੰ ਤੁਰ ਪਿਆ। ਇਕ ਠੱਗ ਨੂੰ ਇਸ ਬਾਰੇ ਪਤਾ ਲੱਗ ਗਿਆ ਤੇ ਉਹ ਠੱਗ ਸਾਧੂਆਂ ਵਾਲਾ ਲਿਬਾਸ ਪਾ ਕੇ ਉਸ ਦੇ ਰਸਤੇ ਵਿਚ ਬੈਠ ਗਿਆ। ਜਦੋਂ ਰਾਜੇ ਦੀ ਨਿਗਾਹ ਉਸ 'ਤੇ ਪਈ ਤਾਂ ਉਸ ਨੇ ਸੋਚਿਆ ਕਿ ਇਹ ਕੋਈ ਪੂਰਨ ਮਹਾਂਪੁਰਸ਼ ਜਾਪਦੇ ਹਨ, ਇਨ੍ਹਾਂ ਨੂੰ ਗੁਰੂ ਧਾਰਨ ਕਰ ਲੈਂਦਾ ਹਾਂ। ਰਾਜੇ ਨੇ ਇਹ ਸੋਚ ਕੇ ਮਹਾਂਪੁਰਸ਼ ਦੇ ਰੂਪ ਵਿਚ ਜੋ ਠਗ ਸੀ, ਉਸ ਨੂੰ ਮੱਥਾ ਟੇਕਿਆ ਤੇ ਬੇਨਤੀ ਕੀਤੀ ਕਿ ਮੈਂ ਤੁਹਾਨੂੰ ਗੁਰੂ ਧਾਰਨ ਕਰਨਾ ਚਾਹੁੰਦਾ ਹਾਂ। ਉਹ ਠੱਗ ਕਹਿਣ ਲੱਗਾ, ਗੁਰੂ ਧਾਰਨ ਕਰਨਾ ਕੋਈ ਸੌਖਾ ਕੰਮ ਨਹੀਂ, ਪਹਿਲਾਂ ਤਨ, ਮਨ, ਧਨ ਦੇਣਾ ਪੈਂਦਾ ਹੈ, ਫਿਰ ਹੁਕਮ ਮੰਨਣਾ ਪੈਂਦਾ ਹੈ। ਰਾਜਾ ਕਹਿੰਦਾ ਹੈ, ਮੈਨੂੰ ਮਨਜ਼ੂਰ ਹੈ। ਠੱਗ ਕਹਿੰਦਾ ਹੈ ਕਿ ਚੰਗਾ ਫਿਰ ਜੋ ਕੁਝ ਵੀ ਤੇਰੇ ਕੋਲ ਹੈ, ਉਹ ਇਥੇ ਰੱਖ ਦੇ ਤੇ ਚੌਂਕੜੀ ਮਾਰ ਕੇ ਅੱਖਾਂ ਬੰਦ ਕਰ ਕੇ ਬੈਠ ਜਾ, ਤੇ ਜਦ ਤਕ ਮੈਂ ਤੈਨੂੰ ਹੁਕਮ ਨਾ ਦੇਵਾਂ ਤੂੰ ਅੱਖਾਂ ਨਹੀਂ ਖੋਲ੍ਹਣੀਆਂ।

ਰਾਜਾ ਉਸ ਠੱਗ ਨੂੰ ਪੂਰਾ ਗੁਰੂ ਸਮਝ ਕੇ ਉਸ ਦਾ ਹੁਕਮ ਮੰਨ ਕੇ ਅੱਖਾਂ ਬੰਦ ਕਰ ਕੇ ਬੈਠ ਗਿਆ ਤੇ ਉਹ ਠੱਗ ਜੋ ਰਾਜੇ ਦਾ ਕੀਮਤੀ ਸਾਮਾਨ ਸੀ, ਸਾਰਾ ਲੈ ਕੇ ਉਥੋਂ ਨਿਕਲ ਗਿਆ। 24 ਘੰਟੇ ਬੀਤ ਗਏ, ਰਾਜੇ ਨੇ ਅਵਾਜ਼ ਮਾਰੀ, ਗੁਰੂ ਜੀ ਹੁਣ ਅੱਖਾਂ ਖੋਹਲ ਲਵਾਂ ? ਪਰ ਕੋਈ ਗੁਰੂ ਉਥੇ ਹੋਵੇ ਤਾਂ ਬੋਲੇ। ਇਸੇ ਤਰ੍ਹਾਂ ਤਿੰਨ ਦਿਨ ਤਿੰਨ ਰਾਤਾਂ

ਬੀਤ ਗਈਆਂ। ਰਾਜਾ ਉਸੇ ਤਰ੍ਹਾਂ ਅੱਖਾਂ ਬੰਦ ਕਰ ਕੇ ਬੈਠਾ ਰਿਹਾ ਕਿ ਗੁਰੂ ਦੇ ਹੁਕਮ ਬਗੈਰ ਅੱਖਾਂ ਨਹੀਂ ਖੋਲ੍ਹਣੀਆਂ। ਅਖ਼ੀਰ ਭਗਵਾਨ ਆਪ ਪ੍ਰਗਟ ਹੋਏ ਤੇ ਰਾਜੇ ਨੂੰ ਕਿਹਾ ਅੱਖਾਂ ਖੋਲ। ਰਾਜੇ ਨੇ ਪੁੱਛਿਆ, ਤੂੰ ਕੌਣ ਹੈਂ ? ਭਗਵਾਨ ਕਹਿਣ ਲੱਗੇ, ਜਿਸ ਦੇ ਮਿਲਾਪ ਦੀ ਤਾਂਘ ਵਿਚ ਤੂੰ ਬੈਠਾ ਹੈਂ ਮੈਂ ਉਹੀ ਹਾਂ। ਰਾਜਾ ਕਹਿਣ ਲੱਗਾ ਪਰ ਮੈਂ ਆਪਣੇ ਗੁਰੂ ਦੇ ਹੁਕਮ ਤੋਂ ਬਗ਼ੈਰ ਅੱਖਾਂ ਨਹੀਂ ਖੋਲ੍ਹ ਸਕਦਾ। ਭਗਵਾਨ ਕਹਿੰਦੇ ਹਨ, ਉਹ ਤਾਂ ਠੱਗ ਸੀ। ਤੇਰਾ ਸਾਰਾ ਕੀਮਤੀ ਸਾਮਾਨ ਲੈ ਕੇ ਭੱਜ ਗਿਆ ਹੈ, ਇਥੇ ਕੋਈ ਨਹੀਂ ਹੈ। ਰਾਜਾ ਕਹਿੰਦਾ ਹੈ, ਖ਼ਬਰਦਾਰ ! ਜੇ ਮੇਰੇ ਗੁਰੂ ਨੂੰ ਠੱਗ ਕਿਹਾ। ਭਗਵਾਨ ਉਸ ਦਾ ਇੰਨਾ ਵਿਸ਼ਵਾਸ ਦੇਖ ਕੇ ਠੱਗ ਕੋਲ ਗਏ ਤੇ ਉਸ ਨੂੰ ਜਾ ਕੇ ਸਾਰੀ ਗੱਲ ਸੁਣਾਈ ਤੇ ਕਿਹਾ, ਜਲਦੀ ਚੱਲ ਕੇ ਰਾਜੇ ਨੂੰ ਅੱਖਾਂ ਖੋਲ੍ਹਣ ਦਾ ਹੁਕਮ ਦੇ। ਠੱਗ ਨੇ ਜਦੋਂ ਭਗਵਾਨ ਨਾਲ ਜਾ ਕੇ ਰਾਜੇ ਨੂੰ ਅੱਖਾਂ ਖੋਲ੍ਹਣ ਦਾ ਹੁਕਮ ਦਿੱਤਾ ਤਾਂ ਰਾਜੇ ਨੇ ਅੱਖਾਂ ਖੋਲ੍ਹੀਆਂ ਤੇ ਵੇਖਿਆ ਠੱਗ (ਉਸ ਦਾ ਗੁਰੂ) ਤੇ ਭਗਵਾਨ ਦੋਵੇਂ ਉਸ ਦੇ ਸਾਮਣੇ ਖੜੇ ਹਨ। ਰਾਜੇ ਨੇ ਪਹਿਲੇ ਉਸ ਠੱਗ ਦੇ ਚਰਨਾਂ 'ਤੇ ਸਿਰ ਰਖਿਆ ਤੇ ਫਿਰ ਠੱਗ ਦੇ ਕਹਿਣ 'ਤੇ ਭਗਵਾਨ ਦੇ ਚਰਨਾਂ 'ਤੇ ਸਿਰ ਰਖਿਆ, ਮੱਥਾ ਟੇਕਿਆ। ਵੇਖ ਲਵੋ, ਰਾਜੇ ਦੀ ਠੱਗ 'ਤੇ ਸ਼ਰਧਾ ਬੱਝ ਗਈ, ਠੱਗ ਤੇ ਵਿਸ਼ਵਾਸ ਕਰ ਲਿਆ ਅਤੇ ਪ੍ਰਾਪਤੀ ਹੋ ਗਈ, ਭਗਵਾਨ ਦੇ ਦਰਸ਼ਨ ਹੋ ਗਏ ਅਤੇ ਅਸੀਂ ਜੇ ਪੂਰੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਵਿਸ਼ਵਾਸ ਕਰਾਂਗੇ ਤੇ ਕੀ ਸਾਨੂੰ ਪ੍ਰਾਪਤੀ ਨਹੀਂ ਹੋਵੇਗੀ ? ਗੱਲ ਤੇ ਨਿਬੜਦੀ ਹੈ ਵਿਸ਼ਵਾਸ ਨਾਲ।

SIKHBOOKCLUB.COM

ਸਾਡੀ ਹਾਲਤ ਤਾਂ ਇਹ ਹੈ ਕਿ ਸਾਡੇ ਵਿਚੋਂ ਹੀ ਕਈ ਨਰਕਾਂ ਤੋਂ ਡਰਦੇ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਮੇਸ਼ਰ ਕਹਿਣ ਤੋਂ ਡਰਦੇ ਹਨ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਕਤੀ ਉਚਾਰੀ ਸੀ-

*ਜੋ ਹਮ ਕੋ ਪਰਮੇਸਰ ਉਚਰਿਹੈਂ॥*
*ਤੇ ਸਭ ਨਰਕ ਕੁੰਡ ਮਹਿ ਪਰਿਹੈਂ॥*

ਬਾਬਾ ਜੀ ਬਚਨ ਕਰਦੇ ਸਨ ਕਿ ਇਹ ਤੇ ਇਕ ਪਰਚਾ ਸੀ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪਾਇਆ ਸੀ ਕਿ ਦੇਖੀਏ ਕੌਣ ਲਕੀਰ ਟਪਦਾ ਹੈ ਤੇ ਕੌਣ ਨਰਕਾਂ ਦੇ ਡਰ ਤੋਂ ਪਿੱਛੇ ਮੁੜ ਜਾਂਦਾ ਹੈ। ਬਾਬਾ ਜੀ, ਜਿਨ੍ਹਾਂ ਦੀ ਪੂਰਨ ਸ਼ਰਧਾ ਸੀ, ਬੜੇ ਪਿਆਰ 'ਚ ਆ ਕੇ ਕਿਸੇਂ ਅਗੰਮੀ ਲੋਅ ਵਿਚ ਫੁਰਮਾਉਂਦੇ ਸਨ, ਅਸੀਂ ਹਿੱਕ ਥਾਪੜ ਕੇ ਕਹਿੰਦੇ ਹਾਂ ਕਿ ਕਲਗੀਧਰ ਪਾਤਿਸ਼ਾਹ ਆਪ ਪ੍ਰਮੇਸ਼ਰ ਹਨ। ਵੱਧ ਤੋਂ ਵੱਧ ਕੀ ਹੋਏਗਾ, ਨਰਕਾਂ ਵਿਚ ਸੁੱਟੇ ਜਾਵਾਂਗੇ, ਓਇ ਭੋਲਿਓ ! ਜੇ ਨਰਕਾਂ ਵਿਚ ਵੀ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਹੀ ਲੈ ਲਵੋਗੇ ਤਾਂ ਨਰਕ ਵੀ ਠੰਡੇ ਹੋ ਜਾਣਗੇ। ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ-

*'ਕੂਚ ਤੁਹਾਡੇ ਉਤੋਂ ਜਦ ਤੋਂ ਦਿਲ ਨੂੰ ਘੋਲ ਘੁਮਾਇਆ॥*
*ਬਾਗ ਬਹਿਸਤ (ਸੁਰਗ) ਨਿਕੰਮਾ ਸਮਝ ਕੇ ਪੈਰਾਂ ਹੇਠ ਰੁਲਾਇਆ॥*

ਵੇਖ ਲਵੋ, ਉਹ ਵੀ ਹਨ ਜਿਹੜੇ ਲੱਖਾਂ ਸਵਰਗਾਂ ਨੂੰ ਲਤਾੜ ਦੇਂਦੇ ਹਨ ਤੇ ਉਹ ਵੀ ਹਨ ਜਿਹੜੇ ਨਰਕਾਂ ਦੇ ਡਰ ਤੋਂ ਗੁਰੂ ਨੂੰ ਪ੍ਰਮੇਸ਼ਰ ਕਹਿਣ ਤੋਂ ਡਰਦੇ ਹਨ। ਕਬੀਰ ਜੀ ਨੇ ਵੀ ਕਹਿ ਦਿੱਤਾ-

*ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥*
*ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥*

(ਅੰਗ ੧੩੭੦)

ਕਬੀਰ ਜੀ ਸਾਨੂੰ ਵੀ ਸੇਧ ਦੇ ਰਹੇ ਹਨ-

*ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥*

(ਅੰਗ ੩੩੭)

ਗੁਰੂ ਅਰਜਨ ਸਾਹਿਬ ਵੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ-

*ਕਈ ਬੈਕੁੰਠ ਨਾਹੀ ਲਵੈ ਲਾਗੇ॥*
*ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥*

(ਅੰਗ ੧੦੭੮)

ਸ਼ਰਧਾ ਵਾਲੇ ਤਾਂ ਕਹਿੰਦੇ ਹਨ ਕਿ ਜੇ ਗੁਰੂ ਨੂੰ ਪ੍ਰਮੇਸ਼ਰ ਕਹਿਣ ਨਾਲ ਨਰਕਾਂ ਵਿਚ ਸੁੱਟੇ ਜਾਵਾਂਗੇ ਤਾਂ ਉਹ ਨਰਕ ਵੀ ਸਾਨੂੰ ਮੁਬਾਰਕ ਹਨ, ਪਰ ਧਿਰਕਾਰ ਹੈ ਉਨ੍ਹਾਂ ਸਵਰਗਾਂ 'ਤੇ ਜਿਥੇ ਗੁਰੂ ਹੀ ਨਹੀਂ।

ਇਹ ਹੈ ਸ਼ਰਧਾ ਦੀ ਚੌਥੀ ਨਿਸ਼ਾਨੀ ਕਿ ਗੁਰੂ ਵਿਚੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਨੇ। ਦਾਸ ਦੀ ਇਹ ਦਿਲੀ ਖ਼ਾਹਿਸ਼ ਹੈ ਕਿ ਸਾਡੀ ਸਾਰਿਆਂ ਦੀ ਆਪਣੇ ਗੁਰੂ ਸਾਹਿਬ 'ਤੇ ਪ੍ਰਪੱਕ ਭਾਵਨਾ ਬਣੇ ਤੇ ਆਪਣੇ ਗੁਰੂ ਤੋਂ ਇਲਾਵਾ ਕਿਧਰੇ ਹੋਰ ਪ੍ਰਮੇਸ਼ਰ ਲੱਭਣ ਲਈ ਨਾ ਭਟਕੀਏ। ਉਨ੍ਹਾਂ ਖ਼ਿਆਲਾਂ ਤੋਂ ਤੇ ਉਨ੍ਹਾਂ ਅਸ਼ਰਧਕਾਂ ਦੀਆਂ ਵਿਚਾਰਾਂ ਤੋਂ ਦੂਰ ਰਹੀਏ ਜਿਹੜੇ ਗੁਰੂ ਪ੍ਰਤੀ ਸ਼ਰਧਾ ਨੂੰ ਤੋੜਨ। ਕਈ ਵਾਰੀ ਸਾਡੇ ਆਪਣੇ ਖ਼ਿਆਲ ਵੀ ਐਹੋ ਜਿਹੇ ਬਣ ਜਾਂਦੇ ਹਨ ਕਿ ਸਾਨੂੰ ਗੁਰੂ ਛੋਟਾ ਨਜ਼ਰ ਆਉਣ ਲੱਗ ਜਾਂਦਾ ਹੈ। ਕੋਈ ਦਾਤ ਮੰਗੀ ਸੀ, ਮਿਲੀ ਨਹੀਂ, ਇੰਝ ਲੱਗਦਾ ਹੈ ਜਿਵੇਂ ਗੁਰੂ ਸਮਰੱਥ ਨਹੀਂ। ਕਈ ਵਾਰੀ ਸਾਡੇ ਆਪਣੇ ਮਨਾਂ ਵਿਚ ਐਸੇ ਖ਼ਿਆਲ ਬਨਣੇ ਸ਼ੁਰੂ ਹੋ ਜਾਂਦੇ ਹਨ ਕਿ ਪ੍ਰਮੇਸ਼ਰ ਹੋਰ ਹੈ ਤੇ ਗੁਰੂ ਨਾਨਕ ਹੋਰ ਹੈ। ਮੈਂ ਐਵੇਂ ਹੀ ਗੁਰੂ ਨਾਨਕ, ਗੁਰੂ ਨਾਨਕ ਕਰੀ ਜਾਂਦਾ ਹਾਂ, ਮੇਰਾ ਤਾਂ ਪਾਰ ਉਤਾਰ ਹੀ ਨਹੀਂ ਹੋਣਾ। ਜਦੋਂ ਵੀ ਐਹੋ ਜਿਹੇ ਖ਼ਿਆਲ ਮਨ ਵਿਚ ਬਨਣ, ਉਨ੍ਹਾਂ ਖ਼ਿਆਲਾਂ ਨਾਲ

SIKHBOOKCLUB.COM

ਜੰਗ ਲੜਨੀ ਹੈ। ਸ਼ਰਧਾ ਤੇ ਪਿਆਰ ਵਾਲਿਆਂ ਦੀਆਂ ਕਥਾ ਕਹਾਣੀਆਂ ਪੜ੍ਹਨੀਆਂ ਹਨ ਤੇ ਗੁਰੂ ਪ੍ਰਤੀ ਆਪਣੀ ਸ਼ਰਧਾ ਭਾਵਨਾ ਵਿਚ ਕੋਈ ਕਿਰਕ ਜਾਂ ਤ੍ਰੇੜ ਨਹੀਂ ਆਉਣ ਦੇਣੀ ਤੇ ਹਰ ਵੇਲੇ ਗੁਰੂ ਸਾਹਿਬ ਦੇ ਚਰਨਾਂ 'ਚ ਅਰਦਾਸ ਕਰਨੀ ਕਿ ਸਾਨੂੰ ਆਪਣੇ ਚਰਨਾਂ 'ਤੇ ਐਸਾ ਭਰੋਸਾ, ਪਿਆਰ, ਸ਼ਰਧਾ, ਭਾਵਨਾ ਬਖ਼ਸ਼ਣੀ ਕਿ ਅਸੀਂ ਹਮੇਸ਼ਾ ਆਪ ਜੀ ਦੇ ਹੀ ਬਣ ਕੇ ਰਹੀਏ, ਆਪ ਜੀ ਦਾ ਹੀ ਓਟ ਆਸਰਾ ਤੱਕੀਏ, ਕੋਈ ਵੀ ਲਹਿਰ , ਕੋਈ ਵੀ ਵਿਚਾਰ ਜਾਂ ਕੋਈ ਵੀ ਕੁਸੰਗ ਸਾਡੀ ਭਾਵਨਾ ਨੂੰ ਤੋੜ ਨਾ ਸਕਣ।

ਇਹ ਹੈ ਸ਼ਰਧਾ ਦੀ ਚੌਥੀ ਨਿਸ਼ਾਨੀ - ਉਹ ਆਪਣੇ ਗੁਰੂ ਵਿਚੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਦਾ ਹੈ।

ਚਾਰ ਚੀਜ਼ਾਂ ਹੁੰਦੀਆਂ ਹਨ—ਗੁਰੂ ਦਾ ਧਿਆਨ, ਗੁਰੂ ਦੀ ਪੂਜਾ, ਗੁਰੂ ਦੀ ਸਿਫਤ, ਗੁਰੂ ਦੀ ਸੇਵਾ। ਜਿਸ ਦੀ ਗੁਰੂ 'ਤੇ ਸ਼ਰਧਾ ਹੋਵੇ, ਉਹ ਆਪਣੇ ਗੁਰੂ 'ਚ ਹੀ ਧਿਆਨ ਧਰਦਾ ਹੈ। ਰੱਬ ਸਮਝ ਕੇ ਗੁਰੂ ਦੀ ਹੀ ਪੂਜਾ, ਗੁਰੂ ਦੀ ਸਿਫ਼ਤ, ਗੁਰੂ ਦੀ ਸੇਵਾ ਕਰਦਾ ਹੈ।

1. ਧਿਆਨ—ਕਿਸੇ ਵਸਤੂ ਵਿਚ ਮਨ ਜੋੜਨ ਤੇ ਉਸ ਵਿਚ ਮਗਨ ਹੋਣ ਨੂੰ ਧਿਆਨ ਆਖਦੇ ਹਨ। ਆਪਣੇ ਗੁਰੂ ਦੇ ਚਰਨਾਂ ਵਿਚ ਜੁੜਨਾ, ਇਹ ਬਹੁਤ ਵੱਡੀ ਬੰਦਗੀ ਹੈ, ਤਪਾਂ ਸਿਰ ਤਪ ਸਾਰ ਹੈ। ਕੋਈ ਵੀ ਚੀਜ਼ ਤਪਣ ਤੋਂ ਬਗ਼ੈਰ ਆਪਣੀ ਅਸਲੀਅਤ ਵਿਚ ਨਹੀਂ ਆਉਂਦੀ। ਸੋਨਾ ਪਹਿਲਾਂ ਤਪਦਾ ਹੈ, ਫਿਰ ਤੁਹਾਡੇ ਗਲੇ ਦਾ ਸ਼ਿੰਗਾਰ ਬਣਦਾ ਹੈ। ਧਰਤੀ ਤਪਦੀ ਹੈ, ਕਣਕ ਉੱਗੇ ਤੇ ਕਣਕ ਵੀ ਤਪਦੀ ਹੈ। ਜੇ ਕਣਕ ਨੇ ਸੂਰਜ ਦਾ ਤਪ ਨਾ ਸਹਾਰਿਆ ਹੋਵੇ, ਤੁਸੀਂ ਉਸਨੂੰ ਪੁੱਟ ਲਵੋ ਤਾਂ ਉਹ ਕੁਝ ਦਿਨਾਂ ਬਾਅਦ ਸੁੱਕ ਜਾਵੇਗੀ, ਕਿਸੇ ਕੰਮ ਨਹੀਂ ਆਵੇਗੀ। ਤੱਪਣ ਤੋਂ ਬਾਅਦ ਇਸ ਵਿਚ ਲਾਲੀ ਆਉਂਦੀ ਹੈ ਤੇ ਇਹ ਜੀਵਾਂ ਦੀ ਖ਼ੁਰਾਕ ਬਣਦੀ ਹੈ। ਅੰਬ ਦਾ ਬੂਟਾ-ਇਹ ਵੀ ਜਦ ਤਕ ਤਪਸ਼ ਨਾ ਸਹਾਰੇ, ਕੱਚਾ ਹੁੰਦਾ ਹੈ। ਤਪਸ਼ ਸਹਾਰੇ ਫਿਰ ਇਸ ਵਿਚ ਮਿਠਾਸ ਭਰਦੀ ਹੈ। ਸਮੁੰਦਰ ਦਾ ਪਾਣੀ ਸੂਰਜ ਦੀ ਤਪਸ਼ ਸਹਾਰਦਾ ਹੈ, ਫਿਰ ਕਿਰਨਾਂ ਬਣ ਕੇ ਉਡਦਾ ਹੈ ਤਾਂ ਹੀ ਬੱਦਲ ਬਣ ਕੇ ਥਾਂ-ਥਾਂ ਵਰਸਦਾ ਹੈ। ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਸਿਮਰਨ ਕਰਨਾ ਚਾਹੀਦਾ ਹੈ, ਇਹ ਵੀ ਤਪਾਂ ਸਿਰ ਤਪ ਸਰ ਹੈ। ਇਸ ਲਈ ਜ਼ਰੂਰ ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਸਿਮਰਨ ਵਿਚ ਜੁੜਿਆ ਕਰੋ। ਆਪਣੇ ਗੁਰੂ ਨੂੰ ਪ੍ਰਮੇਸ਼ਰ ਜਾਣ ਕੇ ਧਿਆਨ ਧਰਨਾ ਇਹ ਸਭ ਤੋਂ ਸੌਖੀ ਭਗਤੀ ਹੈ। ਬਾਬਾ ਜੀ ਬਚਨ ਕਰਦੇ ਸਨ ਕਿ ਇਕੱਲਾ ਨਾਮ ਜੱਪਣਾ ਸੁੱਕੀ ਖੰਡ ਦੀ ਤਰ੍ਹਾਂ ਹੈ, ਨੁਕਸਾਨ ਪਹੁੰਚਾਏਗੀ ਤੇ ਨਾਮ ਜਪਣ ਦੇ ਨਾਲ ਧਿਆਨ ਧਰਨਾ ਘਿਉ ਵਾਲੀ ਖੰਡ ਹੈ ਜੋ ਫ਼ਾਇਦਾ ਪਹੁੰਚਾਏਗੀ। ਜ਼ਰੂਰ ਆਪਣੇ ਮਨਾਂ 'ਤੇ ਝਾਤੀ ਪਾਇਓ ਕਿ ਜੋ ਨਿਤਨੇਮ ਕਰਦੇ ਹੋ,

ਬਾਣੀ ਪੜ੍ਹਦੇ ਹੋ, ਸਿਮਰਨ ਕਰਦੇ ਹੋ, ਧਿਆਨ ਕਿੱਥੇ ਧਰਦੇ ਹੋ। ਕਿਸ ਨੂੰ ਕਹਿ ਰਹੇ ਹੋ-

*ਅੰਤੁ ਨ ਸਿਫਤੀ ਕਹਣਿ ਨ ਅੰਤੁ॥*

ਕਿਸ ਨੂੰ ਮੁਖ਼ਾਤਿਬ ਕਰ ਰਹੇ ਹੋ-

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*
*ਸੋਹਣੇ ਨਕ ਜਿਨ ਲੰਮੜੇ ਵਾਲਾ॥*
*ਕੰਚਨ ਕਾਇਆ ਸੁਇਨੇ ਕੀ ਢਾਲਾ॥*

ਗੁਰੂ ਦੇ ਚਰਨ ਸਿੱਖ ਦਾ ਕੇਂਦਰ ਹਨ, ਜਿਸ ਕੋਲ ਕੇਂਦਰ ਹੀ ਨਹੀਂ, ਉਹ ਰੁਲਦਾ-ਫਿਰਦਾ ਹੈ। ਜਿਵੇਂ ਸੂਰਜ ਕੋਲ ਇਕ ਕੇਂਦਰ ਹੈ ਜਿਸ ਦੇ ਆਲੇ ਦੁਆਲੇ ਉਹ ਘੁੰਮਦਾ ਹੈ। ਜੇ ਉਸ ਨੇ ਕੇਂਦਰ ਨਾ ਪਕੜਿਆ ਹੋਵੇ ਫਿਰ ਸਹੀ ਢੰਗ ਨਾਲ ਨਹੀਂ ਘੁੰਮ ਸਕੇਗਾ, ਅੱਗੇ ਪਿੱਛੇ ਹੁੰਦਾ ਰਹੇਗਾ। ਚੰਦ੍ਰਮਾ ਦੇ ਕੋਲ ਵੀ ਕੇਂਦਰ ਹੈ ਤਾਂ ਹੀ ਪੂਰੇ ਵਕਤ ਨਾਲ ਆਪਣੀ ਕਾਰਵਾਈ ਕਰ ਰਿਹਾ ਹੈ। ਇਸੇ ਤਰ੍ਹਾਂ ਜਿਸ ਸਿੱਖ ਕੋਲ ਵੀ ਆਪਣੇ ਗੁਰੂ ਦੇ ਚਰਨਾਂ ਦਾ ਕੇਂਦਰ ਨਹੀਂ, ਉਹ ਕਦੀ ਕਿਧਰੇ ਰੁਲਦਾ-ਫਿਰਦਾ ਹੈ ਤੇ ਕਦੀ ਕਿਧਰੇ। ਸਾਡੇ ਕੋਲ ਵੀ ਜਦੋਂ ਕੇਂਦਰ ਆ ਜਾਵੇਗਾ ਫਿਰ ਸਾਡੀ ਜ਼ਿੰਦਗੀ ਦਾ ਦਾਇਰਾ ਟਿਕਾਣੇ ਲਗ ਜਾਵੇਗਾ। ਗੁਰੂ ਦੇ ਚਰਨ ਸਾਡੇ ਲਈ ਕੇਂਦਰ ਹਨ। ਕੋਈ '੧ਓ' ਵਿਚ ਬਿਰਤੀ ਲਾਵੇ, 'ਵਾਹਿਗੁਰੂ' ਸ਼ਬਦ ਦੇ ਅੱਖਰ ਵਿਚ ਲਾਵੇ।

SIKHBOOKCLUB.COM

ਜਿਥੇ ਮਰਜ਼ੀ ਗੁਰੂ ਦੇ ਚਰਨ ਸਮਝ ਕੇ ਬਿਰਤੀ ਲਾਵੋ, ਉਸ ਨੂੰ ਸਭ ਪ੍ਰਵਾਨ ਹੈ।

*"ਨਿਰਗੁਣੁ ਸਰਗੁਣੁ ਆਪੇ ਸੋਈ॥*

(ਅੰਗ ੧੨੮)

ਮਨੁੱਖੀ ਮਨ ਹਰ ਸਮੇਂ ਕਿਸੇ ਨਾ ਕਿਸੇ ਚੀਜ਼ ਦਾ ਧਿਆਨ ਧਰਦਾ ਰਹਿੰਦਾ ਹੈ। ਇਸ ਦੇ ਅੰਦਰ 24 ਘੰਟੇ ਚੰਗੇ-ਮੰਦੇ ਖ਼ਿਆਲ ਚਲਦੇ ਰਹਿੰਦੇ ਹਨ। ਉਨਾਂ ਖ਼ਿਆਲਾਂ ਨੂੰ ਅਸੀਂ ਰੋਕ ਨਹੀਂ ਸਕਦੇ। ਹਰੇਕ ਹਿਰਦਾ ਕਿਸੇ ਨਾ ਕਿਸੇ ਖ਼ਿਆਲ ਵਿਚ ਡੁੱਬਿਆ ਰਹਿੰਦਾ ਹੈ। ਕਦੀ ਕਿਸੇ ਦੀ ਭਲਾਈ ਸੋਚ ਰਿਹਾ ਹੁੰਦਾ ਹੈ ਤੇ ਕਦੀ ਬੁਰਿਆਈ। ਕਦੇ ਆਪਣੇ ਕਾਰੋਬਾਰ ਬਾਰੇ ਸੋਚਦਾ ਹੈ ਤੇ ਕਦੀ ਆਪਣੇ ਪ੍ਰਵਾਰ ਬਾਰੇ, ਬੱਚਿਆਂ ਬਾਰੇ। ਅਸੀਂ ਇਨ੍ਹਾਂ ਸਾਰੇ ਨਿਰਾਰਥਕ ਖ਼ਿਆਲਾਂ ਵਲੋਂ ਆਪਣੇ ਮਨ ਨੂੰ ਮੋੜ ਕੇ ਆਪਣੇ ਧਿਆਨ ਵਿਚ ਸਾਰਥਕ ਸੰਕਲਪ ਗੁਰੂ ਦੇ ਚਰਨ, ਬਾਣੀ ਦੀ ਵਿਚਾਰ ਨੂੰ ਥਾਂ ਦੇਣੀ ਹੈ। ਨਿਰਾਰਥਕ ਵਿਚਾਰਾਂ ਨੂੰ ਪਾਸੇ ਕਰ ਕੇ ਗੁਰਬਾਣੀ, ਗੁਰਮੰਤ੍ਰ ਗੁਰੂ ਦੇ ਚਰਨਾਂ ਨੂੰ ਮਨ ਵਿਚ ਵਸਾਉਣਾ ਹੈ। ਜਿਸ ਦਾ ਧਿਆਨ ਗੁਰੂ ਦੇ ਚਰਨਾਂ ਵਿਚ ਜੁੜ ਜਾਵੇ, ਉਹ ਗੁਰਮੁਖ ਬਣ ਜਾਂਦਾ ਹੈ,

ਤੇ ਫਿਰ ਉਹ ਸਦਾ ਹੀ ਚੜ੍ਹਦੀ ਕਲਾ ਵਿਚ ਰਹਿੰਦਾ ਹੈ ਤੇ ਅਨੰਦਿਤ ਜੀਵਨ ਬਿਤਾਉਂਦਾ ਹੈ। ਬਾਬਾ ਈਸ਼ਰ ਸਿੰਘ ਜੀ ਫੁਰਮਾਉਂਦੇ ਸਨ ਕਿ ਧਿਆਨ ਵੇਲੇ ਬਿਰਤੀ ਇਹੋ ਜਿਹੀ ਹੋਣੀ ਚਾਹੀਦੀ ਹੈ ਕਿ ਜਿਵੇਂ ਕੋਈ ਬਹੁਤ ਜ਼ਰੂਰੀ ਚਿੱਠੀ ਪੜ੍ਹ ਰਹੇ ਹੋਈਏ ਜਾਂ ਹਿਸਾਬ ਕਿਤਾਬ ਕਰ ਰਹੇ ਹੋਈਏ ਤੇ ਪੂਰੀ ਰੀਝ ਨਾਲ ਕਰਦੇ ਹਾਂ ਤੇ ਕਹਿੰਦੇ ਹਾਂ ਕਿ ਸਾਨੂੰ ਵਿਚ ਕੋਈ ਬੁਲਾਵੇ ਨਾ।

ਜਿਸ ਚੀਜ਼ ਦਾ ਕੋਈ ਧਿਆਨ ਧਰਦਾ ਹੈ, ਉਹ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਗੁਰੂ ਦਾ ਧਿਆਨ ਧਰਦੇ-ਧਰਦੇ ਜੀਵ-ਆਤਮਾ ਪ੍ਰਮਾਤਮਾ ਨਾਲ ਹੌਲੀ-ਹੌਲੀ ਇਕ-ਮਿਕ ਹੋ ਜਾਂਦੀ ਹੈ, ਕਿਉਂਕਿ ਗੁਰੂ ਹੀ ਪ੍ਰਮੇਸ਼ਰ ਹੈ ਤੇ ਇਹੀ ਮਨੁੱਖੀ ਜੀਵਨ ਦੀ ਮੰਜ਼ਿਲ ਹੈ। ਸਾਰੀ ਭਗਤੀ, ਸਾਰੀ ਘਾਲਣਾ, ਸਾਰੀ ਭਾਲ ਇਸ ਲਈ ਹੈ ਕਿ ਪ੍ਰਮਾਤਮਾ ਨਾਲ ਐਸਾ ਜੁੜਨਾ ਕਿ ਉਸ ਨਾਲ ਇਕ-ਮਿਕ ਹੀ ਹੋ ਜਾਣਾ। ਜੋ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਂਦਾ ਹੈ ਫਿਰ ਉਹ ਉਸ ਦਾ ਹੀ ਰੂਪ ਬਣ ਜਾਂਦਾ ਹੈ ਤੇ ਕਦੀ ਵੀ ਉਸ ਤੋਂ ਵਿਛੁੜਦਾ ਨਹੀਂ। ਮਨੁੱਖਾ ਜੀਵਨ ਦਾ ਅਸਲ ਇਹੀ ਮਨੋਰਥ ਹੈ।

ਕਈ ਕਹਿ ਦੇਂਦੇ ਹਨ ਕਿ ਗੁਰੂ ਦੇ ਸਰੂਪ ਦਾ ਧਿਆਨ ਨਹੀਂ ਧਰਨਾ ਚਾਹੀਦਾ। ਬੇੜਾ ਤਾਂ ਨਾਮ ਨੇ ਪਾਰ ਕਰਨਾ ਹੈ। ਬਾਬਾ ਜੀ ਸੁਮੱਤ ਦੇਂਦੇ ਸਨ ਤੇ ਕਹਿੰਦੇ ਸਨ ਕਿ ਭਾਵੇਂ ਬੇੜੇ ਨਾਮ ਨੇ ਹੀ ਪਾਰ ਕਰਨੇ ਹਨ ਪਰ ਨਾਮ ਨੂੰ ਯਾਦ ਕਰਨ ਵਾਸਤੇ ਵੀ ਤਾਂ ਕੋਈ ਬਿੱਧ ਬਣਾਉਣੀ ਹੈ। ਬੱਚੇ ਨੂੰ ਪੜ੍ਹਾਈ ਕਰਾਉਣ ਵਾਸਤੇ ਕੋਈ ਕਾਇਦਾ ਹੁੰਦਾ ਹੈ, ਕਾਇਦੇ ਦੇ ਉਪਰ 'ੳ, ਅ, ੲ' ਵੀ ਲਿਖਿਆ ਹੁੰਦਾ ਹੈ ਤੇ ਨਾਲ ਹੀ ਊ-ਊਠ ਵੀ ਲਿਖਿਆ ਹੈ ਤੇ ਨਾਲ ਊਠ ਦੀ ਤਸਵੀਰ ਵੀ ਬਣਾਈ ਹੁੰਦੀ ਹੈ। ਉਸ ਤਸਵੀਰ ਨੂੰ ਬਨਾਉਣ ਪਿਛੇ ਭਾਵ ਤਾਂ ਸਿਰਫ ਇਹੀ ਹੁੰਦਾ ਹੈ ਕਿ ਫੋਟੋ ਨੂੰ ਵੇਖ ਕੇ ਅੱਖਰ ਯਾਦ ਆ ਜਾਵੇ (ਊਠ ਦੀ ਫੋਟੋ ਜਦ ਬੱਚਾ ਵੇਖੇ ਤੇ 'ੳ' ਸ਼ਬਦ ਯਾਦ ਆ ਜਾਵੇ) ਪੜ੍ਹਾਈ ਤਾਂ ਅੱਖਰਾਂ ਦੀ ਹੀ ਕਰਾਉਣੀ ਹੁੰਦੀ ਹੈ। ਇਸੇ ਤਰ੍ਹਾਂ ਬੇੜਾ ਤਾਂ ਨਾਮ ਨੇ ਹੀ ਪਾਰ ਕਰਨਾ ਹੈ ਪਰ ਜਿਸ ਦੇ ਸਦਕੇ ਨਾਮ ਯਾਦ ਆ ਜਾਵੇ, ਉਸ ਤੋਂ ਵੀ ਬਲਿਹਾਰ ਜਾਣਾ ਹੈ। ਗੁਰੂ ਦੇ ਸਰੂਪ ਦਾ ਧਿਆਨ, ਬਿਰਤੀ ਦੀ ਇਕਾਗਰਤਾ ਲਈ, ਆਪਣੇ ਪ੍ਰੀਤਮ ਦੀ ਯਾਦ ਮਨ ਵਿਚ ਰੱਖਣ ਲਈ ਹੈ, ਗੁਰੂ ਦੇ ਚਰਨ ਨੇਤ੍ਰਾਂ ਵਿਚ, ਹਿਰਦੇ ਵਿਚ ਵਸਾਉਣ ਲਈ ਹੈ। ਗੁਰੂ ਦੇ ਸਰੂਪ ਦੇ ਦਰਸ਼ਨ ਮਨ ਦੀ ਬਿਰਤੀ ਨੂੰ ਜੋੜਨ ਲਈ ਬਹੁਤ ਜਰੂਰੀ ਹਨ ਤਾਂ ਕਿ ਸਾਡਾ ਧਿਆਨ ਗੁਰੂ ਦੇ ਚਰਨਾਂ ਵਿਚ ਜੁੜਿਆ ਰਹੇ। ਕਈ ਕਹਿ ਦੇਂਦੇ ਹਨ ਕਿ ਧਿਆਨ ਗੁਰ-ਸ਼ਬਦ ਦਾ ਕਰਨਾ ਚਾਹੀਦਾ ਹੈ ਪਰ ਬਾਬਾ ਜੀ ਬਚਨ ਕਰਦੇ ਸਨ ਕਿ ਸ਼ਬਦ ਦਾ ਧਿਆਨ ਹਰ ਕੋਈ ਨਹੀਂ ਕਰ ਸਕਦਾ, ਗੁਰੂ ਦੇ ਸਰੂਪ-ਗੁਰੂ ਦੇ ਚਰਨਾਂ ਦਾ ਧਿਆਨ ਕਰਨਾ ਸੌਖਾ ਹੁੰਦਾ ਹੈ। ਬਾਬਾ ਜੀ ਦੇ ਬਚਨ ਸਨ ਕਿ ਜਾਪ ਕਰਨਾ ਹੈ 'ਵਾਹਿਗੁਰੂ' ਦਾ ਤੇ ਧਿਆਨ ਕਰਨਾ ਹੈ ਗੁਰੂ ਨਾਨਕ ਦੇ ਚਰਨਾਂ ਦਾ। (ਵਾਹਿਗੁਰੂ ਜਪਣ

ਨਾਲ ਚਾਰੇ ਜੁਗਾਂ ਦੇ ਨਾਮ ਮਹਾਤਮ ਤੋਂ ਵੱਡਾ ਮਹਾਤਮ ਮਿਲ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ 'ਵ, ਹ, ਗ, ਰ' ਦੇ ਹਰੇਕ ਅਖਰ ਨੂੰ ਲਿਆਉਣ ਵਾਸਤੇ 9-9 ਜੁਗਾਂ ਭਗਤੀ ਕੀਤੀ, ਇਸ ਤਰ੍ਹਾਂ 36 ਜੁਗਾਂ ਦੇ ਤਪ ਦਾ ਫਲ 'ਵਾਹਿਗੁਰੂ' ਨਾਮ ਵਿਚ ਹੈ।) ਕਈ ਜਗਿਆਸੂ ਗੁਰੂ ਦੀ ਮੂਰਤ, ਚਿਹਰੇ ਜਾਂ ਅੱਖਾਂ ਦਾ ਧਿਆਨ ਧਰਦੇ ਹਨ, ਪਰ ਬਾਬਾ ਜੀ ਸੁਮੱਤ ਦੇਂਦੇ ਸਨ ਕਿ ਦਰਸ਼ਨ ਚਿਹਰੇ ਦਾ ਕਰੋ, ਪਰ ਧਿਆਨ ਚਰਨਾਂ ਦਾ ਰਖੋ, ਇਸ ਨਾਲ ਨਿਮ੍ਰਤਾ ਤੇ ਅਧੀਨਗੀ ਆਉਂਦੀ ਹੈ। ਚਰਨਾਂ ਦਾ ਧਿਆਨ ਧਰਨ ਨਾਲ ਮਿਹਨਤ ਥੋੜੀ ਤੇ ਮਹਾਤਮ ਬਹੁਤ ਜ਼ਿਆਦਾ ਮਿਲਦਾ ਹੈ। ਬਾਬਾ ਜੀ ਸੁਮੱਤ ਦੇਂਦੇ ਸਨ ਕਿ ਚਰਨਾਂ ਵਿਚ ਜੋ 'ਪਦਮ' ਹੈ ਉਸ ਦਾ ਧਿਆਨ ਕਰਨਾ ਚਾਹੀਦਾ ਹੈ। ਬਾਬਾ ਜੀ ਇਹ ਗੱਲ ਦਾਅਵੇ ਨਾਲ ਕਹਿੰਦੇ ਸਨ ਕਿ ਜਿਸਦਾ ਨਿਸ਼ਾਨਾ ਸਹੀ ਹੋ ਗਿਆ, ਗੁਰੂ ਨਾਨਕ ਸਾਹਿਬ ਉਸ ਨਾਲ ਬਚਨ ਵੀ ਕਰਨਗੇ।

ਕੋਈ ਬਜ਼ੁਰਗ ਸਨ। ਉਹ ਪਹਿਲੇ ਮੱਥੇ ਵਿਚ ਧਿਆਨ ਧਰਦੇ ਸਨ। ਕਈ ਸਾਲ ਕਠਿਨ ਤਪੱਸਿਆ ਕਰਦੇ ਰਹੇ ਪਰ ਕੋਈ ਪ੍ਰਾਪਤੀ ਨਾ ਹੋਈ। ਅਖ਼ੀਰ ਬਾਬਾ ਜੀ ਕੋਲੋਂ ਸੁਮੱਤ ਲੈ ਕੇ ਚਰਨਾਂ ਵਿਚ ਪਦਮ ਦਾ ਧਿਆਨ ਕਰਨਾ ਸ਼ੁਰੂ ਕੀਤਾ। ਇੰਨੀ ਕਿਰਪਾ ਹੋ ਗਈ ਕਿ ਕੁਝ ਕੁ ਹਫ਼ਤਿਆਂ ਬਾਅਦ ਹੀ ਗੁਰੂ ਨਾਨਕ ਸਾਹਿਬ ਨਾਲ ਪ੍ਰਤੱਖ ਬਚਨ ਬਿਲਾਸ ਵੀ ਹੋ ਗਏ। ਉਨ੍ਹਾਂ ਫਿਰ ਬਾਬਾ ਜੀ ਨੂੰ ਪੁੱਛਿਆ ਕਿ ਬਾਬਾ ਜੀ ਪ੍ਰਾਪਤੀ ਹੋਣ ਤੋਂ ਬਾਅਦ ਵੀ 'ਧਿਆਨ' ਧਰਨਾ ਜਰੂਰੀ ਹੈ। ਬਾਬਾ ਜੀ ਨੇ ਉੱਤਰ ਦਿੱਤਾ, ਉਸ ਤੋਂ ਆਪਣੇ ਲਈ ਵੀ ਸੇਧ ਲੈਣਾ। ਬਾਬਾ ਜੀ ਕਹਿੰਦੇ ਹਨ ਕਿ ਜਦੋਂ ਇਸਤ੍ਰੀ ਦੇ ਬੱਚਾ ਪੈਦਾ ਹੋ ਜਾਵੇ ਤਾਂ ਕੀ ਉਹ ਆਪਣੇ ਪਤੀ ਨੂੰ ਛੱਡ ਦੇਂਦੀ ਹੈ ? ਇਸ਼ਾਰਾ ਸਮਝਿਓ ਕਿ ਪ੍ਰਾਪਤੀ ਲਈ ਵੀ ਧਿਆਨ ਗੁਰੂ ਦੇ ਚਰਨਾਂ ਦਾ ਹੀ ਧਰਨਾ ਹੈ ਤੇ ਪ੍ਰਾਪਤੀ ਹੋਣ ਦੇ ਬਾਅਦ ਵੀ ਧਿਆਨ ਗੁਰੂ ਸਾਹਿਬ ਦੇ ਚਰਨਾਂ ਵਿਚ ਹੀ ਟਿਕਾਉਣਾ ਹੈ। ਬਾਬਾ ਜੀ ਤਾਂ ਇਥੋਂ ਤਕ ਬਚਨ ਕਰਦੇ ਸਨ ਕਿ ਜਦੋਂ ਕੋਈ ਵੀ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਵੀ ਦਿਮਾਗ਼ 'ਤੇ ਹਾਵੀ ਹੋ ਜਾਵੇ, ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਸੁਰਤੀ ਨਾਲ ਧਰੋ, ਸ਼ਬਦ ਦਾ ਜਾਪ ਕਰੋ, ਇਹ ਸਾਰੀਆਂ ਲਹਿਰਾਂ ਆਪਣੇ ਆਪ ਕੰਟਰੋਲ ਹੋ ਜਾਣਗੀਆਂ। ਬਾਬਾ ਜੀ ਇੱਥੋਂ ਤਕ ਕਹਿੰਦੇ ਸਨ ਕਿ ਜੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ, ਸੇਵਾ ਨਹੀਂ ਕਰ ਸਕਦੇ ਤਾਂ ਸੋਹਣਾ ਸੁੱਚਾ ਆਸਣ ਵਿਛਾ ਕੇ ਗੁਰੂ ਨਾਨਕ ਸਾਹਿਬ ਦਾ ਸਰੂਪ ਰੱਖ ਲਵੋ, ਉਸ ਦੇ ਸਵੇਰੇ ਉਠ ਕੇ ਦਰਸ਼ਨ ਕਰੋ, ਉਸ ਸਰੂਪ ਦਾ ਧਿਆਨ ਧਰੋ, ਤੇ ਕਮਾਈ ਸ਼ਬਦ ਦੀ ਕਰੋ। ਧਿਆਨ ਵਿਚ ਕਮਾਲ ਦੀ ਤਾਕਤ ਹੈ। ਜਿਸ ਦਾ ਧਿਆਨ ਪ੍ਰਪੱਕ ਹੋ ਜਾਵੇ, ਉਹ ਪਤਾ ਨਹੀਂ ਕਿਤਨੇ-ਕਿਤਨੇ ਕਾਰਜ ਗੁਰੂ ਕੋਲੋਂ ਪਿਆਰ ਵਿਚ ਕਰਵਾ ਲੈਂਦੇ ਹਨ।

ਵੇਖੋ ਧਰਿਆ ਸੀ ਧਿਆਨ ਭਾਈ ਬਿਧੀ ਚੰਦ ਜੀ ਨੇ, ਪੱਟੀ ਸ਼ਹਿਰ ਵਿਚ ਜਦੋਂ ਦੁਸ਼ਾਲੇ ਲੈ ਕੇ ਆ ਰਹੇ ਸਨ ਤਾਂ ਸਾਰੇ ਗੇਟ ਬੰਦ ਹੋ ਗਏ, ਸ਼ਹਿਰ ਵਿਚ ਕਿਧਰੇ ਜਗ੍ਹਾ ਨਾ ਲੱਭੇ ਲੁਕਣ ਵਾਸਤੇ। ਇਕ ਭੱਠੀ ਨਜ਼ਰ ਆਈ। ਜਦੋਂ ਉਸ ਭੱਠੀ ਵਾਲੇ ਨੂੰ ਕੋਈ ਲੁੱਕਣ ਵਾਸਤੇ ਜਗ੍ਹਾ ਪੁੱਛੀ ਤਾਂ ਉਹ ਕਹਿੰਦਾ ਹੈ ਕਿ ਮੇਰੇ ਕੋਲ ਤੇ ਇਹ ਭੱਠੀ ਹੈ, ਇਸ ਦੇ ਵਿਚ ਲੁੱਕਣਾ ਹੈ ਤਾਂ ਲੁੱਕ ਜਾ। ਭੱਠੀ 'ਚ ਅੱਗ ਬਲ ਰਹੀ ਸੀ। ਜਦੋਂ ਬਿਧੀ ਚੰਦ ਨੇ ਵੇਖਿਆ ਕਿ ਹੋਰ ਕੋਈ ਚਾਰਾ ਨਹੀਂ ਹੈ, ਇਹ ਬਲਦੀ ਭੱਠੀ ਹੀ ਇਕ ਐਸੀ ਜਗ੍ਹਾ ਹੈ, ਜਿਥੇ ਲੁੱਕਿਆ ਜਾ ਸਕਦਾ ਹੈ, ਤਾਂ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰਿਆ ਤੇ ਬਲਦੀ ਭੱਠੀ ਵਿਚ ਛਾਲ ਮਾਰ ਦਿੱਤੀ। ਇਤਿਹਾਸ ਲਿਖਦਾ ਹੈ ਕਿ ਉਧਰ ਛੇਵੇਂ ਪਾਤਿਸ਼ਾਹ, ਸਿੱਖਾਂ ਨੂੰ ਕਹਿੰਦੇ ਹਨ ਕਿ ਪਾਣੀ ਦੀਆਂ ਬਾਲਟੀਆਂ ਲਿਆ ਕੇ ਸਾਡੇ ਸਰੀਰ 'ਤੇ ਪਾਈ ਜਾਵੋ। ਇਤਿਹਾਸ 'ਚ ਲਿਖਿਆ ਹੈ ਕਿ ਸਤਿਗੁਰੂ ਸੱਚੇ ਪਾਤਿਸ਼ਾਹ ਨੇ ਤਦ ਤਕ ਆਪਣੇ ਸਰੀਰ 'ਤੇ ਪਾਣੀ ਦੀਆਂ ਬਾਲਟੀਆਂ ਪੁਆਣੀਆਂ ਬੰਦ ਨਹੀਂ ਕੀਤੀਆਂ ਜਦ ਤਕ ਭੱਠੀ ਠੰਢੀ ਨਹੀਂ ਹੋਈ। ਇੰਨੀ ਤਾਕਤ ਹੈ ਧਿਆਨ ਵਿਚ।

ਗੁਰੂ ਨਾਨਕ ਸਾਹਿਬ ਵੇਲੇ ਦੀ ਵਾਰਤਾ ਹੈ ਕਿ ਇਕ ਵਾਰੀ ਗੁਰੂ ਨਾਨਕ ਸਾਹਿਬ ਤੇ ਭਾਈ ਮਰਦਾਨਾ ਤੁਰੇ ਜਾ ਰਹੇ ਸਨ ਕਿ ਇਕ ਦਮ ਮਰਦਾਨਾ ਹੈਰਾਨ ਹੋ ਕੇ ਗੁਰੂ ਸਾਹਿਬ ਨੂੰ ਕਹਿਣ ਲੱਗਾ, ਸਤਿਗੁਰੂ ! ਹੁਣੇ ਤੇ ਤੁਹਾਡੇ ਚਰਨ ਬਿਲਕੁਲ ਠੀਕ ਸਨ ਪਰ ਇਹ ਅਚਾਨਕ ਇਨ੍ਹਾਂ ਵਿਚੋਂ ਖ਼ੂਨ ਕਿਵੇਂ ਸਿੰਮਣਾ ਸ਼ੁਰੂ ਹੋ ਗਿਆ। ਗੁਰੂ ਸਾਹਿਬ ਕਹਿੰਦੇ ਹਨ, ਕਲ ਜਿਹੜਾ ਆਜੜੀਆਂ ਦਾ ਮੁੰਡਾ ਮਿਲਿਆ ਸੀ, ਉਸ ਨੇ ਸਾਡੇ ਚਰਨ ਹਿਰਦੇ ਵਿਚ ਵਸਾ ਲਏ ਹਨ। ਉਹ ਚਰਾ ਤਾਂ ਬੱਕਰੀਆਂ ਰਿਹਾ ਹੈ ਪਰ ਧਿਆਨ ਉਸ ਦਾ ਸਾਡੇ ਚਰਨਾਂ ਵਿਚ ਜੁੜਿਆ ਹੈ। ਐਸਾ ਚਰਨਾਂ ਦੇ ਧਿਆਨ ਵਿਚ੍ਹ ਮਗਨ ਤੁਰਿਆ ਜਾ ਰਿਹਾ ਹੈ ਕਿ ਉਸ ਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਤੁਰਦੇ-ਤੁਰਦੇ ਕੰਡਿਆਂ ਦੀ ਵਾੜ ਵਿਚ ਵੜ ਗਿਆ ਹੈ। ਉਹ ਗਲ ਬਣ ਗਈ-

*ਭਇਆ ਦਿਵਾਨਾ ਸਾਹ ਕਾ.....*

(ਅੰਗ ੯੯੧)

ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਦਾ ਧਿਆਨ ਸਾਡੇ ਚਰਨਾਂ ਵਿਚ ਹੋਣ ਕਾਰਨ, ਕੰਡੇ ਚੁੱਭਣ ਦਾ ਜਿਹੜਾ ਕਸ਼ਟ ਹੈ, ਉਹ ਸਾਡੇ ਚਰਨਾਂ 'ਚ ਆ ਰਿਹਾ ਹੈ, ਉਸ ਨੂੰ ਨਹੀਂ ਹੋ ਰਿਹਾ। ਇਕ ਨਹੀਂ, ਬੜੀਆਂ ਹੀ ਸਾਖੀਆਂ ਹਨ।

ਭੀਮ ਚੰਦ ਦੇ ਵਜ਼ੀਰ ਦੇਵੀ ਚੰਦ ਦੀਆਂ ਅੱਖਾਂ ਵਿਚ ਸੂਏ ਗਰਮ ਕਰਕੇ ਖੋਭਣ ਦਾ ਤੇ ਪਹਾੜੀ ਤੋਂ ਥੱਲੇ ਸੁੱਟਣ ਦਾ ਹੁਕਮ ਸੀ ਸਿਪਾਹੀਆਂ ਨੂੰ ਕਿਉਂਕਿ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਫਤ ਕੀਤੀ ਸੀ। ਹੁਣ ਸਿਪਾਹੀ ਉਸ ਦੇ ਵਾਕਫ ਸਨ, ਅਧੀਨ

ਸਨ ਪਰ ਮਜਬੂਰ ਸਨ। ਕਹਿੰਦੇ ਸਨ ਕਿ ਸਾਨੂੰ ਬਾਦਸ਼ਾਹ ਦਾ ਹੁਕਮ ਤਾਂ ਮੰਨਣਾ ਹੀ ਪੈਣਾ ਹੈ। ਸੂਏ ਤਾਂ ਅਸੀਂ ਖੋਭ ਦੇਂਦੇ ਹਾਂ ਪਰ ਪਹਾੜੀ ਤੋਂ ਧੱਕਾ ਮਾਰ ਕੇ ਸੁੱਟਾਂਗੇ ਨਹੀਂ। ਉਹ ਸਿਪਾਹੀਆਂ ਨੂੰ ਕਹਿੰਦਾ ਹੈ ਕਿ ਜੇ ਤੁਸੀਂ ਮੇਰੇ 'ਤੇ ਰਿਆਇਤ ਕਰ ਹੀ ਰਹੇ ਹੋ ਤਾਂ ਫਿਰ ਜਦੋਂ ਮੈਂ ਤੁਹਾਨੂੰ ਆਪਣਾ ਸੱਜਾ ਹੱਥ ਉਪਰ ਚੁੱਕ ਕੇ ਇਸ਼ਾਰਾ ਦੇਵਾਂਗਾ, ਉਸ ਸਮੇਂ ਤੁਸੀਂ ਸੂਏ ਖੋਭਣਾ। ਹੁਣ ਦੇਵੀ ਚੰਦ ਚੌਂਕੜੀ ਮਾਰ ਕੇ ਬੈਠ ਗਿਆ ਤੇ ਧਿਆਨ ਲੈ ਗਿਆ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਤੇ ਬੇਨਤੀ ਕੀਤੀ, ਸਤਿਗੁਰੂ ! ਹੁਣ ਤੁਸੀਂ ਹੀ ਮੈਨੂੰ ਬਚਾ ਸਕਦੇ ਹੋ, ਮੇਰੀ ਰਾਖੀ ਕਰ ਸਕਦੇ ਹੋ। ਜਦੋਂ 3-4 ਮਿੰਟ ਉਸ ਦੀ ਬਿਰਤੀ ਜੁੜ ਗਈ ਤੇ ਚਰਨਾਂ 'ਚ ਧਿਆਨ ਪ੍ਰਪੱਕ ਹੋ ਗਿਆ, ਤਾਂ ਉਸ ਨੇ ਆਪਣਾ ਸੱਜਾ ਹੱਥ ਚੁੱਕ ਕੇ ਸੂਏ ਖੋਭਣ ਦਾ ਇਸ਼ਾਰਾ ਦੇ ਦਿੱਤਾ ਤੇ ਆਪ ਚਰਨਾਂ 'ਤੇ ਧਿਆਨ ਵਿਚ ਹੀ ਜੁੜ ਕੇ ਬੈਠਾ ਰਿਹਾ। ਸਿਪਾਹੀਆਂ ਨੇ ਗਰਮ ਸੂਏ ਉਸ ਦੀਆਂ ਅੱਖਾਂ ਵਿਚ ਖੋਭ ਦਿੱਤੇ ਤੇ ਸੋਚਿਆ ਕਿ ਆਪੇ ਹੀ ਡਿੱਗ ਪਏਗਾ, ਅਸੀਂ ਧੱਕਾ ਨਹੀਂ ਮਾਰਦੇ।

ਉਹ ਸੂਏ ਖੋਭ ਕੇ ਚਲੇ ਗਏ ਪਰ ਥੋੜੀ ਦੇਰ ਬਾਅਦ ਦੇਵੀ ਚੰਦ ਨੇ ਜਦੋਂ ਅੱਖਾਂ ਖੋਲ੍ਹੀਆਂ ਤਾਂ ਬਿਲਕੁਲ ਠੀਕ-ਠਾਕ ਸੀ। ਬੜਾ ਹੈਰਾਨ ਕਿ ਉਹ ਕਸ਼ਟ ਸੂਏ ਖੁੱਭਣ ਦਾ ਕਿਥੇ ਗਿਆ। ਕੀ ਉਹ ਸਭ ਇਕ ਸੁਪਨਾ ਸੀ। ਹੁਣ ਜਦੋਂ ਆਪਣੇ ਆਪ ਨੂੰ ਬਿਲਕੁਲ ਠੀਕ-ਠਾਕ ਵੇਖਿਆ ਤਾਂ ਮਨ ਵਿਚ ਕਲਗੀਆਂ ਵਾਲੇ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋ ਗਈ। ਜਦੋਂ ਕਲਗੀਆਂ ਵਾਲੇ ਦੇ ਦਰਸ਼ਨ ਕਰਨ ਲਈ ਅਨੰਦਪੁਰ ਪਹੁੰਚਿਆ ਤੇ ਉਥੇ ਜਾ ਕੇ ਸੇਵਦਾਰ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਦੇ ਦਰਸ਼ਨ ਕਰਨ ਦੀ ਮਨ ਵਿਚ ਬਹੁਤ ਇੱਛਾ ਹੈ। ਸੇਵਾਦਾਰ ਕਹਿਣ ਲੱਗਾ, ਸਤਿਗੁਰੂ ਦੇ ਚਰਨਾਂ ਵਿਚ ਅੱਜ ਬਹੁਤ ਤਕਲੀਫ਼ ਹੈ। ਇਸ ਲਈ ਅਰਾਮ ਵਿਚ ਹਨ। ਸੇਵਾਦਾਰ ਅਜੇ ਇਹ ਬਚਨ ਕਰ ਹੀ ਰਿਹਾ ਸੀ ਕਿ ਅੰਤਰਜਾਮੀ ਸਤਿਗੁਰੂ ਨੇ ਉਸ ਨੂੰ ਅੰਦਰੋ ਬੁਲਾਵਾ ਭੇਜਿਆ। ਜਦੋਂ ਅੰਦਰ ਜਾ ਕੇ ਦਰਸ਼ਨ ਕੀਤੇ ਤੇ ਮੱਥਾ ਟੇਕਿਆ ਤੇ ਸਤਿਗੁਰੂ ਦੇ ਚਰਨਾਂ 'ਤੇ ਪੱਟੀਆਂ ਬੰਨ੍ਹੀਆਂ ਹਨ। ਵੇਖ ਕੇ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ, ਸਤਿਗੁਰੂ ! ਆਪ ਜੀ ਦੇ ਸੋਹਣੇ ਚਰਨਾਂ 'ਤੇ ਇੰਨਾ ਦੁੱਖ, ਇਤਨੀ ਤਕਲੀਫ਼ ਕਿਵੇਂ ? ਸਤਿਗੁਰੂ ਮੁਸਕਰਾ ਕੇ ਕਹਿੰਦੇ ਹਨ ਕਿ ਦੁੱਖ ਦੇਵੇ ਵੀ ਆਪ ਤੇ ਪੁੱਛੇ ਵੀ ਆਪ। ਉਹ ਬੜਾ ਹੈਰਾਨ। ਸਤਿਗੁਰੂ ਕਹਿੰਦੇ ਹਨ, ਉਏ ਭੋਲਿਆ, ਜਦੋਂ ਤੇਰੀਆਂ ਅੱਖਾਂ ਵਿਚ ਗਰਮ ਸੂਏ ਖੋਭੇ ਗਏ ਸੀ, ਤੇਰਾ ਧਿਆਨ ਕਿਥੇ ਸੀ ? ਮਹਾਰਾਜ, ਤੁਹਾਡੇ ਚਰਨਾਂ ਵਿਚ। ਭੋਲਿਆ, ਇਸ ਲਈ ਉਨ੍ਹਾਂ ਗਰਮ ਸੂਹਿਆਂ ਦੇ ਖੁੱਭਣ ਦੀ ਦੁੱਖ ਤਕਲੀਫ਼ ਤੇਰੀਆਂ ਅੱਖਾਂ ਨੂੰ ਨਹੀਂ, ਸਾਡੇ ਚਰਨਾਂ ਵਿਚ ਹੋਈ ਹੈ।

ਗੁਰੂ ਦੇ ਚਰਨਾਂ ਦਾ ਧਿਆਨ ਧਰਨ ਵਿਚ ਕਿੰਨੀ ਕੁ ਤਾਕਤ ਹੈ, ਇਸ ਦਾ ਅਨੰਦ, ਇਸ ਦਾ ਰਸ ਤਾਂ ਉਹ ਹੀ ਜਾਣਦੇ ਹਨ ਜਿਹੜੇ ਧਿਆਨ ਧਰਦੇ ਹਨ। ਉਹ

ਗੁਰੂ ਦੇ ਪ੍ਰਤੱਖ ਸਮਝੇ ਹੋਣ ਦੇ ਬਾਵਜੂਦ ਵੀ ਗੁਰੂ ਦਾ ਧਿਆਨ ਧਰ ਕੇ ਗੁਰੂ ਨਾਲ ਪ੍ਰੇਮ ਦਾ ਰਸ ਮਾਣ ਲੈਂਦੇ ਹਨ। ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਜਦੋਂ ਅਜੇ ਗੁਰੂ ਪਦਵੀ ਨੂੰ ਪ੍ਰਾਪਤ ਨਹੀਂ ਸੀ ਹੋਏ, ਆਪਣੇ ਧਿਆਨ ਵਿਚ ਸੁਰਤੀ ਨਾਲ ਹੀ ਉਨ੍ਹਾਂ ਨੇ ਆਪਣੇ ਗੁਰੂ ਅਮਰਦਾਸ ਜੀ ਨਾਲ ਪ੍ਰੇਮ ਦੇ ਸਾਡੇ ਲਈ ਪੂਰਨੇ ਪਾਏ। ਇਕ ਵਾਰੀ ਜਦੋਂ ਭਾਈ ਜੇਠਾ ਜੀ ਲਾਹੌਰ ਵਿਖੇ ਗੁਰੂ ਸਾਹਿਬ ਦੇ ਕਹਿਣ 'ਤੇ ਕਚਹਿਰੀ ਦੀ ਤਰੀਕ ਭੁਗਤਣ ਗਏ ਸੀ ਤੇ ਵਾਪਸੀ 'ਤੇ ਬਜ਼ਾਰ ਵਿਚ ਲੰਘਦੇ-ਲੰਘਦੇ ਇਕ ਦੁਕਾਨ 'ਤੇ ਬੜਾ ਸੋਹਣਾ ਕਲੀਆਂ ਵਾਲਾ ਕੁੜਤਾ ਟੰਗਿਆ ਵੇਖਿਆ ਤੇ ਮਨ 'ਚ ਵਿਚਾਰ ਬਣੀ ਕਿ ਕਿੰਨਾ ਚੰਗਾ ਹੋਵੇ ਜੇ ਇੰਨਾ ਸੋਹਣਾ ਕੁੜਤਾ ਮੇਰਾ ਗੁਰੂ, ਮੇਰਾ ਮਾਲਕ ਪਾਵੇ। ਜਦੋਂ ਦੁਕਾਨਦਾਰ ਕੋਲੋਂ ਉਸ ਕੁੜਤੇ ਨੂੰ ਖ਼ਰੀਦਣ ਦੀ ਚਾਹ ਨਾਲ ਮੁੱਲ ਪੁੱਛਿਆ ਤਾਂ ਸੋਚੀਂ ਪੈ ਗਏ ਕਿਉਂਕਿ ਉਨ੍ਹਾਂ ਦੀ ਜੇਬ ਵਿਚ ਉਸ ਕੁੜਤੇ ਦੀ ਕੀਮਤ ਜਿੰਨੇ ਪੈਸੇ ਨਹੀਂ ਸਨ। ਸੋਚਦੇ ਹਨ ਹੁਣ ਕੀ ਕਰੀਏ ? ਬੜੀ ਰੀਝ ਸੀ, ਇਹ ਕੁੜਤਾ ਸਤਿਗੁਰੂ ਨੂੰ ਪੁਆਉਣ ਦੀ। ਉਸੇ ਵੇਲੇ ਸਤਿਗੁਰੂ ਦਾ ਧਿਆਨ ਧਰਿਆ ਤੇ ਉਥੇ ਖੜੇ-ਖੜੇ ਹੀ ਸੁਰਤੀ ਨਾਲ ਹੀ ਆਪਣੇ ਮਾਲਕ ਗੁਰੂ ਅਮਰਦਾਸ ਜੀ ਨੂੰ ਉਹ ਕੁੜਤਾ ਪੁਆਉਣ ਲੱਗ ਪਏ।

ਉੱਧਰ ਗੋਇੰਦਵਾਲ ਸਾਹਿਬ ਬੈਠੇ ਗੁਰੂ ਅਮਰਦਾਸ ਜੀ ਕਦੀ ਆਪਣੀ ਸੱਜੀ ਬਾਂਹ ਉਤੇ ਕਰਦੇ ਹਨ ਤੇ ਕਦੀ ਖੱਬੀ ਤੇ ਕਦੀ ਕੁੜਤੇ ਦੇ ਵੱਟ ਠੀਕ ਕਰਦੇ ਹਨ, ਜਿਵੇਂ ਕੋਈ ਕੁੜਤਾ ਪਾ ਰਿਹਾ ਹੋਵੇ। ਉਨ੍ਹਾਂ ਦੇ ਕੋਲ ਖੜਾ ਸੀ ਉਨ੍ਹਾਂ ਦਾ ਸਿੱਖ ਭਾਈ ਬੱਲੂ, ਉਸ ਨੇ ਪੁੱਛ ਲਿਆ, ਸਤਿਗੁਰੂ ! ਇਹ ਕੀ ਕਰ ਰਹੇ ਹੋ? ਗੁਰੂ ਸਾਹਿਬ ਕਹਿੰਦੇ ਹਨ, ਲਾਹੌਰ ਵਿਚ ਬੈਠਾ ਸਾਡਾ ਪਿਆਰਾ ਸਿੱਖ ਭਾਈ ਜੇਠਾ ਜੀ ਸਾਡਾ ਧਿਆਨ ਧਰ ਕੇ ਸਾਨੂੰ ਸੁਰਤੀ ਨਾਲ ਕੁੜਤਾ ਪੁਆ ਰਿਹਾ ਹੈ। ਮੈਂ ਉਸ ਦੀ ਭਾਵਨਾ ਪੂਰੀ ਕਰ ਰਿਹਾ ਹਾਂ। ਇੰਨਾ ਹੀ ਨਹੀਂ, ਜਦੋਂ ਥੋੜੀ ਹੋਰ ਅੱਗੇ ਗਏ, ਇਕ ਜਗ੍ਹਾ ਬੇ-ਬਹਾਰਾ ਫੱਲ ਅੰਬ ਵੇਖਿਆ। ਸੋਚਦੇ ਹਨ ਕਿ ਇਹ ਅੰਬ ਹੀ ਗੁਰੂ ਸਾਹਿਬ ਲਈ ਲੈ ਜਾਂਦੇ ਹਾਂ। ਇਸ ਨੂੰ ਖ਼ਰੀਦਣ ਜੋਗੇ ਤਾਂ ਪੈਸੇ ਹੈ ਨੇ। ਅੰਬ ਖ਼ਰੀਦ ਲਿਆ। ਹੁਣ ਉਸ ਸਮੇਂ ਕੋਈ ਗੱਡੀਆਂ ਤਾਂ ਹੁੰਦੀਆਂ ਨਹੀਂ ਸਨ, ਜਿਹੜਾ ਥੋੜੇ ਸਮੇਂ ਵਿਚ ਗੋਇੰਦਵਾਲ ਪਹੁੰਚ ਜਾਂਦੇ। ਵਾਪਿਸ ਪਹੁੰਚਣ ਵਿਚ ਸਮਾਂ ਬਹੁਤ ਜ਼ਿਆਦਾ ਲਗਦਾ ਸੀ। ਰਸਤੇ ਵਿਚ ਜਦੋਂ ਦੁਪਹਿਰ ਹੋਈ ਤਾਂ ਧੁੱਪ ਦੀ ਗਰਮੀ ਨਾਲ ਅੰਬ ਵਗਣਾ ਸ਼ੁਰੂ ਹੋ ਗਿਆ। ਭਾਈ ਜੇਠਾ ਜੀ ਦੀਆਂ ਅੱਖਾਂ ਵਿਚ ਵੈਰਾਗ ਨਾਲ ਅਥਰੂ ਆ ਗਏ। (ਬਹੁਤ ਪ੍ਰੇਮ ਸੀ ਭਾਈ ਜੇਠਾ ਜੀ ਦਾ ਗੁਰੂ ਸਾਹਿਬ ਨਾਲ, ਵੈਰਾਗ ਦੀ ਮੂਰਤ ਹੋਏ ਹਨ, ਗੁਰੂ ਰਾਮਦਾਸ ਜੀ) ਜੋ ਸਾਡੀ ਵਿਚਾਰ ਚਲ ਰਹੀ ਹੈ, ਧਿਆਨ ਦੀ ਤਾਕਤ 'ਤੇ, ਭਾਈ ਜੇਠਾ ਜੀ, ਗੁਰੂ ਅਮਰਦਾਸ ਜੀ ਦਾ ਧਿਆਨ ਧਰ ਕੇ ਕਹਿੰਦੇ ਹਨ, ਸਤਿਗੁਰੂ, ਇਹ ਅੰਬ ਤਾਂ ਤੁਹਾਡੇ ਲਈ ਲਿਆ ਸੀ ਕਿ ਤੁਸੀਂ ਇਸ ਦਾ ਰਸ ਮਾਣੋ ਪਰ ਇਹ ਧੁੱਪ ਦੀ ਗਰਮੀ ਨਾਲ ਵਗਣਾ ਸ਼ੁਰੂ ਹੋ ਗਿਆ ਹੈ, ਤੁਹਾਡੇ ਤਕ ਪਹੁੰਚ ਨਹੀਂ

ਸਕਦਾ। ਭਾਈ ਜੇਠਾ ਜੀ ਨੇ ਗੁਰੂ ਸਾਹਿਬ ਦਾ ਧਿਆਨ ਧਰ ਕੇ ਆਪ ਅੰਬ ਚੂਪਣਾ ਸ਼ੁਰੂ ਕਰ ਦਿੱਤਾ ਤੇ ਸੁਰਤੀ ਬਣਾ ਲਈ ਕਿ ਗੁਰੂ ਸਾਹਿਬ ਇਸਦੇ ਰਸ ਦਾ ਸੁਆਦ ਮਾਣ ਰਹੇ ਹਨ। ਉਧਰ ਗੋਇੰਦਵਾਲ 'ਚ ਬੈਠੇ ਗੁਰੂ ਅਮਰਦਾਸ ਜੀ ਨੇ ਕਿਹਾ ਸਾਡਾ ਪਿਆਰਾ ਭਾਈ ਜੇਠਾ ਸਾਨੂੰ ਸੁਰਤੀ ਨਾਲ ਅੰਬ ਚੁਪਾ ਰਿਹਾ ਹੈ। ਅੰਬ ਚੂਪ ਕੇ ਗਿਟਕ ਭਾਈ ਬੱਲੂ ਨੂੰ ਫੜਾਈ ਤੇ ਆਖਿਆ ਇਸ ਨੂੰ ਤਾਕੀ ਵਿਚ ਰਖ ਦੇ ਸੰਭਾਲ ਕੇ, ਉਹ ਜਦੋਂ ਆਏਗਾ ਤਾਂ ਉਸ ਨੂੰ ਇਹ ਗਿਟਕ ਦਿਖਾਵਾਂਗੇ ਕਿ ਵੇਖ ਸੁਰਤੀ ਨਾਲ ਤੇਰੇ ਦੁਆਰਾ ਚੁਪਾਇਆ ਹੋਇਆ ਅੰਬ ਸਾਨੂੰ ਪਹੁੰਚ ਗਿਆ ਸੀ। ਵੇਖ ਲਵੋ ਕਿੰਨੀ ਤਾਕਤ ਹੈ ਧਿਆਨ ਧਰਣ ਵਿਚ, ਦੂਰ ਬੈਠੇ ਵੀ ਗੁਰੂ ਦੇ ਪ੍ਰੇਮ ਦਾ ਅਨੰਦ ਮਾਣਿਆ ਜਾ ਸਕਦਾ ਹੈ। ਗੁਰੂ ਨੂੰ ਵੱਸ ਵਿਚ ਕੀਤਾ ਜਾ ਸਕਦਾ ਹੈ। ਗੁਰੂ ਨੂੰ ਪ੍ਰੇਮ ਦੀਆਂ ਡੋਰੀਆਂ ਵਿਚ ਬੰਨ੍ਹਿਆ ਜਾ ਸਕਦਾ ਹੈ। ਭਾਈ ਗੋਂਦੇ ਦੀ ਕਾਬਲ ਵਾਲੀ ਘਟਨਾ ਸਾਡੇ ਲਈ ਇਕ ਬਹੁਤ ਵੱਡੀ ਮਿਸਾਲ ਹੈ, ਇਕ ਪ੍ਰੇਰਨਾ ਦਾ ਸ੍ਰੋਤ ਹੈ। ਜਦੋਂ ਕਾਬਲ 'ਚ ਬੈਠੇ ਜਪੁਜੀ ਸਾਹਿਬ ਬਾਣੀ ਪੜ੍ਹਦੇ-ਪੜ੍ਹਦੇ ਪੰਕਤੀ ਆਈ ਸੀ-

*ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥*

(ਅੰਗ ੮)

ਜੁੜ ਗਿਆ, ਵੈਰਾਗ ਆ ਗਿਆ। ਸਤਿਗੁਰੂ ਕਈ ਤੇਰੇ ਨੇੜੇ ਤੇਰੇ ਕੋਲ ਤੇ ਮੈਂ ਤੇਰੇ ਤੋਂ ਕਿਤਨੀ ਦੂਰ। ਮੈਂ ਕਾਬਿਲ ਵਿਚ ਤੇ ਤੁਸੀਂ ਕੀਰਤਪੁਰ। ਐਸਾ ਵੈਰਾਗ ਵਿਚ ਚਰਨਾਂ ਵਿਚ ਸਿਰ ਸੁੱਟਿਆ ਕਿ ਆਸਣ 'ਤੇ ਦੁਪਹਿਰ ਦੇ 11-12 ਵੱਜ ਗਏ। ਉਧਰ ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਗੋਡਾ ਨਹੀਂ ਹਿਲਾਇਆ। ਜਦੋਂ 12 ਵੱਜ ਗਏ, ਗੋਡਾ ਹਿਲਾਇਆ ਤੇ ਲਫਜ਼ ਨਿਕਲੇ ਧੰਨ ਸਿਖੀ, ਧੰਨ ਸਿੱਖੀ ! ਕੋਲ ਖੜੇ ਸਿੱਖ ਕਹਿੰਦੇ ਹਨ, ਅਸੀਂ ਸਮਝੇ ਨਹੀਂ, ਇਹ ਬਚਨ ਕਰਨ ਦਾ ਭਾਵ। ਸਤਿਗੁਰੂ ਕਹਿੰਦੇ ਹਨ, ਕਾਬਲ 'ਚ ਬੈਠਾ ਮੇਰਾ ਸਿੱਖ ਭਾਈ ਗੋਂਦਾ ਧੰਨ ਹੈ, ਉਸ ਦੀ ਸਿੱਖੀ ਧੰਨ ਹੈ। ਉਹ ਇਤਨੇ ਪਿਆਰ ਵਿਚ ਸਾਡਾ ਧਿਆਨ ਧਰ ਕੇ ਕਾਬਲ ਵਿਚ ਬੈਠਾ ਸਾਡੇ ਚਰਨ ਫੜ ਕੇ ਬੈਠਾ ਹੋਇਆ ਹੈ ਕਿ ਉਸ ਨੇ ਅੱਜ ਸਾਨੂੰ ਪਿਆਰ 'ਚ ਉੱਠਣ ਹੀ ਨਹੀਂ ਦਿੱਤਾ। ਵੇਖ ਲਵੋ। ਧਿਆਨ ਵਿਚ ਗੁਰੂ ਨੂੰ ਵੀ ਬੰਨ੍ਹ ਕੇ ਬਿਠਾ ਦਿੱਤਾ। ਇਸ ਲਈ ਚਾਰ ਚੀਜ਼ਾਂ ਵਿੱਚੋਂ ਪਹਿਲੀ ਹੈ ਗੁਰੂ ਦਾ ਧਿਆਨ ਤੇ ਦੂਸਰਾ ਹੈ ਗੁਰੂ ਦੀ ਸਿਫਤ।

(2) ਸਿਫਤ- ਸਿਫਤ ਦਾ ਅਰਥ ਹੈ ਵਡਿਆਈ, ਸੋਭਾ, ਮਹਿਮਾ, ਪ੍ਰਮੇਸ਼ਰ ਅਗੰਮ ਹੈ, ਅਥਾਹ ਹੈ। ਉਸ ਦੀ ਸਿਫਤ ਵੀ ਅਥਾਹ ਹੈ, ਬਿਆਨ ਨਹੀਂ ਕੀਤੀ ਜਾ ਸਕਦੀ।

ਜਿਵੇਂ ਪਾਟੇ ਹੋਏ ਕਪੜੇ ਨੂੰ ਸੂਈ ਧਾਗੇ ਨਾਲ ਗੰਢਿਆ ਜਾ ਸਕਦਾ ਹੈ, ਇਸੇ ਤਰ੍ਹਾਂ

ਗੁਰੂ ਪ੍ਰਮੇਸ਼ਰ ਤੋਂ ਪਾਈ ਹੋਈ, ਵਿਛੜੀ ਹੋਈ ਜੀਵ ਰੂਪ ਇਸਤ੍ਰੀ ਦੀ ਗੰਢ ਉਸ ਦੀਆਂ ਸਿਫਤਾਂ ਕਰਨ ਨਾਲ ਪੈ ਜਾਂਦੀ ਹੈ।

*ਨਾਨਕੁ ਆਖੈ ਏਹੁ ਬੀਚਾਰੁ॥ ਸਿਫਤੀ ਗੰਢੁ ਪਵੈ ਦਰਬਾਰਿ॥*

(ਅੰਗ ੧੪੩)

ਕਲਗੀਧਰ ਦੇ ਅਤਿ ਪਿਆਰੇ ਭਾਈ ਨੰਦ ਲਾਲ ਵੀ ਆਪਣੀ ਗ਼ਜ਼ਲ ਵਿਚ ਇਹੀ ਭਾਵ ਦਰਸਾਉਂਦੇ ਹਨ-

*ਹਵਾ ਇ ਬੰਦਗੀ ਆਵੁਰਦ ਦਰ ਵਜੂਦ ਮਰਾ॥*
*ਵਗਰਨਹ ਜ਼ੌਕਿ ਚੁਨੀਂ ਆਮਦਨ ਨ ਬੂਦ ਮਰਾ॥*

ਅਰਥਾਤ-

*ਭਗਤੀ ਤੇਰੀ ਦੀ ਤਾਂਘ ਅਸਾਂ ਨੂੰ ਏਸ ਸਰੀਰੇ ਲਿਆਈ ਮੇਰੇ ਮਾਹੀ।*
*ਨਹੀਂ ਤੇ ਕੀ ਸੀ ਲੋੜ ਆਵਣ ਦੀ ਜਿਸ ਪਿਛੇ ਉਠ ਧਾਹੀ।*

ਭਾਵ ਕਿ ਹੇ ਕਲਗੀਆਂ ਵਾਲੇ ! ਤੇਰੇ ਭਜਨ-ਬੰਦਗੀ ਦੀ ਸਿੱਕ ਹੀ ਮੈਨੂੰ ਮਨੁੱਖੀ ਸਰੀਰ ਵਿਚ ਲਿਆਈ ਹੈ, ਨਹੀਂ ਤਾਂ ਮੈਨੂੰ ਇਸੇ ਸਰੀਰ ਵਿਚ ਆਉਣ ਦੀ ਕੋਈ ਲੋੜ ਹੀ ਨਹੀਂ ਸੀ। ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਜਦੋਂ ਮੈਂ ਸੋਚਦਾ ਹਾਂ ਕਿ ਮਨੁੱਖ ਦਾ ਜਾਮਾ ਕਿਉਂ ਲਿਆ ਹੈ ਤਾਂ ਇਕੋ ਚੀਜ਼ ਮੇਰੇ ਸਾਹਮਣੇ ਆਉਂਦੀ ਹੈ ਕਿ ਮੈਂ ਤਾਂ ਮਨੁੱਖ ਦਾ ਜਾਮਾ, ਆਪਣੇ ਗੁਰੂ ਪਿਆਰੇ, ਆਪਣੇ ਕਲਗੀਧਰ ਪ੍ਰੀਤਮ ਦੀਆਂ ਸਿਫਤਾਂ ਕਰਨ ਲਈ ਹੀ ਲਿਆ ਹੈ। ਹੋਰ ਕੋਈ ਕਾਰਨ ਹੀ ਮਨੁੱਖੀ ਜਾਮੇ ਦਾ ਨਜ਼ਰ ਨਹੀਂ ਆਉਂਦਾ।

ਗੁਰਮੁਖ ਹਮੇਸ਼ਾ ਆਪਣੇ ਗੁਰੂ ਦੀਆਂ ਸਿਫਤਾਂ ਵਿਚ ਜੁੜਦੇ ਹਨ। ਉਹ ਆਪਣੇ ਮਾਲਕ ਦੀ ਸ਼ਲਾਘਾ ਇਸ ਤਰ੍ਹਾਂ ਕਰਦੇ ਹਨ ਕਿ ਹੇ ਮੇਰੇ ਸਾਹਿਬ ! ਤੂੰ ਧੰਨ ਹੈਂ ! ਤੂੰ ਧੰਨ ਹੈਂ ! ਇਕ ਤੂੰ ਹੀ ਸੱਚਾ ਹੈਂ, ਬੇਪ੍ਰਵਾਹ ਹੈਂ।

ਇਕ ਭਾਈ ਰਾਮ ਕਿਸ਼ਨ ਜੀ ਹੋਏ ਹਨ। ਹਰ ਵਕਤ ਇਹੀ ਜਪਦੇ ਰਹਿਣਾ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ (ਦਾਸ ਇਹ ਇਕ ਉਨ੍ਹਾਂ ਦੇ ਪਿਆਰ ਦੀ ਗੱਲ ਲਿਖ ਰਿਹਾ ਹੈ, ਕਰਣੀ ਕਮਾਈ ਹੈ ਪਰ ਇਹ ਭਾਵਨਾ ਰੱਖ ਕੇ ਕਿ ਜੱਪਦੇ ਸਨ ਕਿ ਗੁਰੂ ਨਾਨਕ ਤੂੰ ਹੀ ਵਾਹਿਗੁਰੂ ਹੈਂ ! ਵਾਹਿਗੁਰੂ ਤੂੰ ਹੀ ਗੁਰੂ ਨਾਨਕ ਹੈਂ) ਉਨ੍ਹਾਂ ਨੇ ਹਰ ਵੇਲੇ ਧੰਨ ਗੁਰੂ ਨਾਨਕ ਦਾ ਜਾਪ ਕਰਨਾ ਤੇ ਏਸ ਜਾਪ ਦੇ ਨਾਲ ਹੀ ਉਨ੍ਹਾਂ ਦੀ ਅਵਸਥਾ ਇੰਨੀ ਉੱਚੀ ਹੋ ਗਈ ਸੀ ਕਿ ਜੋ ਵੀ ਰਸਨਾ ਤੋਂ ਕਿਸੇ ਲਈ ਬਚਨ ਕਰ ਦੇਣਾ, ਸਤਿ ਹੋ ਜਾਣਾ। ਇਕ ਸਿੱਖ ਜਗਤ ਦੇ ਰਾਗੀ ਭਾਈ ਭਾਗ ਸਿੰਘ ਨੇ ਇਕ ਵਾਰੀ ਭਾਈ ਰਾਮ ਕਿਸ਼ਨ ਜੀ ਨੂੰ ਕੀਰਤਨ ਸੁਣਾਇਆ। ਕੀਰਤਨ ਦੀ ਸਮਾਪਤੀ ਤੋਂ ਬਾਅਦ ਜਦੋਂ ਸਾਰੀ

ਸੰਗਤ ਚਲੀ ਗਈ ਪਰ ਭਾਈ ਭਾਗ ਸਿੰਘ ਤੇ ਉਨ੍ਹਾਂ ਦੀ ਪਤਨੀ ਬੈਠੇ ਰਹੇ। ਉਨ੍ਹਾਂ ਪੁੱਛਿਆ, ਤੁਸੀਂ ਨਹੀਂ ਗਏ, ਕੀ ਕਾਰਨ ? ਕੋਲ ਹੀ ਕੋਈ ਬੈਠਾ ਸੀ ਉਨ੍ਹਾਂ ਦਾ ਸੇਵਕ, ਕਹਿਣ ਲੱਗਾ, 17 ਸਾਲ ਹੋ ਗਏ ਹਨ ਇਨ੍ਹਾਂ ਦੇ ਵਿਆਹ ਨੂੰ ਪਰ ਔਲਾਦ ਨਹੀਂ। ਭਾਈ ਰਾਮ ਕਿਸ਼ਨ ਜੀ ਗੁਰੂ ਸਾਹਿਬ ਦੀ ਤਾਬਿਆਂ ਬੈਠੇ ਸਨ, ਉਥੇ ਬੈਠੇ ਹੀ ਕਹਿੰਦੇ ਹਨ ਕਿ ਗੁਰੂ ਦੇ ਕੀਰਤਨੀਏ ਦੀ ਸੰਤਾਨ ਨਹੀਂ। ਨਾਲ ਹੀ ਰਸਨਾ ਵਿਚੋਂ ਅਗਲਾ ਬਚਨ ਕਰ ਦਿੱਤਾ ਕਿ 'ਗੁਰੂ ਦੇ ਕੀਰਤਨੀਏਂ ਦੀ ਕੁੱਖ ਹਰੀ'। 'ਗੁਰੂ ਦੇ ਕੀਰਤਨੀਏ ਦੀ ਕੁੱਖ ਹਰੀ', ਦੋ ਤਿੰਨ ਵਾਰੀ ਇਹੀ ਬਚਨ ਦੁਹਰਾਇਆ। ਫਿਰ ਨਾਲ ਹੀ ਆਪਣੇ 'ਤੇ ਵਡਿਆਈ ਨਾ ਲੈਣ ਕਾਰਨ ਭਾਈ ਭਾਗ ਸਿੰਘ ਨੂੰ ਕਹਿਣ ਲੱਗੇ, ਇਹ ਪੌੜੀਆਂ ਵਿਚੋਂ ਜਿਥੋਂ ਸੰਗਤ ਲੰਘਦੀ ਹੈ, ਹੱਥਾਂ ਨਾਲ ਉਥੋਂ ਦੀ ਚਰਨ ਧੂੜੀ ਇਕੱਠੀ ਕਰ ਕੇ ਲੈ ਜਾ ਤੇ ਥੋੜੀ ਜਿਹੀ ਪਾਣੀ ਵਿਚ ਪਾ ਕੇ ਆਪਣੀ ਪਤਨੀ ਨੂੰ ਪਿਲਾ ਦੇਵੀਂ। ਫਿਰ ਕਹਿਣ ਲੱਗੇ, ਸੰਗਤ ਦੀ ਧੂੜੀ ਦਾ ਸਦਕਾ ਗੁਰੂ ਦੇ ਕੀਰਤਨੀਏ ਦੀ ਕੁੱਖ ਹਰੀ। ਸੰਗਤ ਦੀ ਧੂੜੀ ਸਦਕਾ ਗੁਰੂ ਦੇ ਕੀਰਤਨੀਏ ਦੀ ਕੁੱਖ ਹਰੀ। ਸਾਖੀ 'ਚ ਜ਼ਿਕਰ ਹੈ ਕਿ ਠੀਕ 11 ਮਹੀਨੇ ਬਾਅਦ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ ਤੇ ਰੂਹ ਵੀ ਘਰ ਵਿਚ ਗੁਰੂ ਨਾਨਕ ਦੇ ਘਰ ਦੀ ਬਖ਼ਸ਼ੀ ਹੋਈ ਆਈ–'ਭਾਈ ਹੀਰਾ ਸਿੰਘ ਰਾਗੀ' ਜਿਸ ਨੇ ਕਈਆਂ ਨੂੰ ਗੁਰੂ ਨਾਨਕ ਦੇ ਘਰ ਨਾਲ ਜੋੜਿਆ। ਇਸ਼ਾਰਾ ਲੈਣਾ, ਜਿਸ ਦੇ ਘਰ ਵਿਚ 17 ਸਾਲ ਤੋਂ ਕੋਈ ਸੰਤਾਨ ਨਹੀਂ, ਇਕ ਆਪਣੇ ਗੁਰੂ ਨੂੰ ਧੰਨ-ਧੰਨ ਕਹਿਣ ਵਾਲੇ ਦੀ ਰਸਨਾ ਵਿਚੋਂ ਬਚਨ ਨਿਕਲਣ ਕਾਰਨ ਬਖ਼ਸ਼ੀ ਹੋਈ ਔਲਾਦ ਦੀ ਪ੍ਰਾਪਤੀ ਹੋ ਗਈ। ਗੁਰੂ ਦੀ ਸੁਰਤ ਵਿਚ ਕਿੰਨੀ ਤਾਕਤ ਹੈ।

ਇਕ ਵਾਰੀ ਇਕ ਬੜਾ ਵਿਦਵਾਨ ਪੰਡਿਤ ਆ ਗਿਆ ਭਾਈ ਰਾਮ ਕਿਸ਼ਨ ਜੀ ਕੋਲ ਕਿ ਬੜਾ ਨਾ ਸੁਣਿਆ ਹੈ ਰਾਮ ਕਿਸ਼ਨ ਜੀ ਦਾ, ਚਲ ਕੇ ਦਰਸ਼ਨ ਕਰ ਆਈਏ। ਉਹ ਕੋਈ ਦੋ ਘੰਟੇ ਉਥੇ ਬੈਠਾ ਰਿਹਾ। ਭਾਈ ਰਾਮ ਕਿਸ਼ਨ ਜੀ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਹੀ ਕਰੀ ਜਾਣ। ਉਸ ਪੰਡਿਤ ਦੇ ਮਨ ਵਿਚ ਫੁਰਨਾ ਬਣ ਗਿਆ ਕਿ ਲਗਦਾ ਹੈ ਇਨ੍ਹਾਂ ਨੂੰ ਹੋਰ ਕੁਝ ਆਉਂਦਾ ਹੀ ਨਹੀਂ, ਪਰ ਵੇਖੋ ! ਆਪਣੇ ਗੁਰੂ ਨੂੰ ਧੰਨ ਕਹਿਣ ਕਾਰਨ ਅਵਸਥਾ ਇਤਨੀ ਉੱਚੀ ਪਹੁੰਚ ਚੁੱਕੀ ਸੀ ਕਿ ਉਸ ਦੇ ਮਨ ਅੰਦਰ ਚਲ ਰਹੇ ਫੁਰਨੇ ਨੂੰ ਪੜ੍ਹ ਲਿਆ ਤੇ ਕਹਿੰਦੇ ਹਨ, ਬਹੁਤੀ ਵਿਦਵਾਨੀ ਵਿਚੋਂ ਅਸਾਂ ਕੀ ਲੈਣਾ ਹੈ ? ਮੈਂ ਤਾਂ ਆਪਣੇ ਗੁਰੂ ਨਾਨਕ ਦਾ ਕੂਕਰ ਹਾਂ ਤੇ ਉਸੇ ਨੂੰ ਧੰਨ-ਧੰਨ ਕਹਿੰਦਾ ਹਾਂ। ਇਤਨੇ ਵੱਡੇ ਨਾਨਕ ਦਾ ਕੂਕਰ ਹੋਣਾ ਤੇ ਉਸ ਨੂੰ ਧੰਨ ਕਹਿਣ ਦੀ ਦਾਤ ਪ੍ਰਾਪਤ ਹੋਣੀ, ਇਹ ਕੋਈ ਛੋਟੀ ਗੱਲ ਹੈ।

ਦਾਸ ਨੇ ਸੰਤ ਬਾਬਾ ਸ਼ਾਮ ਸਿੰਘ ਜੀ ਦਾ ਜੀਵਨ ਕਿਤਾਬ ਵਿਚ ਪੜ੍ਹਿਆ। ਉਨ੍ਹਾਂ ਦੀ ਵੀ ਰਸਨਾ 'ਤੇ ਹਰ ਵਕਤ ਧੰਨ ਨਿਰੰਕਾਰ, ਧੰਨ ਗੁਰੂ ਰਾਮਦਾਸ ਰਹਿੰਦਾ ਸੀ। ਗੁਰੂ ਰਾਮਦਾਸ ਜੀ ਨੂੰ ਧੰਨ ਕਹਿਣ ਦਾ ਸਦਕਾ, ਸਿਫਤਾਂ ਦਾ ਸਦਕਾ ਪ੍ਰਮੇਸ਼ਰ ਦੇ ਦਰਬਾਰ

ਨਾਲ ਗੰਢ ਪੈ ਗਈ। ਇਕ ਵਾਰ ਕਹਿੰਦੇ ਹਨ ਕਿ ਇਕ ਸਾਲ ਬਾਰਿਸ਼ ਬਿਲਕੁਲ ਨਾ ਹੋਈ, ਸੋਕਾ ਪੈ ਗਿਆ। ਲਾਗਲੇ ਪਿੰਡਾਂ ਤੋਂ ਬਹੁਤ ਸਾਰੇ ਲੋਕਾਂ ਦਾ ਇਕੱਠ ਸੰਤ ਸ਼ਾਮ ਸਿੰਘ ਜੀ ਕੋਲ ਆ ਕੇ ਬੇਨਤੀ ਕਰਨ ਲੱਗਾ ਕਿ ਕੋਈ ਕਿਰਪਾ ਕਰਵਾਓ ਤਾਂ ਕਿ ਅਸੀਂ ਇਸ ਕੁਦਰਤੀ ਕਰੋਪੀ ਤੋਂ ਬਚ ਸਕੀਏ। ਸੰਤਾਂ ਨੇ ਜਦੋਂ ਮਾਯੂਸ ਚੇਹਰਿਆਂ ਵਲ ਤਕਿਆ ਤੇ ਦਇਆ ਦੇ ਘਰ ਵਿਚ ਆ ਗਏ ਤੇ ਸਿਰੰਦਾ ਫੜ ਕੇ ਦਰਬਾਰ ਸਾਹਿਬ ਕੀਰਤਨ ਰਾਹੀਂ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਬੇਨਤੀਆਂ ਕੀਤੀਆਂ। ਆਪਣੇ ਗੁਰੂ ਦੀ ਸਿਫਤ ਵਿਚ ਰਤੇ ਰਹਿਣ ਵਾਲੇ ਸਿੱਖ ਦੇ ਹਿਰਦੇ ਵਿਚੋਂ ਨਿਕਲੀ ਬੇਨਤੀ ਦਾ ਸਦਕਾ ਝੱਟ ਹੀ ਬਾਰਿਸ਼ ਸ਼ੁਰੂ ਹੋ ਗਈ। ਉਹ ਗੱਲ ਬਣ ਗਈ-

*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥*

(ਅੰਗ ੧੨੫)

ਕਹਿੰਦੇ ਹਨ ਕਿ ਇਤਨੀ ਮੋਹਲੇਧਾਰ ਬਾਰਿਸ਼ ਹੋਈ ਕਿ ਸਾਰੇ ਰਾਜ ਵਿਚ ਲੋਕਾਂ ਨੇ ਸੁਖ ਦਾ ਸਾਹ ਲਿਆ।

ਗੁਰੂ ਸਾਹਿਬ ਵੀ ਬਾਣੀ ਰਾਹੀਂ ਇਹੀ ਉਪਦੇਸ਼ ਦੇਂਦੇ ਹਨ-

*ਮੇਰੇ ਮਨ ਗੁਰੁ ਅਪਣਾ ਸਾਲਾਹਿ॥*

SIKHBOOKCLUB.COM

(ਅੰਗ ੧੩੩੪)

ਜਿਸ ਨੇ ਆਪਣੇ ਗੁਰੂ ਦੀ ਸਿਫਤ ਸਲਾਹ ਕਰ ਲਈ, ਉਸ ਨੂੰ ਹੋਰ ਕੋਈ ਮਿਥੇ ਹੋਏ ਧਾਰਮਿਕ ਕਰਮ-ਕਾਂਡ ਕਰਨ ਦੀ ਲੋੜ ਨਹੀਂ। ਗੁਰੂ ਦੀ ਸਿਫਤ ਵਿਚ ਸਭ ਕੁਝ ਆ ਜਾਂਦਾ ਹੈ। ਦਾਸ ਨੂੰ ਇਕ ਬਾਬਾ ਨੰਦ ਸਿੰਘ ਜੀ ਦੇ ਸਮੇਂ ਦਾ ਜ਼ਿਕਰ ਯਾਦ ਆ ਗਿਆ। ਇਕ ਵਾਰੀ ਸੰਗਤ ਜੁੜੀ ਬੈਠੀ ਸੀ ਤੇ ਇਕ ਰਾਗੀ ਪੌਣੇ ਘੰਟੇ ਤੋਂ ਇਹੀ ਪੜ੍ਹੀ ਜਾਵੇ 'ਗੁਰੂ ਨਾਨਕ ਕੀ ਵਡਿਆਈ-ਗੁਰੂ ਨਾਨਕ ਕੀ ਵਡਿਆਈ' ਵਿਚ ਪ੍ਰਮਾਣ ਦੇ ਕੇ। ਉਥੇ ਸੰਗਤ ਵਿਚ ਕੋਈ ਰਾਗਾਂ ਦਾ ਮਾਹਿਰ ਵੀ ਬੈਠਾ ਹੋਇਆ ਸੀ। ਉਸਦੇ ਮਨ ਵਿਚ ਬੈਠੇ-ਬੈਠੇ ਫੁਰਨੇ ਬਣੀ ਜਾਣ ਕਿ ਬਾਬਾ ਨੰਦ ਸਿੰਘ ਜੀ ਦੇ ਰਾਗੀਆਂ ਨੂੰ ਲਗਦਾ ਹੈ ਕੁਝ ਆਉਂਦਾ ਹੀ ਨਹੀਂ। ਬਾਬਾ ਨੰਦ ਸਿੰਘ ਜੀ ਅੰਦਰ ਦੀ ਪੱਟੀ ਵੀ ਪੜ੍ਹ ਲੈਂਦੇ ਸਨ, ਰਾਗੀ ਸਿੰਘ ਨੂੰ ਇਸ਼ਾਰਾ ਕੀਤਾ। ਕੀਰਤਨ ਰੋਕ ਦਿੱਤਾ ਤਾਂ ਬਾਬਾ ਜੀ ਉਸ ਰਾਗਾਂ ਦੇ ਮਾਹਿਰ ਨੂੰ ਬੁਲਾ ਕੇ ਕਹਿਣ ਲੱਗੇ, ਭਾਈ ਤੂੰ ਕੀਰਤਨ ਸੁਣਾ। ਅੰਦਰ ਹਉਮੈ ਸੀ ਕਿ ਮੈਂ ਬੜਾ ਰਾਗਾਂ ਦਾ ਮਾਹਿਰ ਹਾਂ, ਕਹਿਣ ਲੱਗਾ, ਦੱਸੋ ਕਿਹੜਾ ਰਾਗ ਸੁਣਾਵਾਂ। ਬਾਬਾ ਜੀ ਕਹਿੰਦੇ ਹਨ, ਜਿਹੜਾ ਮਰਜ਼ੀ ਸੁਣਾ ਦਿਓ ਭਾਈ। ਪਰ ਅੰਦਰ ਹਉਮੈ ਉਛਾਲੇ ਮਾਰ ਰਹੀ ਸੀ। ਕਹਿਣ ਲੱਗਾ, ਬਾਬਾ ਜੀ ! ਮੈਨੂੰ ਤਾਂ ਸਾਰੇ ਹੀ ਰਾਗ ਆਉਂਦੇ ਹਨ, ਤੁਸੀਂ ਦਸੋ ਕਿਹੜਾ ਸੁਨਣਾ ਚਾਹੁੰਦੇ ਹੋ ? (ਇਥੋਂ ਆਪਣੇ ਲਈ ਸੇਧ ਲੈਣਾ, ਧਿਆਨ ਰਖਿਓ ਕਿਧਰੇ ਕਿਸੇ

ਕੰਮ 'ਚ ਦਮ ਨਾ ਵੱਜ ਜਾਵੇ ਕਿਉਂਕਿ ਜਿਥੇ ਦਮ ਵਜ ਜਾਵੇ, ਫਿਰ ਪਰਚਾ ਪੈ ਜਾਂਦਾ ਹੈ) ਉਸ ਨੂੰ ਵੀ ਦਮ ਮਾਰਨ ਕਾਰਨ ਪਰਚਾ ਪੈ ਗਿਆ। ਫਿਰ ਕਹਿੰਦਾ ਹੈ, ਜੀ ਤੁਸੀਂ ਦੱਸੋ ਕਿਹੜਾ ਰਾਗ ਸੁਣਾਵਾਂ ? ਬਾਬਾ ਜੀ ਕਹਿੰਦੇ ਹਨ, ਭਾਈ ਜੀ ਕੋਈ ਸੁਣਾ ਦਿਉ। ਕਹਿੰਦਾ ਹੈ, ਤੁਸੀਂ ਦੱਸੋ ਕਿਹੜਾ ਸੁਣਾਵਾਂ ? ਬਾਬਾ ਜੀ ਨੇ ਆਪਣੇ ਗਲ ਵਾਲਾ ਹਜ਼ੂਰੀਆ (ਪਰਨਾ) ਲਾ ਕੇ ਵਿਛਾ ਦਿੱਤਾ ਤੇ ਕਹਿਣ ਲੱਗੇ ਮੰਨ ਲਵੋ ਕਿਸੇ ਮਾਂ ਦਾ ਜਵਾਨ ਪੁੱਤਰ ਮਰ ਗਿਆ ਹੈ, ਵੈਣ ਪਾ ਕੇ ਸੁਣਾਓ। ਹੁਣ ਐਸਾ ਪਰਚਾ ਪਿਆ, ਸੁਰ ਕੱਢੇ ਪਰ ਸੁਰ ਨਾਲ ਗਲਾ ਹੀ ਨਾ ਮਿਲੇ। 15-20 ਮਿੰਟ ਲਗਾ ਰਿਹਾ ਪਰ ਕੋਈ ਗੱਲ ਨਾ ਬਣੀ ਤਾਂ ਬਾਬਾ ਜੀ ਨੇ ਉਸ ਨੂੰ ਸੋਝੀ ਪਾਈ ਕਿ ਪਿਆਰਿਆ ! ਤੇਰੇ ਅੰਦਰ ਫੁਰਨਾ ਬਣ ਰਿਹਾ ਸੀ ਕਿ ਰਾਗੀ ਸਿੰਘ ਗੁਰੂ ਨਾਨਕ ਦੀ ਵਡਿਆਈ, ਗੁਰੂ ਨਾਨਕ ਦੀ ਵਡਿਆਈ ਹੀ ਬੋਲੀ ਜਾਂਦੇ ਹਨ, ਇਨ੍ਹਾਂ ਨੂੰ ਹੋਰ ਕੁਝ ਆਉਂਦਾ ਹੀ ਨਹੀ ਲਗਦਾ। ਕਹਿੰਦੇ ਹਨ, ਭਾਈ ਜੀ ! ਜਿਥੇ ਗੁਰੂ ਨਾਨਕ ਦੀ ਵਡਿਆਈ ਆ ਗਈ, ਉਥੇ ਸਭ ਕੁਝ ਆ ਗਿਆ। ਦਾਸ ਇਥੇ ਇਕ ਗੱਲ ਖੋਲ੍ਹ ਦੇਵੇ। ਕਈ ਸਰੀਰ ਬਹੁਤ ਸਾਰੇ ਦੇਵੀ, ਦੇਵਤਿਆਂ, ਪੀਰ ਪੈਗ਼ੰਬਰਾਂ ਤੇ ਅਵਤਾਰਾਂ ਨੂੰ ਅਰਾਧਦੇ ਹਨ, ਉਨ੍ਹਾਂ ਨੂੰ ਪੂਜਦੇ ਹਨ। ਪੁੱਛਣ ਤੇ ਕਾਰਨ ਇਹ ਦੱਸਦੇ ਹਨ ਕਿ ਅਸੀਂ ਏਸ ਕਰਕੇ ਸਾਰਿਆਂ ਨੂੰ ਪੂਜਦੇ ਹਾਂ ਕਿ ਕਿਧਰੇ ਕੋਈ ਦੇਵੀ ਦੇਵਤਾ ਜਾਂ ਪੀਰ ਸਾਡੇ ਨਾਲ ਨਰਾਜ਼ ਨਾ ਹੋ ਜਾਵੇ। ਕਿਧਰੇ ਕਿਸੇ ਦੀ ਸਾਡੇ 'ਤੇ ਕ੍ਰੋਪੀ ਨਾ ਹੋ ਜਾਵੇ। ਬਾਬਾ ਜੀ ਬਚਨ ਕਰਦੇ ਸਨ, ਉਸ ਤੋਂ ਸੋਝੀ ਲੈਣਾ। ਕਹਿੰਦੇ ਸਨ 'ਦਰੱਖ਼ਤ ਦੀ ਜੜ੍ਹ ਨੂੰ ਪਾਣੀ ਦੇ ਦੇਈਏ ਤਾਂ ਇਕੱਲੇ-ਇਕੱਲੇ ਪੱਤੇ ਨੂੰ ਪਾਣੀ ਦੇਣ ਦੀ ਲੋੜ ਨਹੀਂ ਪੈਂਦੀ। ਜੜ੍ਹ ਨੂੰ ਪਾਣੀ ਦੇਣ ਨਾਲ ਸਾਰੇ ਪੱਤਿਆਂ ਨੂੰ ਪਾਣੀ ਆਪੇ ਹੀ ਪਹੁੰਚ ਜਾਂਦਾ ਹੈ। ਇਸੇ ਤਰ੍ਹਾਂ ਜਿਸ ਨੇ ਗੁਰੂ ਨਾਨਕ ਦੀ ਮਹਿਮਾ ਕਰ ਲਈ, ਗੁਰੂ ਨਾਨਕ ਦੀਆਂ ਸਿਫਤਾਂ ਵਿਚ ਜੀਵਨ ਲਗਾ ਦਿੱਤਾ, ਮਤ ਸੋਚਿਓ ਕਿ ਉਸ ਉੱਤੇ ਕੋਈ ਦੇਵੀ, ਦੇਵਤਾ ਨਰਾਜ਼ ਹੋ ਜਾਵੇਗਾ। ਗੁਰੂ ਨਾਨਕ ਦੀ ਸਿਫਤ ਵਿਚ ਸਭ ਦੀ ਸਿਫਤ ਸਲਾਹ ਆਪੇ ਹੀ ਆ ਜਾਂਦੀ ਹੈ। (ਇਥੇ ਇਕ ਗੱਲ ਧਿਆਨ ਵਿਚ ਰੱਖਣਾ ਕਿ ਅਸੀਂ ਸਿਫਤ ਆਪਣੇ ਗੁਰੂ ਨਾਨਕ ਦੀ, ਪ੍ਰਮੇਸ਼ਰ ਜਾਣ ਕੇ ਕਰਨੀ ਹੈ, ਪਰ ਮਨ ਵਿਚ ਸਤਿਕਾਰ ਸਭ ਲਈ ਰੱਖਣਾ ਹੈ, ਕਿਸੇ ਦੀ ਨਿਰਾਦਰੀ ਨਹੀਂ ਕਰਨੀ। ਮਨ ਵਿਚ ਇਹ ਵਿਚਾਰ ਕਦੀ ਵੀ ਨਹੀਂ ਰੱਖਣੀ ਕਿ ਬਾਕੀ ਦੇਵੀ ਦੇਵਤੇ, ਪੀਰ ਪੈਗ਼ੰਬਰ ਕੁਝ ਵੀ ਨਹੀਂ, ਬੇਸ਼ਕ ਮੰਦਰ ਅੱਗੋਂ ਲੰਘੋ ਜਾਂ ਮਸਜਿਦ ਅੱਗੋਂ ਜਾਂ ਗਿਰਜੇ ਘਰ ਅੱਗੋਂ ਤਾਂ ਸਤਿਕਾਰ ਸਾਰਿਆਂ ਪ੍ਰਤੀ ਰੱਖਣਾ ਹੈ ਕਿ ਇਹ ਵੀ ਪ੍ਰਭੂ ਦੇ ਘਰ ਹਨ, ਕਿਉਂਕਿ ਜੇ ਇਕ ਕਦਮ ਵੀ ਕਿਸੇ ਪ੍ਰਤੀ ਨਿਰਾਦਰੀ ਵਾਲਾ ਪੁੱਟਿਆ ਗਿਆ ਤਾਂ ਗੁਰੂ ਨਾਨਕ ਦੀ ਵੀ ਪ੍ਰਸੰਨਤਾ ਨਹੀਂ ਮਿਲ ਸਕੇਗੀ। ਇਸ਼ਾਰਾ ਸਮਝਿਓ ! ਦਾਸ ਜੋ ਗੁਰੂ ਦੀ ਕਿਰਪਾ ਨਾਲ ਵਿਚਾਰ ਸਾਂਝੀ ਕਰਨੀ ਚਾਹੁੰਦਾ ਹੈ ਕਿ ਆਪਣੇ ਗੁਰੂ ਵਿਚੋਂ ਹੀ ਪ੍ਰਮੇਸ਼ਰ ਨੂੰ ਵੇਖਣਾ, ਉਸੇ ਦਾ ਹੀ

ਧਿਆਨ ਤੇ ਉਸੇ ਦਾ ਹੀ ਜਾਪ, ਉਸੇ ਦੀ ਹੀ ਸਿਫਤ ਕਰਨੀ ਹੈ। ਦਾਸ ਕੋਈ ਗੱਲ ਆਪਣੇ ਕੋਲੋਂ ਨਹੀਂ ਕਰ ਰਿਹਾ, ਗੁਰੂ ਰਾਮਦਾਸ ਜੀ ਦੀ ਬਾਣੀ ਦੀਆਂ ਪੰਕਤੀਆਂ ਵਿਚੋਂ ਵੀ ਇਹੀ ਆਸ਼ਾ ਮਿਲਦਾ ਹੈ-

*ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ॥*

(ਅੰਗ ੭੩੪)

ਜਿੰਨ੍ਹਾਂ ਨੂੰ ਸਤਿਗੁਰੂ ਆਪਣੀ ਸਿਫਤ ਸਲਾਹ ਦੀ ਦਾਤ ਬਖ਼ਸ਼ਦੇ ਹਨ, ਉਹ ਨਾਮ ਧਨ ਨੂੰ ਪਾ ਕੇ ਪੋਤੇਦਾਰ ਸਤਿਗੁਰੂ ਪਿਤਾ ਦੇ ਖ਼ਜ਼ਾਨੇ ਦੇ ਹੱਕਦਾਰ ਬਣ ਜਾਂਦੇ ਹਨ।

*ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥*
*ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ॥*

(ਅੰਗ ੧੨੩੯)

*ਹਰ ਰੋਮ ਕਰ ਕੇ ਜੀਭ ਮੇਰੀ ਮੇਰੇ ਤੇ ਕਰ ਕੇ ਕਰੰਮ।*
*ਸਿਫਤ ਸਾਂਈਂ ਦੀ ਕਰਾਂ ਮੈ ਦਮ ਬਰ ਦਮ।*

(ਭਾਈ ਨੰਦ ਲਾਲ)

ਇਥੇ ਹੀ ਬਸ ਨਹੀਂ, ਇਸ ਤੋਂ ਅੱਗੇ ਵੀ ਗੱਲ ਜਾਂਦੀ ਜੇ। ਕਿ ਹਰ ਰੋਮ ਸਿਫਤ ਕਰੇ। ਇਹ ਵੀ ਥੋੜਾ ਜਾਪਦਾ ਹੈ। ਕਿਰਪਾ ਕਰ ਮੇਰੇ ਇਕ-ਇਕ ਰੋਮ ਨੂੰ ਕੋਟ-ਕੋਟ (ਕ੍ਰੋੜਾਂ) ਜੀਭਾਂ ਲਾ ਦੇ, ਜਿਨ੍ਹਾਂ ਨਾਲ ਮੈਂ ਤੇਰੀਆਂ ਸਿਫਤਾਂ ਕਰ ਸਕਾਂ ਕਿਉਕਿ ਤੇਰੀ ਕਿਰਪਾ, ਤੇਰੀਆਂ ਬਖ਼ਸ਼ਿਸ਼ਾਂ, ਤੇਰਾ ਪਿਆਰ ਹੀ ਇਤਨਾ ਹੈ-

*ਦਇਆ ਕਰਹੁ ਦਇਆਲ ਅਪਣੀ ਸਿਫਤਿ ਦੇਹੁ॥*

(ਅੰਗ ੯੬੧)

### (3) ਗੁਰੂ ਦੀ ਪੂਜਾ

*ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ*
*ਦੂਜੈ ਭਾਇ ਮਲੁ ਲਾਈ॥*

(ਅੰਗ ੯੧੦)

ਬਹੁਤ ਸਾਰੇ ਲੋਕ ਪੂਜਾ ਤਾਂ ਕਰਦੇ ਹਨ ਪਰ ਪੂਜਾ ਕਰਨ ਦੀ ਸਹੀ ਵਿਧੀ ਨਹੀਂ ਜਾਣਦੇ, ਜਿਸ ਕਾਰਨ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਪੂਜਾ ਤੋਂ ਭਾਵ ਹੈ ਅਰਾਧਨਾ, ਉਪਾਸ਼ਨਾ। ਹੁਣ ਸਵਾਲ ਇਹ ਉਠਦਾ ਹੈ ਕਿ ਪੂਜਾ ਕਿਸ ਦੀ ਕਰਨੀ ਚਾਹੀਦੀ ਹੈ ਤੇ ਕਿਵੇਂ ਕਰਨੀ ਚਾਹੀਦੀ ਹੈ। ਗੁਰੂ ਨਾਨਕ ਪਾਤਿਸ਼ਾਹ ਨੂੰ ਇਕ ਵਾਰ ਕਿਸੇ

ਪੰਡਿਤ ਨੇ ਜੋ ਕਿ ਠਾਕੁਰ ਦੀ ਪੂਜਾ ਕਰਦਾ ਸੀ, ਕਿਹਾ ਸੀ ਕਿ ਤੁਸੀਂ ਵੀ ਠਾਕੁਰ ਦੀ ਪੂਜਾ ਕਰਿਆ ਕਰੋ, ਇਸ ਨਾਲ ਤੁਹਾਨੂੰ ਮੁਕਤੀ ਦੀ ਪ੍ਰਾਪਤੀ ਹੋਵੇਗੀ। ਸਤਿਗੁਰੂ ਸੱਚੇ ਪਾਤਿਸ਼ਾਹ ਨੇ ਇਕ ਸ਼ਬਦ ਉਚਾਰਨ ਕਰ ਕੇ ਉਸ ਨੂੰ ਸਮਝਾਇਆ ਕਿ ਪੂਜਾ ਕਿਸ ਦੀ ਕਰਨੀ ਹੈ ਤੇ ਕਿਵੇਂ ਕਰਨੀ ਹੈ। ਅਸੀਂ ਵੀ ਉਸ ਸ਼ਬਦ ਦੇ ਭਾਵ ਨੂੰ ਸਮਝ ਕੇ ਆਪਣੇ ਲਈ ਸੇਧ ਲਈਏ-

*ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨ ਉਰਸਾ ਹੋਇ॥*
*ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥*
*ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥*

(ਅੰਗ ੪੮੯)

ਸਤਿਗੁਰੂ ਕਹਿੰਦੇ ਹਨ, ਪੰਡਿਤ ਜੀ, ਨਾਮ ਜਪਣ ਤੋਂ ਬਿਨਾਂ ਕੀਤੀ ਪੂਜਾ ਸਫਲੀ ਨਹੀਂ ਹੁੰਦੀ। ਮਨ ਨੂੰ ਸਥਿਰ ਕਰ ਕੇ ਘਟ ਘਟ ਵਿਚ ਵਿਆਪਕ ਪ੍ਰਮਾਤਮਾ ਦਾ ਨਾਮ ਜਪੀਏ ਤੇ ਨਿਸ਼ਕਾਮ ਕਰਮ ਕਰੀਏ, ਇਹੀ ਅਸਲੀ ਪੂਜਾ ਹੈ। ਕਬੀਰ ਜੀ ਨੂੰ ਵੀ ਪੰਡਿਤਾਂ ਨੇ ਕਿਹਾ ਸੀ ਕਿ ਜੇ ਤੂੰ ਹਿੰਦੂ ਹੈਂ ਤਾਂ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਪੂਜਾ ਕਰਿਆ ਕਰ ਤੇ ਮੁੱਲਾਂ ਨੇ ਕਿਹਾ ਸੀ ਕਿ ਜੇ ਤੂੰ ਮੁਸਲਮਾਨ ਹੈਂ ਤਾਂ ਤੂੰ ਉਸ ਮਜ਼ਬ ਮੁਤਾਬਕ ਰੋਜ਼ੇ ਰਖਿਆ ਕਰ, ਨਿਮਾਜ਼ ਪੜ੍ਹਿਆ ਕਰ। ਕਬੀਰ ਜੀ ਕਹਿੰਦੇ ਹਨ ਕਿ ਨਾ ਮੈਂ ਪੂਜਾ ਕਰਦਾ ਹਾਂ, ਨਾ ਮੈਂ ਨਿਮਾਜ਼ ਪੜ੍ਹਦਾ ਹਾਂ, ਮੈਂ ਤਾਂ ਇਕ ਪ੍ਰਮੇਸ਼ਰ ਦਾ ਨਾਮ ਲੈ ਕੇ ਉਸ ਨੂੰ ਮਨ ਕਰ ਕੇ, ਹਿਰਦੇ ਰਾਹੀਂ ਨਮਸਕਾਰ ਕਰਦਾ ਹਾਂ, ਇਹੀ ਮੇਰੀ ਪੂਜਾ ਹੈ ਤੇ ਇਹੀ ਮੇਰੀ ਨਿਮਾਜ਼ ਹੈ। ਗੁਰੂ ਅਰਜਨ ਦੇਵ ਜੀ ਨੇ ਕਬੀਰ ਦੇ ਇਸ ਭਾਵ ਨੂੰ ਆਪਣੀ ਬਾਣੀ ਰਾਹੀਂ ਇਸ ਤਰ੍ਹਾਂ ਪ੍ਰਗਟ ਕੀਤਾ ਹੈ-

*ਹਜ ਕਾਬੈ ਜਾਉ ਨ ਤੀਰਥ ਪੂਜਾ॥*
*ਏਕੋ ਸੇਵੀ ਅਵਰੁ ਨ ਦੂਜਾ॥*
*ਪੂਜਾ ਕਰਉ ਨ ਨਿਵਾਜ ਗੁਜਾਰਉ॥*
*ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥*

(ਅੰਗ ੧੧੩੬)

ਆਮ ਤੌਰ ਤੇ ਲੋਕ ਕਈ ਤਰ੍ਹਾਂ ਦੇ ਸਾਧਨ ਕਰ ਕੇ, ਵਰਤ ਰਖ ਕੇ, ਭੁੱਖ ਨੰਗ ਸਹਾਰ ਕੇ, ਕਈ ਤਰ੍ਹਾਂ ਨਾਲ ਸਰੀਰ ਨੂੰ ਕਸ਼ਟ ਦੇ ਕੇ, ਤੀਰਥਾਂ 'ਤੇ ਜਾ ਕੇ, ਇਸ਼ਨਾਨ ਕਰ ਕੇ, ਸਮਗ੍ਰੀਆਂ ਨੂੰ ਮਲ ਕੇ, ਧੂਪ-ਦੀਪ ਕਰ ਕੇ, ਤਿਲਕ ਲਗਾ ਕੇ ਆਦਿ ਕਈ ਢੰਗਾਂ ਨਾਲ ਪੂਜਾ ਕਰਦੇ ਹਨ, ਪ੍ਰੰਤੂ ਜਿਨ੍ਹਾਂ ਦੇ ਮਨ ਕਾਮ, ਕਰੋਧ, ਲੋਭ, ਮੋਹ ਅਤੇ

ਹੰਕਾਰ ਰੂਪ ਵਿਕਾਰਾਂ ਨਾਲ ਭਰੇ ਹੋਏ ਹਨ, ਉਹ ਭਾਵੇਂ ਬਾਹਰੀ ਪ੍ਰਕਾਰ ਦੇ ਅਨਿਕ ਪ੍ਰਕਾਰ ਦੇ ਢੰਗਾਂ ਨਾਲ ਪ੍ਰਮੇਸ਼ਰ ਦੀ ਪੂਜਾ ਪਏ ਕਰਨ, ਉਨ੍ਹਾਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਅਸਲ ਵਿਚ ਆਪਣਾ ਮਨ ਤੇ ਤਨ ਗੁਰੂ ਦੇ ਅਰਪਨ ਕਰਨਾ, ਇਹੀ ਗੁਰੂ ਦੀ ਸਭ ਤੋਂ ਸ੍ਰੇਸ਼ਟ ਪੂਜਾ ਹੈ। ਉਹ ਕੰਮ ਕਰਨੇ ਜੋ ਗੁਰੂ ਨੂੰ ਚੰਗੇ ਲਗਦੇ ਹੋਣ, ਜਿਨ੍ਹਾਂ ਦੇ ਕਰਨ ਨਾਲ ਗੁਰੂ ਖੁਸ਼ ਹੋਵੇ, ਇਹ ਹੈ ਗੁਰੂ ਦੀ ਸਹੀ ਮਾਇਨੇ ਵਿਚ ਪੂਜਾ। ਦਾਸ ਕੋਈ ਵੀ ਗੱਲ ਆਪਣੇ ਕੋਲੋਂ ਨਹੀਂ ਲਿਖ ਰਿਹਾ, ਗੁਰਬਾਣੀ ਵਿਚ ਵੀ ਲਿਖਿਆ ਹੈ-

*ਅਨਿਕ ਪੂਜਾ ਮੈ ਬਹੁ ਬਿਧਿ ਖੋਜੀ*
*ਸਾ ਪੂਜਾ ਜਿ ਹਰਿ ਭਾਵਾਸਿ॥*

(ਅੰਗ ੧੩੦੪)

ਸੇਧ ਲੈਣਾ ਕਿ ਗੁਰੂ ਦੀ ਗੱਲ ਨੂੰ ਸਮਝਣਾ ਹੈ ਤੇ ਸਮਝ ਕੇ ਉਸ ਉੱਤੇ ਅਮਲ ਕਰਨਾ ਹੀ ਗੁਰੂ ਦੀ ਸਭ ਤੋਂ ਸ੍ਰੇਸ਼ਟ ਤੇ ਵੱਡੀ ਪੂਜਾ ਹੈ। ਮਹਾਂਪੁਰਸ਼ ਇਕ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਸਨ ਕਿ ਕਿਸੇ ਇਸਤ੍ਰੀ ਦਾ ਪਤੀ ਕੁਝ ਕੁ ਮਹੀਨਿਆਂ ਲਈ ਸ਼ਹਿਰ ਤੋਂ ਬਾਹਰ ਗਿਆ ਤੇ ਉਥੋਂ ਜਾ ਕੇ ਆਪਣੀ ਪਤਨੀ ਨੂੰ ਚਿੱਠੀਆਂ ਲਿਖਦਾ ਸੀ, ਜਿਨ੍ਹਾਂ ਵਿਚ ਜ਼ਿਕਰ ਹੁੰਦਾ ਸੀ ਕਿ ਫਲਾਣਾ ਫਲਾਣਾ ਕੰਮ ਕਰ ਲਈਂ। ਕੁਝ ਕੁ ਮਹੀਨਿਆਂ ਬਾਅਦ ਜਦੋਂ ਪਤੀ ਵਾਪਿਸ ਘਰ ਆਇਆ ਤੇ ਪਤਨੀ ਨੂੰ ਪੁੱਛਿਆ ਕਿ ਮੇਰੀਆਂ ਚਿੱਠੀਆਂ ਦਾ ਕੀ ਕੀਤਾ ? ਉਨ੍ਹਾਂ ਵਿਚ ਮੈਂ ਜੋ ਕੁਝ ਲਿਖਦਾ ਰਿਹਾ, ਤੂੰ ਉਹ ਕੁਝ ਕੀਤਾ ਹੈ ਕਿ ਨਹੀਂ। ਪਤਨੀ ਅੱਗੋਂ ਕਹਿਣ ਲੱਗੀ, ਮੈਂ ਤੁਹਾਡਾ ਇੰਨਾ ਸਤਿਕਾਰ ਕਰਦੀ ਹਾਂ ਕਿ ਮੈਂ ਤੁਹਾਡੀਆਂ ਭੇਜੀਆਂ ਚਿੱਠੀਆਂ ਨੂੰ ਵੀ ਪਿਆਰ ਤੇ ਸਤਿਕਾਰ ਨਾਲ ਸਾਫ-ਸੁੱਚੇ ਕਪੜੇ 'ਚ ਰਖ ਕੇ ਇਕੱਠੀਆਂ ਕਰਦੀ ਰਹੀ ਹਾਂ ਤੇ ਉਨ੍ਹਾਂ ਦੀ ਧੂਫ ਬੱਤੀ ਕਰਦੀ ਸੀ। ਉਨ੍ਹਾਂ ਵਿਚੋਂ ਤੁਹਾਡਾ ਰੂਪ ਦੇਖ ਕੇ, ਤੁਹਾਨੂੰ ਯਾਦ ਕਰ ਕੇ ਰੋਜ਼ ਮੱਥਾ ਟੇਕਦੀ ਸੀ। ਪਤੀ ਕਹਿੰਦਾ ਹੈ, ਉਹ ਤਾਂ ਠੀਕ ਹੈ ਪਰ ਇਹ ਤੇ ਦੱਸ ਕਿ ਉਨ੍ਹਾਂ ਚਿੱਠੀਆਂ ਵਿਚ ਮੈਂ ਜੋ ਕੰਮ ਲਿਖੇ ਸੀ ਉਹ ਵੀ ਕੀਤੇ ਹਨ ਕਿ ਨਹੀਂ ? ਪਤਨੀ ਕਹਿੰਦੀ ਹੈ, ਕੰਮ ਤਾਂ ਮੈਂ ਕੋਈ ਨਹੀਂ ਕੀਤਾ ਪਰ ਸਤਿਕਾਰ ਬਹੁਤ ਕੀਤਾ ਹੈ। ਉਨ੍ਹਾਂ ਚਿੱਠੀਆਂ ਦੀ ਪੂਜਾ ਤੁਹਾਡਾ ਰੂਪ ਜਾਣ ਕੇ ਕੀਤੀ ਹੈ। ਹੁਣ ਤੁਸੀਂ ਆਪੇ ਅੰਦਾਜ਼ਾ ਲਗਾ ਲਵੋ, ਕੀ ਐਸੀ ਪਤਨੀ 'ਤੇ ਉਸ ਦਾ ਪਤੀ ਖ਼ੁਸ਼ ਹੋਇਆ ਹੋਵੇਗਾ ? ਇਸੇ ਤਰ੍ਹਾਂ ਗੁਰੂ ਵੀ ਕਹਿੰਦਾ ਹੈ ਕਿ ਤੇਰੇ ਮੈਂ ਨਿਰੇ ਮੱਥੇ ਟੇਕਣ ਤੇ ਸਤਿਕਾਰ ਕਰਨ ਨੂੰ ਕੀ ਕਰਾਂ ਜੇ ਤੂੰ ਮੇਰੇ ਦਿੱਤੇ ਉਪਦੇਸ਼ ਨੂੰ ਹੀ ਨਹੀਂ ਕਮਾਇਆ। ਗੁਰੂ ਦਾ ਬਾਹਰੋਂ ਸਤਿਕਾਰ ਵੀ ਕਰਨਾ ਹੈ, ਪੂਜਾ ਵੀ ਕਰਨੀ ਹੈ, ਮੱਥਾ ਵੀ ਟੇਕਣਾ ਹੈ, ਪਰ ਇਸ ਦੇ ਨਾਲ ਨਾਲ ਗੁਰੂ ਦੀ ਬਾਣੀ ਨੂੰ ਪੜ੍ਹ ਕੇ, ਉਸ ਦੇ ਉਪਦੇਸ਼ਾਂ ਨੂੰ ਸਮਝ ਕੇ, ਆਪਣੇ ਜੀਵਨ ਵਿਚ ਢਾਲਣਾ ਵੀ ਹੈ। ਇਹ ਪੂਜਾ ਹੈ ਗੁਰੂ ਦੀ।

ਇਕ ਵਾਰੀ ਪੁੱਛਿਆ ਸੀ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਨੂੰ, ਲਹਿਣਿਆ ! ਕਿਧਰ ਨੂੰ ਜਾਣਾ ਹੈ ? ਲਹਿਣਾ ਜੀ ਦੇ ਮੁਖ ਚੋਂ ਕੁਦਰਤੀ ਨਿਕਲ ਗਿਆ, ਜੀ ਇਧਰ ਨੂੰ ਜਾਣਾ ਹੈ। ਸਤਿਗੁਰੂ ਸੱਚੇ ਪਾਤਿਸ਼ਾਹ ਨਾਲ ਹੀ ਕਹਿੰਦੇ ਹਨ, ਲਹਿਣਿਆ ! ਰਸਤਾ ਪੁੱਛਣ ਆਇਆ ਹੈਂ ਕਿ ਦੱਸਣ ਆਇਆ ਹੈ ? ਸਤਿਗੁਰੂ ਦੇ ਇਹ ਬਚਨ ਹਿਰਦੇ 'ਚ ਤੀਰ ਦੀ ਤਰ੍ਹਾਂ ਕੰਮ ਕਰ ਗਏ, ਜਿਵੇਂ ਕਬੀਰ ਸਾਹਿਬ ਦੀਆਂ ਵੀ ਪੰਕਤੀਆਂ ਹਨ-

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*

(ਅੰਗ ੧੩੭੪)

ਫਿਰ ਐਸਾ ਰੰਗ ਲੱਗਾ, ਗੁਰੂ ਨਾਨਕ ਸਾਹਿਬ ਦੀ ਰਸਨਾ ਤੋਂ ਨਿਕਲੇ ਹਰ ਬਚਨ ਨੂੰ ਪਿਆਰ ਤੇ ਭਾਵਨਾ ਨਾਲ ਮੰਨਿਆ। ਜੇ ਗੁਰੂ ਸਾਹਿਬ ਨੇ ਕਿਹਾ ਚਿਕੜ ਵਿਚੋਂ ਕਟੋਰਾ ਕੱਢ ਕੇ ਲਿਆਓ, ਬਿਨਾਂ ਕਿਸੇ ਕਿਰਕ ਦੇ ਕੱਢਿਆ। ਜੇ ਸਤਿਗੁਰੂ ਨੇ ਕਿਹਾ ਮੋਈ ਚੂਹੀ ਚੁੱਕ ਕੇ ਬਾਹਰ ਸੁੱਟ ਕੇ ਆਵੋ, ਅੰਦਰ ਕੋਈ ਕਿਰਕ ਨਹੀਂ ਲਿਆਂਦੀ। ਇੰਨੀ ਅੰਦਰ ਭਾਵਨਾ ਕਿ ਜੇ ਸਤਿਗੁਰੂ ਨੇ ਕਿਹਾ ਦਰੱਖ਼ਤ ਨੂੰ ਹਿਲਾ ਕੇ ਤੇ ਸੰਗਤਾਂ 'ਚ ਮਿਠਾਈਆਂ ਵੰਡੋ। ਭਾਗ ਹੀ ਭਾਵਨਾ ਨੂੰ ਲੱਗਦੇ ਹਨ। ਸਾਰੀ ਖੇਡ ਹੀ ਭਾਵਨਾ ਦੀ ਹੈ। ਕਈਆਂ ਨੇ ਮਜ਼ਾਕ ਵੀ ਬਣਾਇਆ ਕਿ ਕਦੀ ਦਰੱਖ਼ਤਾਂ ਤੋਂ ਮਿਠਾਈਆਂ ਵੀ ਡਿੱਗੀਆਂ ਹਨ। ਪਰ ਲਹਿਣਾ ਜੀ ਗੁਰੂ ਨਾਨਕ ਦੇ ਅਸਲੀ ਤੇ ਸੱਚੇ ਉਪਾਸ਼ਕ ਸਨ, ਆਪਣੇ ਗੁਰੂ ਨੂੰ ਪ੍ਰਮੇਸ਼ਰ ਜਾਣ ਕੇ ਪੂਜਦੇ ਸਨ। ਉਹ ਪ੍ਰਮੇਸ਼ਰ ਜਿਸ ਦੇ ਹੁਕਮ ਵਿਚ ਸਭ ਕੁਝ ਹੈ, ਸ੍ਰਿਸ਼ਟੀ ਦਾ ਪੱਤਾ ਪੱਤਾ ਕੀ, ਹਰ ਕਿਣਕਾ ਜਿਸ ਦੇ ਹੁਕਮ ਵਿਚ ਹੈ, ਉਹ ਜੋ ਚਾਹੇ ਕਰ ਸਕਦਾ ਹੈ। ਪੂਰੀ ਭਾਵਨਾ ਨਾਲ ਲਹਿਣਾ ਜੀ ਨੇ ਦਰੱਖ਼ਤ ਨੂੰ ਹਿਲਾਇਆ ਤੇ ਇਤਿਹਾਸ ਲਿਖਦਾ ਹੈ ਕਿ ਸਚਮੁੱਚ ਹੀ ਦਰੱਖ਼ਤ ਤੋਂ ਮਿਠਾਈਆਂ ਡਿੱਗੀਆਂ ਤੇ ਉਨ੍ਹਾਂ ਨੂੰ ਸੰਗਤਾਂ ਵਿਚ ਵੰਡਿਆ। ਇਸ਼ਾਰਾ ਲੈਣਾ। ਦਾਸ ਗੁਰੂ ਦੀ ਕਿਰਪਾ ਨਾਲ ਇਹ ਕਹਿੰਦਾ ਹੈ ਕਿ ਆਪਣੇ ਗੁਰੂ ਨੂੰ ਪ੍ਰਮੇਸ਼ਰ ਜਾਣ ਕੇ ਪੂਜਣਾ ਤੇ ਉਸ ਦੇ ਹਰ ਬਚਨ ਨੂੰ ਸਤਿਕਾਰ ਕਰ ਕੇ ਮੰਨਣਾ, ਇਹੀ ਗੁਰੂ ਦੀ ਅਸਲੀ ਪੂਜਾ ਹੈ। ਇਕ ਇਤਿਹਾਸਕ ਸਾਖੀ ਵਿਚੋਂ ਵੀ ਇਹੀ ਸੇਧ ਮਿਲਦੀ ਹੈ।

ਗੁਰੂ ਨਾਨਕ ਸਾਹਿਬ ਰੋਜ਼ ਅੰਮ੍ਰਿਤ ਵੇਲੇ ਭਾਈ ਲਹਿਣਾ ਜੀ ਨੂੰ ਨਾਲ ਲਿਜਾ ਕੇ ਨਦੀ ਵਿਚ ਖੜੇ ਹੋ ਕੇ ਬੰਦਗੀ ਕਰਦੇ ਸਨ (ਆਪਣੇ ਨਿਜ ਸਰੂਪ ਵਿਚ ਜੁੜਦੇ ਸਨ) ਤੇ ਲਹਿਣਾ ਜੀ ਨੂੰ ਨਦੀ ਦੇ ਕਿਨਾਰੇ ਆਪਣੇ ਬਸਤ੍ਰਾਂ ਕੋਲ ਖੜਾ ਕਰ ਦਿੰਦੇ ਸਨ। ਇਕ ਵਾਰੀ ਸਰਦੀਆਂ ਦੇ ਦਿਨ ਸਨ, ਗੁਰੂ ਨਾਨਕ ਸਾਹਿਬ ਰੋਜ਼ ਦੀ ਤਰ੍ਹਾਂ ਕੇਤੂ ਨਦੀ ਵਿਚ

ਖੜੇ ਹੋਕੇ ਨਿਜ ਸਰੂਪ 'ਚ ਲੀਨ ਸਨ ਤਾਂ ਭਾਈ ਲਹਿਣਾ ਜੀ ਨੇ ਸੋਚਿਆ ਕਿ ਮੈਂ ਇਥੇ ਬਸਤ੍ਰਾਂ ਕੋਲ ਵਿਹਲਾ ਹੀ ਖੜਾ ਹਾਂ, ਕਿਉਂ ਨਾ ਮੈਂ ਵੀ ਪਾਣੀ 'ਚ ਖੜਾ ਹੋ ਕੇ ਥੋੜੀ ਦੇਰ ਬੰਦਗੀ ਕਰ ਲਵਾਂ। ਇਹ ਸੋਚ ਕੇ ਆਪਣੇ ਬਸਤ੍ਰ ਉਤਾਰ ਕੇ ਲਹਿਣਾ ਜੀ ਵੀ ਪਾਣੀ ਵਿਚ ਜਾ ਖੜੇ ਹੋਏ ਪਰ ਪਾਣੀ ਬਹੁਤ ਠੰਢਾ ਸੀ ਤੇ ਇਕ ਦਮ ਹੀ ਬਾਹਰ ਆ ਗਏ। ਜਦੋਂ ਸਤਿਗੁਰੂ ਕਾਫੀ ਸਮੇਂ ਬਾਅਦ ਨਦੀ ਵਿਚੋਂ ਬਾਹਰ ਆਏ ਤਾਂ ਅੰਤਰਜਾਮੀ ਸਤਿਗੁਰੂ ਲਹਿਣਾ ਜੀ ਨੂੰ ਪੁੱਛਦੇ ਹਨ ਕਿ ਤੂੰ ਜਲ ਵਿਚ ਖੜਾ ਹੋ ਕੇ ਬੰਦਗੀ ਕਰਨ ਗਿਆ ਸੀ, ਭਗਤੀ ਕਰਨ ਗਿਆ ਸੀ, ਫਿਰ ਕੀਤੀ ਕਿਉਂ ਨਹੀਂ, ਇਕ ਮਿੰਟ ਵਿਚ ਹੀ ਬਾਹਰ ਕਿਉਂ ਆ ਗਿਆ? ਲਹਿਣਾ ਜੀ ਨੇ ਬੇਨਤੀ ਕੀਤੀ, ਸੱਚੇ ਪਾਤਿਸ਼ਾਹ! ਪਾਣੀ ਬਹੁਤ ਠੰਢਾ ਸੀ। ਹੁਣ ਗੁਰੂ ਨਾਨਕ ਸਾਹਿਬ ਨੇ ਲਹਿਣਾ ਜੀ ਨੂੰ ਜੋ ਬਚਨ ਕੀਤਾ, ਉਸ ਤੋਂ ਸੇਧ ਲੈਣਾ। ਇਸ਼ਾਰਾ ਲੈਣਾ। ਸਤਿਗੁਰੂ ਕਹਿੰਦੇ ਹਨ, ਤੈਨੂੰ ਅਸੀਂ ਬਸਤ੍ਰਾਂ ਪਾਸ ਖੜਾ ਕੀਤਾ ਸੀ, ਤੂੰ ਉਥੇ ਖੜਾ ਰਹਿ, ਤੇਰੇ ਲਈ ਇਹੀ ਭਗਤੀ ਹੈ। ਇਹੀ ਪੂਜਾ ਹੈ। ਤੇਰੀ ਭਗਤੀ ਇਸੇ ਵਿਚ ਹੀ ਹੈ ਕਿ ਤੂੰ ਹੁਕਮ ਮੰਨ, ਗੁਰੂ ਦੇ ਬਚਨ ਨੂੰ ਮੰਨਣਾ, ਇਹੀ ਸਿੱਖ ਦੀ ਭਗਤੀ ਹੈ, ਇਹੀ ਪੂਜਾ ਹੈ।

(4) ਗੁਰੂ ਦੀ ਸੇਵਾ-

SIKHBOOKCLUB.COM

ਗੁਰੂ ਘਰ ਵਿਚ ਸਾਰੇ ਤਪਾਂ ਤੋਂ ਸ਼੍ਰੋਮਣੀ ਤਪ ਸੇਵਾ ਹੈ ਗੁਰੂ ਦੀ ਸੇਵਾ। ਪ੍ਰਮੇਸ਼ਰ ਦੀ ਪ੍ਰਾਪਤੀ ਲਈ ਨਾਮ ਜਪਣ ਦੇ ਨਾਲ-ਨਾਲ ਸੇਵਾ ਕਰਨੀ ਵੀ ਬਹੁਤ ਜ਼ਰੂਰੀ ਹੈ। ਜਿਸ ਪੰਛੀ ਦੇ ਦੋਵੇਂ ਪਰ ਹੋਣ, ਉਹ ਹੀ ਆਕਾਸ਼ ਵਿਚ ਉਡਾਰੀਆਂ ਮਾਰ ਸਕਦਾ ਹੈ। ਇਕ ਪਰ ਵਾਲਾ ਪੰਛੀ ਉਡਾਰੀ ਨਹੀਂ ਮਾਰ ਸਕਦਾ। ਇਸੇ ਤਰ੍ਹਾਂ ਜਿਸ ਦੀ ਜ਼ਿੰਦਗੀ ਵਿਚ ਨਾਮ ਤੇ ਸੇਵਾ ਰੂਪੀ ਦੋਵੇਂ ਪਰ ਹੋਣ, ਉਸ ਨੂੰ ਹੀ ਪ੍ਰਾਪਤੀ ਹੋ ਸਕਦੀ ਹੈ। ਜਿਸ ਦੀ ਜ਼ਿੰਦਗੀ ਵਿਚ ਨਿਰੀ ਸੇਵਾ ਹੈ, ਸਿਮਰਨ ਨਹੀਂ, ਕੀ ਉਹ ਦਰਗਾਹ ਵਿਚ ਜਗ੍ਹਾ ਲੈ ਲਵੇਗਾ? ਨਹੀਂ। ਜਿਸ ਦੀ ਜ਼ਿੰਦਗੀ ਵਿਚ ਨਿਰਾ ਸਿਮਰਨ ਹੈ, ਸੇਵਾ ਨਹੀਂ ਤਾਂ ਵੀ ਗੱਲ ਨਹੀਂ ਬਣਦੀ। ਸੇਵਾ ਸਿਮਰਨ ਦੋਵੇਂ ਆ ਜਾਣ, ਫਿਰ ਅਨੰਦ ਹੀ ਅਨੰਦ ਹੈ।

ਇਕ ਵਾਰੀ ਕੋਈ ਰਾਗੀ ਸਿੰਘ ਕੀਰਤਨ ਕਰ ਰਹੇ ਸਨ ਤੇ ਧਾਰਨਾ ਪੜ੍ਹ ਰਹੇ ਸਨ—

*'ਪੱਖਾ ਫੇਰਾਂ ਪਾਣੀ ਢੋਵਾਂ ਤੇਰੀਆਂ ਸੰਗਤਾਂ ਦਾ।'*

ਬਾਬਾ ਨੰਦ ਸਿੰਘ ਜੀ ਨੇ ਇਸ਼ਾਰਾ ਕਰਕੇ ਕੀਰਤਨ ਰੋਕ ਦਿੱਤਾ ਤੇ ਪੁੱਛਣ ਲੱਗੇ ਕਿ ਜੋ ਪੜ੍ਹ ਰਹੇ ਹੋ ਕਦੇ ਕੀਤਾ ਵੀ ਜੇ। ਉਨ੍ਹਾਂ ਦੇ ਸਿਰ ਝੁਕ ਗਏ। ਬਾਬਾ ਜੀ ਕਹਿੰਦੇ ਹਨ ਕਿ ਸਾਜ਼ ਛੱਡ ਦਿਓ ਤੇ ਪਹਿਲੇ ਪਾਣੀ ਢੋਣ ਤੇ ਪੱਖਾ ਝੱਲਣ ਦੀ ਕੁਝ ਦਿਨ ਸੇਵਾ ਕਮਾਓ। ਫਿਰ ਇਹ ਪੰਕਤੀ ਪੜ੍ਹਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਣਗਿਣਤ

ਐਸੀਆਂ ਪੰਕਤੀਆਂ ਹਨ ਜਿਨ੍ਹਾਂ ਰਾਹੀਂ ਸਾਨੂੰ ਸੋਧ ਮਿਲਦੀ ਹੈ ਕਿ ਸੇਵਾ ਕਰਨੀ ਬਹੁਤ ਜ਼ਰੂਰੀ ਹੈ, ਸੇਵਾ ਕਰਨ ਨਾਲ ਮਨ ਬਾਂਛਤ ਫਲ ਪ੍ਰਾਪਤ ਹੁੰਦੇ ਹਨ—

*ਸਤਿਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ॥*

(ਅੰਗ ੩੧)

*ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥*

(ਅੰਗ ੬੫੧)

ਕਬੀਰ ਜੀ ਤਾਂ ਆਪਣੇ ਇਕ ਸਲੋਕ ਰਾਹੀਂ ਇਤਨੀ ਤਾੜਨਾ ਕਰਦੇ ਹਨ, ਇਥੋਂ ਤੱਕ ਕਹਿੰਦੇ ਹਨ ਕਿ ਜਿਸ ਘਰ ਵਿਚ ਸੰਤਾਂ ਸਾਧਾਂ ਦੀ ਜਾਂ ਗੁਰੂ ਦੀ ਸੇਵਾ ਨਹੀਂ, ਉਹ ਘਰ ਮਸਾਣਾਂ ਦੇ ਸਮਾਨ ਹੈ।

*ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥*

(ਅੰਗ ੧੩੭੪)

ਬਾਬਾ ਜੀ ਦੇ ਬਚਨ ਹਨ ਕਿ ਆਪਣੇ ਪੂਰਬਲੇ ਚੰਗੇ ਕਰਮਾਂ ਕਾਰਨ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ ਤੇ ਸਤਿਸੰਗ ਵਿਚ ਜਾ ਕੇ ਪ੍ਰੇਮ ਨਾਲ ਸੇਵਾ ਕਰਨ ਤਾਂ ਪੁੰਨ ਵਧਦੇ ਹਨ। ਝੋਲੀਆਂ ਭਰਦੀਆਂ ਹਨ, ਭਗਤੀ ਦਾ ਉਤਸ਼ਾਹ ਮਿਲਦਾ ਹੈ। ਸੇਵਾ ਮਨ ਨੂੰ ਨਿਰਮਾਣ ਕਰਦੀ ਹੈ ਤੇ ਨਿਰਮਾਣਤਾ ਮਨ ਦੀ ਮੈਲ ਧੋਂਦੀ ਹੈ। ਇਸ ਨਾਲ ਮਨ ਨਾਮ ਦੇ ਨਿਵਾਸ ਲਈ ਤਿਆਰ ਹੋ ਜਾਂਦਾ ਹੈ। ਇਕ ਵਾਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹੇ ਦੀ ਸੇਵਾ ਚਲ ਰਹੀ ਸੀ। ਇਕ ਸਾਧੂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਦਰਸ਼ਨਾਂ ਦੀ ਇੱਛਾ ਨਾਲ ਆਇਆ ਤੇ ਮਨ ਵਿਚ ਫੁਰਨਾ ਬਣ ਗਿਆ ਕਿ ਗੁਰੂ ਸਾਹਿਬ ਨੂੰ ਕੀ ਲੋੜ ਹੈ ਸੇਵਾ ਦੇ ਕਾਰਜ ਕਰਵਾਉਣ ਦੀ, ਉਨ੍ਹਾਂ ਨੂੰ ਤਾਂ ਚਾਹੀਦਾ ਹੈ ਕਿ ਬੈਠ ਕੇ ਭਗਤੀ ਕਰਨ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਪਾਤਿਸ਼ਾਹ ਘਟ ਘਟ ਦੀ ਜਾਨਣ ਵਾਲੇ ਇਕ ਸਿੱਖ ਨੂੰ ਬਚਨ ਕੀਤਾ ਕਿ ਉਨ੍ਹਾਂ ਸੰਤਾਂ ਨੂੰ ਜਲ ਪਾਣੀ ਛਕਾ ਕੇ ਆਰਾਮ ਲਈ ਕਮਰਾ ਦਿਓ। ਆਖੋ ਦਰਸ਼ਨ ਸ਼ਾਮ ਨੂੰ ਹੋਣਗੇ। ਉਹ ਸੰਤ ਮਹਾਂਪੁਰਸ਼ ਜਦੋਂ ਆਰਾਮ 'ਚ ਹੋਏ ਤਾਂ ਨੀਂਦ ਆ ਗਈ ਤੇ ਇਕ ਸੁਪਨਾ ਦੇਖਿਆ ਕਿ ਇਕ ਜੰਗਲ ਵਿਚ ਇਕ ਰਾਹੀ ਤੁਰਿਆ ਜਾ ਰਿਹਾ ਸੀ। ਅਚਾਨਕ ਬਹੁਤ ਤੇਜ਼ ਬਾਰਿਸ਼ ਹੋਣੀ ਸ਼ੁਰੂ ਹੋ ਗਈ, ਗੜੇ ਪੈਣ ਲੱਗ ਪਏ। ਉਹ ਮੁਸਾਫਿਰ ਬਾਰਿਸ਼ ਦੀ ਮਾਰ ਤੋਂ ਬਚਣ ਲਈ ਉਥੇ ਨਜ਼ਦੀਕ ਹੀ ਇਕ ਗੁਫਾ ਵਿਚ ਵੜ ਗਿਆ। ਉਹ ਗੁਫਾ ਸ਼ੇਰ ਦੀ ਸੀ ਤੇ ਸ਼ੇਰ ਉਸ ਸਮੇਂ ਆਪਣੀ ਗੁਫਾ 'ਚ ਵਾਪਿਸ ਆ ਗਿਆ ਪਰ ਅਜੇ ਅੰਦਰ ਵੜਨ ਹੀ ਲੱਗਾ ਸੀ ਕਿ ਉਸ ਨੇ ਗੁਫਾ ਵਿਚ ਇਕ ਆਦਮੀ ਦੇਖਿਆ। ਆਦਮੀ ਨੂੰ ਦੇਖਦਿਆਂ ਹੀ ਸ਼ੇਰ ਦੇ ਮਨ ਵਿਚ ਖ਼ਿਆਲ ਆਇਆ ਕਿ ਸ਼ਿਕਾਰ

ਆਪੇ ਹੀ ਮੇਰੀ ਗੁਫਾ ਵਿਚ ਆ ਗਿਆ ਹੈ। ਇਸ ਨੂੰ ਮਾਰ ਕੇ ਆਪਣੇ ਪੇਟ ਦੀ ਭੁੱਖ ਮਿਟਾਂਦਾ ਹਾਂ, ਪਰ ਨਾਲ ਹੀ ਖ਼ਿਆਲ ਆਇਆ ਕਿ ਇਹ ਆਦਮੀ ਮੇਰੀ ਗੁਫਾ ਵਿਚ ਆਇਆ ਹੈ, ਇਸ ਲਈ ਇਹ ਮੇਰਾ ਪ੍ਰੋਹਣਾ ਹੈ। ਪ੍ਰੋਹਣੇ ਦੀ ਸੇਵਾ ਕਰਨੀ ਮੇਰਾ ਫ਼ਰਜ਼ ਹੈ ਤੇ ਜੇ ਮੈਂ ਆਪਣੀ ਗੁਫਾ ਦੇ ਅੰਦਰ ਗਿਆ ਤਾਂ ਉਹ ਆਦਮੀ ਮੈਨੂੰ ਦੇਖ ਕੇ ਡਰ ਕੇ ਬਾਹਰ ਨੂੰ ਭੱਜੇਗਾ ਤਾਂ ਬਾਹਰ ਇੰਨੀ ਤੇਜ਼ ਬਾਰਿਸ਼ ਤੇ ਗੜਿਆਂ ਦੇ ਕਾਰਨ ਮਰ ਜਾਵੇਗਾ। ਇਸ ਨੇਕ ਸੋਚ ਦੇ ਬਣਦਿਆਂ ਹੀ ਉਹ ਉਸ ਆਦਮੀ ਦੀ ਸੇਵਾ ਕਰਨ ਦੀ ਵਿਚਾਰ ਨਾਲ ਆਪ ਸਾਰੀ ਰਾਤ ਗੁਫਾ ਦੇ ਬਾਹਰ ਹੀ ਬੈਠਾ ਰਿਹਾ ਤਾਂ ਕਿ ਉਸ ਮੁਸਾਫ਼ਿਰ ਦੀ ਰਾਤ ਆਰਾਮ ਵਿਚ ਬਤੀਤ ਹੋ ਸਕੇ। ਬਾਹਰ ਗੜੇ ਬਹੁਤ ਜ਼ਿਆਦਾ ਪੈ ਰਹੇ ਸਨ। ਬਾਰਿਸ਼, ਗੜੇ ਤੇ ਠੰਢ ਕਾਰਨ ਸ਼ੇਰ ਮਰ ਗਿਆ ਤੇ ਉਸ ਸ਼ੇਰ ਦੀ ਆਤਮਾ ਨੂੰ ਦੇਵਤੇ ਲੈਣ ਆਏ। ਧਰਮਰਾਜ ਨੇ ਬਚਨ ਕੀਤਾ ਕਿ ਇਸ ਨੂੰ ਦਰਗਾਹ 'ਚ ਪੂਰਾ ਸਤਿਕਾਰ ਦਿੱਤਾ ਜਾਵੇ।

ਉਹ ਸਾਧੂ ਇਹ ਸੁਪਨਾ ਦੇਖ ਰਿਹਾ ਸੀ ਕਿ ਗੁਰੂ ਸਾਹਿਬ ਨੇ ਆਪਣੇ ਸਿੱਖ ਨੂੰ ਭੇਜ ਕੇ ਉਸ ਨੂੰ ਬੁਲਾਵਾ ਭੇਜਿਆ। ਜਦੋਂ ਉਸ ਨੇ ਆ ਕੇ ਗੁਰੂ ਸਾਹਿਬ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਸਤਿਗੁਰ ਮੁਸਕਰਾ ਕੇ ਕਹਿੰਦੇ ਹਨ, ਆਪਣੇ ਸੁਆਲ ਦਾ, ਜੋ ਤੁਹਾਡੇ ਅੰਦਰ ਫੁਰਨਾ ਬਣ ਰਿਹਾ ਸੀ, ਉਸ ਦਾ ਜੁਆਬ ਮਿਲ ਗਿਆ ਕਿ ਨਹੀਂ ? ਜੋ ਸੁਪਨਾ ਵੇਖਿਆ ਜੇ ਉਸ ਤੋਂ ਕੋਈ ਸੋਝੀ ਮਿਲੀ ਕਿ ਨਹੀਂ ? ਉਹ ਸਾਧੂ ਕਹਿਣ ਲੱਗਾ, ਮੈਂ ਕੁਝ ਸਮਝਿਆ ਨਹੀਂ। ਸਤਿਗੁਰੂ ਕਹਿੰਦੇ ਹਨ, ਸੰਤ ਜੀ! ਉਸ ਸ਼ੇਰ ਨੇ ਸਿਰਫ ਇਕ ਰਾਤ ਇਕ ਇਨਸਾਨ ਦੀ ਸੇਵਾ ਕੀਤੀ, ਇਕ ਮੁਸਾਫ਼ਿਰ ਦੀ ਸੇਵਾ, ਖ਼ਾਤਰਦਾਰੀ ਕਰਨ ਦੇ ਲਈ ਉਸ ਨੂੰ ਆਪਣੀ ਗੁਫਾ ਆਰਾਮ ਕਰਨ ਲਈ ਦੇ ਦਿੱਤੀ ਤੇ ਆਪ ਗੜਿਆਂ ਦੀ ਮਾਰ ਸਹਾਰ ਲਈ। ਉਸ ਇਕ ਰਾਤ ਇਕ ਮੁਸਾਫਿਰ ਦੀ ਸੇਵਾ ਦਾ ਸਦਕਾ ਉਸ ਸ਼ੇਰ ਨੂੰ ਦਰਗਾਹ ਵਿਚ ਸਤਿਕਾਰ ਮਿਲਿਆ।

ਸਤਿਗੁਰੂ ਕਹਿੰਦੇ ਹਨ, ਇਹ ਜੋ ਸੇਵਾ ਦੇ ਕਾਰਜ ਅਸੀਂ ਕਰਵਾ ਰਹੇ ਹਾਂ, ਇੱਟਾਂ ਲਗਵਾ ਰਹੇ ਹਾਂ, ਸਰਾਵਾਂ ਬਣਾ ਰਹੇ ਹਾਂ, ਛਬੀਲਾਂ ਬਣਾ ਰਹੇ ਹਾਂ, ਇਹ ਸਭ ਸੇਵਾ ਸੰਗਤਾਂ ਦੇ ਪੁੰਨ ਵਧਾਉਣ ਲਈ ਕਰਵਾ ਰਹੇ ਹਾਂ।

ਇਹ ਬਚਨ ਸੁਣਦੇ ਹੀ ਉਸ ਸਾਧੂ ਦਾ ਸਾਰਾ ਸ਼ੰਕਾ ਦੂਰ ਹੋ ਗਿਆ ਤੇ ਉਹ ਚਰਨਾਂ 'ਤੇ ਢਹਿ ਪਿਆ।

ਇਕ ਵਾਰੀ ਭਾਈ ਜੱਗਾ ਨੇ ਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ ਸੀ ਕਿ ਸਤਿਗੁਰੂ ! ਮੈਨੂੰ ਇਕ ਜੋਗੀ ਕਹਿੰਦਾ ਹੈ ਕਿ ਤੂੰ ਘਰ ਗ੍ਰਿਹਸਤੀ ਤਿਆਗ ਕੇ ਮੇਰੇ ਕੋਲੋਂ ਉਪਦੇਸ਼ ਲੈ, ਫਿਰ ਤੇਰਾ ਕਲਿਆਣ ਹੋਵੇਗਾ। ਪਰ ਸਤਿਗੁਰੂ ! ਤੁਸੀਂ ਕਿਰਪਾ ਕਰ ਕੇ

ਦੱਸੋ, ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਸੰਸਾਰ ਸਾਗਰ ਤੋਂ ਕਿਵੇਂ ਤਰਿਆ ਜਾ ਸਕਦਾ ਹੈ ? ਸਤਿਗੁਰੂ ਨੇ ਉਸ ਦਾ ਸ਼ੰਕਾ ਨਵਿਰਤ ਕਰਨ ਲਈ ਆਖਿਆ, ਜੇ ਘਰ ਗ੍ਰਿਹਸਤੀ ਤਿਆਗਣ ਦੇ ਨਾਲ ਰੱਬ ਮਿਲਦਾ ਹੋਵੇ ਤਾਂ ਇਹ ਜੋਗੀ ਸਾਧੂ ਘਰ ਘਰ ਆ ਕੇ ਮੰਗਦੇ ਕਿਉਂ ਫਿਰਨ। ਸਤਿਗੁਰੂ ਨੇ ਜੋ ਭਾਈ ਜੱਗੇ ਨੂੰ ਉਪਦੇਸ਼ ਦਿੱਤਾ, ਉਸ ਤੋਂ ਇਸ਼ਾਰਾ ਲੈਣਾ, ਆਪਣੇ ਲਈ ਸੇਧ ਲੈਣਾ। ਸਤਿਗੁਰੂ ਕਹਿੰਦੇ ਹਨ, ਗ੍ਰਿਹਸਥ ਧਰਮ ਸਭ ਤੋਂ ਉੱਤਮ ਹੈ। ਜੇ ਗ੍ਰਿਹਸਥੀ ਨੇਕ ਕਮਾਈ ਕਰੇ, ਸੱਚੀ ਸੁੱਚੀ ਕਿਰਤ ਕਰੇ ਤੇ ਉਸ ਕਮਾਈ ਵਿਚੋਂ ਜਿਥੇ ਆਪ ਖਾਏ, ਨਾਲ ਸਾਧੂ ਸੰਤਾਂ ਦੀ ਤੇ ਹੋਰ ਲੋਕਾਈ ਦੀ ਸੇਵਾ ਕਰੇ। ਲੋੜਵੰਦਾਂ ਦੀ ਮਦਦ ਕਰੇ ਤੇ ਮਨ ਕਰ ਕੇ ਪ੍ਰਮੇਸ਼ਰ ਦੀ ਭਗਤੀ ਕਰੇ। ਇਸ ਤਰ੍ਹਾਂ ਸੇਵਾ ਸਿਮਰਨ ਕਰਨ ਨਾਲ ਜੀਵ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ। ਪੁੰਨ ਵਧਦੇ ਹਨ ਤੇ ਜੀਵ ਦੀ ਕਲਿਆਣ ਹੁੰਦੀ ਹੈ ਤੇ ਸਹਿਜੇ ਹੀ ਭਵ ਸਾਗਰ ਤਰਿਆ ਜਾ ਸਕਦਾ ਹੈ।

ਅਸਲ ਵਿਚ ਸੁਖ ਤਾਂ ਸੇਵਾ ਵਿਚ ਹੀ ਹੈ।

*ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ॥*

(ਅੰਗ ੫੪੮)

ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਸੇਵਾ ਵੀ ਕਈ ਪ੍ਰਕਾਰ ਦੀ ਹੁੰਦੀ ਹੈ। ਇਕ ਤਾਂ ਸੇਵਾ ਹੈ ਸਤਿਗੁਰੂ ਪਾਤਿਸ਼ਾਹ ਦੀ ਸੇਵਾ, ਗੁਰੂ ਦੇ ਚਰਨਾਂ ਦੀ ਸੇਵਾ, ਗੁਰੂ ਨੂੰ ਚੌਰ ਸਾਹਿਬ ਕਰਨ ਦੀ ਸੇਵਾ, ਦੂਜੀ ਹੈ ਗੁਰੂ ਸਾਹਿਬ ਦੇ ਅਸਥਾਨਾਂ ਦੀ ਸੇਵਾ, ਉਥੇ ਜਾ ਕੇ ਭਾਂਡੇ ਮਾਂਜਣ ਦੀ ਸੇਵਾ, ਝਾੜੂ ਦੀ ਸੇਵਾ, ਲੰਗਰ ਬਨਾਉਣ ਵਰਤਾਉਣ ਦੀ ਸੇਵਾ, ਗੁਰੂ ਦੀਆਂ ਸੰਗਤਾਂ ਦੀ ਸੇਵਾ, ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ। ਜਿਸ ਦੀ ਅੱਖ ਖੁੱਲ੍ਹ ਜਾਵੇ ਉਹ ਗੁਰੂ ਦੀਆਂ ਸੰਗਤਾਂ ਦੀ ਸੇਵਾ ਵੀ ਗੁਰੂ ਦੀ ਸੇਵਾ ਸਮਝ ਕੇ ਕਰਦਾ ਹੈ। ਗੁਰੂ ਦੀਆਂ ਸੰਗਤਾਂ ਦੇ ਜੋੜੇ ਝਾੜਦਾ ਹੈ ਤੇ ਇਹ ਨਹੀਂ ਕਹਿੰਦਾ ਕਿ ਇਹ ਕਿਸੇ ਬੀਬੀ ਦਾ ਜੋੜਾ ਹੈ, ਬਲਕਿ ਮਨ 'ਚ ਇਹ ਭਾਵਨਾ ਬਣਾਉਂਦਾ ਹੈ ਕਿ ਪਤਾ ਨਹੀਂ ਇਹ ਮਾਤਾ ਕੌਲਾਂ ਜੀ ਦਾ ਜੋੜਾ ਹੈ ਜਾਂ ਮਾਤਾ ਗੰਗਾ ਜੀ ਦਾ। ਜੇ ਕਿਸੇ ਬੱਚੇ ਦਾ ਜੋੜਾ ਹੋਵੇ ਤੇ ਇਹ ਬਿਰਤੀ ਬਣਾਉਂਦਾ ਹੈ ਕਿ ਉਹ ਸਾਹਿਬਜ਼ਾਦਾ ਅਜੀਤ ਸਿੰਘ ਦਾ ਜੋੜਾ ਸਾਫ ਕਰ ਰਿਹਾ ਹੈ ਜਾਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦਾ। ਜੇ ਕਿਸੇ ਭਾਈ ਦਾ ਜੋੜਾ ਹੋਵੇ ਤਾਂ ਉਸ ਵਿਚੋਂ ਬਾਬਾ ਬੁੱਢਾ ਜੀ ਦੇ, ਭਾਈ ਸ਼ਾਲੋ ਜੀ ਦੇ, ਬਿਧੀ ਚੰਦ ਜੀ ਦੇ ਤੇ ਹੋਰ ਗੁਰੂ ਦੇ ਲਾਡਲੇ ਸਿਖਾਂ ਦੇ ਜੋੜੇ ਦੇ ਦਰਸ਼ਨ ਕਰਦਾ ਹੈ।

ਇਕ ਭਾਈ ਜੈਤਾ ਹੋਇਆ ਹੈ। ਪਟਨੇ ਵਿਚ ਜਿਸ ਦੀ ਹਲਵਾਈ ਦੀ ਦੁਕਾਨ ਸੀ। ਬੜਾ ਰੰਗਿਆ ਹੋਇਆ ਤੇ ਪਿਆਰ ਭਾਵਨਾ ਵਾਲਾ ਸਿੱਖ ਸੀ। ਸੰਗਤ ਦੀ, ਗੁਰੂ ਦੇ ਸਿੱਖਾਂ ਦੀ ਸੇਵਾ ਗੁਰੂ ਦੀ ਸੇਵਾ ਜਾਣ ਕੇ ਕਰਦਾ ਸੀ। ਉਸ ਨੇ ਆਪਣਾ ਇਕ ਨੇਮ

ਬਣਾਇਆ ਹੋਇਆ ਸੀ ਕਿ ਸਵੇਰੇ ਆਪਣੀ ਦੁਕਾਨ ਸ਼ੁਰੂ ਕਰਨ ਤੋਂ ਪਹਿਲਾਂ ਪੰਜ ਪੂੜੀਆਂ ਇਕ ਗੁਰੂ ਦੇ ਸਿੱਖ ਦੇ ਨਾਂ ਦੀਆਂ ਕੱਢਦਾ ਸੀ ਤੇ ਗੁਰ ਸਿੱਖ ਦੇ ਦਰਸ਼ਨ ਹੋਣ ਤੇ ਉਸ ਨੂੰ ਬੇਨਤੀ ਕਰ ਕੇ ਬੜੇ ਪਿਆਰ ਨਾਲ ਉਸ ਨੂੰ ਗੁਰੂ ਦਾ ਰੂਪ ਜਾਣ ਕੇ ਛਕਾਉਂਦਾ ਸੀ ਤੇ ਜੇਕਰ ਕਿਸੇ ਸਿੱਖ ਨੇ ਕਹਿਣਾ ਕਿ ਮੈਨੂੰ ਭੁੱਖ ਨਹੀਂ ਤਾਂ ਕਹਿਣਾ ਮੈਂ ਇਹ ਤੇਰੇ ਨਾਂ ਦੀਆਂ ਪੂੜੀਆਂ ਕਿਸੇ ਗ਼ਰੀਬ ਨੂੰ ਖੁਆ ਦੇਵਾਂਗਾ। ਇਹ ਹੈ ਬਰੀਕੀ ਗੁਰਸਿੱਖ ਦੀ, ਇਹ ਹੈ ਪਿਆਰ ਭਾਵਨਾ, ਗੁਰੂ ਦੇ ਸਿੱਖਾਂ ਦਾ ਆਪਣੇ ਗੁਰੂ ਦੇ ਪ੍ਰਤੀ ਤੇ ਉਨ੍ਹਾਂ ਦੇ ਸਾਡੇ ਲਈ ਪਾਏ ਪੂਰਨੇ।

ਗੁਰੂ ਸਾਹਿਬਾਂ ਦੇ, ਮਹਾਂਪੁਰਸ਼ਾਂ ਦੇ ਜੀਵਨ ਤੋਂ ਵੀ ਸੇਵਾ ਦੇ ਪੂਰਨੇ ਮਿਲਦੇ ਹਨ। ਭਾਈ ਲਹਿਣਾ ਜੀ ਨੇ ਅਮੀਰ ਘਰ ਵਿਚ ਅਵਤਾਰ ਧਾਰਿਆ। ਸੁੱਖਾਂ ਵਿਚ ਜੀਵਨ ਬਿਤਾਉਣ ਵਾਲੇ, ਨੌਕਰਾਂ 'ਤੇ ਹੁਕਮ ਕਰਨ ਵਾਲੇ ਪਰ ਆਪਣੇ ਗੁਰੂ, ਗੁਰੂ ਨਾਨਕ ਸਾਹਿਬ ਦੀ ਨੀਵੀਂ ਤੋਂ ਨੀਵੀਂ ਸੇਵਾ ਕਰ ਕੇ ਸੇਵਾ ਕਰਨ ਦੇ ਪੂਰਨੇ ਪਾਏ। ਜੇ ਗੁਰੂ ਸਾਹਿਬ ਨੇ ਅੱਧੀ ਰਾਤ ਨੂੰ ਕਿਹਾ ਕਿ ਦਰਿਆ 'ਤੇ ਜਾ ਕੇ ਕਪੜੇ ਧੋ ਕੇ ਲਿਆਓ ਤਾਂ ਉਸੇ ਵੇਲੇ ਕਪੜੇ ਚੁੱਕ ਕੇ ਧੋਣ ਤੁਰ ਪਏ। ਜੇ ਅਤਿ ਸਰਦੀਆਂ ਦੀ ਰਾਤ ਨੂੰ ਧਰਮਸ਼ਾਲਾ ਦੀ ਕੰਧ ਡਿੱਗ ਪਈ ਤੇ ਸਤਿਗੁਰੂ ਨੇ ਹੁਕਮ ਕੀਤਾ ਕਿ ਰਾਤੋ ਰਾਤ ਇਹ ਕੰਧ ਉਸਾਰ ਦਿਓ ਤਾਂ ਉਸੇ ਵੇਲੇ ਮਿੱਟੀ ਗਾਰੇ ਨਾਲ ਕੰਧ ਬਨਾਉਣੀ ਸ਼ੁਰੂ ਕਰ ਦਿੱਤੀ। ਜੇ ਗੁਰੂ ਸਾਹਿਬ ਨੇ ਚਿਕੜ ਨਾਲ ਭਰੀ ਘਾਹ ਦੀ ਪੰਡ ਸਿਰ ਤੇ ਚੁੱਕਣ ਨੂੰ ਕਿਹਾ ਤਾਂ ਉਹ ਵੀ ਚੁੱਕੀ। ਰੇਸ਼ਮੀ ਕਪੜਿਆਂ ਦੇ ਖ਼ਰਾਬ ਹੋਣ ਦੀ ਕੋਈ ਪ੍ਰਵਾਹ ਨਹੀਂ ਕੀਤੀ। ਜੇ ਗੁਰੂ ਅਮਰਦਾਸ ਜੀ ਦੀ ਸੇਵਾ ਵਲ ਵੇਖੀਏ ਤਾਂ 72 ਸਾਲ ਦੀ ਉਮਰ, ਪਰ ਰੋਜ਼ ਗੋਇੰਦਵਾਲ ਤੋਂ ਅੱਧੀ ਰਾਤ ਵੇਲੇ ਖਡੂਰ ਸਾਹਿਬ ਤੋਂ ਜਲ ਦੀ ਗਾਗਰ ਭਰ ਕੇ ਲਿਆਣੀ ਆਪਣੇ ਮੁਰਸ਼ਦ, ਆਪਣੇ ਮਾਲਕ ਗੁਰੂ ਅੰਗਦ ਸਾਹਿਬ ਦੇ ਇਸ਼ਨਾਨ ਵਾਸਤੇ। ਲਿਆਉਣੀ ਵੀ ਨੰਗੇ ਪੈਰੀਂ ਤੇ ਤੁਰਨਾ ਵੀ ਪੁੱਠੇ ਪੈਰੀਂ ਕਿ ਕਿਧਰੇ ਗੁਰੂ ਵਲ ਪਿੱਠ ਨਾ ਹੋਵੇ। ਜਿਥੇ ਮੋੜ ਆਉਣਾ, ਉਥੇ ਸਿੱਧੇ ਹੋ ਕੇ ਚਲਣਾ ਪੈਂਦਾ ਸੀ ਤੇ ਪਹਿਲੇ ਖੜੇ ਹੋ ਕੇ ਅਰਦਾਸ ਕਰ ਕੇ ਸੁਰਤੀ ਨਾਲ, ਮਾਫ਼ੀ ਮੰਗਣੀ ਕਿ ਸਤਿਗੁਰੂ ਇਥੇ ਆਪ ਜੀ ਵਲ ਪਿੱਠ ਹੋ ਰਹੀ ਹੈ। ਇਥੇ ਹੀ ਬਸ ਨਹੀਂ, ਗਾਗਰ ਨੂੰ ਜ਼ਮੀਨ 'ਤੇ ਨਹੀਂ ਸਨ ਰੱਖਦੇ, ਸਿਰ 'ਤੇ ਰਖ ਕੇ ਦਰਿਆ ਬਿਆਸ ਵਿਚ ਚੋਲੇ ਸਮੇਤ ਉਤਰ ਜਾਣਾ ਤੇ ਗਾਗਰ ਭਰ ਕੇ ਉਸੇ ਤਰ੍ਹਾਂ ਗਿੱਲੇ ਹੀ ਖਡੂਰ ਸਾਹਿਬ ਵਲ ਤੁਰ ਪੈਣਾ। ਫਿਰ ਕੋਈ ਕੁਝ ਦਿਨ ਜਾਂ ਹਫ਼ਤੇ ਨਹੀਂ, ਪੂਰੇ 12 ਸਾਲ ਲਗਾਤਾਰ, ਇਕ ਵੀ ਨਾਗਾ ਨਹੀਂ ਪੈਣ ਦਿੱਤਾ।

ਜੇ ਮਹਾਂਪੁਰਸ਼ਾਂ ਦੇ ਜੀਵਨ ਵਲ ਝਾਤੀ ਮਾਰੀਏ ਤਾਂ ਬਾਬਾ ਈਸ਼ਰ ਸਿੰਘ ਜੀ ਨੇ ਆਪਣੇ ਮੁਰਸ਼ਦ ਬਾਬਾ ਨੰਦ ਸਿੰਘ ਜੀ ਦੀ ਇਤਨੀ ਕਠਿਨ ਸੇਵਾ ਕੀਤੀ, ਜਿਸ ਦੀ ਮਿਸਾਲ ਕਿਧਰੇ ਨਹੀਂ। ਹਰ ਵਕਤ ਸੇਵਾ ਵਿਚ ਲੱਗੇ ਰਹਿੰਦੇ ਸਨ। ਆਪਣੇ ਸਰੀਰ ਦੀ

ਸੁੱਧ ਬੁੱਧ ਹੀ ਨਹੀਂ ਸੀ ਰਹਿੰਦੀ। ਚਰਨਾਂ ਵਿਚ ਜੋੜਾ ਤਕ ਨਹੀਂ ਸੀ ਪਾਉਂਦੇ। ਹਰ ਵਕਤ ਚਰਨਾਂ ਦੀਆਂ ਬਿਆਈਆਂ ਪਾਟੀਆਂ ਰਹਿੰਦੀਆਂ ਸਨ। ਹਰ ਵਕਤ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਜਦੋਂ ਬਾਬਾ ਜੀ ਨਿਤਨੇਮ ਵਿਚ ਹੁੰਦੇ ਤਾਂ ਬਾਬਾ ਜੀ ਦੇ ਦਰਵਾਜ਼ੇ ਮੂਹਰੇ ਹੀ ਬੈਠੇ ਰਹਿੰਦੇ ਸਨ ਕਿ ਕਿਧਰੇ ਅਵਾਜ਼ ਨਾ ਪੈ ਜਾਵੇ। ਜਦੋਂ ਵੀ ਬਾਬਾ ਜੀ ਨੇ ਅਵਾਜ਼ ਮਾਰਨੀ, ਇਤਨੀ ਕਾਹਲੀ ਨਾਲ ਭੱਜ ਪੈਣਾ ਕਿ ਕਈ ਵਾਰੀ ਸਿਰ ਜਾਂ ਮੱਥਾ ਕੰਧ ਵਿਚ ਜਾਂ ਥੰਮ੍ਹ ਵਿਚ ਵੀ ਜਾ ਵੱਜਣਾ ਪਰ ਕੋਈ ਪ੍ਰਵਾਹ ਨਾ ਕਰਨੀ। ਇਤਨੀ ਸੇਵਾ ਕਮਾਈ ਕਿ ਉਂਗਲਾਂ ਦੇ ਨਹੁੰ ਗਲ ਕੇ ਉਖੜ ਗਏ ਸਨ। ਇਕ ਵਾਰੀ ਬਾਬਾ ਨੰਦ ਸਿੰਘ ਜੀ ਪਹਾੜੀ ਖੱਡ ਵਿਚ ਬਿਰਾਜਮਾਨ ਹੋ ਕੇ ਭਗਤੀ ਕਰ ਰਹੇ ਸਨ ਕਿ ਇਕ ਦਮ ਹੀ ਬਹੁਤ ਤੇਜ਼ੀ ਨਾਲ ਗੜੇ ਪੈਣੇ ਸ਼ੁਰੂ ਹੋ ਗਏ। ਬਾਬਾ ਈਸ਼ਰ ਸਿੰਘ ਜੀ ਨੇ ਇਕ ਦਮ ਝੁਕ ਕੇ ਆਪਣਾ ਸਰੀਰ ਬਾਬਾ ਜੀ ਦੇ ਉੱਤੇ ਇਸ ਤਰੀਕੇ ਨਾਲ ਕਰ ਦਿਤਾ ਕਿ ਸਾਰੇ ਗੜੇ ਆਪਣੀ ਪਿੱਠ ਉਤੇ ਸਹਾਰੇ। ਅਸਲ ਵਿਚ ਸੇਵਕ ਹੈ ਹੀ ਉਹ ਜੋ ਆਪਣੇ ਸਰੀਰਕ ਸੁਖ ਦੀ ਪ੍ਰਵਾਹ ਕੀਤੇ ਬਿਨਾਂ ਸੇਵਾ ਨਿਭਾਵੇ।

ਜੇ ਸੰਤ ਬਾਬਾ ਸ਼ਾਮ ਸਿੰਘ ਜੀ ਦਾ ਜੀਵਨ ਪੜ੍ਹੀਏ ਤਾਂ ਰੋਜ਼ ਹਰਿਮੰਦਰ ਸਾਹਿਬ ਪ੍ਰਕਰਮਾ ਵਿਚ ਬੜੇ ਪਿਆਰ ਨਾਲ ਝਾੜੂ ਦੀ ਸੇਵਾ ਕਰਨੀ, ਨਾਲ ਹੱਥ ਵਿਚ ਖੁਰਪੀ ਰੱਖਣੀ, ਜਿਸ ਨਾਲ ਜਿਥੇ ਜਿਥੇ ਵੀ ਵਿੱਠਾਂ ਹੋਣੀਆਂ, ਹੱਥਾਂ ਨਾਲ ਚੁੱਕਣੀਆਂ। ਆਪ ਜੀ ਬਚਨ ਕਰਦੇ ਸਨ ਕਿ ਦਰਬਾਰ ਸਾਹਿਬ ਦੀ ਸੇਵਾ, ਗੁਰੂ ਰਾਮਦਾਸ ਜੀ ਦੇ ਸਰੀਰ ਦੀ ਸੇਵਾ ਹੈ। ਇਹ ਸਾਰਾ ਉਨ੍ਹਾਂ ਦਾ ਪਾਵਨ ਸਰੀਰ ਹੈ। ਇਸ ਤੋਂ ਇਲਾਵਾ ਆਪਣੇ ਡੇਰੇ ਤੋਂ ਪ੍ਰਸ਼ਾਦੇ ਤਿਆਰ ਕਰਵਾ ਕੇ ਆਪ ਆਪਣੇ ਸਿਰ 'ਤੇ ਟੋਕਰੇ ਚੁੱਕ ਕੇ ਦਰਬਾਰ ਸਾਹਿਬ ਲੈ ਕੇ ਆਉਣੇ ਤੇ ਪ੍ਰਕਰਮਾ ਵਿਚ ਸੰਗਤਾਂ ਨੂੰ ਛਕਾਉਣੇ। ਲੰਗਰ ਵਰਤਾ ਕੇ ਛਬੀਲ 'ਤੇ ਸੰਗਤਾਂ ਦੇ ਜੂਠੇ ਕੌਲੇ ਮਾਂਜ ਕੇ ਆਪਣੇ ਭਾਗਾਂ ਨੂੰ ਸਲਾਹੁਣਾ। ਭਾਈ ਸ਼ਾਲੋ ਜੀ-ਕਿੰਨੀ ਉੱਚੀ ਅਵਸਥਾ ਦੇ ਮਾਲਕ, ਆਪ ਹੱਥੀਂ ਪ੍ਰਕਰਮਾ 'ਚ ਝਾੜੂ ਮਾਰਨ ਦੀ ਸੇਵਾ ਕਰਦੇ ਸਨ। ਬਾਬਾ ਦੀਪ ਸਿੰਘ ਜੀ ਲੰਗਰ ਘਰ ਵਿਚ ਆਪਣੇ ਹੱਥੀਂ ਸੰਗਤਾਂ ਦੇ ਜੂਠੇ ਬਰਤਨ ਮਾਂਜਦੇ ਸਨ। ਸਾਡੇ ਲਈ ਪੂਰਨੇ ਪਾਏ ਹਨ। ਬਾਬਾ ਜੀ ਲੰਗਰ 'ਚ ਬਰਤਨ ਮਾਂਜਦੇ ਸਮੇਂ ਨਾਲ-ਨਾਲ ਵਾਹਿਗੁਰੂ ਸਿਮਰਨ 'ਚ ਲੀਨ ਰਹਿੰਦੇ ਸਨ। ਆਪ ਜੀ ਸੇਵਾ-ਸਿਮਰਨ 'ਚ ਇਤਨੇ ਲੀਨ ਹੁੰਦੇ ਸਨ ਕਿ ਇਕ ਵਾਰ ਸੇਵਾ ਦੇ ਦੌਰਾਨ ਕਲਗੀਧਰ ਪਾਤਿਸ਼ਾਹ ਆਪ ਜੀ ਦੇ ਕੋਲ ਆ ਕੇ ਕਿੰਨੀ ਦੇਰ ਖੜੋਤੇ ਰਹੇ, ਪਰ ਉਨ੍ਹਾਂ ਨੂੰ ਪਤਾ ਹੀ ਨਾ ਚਲਿਆ। ਕੁਝ ਸਮੇਂ ਬਾਅਦ ਜਦੋਂ ਅਚਾਨਕ ਧਿਆਨ ਪਿਆ ਤੇ ਸਤਿਗੁਰੂ ਦੇ ਚਰਨਾਂ 'ਤੇ ਮੱਥਾ ਟੇਕ ਕੇ ਧਿਆਨ ਨਾ ਪੈਣ ਦੀ ਮਾਫ਼ੀ ਮੰਗੀ। ਗੁਰੂ ਸਾਹਿਬ ਕਹਿੰਦੇ ਹਨ, ਸਾਨੂੰ ਤੁਹਾਡੇ ਇਸ ਤਰ੍ਹਾਂ ਸੇਵਾ-ਸਿਮਰਨ ਵਿਚ ਲੀਨ ਵੇਖ ਕੇ ਬਹੁਤ ਪ੍ਰਸੰਨਤਾ ਹੋਈ ਹੈ। ਮੈਂ ਆਪਣੇ ਸਿੱਖਾਂ ਤੋਂ ਇਹੀ ਚਾਹੁੰਦਾ ਹਾਂ ਕਿ ਉਹ ਸੇਵਾ ਕਰਦਿਆਂ ਸਿਮਰਨ ਵਿਚ ਲੀਨ ਹੋ ਜਾਇਆ ਕਰਨ,

ਕੋਈ ਸੁੱਧ ਬੁੱਧ ਨਾ ਰਹੇ।

ਦੂਸਰੀ ਪ੍ਰਕਾਰ ਦੀ ਸੇਵਾ ਹੈ ਉਸ ਕਾਦਰ ਦੀ ਬਣਾਈ ਹੋਈ ਦੁਨੀਆਂ ਦੇ ਲੋਕਾਂ ਦੀ ਸੇਵਾ। ਉਸ ਵਾਹਿਗੁਰੂ, ਪਰਮ ਪਿਤਾ ਪ੍ਰਮੇਸ਼ਰ ਨੂੰ ਹਰ ਪਾਸੇ ਰਮਿਆ ਜਾਣ ਕੇ ਜਗਤ ਦੀ ਸੇਵਾ, ਬਾਲ-ਬੱਚਿਆਂ ਦੀ, ਮਾਤਾ ਪਿਤਾ ਦੀ ਸੇਵਾ। ਸਾਰਿਆਂ ਵਿਚ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ, ਗੁਰੂ ਦੇ ਨਮਿਤ ਸਾਰੀ ਸੇਵਾ ਕਰਨੀ ਤੇ ਕਰ ਕੇ ਕਮਾਉਣੀ। ਉਸ ਪ੍ਰਮੇਸ਼ਰ ਨਮਿਤ ਦਇਆ ਕਰਨੀ, ਗ਼ਰੀਬਾਂ-ਅਨਾਥਾਂ, ਮਰੀਜ਼ਾਂ, ਦੁਨੀਆਂ ਦੀ ਸੇਵਾ, ਇਹ ਵੀ ਗੁਰੂ ਘਰ ਵਿਚ ਪ੍ਰਵਾਨ ਹੈ। ਜੋ ਇਨ੍ਹਾਂ ਦੀ ਸੇਵਾ ਕਮਾਉਂਦਾ ਹੈ, ਗੁਰੂ ਸਾਹਿਬ ਆਪ ਦਰਗਾਹ ਵਿਚ ਉਸ ਨੂੰ ਗਲ ਨਾਲ ਲਾਉਂਦੇ ਹਨ। ਸਿਖ ਚਿੰਤਨ ਅਨੁਸਾਰ ਪਰਉਪਕਾਰ ਤੇ ਪਰ ਸੁਆਰਥ ਨਾਲ ਕੀਤੇ ਕੰਮਾਂ ਦਾ ਨਾਮ ਸੇਵਾ ਹੈ। ਆਪਣਾ ਵਿਗਾੜ ਕੇ ਵੀ ਦੂਜਿਆਂ ਦਾ ਸੁਆਰਨਾ, ਇਹ ਸੇਵਾ ਹੈ। ਸੇਵਾ ਸੁਆਰਥ ਦਾ ਤਿਆਗ ਤੇ ਤਨ, ਮਨ , ਧਨ ਦੀ ਕੁਰਬਾਨੀ ਮੰਗਦੀ ਹੈ। ਗੁਰੂ ਨਾਨਕ ਸਾਹਿਬ ਨੇ ਐਸਾ ਸਿੱਖੀ ਦਾ ਮਾਰਗ ਬਣਾਇਆ, ਐਸੀ ਸੜਕ ਬਣਾਈ ਸੇਵਾ ਦੀ, ਦਇਆ ਦੀ ਕਿ ਜਿਨ੍ਹਾਂ ਦੇ ਹਿਰਦੇ ਵਿਚ ਸੇਵਾ ਭਾਵ ਨਹੀਂ ਸੀ, ਉਨ੍ਹਾਂ ਨੂੰ ਬਚਨ ਕੀਤਾ 'ਵਸਦੇ ਰਹੋ' ਤੇ ਜਿਨ੍ਹਾਂ ਦੇ ਅੰਦਰ ਸੇਵਾ ਭਾਵ ਸੀ, ਉਨ੍ਹਾਂ ਲਈ ਬਚਨ ਕੀਤਾ 'ਉਜੜ ਜਾਓ'। ਮਰਦਾਨੇ ਨੇ ਬੜੇ ਹੈਰਾਨ ਹੋ ਕੇ ਪੁੱਛਿਆ ਸੀ ਸਤਿਗੁਰੂ ! ਇਹ ਕੀ ਲੀਲਾ ? ਸਤਿਗੁਰੂ ਕਹਿੰਦੇ ਹਨ, ਜਿਨ੍ਹਾਂ ਦੇ ਅੰਦਰ ਸੇਵਾ ਭਾਵ ਨਹੀਂ ਉਹ ਗੰਦਗੀ ਦੇ ਢੇਰ ਦੀ ਨਿਆਈਂ ਹਨ ਤੇ ਗੰਦਗੀ ਨੂੰ ਇਕ ਥਾਂ 'ਤੇ ਢੱਕ ਦੇਣਾ ਚਾਹੀਦਾ ਹੈ, ਕਿਉਂਕਿ ਉਹ ਜਿਥੇ ਵੀ ਜਾਣਗੇ, ਬਦਬੂ ਫੈਲਾਣਗੇ। ਇਸ ਲਈ ਉਨ੍ਹਾਂ ਨੂੰ ਉਥੇ ਹੀ ਵਸਦੇ ਰਹਿਣ ਦਾ ਬਚਨ ਕੀਤਾ ਤੇ ਜਿਨ੍ਹਾਂ ਅੰਦਰ ਸੇਵਾ ਭਾਵ ਸੀ, ਦਇਆ ਸੀ, ਉਨ੍ਹਾਂ ਨੂੰ ਕਿਹਾ 'ਉਜੜ ਜਾਵੋ' ਤਾਂ ਕਿ ਉਨ੍ਹਾਂ ਦੀ ਖ਼ੁਸ਼ਬੋ ਫੈਲੇ। ਉਹ ਜਿਥੇ ਵੀ ਜਾਣਗੇ ਉਨ੍ਹਾਂ ਦੇ ਗੁਣਾਂ ਦੀ ਖ਼ੁਸ਼ਬੋ ਹੋਰਨਾਂ ਤਕ ਵੀ ਪਹੁੰਚੇਗੀ, ਹੋਰਨਾਂ ਨੂੰ ਵੀ ਸੇਵਾ ਤੇ ਦਇਆ ਜਿਹੇ ਸ਼ੁਭ ਗੁਣਾਂ ਦੀ ਪ੍ਰੇਰਨਾ ਮਿਲੇਗੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਜਦੋਂ ਭਾਈ ਸੁਜਾਨੇ ਨੇ ਗੁਰੂ ਸਾਹਿਬ ਜੀ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਮੈਂ ਆਪਣੀ ਬਾਕੀ ਦੀ ਜ਼ਿੰਦਗੀ ਆਪ ਜੀ ਦੇ ਲੇਖੇ ਲਗਾਉਣਾ ਚਾਹੁੰਦਾ ਹਾਂ, ਕਿਰਪਾ ਕਰੋ ਮੈਨੂੰ ਕੋਈ ਸੇਵਾ ਬਖ਼ਸ਼ੋ। ਸਤਿਗੁਰੂ ਦੀ ਮੌਜ ! ਕੋਈ ਸੇਧ ਦੇਣੀ ਚਾਹੁੰਦੇ ਸੀ ਆਉਣ ਵਾਲੇ ਜਗਤ ਨੂੰ, ਪੂਰਨੇ ਪਾਉਣੇ ਸਨ। ਸਤਿਗੁਰੂ ਨੇ ਪੁੱਛਿਆ ਕਿਹੜਾ ਕੰਮ ਜਾਣਦਾ ਹੈਂ ? ਜਦੋਂ ਉਸ ਨੇ ਕਿਹਾ ਜੀ ਹਕੀਮੀ ਦਾ ਕੰਮ ਜਾਣਦਾ ਹਾਂ ਤਾਂ ਸਤਿਗੁਰੂ ਸੱਚੇ ਪਾਤਿਸ਼ਾਹ ਨੇ ਭਾਈ ਸੁਜਾਨੇ ਨੂੰ ਆਖਿਆ ਕਿ ਇਥੋਂ ਅਨੰਦਪੁਰ ਸਾਹਿਬ ਤੋਂ 50-60 ਕਿਲੋਮੀਟਰ ਇਕ ਦੁਕਾਨ ਪਾ ਲੈ ਹਕੀਮੀ ਦੀ ਤੇ ਉਥੇ ਬੈਠ ਕੇ ਜ਼ਰੂਰਤਮੰਦ ਰਾਹੀਆਂ ਦੀ ਮਰਮ ਪੱਟੀ ਦਵਾ ਦਾਰੂ ਕਰਿਆ ਕਰ। ਉਸ ਨੇ ਫਿਰ ਬੇਨਤੀ ਕੀਤੀ ਸੀ, ਸਤਿਗੁਰੂ ਜੀ, ਮੈਂ ਤੇ ਸੋਚਿਆ ਸੀ ਕਿ ਕੋਈ ਤੁਹਾਡੇ ਚਰਨਾਂ ਵਿਚ

ਸੇਵਾ ਮਿਲ ਜਾਵੇ, ਕੋਈ ਤੁਹਾਡੇ ਇਸ਼ਨਾਨ ਦੀ ਜਾਂ ਲੱਤਾਂ ਘੁੱਟਣ ਦੀ। ਸਤਿਗੁਰੂ ਕਹਿੰਦੇ ਹਨ, ਸੁਜਾਨਿਆ ! ਤੂੰ ਇਹੀ ਸੇਵਾ ਨਿਬਾਹੁਣੀ ਹੈ। ਆਉਂਦੇ ਜਾਂਦੇ ਰਾਹੀਆਂ ਨੂੰ ਪਾਣੀ ਪਿਲਾਉਣ, ਮਰ੍ਹਮ ਪੱਟੀ ਕਰਨੀ, ਉਨ੍ਹਾਂ ਨੂੰ ਦਵਾ ਦਾਰੂ ਦੇਣੀ ਭਾਵ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਦੁਨੀਆਂ ਦੀ ਸੇਵਾ ਲੋੜਵੰਦਾਂ ਦੀ ਸੇਵਾ ਦੇ ਪੂਰਨੇ ਪਾਏ ਹਨ।

ਕ੍ਰਿਸ਼ਨ ਭਗਵਾਨ ਦਾ ਇਤਿਹਾਸ ਪੜ੍ਹੀਏ ਤਾਂ ਉਸ ਵਿਚੋਂ ਵੀ ਇਤਿਹਾਸਕ ਵਾਰਤਾ ਮਿਲਦੀ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਵੀ ਦੁਖੀਆਂ ਲੋੜਵੰਦਾਂ ਦੀ, ਦੁਖੀਆਂ ਦੀ ਸੇਵਾ ਦੇ ਪੂਰਨੇ ਪਾਏ ਹਨ। ਕ੍ਰਿਸ਼ਨ ਭਗਵਾਨ ਕਹਿੰਦੇ ਹਨ ਕਿ ਜੋ ਕੋਈ ਭੁੱਖੇ ਨੂੰ ਭੋਜਨ ਛਕਾਉਂਦਾ ਹੈ ਉਹ ਮੈਨੂੰ ਪਹੁੰਚਦਾ ਹੈ। ਇਕ ਵਾਰੀ ਦੁਆਰਕਾ ਪੁਰੀ ਵਿਚ ਇਕ ਮਾਈ ਨੇ ਕ੍ਰਿਸ਼ਨ ਭਗਵਾਨ ਨੂੰ ਆਪਣੇ ਘਰ ਭੋਜਨ ਛਕਣ ਦੀ ਬੇਨਤੀ ਕੀਤੀ। ਕ੍ਰਿਸ਼ਨ ਭਗਵਾਨ ਕਹਿੰਦੇ ਹਨ, ਤੁਸੀਂ ਭੋਜਨ ਤਿਆਰ ਕਰੋ ਅਸੀਂ ਛਕਣ ਲਈ ਆਵਾਂਗੇ। ਉਹ ਮਾਈ ਭੋਜਨ ਤਿਆਰ ਕਰ ਕੇ ਕ੍ਰਿਸ਼ਨ ਜੀ ਨੂੰ ਉਡੀਕਣ ਲੱਗੀ। ਉਡੀਕ ਹੀ ਰਹੀ ਸੀ ਕਿ ਕਿਸੇ ਨੇ ਉਸ ਦਾ ਦਰਵਾਜ਼ਾ ਖੜਕਾਇਆ। ਮਾਈ ਨੇ ਵੇਖਿਆ ਕਿ ਦਰਵਾਜ਼ਾ ਖੜਕਾਉਣ ਵਾਲਾ ਇਕ ਮੰਗਤਾ ਸੀ ਜੋ ਲੱਤਾਂ ਤੋਂ ਲੰਗੜਾ ਤੇ ਭੁੱਖ ਨਾਲ ਵਿਆਕੁਲ ਸੀ। ਉਸ ਮੰਗਤੇ ਨੇ ਮਾਈ ਅੱਗੇ ਭੋਜਨ ਲਈ ਤਰਲਾ ਪਾਇਆ ਪਰ ਉਸ ਮਾਈ ਨੇ ਨਾਂਹ ਕਰ ਦਿੱਤੀ ਤੇ ਆਖਿਆ, ਮੈਂ ਤਾਂ ਕ੍ਰਿਸ਼ਨ ਭਗਵਾਨ ਲਈ ਭੋਜਨ ਤਿਆਰ ਕੀਤਾ ਹੈ। ਮੰਗਤੇ ਨੇ ਬਹੁਤ ਤਰਲੇ ਪਾਏ, ਵਾਸਤੇ ਦਿੱਤੇ ਪਰ ਉਸ ਮਾਈ ਨੇ ਭੋਜਨ ਨਾ ਦਿੱਤਾ ਤੇ ਦਰਵਾਜ਼ਾ ਬੰਦ ਕਰ ਦਿੱਤਾ।

ਥੋੜੀ ਦੇਰ ਬਾਅਦ ਫਿਰ ਦਰਵਾਜ਼ਾ ਖੜਕਿਆ। ਮਾਈ ਨੇ ਸੋਚਿਆ ਜ਼ਰੂਰ ਕ੍ਰਿਸ਼ਨ ਭਗਵਾਨ ਆਏ ਹੋਣਗੇ। ਜਦੋਂ ਉਸਨੇ ਦਰਵਾਜ਼ਾ ਖੋਲ੍ਹਿਆ ਤੇ ਕੀ ਵੇਖਿਆ ਦਰਵਾਜ਼ਾ ਖੜਕਾਉਣ ਵਾਲੇ ਭਗਵਾਨ ਨਹੀਂ ਬਲਕਿ ਇਕ ਗ਼ਰੀਬ ਬੇਸਹਾਰਾ ਔਰਤ ਸੀ, ਜਿਸਨੇ ਇਕ ਛੋਟਾ ਮਾਸੂਮ ਬੱਚਾ ਚੁੱਕਿਆ ਹੋਇਆ ਸੀ। ਜਿਸ ਦੇ ਤਨ 'ਤੇ ਕਪੜੇ ਵੀ ਨਹੀਂ ਸਨ। ਉਸ ਔਰਤ ਨੇ ਹੱਥ ਜੋੜ ਕੇ ਉਸ ਮਾਈ ਨੂੰ ਤਰਲਾ ਪਾਇਆ ਕਿ ਮੇਰਾ ਬੱਚਾ ਭੁੱਖਾ ਹੈ। ਕਿਰਪਾ ਕਰ ਕੇ, ਉਸ ਮਾਸੂਮ ਬੱਚੇ 'ਤੇ ਤਰਸ ਕਰ ਕੇ ਥੋੜਾ ਜਿਹਾ ਇਸ ਦੇ ਲਈ ਦੁੱਧ ਦੇ ਦਿਓ, ਕਿਧਰੇ ਇਹ ਛੋਟਾ ਜਿਹਾ ਮਾਸੂਮ ਬੱਚਾ ਭੁੱਖ ਬਰਦਾਸ਼ਤ ਨਾ ਕਰ ਸਕਣ ਕਾਰਨ ਮਰ ਹੀ ਨਾ ਜਾਵੇ। ਉਸ ਮਾਈ ਦੇ ਹਿਰਦੇ ਵਿਚ ਜ਼ਰਾ ਵੀ ਦਇਆ ਨਹੀਂ ਆਈ ਤੇ ਦੁੱਧ ਦੇਣ ਤੋਂ ਇਨਕਾਰ ਕਰ ਦਿੱਤਾ। ਹੁਣ ਮਾਈ ਸਾਰਾ ਦਿਨ ਕ੍ਰਿਸ਼ਨ ਭਗਵਾਨ ਨੂੰ ਭੋਜਨ ਛਕਾਉਣ ਲਈ ਉਡੀਕਦੀ ਰਹੀ, ਪਰ ਉਹ ਨਾ ਆਏ। ਸਾਰਾ ਦਿਨ ਬੀਤ ਗਿਆ। ਫਿਰ ਉਹ ਆਪ ਗਈ ਕ੍ਰਿਸ਼ਨ ਜੀ ਕੋਲ ਤੇ ਬੇਨਤੀ ਕੀਤੀ ਭਗਵਾਨ ! ਤੁਸੀਂ ਮੈਨੂੰ ਵਾਅਦਾ ਕਰ ਕੇ ਆਏ ਨਹੀਂ। ਹੁਣ ਜੋ ਕ੍ਰਿਸ਼ਨ ਭਗਵਾਨ ਨੇ ਉਸ ਮਾਈ ਨੂੰ ਬਚਨ ਕੀਤੇ ਉਸ ਤੋਂ ਸੇਧ ਮਿਲਦੀ ਹੈ ਕਿ ਦੁਨੀਆਂ ਦੇ ਲੋਕਾਂ ਦੀ, ਲੋੜਵੰਦਾਂ ਦੀ ਸੇਵਾ ਵੀ

ਪ੍ਰਮੇਸ਼ਰ ਦੀ ਸੇਵਾ ਹੈ। ਕਿਉਂਕਿ ਹਰੇਕ ਵਿਚ ਉਸ ਪ੍ਰਮੇਸ਼ਰ ਦੀ ਜੋਤ, ਪ੍ਰਮੇਸ਼ਰ ਦਾ ਅੰਸ਼ ਹੈ। ਕ੍ਰਿਸ਼ਨ ਭਗਵਾਨ ਕਹਿੰਦੇ ਹਨ, ਮਾਈ! ਮੈਂ ਤਾਂ ਦੋ ਵਾਰ ਤੇਰੇ ਘਰ ਗਿਆ ਸੀ, ਪਹਿਲਾਂ ਮੰਗਤੇ ਦੇ ਰੂਪ ਵਿਚ ਜੋ ਕਿਰਤ ਕਰਨ ਤੋਂ ਅਸਮਰਥ ਸੀ ਤੇ ਦੂਸਰੀ ਵਾਰੀ ਭੁੱਖੇ ਨੰਗੇ ਬੱਚੇ ਦੇ ਰੂਪ ਵਿਚ, ਪਰ ਤੈਨੂੰ ਉਨ੍ਹਾਂ ਵਿਚ ਮੇਰਾ ਰੂਪ ਨਜ਼ਰ ਨਹੀਂ ਆਇਆ ਤੇ ਤੂੰ ਖ਼ਾਲੀ ਤੋਰ ਦਿੱਤਾ। ਜੇ ਤੂੰ ਉਨ੍ਹਾਂ ਨੂੰ ਛਕਾ ਦੇਂਦੀ ਤਾਂ ਉਹ ਵੀ ਮੈਨੂੰ ਹੀ ਪਹੁੰਚਣਾ ਸੀ। ਉਨ੍ਹਾਂ ਦੇ ਰੱਜ ਜਾਣ ਨਾਲ ਤੈਨੂੰ ਮੇਰੀ ਖ਼ੁਸ਼ੀ ਮਿਲਣੀ ਸੀ, ਮੈਂ ਤ੍ਰਿਪਤ ਹੋ ਜਾਣਾ ਸੀ। ਮਹਾਤਮਾ ਬੁੱਧ ਵੀ ਕਹਿੰਦੇ ਸਨ ਕਿ ਜੇ ਕੋਈ ਮੇਰੀ ਸੇਵਾ ਕਰਨੀ ਚਾਹੇ, ਕਿਸੇ ਰੋਗੀ ਦੀ, ਗ਼ਰੀਬ ਦੀ ਸੇਵਾ ਕਰ ਲਵੇ, ਇਸ ਵਿਚ ਮੇਰੀ ਸੇਵਾ ਹੀ ਹੈ।

ਦਾਸ ਨੇ ਗੁਰੂ ਨਾਨਕ ਸਾਹਿਬ ਦੀ ਇਕ ਸਾਖੀ ਪੜ੍ਹੀ, ਪੜ੍ਹ ਕੇ ਹੈਰਾਨ ਹੋ ਗਿਆ ਕਿ ਗੁਰੂ ਨਾਨਕ ਸਾਹਿਬ ਨੇ ਇਨਸਾਨਾਂ ਦੇ ਤਾਂ ਕੀ, ਉਸ ਪ੍ਰਮੇਸ਼ਰ ਦੇ ਪੈਦਾ ਕੀਤੇ ਜੀਵ ਜੰਤੂਆਂ, ਜਾਨਵਰਾਂ 'ਤੇ ਵੀ ਦਇਆ ਕਰਨ ਦੇ ਪੂਰਨੇ ਪਾਏ ਹਨ। ਇਕ ਵਾਰੀ ਗੁਰੂ ਨਾਨਕ ਸਾਹਿਬ ਨੂੰ ਕਿਸੇ ਜੁਲਾਹੇ ਨੇ ਗਲੀਚਾ ਭੇਟ ਕੀਤਾ ਤੇ ਬੇਨਤੀ ਕੀਤੀ, ਸਤਿਗੁਰੂ ! ਇਹ ਗ਼ਲੀਚਾ, ਆਪ ਜੀ ਲਈ ਬੁਣ ਕੇ ਲਿਆਇਆ ਹਾਂ, ਕਿਰਪਾ ਕਰੋ, ਇਹ ਗ਼ਲੀਚਾ ਆਪਣੇ ਹੇਠਾਂ ਵਿਛਾ ਲਵੋ। ਸਤਿਗੁਰੂ ਕਹਿੰਦੇ ਹਨ, ਇਹ ਜੋ ਪ੍ਰਮੇਸ਼ਰ ਨੇ ਧਰਤੀ ਦਾ ਗ਼ਲੀਚਾ ਵਿਛਾਇਆ ਹੈ, ਸਾਡੇ ਲਈ ਇਹ ਹੀ ਠੀਕ ਹੈ, ਉਹ ਸਾਮਣੇ ਇਕ ਕੁੱਤੀ ਸੂਈ ਪਈ ਹੈ, ਉਹ ਰੋਜ਼ ਪਾਲੇ ਨਾਲ ਠਰਦੀ ਹੈ, ਤੂੰ ਇਹ ਗ਼ਲੀਚਾ ਉਸ ਉਤੇ ਪਾ ਦੇ ਤੇ ਉਸ ਨੂੰ ਰੋਜ਼ ਚੂਰੀ ਖਵਾਇਆ ਕਰ, ਤੇਰੀ ਜੋ ਵੀ ਕਾਮਨਾ ਹੈ, ਉਹ ਪੂਰੀ ਹੋਵੇਗੀ। (ਉਸ ਜੁਲਾਹੇ ਨੇ ਕਿਹਾ, ਮੇਰੇ ਘਰ ਔਲਾਦ ਨਹੀਂ। ਸਤਿਗੁਰੂ ਕਹਿੰਦੇ ਹਨ, ਗ਼ਰੀਬਾਂ ਦੁਖੀਆਂ ਦੀ ਸੇਵਾ ਕਰਦਿਆਂ ਤੇਰੀ ਇੱਛਾ ਪੂਰੀ ਹੋਵੇਗੀ।)

ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਰੋਜ਼ ਪ੍ਰਸ਼ਾਦੇ ਦੀਆਂ ਆਪਣੇ ਹੱਥੀਂ ਨਿੱਕੀਆਂ ਨਿੱਕੀਆਂ ਬੁਰਕੀਆਂ ਕਰ ਕੇ ਪੰਛੀਆਂ ਨੂੰ ਪਾਉਂਦੇ ਸਨ। ਜਿਸ ਦੀ ਅੱਖ ਖੁੱਲ੍ਹ ਜਾਵੇ, ਉਹ ਲੋੜਵੰਦਾਂ, ਗ਼ਰੀਬਾਂ, ਦੁਖੀਆਂ ਦੀ ਗੁਰੂ ਦੀ ਸੇਵਾ ਸਮਝ ਕੇ ਕਰਦਾ ਹੈ। ਭਾਈ ਘਨਈਆ ਜੀ ਦਾ ਜੀਵਨ ਪੜ੍ਹੋ ਕਿਧਰੇ, ਅੱਖ ਖੁੱਲ੍ਹ ਚੁੱਕੀ ਸੀ। ਕਿੰਨੀ ਉੱਚੀ ਅਵਸਥਾ ਬਣ ਗਈ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਧਰਮ ਯੁੱਧਾਂ ਦੇ ਦੌਰ ਆਰੰਭ ਹੋਏ ਤਾਂ ਆਪ ਜੀ ਜੰਗ ਦੇ ਦੌਰਾਨ ਸਿਪਾਹੀਆਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰਦੇ ਸਨ। ਮਸ਼ਕ ਚੁੱਕ ਕੇ ਹਰ ਸਿਪਾਹੀ ਦੇ ਪਾਸ ਜਾ ਕੇ ਬਿਨਾ ਕਿਸੇ ਵਿਤਕਰੇ ਦੇ, ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ, ਸਭ ਨੂੰ ਪਾਣੀ ਪਿਲਾਉਣਾ। ਗੁਰੂ ਸਾਹਿਬ ਪਾਸ ਕਿਸੇ ਨੇ ਸ਼ਿਕਾਇਤ ਪਹੁੰਚਾ ਦਿੱਤੀ ਕਿ ਸਤਿਗੁਰੂ ! ਅਸੀਂ ਦੁਸ਼ਮਣਾਂ ਨੂੰ, ਮੁਸਲਮਾਨਾਂ ਨੂੰ ਜੰਗ ਦੇ ਮੈਦਾਨ ਵਿਚ ਮਾਰਦੇ ਹਾਂ ਤੇ ਭਾਈ ਘਨਈਆ ਜੀ ਉਨ੍ਹਾਂ ਨੂੰ ਪਾਣੀ ਪਿਲਾ ਕੇ ਫਿਰ ਤੋਂ ਸੁਰਜੀਤ ਕਰ ਦੇਂਦੇ ਹਨ। ਸਤਿਗੁਰੂ ਤਾਂ ਅੰਤਰਜਾਮੀ ਸਨ, ਦਿਲ ਦੀ ਜਾਨਣ ਵਾਲੇ

SIKHBOOKCLUB.COM

ਸਨ, ਪਰ ਪੂਰਨੇ ਪਾਉਣ ਲਈ ਤੇ ਆਪਣੇ ਸਿੱਖ ਦੀ ਵਡਿਆਈ ਪ੍ਰਗਟ ਕਰਨ ਲਈ ਕੌਤਕ ਰਚਿਆ। ਸਿੱਖਾਂ ਨੂੰ ਕਹਿੰਦੇ ਹਨ ਕਿ ਬੁਲਾ ਕੇ ਲਿਆਓ ਭਾਈ ਘਨਈਏ ਨੂੰ। ਜਦੋਂ ਘਨਈਆ ਜੀ ਆਏ ਤਾਂ ਸਤਿਗੁਰੂ ਕਹਿੰਦੇ ਹਨ, ਸਾਰੇ ਸਿੰਘ ਤੇਰੀ ਸ਼ਿਕਾਇਤ ਕਰ ਰਹੇ ਹਨ ਕਿ ਤੂੰ ਦੁਸ਼ਮਨਾਂ ਨੂੰ ਪਾਣੀ ਪਿਲਾਉਂਦਾ ਹੈਂ। ਭਾਈ ਘਨਈਆ ਜੀ ਚਰਨਾਂ 'ਤੇ ਢਹਿ ਪਏ ਤੇ ਬੇਨਤੀ ਕੀਤੀ ਕਿ ਸਤਿਗੁਰੂ! ਮੈਂ ਤੇ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਪਿਲਾਇਆ। ਸਤਿਗੁਰੂ ਕਹਿੰਦੇ ਹਨ ਕਿ ਜੇ ਤੂੰ ਦੁਸ਼ਮਣਾਂ ਨੂੰ ਪਾਣੀ ਨਹੀਂ ਪਿਲਾਉਂਦਾ ਤਾਂ ਫਿਰ ਕਿਸ ਨੂੰ ਪਿਲਾਉਂਦਾ ਹੈਂ? ਕੀ ਇਹ ਸਾਰੇ ਸਿੰਘ ਝੂਠ ਬੋਲ ਰਹੇ ਹਨ? ਇਹ ਕਹਿੰਦੇ ਹਨ ਕਿ ਤੂੰ ਤੁਰਕਾਂ ਨੂੰ, ਪਹਾੜੀਆਂ ਨੂੰ ਪਾਣੀ ਪਿਲਾਉਂਦਾ ਹੈਂ। ਭਾਈ ਘਨਈਆ ਜੀ ਕਹਿੰਦੇ ਹਨ, ਸਤਿਗੁਰੂ! ਮੈਂ ਤਾਂ ਨਾ ਕਿਸੇ ਤੁਰਕ ਨੂੰ ਪਾਣੀ ਪਿਲਾਇਆ ਹੈ, ਤੇ ਨਾ ਹੀ ਕਿਸੇ ਪਹਾੜੀਏ ਨੂੰ। ਸਤਿਗੁਰੂ ਕਹਿੰਦੇ ਹਨ, ਕੀ ਫਿਰ ਤੂੰ ਸਿੱਖਾਂ ਨੂੰ ਪਾਣੀ ਪਿਲਾਉਂਦਾ ਹੈਂ? ਸਾਰੇ ਕੋਲ ਖੜੇ ਸਿੱਖਾਂ ਦੀ ਹੈਰਾਨੀ ਦੀ ਉਸ ਵੇਲੇ ਕੋਈ ਹੱਦ ਨਾ ਰਹੀ ਜਦੋਂ ਭਾਈ ਘਨਈਆ ਜੀ ਨੇ ਇਹ ਕਿਹਾ ਕਿ ਸਤਿਗੁਰੂ! ਮੈਂ ਤਾਂ ਸਿੱਖ ਨੂੰ ਵੀ ਪਾਣੀ ਨਹੀਂ ਪਿਲਾਇਆ। ਸਤਿਗੁਰੂ ਕਹਿੰਦੇ ਹਨ ਕਿ ਜੇ ਤੂੰ ਸਿੱਖਾਂ ਨੂੰ ਵੀ ਪਾਣੀ ਨਹੀਂ ਪਿਲਾਉਂਦਾ, ਤੁਰਕਾਂ ਨੂੰ ਵੀ ਨਹੀਂ ਪਿਲਾਉਂਦਾ, ਪਹਾੜੀਆਂ ਨੂੰ ਵੀ ਨਹੀਂ ਪਿਲਾਉਂਦਾ, ਆਪਣੇ ਸਿੰਘਾਂ ਨੂੰ ਵੀ ਨਹੀ ਪਿਲਾਉਂਦਾ -ਦੁਸ਼ਮਣਾਂ ਨੂੰ ਵੀ ਨਹੀਂ ਪਿਲਾਉਂਦਾ ਤੇ ਫਿਰ ਕਿਸਨੂੰ ਪਿਲਾਉਂਦਾ ਹੈਂ? ਕੀ ਇਹ ਸਾਰੇ ਸਿੱਖ ਝੂਠ ਬੋਲ ਰਹੇ ਹਨ? ਭਾਈ ਘਨਈਆ ਜੀ ਪ੍ਰੇਮ 'ਚ ਭਿੱਜੇ, ਨਿਮਰਤਾ ਵਿੱਚ ਕਹਿਣ ਲੱਗੇ, ਹੇ ਸਚੇ ਪਾਤਸ਼ਾਹ! ਮੈਂ ਤਾਂ ਆਪ ਜੀ ਨੂੰ ਪਾਣੀ ਪਿਲਾਉਂਦਾ ਹਾਂ। ਕੀ ਤੁਰਕ, ਕੀ ਪਹਾੜੀਆ, ਕੀ ਸਿੱਖ ਮੈਨੂੰ ਤਾਂ ਆਪ ਜੀ ਦੀ ਕਿਰਪਾ ਦਾ ਸਦਕਾ ਸਾਰਿਆਂ ਵਿੱਚ ਆਪ ਜੀ ਦਾ ਹੀ ਨੂਰ ਨਜ਼ਰ ਆਉਂਦਾ ਹੈ। ਜਦੋਂ ਵੀ ਕੋਈ ਪਾਣੀ ਮੰਗਦਾ ਹੈ, ਮੈਨੂੰ ਤਾਂ ਇਹੀ ਲੱਗਦਾ ਹੈ ਕਿ ਸਤਿਗੁਰੂ, ਤੁਸੀਂ ਪਾਣੀ ਮੰਗ ਰਹੇ ਹੋ। ਮੈਂ ਤਾਂ ਆਪ ਜੀ ਨੂੰ ਪਾਣੀ ਪਿਲਾਉਂਦਾ ਹਾਂ। ਕਿਸੇ ਕਵੀ ਨੇ ਇਸ ਤਰ੍ਹਾਂ ਲਿਖਿਆ ਹੈ-

*ਤੈਨੂੰ ਪਿਆ ਪਿਲਾਵਾਂ ਪਾਣੀ ਮੇਰੇ ਸਿਰ ਦੇ ਸਾਂਈਂ।*
*ਤੁਰਕ ਅਤੁਰਕ ਨਾ ਦਿੱਸਦਾ ਮੈਨੂੰ ਤੂੰ ਹੀ ਦਿੱਸਦਾ ਸਭਨੀ ਥਾਂਈਂ।*

ਸਤਿਗੁਰੂ ਭਾਈ ਘਨਈਆ ਜੀ ਤੋਂ ਇਤਨੇ ਪ੍ਰਸੰਨ ਹੋਏ ਕਿ ਪਕੜ ਕੇ ਆਪਣੇ ਗਲ ਨਾਲ ਲਾ ਲਿਆ ਤੇ ਆਖਿਆ, ਤੂੰ ਧੰਨ ਹੈਂ ਤੇ ਧੰਨ ਹੈ ਤੇਰੀ ਕਮਾਈ। ਨਾਲ ਹੀ ਬਚਨ ਕੀਤਾ ਕਿ ਭਾਈ ਘਨਈਆ ਜੀ, ਮਲਮ ਦੀ ਡੱਬੀ ਤੇ ਪੱਟੀ ਵੀ ਲੈ ਲਵੋ, ਜਿਥੇ ਜ਼ਖਮੀਆਂ ਨੂੰ ਪਾਣੀ ਪਿਲਾਉਂਦੇ ਹੋ ਉਥੇ ਉਸਦੇ ਜ਼ਖ਼ਮਾਂ ਦੀ ਮਲਮ-ਪੱਟੀ ਵੀ ਕਰਿਆ ਕਰੋ।

ਦੁਖੀਆਂ-ਲੋੜਦੀਆਂ ਦੀ ਸੇਵਾ ਦੇ ਪੂਰਨੇ ਗੁਰੂ ਅਰਜਨ ਦੇਵ ਜੀ ਨੇ ਵੀ ਪਾਏ ਹਨ। ਗੁਰੂ ਅਰਜਨ ਦੇਵ ਜੀ ਆਪ ਆਪਣੇ ਹੱਥੀਂ ਕੋਹੜੀਆਂ ਦੀ ਸੇਵਾ ਕਰਦੇ ਸਨ।

ਹੁਣ ਅਸੀਂ ਇਹ ਤਾਂ ਵਿਚਾਰ ਗੁਰੂ ਸਾਹਿਬ ਦੀ ਕਿਰਪਾ ਨਾਲ ਸਾਂਝੀ ਕਰ ਲਈ ਕਿ ਸੇਵਾ ਦਿਲੋਂ ਕਰਨੀ ਹੈ ਤੇ ਸੇਵਾ ਕਿਸ ਦੀ ਕਰਨੀ ਹੈ ਪਰ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਮਾਤਮਾ ਦੀ ਖ਼ੁਸ਼ੀ ਪ੍ਰਾਪਤ ਹੋ ਜਾਵੇ, ਸਾਡੀ ਕੀਤੀ ਸੇਵਾ ਥਾਂਇ ਪੈ ਜਾਵੇ। ਬਾਣੀ ਦੀਆਂ ਪੰਕਤੀਆਂ ਹਨ—

*ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥*

(ਅੰਗ ੨੬)

ਬਾਣੀ ਦੀਆਂ ਇਨ੍ਹਾਂ ਪੰਕਤੀਆਂ ਤੋਂ ਸਪਸ਼ਟ ਹੋ ਰਿਹਾ ਹੈ ਕਿ ਸੇਵਾ ਕਮਾਉਣ ਨਾਲ ਦਰਗਾਹ 'ਚ ਜਗ੍ਹਾ ਮਿਲਦੀ ਹੈ। ਹੁਣ ਇਥੇ ਇਕ ਗੱਲ ਵਲ ਗ਼ੌਰ ਕਰਿਓ, ਸੇਵਾ ਕਰਨ ਤੇ ਕਮਾਉਣ ਵਿੱਚ ਬਹੁਤ ਅੰਤਰ ਹੈ। ਹੁਣ ਤੁਸੀਂ ਆਪ ਹੀ ਵੇਖ ਲਵੋ ਕਿ ਸੇਵਾ ਤਾਂ ਬਹੁਤ ਸਾਰੀ ਦੁਨੀਆਂ ਕਰਦੀ ਹੈ ਤਨ ਦੀ, ਮਨ ਦੀ, ਧਨ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੀ, ਗੁਰੂ ਦੀਆਂ ਸੰਗਤਾਂ ਦੀ ਵੀ ਤੇ ਲੋੜਵੰਦ-ਦੁਖੀਆਂ ਦੀ ਵੀ ਪਰ ਪੱਲੇ ਜੁਗਤੀ ਨਾ ਹੋਣ ਕਾਰਨ, ਸੇਵਾ ਕਮਾਉਣੀ ਕਿਸ ਤਰ੍ਹਾਂ ਹੈ, ਇਹ ਸੋਝੀ ਨਾ ਹੋਣ ਕਾਰਨ ਗੱਲ ਟਿਕਾਣੇ ਨਹੀਂ ਲੱਗਦੀ। ਕਈ ਕਹਿ ਦੇਂਦੇ ਹਨ ਕਿ ਸਾਨੂੰ ਇੰਨੇ ਸਾਲ ਹੋ ਗਏ ਸੇਵਾ ਕਰਦਿਆਂ ਪਰ ਸਾਨੂੰ ਤਾਂ ਮਿਲਿਆਂ ਕੁਝ ਨਹੀਂ ਜਾਂ ਅਸੀਂ ਜਿਸ ਮਨੋਰਥ ਲਈ ਸੇਵਾ ਕੀਤੀ ਸੀ, ਸਾਨੂੰ ਉਹ ਫਲ ਮਿਲਿਆ ਨਹੀਂ। ਇਕ ਗੱਲ ਮੰਨਿਓ, ਘਰ ਵਿੱਚ ਕੋਈ ਬੂਟਾ ਲਾਉ ਤਾਂ ਉਹ ਪਹਿਲਾਂ ਵੱਧਦਾ-ਫੁਲਦਾ ਹੈ, ਫਿਰ ਫੱਲ ਦੇਂਦਾ ਹੈ, ਇਸੇ ਤਰ੍ਹਾਂ ਤੁਸੀਂ ਵੀ ਜੋ ਕਿਸੇ ਦੀ ਸੇਵਾ ਦਾ ਬੂਟਾ ਲਾਇਆ ਤਾਂ ਫਿਰ ਕਾਹਲੇ ਨਹੀਂ ਪੈਣਾ, ਫਲ ਜ਼ਰੂਰ ਲੱਗੇਗਾ ਪਰ ਇਸ ਦੇ ਲਈ ਬਹੁਤ ਜ਼ਰੂਰੀ ਹੈ ਕਿ ਸੇਵਾ ਦੇ ਬੂਟੇ ਨੂੰ ਲਗਾਉਣ ਦੀ ਜਾਚ ਸਿਖ ਲਈਏ। ਸੇਵਾ ਕਰਨ ਦੀਆਂ ਜੁਗਤੀਆਂ ਨੂੰ ਸਮਝ ਲਈਏ ਤਾਂ ਕਿ ਸਾਡੀ ਕੀਤੀ ਹੋਈ ਸੇਵਾ ਤੇ ਗੁਰੂ ਸਾਹਿਬ ਰੀਝ ਜਾਣ ਕਿਉਂਕਿ ਗੱਲ ਤਾਂ ਉਦੋਂ ਹੀ ਬਨਣੀ ਹੈ ਜਦੋਂ ਗੁਰੂ ਸਾਹਿਬ ਪ੍ਰਸੰਨ ਹੋ ਗਏ-

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ॥*

(ਅੰਗ ੩੧੪)

ਜੇ ਸਾਡੀ ਕੀਤੀ ਸੇਵਾ 'ਤੇ ਗੁਰੂ ਸਾਹਿਬ ਪ੍ਰਸੰਨ ਹੋ ਗਏ, ਫਿਰ ਕੋਈ ਘਾਟਾ ਨਹੀਂ। ਫਿਰ ਤਾਂ ਛੋਟੇ ਕੀ, ਵੱਡੇ-ਵੱਡੇ ਬਜਰ ਪਾਪ ਵੀ ਉਹ ਆਪਣੀ ਨਦਰ ਨਾਲ ਛਿਨ ਵਿੱਚ ਧੋ ਦੇਣਗੇ। ਗੱਲ ਤੇ ਗੁਰੂ ਨੂੰ ਮਨਾਉਣ ਦੀ ਹੈ, ਉਸ ਨੂੰ ਪ੍ਰਸੰਨ ਕਰਨ ਦੀ ਹੈ। ਹੁਣ ਦਾਸ

ਗੁਰੂ ਦੀ ਕਿਰਪਾ ਨਾਲ ਕੁਝ ਕੁ ਵਿਚਾਰਾਂ ਲਿੱਖ ਕੇ ਸਾਂਝੀਆਂ ਕਰ ਰਿਹਾ ਹੈ ਕਿ ਸੇਵਾ ਕਿਸ ਤਰੀਕੇ ਨਾਲ ਕਰੀਏ ਕਿ ਗੁਰੂ ਸਾਹਿਬ ਦੀ ਪ੍ਰਸੰਨਤਾ ਸਾਡੀ ਝੋਲੀ ਵਿੱਚ ਪੈ ਜਾਵੇ। ਸਭ ਤੋਂ ਪਹਿਲੀ ਤੇ ਜ਼ਰੂਰੀ ਗੱਲ ਹੈ ਕਿ ਸੇਵਾ ਵਿੱਚ ਪ੍ਰੇਮ ਹੋਵੇ, ਪਿਆਰ ਹੋਵੇ। ਸੇਵਾ ਭਾਵੇਂ ਤਨ ਦੀ ਹੋਵੇ, ਭਾਵੇਂ ਮਨ ਦੀ ਹੋਵੇ, ਭਾਵੇਂ ਧਨ ਦੀ ਹੋਵੇ , ਜੇ ਤੁਹਾਡੀ ਸੇਵਾ ਵਿੱਚ ਪ੍ਰੇਮ ਦਾ ਰੰਗ ਹੈ ਤਾਂ ਨੰਬਰ ਲੈ ਜਾਵੋਗੇ। ਪ੍ਰੇਮ ਬੜੀ ਵੱਡੀ ਦਾਤ ਹੈ, ਜਿਸਨੂੰ ਗੁਰੂ ਸਾਹਿਬ ਤੁੱਠ ਕੇ ਦੇ ਦੇਣ। ਪ੍ਰੇਮ ਦਾ ਭਾਵ ਹੈ ਬਿਰਤੀ ਗੋਬਿੰਦ ਮਈ ਹੋ ਜਾਣੀ। ਕਿਸੇ ਮੰਦਰ ਦਾ ਨਿਰਮਾਣ ਹੋ ਰਿਹਾ ਸੀ, ਕੁਝ ਮਜ਼ਦੂਰ ਪੱਥਰ ਤੋੜ ਰਹੇ ਸਨ, ਗਰਮੀਆਂ ਦੇ ਦਿਨ ਸਨ। ਕੋਈ ਮਹਾਂਪੁਰਸ਼ ਉਧਰੋਂ ਲੰਘੇ ਤੇ ਇਕ ਮਜ਼ਦੂਰ ਨੂੰ ਪੁਛਿਆ-ਕੀ ਕਰ ਰਿਹਾ ਹੈਂ ? ਉਹ ਕਹਿਣ ਲੱਗਾ, ਰੱਬ ਨੇ ਮੇਰੇ ਕਰਮ ਇਹੋ ਜਿਹੇ ਬਣਾਏ ਹਨ, ਪੱਥਰਾਂ ਨਾਲ ਮੱਥਾ ਪਿਆ ਮਰਦਾ ਹਾਂ। ਇਕ ਹੋਰ ਮਜ਼ਦੂਰ ਨੂੰ ਪੁੱਛਿਆ, ਭਈ ਕੀ ਕਰ ਰਿਹਾ ਹੈਂ? ਉਹ ਵੀ ਕਹਿੰਦਾ ਹੈ ਕਿ ਪਾਪੀ ਪੇਟ ਦੀ ਖ਼ਾਤਰ, ਰੋਜ਼ੀ-ਰੋਟੀ ਦੀ ਖ਼ਾਤਰ ਪੱਥਰਾਂ ਨਾਲ ਸਿਰ ਪਿਆ ਮਾਰਦਾ ਹਾਂ। ਹੁਣ ਕੋਲ ਹੀ ਇਕ ਮਜ਼ਦੂਰ ਸੀ ਜਿਸ ਦੀ ਬਿਰਤੀ ਗੋਬਿੰਦ ਮਈ ਸੀ। ਜਦੋਂ ਮਹਾਂਪੁਰਸ਼ਾਂ ਨੇ ਉਸਨੂੰ ਪੁੱਛਿਆ ਤਾਂ ਉਹ ਕਹਿੰਦਾ ਹੈ ਕਿ ਮੰਦਰ ਦਾ ਨਿਰਮਾਣ ਹੋ ਰਿਹਾ ਹੈ ਤੇ ਮੈਂ ਸ਼ੁਕਰ ਪਿਆ ਕਰਦਾ ਹਾਂ ਕਿ ਇੰਨੀ ਵੱਡੀ ਸੇਵਾ ਵਿੱਚ ਮੇਰੀ ਹਾਜ਼ਰੀ ਲੱਗ ਰਹੀ ਹੈ, ਮੇਰੇ ਕਿੰਨੇ ਵੱਡੇ ਭਾਗ ਹਨ ਕਿ ਪ੍ਰਮੇਸ਼ਰ ਮੇਰੇ ਕੋਲੋਂ ਇੰਨੀ ਵੱਡੀ ਸੇਵਾ ਲੈ ਰਿਹਾ ਹੈ।

ਇਸ਼ਾਰਾ ਲੈਣਾ, ਕੰਮ ਇਕੋ ਜਿਹਾ ਹੈ ਪਰ ਕੋਈ ਤਾਂ ਕਲਪ ਕੇ ਕਰ ਰਿਹਾ ਹੈ ਕਿ ਰੱਬ ਨੇ ਮੇਰੇ ਕਿੱਡੇ ਮਾੜੇ ਕਰਮ ਲਿਖੇ ਹਨ ਪਰ ਜਿਸ ਦੀ ਬਿਰਤੀ ਗੋਬਿੰਦ ਮਈ ਹੈ, ਜੋ ਪ੍ਰਮੇਸ਼ਰ ਦੇ ਪਿਆਰ ਦੇ ਰੰਗ ਵਿੱਚ ਰੰਗਿਆ ਹੋਇਆ ਹੈ, ਉਹ ਆਪਣੇ ਭਾਗਾਂ ਨੂੰ ਸਲਾਹ ਰਿਹਾ ਹੈ।

ਇਕ ਜਗ੍ਹਾ ਕਿਸੇ ਗੁਰਦੁਆਰੇ ਪੱਥਰ ਦੀ ਸੇਵਾ ਸੰਗਤ ਨੇ ਕਰਵਾਈ। ਮਿਸਤਰੀ ਨੂੰ ਜਦੋਂ ਪੁੱਛਿਆ ਗਿਆ ਕਿ ਕੰਮ ਦਿਹਾੜੀ 'ਤੇ ਕਰੋਗੇ ਕਿ ਠੇਕੇ 'ਤੇ ਤਾਂ ਉਹ ਕਹਿਣ ਲੱਗਾ, ਠੇਕੇ 'ਤੇ ਕਰਵਾ ਲਵੋ। ਦਾਸ ਨੇ ਬੇਨਤੀ ਕੀਤੀ ਭਈ ਕੰਮ ਭਾਵੇਂ ਠੇਕੇ ਤੇ ਕਰੋ ਪਰ ਸਾਨੂੰ ਸਫ਼ਾਈ ਪੂਰੀ ਚਾਹੀਦੀ ਹੈ। ਗੁਰੂ-ਘਰ ਦਾ ਕਾਰਜ ਹੈ, ਕੰਮ ਸੋਹਣੀ ਤਰ੍ਹਾਂ ਹੋਣਾ ਚਾਹੀਦਾ ਹੈ। ਹੁਣ ਮਹੀਨਾ-ਦੋ ਮਹੀਨੇ ਕੰਮ ਠੀਕ ਚੱਲਦਾ ਰਿਹਾ ਪਰ ਦੋ ਕੁ ਮਹੀਨੇ ਬਾਅਦ ਉਸ ਨੇ ਗਲੋਂ ਗਲਾਵਾਂ ਲਾਣੀਆਂ ਸ਼ੁਰੂ ਕਰ ਦਿੱਤੀਆਂ ਕਿ ਕੰਮ ਫਟਾ-ਫਟ ਖ਼ਤਮ ਕਰੀਏ। ਫਿਰ ਉਸ ਮਿਸਤਰੀ ਨੂੰ ਬੁਲਾ ਕੇ ਬੇਨਤੀ ਕੀਤੀ ਕਿ ਤੁਸੀਂ ਸਿਰਫ ਮਾਇਆ ਨੂੰ ਨਾ ਵੇਖੋ, ਇਹ ਬ੍ਰਹਮ ਗਿਆਨੀ ਦੇ ਦਰ ਦਾ ਕੰਮ ਹੈ, ਇਸ ਨੂੰ ਐਸੇ ਪ੍ਰੇਮ 'ਚ ਭਿੱਜ ਕੇ ਕਰੋ, ਸੋਹਣੀ ਤਰ੍ਹਾਂ ਕਰੋ। ਉਨ੍ਹਾਂ ਦੀ ਖ਼ੁਸ਼ੀ ਤੁਹਾਡੀ ਝੋਲੀ 'ਚ ਪਵੇਗੀ ਤੇ ਤੁਹਾਨੂੰ ਬਰਕਤਾਂ ਮਿਲਣਗੀਆਂ। ਇੰਨੀ ਕੁ ਘੁੰਡੀ ਹੈ।

## ਸ਼ਰਧਾ ਦੀ ਚੌਥੀ ਨਿਸ਼ਾਨੀ

ਇਕ ਵਾਰੀ ਬਾਬਾ ਖੜਕ ਸਿੰਘ ਜੀ ਨੇ ਕੁਝ ਸੇਵਾਦਾਰਾਂ ਨੂੰ, ਸੰਗਤਾਂ ਨੂੰ ਕਿਹਾ ਕਿ ਫਲਾਣੀ ਜਗ੍ਹਾ 'ਤੇ ਰੇਤ ਲਿਆਓ। 100 ਟਰਾਲੀ ਰੇਤ ਦੀ ਆ ਗਈ। ਪਿੱਪਲ ਤੱਕ ਢੇਰ ਲੱਗ ਗਿਆ। ਜਦੋਂ ਬਾਬਾ ਜੀ ਨੇ ਹੱਥ ਲਾ ਕੇ ਵੇਖਿਆ ਤਾਂ ਸਮਝ ਗਏ ਕਿ ਵਿੱਚ ਮਿੱਟੀ mix ਹੈ। ਬਾਬਾ ਜੀ ਕਹਿੰਦੇ ਹਨ ਕਿ ਇਹ ਰੇਤ ਬਿਲਡਿੰਗ ਵਾਸਤੇ ਨਹੀਂ ਵਰਤਣੀ। ਇਸ ਦੀ ਜ਼ਮੀਨ 'ਤੇ ਭਰਤੀ ਪਾ ਦਿਓ। ਸਾਰੇ ਕਹਿਣ ਲੱਗੇ, ਮਹਾਪੁਰਸ਼ੋ ! ਹਫਤਾ ਹੋ ਗਿਆ ਹੈ ਸਾਨੂੰ ਇਹ ਰੇਤ ਢੋਂਦਿਆਂ ਤੇ ਤੁਸੀਂ ਇਕ ਮਿੰਟ ਵਿੱਚ ਕਹਿ ਦਿੱਤਾ ਹੈ ਕਿ ਇਸ ਨੂੰ ਵਰਤਣਾ ਨਹੀਂ। ਮਹਾਂਪੁਰਸ਼ ਕਹਿੰਦੇ ਹਨ ਕਿ ਇਹ ਬਾਬਾ ਦੀਪ ਸਿੰਘ ਜੀ ਦੇ ਦਰ ਦੀ ਸੇਵਾ ਹੈ। ਜੇ ਗੁਰੂ ਦੇ ਦਰ ਦੀ ਸੇਵਾ ਨੂੰ ਗੋਬਿੰਦ ਮਈ ਬਿਰਤੀ ਨਾਲ ਨਾ ਕੀਤਾ ਤਾਂ ਫਿਰ ਕੀ ਮਜ਼ਾ ਆਇਆ। ਕੋਈ ਵੀ ਸੇਵਾ ਹੋਵੇ, ਗੋਬਿੰਦ ਮਈ ਬਿਰਤੀ ਨਾਲ, ਪ੍ਰੇਮ ਨਾਲ ਕਰਨ ਨਾਲ ਗੁਰੂ ਦੀ ਖ਼ੁਸ਼ੀ ਝੋਲੀ 'ਚ ਪੈਂਦੀ ਹੈ।

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਭਾਈ ਬਹਿਲੋ ਦੀ ਸੇਵਾ ਤੋਂ ਸੇਧ ਲੇਈਏ। ਜਦੋਂ ਹਰਿਮੰਦਰ ਸਾਹਿਬ ਦੇ ਪੌੜਾਂ ਦੀ ਸੇਵਾ ਚਲ ਰਹੀ ਸੀ, ਗੁਰੂ ਸਾਹਿਬ ਨੇ ਇਕ ਬਾਹੀ ਨੂੰ ਪੂਰੀ ਕਰਨ ਦੀ ਡਿਊਟੀ ਭਾਈ ਬਹਿਲੋ ਨੂੰ ਦਿੱਤੀ ਸੀ। ਹੁਣ ਭਾਈ ਬਹਿਲੋ ਨੇ ਪ੍ਰੇਮ ਦੇ ਰੰਗ ਵਿੱਚ ਭਿੱਜ ਕੇ, ਗੋਬਿੰਦਮਈ ਬਿਰਤੀ ਨਾਲ ਬਾਹੀ ਦੀ ਸੇਵਾ ਕੀਤੀ। ਲੋਕਾਂ ਨੂੰ ਪੁੱਛਦਾ ਹੈ ਕਿ ਇੱਟ ਲਾਲ ਤੇ ਵਧੀਆ ਕਿਵੇਂ ਨਿਕਲੇਗੀ ? ਜੇ ਹਾਸੀ ਨਾਲ ਉਸ ਨੂੰ ਇਹ ਵੀ ਕਹਿ ਦਿੱਤਾ ਲੋਕਾਂ ਨੇ ਕਿ ਜੇ ਗਲੀਆਂ ਦਾ ਕੂੜਾ ਇੱਕਠਾ ਕਰਕੇ ਭੱਠੀ ਵਿੱਚ ਪਾਵੇਂਗਾ ਤਾਂ ਇੱਟ ਬਹੁਤ ਵਧੀਆ ਲਾਲ ਨਿਕੇਲਗੀ ਤਾਂ ਉਸ ਨੇ ਉਹ ਵੀ ਕੀਤਾ ਕਿਉਂਕਿ ਭੋਲਾ-ਭਾਲਾ ਸੀ, ਲੋਕੀ ਮਜ਼ਾਕ ਬਣਾਓਂਦੇ ਸੀ ਪਰ ਉਸ ਦੇ ਮਨ ਦੀ ਇਕੋ ਰੀਝ ਸੀ ਕਿ ਗੁਰੂ ਸਾਹਿਬ ਵੇਖ ਕੇ ਪ੍ਰਸੰਨ ਹੋ ਜਾਣ। ਦੂਸਰੇ ਪਾਸੇ ਮਸੰਦ ਵੀ ਸਨ, ਜਿਨ੍ਹਾਂ ਨੂੰ ਦੂਸਰੀਆਂ ਬਾਹੀਆਂ ਦੀ ਸੇਵਾ ਸਤਿਗੁਰੂ ਨੇ ਬਖ਼ਸ਼ੀ ਸੀ , ਪਰ ਉਨ੍ਹਾਂ ਦੀ ਬਿਰਤੀ ਗੋਬਿੰਦ ਮਈ ਨਹੀਂ ਸੀ। ਉਨ੍ਹਾਂ ਗਲੋ-ਗਲਾਵਾਂ ਲਾਈਆਂ। ਫਿਰ ਨਤੀਜਾ ਕੀ ਨਿਕਲਿਆ, ਭਾਈ ਬਹਿਲੋ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਬਚਨ ਕਰ ਦਿੱਤਾ 'ਭਾਈ ਬਹਿਲੋ ਸਭ ਤੋਂ ਪਹਿਲੋਂ '। ਗੁਰੂ ਸਾਹਿਬ ਕਹਿੰਦੇ ਹਨ ਕਿ ਆਇਆ ਤੇ ਤੂੰ ਬੜੀ ਲੇਟ ਸੀ ਪਰ ਤੂੰ ਇੰਨੀ ਪ੍ਰੇਮ 'ਚ ਭਿੱਜ ਕੇ ਸੇਵਾ ਨਿਬਾਹੀ ਹੈ ਕਿ ਅਸੀਂ ਤੇਰੇ 'ਤੇ ਬਹੁਤ ਖ਼ੁਸ਼ ਹਾਂ ਕਿਉਂਕਿ ਗੱਲ ਸਿਰਫ ਇੱਟਾਂ ਦੇ ਲਾਲ ਨਿਕਲਣ ਦੀ ਨਹੀਂ ਸੀ ਬਲਕਿ ਉਸ ਦੀ ਭਾਵਨਾ ਦੀ ਸੀ ਕਿ ਉਸ ਨੂੰ ਜੇ ਗੁਰੂ ਘਰ ਦੀ ਸੇਵਾ ਲਈ ਗਲੀਆਂ ਦਾ ਕੂੜਾ ਵੀ ਚੁੱਕਣਾ ਪਿਆ ਤਾਂ ਉਸ ਨੇ ਉਹ ਵੀ ਖ਼ੁਸ਼ੀ ਨਾਲ ਚੁੱਕਿਆ।

ਇਸ਼ਾਰਾ ਸਮਝਿਓ ਕਿ ਤੁਹਾਡੀ ਜ਼ਿੰਦਗੀ ਵਿੱਚ ਵੀ ਕੋਈ ਵੀ ਸੇਵਾ ਹੋਵੇ, ਉਸ ਵਿੱਚ ਪ੍ਰੇਮ ਜ਼ਰੂਰ ਸ਼ਾਮਲ ਕਰਿਓ, ਜੋ ਵੀ ਸੇਵਾ ਕਰੋ ਬਿਰਤੀ ਗੋਬਿੰਦ ਮਈ ਬਣਾ ਕੇ ਕਰਿਓ। ਬਾਬਾ ਜੀ ਬਚਨ ਕਰਦੇ ਸਨ, ਸੰਸਾਰ ਵਿੱਚ ਕਈ ਨੇਮੀ ਹੁੰਦੇ ਹਨ ਤੇ ਕਈ

ਪ੍ਰੇਮੀ, ਪਰ ਪ੍ਰੇਮ ਤੋਂ ਬਿਨਾਂ ਸੇਵਾ-ਸਿਮਰਨ ਦਾ ਫਲ ਥੋੜ੍ਹਾ ਮਿਲਦਾ ਹੈ। ਕੋਈ ਵੀ ਸੇਵਾ ਹੋਵੇ, ਜੁਗਤੀ ਤੇ ਪ੍ਰੇਮ ਨਾਲ ਕਰੋ ਤਾਂ ਗੁਰੂ ਦੀ ਪ੍ਰਸੰਨਤਾ ਮਿਲਦੀ ਹੈ। ਇਕ ਹੋਰ ਗੱਲ ਤੁਸੀਂ ਕਦੀ ਧਿਆਨ ਦੇਣਾ, ਸਾਡੇ ਵਿੱਚੋਂ ਬਹੁਤ ਸਾਰੇ ਸੇਵਾ ਕਰਦਿਆਂ ਇਕ ਦੂਜੇ ਨਾਲ ਦੁਨਿਆਵੀਂ ਗੱਲਾਂ, ਹਾਸੇ-ਮਜ਼ਾਕ ਕਰਦੇ ਹਨ ਪਰ ਜੇ ਹੋਵੇ ਜੁਗਤੀ, ਹੱਥਾਂ ਨਾਲ ਸੇਵਾ ਕਰੋ ਤੇ ਨਾਲ ਤੁਹਾਡਾ ਸਿਮਰਨ ਚਲ ਰਿਹਾ ਹੋਵੇ, ਫਿਰ ਵੇਖਿਓ ਤੁਹਾਡੀ ਜ਼ਿੰਦਗੀ ਵਿੱਚ ਸੇਵਾ ਕਿਵੇਂ ਰੰਗ ਲਿਆਉਂਦੀ ਹੈ ! ਇਹ ਵੀ ਪ੍ਰੇਮ ਦੀ ਨਿਸ਼ਾਨੀ ਹੈ। ਸੇਵਾ ਕਰਦਿਆਂ ਇਹ ਵੀ ਗੱਲ ਧਿਆਨ ਵਿੱਚ ਰਖਣੀ ਹੈ ਕਿ ਕੋਈ ਵੀ ਸੇਵਾ ਕਰੋ, ਚਾਹੇ ਗੁਰੂ ਦੀ ਜਾਂ ਗੁਰੂ ਦੀਆਂ ਸੰਗਤਾਂ ਦੀ ਜਾਂ ਲੋੜਵੰਦਾਂ ਦੀ ਪਰ ਤੁਹਾਡੇ ਮਨ ਦੀ ਭਾਵਨਾ ਇਥੇ ਟਿਕੀ ਹੋਵੇ ਕਿ ਮੈਂ ਗੁਰੂ ਦੀ ਸੇਵਾ ਕਰ ਰਿਹਾ ਹਾਂ। ਦੁਨੀਆਂ ਦੀ ਸੇਵਾ, ਸੰਗਤਾਂ ਦੀ ਸੇਵਾ ਨੂੰ ਵੀ ਜੇ ਗੁਰੂ ਦੀ ਸੇਵਾ ਜਾਣ ਕੇ ਕਰੋ ਤਾਂ ਉਹ ਵੀ ਥਾਂਇ ਪੈਂਦੀ ਹੈ।

ਇਸ ਤੋਂ ਇਲਾਵਾ ਇਹ ਵੀ ਧਿਆਨ ਰੱਖਣਾ ਹੈ ਕਿ ਸੇਵਾ ਬੜੀ ਨਿਮਰਤਾ ਤੇ ਪਿਆਰ ਨਾਲ ਕੀਤੀ ਜਾਵੇ ਨਹੀਂ ਤੇ ਜਿਨ੍ਹਾਂ ਨੂੰ ਨਹੀਂ ਸੋਝੀ, ਸੇਵਾ ਕਰ ਕੇ ਇੰਨੇ ਹੰਕਾਰੀ ਹੋ ਜਾਂਦੇ ਹਨ ਕਿ ਗੱਲ-ਗੱਲ 'ਤੇ ਕ੍ਰੋਧ ਆ ਜਾਂਦਾ ਹੈ, ਸੇਵਾ ਦੇ ਹੰਕਾਰ ਨਾਲ ਬੋਲੀ ਹੀ ਵਿਗੜ ਜਾਂਦੀ ਹੈ। ਜਿੱਥੇ ਗੁਰੂ ਸਾਹਿਬ ਦੀ ਕਿਰਪਾ ਨਾਲ ਸੇਵਾ ਕਰਨੀ ਹੈ, ਉਥੇ ਸੇਵਾ ਆਪਾ ਵਾਰ ਕੇ ਕਰਨੀ ਹੈ, ਮਨ ਵਿੱਚ ਹੰਕਾਰ ਨਹੀਂ ਲਿਆਉਣਾ ਕਿ ਮੈਂ ਸੇਵਾ ਕਰ ਰਿਹਾ ਹਾਂ, ਬਲਕਿ ਸ਼ੁਕਰਾਨਾ ਨਿਕਲੇ ਕਿ ਸ਼ੁਕਰ ਹੈ ਸਤਿਗੁਰੂ ! ਸੇਵਾ ਲੈ ਰਹੇ ਹੋ, ਮੇਰੇ ਵਰਗੇ ਅਨਜਾਣ ਨੂੰ ਸੇਵਾ ਬਖ਼ਸ਼ੀ ਜੇ। ਕਿਧਰੇ ਮਨ ਵਿੱਚ ਇਹ ਭਾਵਨਾ ਨਾ ਬਣ ਜਾਵੇ ਕਿ ਜੇ ਮੈਂ ਇਹ ਸੇਵਾ ਨਾ ਕਰਦਾ ਤਾਂ ਇਹ ਸੇਵਾ ਹੀ ਨਹੀਂ ਸੀ ਹੋਣੀ ਜਾਂ ਮੇਰੇ ਵਰਗੀ ਸੇਵਾ ਕੋਈ ਕਰ ਹੀ ਨਹੀ ਸਕਦਾ। ਸੇਵਾ ਕਰਦਿਆਂ ਮਨ ਨੂੰ ਨੀਵਾਂ ਰੱਖਣਾ ਹੈ, ਅੰਦਰ ਨਿਮਰਤਾ ਰੱਖਣੀ ਹੈ, ਸਾਰਿਆਂ ਨੂੰ ਗੁਰੂ ਰੂਪ ਜਾਣ ਕੇ ਸੇਵਾ ਕਰਨੀ ਹੈ। ਜੇ ਕਿਸੇ ਦੀ ਸੇਵਾ ਵਿੱਚ ਹੰਕਾਰ ਹੈ, ਕ੍ਰੋਧ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਇਤਿਹਾਸਕ ਸਾਖੀ ਤੋਂ ਸੇਧ ਲਉ ਜੋ ਪਾਤਸ਼ਾਹ ਜੀ ਨੇ ਸਾਡੀ ਸੋਝੀ ਲਈ ਰਚੀ।

ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਇਕ ਰਿੱਛ ਨਚਾਉਣ ਵਾਲਾ ਆ ਗਿਆ ਤੇ ਬੇਨਤੀ ਕੀਤੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਕਿ ਮੈਂ ਰਿੱਛ ਦੇ ਕੌਤਕ ਆਪ ਜੀ ਨੂੰ ਦਿਖਾ ਕੇ ਆਪ ਜੀ ਦੀ ਖ਼ੁਸ਼ੀ ਲੈਣੀ ਚਾਹੁੰਦਾ ਹਾਂ। ਸਤਿਗੁਰੂ ਕਹਿੰਦੇ ਹਨ, ਚੰਗਾ ਭਾਈ ਦਿਖਾ ਕਿਉਂਕਿ ਇਹ ਗੁਰੂ ਨਾਨਕ ਦਾ ਘਰ ਹੈ ਅਤੇ ਇਥੇ ਸਭ ਨੂੰ ਖ਼ੁਸ਼ੀਆਂ ਮਿਲਦੀਆਂ ਹਨ। ਹੁਣ ਉਸ ਨੇ ਰਿਛ ਕੋਲੋਂ ਕਈ ਤਰ੍ਹਾਂ ਦੇ ਤਮਾਸ਼ੇ ਕਰਵਾਏ ਜਿਸ ਨੂੰ ਵੇਖ ਕੇ, ਉਥੇ ਮੌਜੂਦ ਸਾਰੀਆਂ ਸੰਗਤਾਂ ਬਹੁਤ ਹੱਸੀਆਂ। ਭਾਈ ਕੀਰਤੀਆ ਜੋ ਗੁਰੂ ਸਾਹਿਬ ਨੂੰ ਉਸ ਸਮੇਂ ਚੌਰ ਸਾਹਿਬ ਕਰ ਰਿਹਾ ਸੀ, ਉਹ ਵੀ ਬਹੁਤ ਹੱਸਿਆ ਤੇ ਕਹਿੰਦਾ ਹੈ ਕਿ ਵੇਖੋ, ਇੰਨਾ ਭਿਆਨਕ ਜਾਨਵਰ ਕਿਵੇਂ ਇਕ ਇਨਸਾਨ ਨੇ ਆਪਣੇ

ਕਾਬੂ ਵਿੱਚ ਕੀਤਾ ਹੋਇਆ ਹੈ, ਪਤਾ ਨਹੀਂ ਇਸ ਰਿਛ ਵਿਚਾਰੇ ਨੂੰ ਕਿਹੜੇ ਪਾਪਾਂ ਦੀ ਸਜ਼ਾ ਮਿਲ ਰਹੀ ਹੈ ਜੋ ਦਿਹਾੜੀ 'ਚ ਕਿਤਨੀ ਵਾਰੀ ਆਪਣੇ ਮਾਲਕ ਦਾ ਹੁਕਮ ਵਜਾ ਕੇ ਤਮਾਸ਼ੇ ਵਿਖਾਉਣੇ ਪੈਂਦੇ ਹਨ। ਗੁਰੂ ਸਾਹਿਬ ਦੀ ਲੀਲਾ ! ਉਹ ਆਪਣੇ ਸਿੱਖ ਨੂੰ, ਆਉਣ ਵਾਲੀ ਪੀੜੀ ਨੂੰ ਸੋਝੀ ਦੇਣਾ ਚਾਹੁੰਦੇ ਸਨ। ਕਹਿਣ ਲੱਗੇ ਭਾਈ ਕੀਰਤੀਆ ! ਇਹ ਰਿੱਛ ਕੋਈ ਹੋਰ ਨਹੀਂ, ਤੇਰਾ ਪਿਤਾ ਭਾਈ ਸ਼ੋਭਾ ਰਾਮ ਹੈ। ਉਹ ਬੜਾ ਹੈਰਾਨ ਹੋ ਕੇ ਕਹਿੰਦਾ ਹੈ, ਸਤਿਗੁਰੂ ! ਇਹ ਕਿਵੇਂ ਹੋ ਸਕਦਾ ਹੈ। ਮੇਰੇ ਪਿਤਾ ਸ਼ੋਭਾ ਰਾਮ ਨੇ ਤਾਂ ਬਹੁਤ ਸਮਾਂ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ 'ਚ ਸੇਵਾ ਕੀਤੀ, ਕੁਝ ਸਮਾਂ ਤੁਹਾਡੀ ਵੀ ਸੇਵਾ ਕੀਤੀ। ਜੇ ਗੁਰੂ ਘਰ ਦੀ ਸੇਵਾ ਕਰਨ ਦੇ ਬਦਲੇ ਐਸੀਆਂ ਮਾੜੀਆਂ ਜੂਨਾਂ ਮਿਲਣੀਆਂ ਹਨ ਤਾਂ ਫਿਰ ਸੇਵਾ ਕਰਨ ਦਾ ਕੀ ਫ਼ਾਇਦਾ। ਅਸੀਂ ਲੋਕ ਤਾਂ ਸੇਵਾ ਇਸ ਖ਼ਿਆਲ ਨਾਲ ਕਰਦੇ ਹਾਂ ਕਿ ਸੇਵਾ ਕਰਨ ਨਾਲ ਸਾਡਾ ਅੱਗਾ ਸੰਵਰ ਜਾਵੇਗਾ, ਸਾਨੂੰ ਮੁਕਤੀ ਮਿਲ ਜਾਵੇਗੀ, ਸਾਡਾ ਜਨਮ ਮਰਨ ਕੱਟਿਆ ਜਾਵੇਗਾ। ਸਤਿਗੁਰੂ ਕਹਿੰਦੇ ਹਨ ਕਿ ਜਾਨਣਾ ਚਾਹੁੰਦਾ ਹੈਂ ਕਿ ਤੇਰੇ ਪਿਉ ਨੂੰ ਗੁਰੂ ਘਰ ਦੀ ਸੇਵਾ ਕਰਨ ਦੇ ਬਾਵਜੂਦ ਰਿਛ ਦੀ ਜੂਨ ਕਿਉਂ ਮਿਲੀ ਤਾਂ ਫਿਰ ਸੁਣ ਲੈ ਕਿ ਤੇਰੇ ਪਿਉ ਨੇ ਸੇਵਾ ਤਾਂ ਜ਼ਰੂਰ ਕੀਤੀ, ਪਰ ਪ੍ਰੇਮ ਨਾਲ ਨਹੀਂ ਕੀਤੀ, ਸੰਗਤਾਂ ਨੂੰ ਗੁਰੂ ਦਾ ਰੂਪ ਨਹੀਂ ਜਾਣਿਆ। ਉਸਦੇ ਅੰਦਰ ਰੱਜ ਕੇ ਕ੍ਰੋਧ ਭਰਿਆ ਸੀ। ਸੰਗਤਾਂ ਨੂੰ ਟੁੱਟ-ਟੁੱਟ ਕੇ ਪੈਂਦਾ ਸੀ। ਇਕ ਦਿਨ ਤੇਰਾ ਪਿਤਾ ਕੜਾਹ ਪ੍ਰਸ਼ਾਦ ਦੀ ਦੇਗ ਵਰਤਾ ਰਿਹਾ ਸੀ ਕਿ ਇੱਕ ਗਰੀਬ ਜਿਹਾ ਸਿੱਖ ਉਧਰੋਂ ਆਪਣੇ ਗੱਡੇ 'ਤੇ ਨਿਕਲ ਰਿਹਾ ਸੀ, ਕਿ ਗੁਰੂ ਘਰ ਚੋਂ ਪ੍ਰਸ਼ਾਦ ਦਾ ਕਿਣਕਾ ਲੈਣ ਦੀ ਭਾਵਨਾ ਨਾਲ ਗੱਡੇ ਤੋਂ ਉਤਰ ਕੇ ਅੰਦਰ ਆ ਗਿਆ ਤੇ ਤੇਰੇ ਪਿਤਾ ਨੂੰ ਜੋ ਕਿ ਪ੍ਰਸ਼ਾਦ ਵਰਤਾ ਰਿਹਾ ਸੀ, ਆਖਿਆ ਥੋੜਾ ਜਿਹਾ ਪ੍ਰਸ਼ਾਦ ਦਾ ਕਿਣਕਾ ਮੈਨੂੰ ਵੀ ਦੇ ਦਿਉ ਪਰ ਤੇਰੇ ਪਿਤਾ ਨੇ ਕੋਈ ਪਰਵਾਹ ਨਾ ਕੀਤੀ। ਉਸ ਨੇ ਫਿਰ ਬੜੇ ਪਿਆਰ ਨਾਲ ਬੇਨਤੀ ਕੀਤੀ, ਭਾਈ ਸਾਹਿਬ ਜੀ, ਮੇਰਾ ਗੱਡਾ ਨਿਕਲ ਗਿਆ ਹੈ। ਕਿਰਪਾ ਕਰਕੇ ਥੋੜਾ ਜਿਹਾ ਪ੍ਰਸ਼ਾਦ ਦੇ ਦਿਉ, ਮੈਂ ਵੀ ਰਸਨਾ ਨੂੰ ਲਾ ਲਵਾਂ। ਸਤਿਗੁਰੂ ਕਹਿੰਦੇ, ਤੇਰੇ ਪਿਤਾ ਦੇ ਅੰਦਰ ਸੇਵਾ ਦਾ ਇਤਨਾ ਕੁ ਹੰਕਾਰ ਭਰਿਆ ਹੋਇਆ ਸੀ ਕਿ ਉਹ ਉਸ ਗ਼ਰੀਬ ਨੂੰ ਟੁੱਟ ਕੇ ਪੈ ਗਿਆ ਤੇ ਕਹਿੰਦਾ ਤੂੰ ਰਿੱਛ ਵਾਂਗ ਘੜੀ-ਮੁੜੀ ਉਤੇ ਚੜ੍ਹੀ ਜਾ ਰਿਹਾ ਹੈਂ, ਚਲ ਪਾਸੇ ਹੱਟ, ਮੈਨੂੰ ਸੇਵਾ ਕਰਨ ਦੇ। ਉਸ ਗਰੀਬੜੇ ਸਿੱਖ ਦੇ ਨੇਤ੍ਰਾਂ ਵਿੱਚ ਹੰਝੂ ਭਰ ਆਏ ਤੇ ਉਸ ਦੇ ਅੰਦਰੋਂ ਨਿਕਲਿਆ ਕਿ ਤੇਰੇ ਵਰਗੇ ਸੇਵਾਦਾਰ ਗੁਰੂ ਘਰ ਵਿੱਚ ਨਹੀਂ ਹੋਣੇ ਚਾਹੀਦੇ, ਜਿਹੜੇ ਇਨਸਾਨਾਂ ਨੂੰ ਰਿੱਛ ਕਹਿੰਦੇ ਹਨ, ਰਬ ਕਰੇ ਤੂੰ ਵੀ ਰਿੱਛ ਦੀ ਜੂਨੇ ਪਵੇਂ। ਇਸ਼ਾਰਾ ਸਮਝਿਓ। ਸਾਡੇ ਵਿੱਚੋਂ ਵੀ ਕਈ ਲੰਗਰ ਵਰਤਾਉਣ ਦੀ ਸੇਵਾ ਕਰਦੇ ਹਨ ਤੇ ਸੰਗਤਾਂ ਨੂੰ ਟੁੱਟ-ਟੁੱਟ ਕੇ ਪੈਂਦੇ ਹਨ। ਨਹੀਂ ਪਿਆਰਿਓ ! ਸੰਗਤਾਂ ਦੀ ਸੇਵਾ ਗੁਰੂ ਦਾ ਰੂਪ ਜਾਣ ਕੇ ਕਰਨੀ ਹੈ। ਵਾਹਿਗੁਰੂ ਪ੍ਰਸ਼ਾਦਾ ਜੀ ! ਵਾਹਿਗੁਰੂ ਦਾਲਾ ਜੀ, ਫਿਰ ਵੇਖਿਓ ਕਿਵੇਂ ਗੁਰੂ

ਸਾਹਿਬ ਦੀਆਂ ਖ਼ੁਸ਼ੀਆਂ ਝੋਲੀ 'ਚ ਪੈਂਦੀਆਂ ਹਨ। ਅਸੀਂ ਸੇਵਾ ਕਰਨੀ ਹੈ ਇਸ ਖ਼ਿਆਲ ਨਾਲ, ਇਸ ਢੰਗ ਨਾਲ, ਕਿ ਪਤਾ ਨਹੀਂ ਕਿਸ ਵੇਲੇ ਸਾਡੀ ਸੇਵਾ 'ਤੇ ਸਤਿਗੁਰੂ ਰੀਝ ਪੈਣ ਤੇ ਬਖ਼ਸ਼ਿਸ਼ ਕਰ ਦੇਣ।

ਇਕ ਗੱਲ ਧਿਆਨ ਰਖਿਉ, ਜੇ ਜੁਗਤੀ ਨਹੀਂ, ਸੋਝੀ ਨਹੀਂ ਤਾਂ ਮਿਲੀ ਹੋਈ ਦਾਤ ਵੀ ਖੁਸ ਜਾਂਦੀ ਹੈ। ਦਾਸ ਨੂੰ ਇਕ ਜ਼ਿਕਰ ਯਾਦ ਆ ਗਿਆ, ਆਪ ਜੀ ਨਾਲ ਸਾਂਝਾ ਕਰ ਰਿਹਾ ਹਾਂ, ਸੇਧ ਲੈਣੀ। ਕੋਈ ਗੁਰੂ ਪਿਆਰਾ ਗੁਰੂ ਰਾਮਦਾਸ ਜੀ ਦੇ ਦਰ 'ਤੇ ਰੋਜ਼ ਨੇਮ ਨਾਲ ਝਾੜੂ ਦੀ ਸੇਵਾ ਕਰਦਾ ਸੀ। ਇਕ ਦਿਨ ਜਦੋਂ ਉਸ ਨੇ ਝਾੜੂ ਲਾ ਕੇ ਸੇਵਾ ਇਕੱਠੀ ਕੀਤੀ ਤਾਂ ਕਿਸੇ ਨੇ ਪੈਰ ਮਾਰ ਕੇ ਸੇਵਾ ਖਿਲਾਰ ਦਿੱਤੀ। ਉਸ ਸਿੱਖ ਨੂੰ ਬੜਾ ਗ਼ੁੱਸਾ ਆਇਆ ਤੇ ਗ਼ੁੱਸੇ ਵਿੱਚ ਬੋਲਿਆ, ਲੋਕਾਂ ਨੂੰ ਅਕਲ ਹੀ ਨਹੀਂ। ਆਪ ਤਾਂ ਸੇਵਾ ਕਰਦੇ ਨਹੀਂ ਤੇ ਕਿਸੇ ਨੂੰ ਕਰਨ ਦੇਣੀ ਨਹੀਂ। ਹੁਣ ਗੁਰੂ ਪਿਆਰਿਓ ! ਧਿਆਨ ਦੇਣਾ, ਉਹ ਸੇਵਾ ਖਿਲਾਰਣ ਵਾਲਾ ਕੋਈ ਹੋਰ ਨਹੀਂ, ਆਪ ਗੁਰੂ ਰਾਮਦਾਸ ਜੀ ਸਨ। ਉਨ੍ਹਾਂ ਨੇ ਆਪਣੇ ਅਸਲੀ ਰੂਪ ਦੀ ਉਸਨੂੰ ਮਾੜੀ ਜਿਹੀ ਝਲਕ ਦਿਖਾਈ ਤੇ ਆਖਿਆ, ਭਾਈ ਅਸੀਂ ਤੇ ਤੈਨੂੰ ਚੈੱਕ ਕਰ ਰਹੇ ਸੀ ਕਿ ਇੰਨੇ ਸਾਲ ਹੋ ਗਏ ਹਨ ਸੇਵਾ ਕਰਦਿਆਂ, ਵੇਖੀਏ ਸੇਵਾ ਕਰਕੇ ਨਿਮਰਤਾ ਆਈ ਹੈ ਕਿ ਹੰਕਾਰੀ ਬਣ ਗਿਆ ਹੈ। ਇਤਨਾ ਬਚਨ ਕਰਦਿਆਂ ਹੀ ਗੁਰੂ ਰਾਮਦਾਸ ਜੀ ਤਾਂ ਅਲੋਪ ਹੋ ਗਏ ਪਰ ਕਹਿੰਦੇ ਹਨ ਕਿ ਉਹ ਸੇਵਾ ਕਰਨ ਵਾਲਾ ਉਸ ਤੋਂ ਬਾਅਦ ਬਹੁਤ ਹੀ ਵੈਰਾਗ ਵਿੱਚ ਆ ਗਿਆ। ਇਸ ਲਈ ਗੁਰੂ ਪਿਆਰਿਓ ! ਧਿਆਨ ਰੱਖਣਾ, ਪਤਾ ਨਹੀਂ ਕਿਹੜੇ ਵੇਲੇ ਤੇ ਕਿਹੜੇ ਰੂਪ ਵਿੱਚ ਆ ਕੇ ਗੁਰੂ ਤੁਹਾਨੂੰ ਵੀ ਚੈੱਕ ਕਰੇ, ਇਸ ਲਈ ਐਸਾ ਗੁਰੂ ਦੇ ਨਿਰਮਲ ਭੈਅ ਵਿੱਚ ਰਹਿ ਕੇ ਪਿਆਰ ਤੇ ਨਿਮਰਤਾ ਨਾਲ ਸੇਵਾ ਕਰੀਏ। ਜੁਗਤੀ ਤੋਂ ਬਿਨਾਂ, ਸੋਝੀ ਤੋਂ ਬਿਨਾਂ, ਅਸੀਂ ਵੀ ਕਿਧਰੇ ਧੋਖਾ ਨਾ ਖਾ ਜਾਈਏ, ਕਿਧਰੇ ਸੇਵਾ ਕਰਕੇ ਵੀ ਗੁਰੂ ਦੀ ਖ਼ੁਸ਼ੀ ਤੋਂ ਵਾਂਝੇ ਨਾ ਰਹਿ ਜਾਈਏ।

ਸੇਵਾ ਦੀ ਅਗਲੀ ਜੁਗਤੀ ਹੈ ਕਿ ਸੇਵਾ ਹਮੇਸ਼ਾ ਖ਼ਾਹਸ਼ ਤੇ ਕਾਮਨਾ ਤੋਂ ਰਹਿਤ ਹੋ ਕੇ ਕੀਤੀ ਜਾਵੇ। ਬਾਬਾ ਜੀ ਬਚਨ ਕਰਦੇ ਸਨ 'ਜੇ ਕੋਈ ਨਿਸ਼ਕਾਮਤਾ ਨਾਲ ਸੇਵਾ ਕਰਦਾ ਹੈ ਤਾਂ ਉਸ ਨੂੰ ਇਕ ਤਿਲ ਦਾ ਮਣ ਮਿਲ ਜਾਂਦਾ ਹੈ ਤੇ ਹਉਮੈ ਆਉਣ ਨਾਲ ਮਣ ਦਾ ਵੀ ਤਿਲ ਬਣ ਜਾਂਦਾ ਹੈ। ਨਿਸ਼ਕਾਮ ਸੇਵਾ ਕਰਨ ਵਾਲੇ ਨੂੰ ਸੁਤੇ ਹੀ ਚਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਨਿਸ਼ਕਾਮਤਾ ਨਾਲ ਸੇਵਾ ਕਰਨ ਵਾਲੇ ਨੂੰ ਤਾਂ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ। ਆਪੇ ਅੰਦਾਜ਼ਾ ਲਾ ਲਵੋ, ਜਿਸ ਨੂੰ ਸਾਰੀਆਂ ਦਾਤਾਂ ਦੇ ਦੇਣ ਵਾਲਾ ਦਾਤਾ ਹੀ ਮਿਲ ਗਿਆ ਫਿਰ ਉਸ ਨੂੰ ਕਿਸ ਚੀਜ਼ ਦਾ ਘਾਟਾ ਰਹਿ ਜਾਵੇਗਾ।

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥* (ਅੰਗ ੨੮੬)

ਪਰ ਜਿਸਦੀ ਸੇਵਾ ਵਿੱਚ ਨਿਸ਼ਕਾਮਤਾ ਨਹੀਂ, ਗੁਰੂ ਸਾਹਿਬ ਨਾਲ ਸੇਵਾ ਦੀਆਂ ਗਿਣਤੀਆਂ ਮਿਣਤੀਆਂ ਕਰਦਾ ਹੈ, ਉਸ ਦੇ ਲਈ ਗੁਰੂ ਰਾਮਦਾਸ ਜੀ ਦੇ ਬਚਨ ਹਨ—

*ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥*

(ਅੰਗ ੧੨੪੬)

ਭਾਵ ਕਿ ਸੇਵਾ ਕਰਕੇ ਇਹ ਨਹੀਂ ਕਹਿਣਾ ਮੈਂ ਇਤਨੀ ਸੇਵਾ ਕੀਤੀ ਤੇ ਉਸ ਦੇ ਬਦਲੇ ਮੈਨੂੰ ਕੀ ਮਿਲਿਆ ਬਲਕਿ ਹਿਰਦੇ 'ਚ ਇਤਨੀ ਨਿਮਰਤਾ ਹੋਵੇ, ਮਨ ਇਥੇ ਟਿਕਿਆ ਹੋਵੇ ਕਿ ਹੇ ਸੱਚੇ ਪਾਤਸ਼ਾਹ! ਮੈਂ ਅਨਜਾਣ ਹਾਂ, ਮੈਨੂੰ ਸੇਵਾ ਕਰਨੀ ਨਹੀਂ ਆਉਂਦੀ, ਆਪ ਜੀ ਦੀ ਕਿਰਪਾ, ਬਖ਼ਸ਼ਿਸ਼ ਨਾਲ ਕਰਦਾ ਹਾਂ, ਆਪ ਹੀ ਕਿਰਪਾ ਕਰ ਕੇ ਮੇਰੇ ਇਸ ਮੂਰਖ ਨਲਾਇਕ ਦੇ ਸਿਰ 'ਤੇ ਹੱਥ ਰੱਖ ਕੇ ਸੇਵਾ ਲੈਣਾ, ਮੇਰੀਆਂ ਭੁੱਲਾਂ, ਮੇਰੇ ਔਗਣ ਨਾ ਚਿਤਾਰਨਾ।

ਗੁਰੂ ਦੇ ਦਰ 'ਤੇ ਆਪਾ ਤਿਆਗ ਕੇ, ਹਉਂ ਨੂੰ ਮਲੀਆਮੇਟ ਕਰ ਕੇ ਕੀਤੀ ਨਿਸ਼ਕਾਮ ਸੇਵਾ ਸਾਰੀਆਂ ਸੇਵਾਵਾਂ ਦਾ ਸ਼੍ਰੋਮਣੀ ਤਪ ਹੈ। ਗੁਰੂ ਪ੍ਰਤੀ ਜਾਂ ਮੁੱਨਖਤਾ ਪ੍ਰਤੀ ਜੋ ਵੀ ਸੇਵਾ ਕਰੀਏ, ਨਿਸ਼ਕਾਮ ਹੋ ਕੇ ਕਰੀਏ। ਉਸ ਵਿੱਚ ਕੋਈ ਮਾਇਕ ਲੋਭ-ਲਾਲਚ, ਕੋਈ ਮਾਇਕ ਲਾਭ ਜਾਂ ਸੰਸਾਰਿਕ ਮੰਗ ਨਾ ਹੋਵੇ, ਕਿਉਂਕਿ ਇਕ ਗੱਲ ਧਿਆਨ ਰਖਿਓ ਕਿ ਜੇ ਸੇਵਾ ਕਰਦਿਆਂ ਸੰਸਾਰਕ ਲਾਭ ਲੈ ਲਿਆ ਤਾਂ ਸੇਵਾ ਪ੍ਰਮਾਰਥੀ ਨਹੀਂ ਰਹੇਗੀ। ਸੰਸਾਰਿਕ ਲਾਭ ਤਾਂ ਮਿਲ ਜਾਵੇਗਾ, ਪਰ ਫਿਰ ਆਪ ਹੀ ਸੋਚੋ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਕੀ ਬਚੇਗਾ? ਕੇਵਲ ਤੇ ਕੇਵਲ ਪ੍ਰਭੂ ਪਿਆਰ ਤੇ ਉਸ ਦੇ ਦਰਸ਼ਨਾਂ ਦੀ ਸਿੱਕ ਦੀ ਲਾਲਸਾ ਹੀ ਸਾਡੀ ਸੁਰਤ ਵਿੱਚ ਹੋਣੀ ਚਾਹੀਦੀ ਹੈ। ਅਜਿਹੀ ਸੇਵਾ ਮੋਹ-ਮਾਇਆ ਤੇ ਹਉਮੇਂ ਤੋਂ ਦੂਰ ਰੱਖਦੀ ਹੈ। ਸੇਵਾ ਕਰਕੇ ਮਾਨ-ਵਡਿਆਈ ਦੀ ਲੋਚਾ ਤੋਂ ਵੀ ਦੂਰ ਰਹਿਣਾ ਹੈ ਕਿਉਂਕਿ ਇਸ ਨਾਲ ਹਉਮੈ ਪੈਦਾ ਹੁੰਦੀ ਹੈ। ਜਿੱਥੇ ਗੁਰੂ ਦੀ ਕਿਰਪਾ ਨਾਲ ਆਪਾ ਵਾਰ ਕੇ ਨਿਸ਼ਕਾਮ ਹੋ ਕੇ ਸੇਵਾ ਕਰਨੀ ਹੈ, ਉਥੇ ਹਉਮੈ ਤੋਂ ਵੀ ਬਚ ਕੇ ਰਹਿਣਾ ਹੈ।

ਸੇਵਾ ਦੇ ਦੌਰਾਨ ਇੱਕ ਹੋਰ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਕਦੀ ਕਿਸੇ ਕੋਲੋਂ ਸੇਵਾ ਖੋਹਣੀ ਨਹੀਂ ਚਾਹੀਦੀ ਤੇ ਕੋਈ ਮੰਗੇ ਤੇ ਨਾ ਵੀ ਨਹੀਂ ਕਰਨੀ ਚਾਹੀਦੀ, ਵੰਡ ਕੇ ਕਰਨੀ ਚਾਹੀਦੀ ਹੈ, ਇਹ ਵੀ ਬੜੀ ਵੱਡੀ ਬਰੀਕੀ ਜੇ, ਗ਼ੌਰ ਕਰਿਓ। ਕਈਆਂ ਦੇ ਅੰਦਰ ਸੇਵਾ ਕਰਨ ਦੀ ਭਾਵਨਾ ਤਾਂ ਬਹੁਤ ਹੁੰਦੀ ਹੈ ਪਰ ਸੋਝੀ ਨਾ ਹੋਣ ਕਾਰਨ ਦੂਸਰਿਆਂ ਦੇ ਹੱਥੋਂ ਸੇਵਾ ਖੋ ਕੇ ਸੋਚਦੇ ਹਨ, ਅਸੀਂ ਵੱਧ ਸੇਵਾ ਕਰ ਲਵਾਂਗੇ ਤੇ ਗੁਰੂ ਦੀ ਪ੍ਰਸੰਨਤਾ ਮਿਲ ਜਾਵੇਗੀ।

ਦਾਸ ਨੂੰ ਕਿਸੇ ਨੇ ਬਚਨ ਸੁਣਾਇਆ। ਕਹਿੰਦਾ ਹੈ, ਇੱਕ ਵਾਰੀ ਉਹ ਜੋੜੇ ਘਰ ਵਿੱਚ ਸੇਵਾ ਕਰ ਰਿਹਾ ਸੀ ਤੇ ਕੋਈ ਨਵਾਂ ਪ੍ਰੇਮੀ ਜਗ੍ਹਾ ਨਾ ਹੋਣ ਕਰਕੇ ਥੋੜਾ ਪਿੱਛੇ ਜਿਹੇ ਖਲੋ ਗਿਆ। ਉਸ ਸਰੀਰ ਨੇ ਦੱਸਿਆ ਕਿ ਮੈਂ ਉਸ ਨੂੰ ਬੇਨਤੀ ਕੀਤੀ ਕਿ ਤੁਸੀਂ ਸੇਵਾ ਕਰਨ ਆਏ ਹੋ, ਇਥੇ ਮੇਰੇ ਨਾਲ ਆ ਜਾਵੋ, ਅਸੀਂ ਵੰਡ ਕੇ ਸੇਵਾ ਕਰੀ ਜਾਂਦੇ ਹਾਂ। ਹੁਣ ਉਹ ਸਰੀਰ ਨੂੰ ਸੋਝੀ ਨਹੀਂ ਸੀ, ਉਹ ਉਥੇ ਜਿਤਨੇ ਵੀ ਹੋਰ ਪ੍ਰੇਮੀ ਸੇਵਾ ਕਰ ਰਹੇ ਸਨ, ਸਾਰਿਆਂ ਕੋਲੋਂ ਜੋੜੇ ਖੋਹੀ ਜਾਵੇ। ਉਸ ਸਰੀਰ ਨੇ ਦੱਸਿਆ ਕਿ ਮੈਂ ਉਸ ਨੂੰ ਬੜੀ ਨਿਮਰਤਾ ਨਾਲ ਪੁੱਛ ਲਿਆ ਕਿ ਤੁਸੀਂ ਇਸ ਤਰ੍ਹਾਂ ਕਿਉਂ ਕਰ ਰਹੇ ਹੋ ? ਉਸ ਦਾ ਜਵਾਬ ਸੀ ਕਿ ਮੈਂ ਸੋਚਿਆ ਅੱਜ ਸੇਵਾ ਮਿਲੀ ਹੈ ਤੇ ਰੱਜ ਕੇ ਕਰ ਲਵਾਂ, ਲੁੱਟ ਲਵਾਂ ਸੇਵਾ। ਉਹ ਸਰੀਰ ਜਿਸ ਨੇ ਬਚਨ ਸੁਣਾਇਆ, ਸੋਝੀ ਵਾਲਾ ਸੀ। ਉਸ ਨੇ ਉਸਨੂੰ ਸਮਝਾਇਆ, ਦੂਜਿਆਂ ਕੋਲੋਂ ਸੇਵਾ ਖੋਹਣ ਨਾਲ ਗੁਰੂ ਦੀ ਪ੍ਰਸੰਨਤਾ ਝੋਲੀ ਨਹੀਂ ਪਵੇਗੀ। ਜੇ ਤੂੰ ਵਾਕਈ ਹੀ ਰੱਜ ਕੇ ਸੇਵਾ ਕਰਨੀ ਚਾਹੁੰਦਾ ਹੈਂ ਤਾਂ ਤੂੰ ਇਕ ਘੰਟੇ ਦੀ ਬਜਾਏ ਦੋ ਘੰਟੇ ਦੀ ਸੇਵਾ ਕਰ ਲੈ, ਦੋ ਵੇਲੇ ਕਰ ਲੈ, ਭਾਵ ਸਮਾਂ ਵੱਧ ਲਾ ਲੈ ਪਰ ਜੇ ਤੂੰ ਦੂਜਿਆਂ ਦੀ ਸੇਵਾ ਖੋਹੇਂਗਾ ਤਾਂ ਉਸ ਨਾਲ ਉਨ੍ਹਾਂ ਦੀ ਨਰਾਜ਼ਗੀ ਮਿਲੇਗੀ ਜਿਸ ਨਾਲ ਗੁਰੂ ਸਾਹਿਬ ਦੀ ਖ਼ੁਸ਼ੀ ਨਹੀਂ ਮਿਲ ਪਾਏਗੀ। ਦਾਸ ਵੱਲੋਂ ਇਹ ਜ਼ਿਕਰ ਲਿਖਣ ਤੋਂ ਭਾਵ, ਸੇਧ ਲੈਣੀ ਕਿ ਦੂਜਿਆਂ ਕੋਲੋਂ ਸੇਵਾ ਖੋਹ ਕੇ ਉਨ੍ਹਾਂ ਦੀ ਨਰਾਜ਼ਗੀ ਨਹੀਂ ਲੈਣੀ ਬਲਕਿ ਜਿਸ ਨੂੰ ਸੇਵਾ ਨਹੀਂ ਮਿਲ ਰਹੀ ਤੇ ਕਰਨਾ ਚਾਹੁੰਦਾ ਹੈ, ਉਸ ਨੂੰ ਸੇਵਾ ਦੇ ਕੇ ਉਸ ਦੀ ਅਸੀਸ ਲੈਣੀ ਹੈ। ਇਸ ਵਿੱਚ ਗੁਰੂ ਦੀ ਪ੍ਰਸੰਨਤਾ ਹੈ।

SIKHBOOKCLUB.COM

ਸੇਧ ਤਨ-ਮਨ ਸੁੱਚਾ ਕਰਦੀ ਹੈ, ਮੁੱਨਖ ਅੰਦਰ ਪਰਉਪਕਾਰ ਦੀ ਭਾਵਨਾ ਪੈਦਾ ਕਰਦੀ ਹੈ। ਸੇਵਾ ਨਾਲ ਮਨਬਾਂਛਤ ਫਲ ਪ੍ਰਾਪਤ ਹੁੰਦੇ ਹਨ, ਗੁਰੂ ਦੀਆਂ ਖ਼ੁਸ਼ੀਆਂ ਮਿਲਦੀਆਂ ਹਨ, ਝੋਲੀਆਂ ਭਰਦੀਆਂ ਹਨ। ਗੁਰੂ ਸਾਹਿਬ ਨੇ ਆਪ ਹੀ ਕਿਰਪਾ ਕਰਕੇ, ਸਿਰ 'ਤੇ ਹੱਥ ਰੱਖ ਕੇ ਜੋ ਸੇਵਾ ਬਾਰੇ ਵਿਚਾਰਾਂ ਸਾਂਝੀਆਂ ਕਰਵਾਈਆਂ ਹਨ, ਸਤਿਗੁਰੂ ਆਪ ਹੀ ਕਿਰਪਾ ਕਰਨ, ਸਾਨੂੰ ਸਾਰਿਆਂ ਨੂੰ ਸੋਝੀ ਬਖ਼ਸ਼ ਕੇ ਸੇਵਾ ਕਰਨ ਦੀ ਜਾਚ ਸਿਖਾਉਣ। ਅਸੀਂ ਹੰਕਾਰ ਤੇ ਕ੍ਰੋਧ ਤੋਂ ਰਹਿਤ ਹੋ ਕੇ, ਨਿਸ਼ਕਾਮਤਾ, ਨਿਰਵੈਰਤਾ, ਨਿਮਰਤਾ ਤੇ ਪ੍ਰੇਮ-ਭਾਵਨਾ ਨਾਲ ਸੇਵਾ ਕਮਾਈਏ। ਕੋਈ ਵੀ ਸੇਵਾ ਕਰੀਏ, ਗੁਰੂ ਦੀ ਸੇਵਾ ਜਾਣ ਕੇ ਕਰੀਏ ਤਾਂ ਕਿ ਸਾਡਾ ਲੋਕ-ਪ੍ਰਲੋਕ ਸੁਖੀ ਸੁਹੇਲਾ ਹੋ ਜਾਵੇ, ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਸਾਡੀ ਝੋਲੀ 'ਚ ਪੈ ਜਾਣ। ਇਹ ਹੈ ਸ਼ਰਧਾ ਦੀ ਚੌਥੀ ਨਿਸ਼ਾਨੀ ਗੁਰੂ ਵਿੱਚੋਂ ਹੀ ਪ੍ਰਮੇਸ਼ਰ ਨੂੰ ਵੇਖਣਾ ਤੇ ਚਾਰੇ ਚੀਜ਼ਾਂ 'ਗੁਰੂ ਦਾ ਧਿਆਨ, ਗੁਰੂ ਦੀ ਸਿਫਤ, ਗੁਰੂ ਦੀ ਪੂਜਾ, ਗੁਰੂ ਦੀ ਸੇਵਾ' ਇਨ੍ਹਾਂ 'ਤੇ ਪਹਿਰਾ ਦੇਣਾ। ਇਹ ਬਹੁਤ ਹੀ ਜ਼ਰੂਰੀ ਜੇ। ਜ਼ਰੂਰ ਆਪਣੇ ਮਨਾਂ 'ਤੇ ਝਾਤੀ ਪਾਇਓ ਕਿ ਗੁਰੂ ਦੀ ਕਿਰਪਾ ਦੇ ਖ਼ਜ਼ਾਨੇ ਵਿਚੋਂ ਸਾਡੀ ਝੋਲੀ ਵਿੱਚ ਇਹ ਦਾਤ ਪਈ ਹੈ ਜਾਂ ਨਹੀਂ । ਜੇ ਮਿਲੀ ਹੈ ਤਾਂ ਬਾਰ-ਬਾਰ

ਸ਼ੁਕਰਾਨੇ ਕਰਿਓ ਸਤਿਗੁਰੂ ਦੇ ਅਤੇ ਨਾਲ ਹੀ ਇਹ ਅਰਦਾਸ ਵੀ ਜ਼ਰੂਰ ਕਰਿਓ ਕਿ ਸਾਡੇ 'ਤੇ ਤਰਸ ਖਾ ਕੇ ਜੇ ਸਾਡੀ ਝੋਲੀ ਵਿੱਚ ਇੰਨੀ ਵੱਡੀ ਦਾਤ ਆਪਣੀ ਭਾਵਨਾ ਦੀ ਪਾਈ ਜੇ, ਤੇ ਕਿਰਪਾ ਕਰਨੀ ਇਹ ਭਾਵਨਾ ਸਦਾ ਬਣੀ ਰਹੇ, ਕਦੀ ਵੀ ਇਸ ਵਿੱਚ ਤ੍ਰੇੜ ਨਾ ਆਵੇ। ਕੋਈ ਵੀ ਲਹਿਰ, ਕੋਈ ਵੀ ਪ੍ਰਸੰਗ ਸਾਡੀ ਭਾਵਨਾ ਨੂੰ ਤੋੜ ਨਾ ਸਕੇ, ਕਿਉਂਕਿ ਕਲਜੁਗ ਬਹੁਤ ਭਾਰੀ ਹੈ। ਇਸ ਕਲਜੁਗ ਤੇ ਕਲਜੁਗ ਦੀਆਂ ਫੌਜਾਂ ਤੋਂ ਰਾਖੀ ਗੁਰੂ ਸਾਹਿਬ ਹੀ ਕਰ ਸਕਦੇ ਹਨ। ਸਾਨੂੰ ਜੋ ਮੁੱਨਖੀ ਜਾਮਾ ਮਿਲਿਆ ਹੈ ਉਸ ਦਾ ਜੋ ਅਸਲੀ ਮਕਸਦ ਹੈ, ਜੋ ਸਾਡੀ ਅਸਲੀ ਮੰਜ਼ਿਲ ਹੈ , 'ਪ੍ਰਮੇਸ਼ਰ ਦੀ ਪ੍ਰਾਪਤੀ' ਉਹ ਤਦ ਹੀ ਪ੍ਰਾਪਤ ਹੋ ਸਕਦੀ ਹੈ ਜੇ ਸਾਡਾ ਆਪਣੇ ਗੁਰੂ 'ਤੇ ਪੂਰਨ ਤੇ ਦ੍ਰਿੜ੍ਹ ਨਿਸ਼ਚਾ ਹੋਵੇ ਕਿ ਮੇਰਾ ਗੁਰੂ ਹੀ ਪ੍ਰਮੇਸ਼ਰ ਹੈ, ਉਸ ਤੋਂ ਪਰੇ ਕੁਝ ਵੀ ਨਹੀਂ। ਜੇ ਗੁਰੂ 'ਤੇ ਨਿਸ਼ਚਾ ਹੀ ਨਹੀਂ , ਆਪਣੇ ਗੁਰੂ ਨੂੰ ਪ੍ਰਮੇਸ਼ਰ ਜਾਣ ਕੇ ਨਹੀਂ ਪੂਜਦੇ, ਆਪਣੇ ਗੁਰੂ ਤੋਂ ਇਲਾਵਾ ਕਿਸੇ ਹੋਰ ਰੱਬ ਦੇ ਦਰਸ਼ਨਾਂ ਦੀ ਦੀਦਾਰ ਦੀ ਤਾਂਘ ਹੈ ਤਾਂ ਫਿਰ ਮੰਜ਼ਿਲ ਮਿਲਣ ਦੀ ਆਸ ਹੀ ਨਹੀਂ। ਨਿਸ਼ਚਾ ਹਰ ਤਰ੍ਹਾਂ ਦਾ ਹੁੰਦਾ ਹੈ। ਕਈਆਂ ਦੀ ਗੁਰੂ ਤੇ ਭਾਵਨਾ ਇੱਥੋਂ ਤੱਕ ਹੁੰਦੀ ਹੈ ਕਿ ਮੇਰਾ ਗੁਰੂ ਇਕ ਵਿਸ਼ੇਸ਼-'ਖਾਸ' ਵਿਅਕਤੀ ਹੈ। ਕਈ ਗੁਰੂ ਨੂੰ ਸੰਤ ਦਾ ਦਰਜਾ ਦੇ ਦੇਂਦੇ ਹਨ। ਬਾਬਾ ਜੀ ਬਚਨ ਕਰਦੇ ਸਨ ਗੁਰੂ ਸਾਹਿਬ ਦੀ ਤਾਂ ਚਰਨਾਂ ਦੀ ਧੂੜੀ ਵਿੱਚ ਇਤਨੀ ਤਾਕਤ ਹੈ ਕਿ ਉਸ ਦੀ ਛੋਹ ਨਾਲ ਲੱਖਾਂ ਕ੍ਰੋੜਾਂ ਸੰਤ-ਸਾਧੂ ਤੇ ਭਗਤ ਬਣ ਸਕਦੇ ਹਨ। ਗੁਰੂ ਨੂੰ ਸੰਤ ਦਾ ਦਰਜਾ ਦੇਣਾ ਗੁਰੂ ਦਾ ਸਤਿਕਾਰ ਨਹੀਂ, ਬਲਕਿ ਨਿਰਾਦਰੀ ਹੈ। ਗੁਰੂ ਜੇ ਕਿਸੇ ਵਿਕਾਰੀ ਉੱਤੇ ਵੀ ਆਪਣੀ ਨਦਰ ਦਾ ਕਿਣਕਾ ਮਾਤ੍ਰ ਵੀ ਕਰ ਦੇਵੇ ਤਾਂ ਉਸ ਨੂੰ ਵੀ ਪੂਰਨ ਸੰਤ ਬਣਾ ਸਕਦਾ ਹੈ-

*ਪੂਰਾ ਗੁਰ ਅਖੁਓ ਜਾ ਕਾ ਮੰਤ੍ਰ॥*
*ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥*

(ਅੰਗ ੨੮੭)

ਇਸ ਲਈ ਗੁਰੂ ਨੂੰ ਸੰਤ ਜਾਂ ਸਾਧ ਦਾ ਦਰਜਾ ਦੇਣਾ ਅਕਲਮੰਦੀ ਨਹੀਂ । ਇਸ ਤੋਂ ਇਲਾਵਾ ਕਈਆਂ ਦੀ ਭਾਵਨਾ ਹੁੰਦੀ ਹੈ ਕਿ ਮੇਰਾ ਗੁਰੂ 'ਰੱਬ ਦਾ ਰੂਪ ਹੈ', ਪਰ ਇਹ ਵੀ ਥੱਲੇ ਦੀ ਖੇਡ ਹੈ। ਜੇ ਮੰਜ਼ਿਲ ਦੀ ਪ੍ਰਾਪਤੀ ਚਾਹੁੰਦੇ ਹੋ ਤਾਂ ਗੁਰੂ 'ਤੇ ਇਹ ਭਾਵਨਾ ਰਖਿਓ ਕਿ ਮੇਰਾ ਗੁਰੂ ਆਪ ਪਾਰਬ੍ਰਹਮ-ਪ੍ਰਮੇਸ਼ਰ ਹੈ। ਜਦ ਤੱਕ ਇਨਸਾਨ ਆਪਣੇ ਗੁਰੂ 'ਤੇ ਰਾਈ ਮਾਤ੍ਰ ਵੀ ਸ਼ੱਕ ਕਰਦਾ ਹੈ, ਤਦ ਤੱਕ ਕੁਝ ਵੀ ਹਾਸਲ ਨਹੀਂ ਕਰ ਸਕਦਾ। ਕਈ ਕਹਿ ਦੇਂਦੇ ਹਨ ਕਿ ਸਿਮਰਨ ਕਰਦੇ ਹਾਂ ਪਰ ਰਸ ਨਹੀਂ ਆਉਂਦਾ। ਇਥੇ ਇਕ ਗੱਲ ਜਾਣ ਲੈਣਾ, ਜਿਸ ਦਾ ਆਪਣੇ ਗੁਰੂ 'ਤੇ ਪੂਰਨ ਨਿਸ਼ਚਾ ਨਹੀਂ, ਉਸ ਨੂੰ ਰਸ ਆ ਹੀ ਨਹੀਂ ਸਕਦਾ। ਰਸ ਉਦੋਂ ਹੀ ਆਉਣਾ ਸ਼ੁਰੂ ਹੁੰਦਾ ਹੈ ਜਦੋਂ ਗੁਰੂ 'ਤੇ ਪ੍ਰਮੇਸ਼ਰ ਵਾਲੀ

ਭਾਵ੍ਨਾ ਬਣ ਜਾਵੇ। ਇਹ ਜੋ ਚਾਰ ਚੀਜ਼ਾਂ ਹਨ-ਧਿਆਨ, ਸਿਫਤ, ਪੂਜਾ, ਸੇਵਾ-ਇਹ ਰਸ ਨੂੰ ਜਨਮ ਦੇਂਦੀਆਂ ਹਨ। ਜੇ ਗੁਰੂ ਨੂੰ ਪ੍ਰਮੇਸ਼ਰ ਹੀ ਨਹੀਂ ਮੰਨਦੇ ਤਾਂ ਕਿਸ ਦਾ ਧਿਆਨ ਧਾਰੋਗੇ, ਕਿਸ ਦੀਆਂ ਸਿਫਤਾਂ ਵਿੱਚ ਜੁੜੋਗੇ, ਕਿਸ ਦੀ ਪੂਜਾ ਅਰਾਧਨਾ ਕਰੋਗੇ, ਕਿਸ ਦੇ ਪਿਆਰ ਨੂੰ ਆਪਣੀ ਮੰਜ਼ਿਲ ਜਾਣ ਕੇ ਉਸ ਦੇ ਬਚਨਾਂ ਨੂੰ ਮੰਨਣ, ਤੇ ਉਸ ਦੇ ਗੁਣਾਂ ਤੇ ਉਪਦੇਸ਼ਾਂ ਨੂੰ ਧਾਰਨ ਕਰਨ ਦਾ ਯਤਨ ਕਰੋਗੇ ? ਦਾਸ ਇਕ ਗੱਲ ਗੁਰੂ ਦੇ ਭਰੋਸੇ ਨਾਲ ਲਿਖ ਰਿਹਾ ਹੈ ਕਿ ਜੇ ਤੁਹਾਡਾ ਗੁਰੂ 'ਤੇ ਪੂਰਨ ਭਰੋਸਾ ਬਣ ਗਿਆ ਤਾਂ ਤੁਸੀਂ ਪ੍ਰੱਤਖ ਗੁਰੂ ਦੀਆਂ ਬਖ਼ਸ਼ਿਸ਼ਾਂ, ਗੁਰੂ ਦਾ ਪਿਆਰ ਮਹਿਸੂਸ ਕਰੋਗੇ।

*ਕਿਆ ਕੋਈ ਤੇਰੀ ਸੇਵਾ ਕਰੇ*
*ਕਿਆ ਕੋ ਕਰੇ ਅਭਿਮਾਨਾ॥*
*ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ*
*ਤਬ ਕੋਈ ਕਰਉ ਦਿਖਾ ਵਖਿਆਨਾ॥*

(ਅੰਗ ੭੯੭)

☆☆☆

SIKHBOOKCLUB.COM

# ਸ਼ਰਧਾ ਦੀ ਪੰਜਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਸ ਨੂੰ ਸੇਵਾ, ਸਿਮਰਨ, ਗੁਰਬਾਣੀ ਪੜ੍ਹਨ-ਸੁਨਣ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ

ਆਮ ਤੌਰ ਤੇ ਬਹੁਤ ਸਾਰੇ ਜਗਿਆਸੂ ਇਹ ਆਖ ਦੇਂਦੇ ਹਨ ਕਿ ਸਾਡਾ ਮਨ ਤਾਂ ਬਹੁਤ ਕਰਦਾ ਹੈ ਕਿ ਅਸੀਂ ਵੀ ਸਿਮਰਨ ਕਰੀਏ, ਪਰ ਰਸ ਨਹੀਂ ਆਉਂਦਾ। ਗੁਰਬਾਣੀ ਦਾ ਪਾਠ ਕਰਦੇ ਸਮੇਂ ਸੁਰਤ ਗੁਰਬਾਣੀ ਵਿਚ ਨਹੀਂ ਜੁੜਦੀ, ਧਿਆਨ ਇਧਰ ਉਧਰ ਭਟਕਦਾ ਰਹਿੰਦਾ ਹੈ। ਇਥੇ ਇਕ ਗੱਲ ਧਿਆਨ 'ਚ ਰਖਿਓ ਕਿ ਸਿਮਰਨ ਪਹਿਲਾਂ ਮੈਲ ਕੱਟਦਾ ਹੈ, ਇਸ ਲਈ ਪਹਿਲਾਂ ਇਸ ਵਿਚ ਰਸ ਨਹੀਂ ਆਉਂਦਾ, ਮਨ ਨਹੀਂ ਟਿਕਦਾ, ਜਦੋਂ ਮਨ ਨਿਰਮਲ ਹੋ ਜਾਂਦਾ ਹੈ ਤਾਂ ਸਿਮਰਨ ਵਿਚ ਰਸ ਆਉਣ ਲਗ ਜਾਂਦਾ ਹੈ, ਫਿਰ ਛੱਡਣ ਨੂੰ ਜੀਅ ਨਹੀਂ ਕਰਦਾ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਸਭ ਤੋਂ ਔਖਾ ਵੀ ਨਾਮ ਜਪਣਾ ਤੇ ਸਭ ਤੋਂ ਸੌਖਾ ਵੀ ਨਾਮ ਜਪਣਾ। ਇਸ਼ਾਰਾ ਸਮਝਿਓ ਔਖਾ ਕਦੋਂ, ਜਦੋਂ ਭੁੱਖ ਨਹੀਂ ਲਗਣੀ ਸ਼ੁਰੂ ਹੋਈ, ਸੌਖਾ ਕਦੋਂ ਜਦੋਂ ਇਸ਼ਕ ਲਗ ਗਿਆ। ਗੁਰੂ ਨੇ ਕਿਰਪਾ ਕਰ ਕੇ ਭੁੱਖ ਲਗਾ ਦਿੱਤੀ, ਰਸ ਬਖ਼ਸ਼ ਦਿੱਤਾ, ਫਿਰ ਉਹੀ ਨਾਮ ਜਪਣਾ ਜਿਹੜਾ ਪਹਿਲਾਂ ਔਖਾ ਲਗਦਾ ਸੀ, ਸੌਖਾ ਬਣ ਜਾਂਦਾ ਹੈ। ਜਿਸ 'ਤੇ ਗੁਰੂ ਪਾਤਿਸ਼ਾਹ ਕਿਰਪਾ ਕਰ ਦੇਵੇ, ਜਿਸ ਨੂੰ ਭੁੱਖ ਲੱਗਣੀ ਸ਼ੁਰੂ ਹੋ ਜਾਵੇ, ਫਿਰ ਉਸ ਕੋਲੋਂ ਰਹਿਆ ਹੀ ਨਹੀਂ ਜਾਂਦਾ। ਇਕ ਹੈ ਜ਼ੋਰ ਲਾਉਣਾ ਪਵੇ, ਕਹਿਣਾ ਪਵੇ ਕਿ ਪਾਠ ਕਰੋ, ਇਕ ਹੈ ਗੁਰੂ ਨਾਨਕ ਨੇ ਤੁੱਠ ਕੇ ਕਿਰਪਾ ਕਰ ਦਿੱਤੀ ਤੇ ਭੁੱਖ ਲਗਣੀ ਸ਼ੁਰੂ ਹੋ ਗਈ ਬਾਣੀ ਪੜ੍ਹਨ ਦੀ। ਇਕ ਹੈ ਮਨ ਦੇ ਹੱਠ ਕਰ ਕੇ ਬਾਣੀ ਪੜ੍ਹਨੀ, ਇਕ ਹੈ ਪ੍ਰੇਮ ਵਿਚ, ਰਸ ਵਿਚ ਬਾਣੀ ਪੜ੍ਹਨੀ, ਬੜਾ ਫ਼ਰਕ ਹੈ ਦੋਵਾਂ ਵਿਚ। ਇਕ ਤਾਂ ਹੈ ਰਹਿਰਾਸ ਸਾਹਿਬ ਦਾ ਪਾਠ ਕੀਤਾ, ਅਖ਼ੀਰਲੀਆਂ ਪੰਗਤੀਆਂ ਆਈਆਂ ਗੁਟਕਾ ਸਾਹਿਬ ਬੰਦ ਕੀਤਾ, ਰਖਿਆ ਟਿਕਾਣੇ 'ਤੇ, ਅਰਦਾਸ ਕੀਤੀ, ਅੰਦਰ ਖ਼ਿਆਲ ਬਨਣੇ ਸ਼ੁਰੂ ਹੋ ਗਏ ਕਿ ਪਾਠ ਖ਼ਤਮ ਹੋ ਗਿਆ, ਕੰਮ ਮੁੱਕਾ, ਚਲੋ ਹੁਣ ਟੀ. ਵੀ. ਦੇਖੀਏ। ਫਲਾਣਾ ਸੀਰੀਅਲ ਆਉਣਾ ਹੈ ਧਿਆਨ

ਉਧਰ, ਇਹ ਬੜੀ ਥੱਲੇ ਦੀ ਖੇਡ ਹੈ। ਪਰ ਜਿਥੇ ਭੁੱਖ ਲੱਗਣ ਦੀ ਦਾਤ ਝੋਲੀ 'ਚ ਪਈ ਹੈ, ਉਹ ਪਾਠ ਕਰਨ ਤੋਂ ਬਾਅਦ ਇਹ ਨਹੀਂ ਸੋਚਦਾ ਕਿ ਸ਼ੁਕਰ ਹੈ, ਇਹ ਕੰਮ ਮੁੱਕਾ। ਉਹ ਪਾਠ ਦੇ ਕੰਮ ਨੂੰ ਇਕ ਬੋਝ ਨਹੀਂ ਸਮਝਦਾ, ਬਲਕਿ ਜਿਸ ਨੂੰ ਗੁਰੂ ਦੀ ਕਿਰਪਾ ਨਾਲ ਗੁਰਬਾਣੀ ਵਿਚੋਂ, ਸਿਮਰਨ ਵਿਚੋਂ ਰਸ ਆਉਣ ਲਗ ਜਾਵੇ, ਉਸ ਨੂੰ ਤਾਂ ਪਾਠ ਕਰਨ ਤੋਂ ਬਾਅਦ ਕੋਈ ਜ਼ਰੂਰੀ ਘਰੇਲੂ ਕੰਮ ਕਾਜ ਵੀ ਕਰਨੇ ਹੋਣ ਤਾਂ ਵੀ ਉਹ ਯਤਨ ਕਰਦਾ ਹੈ ਕਿ ਦੁਨਿਆਵੀ ਕੰਮ-ਕਾਜ ਦੇ ਦੌਰਾਨ ਵੀ ਉਸ ਦੇ ਅੰਦਰ ਸਿਮਰਨ ਦਾ ਭੋਗ ਨਾ ਪਵੇ। ਜ਼ਰੂਰ ਚੈੱਕ ਕਰਿਓ, ਜੋ ਵੀ ਬਾਣੀ ਪੜ੍ਹਦੇ ਹੋ, ਸਿਮਰਨ ਕਰਦੇ ਹੋ, ਭੁੱਖ ਲਗਣੀ ਸ਼ੁਰੂ ਹੋਈ ਹੈ ਜਾਂ ਬੱਧਾ ਚੱਟੀ ਹੈ। ਰਸ ਆਇਆ ਹੈ ਜਾਂ ਧੱਕੇ ਨਾਲ ਗੱਡੀ ਚਲ ਰਹੀ ਹੈ। ਇਕ ਅਵਸਥਾ ਹੈ-ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਹੋ ਤੇ ਮਨ ਅਕਿਆ ਪਿਆ ਹੈ, ਮਨ ਕਾਹਲਾ ਪੈ ਰਿਹਾ ਹੈ, ਬਾਰ-ਬਾਰ ਇਹ ਵੇਖ ਰਹੇ ਹਾਂ ਕਿ ਅਜੇ ਕਿਹੜੀ ਅਸਟਪਦੀ 'ਤੇ ਪਹੁੰਚੇ ਹਾਂ, ਅਜੇ ਕਿੰਨੀਆਂ ਅਸਟਪਦੀਆਂ ਰਹਿੰਦੀਆਂ ਹਨ, ਕਦੋਂ ਪਾਠ ਸੰਪੂਰਨ ਹੋਵੇਗਾ ? ਇਕ ਅਵਸਥਾ ਹੈ, ਪਾਠ ਵਿਚੋਂ ਰਸ ਆਉਣਾ ਸ਼ੁਰੂ ਹੋ ਗਿਆ ਹੈ। ਜਿਨ੍ਹਾਂ 'ਤੇ ਇਹ ਕਿਰਪਾ ਹੋ ਜਾਵੇ, ਉਨ੍ਹਾਂ ਦਾ ਪਾਠ ਸੰਪੂਰਨ ਹੋਣ 'ਤੇ ਵੀ ਮਨ ਹੁੰਦਾ ਹੈ ਕਿ ਅਜੇ ਹੋਰ ਪਾਠ ਕਰ ਲਵਾਂ। ਉਨ੍ਹਾਂ ਦਾ ਜੇ ਕਿਧਰੇ ਜ਼ਰੂਰੀ ਕੰਮ ਦਾ ਸਮਾਂ ਵੀ ਹੋ ਗਿਆ ਹੋਵੇ ਤਾਂ ਇਹੀ ਕਹਿੰਦੇ ਹਨ ਕਿ ਹੇ ਵਾਹਿਗੁਰੂ ! ਘੜੀਆਂ ਰੁੱਕ ਜਾਣ, ਪਾਠ ਕਰਨ ਲਈ ਹੋਰ ਸਮਾਂ ਮਿਲ ਜਾਵੇ। ਇਸ਼ਾਰਾ ਸਮਝਿਓ ! ਇਕ ਹੈ ਮਨ ਅਕਣਾ, ਇਕ ਹੈ ਰਸ ਆ ਗਿਆ। ਦੁਨੀਆਵੀ ਡਿਊਟੀ ਕਾਰਨ ਆਪਣੇ ਨੇਮ ਤੋਂ ਉਠਣਾ ਤਾਂ ਪੈਣਾ ਹੈ ਪਰ ਮਨ ਕਰਦਾ ਹੈ ਹੋਰ ਬੈਠਾਂ, ਕੁਝ ਦੇਰ ਹੋਰ ਜੁੜਾਂ।

ਸੰਗਤ ਵਿਚੋਂ ਹੀ ਇਕ ਭੈਣ ਨੇ ਦਾਸ ਨੂੰ ਬਚਨ ਸੁਣਾਇਆ ਤੇ ਕਹਿਣ ਲੱਗੀ, ਮੇਰੀ ਇਹ ਅਵਸਥਾ ਸੀ ਕਿ ਮਸਾਂ ਹੀ ਅੱਧਾ ਪਾਠ ਸੁਖਮਨੀ ਸਾਹਿਬ ਦਾ ਰੋਜ਼ ਕਰਦੀ ਸੀ। 4-5 ਅਸਟਪਦੀਆਂ ਕਰਨੀਆਂ ਤੇ ਮਨ ਵਿਚ ਕਾਹਲੀਆਂ ਪੈਣੀਆਂ ਸ਼ੁਰੂ ਹੋ ਜਾਣੀਆਂ। ਬੜੇ ਹੱਠ ਨਾਲ ਜ਼ੋਰ ਜ਼ਬਰਦਸਤੀ ਬੈਠ ਕੇ ਅੱਧਾ ਪਾਠ ਕਰਨਾ ਤੇ ਅੱਧਾ ਛੱਡ ਦੇਣਾ ਕਿ ਬਾਕੀ ਕੱਲ ਕਰਾਂਗੀ। ਕਹਿਣ ਲੱਗੀ ਇਕ ਦਿਨ ਆਪਣੇ ਘਰ, ਗੁਰੂ ਸਾਹਿਬ ਦੇ ਕਮਰੇ ਵਿਚ ਬੈਠੀ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸੀ ਕਿ ਪਤਾ ਹੀ ਨਹੀਂ ਲੱਗਾ ਕਦੋਂ ਅੱਧਾ ਪਾਠ ਹੋ ਗਿਆ ਤੇ ਮੈਂ 13ਵੀਂ ਅਸਟਪਦੀ ਸ਼ੁਰੂ ਕਰ ਦਿੱਤੀ। ਕਰਦੇ-ਕਰਦੇ ਪੂਰਾ ਪਾਠ ਹੋ ਗਿਆ, ਪਰ ਮਨ ਕਾਹਲਾ ਨਹੀਂ ਪਿਆ। ਕਹਿਣ ਲੱਗੀ, ਪਤਾ ਨਹੀਂ ਮਨ ਵਿਚ ਕੀ ਆਇਆ, ਇਕ ਹੋਰ ਪਾਠ ਸ਼ੁਰੂ ਕਰ ਦਿੱਤਾ। ਕਿਰਪਾ ਹੋਈ 'ਦੂਸਰਾ ਪਾਠ ਵੀ' ਸੰਪੂਰਨ ਹੋ ਗਿਆ। ਫਿਰ ਸੋਚਿਆ, ਪਾਠ ਕਰਦਿਆਂ ਨਾ ਹੀ ਕੋਈ ਫੋਨ ਆਇਆ ਹੈ, ਨਾ ਕਿਸੇ ਨੇ ਬੂਹਾ ਖੜਕਾਇਆ ਹੈ, ਨਾ ਕੋਈ ਮਹਿਮਾਨ ਆਇਆ ਹੈ, ਕਿਸੇ ਕੰਮ ਵਾਸਤੇ ਵੀ ਪਾਠ ਛੱਡ ਕੇ ਉਠਣਾ ਨਹੀਂ ਪਿਆ, ਪਾਠ ਦੇ ਵਿਚ ਬੋਲਣਾ ਨਹੀਂ ਪਿਆ।

ਕਿਸੇ ਨਾਲ ਕੋਈ ਗੱਲ ਬਾਤ ਕਰਨ ਦੀ ਜ਼ਰੂਰਤ ਵੀ ਨਹੀਂ ਪਈ ਤੇ ਸਭ ਤੋਂ ਵੱਡੀ ਤੇ ਅਨੋਖੀ ਗੱਲ ਜੋ ਅੱਜ ਪਾਠ ਕਰਦਿਆਂ ਮਨ ਕਾਹਲਾ ਨਹੀਂ ਪੈ ਰਿਹਾ। ਕਿਉਂ ਨਾ ਹੋਵੇ ਅਜੇ ਹੋਰ ਪਾਠ ਕਰ ਲਵਾਂ। ਇਹ ਫੁਰਨਾ ਬਣਾ ਕੇ ਉਸ ਬੀਬੀ ਨੇ ਤੀਸਰਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਬਚਨ ਸੁਣਾਇਆ ਕਿ ਪਤਾ ਨਹੀਂ ਕਿਹੜੀ ਕਿਰਪਾ ਹੋਈ ਗੁਰੂ ਸਾਹਿਬ ਦੀ ਕਿ ਉਹੀ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਜਿਥੇ ਮਨ ਕਾਹਲਾ ਪੈਂਦਾ ਸੀ, ਰਸ ਆਉਣਾ ਸ਼ੁਰੂ ਹੋ ਗਿਆ, ਅੱਖਾਂ ਵਿਚ ਅਜੀਬ ਜਿਹਾ ਨਸ਼ਾ ਆਉਣਾ ਸ਼ੁਰੂ ਹੋ ਗਿਆ। ਜਿਉਂ-ਜਿਉਂ ਪਾਠ ਕਰੀ ਜਾਵਾਂ, ਰਸ ਆਈ ਜਾਵੇ, ਸੁਆਦ ਆਵੇ, ਹੁਣ ਮਨ ਹੀ ਨਾ ਕਰੇ ਗੁਟਕਾ ਸਾਹਿਬ ਹੱਥੋਂ ਛੱਡਣ ਦਾ। ਕਹਿੰਦੀ ਹੈ, ਇਸ ਤਰ੍ਹਾਂ ਕਰਦੀ-ਕਰਦੀ ਨੇ ਮੈਂ ਪੰਜ ਪਾਠ ਸੁਖਮਨੀ ਸਾਹਿਬ ਜੀ ਦੇ ਇਕੋ ਚੌਕੜੀ ਵਿਚ ਕਰ ਲਏ ਤੇ ਕੀਤੇ ਵੀ ਗੁਰੂ ਸਾਹਿਬ ਦੀ ਕਿਰਪਾ ਨਾਲ ਪੂਰੇ ਸੁਆਦ ਵਿਚ। ਕਹਿੰਦੀ ਕਿਤੇ ਤਾਂ ਮੈਂ ਅੱਧਾ ਪਾਠ ਅੱਕ ਕੇ ਬੱਧਾ ਚੱਟੀ ਨਾਲ ਕਰਦੀ ਸੀ ਤੇ ਕਿੱਥੇ ਐਸੀ ਬਖ਼ਸ਼ਿਸ਼ ਹੋਈ ਕਿ ਪੰਜ ਪਾਠ ਕੀਤੇ, ਉਹ ਵੀ ਰਸ ਵਿਚ। ਕਹਿਣ ਲੱਗੀ ਕਿ ਮੈਂ ਸੰਗਤ ਵਿਚ ਜਦੋਂ ਸੁਣਦੀ ਸੀ ਕਿ ਪਾਠ ਕਰਨ ਵਿਚ ਰਸ ਆਉਂਦਾ ਹੈ, ਬਾਣੀ ਪੜ੍ਹਣ ਦੀ ਭੁੱਖ ਲੱਗਦੀ ਹੈ, ਛੱਡਣ 'ਤੇ ਮਨ ਨਹੀਂ ਕਰਦਾ ਤਾਂ ਮਨ ਵਿਚ ਸੋਚਦੀ ਸੀ ਕਿ ਮੇਰੇ ਨਾਲ ਤਾਂ ਐਸਾ ਨਹੀਂ ਹੁੰਦਾ। ਕੀ ਮੇਰੇ 'ਤੇ ਵੀ ਕਦੀ ਐਸੀ ਕਿਰਪਾ ਹੋਵੇਗੀ ? ਅੱਜ ਮੈਂ ਗੁਰੂ ਦੀ ਕਿਰਪਾ ਨਾਲ ਉਸ ਰਸ ਨੂੰ ਮਹਿਸੂਸ ਕਰ ਲਿਆ। ਦਾਸ ਨੇ ਕਿਹਾ, ਇੰਝ ਲੱਗਦਾ ਹੈ ਤੇਰੀਆਂ ਪੁਕਾਰਾਂ ਸੁਣ ਕੇ, ਤੇਰੇ ਹਿਰਦੇ ਦੀਆਂ ਰੋਜ਼ ਦੀਆਂ ਬੇਨਤੀਆਂ ਸੁਣ ਕੇ ਗੁਰੂ ਨੇ ਤੁੱਠ ਕੇ ਤੇਰੇ 'ਤੇ ਕਿਰਪਾ ਕੀਤੀ ਤੇ ਤੇਰੀ ਝੋਲੀ ਵਿਚ ਭੁੱਖ ਲਗਣ ਦੀ ਦਾਤ ਪਾਈ, ਰਸ ਬਖ਼ਸ਼ਿਆ। ਹੁਣ ਗੁਰੂ ਸਾਹਿਬ ਅੱਗੇ ਇਹ ਅਰਦਾਸ ਜ਼ਰੂਰ ਕਰੀਂ ਕਿ ਸਤਿਗੁਰੂ, ਇਹ ਕਿਰਪਾ ਬਣਾਈ ਰੱਖਣੀ। ਇਸ਼ਾਰਾ ਸਮਝਿਓ, ਇਕ ਹੈ ਬੱਧਾ ਚੱਟੀ, ਕਿਸੇ ਦੇ ਕਹਿਣ 'ਤੇ ਜਾਂ ਕਿਸੇ ਲਾਲਚ ਵਸ ਹੋ ਕੇ ਪਾਠ ਕਰਨਾ, ਇਕ ਹੈ ਸੁਆਦ ਆਉਣਾ ਸ਼ੁਰੂ ਹੋ ਗਿਆ, ਰਸ ਆਉਣਾ ਸ਼ੁਰੂ ਹੋ ਗਿਆ। ਫ਼ਰੀਦ ਦੀ ਮਾਂ ਫ਼ਰੀਦ ਨੂੰ ਪਹਿਲੇ ਲਾਲਚ ਦੇਂਦੀ ਸੀ ਨਿਮਾਜ਼ ਪੜ੍ਹ ਸ਼ੱਕਰ ਮਿਲੇਗੀ, ਕਿਉਂਕਿ ਉਹ ਸ਼ੱਕਰ ਦਾ ਸ਼ੌਕੀਨ ਸੀ ਪਰ ਜਦੋਂ ਕਿਰਪਾ ਹੋ ਗਈ, ਨਮਾਜ਼ ਵਿਚੋਂ ਰਸ ਆਉਣਾ ਸ਼ੁਰੂ ਹੋ ਗਿਆ ਤਾਂ ਹੁਣ ਸ਼ਕਰ ਦੀ ਲੋੜ ਹੀ ਨਹੀਂ। ਕਹਿ ਦਿੱਤਾ-

*ਫਰੀਦਾ ਸਕਰ ਖੰਡ ਨਿਵਾਤੁ ਗੁੜੁ ਮਾਖਿਉ ਮਾਂਝਾ ਦੁਧੁ॥*
*ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥*

(ਅੰਗ ੧੩੭੯)

ਇਸ ਪਰਥਾਇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵੀ ਪ੍ਰਮਾਣ ਮਿਲਦਾ ਹੈ-

*ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ॥*
*ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ॥*

(ਅੰਗ ੩੨੧)

ਜਦੋਂ ਸਿਮਰਨ ਵਿਚੋਂ ਰਸ ਆਉਣ ਲਗ ਜਾਵੇ ਫਿਰ ਤਾਂ ਸਿਮਰਨ ਤੋਂ ਟੁੱਟਣਾ *'ਨਾਗ ਨਿਵਾਸਾ ਦੇ ਰਹਿਣਾ'* ਸਮਾਨ ਬਣ ਜਾਂਦਾ ਹੈ।

ਭੋਜਨ ਦੀ ਪਹਿਲੀ ਬੁਰਕੀ ਵਿਚੋਂ ਵੀ ਰਸ ਆਉਂਦਾ ਹੈ। ਅਖ਼ੀਰਲੀ ਬੁਰਕੀ ਵਿਚ ਉਹ ਰਸ ਨਹੀਂ ਹੁੰਦਾ। ਜਿਵੇਂ-ਜਿਵੇਂ ਭੁੱਖ ਘੱਟਦੀ ਜਾਂਦੀ ਹੈ, ਰਸ ਵੀ ਘੱਟਦਾ ਜਾਂਦਾ ਹੈ, ਲੇਕਿਨ ਨਾਮ ਦਾ, ਸਿਮਰਨ ਦਾ, ਭਜਨ-ਬੰਦਗੀ ਦਾ ਰਸ ਐਸਾ ਹੈ ਜੋ ਦਿਨ-ਬਦਿਨ ਵੱਧਦਾ ਜਾਂਦਾ ਹੈ।

*ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥*

(ਅੰਗ ੩੦੦)

ਦਾਸ ਇਥੇ ਇਕ ਗੱਲ ਖੋਲ੍ਹ ਦੇਵੇ, ਜਦੋਂ ਕੁਝ ਸਮਾਂ ਨਾਮ ਜਪਦਿਆਂ ਬੀਤ ਜਾਵੇ ਤੇ ਰਸ ਦੀ ਪ੍ਰਾਪਤੀ ਨਾ ਹੋਵੇ ਤਾਂ ਕਈ ਛੱਡ ਦੇਂਦੇ ਹਨ ਨਾਮ ਜਪਣਾ, ਇਹ ਬੜੀ ਭਾਰੀ ਭੁੱਲ ਹੈ। ਮਨ ਟਿਕੇ ਜਾਂ ਨਾ ਟਿਕੇ, ਰਸ ਆਵੇ ਜਾਂ ਨਾ ਆਵੇ, ਨਾਮ ਬਾਣੀ ਸਿਮਰਨ ਨਹੀਂ ਛੱਡਣਾ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਵੇਂ ਨੌਕਰ ਜੂਠੇ ਭਾਂਡੇ ਮਾਂਜਦਾ ਹੈ। ਜੇ ਉਹ ਕਹੇ ਕਿ ਮੇਰਾ ਮਨ ਨਹੀਂ ਲਗਦਾ ਤੇ ਭਾਂਡੇ ਮਾਂਜਣੇ ਛੱਡ ਦੇਵੇ ਤਾਂ ਉਸ ਨੂੰ ਮਾਲਕ ਤਨਖ਼ਾਹ ਨਹੀਂ ਦੇਵੇਗਾ। ਤਨਖ਼ਾਹ ਉਸ ਨੂੰ ਤਾਂ ਹੀ ਮਿਲੇਗੀ ਜੇ ਭਾਂਡੇ ਮਾਂਜੇਗਾ, ਤਿਵੇਂ ਹੀ ਸਿੱਖ ਨੇਮ ਨਾਲ ਨਿਤਨੇਮ ਕਰੇ, ਬਾਣੀ ਪੜ੍ਹੇ, ਮਨ ਟਿਕੇ ਜਾਂ ਨਾ ਟਿਕੇ, ਮਨ ਲਗਾਉਣਾ ਗੁਰੂ ਦੀ ਮਰਜ਼ੀ ਹੈ, ਅਥਵਾ ਇਹ ਗੁਰੂ ਦੀ ਕਸੌਟੀ ਵੀ ਹੈ। ਸਿੱਖ ਇਹ ਫੁਰਨਾ ਵੀ ਨਾ ਬਣਾਵੇ ਕਿ ਮੇਰਾ ਮਨ ਨਹੀਂ ਟਿਕਦਾ। ਜਿਹੜੇ ਲੱਗੇ ਰਹਿਣਗੇ, ਉਨ੍ਹਾਂ ਦੀ ਜ਼ਿੰਦਗੀ ਵਿਚ ਉਹ ਸਮਾਂ ਜ਼ਰੂਰ ਆਵੇਗਾ ਜਦੋਂ ਮਨ ਦਾ ਟਿਕਾਓ ਵੀ ਪ੍ਰਾਪਤ ਹੋ ਜਾਵੇਗਾ। ਜਦ ਤਕ ਪਾਪਾਂ ਦੀ ਢੇਰੀ ਉੱਚੀ ਹੈ, ਮਨ ਨਹੀਂ ਜੁੜਦਾ। ਜਿਉਂ-ਜਿਉਂ ਬਾਣੀ ਪੜ੍ਹੋਗੇ, ਪਾਪ ਸੜਦੇ ਜਾਣਗੇ ਕਿਉਂਕਿ ਬਾਣੀ ਦਾ ਕੰਮ ਹੈ ਪਾਪਾਂ ਨੂੰ ਸਾੜਨਾ। ਜਿਵੇਂ ਅੱਗ ਵਿਚ ਕੋਈ ਚੀਜ਼ ਭਾਵੇਂ ਕਿਸੇ ਢੰਗ ਨਾਲ ਵੀ ਪਾ ਦਿਓ, ਉਹ ਉਸ ਨੂੰ ਸਾੜ ਦੇਂਦੀ ਹੈ ਕਿਉਂਕਿ ਅੱਗ ਦਾ ਕੰਮ ਹੈ ਸਾੜਨਾ, ਇਸੇ ਤਰ੍ਹਾਂ ਬਾਣੀ ਦਾ ਕੰਮ ਹੈ, ਪਾਪਾਂ ਨੂੰ ਸਾੜਨਾ, ਚਾਹੇ ਮਨ ਜੁੜੇ ਜਾਂ ਨਾ ਜੁੜੇ ਇਸ ਨੇ ਸਾਡੇ ਪਾਪਾਂ ਨੂੰ ਸਾੜ ਹੀ ਦੇਣਾ ਹੈ। ਜਿਹੜੇ ਤੁਰੇ ਰਹਿੰਦੇ ਹਨ ਭਾਵ ਨਾਮ ਬਾਣੀ ਨਹੀਂ ਛੱਡਦੇ, ਗੁਰੂ ਦਾ ਲੜ ਨਹੀਂ ਛੱਡਦੇ, ਉਨ੍ਹਾਂ ਨੂੰ ਹੀ ਮੰਜ਼ਿਲ ਦੀ ਪ੍ਰਾਪਤੀ ਹੋ ਸਕਦੀ ਹੈ, ਇਸ ਲਈ ਤੁਰਨਾ ਨਾ ਛੱਡਿਓ ਭਾਵੇਂ ਮੱਧਮ ਚਾਲ ਹੀ ਸਹੀ। ਸਾਡੀ ਜ਼ਿੰਦਗੀ ਵਿਚ ਇਹੋ ਜਿਹੀ ਦ੍ਰਿੜ੍ਹਤਾ ਹੋਵੇ-

## ਸ਼ਰਧਾ ਦੀ ਪੰਜਵੀਂ ਨਿਸ਼ਾਨੀ

### *ਚਰਣ ਨ ਛਾਡਉ ਸਰੀਰ ਕਲ ਜਾਈ॥*

(ਅੰਗ ੩੪੫)

ਇਸ ਦ੍ਰਿਸ਼ਟਾਂਤ ਤੋਂ ਆਪਣੇ ਲਈ ਸੇਧ ਲਈਏ-

ਇਕ ਭਗਤ ਦਰੱਖ਼ਤ ਹੇਠਾਂ ਬੈਠਾ ਭਗਤੀ ਕਰ ਰਿਹਾ ਸੀ, ਉਧਰੋਂ ਨਾਰਦ-ਮੁਨੀ ਲੰਘੇ। ਉਸ ਭਗਤ ਨੇ ਪੁੱਛਿਆ, ਨਾਰਦ ਮੁਨੀ ਜੀ! ਕਿਧਰ ਨੂੰ ਜਾ ਰਹੇ ਹੋ? ਜਦੋਂ ਨਾਰਦਮੁਨੀ ਨੇ ਦੱਸਿਆ ਕਿ ਕ੍ਰਿਸ਼ਨ ਭਗਵਾਨ ਦੇ ਦਰਸ਼ਨ ਕਰਨ ਜਾ ਰਿਹਾ ਹਾਂ ਤਾਂ ਉਹ ਭਗਤ ਕਹਿਣ ਲੱਗਾ, ਕ੍ਰਿਸ਼ਨ ਭਗਵਾਨ ਨੂੰ ਪੁੱਛਣਾ ਕਿ ਮੈਨੂੰ ਦਰਸ਼ਨ ਕਦੋਂ ਹੋਣਗੇ? ਜਦੋਂ ਨਾਰਦਮੁਨੀ ਨੇ ਭਗਵਾਨ ਦੇ ਦਰਸ਼ਨ ਕਰਨ ਤੋਂ ਬਾਅਦ ਉਸ ਭਗਤ ਦਾ ਸੁਨੇਹਾ ਦਿੱਤਾ ਤਾਂ ਕ੍ਰਿਸ਼ਨ ਭਗਵਾਨ ਨੇ ਮੌਜ ਵਿਚ ਆ ਕੇ ਬਚਨ ਕਰ ਦਿੱਤਾ ਕਿ ਉਸ ਭਗਤ ਨੂੰ ਆਖੀਂ ਜਿਸ ਦਰੱਖ਼ਤ ਦੇ ਹੇਠਾਂ ਬੈਠ ਕੇ ਤੂੰ ਬੰਦਗੀ ਕਰ ਰਿਹਾ ਹੈ, ਉਸ ਦਰੱਖ਼ਤ ਦੇ ਜਿੰਨੇ ਪੱਤੇ ਹਨ, ਉਤਨੇ ਜਨਮ ਲਵੇਗਾ, ਫਿਰ ਦਰਸ਼ਨ ਹੋਣਗੇ। ਜਦੋਂ ਨਾਰਦਮੁਨੀ ਕ੍ਰਿਸ਼ਨ ਭਗਵਾਨ ਦਾ ਸੁਨੇਹਾ ਲੈ ਕੇ ਭਗਤ ਕੋਲ ਪਹੁੰਚਿਆ ਤੇ ਕਹਿਣ ਲੱਗਾ ਕਿ ਭਗਵਾਨ ਦਾ ਜੋ ਤੇਰੇ ਲਈ ਸੁਨੇਹਾ ਹੈ, ਉਹ ਨਾ ਹੀ ਸੁਣ ਤਾਂ ਚੰਗਾ ਹੈ, ਪਰ ਭਗਤ ਤਾਂ ਬੜਾ ਉਤਾਵਲਾ ਸੀ, ਕਹਿਣ ਲੱਗਾ ਮੈਨੂੰ ਜਲਦੀ ਦੱਸੋ ਮੇਰੇ ਭਗਵਾਨ ਦਾ ਮੇਰੇ ਲਈ ਕੀ ਸੁਨੇਹਾ ਹੈ, ਮੈਨੂੰ ਦਰਸ਼ਨ ਕਦੋਂ ਹੋਣਗੇ? ਜਦੋਂ ਨਾਰਦਮੁਨੀ ਨੇ ਉਸ ਨੂੰ ਭਗਵਾਨ ਦਾ ਸੁਨੇਹਾ ਦੱਸਿਆ ਤਾਂ ਉਸ ਭਗਤ ਨੇ ਖ਼ੁਸ਼ੀ ਨਾਲ ਨੱਚਣਾ-ਟੱਪਣਾ ਸ਼ੁਰੂ ਕਰ ਦਿੱਤਾ। ਨਾਰਦਮੁਨੀ ਬੜਾ ਹੈਰਾਨ। ਕਹਿੰਦਾ ਮੈਂ ਤਾਂ ਸੋਚਿਆ ਸੀ ਕਿ ਤੂੰ ਭਗਵਾਨ ਦਾ ਸੁਨੇਹਾ ਸੁਣ ਕੇ ਭਗਤੀ ਕਰਨੀ ਹੀ ਛੱਡ ਦੇਵੇਂਗਾ। ਤੂੰ ਕਿਧਰੇ ਸੁਨੇਹਾ ਗ਼ਲਤ ਤਾਂ ਨਹੀਂ ਸਮਝਿਆ, ਮੈਂ ਤੈਨੂੰ ਇਹ ਤਾਂ ਨਹੀਂ ਆਖਿਆ ਕਿ ਅਜ ਕੱਲ ਵਿਚ ਦਰਸ਼ਨ ਹੋ ਜਾਣਗੇ, ਇਹ ਆਖਿਆ ਹੈ ਕਿ ਇਸ ਦਰੱਖ਼ਤ ਦੇ ਪੱਤਿਆਂ ਜਿਤਨੇ ਜਨਮ ਲੈਣ ਤੋਂ ਬਾਅਦ ਦਰਸ਼ਨ ਹੋਣਗੇ।

ਉਹ ਭਗਤ ਸਿਦਕੀ ਸੀ। ਆਖਣ ਲੱਗਾ, ਭਗਵਾਨ ਨੇ ਇਹ ਤਾਂ ਨਹੀਂ ਆਖਿਆ ਕਿ ਦਰਸ਼ਨ ਨਹੀਂ ਹੋਣਗੇ, ਹੋਣਗੇ ਤਾਂ ਸਹੀ ਚਾਹੇ ਇਤਨੇ ਜਨਮਾਂ ਬਾਅਦ ਹੀ ਸਹੀ। ਦ੍ਰਿਸ਼ਟਾਂਤ ਅਗਾਂਹ ਵੀ ਜਾਂਦਾ ਹੈ। ਕਹਿੰਦੇ ਹਨ, ਉਸੇ ਵੇਲੇ ਭਗਵਾਨ ਉਥੇ ਪ੍ਰਗਟ ਹੋ ਗਏ। ਨਾਰਦਮੁਨੀ ਭਗਵਾਨ ਨੂੰ ਆਖਣ ਲੱਗੇ, ਤੁਸੀਂ ਕਹਿੰਦੇ ਕੁਝ ਹੋਰ ਹੋ ਤੇ ਕਰਦੇ ਕੁਝ ਹੋਰ ਹੋ। ਮੈਨੂੰ ਕਿਹਾ ਸੀ ਇਤਨੇ ਜਨਮਾਂ ਤੋਂ ਬਾਅਦ ਤੇ ਹੁਣੇ ਪ੍ਰਗਟ ਹੋ ਕੇ ਦਰਸ਼ਨ ਦੇ ਦਿੱਤੇ ਜੇ। ਭਗਵਾਨ ਕਹਿੰਦੇ ਹਨ ਕਿ ਮੈਂ ਆਪਣੇ ਭਗਤ ਦੀ ਭਰੋਸੇ ਦੀ, ਸਿਦਕ ਦੀ ਤਕੜੀ ਚੈਕਿੰਗ ਕਰ ਰਿਹਾ ਸੀ। ਇਸ ਦੇ ਪ੍ਰੇਮ ਤੇ ਭਰੋਸੇ ਨੂੰ ਵੇਖ ਕੇ ਮੈਨੂੰ ਹੁਣੇ ਇਸ ਨੂੰ ਦਰਸ਼ਨ ਦੇਣੇ ਪਏ। ਅਸੀਂ ਵੀ ਕਹਿ ਦੇਂਦੇ ਹਾਂ, ਰੋਜ਼ ਇਸ਼ਨਾਨ ਕਰਦੇ ਹਾਂ, ਅੰਮ੍ਰਿਤ

ਵੇਲੇ ਬਾਣੀ ਪੜ੍ਹਦੇ ਹਾਂ, ਜਪ ਤਪ ਵੀ ਕਰਦੇ ਹਾਂ, ਪ੍ਰਾਪਤੀ ਕਦੋਂ ਹੋਵੇਗੀ ? ਇਸ ਕਥਾ ਤੋਂ, ਦ੍ਰਿਸ਼ਟਾਂਤ ਤੋਂ, ਆਪਣੇ ਲਈ ਸੇਧ ਲਈਏ, ਇਹ ਨਹੀਂ ਕਿ 6 ਮਹੀਨੇ ਹੋ ਗਏ ਸੁਖਮਨੀ ਸਾਹਿਬ ਪੜ੍ਹਦਿਆਂ, ਰਸ ਤੇ ਆਇਆ ਨਹੀਂ, ਛੱਡ ਦੇਂਦੇ ਹਾਂ। ਨਹੀਂ ਪਿਆਰਿਓ ! ਸਾਡਾ ਵੀ ਆਪਣੇ ਗੁਰੂ ਤੇ ਬਾਣੀ 'ਤੇ ਇਸ ਭਗਤ ਵਰਗਾ ਭਰੋਸਾ ਹੋਵੇ, ਪ੍ਰੇਮ ਹੋਵੇ ਕਿ ਬਾਬਾ ਤੇਰਾ ਲੜ ਨਹੀਂ ਛੱਡਣਾ, ਪ੍ਰਾਪਤੀ ਵੀ ਇਹੋ ਜਿਹਿਆਂ ਨੂੰ ਹੀ ਹੁੰਦੀ ਹੈ।

ਮਾਤਾ ਕਰਤਾਰ ਕੌਰ ਜੀ (ਅੰਮ੍ਰਿਤਸਰ ਕਿਲ੍ਹਾ ਭੰਗੀਆਂ ਵਾਲੇ) ਉਨਾਂ ਨੂੰ ਇਕ ਵਾਰੀ ਕਿਸੇ ਬੀਬੀ ਨੇ ਸਵਾਲ ਕੀਤਾ ਸੀ ਕਿ ਰੋਜ਼ ਬਾਣੀ ਵੀ ਪੜ੍ਹਦੇ ਹਾਂ, ਸੇਵਾ ਵੀ ਕਰਦੇ ਹਾਂ, ਸਿਮਰਨ ਵੀ ਕਰੀਦਾ ਹੈ ਪਰ ਸਭ ਕੁਝ ਕਰਨ ਦੇ ਬਾਵਜੂਦ ਨਾਮ ਤਾਂ ਅਜੇ ਤਕ ਅੰਦਰ ਵੱਸਿਆ ਨਹੀਂ, ਰਸ ਦੀ ਪ੍ਰਾਪਤੀ ਤਾਂ ਹੋਈ ਨਹੀਂ। ਮਾਤਾ ਕਰਤਾਰ ਕੌਰ ਜੀ ਨੇ ਜੋ ਜੁਆਬ ਦਿੱਤਾ, ਉਹ ਧਿਆਨ ਦੇਣਾ। ਮਾਤਾ ਜੀ ਕਹਿੰਦੇ ਹਨ, ਸਾਡਾ ਕੰਮ ਹੈ ਸਾਬਣ ਦੀ ਚਾਕੀ ਲੈ ਕੇ ਮੈਲੇ ਕਪੜੇ 'ਤੇ ਘਸਾਈ ਜਾਈਏ, ਗਰਮ ਪਾਣੀ ਪਾਈ ਜਾਈਏ ਤੇ ਹੱਥਾਂ ਨਾਲ ਜਾਂ ਥਾਪੀ ਨਾਲ ਕਪੜੇ ਨੂੰ ਥੋੜ੍ਹਾ-ਥੋੜ੍ਹਾ ਕੁੱਟੀ ਜਾਈਏ। ਸਾਡੇ ਮਨਾਂ 'ਤੇ ਅਨੇਕਾਂ ਜਨਮਾਂ ਤੇ ਅਨੇਕਾਂ ਜੂਨਾਂ ਦੀ ਮੈਲ ਲੱਗੀ ਹੋਈ ਹੈ। ਇਹ ਕਾਲਾ ਸਿਆਹ ਹੋ ਗਿਆ ਹੈ। ਬਾਣੀ ਦੀਆਂ ਵੀ ਪੰਕਤੀਆਂ ਹਨ-

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥*

(ਅੰਗ ੬੫੧)

ਮਾਤਾ ਜੀ ਬਚਨ ਕਰਦੇ ਸਨ ਕਿ 'ਇਹ ਕੰਮ ਕਾਹਲੇ ਪੈਣ ਦਾ ਨਹੀਂ, ਕਾਹਲੇ ਪੈਣ ਨਾਲ ਕੰਮ ਵਿਗੜ ਜਾਂਦਾ ਹੈ। ਸਹਿਜੇ-ਸਹਿਜੇ ਪਰ ਲਗਾਤਾਰ ਸਿਦਕ ਨਾਲ ਲੱਗੇ ਰਹਿਣਾ ਚਾਹੀਦਾ ਹੈ। ਜਿਹੜਾ ਤੁਰ ਪਿਆ ਤੇ ਤੁਰੀ ਜਾਂਦਾ ਹੈ, ਉਹ ਪੰਧ ਭਾਵ ਰਸਤਾ ਮੁਕਾਈ ਜਾਂਦਾ ਹੈ। ਪੰਧ ਲੰਮਾ ਹੋ ਸਕਦਾ ਹੈ, ਔਖਾ ਵੀ ਹੋ ਸਕਦਾ ਹੈ, ਤੁਰਦਾ-ਤੁਰਦਾ ਆਦਮੀ ਥੱਕ ਵੀ ਜਾਂਦਾ ਹੈ। ਕਈ ਵਾਰ ਮਨ ਅੱਕ ਵੀ ਜਾਂਦਾ ਹੈ, ਪਰ ਅੱਕ ਕੇ ਜਾਂ ਥੱਕ ਕੇ ਤੁਰਨਾ ਛੱਡ ਨਹੀਂ ਦੇਣਾ। ਸਾਹ ਲੈਣ ਲਈ ਬੈਠਣਾ ਹੋਰ ਗੱਲ ਹੈ ਪਰ ਛੱਡ ਕੇ ਬੈਠ ਹੀ ਜਾਣਾ ਬਹੁਤ ਖ਼ਤਰਨਾਕ ਗੱਲ ਹੈ। ਸਾਹ ਲੈ ਕੇ ਬੰਦਾ ਦੁਗਣੀ ਸਮਰੱਥਾ ਨਾਲ ਕੰਮ ਕਰਦਾ ਹੈ। ਪਰ ਛੱਡ ਦੇਣ ਵਾਲਾ ਪਿਛਲੀ ਕੀਤੀ ਹੋਈ ਕਮਾਈ ਤੋਂ ਵੀ ਹੱਥ ਧੋ ਬੈਠਦਾ ਹੈ।'

ਕਿਸੇ ਵੀ ਫਲ ਦੀ, ਮੰਜ਼ਿਲ ਦੀ ਪ੍ਰਾਪਤੀ ਲਈ ਮਿਹਨਤ ਤਾਂ ਕਰਨੀ ਹੀ ਪੈਂਦੀ ਹੈ। ਕਿਸੇ ਵੀ ਕਿਸਾਨ ਦੇ ਘਰ ਬੈਠੇ ਰਹਿਣ ਨਾਲ ਉਸ ਦੀ ਪੈਲੀ ਵਿਚ ਕਣਕ ਪੈਦਾ

ਨਹੀਂ ਹੋ ਸਕਦੀ। ਮਾਲੀ ਦੀ ਮਿਹਨਤ ਤੋਂ ਬਿਨਾਂ ਰੰਗ ਬਿਰੰਗੇ ਫੁੱਲ ਨਹੀਂ ਖਿੜ ਸਕਦੇ। ਲੋਹੇ ਨੂੰ ਸਟੀਲ ਬਨਣ ਲਈ ਕਈ ਤਾਅ ਸਹਾਰਨੇ ਪੈਂਦੇ ਹਨ। ਜਿਤਨੀ ਵੀ ਕੋਈ ਸ਼ੈਅ ਕੀਮਤੀ ਹੋਵੇ, ਉਸ ਦੀ ਪ੍ਰਾਪਤੀ ਲਈ ਮਿਹਨਤ ਵੀ ਉਤਨੀ ਹੀ ਜ਼ਿਆਦਾ ਕਰਨੀ ਪੈਂਦੀ ਹੈ। 'ਨਾਮ ਦਾ ਰਸ' ਅਤਿ ਅਨਮੋਲ ਦਾਤ ਹੈ, ਇਸ ਲਈ ਇਸ ਦੀ ਪ੍ਰਾਪਤੀ ਅਸਾਨੀ ਨਾਲ ਨਹੀਂ ਹੋ ਸਕਦੀ, ਬਹੁਤ ਮਿਹਨਤ ਤੇ ਬਖ਼ਸ਼ਿਸ਼ ਦੀ ਲੋੜ ਹੈ। ਇਸ ਦੇ ਲਈ ਜਿਥੇ ਸੇਵਾ-ਸਿਮਰਨ, ਗੁਰਬਾਣੀ, ਪੜ੍ਹਨ ਸੁਨਣ ਦੀ ਲੋੜ ਹੈ, ਉਥੇ ਨਾਲ ਹੀ ਜ਼ਰੂਰਤ ਹੈ ਆਪਣੇ ਮਨ ਨੂੰ ਕਾਬੂ ਕਰਨ ਦੀ, ਕਾਮ-ਕ੍ਰੋਧ, ਲੋਭ, ਮੋਹ ਤੇ ਹੰਕਾਰ ਜਿਹੀਆਂ ਬਿਖਾਦੀਆਂ 'ਤੇ ਜਿੱਤ ਪ੍ਰਾਪਤ ਕਰਨ ਦੀ, ਈਰਖਾ, ਨਿੰਦਿਆ ਦਵੈਸ਼ ਜਿਹੇ ਔਗਣਾਂ ਤੋਂ ਬਚਣ ਦੀ।

ਭਾਈ ਵੀਰ ਸਿੰਘ ਜੀ ਆਪਣੀ ਪੁਸਤਕ ਗੁਰਮੁਖ ਸਿਖਿਆ ਵਿਚ ਲਿਖਦੇ ਹਨ :-

ਬੰਦੇ ਦਾ ਧਰਮ ਹੈ ਬੰਦਗੀ ਕਰਨਾ। ਸੁਆਦ ਨਹੀਂ ਆਉਂਦਾ ਤਾਂ ਗੁਰੂ ਜਾਣੇ, ਜੋ ਸੁਆਦ ਨਹੀਂ ਦੇਂਦਾ। ਰਸ ਵਾਹਿਗੁਰੂ ਦੇ ਵੱਸ ਹੈ। ਸਾਡਾ ਅਜੇ ਰਸ ਦਾ ਹੱਕ ਕਿੱਥੇ ਹੈ ? ਰਸ ਤਾਂ ਕਦੇ-ਕਦੇ ਗੁਰੂ ਝਲਕਾਰਾ ਮਾਰ ਕੇ ਦੇ ਦੇਂਦਾ ਹੈ ਕਿ ਬੱਚੇ ਡੋਲ ਨਾ ਜਾਣ। ਅਜੇ ਤਾਂ ਯੁੱਧ ਹੈ। ਨਾਮ ਦੇ ਗੋਲੇ ਮਾਰ ਕੇ ਮਾਇਆ ਦੇ, ਮੈਲ ਦੇ, ਪਾਪਾਂ ਦੇ, ਵਿਕਾਰਾਂ ਦੇ, ਗੁਬਾਰ ਦੇ ਮੋਰਚੇ ਤੋੜਨੇ ਹਨ। ਦਬਾ-ਦਬ ਗੋਲੇ ਵਰਸਦੇ ਰਹਿਣ ਤੇ ਵੈਰੀ ਦੇ ਕਿੰਗਰੇ ਢਹਿੰਦੇ ਰਹਿਣ। ਯੁੱਧ ਕੀ ਤੇ ਰਸ ਕੀ ? ਅਸੀਂ ਆਪਣੇ ਅੰਦਰ ਦੇ ਵੈਰੀਆਂ ਨੂੰ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਨੂੰ ਮਾਰਨਾ ਹੈ। ਗੁਰੂ 'ਤੇ ਭਰੋਸਾ ਰਖ ਕੇ ਤੋਪਾਂ ਚਲਾਂਦੇ ਰਹੋ, ਸਿਪਾਹੀ ਦਾ ਕੰਮ ਹੈ ਲੜਨਾ। ਇਕ ਦਿਨ ਜ਼ਰੂਰ ਫ਼ਤਹ ਪ੍ਰਾਪਤ ਹੋ ਕੇ ਰਸ ਦੀ ਪ੍ਰਾਪਤੀ ਹੋਵੇਗੀ। ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜਪੋ ਜਾਂ ਕੋਈ ਗੁਰ ਸ਼ਬਦ ਜਾਂ ਗੁਰਬਾਣੀ ਦੀ ਤੁੱਕ ਹੀ ਉਚਾਰਦੇ ਰਹੋ। ਇਸ ਤਰ੍ਹਾਂ ਕਰਦੇ-ਕਰਦੇ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰ ਸੂਖਮ ਹੁੰਦੇ-ਹੁੰਦੇ ਖ਼ਤਮ ਹੋ ਜਾਣਗੇ।

ਕੇਵਲ ਦੁਨੀਆਵੀ ਕੰਮ ਕਾਰ ਤੇ ਕਾਰੋਬਾਰ ਹੀ ਸਾਡੀ ਜ਼ਿੰਦਗੀ ਦਾ ਮਕਸਦ ਨਹੀਂ। ਉਹ ਵੀ ਕਰਨੇ ਹਨ, ਛੱਡਣੇ ਨਹੀਂ ਪਰ ਘੱਟ ਤੋਂ ਘੱਟ 24 ਘੰਟਿਆਂ ਵਿਚੋਂ ਢਾਈ ਘੰਟੇ ਜ਼ਰੂਰ ਗੁਰੂ ਦੇ ਲੇਖੇ ਲਗਾਇਆ ਕਰੋ। ਗੁਰੂ ਤੁਹਾਡੇ ਕੋਲੋਂ ਸਿਰਫ ਢਾਈ ਘੰਟੇ ਮੰਗਦਾ ਹੈ ਤੇ ਮੰਗਦਾ ਵੀ ਕਿਸ ਲਈ ਹੈ, ਤੁਹਾਡੇ ਹੀ ਪਾਪ ਬਖ਼ਸ਼ਣ ਵਾਸਤੇ, ਤੁਹਾਡੇ ਦੁੱਖ ਘਟਾਉਣ ਵਾਸਤੇ, ਤਨ, ਮਨ ਦੇ ਰੋਗ ਖ਼ਤਮ ਕਰਨ ਵਾਸਤੇ, ਆਤਮਾ ਦੇ ਕੋਹੜ ਦੂਰ ਕਰਨ ਵਾਸਤੇ। ਜੇ ਕਰ ਤੁਸੀਂ ਰੋਜ਼ ਢਾਈ ਘੰਟੇ ਘੱਟ ਤੋਂ ਘੱਟ (ਇਸ ਤੋਂ ਵੱਧ ਜਿਤਨਾ ਕਰ ਸਕੋ, ਉਹ ਹੋਰ ਤੁਹਾਡਾ ਹੀ ਭਲਾ ਹੈ) ਸੇਵਾ-ਸਿਮਰਨ, ਗੁਰਬਾਣੀ ਰਾਹੀਂ ਗੁਰੂ ਦੇ ਲੇਖੇ ਲਾਓਗੇ, ਇਸ ਨਾਲ ਤੁਹਾਡੇ ਪੁੰਨ ਵੱਧ ਜਾਣਗੇ ਤੇ ਪੁੰਨ ਵਧਣ ਦਾ ਸਦਕਾ ਤੁਹਾਨੂੰ

ਇਹ ਭੁੱਖ ਲਗਣ ਦੀ ਅਨਮੋਲ ਦਾਤ ਪ੍ਰਾਪਤ ਹੋ ਜਾਵੇਗੀ। ਜਦੋਂ ਭੁੱਖ ਲਗਣੀ ਸ਼ੁਰੂ ਹੋ ਗਈ ਫਿਰ ਬੱਧਾ ਚੱਟੀ ਖ਼ਤਮ ਹੋ ਜਾਵੇਗੀ, ਫਿਰ ਤਾਂ ਤੁਸੀਂ ਕਹੋਗੇ ਕਿ ਜੇ ਮੈਂ ਕਿਸੇ ਕੰਮ ਜਾ ਰਿਹਾ ਹਾਂ ਤਾਂ ਰਸਤੇ ਵਿਚ ਜੋ ਸਮਾਂ ਲਗਣਾ ਹੈ, ਉਸ ਵਿਚ ਵੀ ਸਿਮਰਨ ਕਰ ਲਵਾਂ। ਜਦੋਂ ਪੁੰਨ ਵੱਧ ਜਾਣਗੇ, ਪਾਪਾਂ ਦੀ ਤਹਿ ਖਤਮ ਹੋ ਜਾਵੇਗੀ, ਫਿਰ ਤਾਂ ਇਕ ਵਾਰੀ ਵਾਹਿਗੁਰੂ ਕਹੋਗੇ ਤਾਂ ਚਿਤ ਕਰੇਗਾ 4 ਵਾਰੀ ਹੋਰ ਕਹਿਣ ਤੇ। ਘੱਟ ਤੋਂ ਘੱਟ ਅੱਧਾ ਘੰਟਾ ਜ਼ਰੂਰ ਰੋਜ਼ ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਧਰ ਕੇ ਸਿਮਰਨ ਵਿਚ ਬੈਠਿਆ ਕਰੋ। ਵਾਹਿਗੁਰੂ ਸ਼ਬਦ ਦੀ ਕਮਾਈ ਪ੍ਰੇਮ ਤੇ ਭਾਵਨਾ ਨਾਲ ਕਰਦੇ ਜਾਓ। ਥੋੜੀ ਦੇਰ ਕਮਾਈ ਕਰਨ ਤੋਂ ਬਾਅਦ ਘਬਰਾ ਨਹੀਂ ਜਾਣਾ ਕਿ ਕੁਝ ਪੱਲੇ ਨਹੀਂ ਪੈਂਦਾ ਜਾਂ ਕੋਈ ਪ੍ਰਾਪਤੀ ਨਹੀਂ ਹੋਈ ਜਾਂ ਰਸ ਨਹੀਂ ਆਇਆ। ਕਾਹਲੇ ਨਹੀਂ ਪੈਣਾ, ਸਬਰ, ਸੰਤੋਖ ਦਾ ਰਾਹ ਫੜਨਾ ਹੈ। ਸਿਦਕ, ਭਰੋਸਾ ਰੱਖਣਾ ਹੈ। ਬੇਅੰਤ ਸਿਮਰਨ ਕਰਨ ਦੀ ਲੋੜ ਹੈ। ਗੱਲ ਗਿਣਤੀ ਤੋਂ ਬਾਹਰ ਦੀ ਹੈ, ਕੋਈ ਹੱਦ ਮੁਕੱਰਰ ਨਹੀਂ। ਮਹੀਨੇ ਵੀ ਲੱਗ ਸਕਦੇ ਹਨ, ਸਾਲ ਵੀ ਲੱਗ ਸਕਦੇ ਹਨ, ਗੁਰੂ ਸਾਹਿਬ ਦੀ ਬਖ਼ਸ਼ਿਸ਼ ਹੋਵੇਗੀ ਤਾਂ ਰਸ ਦੀ ਪ੍ਰਾਪਤੀ ਵੀ ਹੋ ਜਾਵੇਗੀ। ਇਸ ਗੱਲ ਨੂੰ ਸੋਚ ਵਿਚ ਵੀ ਨਹੀਂ ਲਿਆਉਣਾ ਕਿ ਇਤਨਾ ਸਮਾਂ ਹੋ ਗਿਆ ਰਸ ਤਾਂ ਆਇਆ ਨਹੀਂ, ਛੱਡ ਦੇਈਏ। ਨਹੀਂ ਪਿਆਰਿਓ ! ਸਬਰ, ਸੰਤੋਖ ਨਾਲ ਲੱਗੇ ਰਹਿਣਾ ਹੈ ਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਦੀ ਉਡੀਕ ਕਰਨੀ ਹੈ। ਨਾਮ ਜਪਦੇ ਰਹੋ ਤੇ ਇਸ ਦੇ ਨਾਲ ਹੀ ਨਾਲ ਮਨ ਨੂੰ ਨਿਰਮਲ ਕਰੋ, ਮਨ ਵਿਚੋਂ ਛਲ-ਕਪਟ, ਵੈਰ-ਵਿਰੋਧ, ਈਰਖਾ-ਦਵੈਸ਼ ਨੂੰ ਦੂਰ ਕਰੋ। ਜਦੋਂ ਹਿਰਦੇ ਰੂਪੀ ਭਾਂਡਾ ਸਾਫ਼ ਹੋ ਜਾਏਗਾ ਤਾਂ ਨਾਮ ਦਾ ਰਸ ਵੀ ਪ੍ਰਾਪਤ ਹੋ ਜਾਏਗਾ। ਨਾਮ ਅੰਮ੍ਰਿਤ ਛਕੇਗਾ ਤੇ ਨਾਮ ਦਾ ਰਸ ਪੀ-ਪੀ ਕੇ ਮਨ ਤ੍ਰਿਪਤ ਹੋਵੇਗਾ। ਨਾਮ ਦਾ ਰਸ ਐਸਾ ਹੈ, ਜਿਨ੍ਹਾਂ ਨੂੰ ਮਿਲ ਜਾਵੇ ਫਿਰ ਉਹ ਜਿਤਨਾ ਵੀ ਜਪਦੇ ਹਨ, ਉਨ੍ਹਾਂ ਦੀ ਭੁੱਖ ਹੋਰ ਵੱਧਦੀ ਜਾਂਦੀ ਹੈ।

ਗੁਰੂ ਨਾਨਕ ਸਾਹਿਬ ਨੂੰ ਇਕ ਵਾਰੀ ਜੋਗੀਆਂ ਨੇ ਤੇ ਇਕ ਵਾਰੀ ਉਨ੍ਹਾਂ ਦੇ ਪਿਤਾ ਜੀ ਨੇ ਵੀ ਪੁੱਛਿਆ ਸੀ ਕਿ ਨਾਨਕ ! ਤੈਨੂੰ ਭਜਨ-ਬੰਦਗੀ ਦੀ ਕਿਤਨੀ ਕੁ ਭੁੱਖ ਹੈ। ਸਾਰੀ-ਸਾਰੀ ਰਾਤ ਵੀ ਨਿਰੰਕਾਰ ਦੀ ਧੁਨੀ ਅਲਾਪਦਾ ਰਹਿੰਦਾ ਹੈਂ। ਜੇ ਦਿਨੇ ਕਿਸੇ ਕੰਮ-ਕਾਰ ਲਈ ਜਾਂ ਮੱਝੀਆਂ ਚਰਾਣ ਲਈ ਭੇਜਦੇ ਹਾਂ ਤਾਂ ਆਪਣੇ ਉਸ ਕੰਮ ਵਲ ਧਿਆਨ ਦੇਣ ਦੀ ਬਜਾਏ ਨਿਰੰਕਾਰ ਦੀ ਧੁਨੀ ਵਿਚ, ਉਸ ਦੇ ਨਾਮ ਵਿਚ ਮਸਤ ਹੋ ਜਾਂਦਾ ਹੈਂ। ਇਹ ਪ੍ਰਮੇਸ਼ਰ ਦਾ ਨਾਮ ਜਪਣ ਦੀ ਤੈਨੂੰ ਕਿਤਨੀ ਕੁ ਭੁੱਖ ਹੈ ? ਤੂੰ ਕਿਤਨਾ ਕੁ ਨਾਮ ਜਪੇਂਗਾ ? ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਇਹ ਸ਼ਬਦ ਉਚਾਰਿਆ-

*ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ॥*
*ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ॥*

## ਸ਼ਰਧਾ ਦੀ ਪੰਜਵੀਂ ਨਿਸ਼ਾਨੀ

*ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ॥*

(ਅੰਗ ੧੪੮)

ਸਤਿਗੁਰੂ ਕਹਿੰਦੇ ਹਨ, ਜਿਵੇਂ ਮਾਰੂਥਲ ਅਰਥਾਤ ਰੇਤ ਦੇ ਟਿੱਬੇ, ਜਿਤਨਾ ਮੀਂਹ ਪੈ ਜਾਵੇ ਤ੍ਰਿਪਤ ਨਹੀਂ ਹੁੰਦੇ, ਅੱਗ ਵਿਚ ਜਿਤਨਾ ਮਰਜ਼ੀ ਬਾਲਣ ਪਾ ਦਿਓ, ਅੱਗ ਦੀ ਭੁੱਖ ਨਹੀਂ ਮਿਟਦੀ, ਇਵੇਂ ਰਾਜਾ ਆਪਣੇ ਰਾਜ ਤੋਂ ਕਦੇ ਤ੍ਰਿਪਤ ਨਹੀਂ ਹੁੰਦਾ। ਉਸ ਦੀ ਹੋਰ ਰਾਜ ਭਾਗ ਵਧਾਉਣ ਦੀ ਇੱਛਾ ਵੱਧਦੀ ਰਹਿੰਦੀ ਹੈ। ਸਮੁੰਦਰ ਵਿਚ ਚਾਰੇ ਪਾਸਿਆਂ ਤੋਂ ਨਦੀਆਂ-ਨਾਲੇ, ਦਰਿਆ ਆ ਕੇ ਵਿਚ ਸਮਾਉਂਦੇ ਹਨ ਪਰ ਸਮੁੰਦਰ ਦੀ ਭੁੱਖ ਕਦੀ ਮਿਟਦੀ ਨਹੀਂ। ਉਹ ਕਦੀ ਇਹ ਨਹੀਂ ਕਹਿੰਦਾ ਕਿ ਮੈਨੂੰ ਹੋਰ ਪਾਣੀ ਨਹੀਂ ਚਾਹੀਦਾ। ਜਿਸ ਤਰ੍ਹਾਂ ਇਨ੍ਹਾਂ ਸਾਰਿਆਂ ਦੀ ਭੁੱਖ ਨਹੀਂ ਮਿਟਦੀ, ਇਸ ਤਰ੍ਹਾਂ ਮੇਰੀ ਵੀ ਨਾਮ ਜਪਣ ਦੀ ਭੁੱਖ ਨਹੀਂ ਮਿਟਦੀ। ਜਿਸ ਤਰ੍ਹਾਂ ਇਹ ਨਹੀਂ ਰੱਜਦੇ, ਮੈਂ ਵੀ ਨਹੀਂ ਰੱਜਦਾ। ਮੈਂ ਵੀ ਜਿਉਂ-ਜਿਉਂ ਨਾਮ ਜਪਦਾ ਹਾਂ, ਤਿਉਂ-ਤਿਉਂ ਮੇਰੀ ਨਾਮ ਜਪਣ ਦੀ ਭੁੱਖ ਹੋਰ ਵੱਧਦੀ ਜਾਂਦੀ ਹੈ, ਕਿਉਂਕਿ ਰਸ ਵਧਦਾ ਜਾਂਦਾ ਹੈ, ਸੁਆਦ ਵੱਧਦਾ ਜਾਂਦਾ ਹੈ। ਭਾਈ ਗੁਰਦਾਸ ਜੀ ਦੀਆਂ ਵੀ ਪੰਕਤੀਆਂ ਹਨ-

*ਸ੍ਰਵਣ ਦਾਰਿਦ੍ਰੀ ਸੁਨਿ ਅੰਮ੍ਰਿਤ ਬਚਨ*
*ਪ੍ਰਿਯ ਅਚਵਤਿ ਸੁਰਤਿ ਪਿਆਸ ਨ ਮਿਟਾਈ ਹੈ॥*

ਬਹੁਤ ਸਾਰੇ ਪੁੰਨ ਇਕੱਠੇ ਹੋ ਜਾਣ, ਕੋਈ ਚੰਗਾ ਕਰਮ ਉਤੇ ਆ ਜਾਵੇ, ਪ੍ਰਮੇਸ਼ਰ ਦੀ ਅਪਾਰ ਬਖ਼ਸ਼ਿਸ਼ ਹੋ ਜਾਵੇ ਤਾਂ ਗੁਰਬਾਣੀ ਪੜ੍ਹਨ ਦੀ, ਨਾਮ ਜਪਣ ਦੀ, ਕੀਰਤਨ ਸੁਣਨ ਦੀ, ਸੇਵਾ ਕਰਨ ਦੀ, ਸਿਮਰਨ ਕਰਨ ਦੀ ਭੁੱਖ ਲਗਦੀ ਹੈ। ਕੋਈ ਚੰਗਾ ਕਰਮ ਉੱਤੇ ਆ ਜਾਵੇ ਤਾਂ ਚਿੱਤ ਕਰਦਾ ਹੈ ਦਰਬਾਰ ਸਾਹਿਬ ਜਾ ਕੇ ਸੰਗਤਾਂ ਦੇ ਜੂਠੇ ਬਰਤਨ ਮਾਂਜਾਂ, ਉਥੇ ਬੈਠ ਕੇ ਆਪਣੀ ਆਤਮਾ ਨੂੰ ਕੀਰਤਨ ਦੀ ਖ਼ੁਰਾਕ ਦੇਵਾਂ। ਕੋਈ ਚੰਗਾ ਕਰਮ ਉੱਤੇ ਆਵੇ, ਗੁਰੂ ਕ੍ਰਿਪਾ ਕਰੇ ਤਾਂ ਹੀ ਇਨ੍ਹਾਂ ਕੰਮਾਂ ਦੀ ਭੁੱਖ ਲਗਦੀ ਹੈ। ਬਹੁਤ ਵੱਡੇ ਭਾਗ ਉਨ੍ਹਾਂ ਦੇ, ਜਿਨ੍ਹਾਂ ਨੂੰ ਅਜਿਹੇ ਉੱਤਮ ਕੰਮਾਂ ਦੀ ਭੁੱਖ ਲੱਗਦੀ ਹੈ। ਸ਼ੌਕ ਜਾਗਦਾ ਹੈ ਅੰਦਰ, ਚਾਉ ਉਠਦਾ ਹੈ ਪਾਠ ਕਰਨ ਦਾ, ਸੇਵਾ ਕਰਨ ਦਾ। ਬਹੁਤ ਸਾਰੇ ਪੁੰਨ ਇਕੱਠੇ ਹੋ ਜਾਣ ਤਾਂ ਅੰਦਰ ਆਤਮਾ ਤੜਪਦੀ ਹੈ ਉਸ ਦੇ ਸਿਮਰਨ ਨੂੰ, ਨਾਮ ਜਪਣ ਨੂੰ, ਸੇਵਾ ਕਰਨ ਨੂੰ। ਪਾਇਓ ਆਪਣੇ ਮਨਾਂ 'ਤੇ ਝਾਤੀ, ਸਾਡੇ ਅੰਦਰ ਕਦੀ ਐਸੀ ਤੜਪ ਉਠੀ ਹੈ ਕਿ ਨਹੀਂ, ਸਾਨੂੰ ਭੁੱਖ ਲਗਣੀ ਸ਼ੁਰੂ ਹੋਈ ਹੈ ਕਿ ਨਹੀਂ। ਸਾਨੂੰ 6-7 ਵਜੇ ਸਵੇਰੇ ਉਠਣਾ ਵੀ ਔਖਾ ਲਗਦਾ ਹੈ ਪਰ ਜਿਨ੍ਹਾਂ ਨੂੰ ਭੁੱਖ ਲਗਣੀ ਸ਼ੁਰੂ ਹੋ ਜਾਂਦੀ ਹੈ, ਉਹ ਬਾਰ-ਬਾਰ ਉਠ ਕੇ ਘੜੀ ਵੇਖਦੇ ਹਨ। ਅੰਮ੍ਰਿਤ ਵੇਲਾ ਕਦੋਂ ਹੋਵੇਗਾ। ਸਾਨੂੰ ਅੱਧਾ ਘੰਟਾ-ਘੰਟਾ ਵੀ ਬਾਣੀ ਪੜ੍ਹਨੀ, ਕੀਰਤਨ ਸੁਨਣਾ ਔਖਾ ਲੱਗਦਾ ਹੈ ਪਰ ਜਿਨ੍ਹਾਂ ਨੂੰ ਭੁੱਖ ਲੱਗਣੀ

ਸ਼ੁਰੂ ਹੋ ਜਾਵੇ, ਉਨ੍ਹਾਂ ਨੂੰ ਰੱਜ ਆਉਂਦਾ ਹੀ ਨਹੀਂ, ਸਰੀਰਕ ਭੁੱਖ, ਪਿਆਸ ਦੀ ਵੀ ਕੋਈ ਪ੍ਰਵਾਹ ਨਹੀਂ ਰਹਿੰਦੀ। ਅੰਮ੍ਰਿਤਸਰ ਵਿਚ ਮਾਤਾ ਪ੍ਰਕਾਸ਼ ਕੌਰ ਜੀ (ਗੁਰਦੁਆਰਾ ਛੋਟੀ ਸ਼ਹੀਦਾਂ ਵਾਲੇ) 9-10 ਘੰਟੇ ਕੀਰਤਨ, ਬੰਦਗੀ, ਸਿਮਰਨ ਵਿਚ ਜੁੜਨ ਦੇ ਬਾਅਦ ਵੀ ਜੇ ਕਿਸੇ ਆਖਣਾ ਮਾਤਾ ਜੀ, ਪ੍ਰਸ਼ਾਦਾ ਛੱਕ ਲਵੋ ਤਾਂ ਆਖਣਾ, ਨਹੀਂ ਅਜੇ ਪੇਟ ਨੂੰ ਭੁੱਖ ਨਹੀਂ ਪਰ ਆਤਮਾ ਨੂੰ ਅਜੇ ਹੋਰ ਕੀਰਤਨ ਸੁਨਣ ਦੀ, ਸਿਮਰਨ ਕਰਨ ਦੀ ਭੁੱਖ ਲੱਗੀ ਹੈ। ਕਦੀ ਤੁਸੀਂ ਨੋਟ ਕਰੋ, ਹਰਿਮੰਦਰ ਸਾਹਿਬ ਵਿਖੇ ਅਮਰੀਕਨ ਸਿੰਘ, ਸਿੰਘਣੀਆਂ ਜਾਂ ਕਈ ਹੋਰ ਗੁਰਮੁਖ ਪਿਆਰੇ ਜਿਨ੍ਹਾਂ 'ਤੇ ਗੁਰੂ ਸਾਹਿਬ ਦੀ ਕਿਰਪਾ ਹੈ, ਤਿੰਨ-ਤਿੰਨ, ਚਾਰ-ਚਾਰ ਘੰਟੇ ਕੀਰਤਨ ਸੁਣਦੇ ਹਨ, ਜੁੜੇ ਹੁੰਦੇ ਹਨ ਅਤੇ ਸਾਡੇ ਵਰਗਿਆਂ ਨੂੰ ਇਕ ਸ਼ਬਦ ਵੀ ਬੈਠ ਕੇ ਸੁਨਣਾ ਔਖਾ ਲੱਗਦਾ ਹੈ। ਇਹ ਹੈ ਭੁੱਖ ਲੱਗਣ ਵਾਲਿਆਂ ਦੀ ਅਵਸਥਾ, ਉਹ ਨਾ ਅੱਕਦੇ ਹਨ ਨਾ ਥੱਕਦੇ ਹਨ। ਜੇ ਕੋਈ ਅੰਮ੍ਰਿਤ ਵੇਲੇ 3-4 ਵਜੇ ਉਠਦਾ ਹੈ, 7-8 ਵਜੇ ਨਾਸ਼ਤਾ ਕਰਦਾ ਹੈ, ਜੇ ਉਸ ਦੇ ਅੰਦਰ ਐਸੀ ਖਿੱਚ ਹੈ ਕਿ ਮੈਂ ਇਕ ਪਲ ਵੀ ਅਜਾਈਂ ਨਹੀਂ ਗੁਆਉਣਾ, ਬਾਣੀ ਪੜ੍ਹਨ ਵਿਚ ਜਾਂ ਸਿਮਰਨ ਵਿਚ ਜੁੜ ਕੇ ਬਿਤਾਉਣਾ ਹੈ। ਗੁਰਦੁਆਰੇ ਜਾਂਦਾ ਹੈ ਤੇ ਰਸਤੇ ਵਿਚ ਵੀ ਸਿਮਰਨ ਦੀ ਲੜੀ ਨਹੀਂ ਟੁੱਟਣ ਦੇਂਦਾ। ਜੇ ਦਰਬਾਰ ਸਾਹਿਬ ਜਾਂਦਾ ਹੈ, ਉਥੇ ਪ੍ਰਕਰਮਾ ਵਿਚ ਚਲਦੇ ਵੀ ਸਿਮਰਨ ਕਰ ਰਿਹਾ ਹੈ, ਤਾਂ ਸਮਝ ਲੈਣਾ ਗੁਰੂ ਨੇ ਕਿਰਪਾ ਕਰਕੇ ਭੁੱਖ ਲੱਗਣ ਦੀ ਦਾਤ ਉਸ ਦੀ ਝੋਲੀ ਵਿਚ ਪਾਈ ਹੈ ਤੇ ਇਸ ਦੇ ਉਲਟ ਜਿਸ ਨੂੰ ਭੁੱਖ ਲੱਗਣ ਦੀ ਦਾਤ ਨਹੀਂ ਮਿਲੀ, ਗੁਰਦੁਆਰੇ ਜਾਏਗਾ, ਰਸਤੇ 'ਚ ਦੁਨਿਆਵੀ ਗੱਲਾਂ ਕਰਦਾ, ਉਥੇ ਪਹੁੰਚ ਕੇ ਵੀ ਗੱਲਾਂ ਵਿਚ ਹੀ ਧਿਆਨ ਹੋਵੇਗਾ। ਪਾਇਓ ਮਨਾਂ 'ਤੇ ਝਾਤੀ, ਤੋਲੋ ਆਪਣੀ ਅਵਸਥਾ ਨੂੰ ਕਿ ਅਸੀਂ ਕਿਥੇ ਖੜੇ ਹਾਂ ?

ਦਾਸ ਨੂੰ ਹਰ ਹਫਤੇ ਹੀ ਤਕਰੀਬਨ, ਸੂਰਤ ਸ਼ਹਿਰ ਤੋਂ ਇਕ ਗੁਰਮੁਖ ਪਿਆਰੇ ਦਾ ਫੋਨ ਆਉਂਦਾ ਹੈ। ਦਾਸ ਹੈਰਾਨ ਹੁੰਦਾ ਹੈ, ਉਸ ਦੀ ਮੰਗ ਸੁਣ ਕੇ, ਉਸ ਦੀ ਤੜਪ ਸੁਣ ਕੇ, ਕਿਉਂਕਿ ਉਹ ਜਦੋਂ ਵੀ ਗੱਲ ਕਰੇਗਾ, ਹੋਰ ਕੋਈ ਦੁੱਖ-ਸੁੱਖ ਨਹੀਂ ਫਰੋਲੇਗਾ ਬਸ ਇਕੋ ਗੱਲ ਕਰੇਗਾ, 'ਮੇਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਅਰਦਾਸ ਕਰ ਦਿਓ ਕਿ ਮੇਰੀ ਝੋਲੀ ਵਿਚ ਗੁਰੂ ਦੇ ਪ੍ਰੇਮ ਦੀ ਦਾਤ ਪੈ ਜਾਵੇ।' ਦਾਸ ਨੇ ਇਕ ਵਾਰ ਪੁੱਛ ਲਿਆ ਕਿ ਪ੍ਰੇਮ ਤੋਂ ਤੇਰਾ ਕੀ ਭਾਵ ਹੈ ? ਤੂੰ ਕਿਸ ਤਰ੍ਹਾਂ ਦਾ ਪ੍ਰੇਮ ਚਾਹੁੰਦਾ ਹੈਂ ? ਉਸ ਨੇ ਅਗੋਂ ਬੜੇ ਪਿਆਰ ਤੇ ਵੈਰਾਗ ਭਰੇ ਲਫਜ਼ਾਂ ਵਿਚ ਆਖਿਆ, 'ਸਾਡੇ ਘਰ ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਹੈ, ਪਰ ਅੰਦਰੋਂ ਮਨ ਨਹੀਂ ਕਰਦਾ ਗੁਰੂ ਸਾਹਿਬ ਦੇ ਕਮਰੇ ਵਿਚ ਜਾਣ ਨੂੰ। ਜੇ ਜਾਂਦਾ ਵੀ ਹਾਂ ਤਾਂ ਬਸ ਬੱਧਾ ਚੱਟੀ ਨਾਲ ਕਮਰੇ ਵਿਚ ਗਏ, ਅਨਮਨੇ ਜਿਹੇ ਮਨ ਨਾਲ ਇਕ ਪਾਠ ਜਪੁਜੀ ਸਾਹਿਬ ਦਾ ਕੀਤਾ ਤੇ ਬਾਹਰ ਆ ਗਏ। ਮਨ ਵਿਚ ਕੋਈ ਗੁਰੂ ਸਾਹਿਬ ਪ੍ਰਤੀ ਪਿਆਰ, ਸਤਿਕਾਰ ਵਾਲੀ, ਸ਼ਰਧਾ ਵਾਲੀ ਗੱਲ ਨਹੀਂ ਆਉਂਦੀ। ਜਦੋਂ

ਕੈਸਟਾਂ ਰਾਹੀਂ, ਜਾਂ ਕਿਤਾਬਾਂ ਰਾਹੀਂ ਗੁਰੂ ਪ੍ਰਤੀ ਪ੍ਰੇਮ ਭਾਵਨਾ ਦੀਆਂ, ਗੁਰਬਾਣੀ ਪੜ੍ਹਨ ਰਸ ਆਉਣ ਦੀਆਂ ਵਿਚਾਰਾਂ ਪੜ੍ਹਦਾ ਜਾਂ ਸੁਣਦਾ ਹਾਂ ਤਾਂ ਮੇਰੇ ਮਨ ਵਿਚ ਬਹੁਤ ਵੈਰਾਗ ਆਉਂਦਾ ਹੈ, ਸੋਚਦਾ ਹਾਂ ਕਿ ਕੀ ਕਦੀ ਮੇਰੇ ਅੰਦਰ ਵੀ ਚਾਓ ਪੈਦਾ ਹੋਵੇਗਾ ? ਕੀ ਕਦੀ ਮੇਰੇ ਅੰਦਰ ਵੀ ਸੇਵਾ-ਸਿਮਰਨ ਦੀ, ਗੁਰਬਾਣੀ ਪੜ੍ਹਨ ਦੀ ਭੁੱਖ ਲਗੇਗੀ ? ਕੀ ਕਦੀ ਮੈਨੂੰ ਵੀ ਨਾਮ ਦਾ ਰਸ ਪ੍ਰਾਪਤ ਹੋਵੇਗਾ ? ਕਿਧਰੇ ਐਸਾ ਨਾ ਹੋਵੇ ਕਿ ਮੈਂ ਇਸ ਭੁੱਖ ਤੋਂ ਵਾਂਝਾ ਹੀ ਰਹਿ ਜਾਵਾਂ, ਇਸ ਅਨਮੋਲ ਰਸ ਨੂੰ ਚਖਣ ਤੋਂ ਬਗ਼ੈਰ ਹੀ ਸਰੀਰ ਤਿਆਗ ਜਾਵਾਂ, ਜ਼ਿੰਦਗੀ ਦਾ ਕੀ ਭਰੋਸਾ ਹੈ। ਇਹ ਚੀਜ਼ ਨੋਟ ਕਰਨਾ। ਇਸ ਸੂਰਤ ਵਾਲੇ ਸਰੀਰ ਨੂੰ ਅਜੇ ਭੁੱਖ ਲੱਗਣੀ ਸ਼ੁਰੂ ਨਹੀਂ ਹੋਈ।

ਇਸ਼ਾਰਾ ਲੈਣਾ। ਮੰਗਾਂ ਤਾਂ ਅਸੀਂ ਵੀ ਮੰਗਦੇ ਹਾਂ, ਲੋਚਾਂ ਤਾਂ ਸਾਡੀਆਂ ਵੀ ਹਨ, ਮਨ ਵਿਚ ਤੜਪ ਸਾਡੇ ਵੀ ਹੈ ਪਰ ਉਸ ਦੇ ਨਾਮ ਦੀ ਨਹੀਂ, ਸੇਵਾ ਦੀ ਨਹੀਂ, ਬਲਕਿ ਸਾਡੀਆਂ ਲੋਚਾਂ ਦੁਨੀਆਵੀ ਹਨ। ਜਿਸ ਦਾ ਮਕਾਨ ਸ਼ਹਿਰ ਵਿਚ ਹੈ, ਉਸ ਦੀ ਤੜਪ ਹੈ ਕਿ ਮੈਨੂੰ ਕੋਠੀ ਮਿਲ ਜਾਵੇ, ਜਿਸ ਕੋਲ ਕੋਠੀ ਹੈ, ਉਸ ਦੀ ਤੜਪ ਹੈ ਕਿ ਮੇਰੇ ਭਰਾ ਦੀ ਕੋਠੀ, ਮੇਰੀ ਕੋਠੀ ਨਾਲੋਂ ਵੱਡੀ ਹੈ, ਮੈਨੂੰ ਵੀ ਵੱਡੀ ਕੋਠੀ ਮਿਲ ਜਾਵੇ। ਜਿਸ ਕੋਲ ਸਕੂਟਰ ਹੈ, ਉਸ ਦੀ ਇੱਛਾ ਹੈ, ਕਾਰ ਮਿਲ ਜਾਵੇ। ਜਿਸ ਕੋਲ ਇਕ ਕਾਰ ਹੈ, ਉਹ ਵੀ ਸੰਤੁਸ਼ਟ ਨਹੀਂ ਹੈ ਕਹਿੰਦਾ ਹੈ ਕਿ ਦੋ ਮਿਲ ਜਾਣ ਭਾਵ ਕਿ ਪਦਾਰਥਾਂ ਦੀ ਭੁੱਖ ਹੈ, ਮਾਇਆ ਦੀ ਭੁੱਖ ਹੈ। ਚਾਹੇ ਜਿਤਨੇ ਵੀ ਮਰਜ਼ੀ ਪਦਾਰਥ ਹਨ, ਮਾਇਆ ਹੈ, ਪਰ ਹੋਰ ਵੱਧ ਮਿਲੇ ਇਹ ਭੁੱਖ ਹੈ। ਇਨ੍ਹਾਂ ਦੇ ਮਿਲਣ 'ਤੇ ਵੀ ਇਹ ਭੁੱਖ ਮਿਟਦੀ ਨਹੀਂ ਬਲਕਿ ਹੋਰ ਵੱਧਦੀ ਜਾਂਦੀ ਹੈ। ਅਸੀਂ ਇਨਾਂ ਦੁਨਿਆਵੀ ਪਦਾਰਥਾਂ ਵਿਚ ਹੀ ਖਚਤ ਹੋਏ ਫਿਰਦੇ ਹਾਂ। ਇਨ੍ਹਾਂ ਦੁਨਿਆਵੀ ਸੁੱਖਾਂ ਵਿਚੋਂ ਹੀ ਸੁਖ ਲੱਭ ਰਹੇ ਹਾਂ। ਖ਼ੁਸ਼ੀ ਲੱਭ ਰਹੇ ਹਾਂ। ਆਪਣੇ ਲਈ, ਆਪਣੇ ਪ੍ਰਵਾਰ ਲਈ ਬਹੁਤ ਸਾਰੇ ਪਦਾਰਥ, ਮਾਇਆ, ਸੁਖ-ਅਰਾਮ ਤੇ ਐਸ਼ੋ ਇਸ਼ਰਤ ਦੇ ਸਾਧਨ ਇਕੱਠੇ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕਿ ਅਸੀਂ ਤੇ ਸਾਡਾ ਪ੍ਰਵਾਰ ਸੁਖ ਤੇ ਸ਼ਾਂਤੀ ਦਾ ਜੀਵਨ ਬਿਤਾ ਸਕੀਏ। ਸੋਹਣੇ ਤੇ ਕੀਮਤੀ ਬਸਤ੍ਰ, ਗਹਿਣੇ, ਆਲੀਸ਼ਾਨ ਮਕਾਨ, ਕੋਠੀਆਂ, ਕੀਮਤੀ ਤੇ ਆਲੀਸ਼ਾਨ ਫ਼ਰਨੀਚਰ ਤੇ ਹੋਰ ਸਾਜ਼ੋ ਸਮਾਨ ਵਿਚੋਂ ਸੁਖ ਲੱਭਦੇ ਫਿਰਦੇ ਹਾਂ। ਤਰ੍ਹਾਂ-ਤਰ੍ਹਾਂ ਦੇ ਸੁਆਦਲੇ ਪਦਾਰਥਾਂ ਵਿਚੋਂ, ਕਾਮ ਵਿਚੋਂ, ਪ੍ਰਵਾਰ ਦੇ ਮੋਹ ਵਿਚੋਂ ਰਸ ਲੱਭਦੇ ਫਿਰ ਰਹੇ ਹਾਂ, ਕਿਉਂਕਿ ਇਨਸਾਨ ਰਸਾਂ ਦਾ ਭੁੱਖਾ ਹੈ, ਰਸ ਹੀ ਇਸ ਦੀ ਜ਼ਿੰਦਗੀ ਦਾ ਅਧਾਰ ਹਨ। ਰਸਾਂ ਦੀ ਖੋਜ ਵਿਚ ਦਿਨ-ਰਾਤ ਭਟਕਦਾ ਰਹਿੰਦਾ ਹੈ ਪਰ ਇਸ ਦੀ ਭਟਕਣਾ ਮੁੱਕਦੀ ਨਹੀਂ, ਕਿਉਂਕਿ ਇਹ ਜਿਨ੍ਹਾਂ ਚੀਜ਼ਾਂ ਵਿਚੋਂ ਰਸ ਲੱਭਦਾ ਹੈ, ਉਹ ਇਕ ਝਲਕਾਰੇ ਦੀ ਤਰ੍ਹਾਂ ਹਨ, ਝੂਠੇ ਹਨ।

ਗੁਰਬਾਣੀ ਮੁਤਾਬਕ ਸਰਬ ਸ੍ਰੇਸ਼ਟ ਰਸ ਨਾਮ ਜਪਣ ਤੋਂ ਪ੍ਰਾਪਤ ਹੁੰਦਾ ਹੈ, ਗੁਰੂ ਦੀ, ਗੁਰੂ ਦੀਆਂ ਸੰਗਤਾਂ ਦੀ ਸੇਵਾ ਤੋਂ ਪ੍ਰਾਪਤ ਹੁੰਦਾ ਹੈ, ਪਰ ਇਸ ਰਸ ਨੂੰ ਓਹੀ

ਜਾਣਦਾ ਹੈ, ਜਿਸ ਨੇ ਇਸ ਰਸ ਨੂੰ ਚੱਖਿਆ ਹੈ। ਚੱਖ ਲਿਆ ਸੰਗਤਾਂ ਦੀ ਸੇਵਾ ਦੇ ਰਸ ਨੂੰ ਭਾਈ ਨੰਦ ਲਾਲ ਜੀ ਨੇ। ਕਿੰਨੇ ਵੱਡੇ ਗੁਣੀ-ਗਿਆਨੀ, ਵਿਦਵਾਨ, ਲਿਖਾਰੀ ਹੋਣ ਦੇ ਬਾਵਜੂਦ ਗੁਰੂ ਦੀਆਂ ਸੰਗਤਾਂ ਦੇ ਬੜੇ ਚਾਓ ਨਾਲ ਜੂਠੇ ਭਾਂਡੇ ਮਾਂਜਦੇ ਹਨ, ਗੁਰੂ ਦੇ ਦਰ 'ਤੇ ਝਾੜੂ ਦੇਂਦੇ ਹਨ। ਸੁਨੇਹੇ ਭਿਜਵਾਏ ਵੱਡੇ-ਵੱਡੇ ਰਾਜਿਆਂ ਨੇ, ਨੰਦ ਲਾਲ ! ਤੂੰ ਇੰਨਾ ਵੱਡਾ ਗੁਣੀ ਗਿਆਨੀ ਹੈਂ। ਕਿਥੇ ਆਪਣੀ ਜ਼ਿੰਦਗੀ ਬਰਬਾਦ ਕਰਦਾ ਪਿਆ ਹੈਂ, ਸਾਡੇ ਕੋਲ ਆ ਜਾ, ਉੱਚੇ ਔਹਦਿਆਂ 'ਤੇ ਬਿਠਾਵਾਂਗੇ, ਸ਼ਾਹੀ-ਠਾਠ, ਮਾਣ-ਇੱਜ਼ਤ, ਮਾਇਆ ਸਭ ਕੁਝ ਮਿਲੇਗਾ, ਪਰ ਨੰਦ ਲਾਲ ਕੀ ਜੁਆਬ ਦਿੰਦਾ ਹੈ ਕਿ ਜੋ ਅਨੰਦ ਕਲਗੀਆਂ ਵਾਲੇ ਦੇ ਦਰ 'ਤੇ ਜੂਠੇ ਭਾਂਡੇ ਮਾਂਜਣ ਤੇ ਝਾੜੂ ਦੇਣ ਵਿਚ ਹੈ, ਉਹ ਤੁਹਾਡੇ ਮਹਿਲਾਂ ਵਿਚ ਤੇ ਸ਼ਾਹੀ-ਠਾਠ ਵਿਚ ਕਿੱਥੇ ? ਜਿਨ੍ਹਾਂ ਨੂੰ ਇਹ ਰਸ ਪ੍ਰਾਪਤ ਹੋ ਜਾਵੇ, ਫਿਰ ਤਾਂ ਇਹ ਉਹੀ ਜਾਣਦੇ ਹਨ ਕਿ ਗੁਰੂ ਦੇ ਦਰ ਦੀ ਸੇਵਾ ਕਰਨਾ ਕੋਈ ਨੀਵਾਂ ਕੰਮ ਹੈ ਜਾਂ ਫਿਰ ਪਾਤਸ਼ਾਹੀਆਂ ਤੋਂ ਵੀ ਕਿਧਰੇ ਵੱਧ ਉੱਚਾ ਤੇ ਅਨੰਦ ਦੇਣ ਵਾਲਾ।

ਅਸੀਂ ਕਨੇਡਾ ਗਏ, 15 ਦਿਨ ਦਾ ਪ੍ਰੋਗਰਾਮ ਸੀ। ਇਕ ਸੱਜਣ, ਉਸ ਦੇ ਇਲਾਕੇ ਵਿਚ ਅਸੀਂ ਚਾਰ ਕੁ ਦਿਨ ਰਹੇ ਤੇ ਉਹ ਚਾਰੇ ਦਿਨ ਸਾਡੇ ਨਾਲ ਹੀ, ਹਰ ਪ੍ਰੋਗਰਾਮ 'ਤੇ ਸਾਡੇ ਨਾਲ ਹੀ। ਦਾਸ ਨੇ ਇਕ ਦਿਨ ਹੈਰਾਨ ਹੋ ਕੇ ਪੁੱਛ ਹੀ ਲਿਆ, ਤੁਹਾਡਾ ਕੰਮ-ਕਾਰ ਕੀ ਹੈ ? ਕੀ ਉਥੇ ਸਮਾਂ ਨਹੀਂ ਦੇਂਦੇ ? ਉਸ ਨੇ ਦੱਸਿਆ ਕਿ ਉਸਦਾ ਸਟੋਰ ਹੈ। ਮੈਂ ਪੁੱਛਿਆ ਕੀ ਉਸ ਨੂੰ ਬੰਦ ਰਖਿਆ ਹੈ ? ਉਸ ਨੇ ਦੱਸਿਆ ਕਿ ਬੰਦ ਤਾਂ ਨਹੀਂ ਰੱਖਿਆ, ਖੋਲ੍ਹਿਆ ਹੈ ਪਰ ਨੌਕਰ ਦੀ ਜ਼ਿੰਮੇਵਾਰੀ 'ਤੇ ਛੱਡ ਆਉਂਦੇ ਹਾਂ। ਦਾਸ ਨੇ ਪੁੱਛਿਆ, ਕੀ ਉਹ ਤੁਹਾਡੀ ਪੂਰਤੀ ਕਰ ਲੈਂਦਾ ਹੈ ? ਕੰਮ ਨੂੰ ਇਮਾਨਦਾਰੀ ਤੇ ਲਗਨ ਨਾਲ ਸੰਭਾਲ ਲੈਂਦਾ ਹੈ ? ਕੋਈ ਨੁਕਸਾਨ ਵਗੈਰਾ ਨਹੀਂ ਹੁੰਦਾ ਤੁਹਾਡੇ ਉਥੇ ਆਪ ਨਾ ਹਾਜ਼ਰ ਹੋਣ ਨਾਲ ? ਉਹ ਕਹਿਣ ਲੱਗਾ, ਨੁਕਸਾਨ ਤਾਂ ਕੁਝ ਹੁੰਦਾ ਹੈ ਆਪ ਨਾ ਜਾਣ ਕਾਰਨ ਪਰ ਕੀ ਕਰਾਂ ਭੁੱਖ ਬਹੁਤ ਲੱਗਦੀ ਹੈ, ਚਾਅ ਬਹੁਤ ਹੈ ਸੰਗਤਾਂ ਦੀ ਸੇਵਾ ਦਾ। ਉਸ ਦੀ ਅਗਲੀ ਗੱਲ ਸੁਣ ਕੇ ਦਾਸ ਨੂੰ ਹੋਰ ਹੈਰਾਨੀ ਹੋਈ। ਜਦੋਂ ਉਸ ਨੇ ਦੱਸਿਆ ਕਿ ਉਹ ਹਰ ਸ਼ਨੀ-ਐਤਵਾਰ ਆਪਣਾ ਸਟੋਰ ਬੰਦ ਰੱਖਦਾ ਹੈ ਤੇ ਸਾਰਾ ਦਿਨ ਉਥੇ ਗੁਰਦੁਆਰੇ ਵਿਖੇ ਕਥਾ-ਕੀਰਤਨ ਸੁਨਣ, ਸੰਗਤਾਂ ਦੇ ਜੋੜੇ ਝਾੜਨ, ਲੰਗਰ ਵਿਚ ਸੇਵਾ, ਜੂਠੇ ਬਰਤਨ ਮਾਂਜਣ ਦੀ ਸੇਵਾ ਵਿਚ ਬਿਤਾਉਂਦਾ ਹੈ। ਇਹ ਦੋ ਦਿਨ ਗੁਰੂ ਦੇ ਦਰ 'ਤੇ ਸੇਵਾ-ਸਿਮਰਨ ਵਿਚ ਜੋ ਰਸ ਮਿਲਦਾ ਹੈ, ਉਸ ਦੇ ਸਾਹਮਣੇ ਮੈਨੂੰ ਸਟੋਰ ਬੰਦ ਕਰਨ ਨਾਲ ਜੋ ਨੁਕਸਾਨ ਹੁੰਦਾ ਹੈ, ਉਹ ਬਹੁਤ ਤੁੱਛ ਲਗਦਾ ਹੈ, ਛੋਟਾ ਲੱਗਦਾ ਹੈ। ਮੈਂ ਤਾਂ ਉਡੀਕਦਾ ਹਾਂ ਕਦੋਂ ਸ਼ਨੀ-ਐਤਵਾਰ ਆਵੇ ਤੇ ਆਪਣਾ ਸਮਾਂ ਸੇਵਾ-ਸਿਮਰਨ ਵਿਚ ਬਿਤਾ ਕੇ ਅਸਲੀ ਅਨੰਦ ਨੂੰ ਮਾਣ ਸਕਾਂ।

SIKHBOOKCLUB.COM

ਉਸ ਨੇ ਜੋ ਆਪਣੀ ਅਗਲੀ ਹੋਰ ਉੱਚੀ ਸੋਚ ਦੱਸੀ, ਉਸ ਨੂੰ ਸੁਣ ਕੇ ਤਾਂ ਹੋਰ ਵੀ ਜ਼ਿਆਦਾ ਹੈਰਾਨੀ ਹੋਈ ਤੇ ਇਹ ਮਹਿਸੂਸ ਹੋਇਆ ਕਿ ਵਾਕਈ ਗੁਰੂ ਸਾਹਿਬ ਨੇ ਇਸ ਗੁਰਮੁਖ ਪਿਆਰੇ ਦੇ ਉੱਤੇ ਤੁੱਠ ਕੇ ਇਸ ਦੀ ਝੋਲੀ ਵਿਚ ਬੜੀ ਅਨਮੋਲ ਦਾਤ ਸੇਵਾ-ਸਿਮਰਨ ਦੀ ਭੁੱਖ ਲੱਗਣ ਦੀ ਪਾਈ ਹੈ। ਉਸ ਨੇ ਦੱਸਿਆ, ਜਦੋਂ ਮੇਰੇ ਕੰਮ ਦਾ ਕੁਝ ਜੁਗਾੜ ਹੋਰ ਸਹੀ ਬਣ ਗਿਆ ਤਾਂ ਮੇਰੀ ਅਗਲੀ ਸਕੀਮ ਇਹ ਹੈ ਕਿ ਮੈਂ 6 ਮਹੀਨੇ ਕਨੇਡਾ ਰਹਿਣਾ ਹੈ ਤੇ 6 ਮਹੀਨੇ ਅੰਮ੍ਰਿਤਸਰ। ਉਸ ਨੇ ਦੱਸਿਆ ਕਿ ਮੇਰੇ ਮਨ ਦੀ ਬੜੀ ਰੀਝ ਹੈ ਕਿ ਗੁਰੂ ਰਾਮਦਾਸ ਜੀ ਦੇ ਦਰ 'ਤੇ ਰੱਜ-ਰੱਜ ਕੇ ਸੇਵਾ-ਸਿਮਰਨ ਦਾ ਅਨੰਦ ਮਾਣਾਂ ਕਿਉਂਕਿ ਉਥੇ ਤਾਂ ਹਰ ਦਿਨ 24 ਘੰਟੇ ਇਸ ਦਾਤ ਦਾ ਅਨੰਦ ਮਾਣਿਆ ਜਾ ਸਕਦਾ ਹੈ। ਜਿਥੇ 24 ਘੰਟੇ ਆਤਮਾ ਨੂੰ ਕੀਰਤਨ ਦੀ ਖ਼ੁਰਾਕ ਮਿਲਦੀ ਹੈ ਤੇ ਉਥੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਦਰਸ਼ਨਾਂ ਨੂੰ ਜਾਂਦੀਆਂ ਹਨ, ਇਸ ਲਈ ਸੇਵਾ ਵੱਲੋਂ ਵੀ ਕੋਈ ਕਮੀ ਨਹੀਂ। ਇਹ ਹੈ ਭੁੱਖ ਲਗਣ ਵਾਲਿਆਂ ਦੀਆਂ ਨਿਸ਼ਾਨੀਆਂ।

ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਤੁਹਾਨੂੰ ਕਿਸੇ ਨੇ ਕਿਹਾ ਹੈ ਕਿ ਭਈ ਤੇਰੇ 'ਤੇ ਬੈਨ ਹੈ। ਤੂੰ ਅੱਧਾ ਘੰਟਾ ਰੋਜ਼ ਇਕ ਹਫਤੇ ਲਈ ਸੰਗਤਾਂ ਦੇ ਜੋੜੇ ਝਾੜਨੇ ਹਨ। ਜੇ ਤਾਂ ਬੱਧਾ ਚੱਟੀ ਨਾਲ ਕਰ ਰਹੇ ਹੋ ਕਿ ਕਰਨੇ ਪੈਣੇ ਹਨ, ਇਕ-ਇਕ ਦਿਨ ਕਰ ਕੇ ਦਿਨ ਗਿਣ ਕੇ ਪੂਰੇ ਕਰ ਰਹੇ ਹੋ ਕਿ ਕਦੋਂ ਹਫਤਾ ਪੂਰਾ ਹੋਵੇ ਤੇ ਛੁਟਕਾਰਾ ਮਿਲੇ, ਫਿਰ ਸਮਝ ਲੈਣਾ ਕਿ ਭੁੱਖ ਲੱਗਣ ਦੀ ਦਾਤ ਤੁਹਾਡੀ ਝੋਲੀ ਵਿਚ ਨਹੀਂ ਪਈ। ਕੋਈ ਬੀਬੀ ਬਾਬਾ ਦੀਪ ਸਿੰਘ ਜੀ ਦੇ ਦਰ 'ਤੇ ਝਾੜੂ ਦੇ ਰਹੀ ਸੀ। ਉਥੇ ਉਸ ਨੂੰ ਉਸ ਦੀ ਕੋਈ ਜਾਣ-ਪਛਾਣ ਵਾਲੀ ਬੀਬੀ ਮਿਲ ਗਈ ਤੇ ਪੁੱਛਣ ਲੱਗੀ ਕਿ ਤੁਸੀਂ ਰੋਜ਼ ਝਾੜੂ ਦੀ ਸੇਵਾ ਕਰਨ ਲਈ ਇਥੇ ਆਉਂਦੇ ਹੋ ? ਉਸ ਸੇਵਾ ਕਰ ਰਹੀ ਬੀਬੀ ਨੇ ਜੋ ਜੁਆਬ ਦਿੱਤਾ, ਉਸ ਤੋਂ ਤੁਸੀਂ ਆਪ ਹੀ ਸਮਝ ਲੈਣਾ ਕਿ ਉਹ ਬੀਬੀ ਕਿਹੜੀ ਅਵਸਥਾ ਵਿਚ ਸੇਵਾ ਕਰ ਰਹੀ ਸੀ, ਬੱਧਾ ਚੱਟੀ ਵਿਚ ਜਾਂ ਫਿਰ ਚਾਓ ਵਿਚ। ਉਸ ਬੀਬੀ ਦਾ ਜੁਆਬ ਸੀ, 'ਘਰ ਵਿਚ ਕੋਈ ਮੁਸ਼ਕਲ ਬਣ ਗਈ ਸੀ। ਕਿਸੇ ਮਹਾਂਪੁਰਸ਼ਾਂ ਕੋਲ ਜਾ ਕੇ ਬੇਨਤੀ ਕੀਤੀ, ਆਪਣੀ ਮੁਸ਼ਕਲ ਦੱਸੀ ਤਾਂ ਉਨ੍ਹਾਂ ਨੇ 40 ਦਿਨ ਸ਼ਹੀਦਾਂ ਸਾਹਿਬ ਝਾੜੂ ਦੇਣ ਲਈ ਆਖਿਆ। ਅਜ 38 ਦਿਨ ਹੋ ਗਏ ਹਨ, ਸ਼ੁਕਰ ਹੈ, ਬਸ ਦੋ ਦਿਨ ਬਾਕੀ ਰਹਿ ਗਏ ਹਨ।' ਹੁਣ ਆਪੇ ਹੀ ਅੰਦਾਜ਼ਾ ਲਾ ਲਵੋ ਕਿ ਇਹ ਧੱਕੇ ਨਾਲ ਸੇਵਾ ਹੋ ਰਹੀ ਹੈ, ਮਜਬੂਰੀ ਵੱਸ ਸੇਵਾ ਹੋ ਰਹੀ ਹੈ, ਭੁੱਖ ਲੱਗਣ ਵਾਲੀ ਦਾਤ ਅਜੇ ਝੋਲੀ ਵਿਚ ਨਹੀਂ ਪਈ। ਹੁਣ ਇਸ ਦੇ ਉਲਟ ਲਈਏ ਤਾਂ ਕਿ ਗੱਲ ਪੂਰੀ ਤਰ੍ਹਾਂ ਸਮਝ ਵਿਚ ਆ ਜਾਵੇ। ਪਿਛੇ ਜਿਹੇ, ਸੂਰਤ ਵਿਖੇ ਦੀਵਾਨ ਸਨ ਕੀਰਤਨ ਦੇ। ਅਹਿਮਦਾਬਾਦ ਤੋਂ ਸੂਰਤ 'By Road' ਪੰਜ ਘੰਟੇ ਦਾ ਰਸਤਾ ਹੈ। ਉਥੋਂ ਦਾ ਇਕ ਪਰਿਵਾਰ ਕਰੋੜਾਂਪਤੀ ਤੋਂ ਵੀ ਉਪਰ ਹੈ। ਉਨ੍ਹਾਂ ਦੀ ਧੀ ਤੇ ਪਤਨੀ ਨੇ ਸੂਰਤ ਵਿਖੇ 'ਦੀਵਾਨਾਂ' ਵਿਚ ਹਾਜ਼ਰੀ ਭਰਨ ਆਉਣਾ ਤੇ ਮਨ ਵਿਚ ਜਿਥੇ

ਕੀਰਤਨ ਸੁਨਣ ਦਾ ਚਾਓ, ਉਥੇ ਨਾਲ ਹੀ ਸੇਵਾ ਦਾ ਵੀ ਚਾਓ, ਜਿਸ ਦੀਵਾਨ ਵਿਚ ਵੀ ਆਉਣਾ, ਸੰਗਤਾਂ ਦੇ ਜੋੜੇ ਬੜੇ ਪਿਆਰ ਨਾਲ ਝਾੜਨੇ, ਇਕ-ਇਕ ਜੋੜਾ ਦੋਵਾਂ ਮਾਵਾਂ-ਧੀਆਂ ਨੇ ਰੁਮਾਲ ਨਾਲ ਸਾਫ਼ ਕਰ ਕੇ ਸਿੱਧਾ ਕਰ ਕੇ ਰੱਖਣਾ, ਫਿਰ ਅੰਦਰ ਦੀਵਾਨ ਵਿਚ ਆਉਣਾ। ਇੰਨੀ ਦੌਲਤ ਹੋਣ ਦੇ ਬਾਵਜੂਦ ਵੀ ਸੰਗਤਾਂ ਦੀ ਸੇਵਾ ਦਾ ਚਾਓ ਕਿ ਸ਼ੁਕਰ ਹੈ ਸੇਵਾ ਮਿਲੀ ਹੈ। ਕੋਈ ਅੰਦਰ ਕਰੋੜਾਂਪਤੀ ਹੋਣ ਦਾ ਮਾਣ ਨਹੀਂ। ਸਾਰੀ ਸੇਵਾ ਨਿਮਰਤਾ ਵਿਚ ਤੇ ਸ਼ੁਕਰਾਨੇ ਵਿਚ ਨਿਭਾਹੁਣੀ। ਜਿਸ 'ਤੇ ਗੁਰੂ ਦੀ ਕ੍ਰਿਪਾ ਹੋਵੇ, ਉਹੀ ਇਸ ਅਵਸਥਾ 'ਤੇ ਪਹੁੰਚਦਾ ਹੈ। ਇਹ ਤਸਵੀਰ ਦੇ ਦੋਵੇਂ ਪਾਸੇ ਵੇਖ ਲਵੋ। ਦਾਸ ਦਾ ਇਹ ਦੋਵੇਂ ਤਰ੍ਹਾਂ ਦਾ ਜ਼ਿਕਰ ਲਿਖਣ ਦਾ ਸਿਰਫ ਇਤਨਾ ਹੀ ਮਕਸਦ ਹੈ ਕਿ ਸਾਨੂੰ ਗੱਲ ਸਮਝ ਵਿਚ ਆ ਜਾਵੇ ਤਾਂ ਕਿ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਆਪ ਨੂੰ ਤੋਲ ਲਈਏ ਕਿ ਅਸੀਂ ਕਿਹੜੀ ਸਟੇਜ 'ਤੇ ਖੜੇ ਹਾਂ, ਬੱਧਾ ਚੱਟੀ ਜਾਂ ਭੁੱਖ ਲੱਗਣੀ।

ਤੁਸੀਂ ਆਪਣੇ ਘਰ ਕਿਧਰੇ ਅਖੰਡ ਪਾਠ ਕਰਾਓ, ਸਤਿਸੰਗ ਕਰਾਓ। ਜੇ ਮਨ ਵਿਚ ਚਾਓ ਹੈ ਕਿ ਆਪਣੇ ਹੱਥੀ ਪਾਠੀਆਂ ਦੀ ਸੇਵਾ ਕਰਾਂ, ਉਨ੍ਹਾਂ ਨੂੰ ਪ੍ਰਸ਼ਾਦਾ-ਪਾਣੀ ਛਕਾਵਾਂ, ਉਨ੍ਹਾਂ ਦੇ ਜੂਠੇ ਬਰਤਨ ਆਪਣੇ ਹੱਥੀ ਮਾਂਜਾਂ। ਜੇ ਗੁਰੂ ਦੀ ਸੰਗਤ ਘਰ ਆਈ ਹੈ ਤੇ ਉਸ ਨੂੰ ਆਪਣੀਆਂ ਅੱਖਾਂ ਦੀਆਂ ਪਲਕਾਂ 'ਤੇ ਬਿਠਾਵੋ, ਆਪਣੇ ਹੱਥੀ ਸੰਗਤ ਦੇ ਜੋੜੇ ਝਾੜੋ ਤੇ ਤੁਹਾਡੇ ਅੰਦਰੋਂ ਨਾਲ-ਨਾਲ ਇਹ ਨਿਕਲੇ ਕਿ ਮੇਰੇ ਧੰਨ ਭਾਗ ਜੋ ਗੁਰੂ ਦੀ ਸੰਗਤ ਮੇਰੇ ਘਰ ਆਈ ਹੈ ਤਾਂ ਸਮਝ ਲੈਣਾ, ਭੁੱਖ ਲੱਗਣ ਦੀ ਦਾਤ ਪ੍ਰਾਪਤ ਹੋਈ ਹੈ। ਤੇ ਜੇ ਕਿਧਰੇ ਸਫੈਦ ਪੋਸ਼ੀ ਵਾਲਾ ਕੰਮ ਕਰੋ, ਸਾਰੀਆਂ ਡਿਊਟੀਆਂ ਲਾ ਦਿਓ ਨੌਕਰਾਂ ਦੀਆਂ, ਆਪਣੇ ਹੱਥੀਂ ਕੋਈ ਸੰਗਤਾਂ ਦੀ, ਪਾਠੀਆਂ ਦੀ ਸੇਵਾ ਨਾ ਕਰੋ ਅਤੇ ਮਨ ਵਿਚ ਹੋਵੇ ਕਿ ਮਾਇਆ ਬਹੁਤ ਹੈ, ਨੌਕਰ-ਚਾਕਰ ਬਹੁਤ ਹਨ, ਸਾਨੂੰ ਕੀ ਲੋੜ ਹੈ ਕੁਝ ਕਰਨ ਦੀ ਤਾਂ ਫਿਰ ਸਮਝ ਲੈਣਾ ਕਿ ਗੁਰੂ ਨੇ ਇਸ ਅਨਮੋਲ ਦਾਤ ਤੋਂ ਤੁਹਾਨੂੰ ਵਾਂਝਿਆਂ ਰਖਿਆ ਹੈ। ਰਾਜਾ ਜਨਕ ਦੇ ਜੀਵਨ ਵਲ ਝਾਤੀ ਪਾਓ। ਉਸ ਕੋਲ ਕੋਈ ਨੌਕਰਾਂ ਦੀ ਕਮੀ ਨਹੀਂ ਸੀ, ਨਾ ਹੀ ਮਾਇਆ ਦੀ। ਹਰ ਰੋਜ਼ ਇਕ ਹਜ਼ਾਰ ਬ੍ਰਾਹਮਣ ਨੂੰ ਪ੍ਰਸ਼ਾਦਾ ਛਕਾਉਂਦਾ ਸੀ ਤੇ ਉਨ੍ਹਾਂ ਦੇ ਜੂਠੇ ਬਰਤਨ ਆਪਣੇ ਹੱਥੀਂ ਬੜੀ ਰੀਝ ਨਾਲ ਚੁੱਕਦਾ ਸੀ। ਇਹ ਹੈ ਭੁੱਖ ਲੱਗਣ ਵਾਲਿਆਂ ਦੀ ਅਵਸਥਾ। ਇਸ਼ਾਰਾ ਸਮਝਿਓ ! ਕਈ ਗੁਰੂ ਦੇ ਕੰਮ ਭਾਵ ਸੇਵਾ-ਸਿਮਰਨ ਨੂੰ ਬੋਝ ਸਮਝ ਕੇ ਕਰਦੇ ਹਨ ਪਰ ਕਈ ਸ਼ੁਕਰ ਕਰਦੇ ਹਨ, ਪਰ ਸ਼ੁਕਰ ਓਹੀ ਕਰਦੇ ਹਨ ਜਿਨ੍ਹਾਂ ਨੂੰ ਭੁੱਖ ਲੱਗਣ ਦੀ ਦਾਤ ਪ੍ਰਾਪਤ ਹੋਈ ਹੋਵੇ।

ਇਕ ਸੰਤ ਉਤਮ ਸਿੰਘ ਜੀ ਹੋਏ ਹਨ। ਬਚਨ ਕਰਦੇ ਸਨ ਕਿ ਜਦੋਂ ਵੀ ਦਰਬਾਰ ਸਾਹਿਬ, ਸ਼ਹੀਦਾਂ ਸਾਹਿਬ ਜਾਂ ਕਿਧਰੇ ਵੀ ਗੁਰਦੁਆਰੇ ਜਾਂ ਸੰਗਤ ਵਿਚ ਜਾਵੋ, ਕੰਨਾਂ ਦੇ ਜੇਬੇ ਕੀਰਤਨ ਨਾਲ, ਸਿਮਰਨ ਨਾਲ, ਹਿਰਦੇ ਦਾ ਜੇਬਾ ਗੁਰੂ ਦੇ ਪਿਆਰ ਨਾਲ,

ਹੱਥਾਂ ਦੇ ਜੇਬੇ ਸੇਵਾ ਕਰ ਕੇ ਭਰਿਆ ਕਰੋ ਭਾਵ ਕਿ ਕੰਨਾਂ ਰਾਹੀਂ ਗੁਰੂ ਦੀ ਬਾਣੀ ਦਾ ਕੀਰਤਨ ਸ੍ਰਵਣ ਕਰੋ, ਰਸਨਾ ਨਾਲ ਸਿਮਰਨ ਕਰੋ, ਹਿਰਦੇ ਵਿਚ ਗੁਰੂ ਦਾ ਪਿਆਰ ਭਰਿਆ ਹੋਵੇ ਤੇ ਹੱਥਾਂ ਨਾਲ ਗੁਰੂ ਦੀ, ਸੰਗਤਾਂ ਦੀ ਸੇਵਾ ਕਮਾ ਕੇ ਆਪਣਾ ਜਨਮ ਸਫਲਾ ਕਰੋ। ਜਿਨ੍ਹਾਂ ਨੂੰ ਭੁੱਖ ਲੱਗਣ ਦੀ ਦਾਤ ਮਿਲ ਜਾਵੇ, ਉਨ੍ਹਾਂ ਨੂੰ ਫਿਰ ਜਦੋਂ ਵੀ ਮੌਕਾ ਮਿਲੇ, ਸਮਾਂ ਮਿਲੇ, ਉਹ ਇਨ੍ਹਾਂ ਜੇਬਿਆਂ ਨੂੰ ਭਰਦਾ ਹੈ। ਬੜਾ ਅਨੰਦ ਆਉਂਦਾ ਹੈ ਜੇ ਭੁੱਖ ਲਗਣੀ ਸ਼ੁਰੂ ਹੋ ਜਾਵੇ। ਇਸ ਅਨੰਦ ਨੂੰ ਉਹੀ ਜਾਣਦੇ ਹਨ ਜਿਨ੍ਹਾਂ ਨੂੰ ਗੁਰੂ ਦੀ ਕਿਰਪਾ ਨਾਲ ਇਹ ਰਸ ਪ੍ਰਾਪਤ ਹੋਇਆ ਹੈ।

ਪਿਛੇ ਜਿਹੇ ਦਾਸ ਕੀਰਤਨ ਦੀ ਸੇਵਾ ਲਈ ਜੈਪੁਰ ਸ਼ਹਿਰ ਵਿਚ ਗਏ। ਉਥੇ ਇਕ ਬੜੇ ਹੀ ਰੰਗੇ ਹੋਏ ਗੁਰਮੁਖ ਪਿਆਰੇ ਦੇ ਦਰਸ਼ਨ ਹੋਏ, ਜੋ ਕਿ ਬੈਂਕ ਦੀ ਸਰਕਾਰੀ ਨੌਕਰੀ ਕਰਦੇ ਹਨ। ਪੰਜ ਵਜੇ ਸ਼ਾਮ ਬੈਂਕ ਤੋਂ ਛੁੱਟੀ ਹੋ ਜਾਂਦੀ ਹੈ। ਉਨ੍ਹਾਂ ਨੇ ਆਪਣਾ ਜੀਵਨ ਲੋੜਵੰਦਾਂ ਦੀ ਸੇਵਾ ਦੇ ਲੇਖੇ ਲਾਇਆ ਹੈ। ਉਨ੍ਹਾਂ ਨੂੰ ਇਸ ਵਿਚ ਹੀ ਬਹੁਤ ਅਨੰਦ ਮਿਲਦਾ ਹੈ। ਜਿਵੇਂ ਕਿ ਆਪ ਜੀ ਨੇ ਚੌਥੀ ਨਿਸ਼ਾਨੀ ਵਿਚ ਪੜ੍ਹਿਆ ਹੈ ਕਿ ਸੇਵਾ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਗੁਰੂ ਦੀ ਸੇਵਾ, ਗੁਰੂ ਦੇ ਦਰ ਦੀ ਸੇਵਾ, ਗੁਰੂ ਦੀਆਂ ਸੰਗਤਾਂ ਦੀ ਸੇਵਾ ਤੇ ਦੂਸਰੀ ਹੈ ਦੁਨੀਆਂ ਦੀ ਸੇਵਾ, ਉਸ ਪਰਮ ਪਿਤਾ ਪਰਮੇਸ਼ਰ ਦੀ ਬਣਾਈ ਦੁਨੀਆਂ ਵਿਚ ਵੱਸ ਰਹੇ ਲੋੜਵੰਦਾਂ ਤੇ ਦੁਖੀਆਂ ਦੀ ਸੇਵਾ। ਉਨ੍ਹਾਂ ਕੋਲ ਗੁਰੂ ਸਾਹਿਬ ਦੀ ਬਖ਼ਸ਼ੀ ਇਕ 'ਮਰੂਤੀ ਵੈਨ' ਹੈ। ਇਹ ਗੁਰਮੁਖ ਪਿਆਰੇ ਸ਼ਾਮ 7 ਵਜੇ ਤੋਂ ਸਵੇਰੇ 8 ਵਜੇ ਤਕ ਜ਼ਰੂਰਤਮੰਦਾਂ ਨੂੰ ਆਪਣੀ ਇਸ ਗੱਡੀ ਰਾਹੀਂ ਹਸਪਤਾਲ ਪਹੁੰਚਾਉਣ ਦੀ ਸੇਵਾ ਪੂਰੇ ਤਨੋਂ ਮਨੋਂ ਹੋ ਕੇ ਕਰਦੇ ਹਨ। ਉਨ੍ਹਾਂ ਨੇ ਇਸ ਸੇਵਾ ਦੇ ਕਾਰਜ ਲਈ ਸਾਰੇ ਸ਼ਹਿਰ ਦੇ ਹਰ ਇਲਾਕੇ ਵਿਚ, ਹਸਪਤਾਲ ਵਿਚ, ਮੰਦਰ, ਮਸੀਤ, ਗੁਰਦੁਆਰਿਆਂ ਵਿਚ, ਸ਼ਹਿਰ ਦੇ ਥਾਣਿਆਂ ਵਿਚ ਆਪਣੇ ਇਸ਼ਤਿਹਾਰ ਲਗਵਾਏ ਹੋਏ ਹਨ ਕਿ ਕੋਈ ਵੀ ਜ਼ਰੂਰਤਮੰਦ, ਲੋੜਵੰਦ ਮਰੀਜ਼ ਹੋਵੇ, ਉਸ ਨੂੰ ਉਸ ਦੇ ਘਰ ਤੋਂ ਹਸਪਤਾਲ ਪਹੁੰਚਾਉਣ ਦੀ ਨਿਸ਼ਕਾਮ ਸੇਵਾ ਲਈ, ਉਨ੍ਹਾਂ ਨਾਲ ਫ਼ੋਨ 'ਤੇ ਸੰਪਰਕ ਕਰਨ। ਦਾਸ ਉਨ੍ਹਾਂ ਦੀ ਇਸ ਅਨੋਖੀ ਸੇਵਾ ਬਾਰੇ ਸੁਣ ਕੇ ਬੜਾ ਹੀ ਹੈਰਾਨ ਹੋਇਆ ਤੇ ਪੁੱਛ ਲਿਆ ਕਿ ਤੁਸੀਂ ਗ੍ਰਿਹਸਥੀ ਹੋ, ਰੋਜ਼ 13-13 ਘੰਟੇ ਸੇਵਾ ਦੇ ਕਾਰਜ ਲਈ ਕਿਸ ਤਰ੍ਹਾਂ ਕੱਢ ਲੈਂਦੇ ਹੋ? ਉਸ ਨੇ ਦੱਸਿਆ ਕਿ ਬੈਂਕ ਤੋਂ ਆ ਕੇ ਰੋਟੀ ਖਾਣ ਤੋਂ ਬਾਅਦ ਤਿਆਰ ਹੋ ਕੇ ਹੀ ਅਰਾਮ ਵਿਚ ਹੁੰਦਾ ਹਾਂ ਤਾਂ ਕਿ ਕਿਸੇ ਜ਼ਰੂਰਤਮੰਦ ਦਾ ਫ਼ੋਨ ਆਉਣ ਤੇ ਉਠ ਕੇ ਤਿਆਰ ਹੋਣ ਵਿਚ ਟਾਈਮ ਖ਼ਰਾਬ ਨਾ ਹੋਵੇ। ਗੁਰੂ ਸਾਹਿਬ ਦੀ ਬੜੀ ਕਿਰਪਾ ਹੈ, ਫੋਨ ਦੀ ਘੰਟੀ ਵੱਜਦੇ ਹੀ ਸੁਚੇਤਤਾ ਆ ਜਾਂਦੀ ਹੈ। ਹੋਰ ਵੱਡੀ ਗੁਰੂ ਸਾਹਿਬ ਦੀ ਕਿਰਪਾ ਹੈ ਜੋ ਮੇਰੀ ਪਤਨੀ ਮੇਰੇ ਇਸ ਸੇਵਾ ਦੇ ਕਾਰਜ ਵਿਚ ਮੈਨੂੰ ਪੂਰਨ ਸਹਿਯੋਗ ਬਖ਼ਸ਼ਦੀ ਹੈ। ਕੋਈ ਰੋਕ ਨਹੀਂ ਪਾਉਂਦੀ, ਇਥੋਂ ਤਕ ਕਿ ਅਸੀਂ ਰਾਤ ਦੇ ਪ੍ਰੋਗਰਾਮ, ਵਿਆਹ, ਪਾਰਟੀਆਂ ਵਗੈਰਾ ਵੀ

ਅਟੈਂਡ ਨਹੀਂ ਕਰਦੇ। ਕਈ ਵਾਰੀ ਤਾਂ ਇਕੋ ਰਾਤ ਵਿਚ 5-6 ਫ਼ੋਨ ਆ ਜਾਂਦੇ ਹਨ ਜਿਨ੍ਹਾਂ ਵਿੱਚੋਂ ਐਕਸੀਡੈਂਟ ਕੇਸ ਵੀ ਹੁੰਦੇ ਹਨ ਤੇ ਸਾਰੀ ਰਾਤ ਹੀ ਲੇਖੇ ਲਗ ਜਾਂਦੀ ਹੈ। ਗੁਰੂ ਸਾਹਿਬ ਆਪ ਹੀ ਕਿਰਪਾ ਕਰ ਕੇ ਹਿੰਮਤ ਬਖ਼ਸ਼ਦੇ ਹਨ। ਦਾਸ ਨੇ ਉਨ੍ਹਾਂ ਨੂੰ ਪੁੱਛਿਆ ਕਿ ਐਸੀ ਸੇਵਾ ਦੀ ਵਿਚਾਰ ਤੁਹਾਡੇ ਮਨ ਵਿਚ ਬਣੀ ਕਿਵੇਂ? ਉਸ ਨੇ ਦੱਸਿਆ ਕਿ ਜੈਪੁਰ ਸ਼ਹਿਰ ਟੂਰਿਸਟ ਏਰੀਆ ਹੈ, ਯਾਤਰੀ ਬਹੁਤ ਆਉਂਦੇ ਹਨ, ਜਿਸ ਕਾਰਨ ਇਥੇ ਟੈਕਸੀਆਂ ਵਗੈਰਾ ਦੇ ਕਿਰਾਏ, ਭਾੜੇ ਬਹੁਤ ਜ਼ਿਆਦਾ ਹਨ। ਦੇਰ ਰਾਤ ਨੂੰ ਜੇ ਕਿਸੇ ਨੂੰ ਆਪਣੇ ਬੀਮਾਰ ਰਿਸ਼ਤੇਦਾਰ ਸੰਬੰਧੀ ਜਾਂ ਐਕਸੀਡੈਂਟ ਕੇਸ ਵਿਚ ਹਸਪਤਾਲ ਪਹੁੰਚਾਉਣ ਦੀ ਲੋੜ ਪੈ ਜਾਵੇ ਤਾਂ ਅਵਲ ਤਾਂ ਆਟੋ-ਰਿਕਸ਼ਾ ਜਾਂ ਟੈਕਸੀ ਵਗੈਰਾ ਲੱਭਦੀ ਹੀ ਨਹੀਂ, ਜੇ ਕਿਧਰੇ ਲਭ ਵੀ ਪਵੇ ਤਾਂ ਕਿਰਾਇਆ, ਭਾੜਾ ਬਹੁਤ ਜ਼ਿਆਦਾ ਮੰਗਦੇ ਹਨ, ਜਿਸ ਨਾਲ ਆਮ ਗ਼ਰੀਬ ਜਨਤਾ ਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਹੈ, ਇਸ ਲਈ ਮਨ ਵਿਚ ਇਹ ਫੁਰਨਾ ਬਣਿਆ। ਉਸ ਨੇ ਦੱਸਿਆ ਕਿ ਸਤਿਗੁਰੂ ਦੀ ਬਹੁਤ ਬਖ਼ਸ਼ਿਸ਼ ਹੈ। ਕਹਿਣ ਲੱਗਾ ਇਸ ਤਰ੍ਹਾਂ ਲੋੜਵੰਦਾਂ ਦੀ ਸੇਵਾ ਕਰਨ ਵਿਚ ਜੋ ਮੈਨੂੰ ਆਤਮਕ ਸੁਖ ਮਿਲਦਾ ਹੈ, ਮੈਂ ਉਸ ਨੂੰ ਬਿਆਨ ਨਹੀਂ ਕਰ ਸਕਦਾ। ਇਸ ਸਰੀਰ ਦਾ ਨਾਂ ਕੰਵਲਜੀਤ ਸਿੰਘ ਹੈ। ਇਨ੍ਹਾਂ ਇਕ ਹੋਰ ਗੱਲ ਦੱਸੀ ਕਿ ਗੁਰੂ ਸਾਡੇ ਕਿੰਨਾ ਨਾਲ ਹੈ। ਜਿਤਨੇ ਐਕਸੀਡੈਂਟ ਕੇਸ ਅੱਧੀ ਰਾਤ ਨੂੰ ਹਸਪਤਾਲ ਪਹੁੰਚਾਏ ਹਨ, ਸਾਨੂੰ ਕਦੀ ਸੜਕ 'ਤੇ ਰੈੱਡ ਲਾਈਟ ਨਹੀਂ ਮਿਲੀ। ਇੰਝ ਲਗਦਾ ਹੈ ਕਿ ਗੁਰੂ ਸਾਹਿਬ ਆਪ ਹੀ ਸੇਵਾ ਲੈ ਰਹੇ ਹਨ। ਤੁਸੀਂ ਪੜ੍ਹਨ ਵਾਲੇ ਸੇਧ ਲੈਣਾ ਆਪਣੇ ਲਈ, ਇਹ ਹੈ ਭੁੱਖ ਲੱਗਣੀ ਸੇਵਾ ਦੀ। ਇਹ ਤੇਲ ਵੀ ਕੋਲੋਂ ਪਾਉਂਦੇ ਹਨ ਤੇ ਮਾਇਆ ਵੀ ਨਹੀਂ ਲੈਂਦੇ।

ਜ਼ਰੂਰ ਝਾਤੀ ਪਾਇਓ। ਤੁਹਾਨੂੰ ਵੀ ਸੇਵਾ ਦੇ ਕਾਰਜਾਂ ਵਿਚੋਂ ਆਤਮਕ ਅਨੰਦ ਪ੍ਰਾਪਤ ਹੁੰਦਾ ਹੈ ਕਿ ਨਹੀਂ। ਜਿਨ੍ਹਾਂ ਨੂੰ ਇਹ ਰਸ ਪ੍ਰਾਪਤ ਹੋ ਜਾਵੇ, ਫਿਰ ਉਹ ਰਹਿ ਹੀ ਨਹੀਂ ਸਕਦੇ। ਜਿਨ੍ਹਾਂ ਨੂੰ ਇਹ ਭੁੱਖ ਲਗਣ ਲਗ ਜਾਵੇ, ਫਿਰ ਉਨ੍ਹਾਂ ਕੋਲੋਂ ਰਹਿਆ ਹੀ ਨਹੀਂ ਜਾਂਦਾ। ਇਕ ਗੁਰਮੁਖ ਪਿਆਰਾ ਕਿਸੇ ਸ਼ਹਿਰ ਵਿਚ, ਕਿਸੇ ਗੁਰਦੁਆਰੇ ਜੋੜੇ-ਘਰ ਵਿਚ ਸੇਵਾ ਕਰਦਾ ਹੈ। ਇਸ਼ਕ ਲੱਗਾ ਹੈ ਸੇਵਾ ਦਾ, ਰਹਿ ਹੀ ਨਹੀਂ ਸਕਦਾ, ਸੇਵਾ ਬਗ਼ੈਰ, ਸਿਮਰਨ ਬਗ਼ੈਰ। ਉਸ ਦੇ ਘਰ ਦੇ ਰੋਕਦੇ ਵੀ ਹਨ ਪਰ ਉਹ ਘਰਦਿਆਂ ਨੂੰ ਝੂਠ ਬੋਲ ਕੇ, ਕਈ ਤਰ੍ਹਾਂ ਠਾਠਾ-ਬਾਗਾ ਕਰ ਕੇ ਆਪਣੀ ਇਸ ਉੱਤਮ ਭੁੱਖ ਨੂੰ ਪੂਰਾ ਕਰਦਾ ਹੈ। ਇਥੇ ਇਹ ਗੱਲ ਯਾਦ ਰੱਖਣੀ ਕਿ ਕਿਸੇ ਚੰਗੇ ਕੰਮ ਲਈ ਬੋਲਿਆ ਝੂਠ ਸੱਚ ਤੋਂ ਵੀ ਵੱਡਾ ਹੈ।

ਗੁਰੂ ਨਾਨਕ ਦੇ ਘਰ ਵਿਚ ਇਸ ਭੁੱਖ ਨੂੰ ਪੂਰਾ ਕਰਨ ਲਈ ਗੁਰੂ ਨੂੰ ਭੇਸ ਵੀ ਬਦਲਾਉਣਾ ਪਿਆ ਹੈ। ਬੜੀ ਵੱਡੀ ਸਿਖਿਆ ਮਿਲਦੀ ਹੈ ਗੁਰੂ-ਇਤਿਹਾਸ ਵਿਚੋਂ। ਇਸ ਭੁੱਖ ਨੂੰ ਪੂਰਾ ਕਰਨ ਲਈ ਭੇਸ ਵੀ ਬਦਲਾਉਣਾ ਪਵੇ ਤੇ ਕੋਈ ਗੁਨਾਹ ਨਹੀਂ, ਕਿਉਂਕਿ

ਕਈ ਵਾਰੀ ਇਹੋ ਜਿਹਾ ਫੀਤਾ ਲੱਗ ਜਾਂਦਾ ਹੈ ਕਿ ਉਹ ਖੁੱਲੇਆਮ ਵਿਚਰ ਕੇ ਸੇਵਾ ਨਹੀਂ ਕਰ ਸਕਦਾ। ਦਾਸ ਨਾਲ ਖ਼ੁਦ ਬੀਤਦੀ ਹੈ ਐਸੀ ਗੱਲ ਜੇ ਦਿਲ ਕਰਦਾ ਹੈ ਜੋੜਿਆਂ ਦੀ ਸੇਵਾ ਕਰਨ 'ਤੇ, ਤਾਂ ਜੋੜੇ ਘਰ 'ਚ ਖਲੋਂਦੇ ਹਾਂ, ਕੋਈ ਜੋੜਾ ਹੀ ਨਹੀਂ ਦਾਸ ਨੂੰ ਫੜਾਉਂਦਾ, ਆਖ ਦੇਂਦੇ ਹਨ, ਤੁਸੀਂ ਗੁਰੂ ਦੇ ਕੀਰਤਨੀਏ, ਸਾਡੇ ਜੋੜਿਆਂ ਨੂੰ ਹੱਥ ਲਾਵੋ, ਇਹ ਨਹੀਂ ਸੋਭਦਾ। ਰੋਜ਼ ਉਥੇ ਜਾ ਕੇ ਖੜੇ ਹੋਣ ਤੋਂ ਵੀ ਝੱਕ ਜਾਈਦਾ ਹੈ ਕਿ ਕੋਈ ਜੋੜਾ ਫੜਾਉਂਦਾ ਤਾਂ ਹੈ ਨਹੀਂ, ਕਿਧਰੇ ਕੋਈ ਇਹ ਨਾ ਸੋਚੇ ਕਿ ਐਵੇਂ ਹੀ ਰੋਜ਼ ਆਪਣੀ ਵਾਹ-ਵਾਹ ਲਈ, ਆਪਣੀ ਮਸ਼ਹੂਰੀ ਲਈ ਆ ਕੇ ਇਥੇ ਖੜੇ ਹੋ ਜਾਂਦਾ ਹੈ। ਭਾਵੇਂ ਦਾਸ ਤਾਂ ਆਪਣੀ ਸੇਵਾ ਦੀ ਭੁੱਖ ਜੋ ਗੁਰੂ ਨੇ ਕਿਰਪਾ ਕਰ ਕੇ ਬਖ਼ਸ਼ੀ ਹੈ, ਉਸ ਦੀ ਪੂਰਤੀ ਕਰਨੀ ਚਾਹੁੰਦਾ ਹੈ ਪਰ ਐਸਾ ਕਰ ਨਹੀਂ ਪਾਉਂਦਾ। ਦਾਸ ਦਾ ਇਹ ਆਪਣਾ ਜ਼ਿਕਰ ਦੱਸਣ ਦਾ ਕਾਰਨ ਸਿਰਫ ਇਤਨਾ ਹੀ ਹੈ ਕਿ ਦਾਸ ਦੀ ਹੀ ਤਰ੍ਹਾਂ ਕਈ ਵਾਰ ਹੋਰ ਵੀ ਕਈ ਗੁਰਮੁਖ ਪਿਆਰਿਆਂ ਨਾਲ ਕੀਰਤਨ ਵਲੋਂ ਜਾਂ ਕਿਸੇ ਧਾਰਮਿਕ ਔਹਦੇ ਵਲੋਂ ਐਸੀ ਗੱਲ ਬਣ ਜਾਂਦੀ ਹੈ ਕਿ ਉਹ ਚਾਹੁੰਦੇ ਹੋਏ ਵੀ ਸ਼ਰੇਆਮ ਐਸੀ ਕਾਰਵਾਈ ਨਹੀਂ ਕਰ ਸਕਦੇ। ਆਪਣੀ ਭੁੱਖ ਪੂਰੀ ਨਹੀਂ ਕਰ ਸਕਦੇ।

ਗੁਰੂ ਅਰਜਨ ਸਾਹਿਬ ਜੀ ਦੇ ਜੀਵਨ ਵਿਚੋਂ ਇਸ ਭੁੱਖ ਨੂੰ ਪੂਰਾ ਕਰਨ ਦਾ ਰਸਤਾ ਮਿਲਦਾ ਹੈ। ਕਾਬਲ ਤੋਂ ਸੰਗਤ ਆਈ ਸੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਤੇ ਰਸਤੇ ਵਿਚ ਰਾਤ ਹੋ ਜਾਣ ਕਾਰਨ ਪੁਤਲੀ ਘਰ, 'ਪਿਪਲੀ ਸਾਹਿਬ' ਵਿਖੇ ਰੁਕੀ। ਗੁਰੂ ਅਰਜਨ ਦੇਵ ਜੀ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਸੋਚਿਆ ਇਹ ਮੌਕਾ ਮਿਲਿਆ ਹੈ। ਸੰਗਤਾਂ ਦੀ ਸੇਵਾ ਕਰ ਕੇ ਆਪਣੀ ਭੁੱਖ ਦੀ ਪੂਰਤੀ ਕਰੀਏ। ਉਨ੍ਹਾਂ ਨੇ ਸਿਰ ਉਤੇ ਵੱਡਾ ਸਾਰਾ ਖੇਸਾ ਜਿਹਾ ਬੰਨ੍ਹ ਲਿਆ ਤਾਂ ਕਿ ਕੋਈ ਪਛਾਣ ਨਾ ਸਕੇ ਤੇ ਉਸ ਅਸਥਾਨ 'ਤੇ ਪਹੁੰਚ ਗਏ ਜਿਥੇ ਸੰਗਤ ਰੁਕੀ ਸੀ। ਹੁਣ ਸੰਗਤ ਸੋਚਦੀ ਹੈ ਕਿ ਗੁਰੂ ਸਾਹਿਬ ਨੇ ਆਪਣਾ ਕੋਈ ਸਿੱਖ ਭੇਜਿਆ ਹੈ (ਕਿਉਂਕਿ ਸੰਗਤ ਨੇ ਗੁਰੂ ਰਾਮਦਾਸ ਜੀ ਦੇ ਦਰਸ਼ਨ ਤਾਂ ਕੀਤੇ ਸਨ, ਪਰ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਪ੍ਰਾਪਤ ਹੋਣ ਤੋਂ ਬਾਅਦ ਸੰਗਤ ਪਹਿਲੀ ਵਾਰੀ ਆਈ ਸੀ) ਗੁਰੂ ਅਰਜਨ ਦੇਵ ਜੀ ਨੇ ਆਪਣੀ ਸੇਵਾ ਦੀ ਭੁੱਖ ਮਿਟਾਉਣ ਲਈ ਸਿੱਖ ਦੇ ਭੇਸ ਵਿਚ ਸੰਗਤਾਂ ਨੂੰ ਪੱਖਾ ਝੱਲਿਆ, ਸੰਗਤ ਨੂੰ ਜਲ ਛਕਾਇਆ। ਜੇ ਕਿਸੇ ਹੋਰ ਪ੍ਰੇਮੀ ਨੇ ਆ ਕੇ ਆਖਿਆ ਕਿ ਮੈਂ ਜਲ ਛਕਾਉਣ ਦੀ ਸੇਵਾ ਕਰਦਾ ਹਾਂ, ਤਾਂ ਕਹਿੰਦੇ ਤੂੰ ਛਕਾ ਲੈ ਕਿਉਂਕਿ ਜੇ ਦੂਸਰਾ ਕੋਈ ਕਹੇ ਸੇਵਾ ਮੈਂ ਕਰਨੀ ਹੈ ਤਾਂ ਫਿਰ ਦੇਣਾ ਵੀ ਜ਼ਰੂਰੀ ਹੈ। (ਇਸ ਗੱਲ ਤੋਂ ਆਪਣੇ ਲਈ ਸੇਧ ਵੀ ਲੈਣੀ) ਹੁਣ ਜਦੋਂ ਜਲ ਛਕਾਉਣ ਦੀ ਸੇਵਾ ਕਿਸੇ ਹੋਰ ਪ੍ਰੇਮੀ ਨੇ ਸੰਭਾਲ ਲਈ ਤਾਂ ਗੁਰੂ ਸਾਹਿਬ ਜੂਠੇ ਗਿਲਾਸ ਇਕੱਠੇ ਕਰਨ ਲਗ ਪਏ। ਹੁਣ ਇਹ ਨਹੀਂ ਕਿ ਮੈਂ ਗੁਰੂ ਹੋ ਕੇ ਸੰਗਤਾਂ ਦੇ ਜੋ ਮੇਰੇ ਦਰਸ਼ਨਾਂ ਨੂੰ ਆਈਆਂ ਹਨ, ਉਨ੍ਹਾਂ ਦੇ ਹੀ

ਜੂਠੇ ਬਰਤਨ ਚੁੱਕਾਂ, ਬਲਕਿ ਬੜੇ ਚਾਓ ਤੇ ਬੜੇ ਰਸ ਵਿਚ, ਅਨੰਦ ਵਿਚ ਮਗਨ ਹੋ ਕੇ ਇਹ ਸੇਵਾ ਵੀ ਕੀਤੀ, ਸੰਗਤਾਂ ਨੂੰ ਆਪਣੇ ਹੱਥੀਂ ਪ੍ਰਸ਼ਾਦ ਵੀ ਵੰਡਿਆ। ਇਥੇ ਹੀ ਬੱਸ ਨਹੀਂ, ਅਜੇ ਵੀ ਉਨ੍ਹਾਂ ਦੀ ਭੁੱਖ ਪੂਰੀ ਨਹੀਂ ਹੋਈ। ਹੱਦ ਹੋ ਗਈ, ਗੁਰੂ ਸਾਹਿਬ ਨੇ ਆਪਣੀ ਭੁੱਖ ਪੂਰੀ ਕਰਨ ਲਈ ਬਜ਼ੁਰਗਾਂ ਦੀਆਂ ਲੱਤਾਂ ਵੀ ਘੁੱਟੀਆਂ। ਸਾਰੇ ਬੰਨਿਓਂ ਹੀ ਹੱਦ ਟੱਪ ਗਈ। ਜਦੋਂ ਸੰਗਤਾਂ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਗਈਆਂ। ਆਪ ਜੀ ਬਾਹਰ ਸੰਗਤਾਂ ਦੇ ਜੋੜਿਆਂ ਦੀ ਰਾਖੀ ਲਈ ਬੈਠ ਗਏ ਤੇ ਬੜੀ ਖ਼ੁਸ਼ੀ-ਖ਼ੁਸ਼ੀ ਸ਼ੁਕਰ-ਸ਼ੁਕਰ ਕਰਦੇ ਆਪਣੇ ਗਲੇ ਦੇ ਹਜ਼ੂਰੀਏ ਨਾਲ ਸੰਗਤ ਦੇ ਜੋੜੇ ਵੀ ਸਾਫ ਕੀਤੇ।

ਕੋਈ 14-15 ਸਾਲ ਪਹਿਲਾਂ ਦਾ ਜ਼ਿਕਰ ਯਾਦ ਆ ਗਿਆ ਜੋ ਦਾਸ ਨੇ ਆਪਣੀ ਅੱਖੀਂ ਵੀ ਵੇਖਿਆ। ਬਾਬਾ ਕੁੰਦਨ ਸਿੰਘ ਜੀ ਕਿੰਨੀ ਬੰਦਗੀ, ਇਤਨੀ ਉੱਚੀ ਅਵਸਥਾ ਦੇ ਮਾਲਕ ਕਿ ਜੋ ਕਿਸੇ ਨੂੰ ਬਚਨ ਕਰ ਦੇਣਾ, ਪੂਰਾ ਹੋਣਾ, ਉਹ ਵੀ ਆਪਣੀ ਇਸ ਭੁੱਖ ਨੂੰ ਪੂਰਾ ਕਰਨ ਲਈ ਦੁਪਹਿਰ ਦੇ ਸਮੇਂ ਜਦੋਂ ਸਾਰੇ ਸੇਵਕ ਅਰਾਮ ਵਿਚ ਹੋ ਜਾਂਦੇ ਸਨ, ਉਤੋਂ ਦੀ ਸਿਰੋਪਾ ਲੈ ਕੇ ਤੇ ਮੂੰਹ 'ਤੇ ਕਪੜਾ ਦੇ ਲੈਂਦੇ ਕਿ ਕੋਈ ਪਛਾਣ ਨਾ ਲਵੇ ਤੇ ਆਪਣੇ ਹੱਥੀਂ ਝਾੜੂ ਦੇਣਾ ਤੇ ਸੰਗਤਾਂ ਦੇ ਜੂਠੇ ਬਰਤਨ ਇਧਰੋਂ ਉਧਰੋਂ ਇਕੱਠੇ ਕਰ ਕੇ, ਆਪਣੇ ਹੱਥੀਂ ਉਨ੍ਹਾਂ ਨੂੰ ਮਾਂਜਣਾ, ਧੋਣਾ ਤੇ ਬੜੇ ਹੀ ਪ੍ਰਸੰਨ ਹੋਣਾ।

ਬਾਬਾ ਨੰਦ ਸਿੰਘ ਜੀ ਨੇ ਇੰਨੀ ਕਮਾਈ, ਬੰਦਗੀ, ਜਪ, ਤਪ ਅਵਸਥਾ ਦੇ ਹੁੰਦਿਆਂ ਆਪਣੇ ਗਲ ਦੇ ਹਜ਼ੂਰੀਏ ਨਾਲ ਦਰਸ਼ਨ ਕਰਨ ਆਈਆਂ ਸੰਗਤ ਦੇ ਜੋੜਿਆਂ ਦੀ ਸੇਵਾ ਕਰਨੀ। ਭਾਈ ਡਰੋਲੀ ਨੂੰ ਬਾਬਾ ਜੀ ਦਾ ਸੰਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਇਕ ਵਾਰੀ ਜ਼ਿਕਰ ਸੁਣਾਇਆ ਕਿ ਮੈਂ ਇਕ ਵਾਰੀ ਬਾਬਾ ਜੀ ਦੇ ਦਰਸ਼ਨ ਕਰਨ ਗਿਆ ਤੇ ਕਿਸੇ ਕੋਲੋਂ ਪਤਾ ਲੱਗਾ ਕਿ ਬਾਬਾ ਜੀ ਆਪਣੇ ਆਸਣ 'ਤੇ ਨਹੀਂ ਹਨ। ਮੈਂ ਸੋਚਿਆ ਠਾਠ ਦੇ ਦਰਸ਼ਨ ਕਰ ਲਈਏ। ਉਸ ਨੇ ਦਸਿਆ ਕਿ ਜਦੋਂ ਜੋੜੇ ਲਾਹੁਣ ਲਈ ਜੋੜੇ ਘਰ ਵਲ ਗਿਆ ਤਾਂ ਉਥੇ ਨਿੰਮਾ-ਨਿੰਮਾ ਹਨੇਰਾ ਸੀ। ਜਦੋਂ ਮੈਂ ਜੋੜਾ ਉਤਾਰਨ ਲੱਗਾ ਤਾਂ ਇੰਝ ਮਹਿਸੂਸ ਹੋਇਆ ਕਿ ਉਥੇ ਕੋਈ ਜੋੜਾ ਚੁੱਕਣ ਦੀ ਤਾਕ ਵਿਚ ਬੈਠਾ ਹੋਇਆ ਹੈ। ਜਦੋਂ ਮੈਂ ਪੁੱਛਿਆ, ਭਾਈ ਤੂੰ ਕੌਣ ਹੈਂ ? ਤਾਂ ਉਸ ਨੇ ਅੱਗੋਂ ਕੋਈ ਜਵਾਬ ਨਾ ਦਿੱਤਾ ਜਿਸ ਕਾਰਨ ਮੇਰਾ ਸ਼ਕ ਹੋਰ ਪੱਕਾ ਹੋ ਗਿਆ। ਮੇਰੇ ਬਾਰ-ਬਾਰ ਪੁੱਛਣ 'ਤੇ ਵੀ ਉਹ ਕੁਝ ਨਾ ਬੋਲਿਆ ਤਾਂ ਮੈਂ ਉਸ ਨੂੰ ਮੋਢੇ ਤੋਂ ਪਕੜ ਕੇ ਹਿਲਾਇਆ ਤੇ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਬਾਬਾ ਜੀ ਮੂੰਹ ਨੀਵਾਂ ਪਾਈ ਆਪ ਜੋੜਿਆਂ ਵਿਚ ਬੈਠੇ ਹੋਏ ਸਨ ਤੇ ਆਪਣੇ ਗਲੇ ਦੇ ਹਜ਼ੂਰੀਏ ਨਾਲ ਇਕ-ਇਕ ਜੋੜਾ ਸਾਫ ਕਰ ਰਹੇ ਸਨ। ਭਾਈ ਡਰੋਲੀ ਕਹਿਣ ਲੱਗਾ ਕਿ ਮੇਰਾ ਰੋਣਾ ਨਿਕਲ ਗਿਆ ਤੇ ਮੈਂ ਬਾਬਾ ਜੀ ਕੋਲੋਂ ਮਾਫ਼ੀ ਮੰਗਣ ਲੱਗਾ ਕਿ ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋ ਗਈ ਹੈ। ਮੈਂ ਤੁਹਾਨੂੰ ਪਛਾਣ ਨਹੀਂ ਸਕਿਆ, ਮੈਨੂੰ ਬਖ਼ਸ਼ ਦਿਓ, ਬਖ਼ਸ਼ ਦਿਓ। ਨਾਲ ਹੀ ਪੁੱਛ ਲੀਤਾ, ਬਾਬਾ ਜੀ ! ਤੁਹਾਡੀ ਇਤਨੀ ਕਮਾਈ, ਇਤਨਾ

ਜਪ, ਤਪ, ਇਤਨੀ ਉੱਚੀ ਅਵਸਥਾ ਤੇ ਜੋੜਿਆਂ ਦੀ ਸੇਵਾ ਵਿਚ ਬੈਠੇ ਹੋ ? ਬਾਬਾ ਜੀ ਕਹਿਣ ਲੱਗੇ, ਇੰਝ ਲਗਦਾ ਹੈ ਜਿਵੇਂ ਤੂੰ ਕਦੀ ਸੰਗਤ ਦੇ ਜੋੜੇ ਨਹੀਂ ਝਾੜੇ ਤਾਂ ਹੀ ਤੂੰ ਅਨੰਦ ਤੇ ਸੁਆਦ ਤੋਂ ਜਾਣੂ ਨਹੀਂ ਕਿਉਂਕਿ ਤੂੰ ਇਹ ਰਸ ਚਖਿਆ ਹੀ ਨਹੀਂ ਲੱਗਦਾ।

ਸੰਤ ਬਾਬਾ ਸ਼ਾਮ ਸਿੰਘ ਜੀ ਨੇ ਦਰਬਾਰ ਸਾਹਿਬ ਜਾ ਕੇ ਛਬੀਲ 'ਤੇ ਜਲ ਛਕਾਉਣ ਦੀ ਸੇਵਾ ਕਰਨੀ, ਪ੍ਰਕਰਮਾ ਵਿਚੋਂ ਖੁਰਪੀ ਨਾਲ ਕਬੂਤਰਾਂ ਦੀਆਂ ਵਿੱਠਾਂ ਇਕੱਠੀਆਂ ਕਰਕੇ ਥੈਲੀ ਵਿਚ ਪਾਉਣੀਆਂ। ਇਕ ਦਿਨ ਕਿਸੇ ਨੇ ਪੁੱਛ ਲਿਆ ਕਿ ਇਹ ਥੈਲੀ ਵਿਚ ਕੀ ਹੈ ? ਸੰਤ ਜੀ ਕਹਿੰਦੇ ਹਨ, ਇਸ ਵਿਚ ਉਹ ਪਦਾਰਥ ਹੈ ਜਿਸ ਨੂੰ ਇਕੱਠਾ ਕਰ ਕੇ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਹੁੰਦੀ ਹੈ। ਭਾਵ ਕਿ ਇਤਨੇ ਰੀਝ ਤੇ ਪ੍ਰੇਮ ਨਾਲ ਪ੍ਰਕਰਮਾ 'ਚ ਝਾੜੂ ਦੀ ਸੇਵਾ ਕਰਨੀ ਕਿ ਕਈ ਵੇਖਣ ਵਾਲਿਆਂ ਨੇ ਉਸ ਤੋਂ ਪ੍ਰਭਾਵਿਤ ਹੋ ਕੇ ਸੇਵਾ ਵਿਚ ਲੱਗ ਜਾਣਾ। ਇਹੀ ਨਹੀਂ, ਛਬੀਲ 'ਤੇ ਜੂਠੇ ਕੌਲੇ ਮਾਂਜਣ ਦੀ ਸੇਵਾ ਵੀ ਕਰਨੀ ਤੇ ਕਰਨੀ ਵੀ ਖ਼ੁਸ਼ੀ ਨਾਲ, ਸ਼ੁਕਰਾਨੇ ਨਾਲ ਤੇ ਖ਼ੁਸ਼ੀ ਨਾਲ ਸੇਵਾ ਤਾਂ ਉਹੀ ਕਰ ਸਕਦਾ ਹੈ, ਜਿਸ ਨੂੰ ਅੰਦਰੋਂ ਚਾਅ ਹੋਵੇ, ਭੁੱਖ ਹੋਵੇ।

ਆਓ ਅਰਦਾਸ ਕਰੀਏ ਸਤਿਗੁਰੂ ਪਾਤਿਸ਼ਾਹ ਦੇ ਚਰਨਾਂ ਵਿਚ ਕਿ ਸਾਡੇ ਸਾਰਿਆਂ ਦੇ ਜੀਵਨ ਵਿਚ ਵੀ ਐਸਾ ਸਮਾਂ ਆਵੇ, ਸਾਡੇ 'ਤੇ ਵੀ ਕਿਰਪਾ ਹੋ ਜਾਵੇ, ਐਸੀ ਬਖ਼ਸ਼ਿਸ਼ ਹੋ ਜਾਵੇ ਕਿ ਸਾਨੂੰ ਸਾਰਿਆਂ ਨੂੰ ਸੰਗਤਾਂ ਦੀ ਸੇਵਾ ਦਾ ਸੁਆਦ ਆਵੇ ਤੇ ਸੇਵਾ ਕਰਦਿਆਂ ਅਨੁਭਵੀ ਰਸ ਦੀ ਪ੍ਰਾਪਤੀ ਹੋਵੇ। ਸਤਿਗੁਰੂ ਕਿਰਪਾ ਕਰਨ, ਸਾਨੂੰ ਪੁੰਨਾਂ ਤੋਂ ਹੀਣਿਆਂ ਨੂੰ ਆਪਣੀ ਬਖ਼ਸ਼ਿਸ਼ ਦੇ ਖਾਤੇ ਵਿਚੋਂ ਕਿਰਪਾ ਕਰ ਕੇ ਸੇਵਾ ਸਿਮਰਨ ਦੀ ਭੁੱਖ ਬਖ਼ਸ਼ਣ, ਸਾਨੂੰ ਅਸਲੀ ਰਸ ਦੀ ਪ੍ਰਾਪਤੀ ਹੋਵੇ ਤੇ ਸਾਡੇ ਜੀਵਨ ਦਾ ਜੋ ਅਸਲੀ ਮਨੋਰਥ ਹੈ, ਜਿਸ ਦੇ ਲਈ ਮਨੁੱਖਾ ਜਨਮ ਮਿਲਿਆ ਹੈ ਉਹ ਪ੍ਰਾਪਤ ਕਰ ਸਕੀਏ।

☆☆☆

# ਸ਼ਰਧਾ ਦੀ ਛੇਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਹ ਆਪਣੇ ਗੁਰੂ ਨੂੰ ੧ ਨੰਬਰ ਅਤੇ ਦੁਨੀਆਂ ਨੂੰ ੨ ਨੰਬਰ 'ਤੇ ਰੱਖੇਗਾ

ਕਈ ਲੋਕ ਇਸ ਸੰਸਾਰ ਵਿੱਚ ਆਪਣੀ ਸਾਰੀ ਜ਼ਿੰਦਗੀ ਦੁਨੀਆਦਾਰਾਂ ਅਤੇ ਰਿਸ਼ਤੇਦਾਰਾਂ ਨੂੰ ਖ਼ੁਸ਼ ਕਰਨ ਵਿੱਚ ਲੱਗਾ ਦੇਂਦੇ ਹਨ ਪ੍ਰੰਤੂ ਉਹ ਖ਼ੁਸ਼ ਹੁੰਦੇ ਹੀ ਨਹੀਂ। ਇਕ ਖ਼ੁਸ਼ ਹੁੰਦਾ ਹੈ ਤੇ ਦੂਜਾ ਨਰਾਜ਼ ਹੋ ਜਾਂਦਾ ਹੈ, ਇਹ ਚੱਕਰ ਚੱਲਦਾ ਹੀ ਰਹਿੰਦਾ ਹੈ। ਕੋਈ ਵੀ ਇਨਸਾਨ ਹਰੇਕ ਨੂੰ ਖ਼ੁਸ਼ ਨਹੀਂ ਕਰ ਸਕਦਾ, ਇਸ ਲਈ ਜੇ ਚਾਹੁੰਦੇ ਹੋ ਆਪਣਾ ਹਲਤ-ਪਲਤ ਸਵਾਰਨਾ, ਜੇ ਚਾਹੁੰਦੇ ਹੋ ਤੁਹਾਡਾ 'ਇਹ ਲੋਕ ਸੁਖੀਏ-ਪ੍ਰਲੋਕ ਸੁਹੇਲੇ ਹੋ ਜਾਵੇ ਤਾਂ ਗੁਰੂ ਨੂੰ ਪ੍ਰੀਤਮ ਬਣਾ ਲਵੋ, ਗੁਰੂ ਵਲ ਮੁਖ ਕਰ ਲਵੋ, ਗੁਰੂ ਨੂੰ ਮਨਾ ਲਵੋ, ਗੁਰੂ ਨੂੰ ਖ਼ੁਸ਼ ਕਰ ਲਵੋ, ਜਿਸ ਦੇ ਹੁਕਮ ਵਿੱਚ ਸਭ ਕੁਝ ਹੈ। ਆਪੇ ਅੰਦਾਜ਼ਾ ਲਾ ਲਵੋ, ਗੁਰੂ ਆਪ ਨਿਰੰਕਾਰ ਹੈ, ਜਿਸ ਦੇ ਹੁਕਮ ਵਿੱਚ ਸਾਰੀ ਸ੍ਰਿਸ਼ਟੀ ਹੈ, ਸ੍ਰਿਸ਼ਟੀ ਦਾ ਹਰ ਕਣ, ਹਰ ਪੱਤਾ, ਹਰ ਜੀਵ ਜੰਤੂ, ਹਰ ਇਨਸਾਨ ਜਿਸ ਦੇ ਹੁਕਮ ਵਿੱਚ ਹੈ, ਜੇ ਉਸ ਵਲ ਮੁਖ ਕਰ ਲਵੋਗੇ, ਉਸ ਨੂੰ ਖ਼ੁਸ਼ ਕਰ ਲਵੋਗੇ ਤਾਂ ਫਿਰ ਦੀਨ ਦੁਨੀਆਂ ਦੀ ਕਿਹੜੀ ਐਸੀ ਸ਼ੈਅ ਹੈ ਜਿਸ ਨੂੰ ਉਹ ਹੁਕਮ ਲਾ ਕੇ ਤੁਹਾਡੇ ਚਰਨਾਂ ਵਿੱਚ ਨਹੀਂ ਲਿਆ ਸਕਦਾ। ਜਿਸ ਦੇ ਹੱਥ ਵਿੱਚ ਡੋਰੀ ਹੈ ਉਸ ਵਲ ਮੁਖ ਕਰ ਲਈਏ, ਦੁਨੀਆਂ ਦੇ ਸੁਖ, ਮਾਇਆ, ਰਿਸ਼ਤੇਦਾਰ ਸਭ ਤੁਹਾਡੇ ਮਗਰ ਲੱਗੇ ਫਿਰਨਗੇ। ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੀ ਇਕ ਇਤਿਹਾਸਕ ਸਾਖੀ ਤੋਂ ਵੀ ਇਹੀ ਸੇਧ ਮਿਲਦੀ ਹੈ।

ਇਕ ਵਾਰ ਗੁਰੂ ਨਾਨਕ ਸਾਹਿਬ ਖੇਤਾਂ ਵਿੱਚ ਆਪਣੇ ਸੁੰਦਰ ਸੀਸ ਦੇ ਹੇਠਾਂ ਆਪਣੀ ਬਾਂਹ ਰਖ ਕੇ ਆਰਾਮ ਕਰ ਰਹੇ ਸਨ। ਉਧਰੋਂ ਦੀ ਦੋ ਔਰਤਾਂ ਲੰਘੀਆਂ। ਜਦੋਂ ਉਨ੍ਹਾਂ ਦੀ ਨਜ਼ਰ ਗੁਰੂ ਸਾਹਿਬ ਵਲ ਪਈ ਤੇ ਇਕ ਔਰਤ, ਗੁਰੂ ਸਾਹਿਬ ਵਲ ਇਸ਼ਾਰਾ ਕਰਕੇ ਦੂਸਰੀ ਨੂੰ ਕਹਿਣ ਲੱਗੀ, ਵੇਖੀਂ ਭੈਣ, ਉਂਝ ਤਾਂ ਇਹ ਸਾਧੂ ਬਣਿਆ ਫਿਰਦਾ ਹੈ ਪਰ ਸਿਰਹਾਣਾ ਪਿਆ ਭਾਲਦਾ ਹੈ। ਗੁਰੂ ਸਾਹਿਬ ਦੇ ਕੰਨੀ ਜਦੋਂ ਉਸ ਬੀਬੀ ਦੀ ਇਹ

SIKHBOOKCLUB.COM

ਗੱਲ ਪਈ ਤਾਂ ਉਨ੍ਹਾਂ ਨੇ ਆਪਣੇ ਸੀਸ ਹੇਠੋਂ ਬਾਂਹ ਕੱਢ ਲਈ ਤਾਂ ਨਾਲ ਹੀ ਦੂਸਰੀ ਬੀਬੀ ਬੋਲ ਪਈ, ਕਹਿੰਦੀ ਹੈ, ਵੇਖ ਨੀ ਭੈਣੇ, ਉਂਝ ਤਾਂ ਸਾਧੂ ਬਣਿਆ ਫਿਰਦਾ ਹੈ ਪਰ ਆਕੜ ਕਿੰਨੀ ਹੈ। ਗੁਰੂ ਸਾਹਿਬ ਨੇ ਹੁਣ ਉਨ੍ਹਾਂ ਬੀਬੀਆਂ ਵੱਲ ਪਿੱਠ ਕਰ ਲਈ ਤੇ ਸਮਝ ਗਏ ਕਿ ਦੁਨੀਆਂ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਬਾਬਾ ਜੀ ਵੀ ਬਚਨ ਕਰਦੇ ਸਨ 'ਸੂਰਜ ਵੱਲ ਮੁਖ ਕਰ ਲਵੋ, ਪਰਛਾਵਾਂ ਆਪਣੇ ਆਪ ਹੀ ਮਗਰ-ਮਗਰ ਤੁਰ ਪਵੇਗਾ ਤੇ ਜੋ ਪਰਛਾਵੇਂ ਮਗਰ ਦੌੜੇ ਸੂਰਜ ਵੱਲ ਪਿੱਠ ਕਰਕੇ ਤਾਂ ਇਹ ਹੱਥ ਹੀ ਨਹੀਂ ਆਉਂਦਾ। ਬਾਬਾ ਜੀ ਸੁਮੱਤ ਦੇਂਦੇ ਹਨ ਕਿ ਨਾ ਭੱਜਣ ਦੀ ਲੋੜ ਹੈ ਤੇ ਨਾ ਫੜਨ ਦੀ, ਇਸ ਨੂੰ ਮਗਰ ਲਗਾਉਣ ਦਾ ਇਕੋ ਤਰੀਕਾ ਹੈ ਕਿ ਸੂਰਜ ਵੱਲ ਮੂੰਹ ਕਰ ਲਵੋ, ਪਰਛਾਵਾਂ ਆਪੇ ਹੀ ਮਗਰ ਲਗ ਜਾਵੇਗਾ। ਸੂਰਜ ਕੌਣ ਹੈ—ਗੁਰੂ, ਪਰਛਾਵਾਂ ਕੀ ਹੈ—ਗੁਰੂ ਵੱਲ ਮੂੰਹ ਕਰ ਲਵੋ, ਮਾਇਆ ਵੀ ਆਪ ਪਿੱਛੇ ਲੱਗ ਤੁਰੇਗੀ। ਭਗਤ ਨਾਮਦੇਵ ਜੀ ਵੀ ਆਪਣੀ ਰਚਿਤ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਦੇ ਰਾਹੀਂ ਸਾਨੂੰ ਇਹੀ ਸੇਧ ਦੇ ਰਹੇ ਹਨ-

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥*
*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*

(ਅੰਗ ੬੫੭)

SIKHBOOKCLUB.COM

ਇਤਿਹਾਸ ਲਿਖਦਾ ਹੈ ਕਿ ਇਕ ਵਾਰੀ ਭਗਤ ਨਾਮਦੇਵ ਜੀ ਆਪਣੇ ਪ੍ਰਵਾਰ ਸਹਿਤ ਤੀਰਥ ਯਾਤ੍ਰਾ ਲਈ ਗਏ। ਕੁਝ ਸਾਲ ਬਾਅਦ ਜਦੋਂ ਵਾਪਸ ਮੁੜੇ ਤਾਂ ਕੀ ਵੇਖਿਆ ਕਿ ਉਨ੍ਹਾਂ ਦੀ ਝੌਂਪੜੀ ਦੀ ਜਗ੍ਹਾ 'ਤੇ ਇਕ ਸੁੰਦਰ ਮਹਿਲ ਖੜਾ ਹੈ। ਆਸ-ਪੜੋਸ ਤੋਂ ਪੁੱਛਣ ਤੇ ਪਤਾ ਲਗਿਆ ਕਿ ਸੇਠ ਨੇ ਆਪਣਾ ਮਹਿਲ ਬਣਾਉਂਦੇ ਸਮੇਂ ਉਸ ਦੀ ਛੱਪੜੀ ਵਾਲੀ ਜਗ੍ਹਾ ਵੀ ਵਿਚੇ ਹੀ ਮਿਲਾ ਲੀਤੀ ਹੈ। ਭਗਤ ਨਾਮਦੇਵ ਜੀ ਕਿਸੇ ਹੋਰ ਜਗ੍ਹਾ 'ਤੇ ਆਪਣੀ ਛੱਪੜੀ ਬਣਾਉਣ ਲਈ ਸਰਕੜਾ ਲੈਣ ਚਲੇ ਗਏ। ਜਦੋਂ ਸਰਕੜੇ ਦੇ ਬੂਟੇ ਨੂੰ ਦਾਤਰੇ ਨਾਲ ਵੱਢਣਾ ਸ਼ੁਰੂ ਕੀਤਾ ਤਾਂ ਉਸ ਉਤੇ ਤਰੇਲ ਦੇ ਕਤਰੇ ਵੇਖ ਕੇ ਉਨ੍ਹਾਂ ਦਾ ਹਿਰਦਾ ਦ੍ਰਵਿਤ ਹੋ ਗਿਆ। (ਰੱਬ ਦੇ ਭਗਤਾਂ ਦਾ ਹਿਰਦਾ ਬਹੁਤ ਨਰਮ ਹੁੰਦਾ ਹੈ, ਉਹ ਕਿਸੇ ਦਾ ਵੀ ਦੁੱਖ ਬਰਦਾਸ਼ਤ ਨਹੀਂ ਕਰ ਸਕਦੇ, ਕਿਉਂਕਿ ਉਹ ਹਰ ਕਣ-ਕਣ ਵਿੱਚ ਉਸ ਪ੍ਰਮੇਸ਼ਰ ਨੂੰ ਸਮਾਇਆ ਹੋਇਆ ਮਹਿਸੂਸ ਕਰਦੇ ਹਨ) ਭਗਤ ਜੀ ਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਇਹ ਬੂਟੇ ਦਾਤਰੀ ਦੇ ਦੁੱਖ ਕਰ ਕੇ ਰੋਏ ਹਨ। ਇਹ ਸਭ ਵੇਖ ਭਗਤ ਜੀ ਦੀ ਸਮਾਧੀ ਲਗ ਗਈ। ਭਗਤ ਦਾ ਇਤਨਾ ਪ੍ਰੇਮ ਤੇ ਨਰਮ ਹਿਰਦਾ ਵੇਖ ਕੇ ਪ੍ਰਮੇਸ਼ਰ ਨੇ ਆਪ ਮਿਸਤ੍ਰੀ ਦਾ ਰੂਪ ਧਾਰ ਕੇ ਉਸ ਦੇ ਲਈ ਸੁੰਦਰ ਛਪੜੀ ਤਿਆਰ ਕਰ ਦਿੱਤੀ ਤੇ ਨਾਮਦੇਵ ਜੀ ਨੂੰ ਆਖਿਆ, ਆਪਣੇ ਘਰ ਜਾ, ਤੇਰੀ ਛਪੜੀ ਤਿਆਰ

ਹੋ ਗਈ ਹੈ। ਭਗਤ ਜੀ ਦੀ ਇਤਨੀ ਸੁੰਦਰ ਛਪੜੀ ਵੇਖ ਕੇ ਉਨ੍ਹਾਂ ਦੀ ਪੜੋਸਣ ਕਹਿਣ ਲੱਗੀ, ਤੇਰੀ ਛਪੜੀ ਬੜੀ ਸੁੰਦਰ ਹੈ, ਮੈਨੂੰ ਵੀ ਆਪਣਾ ਕਾਰੀਗਰ ਲਿਆ ਦੇ, ਉਸ ਦੀ ਕੀ ਮਜ਼ਦੂਰੀ ਹੈ, ਉਹ ਕਿਥੇ ਤੇ ਕਿਵੇਂ ਮਿਲੇਗਾ, ਮੈਂ ਉਸ ਨੂੰ ਦੁਗਣੀ ਮਜ਼ਦੂਰੀ ਦੇਣ ਲਈ ਤਿਆਰ ਹਾਂ। ਇਹੀ ਜਵਾਬ ਭਗਤ ਨਾਮਦੇਵ ਜੀ ਨੇ ਆਪਣੀ ਉਸ ਗੁਆਂਢਣ ਨੂੰ ਇਹ ਸ਼ਬਦ ਉਚਾਰ ਕੇ ਦਿੱਤਾ ਜੋ ਸਾਡੇ ਲਈ ਵੀ ਬੜੀ ਵੱਡੀ ਸੇਧ ਹੈ ਕਿ ਜੇ ਤੂੰ ਆਪਣੀ ਪ੍ਰੀਤ ਲੋਕਾਂ ਨਾਲੋਂ, ਰਿਸ਼ਤੇਦਾਰਾਂ ਨਾਲੋਂ, ਦੁਨੀਆਂ ਨਾਲੋਂ ਤੋੜ ਕੇ ਉਸ ਪ੍ਰਮੇਸ਼ਰ ਨਾਲ ਜੋੜ ਲਵੇਂ ਤਾਂ ਉਹ ਪ੍ਰਮਾਤਮਾ ਤੈਨੂੰ ਮਿਲ ਜਾਵੇਗਾ ਭਾਵ ਤੇਰੇ ਸਾਰੇ ਹੀ ਕਾਰਜ ਉਹ ਆਪ ਹੀ ਸੁਆਰ ਦੇਵੇਗਾ।

ਇਥੇ ਇਕ ਗੱਲ ਯਾਦ ਰਖਿਓ, ਜਿਹੜੇ ਦੁਨੀਆਂ ਨੂੰ 2 ਨੰਬਰ ਅਤੇ ਗੁਰੂ ਨੂੰ 1 ਨੰਬਰ ਤੇ ਰੱਖਦੇ ਹਨ, ਦੁਨੀਆਂ ਦੇ ਅਨਜਾਣ ਤੇ ਨਾ ਸਮਝ ਲੋਕ ਅਜਿਹੇ ਭਗਤਾਂ ਦੇ ਵਿਰੋਧੀ ਬਣ ਜਾਂਦੇ ਹਨ, ਉਨ੍ਹਾਂ ਦੇ ਰਸਤੇ ਵਿੱਚ ਕਈ ਤਰ੍ਹਾਂ ਦੀਆਂ ਰੁਕਾਵਟਾਂ ਖੜੀਆਂ ਕਰ ਦੇਂਦੇ ਹਨ, ਇਥੋਂ ਤੱਕ ਕਿ ਕਈ ਵਾਰ ਆਪਣੇ ਘਰ-ਪ੍ਰਵਾਰ ਵਾਲੇ ਵੀ ਦੁਸ਼ਮਨ ਬਣ ਕੇ ਰਾਹ ਰੋਕਦੇ ਹਨ ਪਰ ਪ੍ਰਮਾਤਮਾ ਦੇ ਸੱਚੇ ਆਸ਼ਕ ਇਨ੍ਹਾਂ ਸਭ ਦੀ ਪ੍ਰਵਾਹ ਨਾ ਕਰਦੇ ਹੋਏ ਬੇਪ੍ਰਵਾਹ ਤੇ ਬੇਖ਼ੌਫ਼ ਹੋ ਕੇ ਪ੍ਰੀਤ ਦੇ ਰਸਤੇ 'ਤੇ ਤੁਰੇ ਜਾਂਦੇ ਹਨ। ਉਨ੍ਹਾਂ ਨੂੰ ਦੁਨੀਆਂ ਦੀ ਕੋਈ ਪ੍ਰਵਾਹ ਨਹੀਂ ਹੁੰਦੀ। ਫਿਕਰ ਹੁੰਦੀ ਹੈ ਤਾਂ ਇਕੋ ਕਿ ਕਿਧਰੇ ਉਨ੍ਹਾਂ ਦੀ ਗੁਰੂ ਨਾਲੋਂ ਪ੍ਰੀਤ ਨਾ ਟੁੱਟ ਜਾਵੇ, ਕਿਧਰੇ ਉਨ੍ਹਾਂ ਦਾ ਗੁਰੂ ਨਾਲ ਪਿਆਰ ਨਾ ਖੁੱਸ ਜਾਵੇ, ਦੁਨੀਆਂ ਰੁੱਸਦੀ ਹੈ ਤਾਂ ਰੁੱਸ ਜਾਵੇ-

*'ਮੇਰਾ ਰੁੱਸੇ ਨਾ ਕਲਗੀਆਂ ਵਾਲਾ ਜੱਗ ਭਾਵੇਂ ਸਾਰਾ ਰੁੱਸ ਜੇ।'*

ਜਿਨ੍ਹਾਂ ਦੀ ਪ੍ਰੀਤ ਆਪਣੇ ਗੁਰੂ ਵੱਲ ਹੈ, ਇਤਿਹਾਸ ਗਵਾਹ ਹੈ ਕਿ ਉਹ ਆਰੇ ਨਾਲ ਦੋ-ਫਾੜ ਹੋ ਜਾਂਦੇ ਹਨ, ਬੰਦ-ਬੰਦ ਕੱਟਵਾ ਲੈਂਦੇ ਹਨ ਪਰ ਆਪਣੇ ਗੁਰੂ ਤੋਂ ਮੁਖ ਨਹੀਂ ਮੋੜਦੇ, ਆਪਣੇ ਗੁਰੂ ਨਾਲ ਜੁੜੇ ਰਹਿੰਦੇ ਹਨ। ਧੰਨ ਹਨ ਕਲਗੀਧਰ ਪਾਤਸ਼ਾਹ ਤੇ ਧੰਨ ਹਨ ਕਲਗੀਧਰ ਪਾਤਸ਼ਾਹ ਦੇ ਸਿੱਖ । ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਆਪਣਾ ਸਰਬੰਸ ਖਾਲਸਾ ਕੌਮ ਤੋਂ ਵਾਰ ਕੇ ਆਪਣੇ ਸਿੱਖਾਂ ਅੰਦਰ ਇਹ ਜਜ਼ਬਾ ਭਰ ਦਿੱਤਾ ਕਿ ਆਪਣਾ ਧਰਮ ਬਚਾਉਣ ਦੀ ਖ਼ਾਤਰ ਅਗਰ ਆਪਣਾ ਸਭ ਕੁਝ ਵੀ ਵਾਰਨਾ ਪਵੇ ਤਾਂ ਵੀ ਆਪਣੀ ਸਿੱਖੀ ਤੋਂ ਪਿਛੇ ਨਹੀਂ ਹੱਟਣਾ, ਆਪਣੇ ਗੁਰੂ ਤੋਂ ਮੁਖ ਨਹੀਂ ਮੋੜਨਾ। ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਦਾ ਇਤਿਹਾਸ ਪੜ੍ਹ ਕੇ ਰੌਂਗਟੇ ਖੜੇ ਹੋ ਜਾਂਦੇ ਹਨ ਕਿ ਉਨਾਂ ਨੇ ਆਪਣੀ ਸਿੱਖੀ ਨੂੰ ਬਚਾਉਣ ਲਈ, ਆਪਣੇ ਧਰਮ ਨੂੰ ਬਚਾਉਣ ਲਈ ਅਸਹਿ ਤੇ ਅਕਹਿ ਕਸ਼ਟ ਸਹਾਰੇ। ਭਾਈ ਮਨੀ ਸਿੰਘ ਜੀ ਦਾ ਸਾਰਾ ਪ੍ਰਵਾਰ ਹੀ (11 ਭਰਾ, 10 ਪੁੱਤਰਾਂ ਵਿਚੋਂ 7 ਪੁੱਤਰ ਤੇ ਕਈ ਪੋਤਰੇ) ਸਿੱਖੀ ਸਿਦਕ ਨਿਬਾਹੁੰਦੇ ਹੋਏ ਸ਼ਹੀਦੀ

SIKHBOOKCLUB.COM

ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਵੀ ਸਿੱਖਾਂ ਲਈ ਇਕ ਚਾਨਣ ਮੁਨਾਰਾ ਹੈ। ਉਨ੍ਹਾਂ ਨੂੰ ਵੀ ਆਖਿਆ ਗਿਆ ਸੀ ਕਿ ਜੇ ਤੂੰ ਸਿੱਖੀ ਨੂੰ ਤਿਆਗ ਦੇਵੇਂ ਤਾਂ ਤੇਰੀ ਜਾਨ ਬਖ਼ਸ਼ੀ ਜਾ ਸਕਦੀ ਹੈ ਪਰ ਧੰਨ ਗੁਰੂ ਦੇ ਸਿੱਖ ਭਾਈ ਤਾਰੂ ਸਿੰਘ ਜੀ ਕਹਿੰਦੇ ਹਨ, ਮੈਨੂੰ ਤਾਂ ਸਿੱਖੀ ਆਪਣੀ ਜਾਨ ਤੋਂ ਵਧ ਪਿਆਰੀ ਹੈ। ਹਕੂਮਤ ਵਲੋਂ ਉਨ੍ਹਾਂ ਦੇ ਕੇਸਾਂ ਸਮੇਤ ਖੋਪਰੀ ਨੂੰ ਸਿਰ ਤੋਂ ਅਲਗ ਕਰ ਦੇਣ ਦਾ ਹੁਕਮ ਹੋ ਗਿਆ। ਭਾਈ ਜੀ ਨੇ ਇਸ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ ਪਰ ਸਿੱਖੀ ਤੋਂ ਮੁਨਕਰ ਹੋ ਕੇ ਗੁਰੂ ਤੋਂ ਵੇਮੁਖ ਹੋਣਾ ਪ੍ਰਵਾਨ ਨਹੀਂ ਕੀਤਾ। ਮਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ ਗਲਾਂ ਵਿੱਚ ਪੁਆ ਲਏ ਪਰ ਸਿੱਖੀ ਸਿਦਕ ਤੋਂ ਨਹੀਂ ਡੋਲੀਆਂ। ਐਸੇ ਸਨ ਗੁਰੂ ਕਲਗੀਧਰ ਜੀ ਦੇ ਸਿੱਖ ਜਿਨ੍ਹਾਂ ਨੇ ਆਪਣੇ ਸਤਿਗਰੂ ਦੀ ਫੁਲਵਾੜੀ ਨੂੰ ਵਧਾਉਣ ਦੀ ਖ਼ਾਤਰ ਸਭ ਕੁਝ ਕੁਰਬਾਨ ਕਰ ਦਿੱਤਾ। ਅੱਜ ਅਸੀਂ ਇਸ ਫੁਲਵਾੜੀ ਨੂੰ ਆਪ ਹੀ ਉਜਾੜਨ 'ਤੇ ਲੱਗੇ ਹੋਏ ਹਾਂ। ਜਿਸ ਕੌਮ ਦਾ ਇਤਿਹਾਸ ਇੰਨੀਆਂ ਸ਼ਹੀਦੀਆਂ ਭਰਿਆ ਹੋਵੇ, ਜਿਸ ਸਿੱਖੀ ਦੇ ਮਹੱਲ ਦੀ ਹਰ ਇੱਟ ਦੇ ਥੱਲੇ ਕਈ ਸਿੱਖਾਂ ਦਾ ਖ਼ੂਨ ਤੇ ਕੁਰਬਾਨੀ ਦੱਬੀ ਹੋਵੇ, ਐਸੀ ਕੌਮ ਵਿੱਚ ਪੈਦਾ ਹੋਣ ਵਾਲੇ ਅਗਰ ਅੱਜ ਸਿੱਖੀ ਦੇ ਪ੍ਰਭਾਵ ਤੋਂ ਪਰੇ ਰਹਿਣ, ਇਹ ਬੜੀ ਸ਼ਰਮ ਭਰੀ ਤੇ ਦਰਦਨਾਕ ਗੱਲ ਹੈ। ਜਿਸ ਸਿੱਖੀ ਦੇ ਬੂਟੇ ਨੂੰ ਖ਼ੂਨ ਨਾਲ ਸਿੰਜਿਆ ਗਿਆ ਹੈ, ਸਾਨੂੰ ਤਾਂ ਚਾਹੀਦਾ ਹੈ ਕਿ ਉਸ ਨੂੰ ਐਸਾ ਦਰੱਖ਼ਤ ਬਣਾਈਏ ਜਿਸ ਦੀ ਛਾਂ ਦਾ ਅਨੰਦ ਹਰ ਕੋਈ ਪ੍ਰਾਪਤ ਕਰ ਸਕੇ ਨਾ ਕਿ ਆਪ ਹੀ ਸਿੱਖੀ ਤੋਂ ਦੂਰ ਹੋ ਕੇ ਇਸ ਛਾਂ ਦਾ ਅਨੰਦ ਮਾਨਣ ਤੋਂ ਵਾਂਝੇ ਰਹਿ ਜਾਈਏ। ਅਸਲ ਵਿੱਚ ਦੇਖਿਆ ਜਾਵੇ ਤਾਂ ਧਰਮ ਹੀ ਇਨਸਾਨ ਦੀ ਪਹਿਚਾਨ ਹੈ। ਉਸ ਪਰਮ ਪਿਤਾ ਪ੍ਰਮੇਸ਼ਰ ਨੇ ਜਿਸ ਕਿਸੇ ਨੂੰ ਵੀ ਜਿਸ ਧਰਮ ਵਿੱਚ ਪੈਦਾ ਕੀਤਾ ਹੈ, ਮੁਬਾਰਕ ਹੈ। ਸਾਰੇ ਹੀ ਧਰਮ ਚੰਗੇ ਹਨ ਪਰ ਜਿਹੜਾ ਇਨਸਾਨ ਆਪਣੇ ਧਰਮ ਨੂੰ ਪਿਆਰ ਨਹੀਂ ਕਰਦਾ, ਆਪਣੇ ਗੁਰੂ ਦੇ ਦੱਸੇ ਮਾਰਗ 'ਤੇ ਨਹੀਂ ਚੱਲਦਾ, ਉਹ ਇਨਸਾਨ ਹੋ ਕੇ ਵੀ ਪਸ਼ੂਆਂ ਵਰਗੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਜਿਸ ਇਨਸਾਨ ਨੂੰ ਆਪਣੇ ਗੁਰੂ ਦੀ ਕਦਰ ਨਹੀਂ, ਜਿਸ ਦੇ ਹਿਰਦੇ ਵਿੱਚ ਆਪਣੇ ਗੁਰੂ ਪ੍ਰਤੀ ਸਤਿਕਾਰ ਨਹੀਂ, ਪਿਆਰ ਨਹੀਂ, ਜਿਹੜਾ ਆਪਣੇ ਗੁਰੂ ਨਾਲੋਂ ਦੁਨੀਆਦਾਰੀ ਨੂੰ, ਆਪਣੇ ਰਿਸ਼ਤੇਦਾਰਾਂ ਨੂੰ, ਧਨ ਦੌਲਤ ਨੂੰ, ਮਾਣ ਇੱਜ਼ਤ ਨੂੰ ਵੱਧ ਮਹੱਤਵ ਦੇਂਦਾ ਹੈ, ਦਾਸ ਦੇ ਮੁਤਾਬਕ ਤਾਂ ਉਸ ਦਾ ਜੀਉਣਾ, ਧਰਤੀ 'ਤੇ ਆਉਣਾ ਹੀ ਨਿਹਫਲ ਹੈ।

ਧਰਮ ਸਾਰੇ ਹੀ ਚੰਗੇ ਹਨ ਪਰ ਜਦੋਂ ਕੋਈ ਸਿੱਖ ਧਰਮ ਨੂੰ ਸਮਝਦਾ ਹੈ, ਸਿੱਖ ਧਰਮ ਤੇ ਇਤਿਹਾਸ ਨੂੰ ਪੜ੍ਹਦਾ ਹੈ, ਸਿੱਖ ਗੁਰੂਆਂ ਦੇ ਜੀਵਨ, ਉਨ੍ਹਾਂ ਦੀ ਮਹਿਮਾ, ਉਨ੍ਹਾਂ ਦੀ ਵਡਿਆਈਆਂ, ਉਨ੍ਹਾਂ ਦੀਆਂ ਬਖ਼ਸ਼ਿਸ਼ਾਂ, ਉਨ੍ਹਾਂ ਦੇ ਪਾਏ ਪੂਰਨਿਆਂ ਤੇ ਸਿਖਿਆਵਾਂ ਬਾਰੇ ਜਾਣਦਾ ਹੈ, ਉਨ੍ਹਾਂ ਦਾ ਆਪਣੇ ਸਿੱਖਾਂ ਸੇਵਕਾਂ ਲਈ ਪਿਆਰ ਲਈ ਪਿਆਰ ਬਾਰੇ ਪੜ੍ਹਦਾ-ਸੁਣਦਾ ਹੈ ਤਾਂ ਦਾਸ ਦਾ ਤਾਂ ਇਹ ਪੱਕਾ ਦਾਅਵਾ ਹੈ ਕਿ ਜੇ ਕੋਈ

ਸਿੱਖ ਹੈ ਤਾਂ ਉਸ ਦੇ ਅੰਦਰੋਂ ਜ਼ਰੂਰ ਸ਼ੁਕਰਾਨਾ ਨਿਕਲਦਾ ਹੋਵੇਗਾ ਕਿ ਪ੍ਰਮਾਤਮਾ ਨੇ ਉਸ ਨੂੰ ਸਿੱਖ ਧਰਮ ਵਿੱਚ ਪੈਦਾ ਕੀਤਾ ਹੈ ਤੇ ਜਿਹੜੇ ਸਿੱਖ ਨਹੀਂ ਹਨ, ਉਹ ਸਿੱਖੀ ਲਈ ਤਰਸਦੇ ਹਨ। ਦਾਸ ਤਾਂ ਕਈ ਵਾਰੀ ਬੈਠਾ ਸੋਚਦਾ ਹੈ ਕਿ ਕਿਤਨੇ ਅਭਾਗੇ ਹਨ ਉਹ ਇਨਸਾਨ ਜਿਹੜੇ ਸਿੱਖ ਹੋਣ ਦੇ ਬਾਵਜੂਦ ਸਿੱਖੀ ਦੀ ਕੀਮਤ ਨਹੀਂ ਜਾਣਦੇ। ਉਨ੍ਹਾਂ ਦੀ ਮਤ 'ਤੇ ਫੈਸ਼ਨ ਨੇ, ਮਾਇਆ ਨੇ, ਦੁਨੀਆਦਾਰੀ ਨੇ ਐਸਾ ਪਰਦਾ ਪਾਇਆ ਹੈ ਕਿ ਉਹ ਇਨ੍ਹਾਂ ਝੂਠੀਆਂ ਚੀਜ਼ਾਂ ਦੀ ਖ਼ਾਤਰ ਗੁਰੂ ਵੱਲ ਪਿੱਠ ਕਰ ਰਹੇ ਹਨ। ਉਹ ਗੁਰੂ ਦੇ ਪਿਆਰ ਤੇ ਗੁਰੂ ਦੀਆਂ ਬਖ਼ਸ਼ਿਸ਼ਾਂ ਦੀ ਕੀਮਤ ਨੂੰ ਹੀ ਨਹੀਂ ਜਾਣਦੇ। ਐਸਾ ਗੁਰੂ, ਜਿਸ ਵੱਲ ਕੇਵਲ ਇਕ ਕਦਮ ਪਿਆਰ ਵਾਲਾ ਪੁੱਟਣ ਦੀ ਲੋੜ ਹੈ, ਉਹ ਕਰੋੜਾਂ ਕਦਮ ਸਾਡੇ ਵੱਲ ਪਿਆਰ ਦੇ ਪੁੱਟ ਕੇ ਸਾਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਸਾਡੇ ਜਨਮਾਂ-ਜਨਮਾਂ ਦੇ ਲੇਖੇ ਇਕ ਛਿਨ ਵਿੱਚ ਫਾੜ ਦੇਂਦਾ ਹੈ। ਸਾਡੇ ਢਹਿਣ ਵਿੱਚ ਦੇਰੀ ਹੈ, ਉਹ ਸਾਡੇ ਵੱਡੇ ਤੋਂ ਵੱਡੇ ਗੁਨਾਹ ਬਖ਼ਸ਼ਣ ਵਿੱਚ ਇਕ ਛਿਨ ਨਹੀਂ ਲਗਾਉਂਦਾ। ਸਾਡਾ ਲੋਕ-ਪ੍ਰਲੋਕ ਸੁਖੀ ਸੁਹੇਲਾ ਕਰਦਾ ਹੈ। ਸਾਡੇ ਔਗਣ ਵੇਖਦਾ ਵੀ ਹੈ ਪਰ ਫਿਰ ਵੀ ਦਾਤਾਂ ਦੇਣ ਤੋਂ ਪਿੱਛੇ ਨਹੀਂ ਹੱਟਦਾ। ਸਾਡੇ ਸਾਰੇ ਕਾਰਜਾਂ ਨੂੰ ਸੁਆਰਦਾ ਹੈ। ਸਾਡੀਆਂ ਸਾਰੀਆਂ ਚਿੰਤਾਵਾਂ, ਸਾਰੇ ਬੋਝ, ਸਾਰੇ ਦੁੱਖ ਆਪਣੀ ਝੋਲੀ ਵਿੱਚ ਪੁਆ ਕੇ ਸਾਨੂੰ ਸੁਖ ਤੇ ਸ਼ਾਂਤੀ ਬਖ਼ਸ਼ਦਾ ਹੈ। ਐਸਾ ਗੁਰੂ ਜਿਸ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ, ਅਸੀਂ ਉਸ ਨੂੰ ਛੱਡ ਕੇ ਦੁਨੀਆਂ ਨਾਲ ਪ੍ਰੀਤ ਜੋੜਦੇ ਫਿਰਦੇ ਹਾਂ। ਉਸ ਦੁਨੀਆਂ ਨੂੰ ਖ਼ੁਸ਼ ਕਰਨ ਦੀ ਹਰ ਵੇਲੇ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਾਂ ਜਿਨ੍ਹਾਂ ਦੀਆਂ ਪ੍ਰੀਤਾਂ ਝੂਠੀਆਂ ਹਨ, ਦਿਖਾਵੇ ਮਾਤਰ ਦੀਆਂ ਹਨ, ਸੁਆਰਥ ਤੇ ਮਤਲਬ ਦੀਆਂ ਹਨ। ਗੁਰੂ ਦੀ ਪ੍ਰੀਤ ਦੁਨੀਆਂ ਦੀਆਂ ਪ੍ਰੀਤਾਂ ਨਾਲੋਂ ਬਹੁਤ ਅਲੱਗ ਹੈ। ਇਤਨਾ ਪਿਆਰ ਤਾਂ ਸੱਕੀ ਮਾਂ ਵੀ ਆਪਣੀ ਪੁੱਤਰ ਨਾਲ ਨਹੀਂ ਕਰਦੀ ਹੋਵੇਗੀ ਜਿਤਨਾ ਗੁਰੂ ਆਪਣੇ ਪਿਆਰੇ ਨਾਲ, ਆਪਣੇ ਸਿੱਖ ਨਾਲ ਕਰਦਾ ਹੈ। ਸਭ ਤੋਂ ਵੱਡੀ ਗੱਲ ਗੁਰੂ ਆਪਣੇ ਸਿੱਖ ਦੀ ਸਿਰਫ਼ ਇਸ ਦੁਨੀਆਂ ਵਿੱਚ ਹੀ ਨਹੀਂ ਬਲਕਿ ਮਰਨ ਤੋਂ ਬਾਅਦ ਵੀ, ਬਾਂਹ ਨਹੀਂ ਛੱਡਦਾ। ਗੁਰੂ ਦੀ ਪ੍ਰੀਤ ਵਿੱਚ ਸਾਰੇ ਸੁਖ ਹਨ, ਸਾਰੇ ਖ਼ਜ਼ਾਨੇ ਹਨ। ਗੁਰੂ ਨੂੰ 2 ਨੰਬਰ 'ਤੇ ਓਹੀ ਰੱਖ ਸਕਦੇ ਹਨ ਜਿਨ੍ਹਾਂ ਨੇ ਗੁਰੂ ਦੇ ਪਿਆਰ ਦੇ ਅਨੰਦ ਨੂੰ ਮਾਣਿਆ ਹੀ ਨਹੀਂ। ਐਸੇ ਲੋਕਾਂ ਨੂੰ ਹੀ ਗੁਰੂ ਨਾਲੋਂ ਦੁਨੀਆਦਾਰੀ ਜ਼ਿਆਦਾ ਚੰਗੀ ਲੱਗਦੀ ਹੈ, ਗੁਰੂ ਦੀ ਗੋਦ ਨਾਲੋਂ ਫ਼ੈਸ਼ਨਾਂ ਦੀ ਗੋਦ ਜ਼ਿਆਦਾ ਚੰਗੀ ਲੱਗਦੀ ਹੈ। ਉਨ੍ਹਾਂ ਨੂੰ ਗੁਰੂ ਦੇ ਪਿਆਰ ਨਾਲੋਂ ਮਾਇਆ ਵਿਚੋਂ ਤੇ ਸੁਖ ਸਾਧਨਾਂ ਵਿਚੋਂ ਖ਼ੁਸ਼ੀ ਮਿਲਦੀ ਮਹਿਸੂਸ ਹੁੰਦੀ ਹੈ ਪਰ ਇਕ ਗੱਲ ਯਾਦ ਰੱਖਿਓ, ਅਸਲੀ ਅਨੰਦ ਤੇ ਖ਼ੁਸ਼ੀ ਤਾਂ ਗੁਰੂ ਨਾਲ ਪ੍ਰੀਤ ਕਰਨ ਨਾਲ ਹੀ ਮਿਲ ਸਕਦੀ ਹੈ।

ਇਸ ਸਮੇਂ ਕਲਜੁਗ ਪੂਰੇ ਜ਼ੋਰਾਂ 'ਤੇ ਹੈ ਤੇ ਉਹ ਹਰ ਤਰ੍ਹਾਂ ਨਾਲ ਪ੍ਰਭਾਵ ਪਾ ਕੇ ਸਾਨੂੰ ਆਪਣੇ ਗੁਰੂ ਤੋਂ ਤੋੜਨਾ ਚਾਹੁੰਦਾ ਹੈ ਇਸ ਲਈ ਦਾਸ ਇਹੀ ਕਹੇਗਾ ਕਿ ਹੇ ਗੁਰੂ ਦੇ

ਸਿੱਖੋ ! ਤੁਹਾਡੇ 'ਤੇ ਚਾਹੇ ਜਿੰਨੀ ਮਰਜ਼ੀ ਵੀ ਕੋਈ ਭੀੜ ਬਣ ਜਾਵੇ, ਭਾਵੇਂ ਤੁਹਾਡੇ ਸਾਰੇ ਸਕੇ ਸੰਬੰਧੀ ਤੁਹਾਨੂੰ ਛੱਡ ਦੇਣ, ਭਾਵੇਂ ਤੁਹਾਡਾ ਸਾਰਾ ਕੁਝ ਚਲਾ ਜਾਵੇ, ਭਾਵੇਂ ਸਾਰੀਆਂ ਖ਼ੁਸ਼ੀਆਂ ਚਲੀਆਂ ਜਾਣ, ਕਲਜੁਗ ਭਾਵੇਂ ਆਪਣੇ ਚੱਕਰਵਿਊ ਵਿੱਚ ਕਿੰਨਾ ਵੀ ਫਸਾਉਣ ਦੀ ਕੋਸ਼ਿਸ਼ ਕਰੇ, ਤਾਂ ਵੀ ਆਪਣੀ ਸਿੱਖੀ ਤੋਂ ਡੋਲਿਓ ਨਾ, ਕਦੀ ਵੀ ਗੁਰੂ ਵੱਲ ਪਿੱਠ ਨਾ ਕਰਿਓ ਕਿਉਂਕਿ ਇਨ੍ਹਾਂ ਝੂਠੀਆਂ ਚੀਜ਼ਾਂ ਨੂੰ ਅਗਰ ਅਸੀਂ ਆਪਣੇ ਗੁਰੂ ਦੀ ਖ਼ਾਤਰ ਕੁਰਬਾਨ ਕਰ ਵੀ ਦਿੱਤਾ ਤਾਂ ਉਸਦੇ ਬਦਲੇ ਵਿੱਚ ਸਾਨੂੰ ਆਪਣੇ ਪਿਆਰੇ ਗੁਰੂ ਦੀ ਗੋਦ ਮਿਲਣੀ ਹੈ, ਪਿਆਰ ਮਿਲਣਾ ਹੈ ਜਿਸ ਦਾ ਕੋਈ ਮੁੱਲ ਨਹੀਂ, ਜੋ ਅਨਮੋਲ ਹੈ। ਗੁਰੂ ਸਾਹਿਬ ਕਿਰਪਾ ਕਰਨ ਸਾਨੂੰ ਸਾਰਿਆਂ ਨੂੰ ਸਿੱਖੀ ਨਾਲ ਪਿਆਰ ਹੋ ਜਾਵੇ, ਸਾਨੂੰ ਗੁਰੂ ਦੀ ਗੋਦ ਵਿੱਚ ਬੈਠਣ ਦੀ ਚਾਹ ਹੋ ਜਾਵੇ, ਸਿੱਖੀ ਨੂੰ ਸਮਝ ਲਈਏ, ਸਿੱਖੀ ਤੋਂ ਦੂਰ ਨਾ ਹੋ ਜਾਈਏ। ਦਾਸ, ਗੁਰੂ ਘਰ ਦੇ ਕੂਕਰ ਦੀ ਆਪ ਸਭਨਾਂ ਦੇ ਚਰਨਾਂ ਵਿੱਚ ਬੇਨਤੀ ਹੈ, ਆਪਣੇ ਬੱਚਿਆਂ ਦਾ ਵੀ ਜ਼ਰੂਰ ਧਿਆਨ ਰਖਿਆ ਕਰੋ। ਸਾਡੇ ਬੱਚੇ ਚਾਹੇ ਕਿਤਨੀ ਵੀ ਉੱਚੀ ਵਿਦਿਆ ਪ੍ਰਾਪਤ ਕਰ ਲੈਣ, ਚਾਹੇ ਕਿੰਨੇ ਵੱਡੇ ਔਹਦਿਆਂ 'ਤੇ ਪਹੁੰਚ ਜਾਣ ਪਰ ਧਿਆਨ ਰਖਿਓ ਕਿਧਰੇ ਉਹ ਆਪਣੇ ਗੁਰੂ ਨੂੰ ਨਾ ਭੁੱਲ ਜਾਣ। ਉੱਚੀਆਂ ਪਦਵੀਆਂ 'ਤੇ ਪਹੁੰਚ ਕੇ ਕਿਧਰੇ ਵੀ ਉਨ੍ਹਾਂ ਨੂੰ ਗੁਰੂ ਦੀ ਸਿੱਖੀ ਛੋਟੀ ਨਾ ਲੱਗਣ ਲੱਗ ਜਾਵੇ। ਕਿੱਧਰੇ ਐਸਾ ਨਾ ਹੋਵੇ ਕਿ ਵੱਡੀਆਂ ਪੜ੍ਹਾਈਆਂ ਕਰਨ ਤੋਂ ਬਾਅਦ, ਉੱਚੇ ਮੁਕਾਮਾਂ 'ਤੇ ਪਹੁੰਚਣ ਤੋਂ ਬਾਅਦ ਉਨ੍ਹਾਂ ਦੇ ਹਿਰਦਿਆਂ ਵਿੱਚ ਗੁਰੂ ਦੇ ਪ੍ਰਤੀ ਪਿਆਰ ਹੀ ਨਾ ਰਹੇ, ਉਨ੍ਹਾਂ ਦੀਆਂ ਨਜ਼ਰਾਂ ਵਿੱਚ ਗੁਰੂ ਦੇ ਪਾਏ ਪੂਰਨਿਆਂ ਦਾ, ਗੁਰੂ ਦੀ ਦੱਸੀ ਮਰਯਾਦਾ ਦਾ ਕੋਈ ਮੁੱਲ ਹੀ ਨਾ ਰਹੇ। ਜਦੋਂ ਸਿੱਖ ਦਾ ਬੱਚਾ ਪਤਿਤ ਹੋ ਜਾਂਦਾ ਹੈ ਤਾਂ ਇਸ ਦਾ ਇਹੀ ਭਾਵ ਹੈ ਕਿ ਗੁਰੂ ਦੇ ਪਾਏ ਪੂਰਨਿਆਂ ਤੇ ਗੁਰੂ ਦੀ ਮਰਿਯਾਦਾ ਦਾ ਉਸ ਲਈ ਕੋਈ ਮੁੱਲ ਨਹੀਂ, ਉਸ ਦੇ ਲਈ ਕੋਈ ਮਾਇਨੇ ਨਹੀਂ।

ਕੁਰਬਾਨ ਜਾਈਏ ਉਨ੍ਹਾਂ ਤੋਂ ਜੋ ਵੱਡੇ ਤੋਂ ਵੱਡੇ ਔਹਦੇ 'ਤੇ ਪਹੁੰਚ ਕੇ ਵੀ ਆਪਣੇ ਮੁਰਸ਼ਦ ਨੂੰ ਪਹਿਲ ਦੇਂਦੇ ਹਨ, ਆਪਣੇ ਗੁਰੂ ਦੇ ਦਾਇਰੇ ਵਿੱਚ ਰਹਿੰਦੇ ਹਨ। ਕਈ ਬਾਹਰਲੇ ਮੁਲਕ ਅਮਰੀਕਾ, ਕਨੇਡਾ ਵਗੈਰਾ ਵਿੱਚ ਜਾਂਦੇ ਹਨ ਤੇ ਉਥੇ ਜਾਂਦੇ ਹੀ ਆਪਣੇ ਕੇਸ-ਦਾੜ੍ਹੀ ਕਟਵਾ ਲੈਂਦੇ ਹਨ, ਇਹ ਕੀ ਹੈ-ਦੁਨੀਆਂ 1 ਨੰਬਰ ਤੇ ਗੁਰੂ 2 ਨੰਬਰ। ਗੁਰੂ 'ਤੇ ਸ਼ਰਧਾ ਰੱਖਣ ਵਾਲੇ ਸਿੱਖੀ ਦੀ ਆਨ-ਸ਼ਾਨ ਨੂੰ ਕਾਇਮ ਰੱਖਦੇ ਹਨ।

ਇਕ ਗੁਰਮੁਖ ਪਿਆਰਾ ਅਮਰੀਕਾ ਦਾ ਰਹਿਣ ਵਾਲਾ ਉਸ ਨੇ ਦੱਸਿਆ ਕਿ ਮੇਰਾ ਬੇਟਾ ਅਮਰੀਕਾ ਦੇ ਸਕੂਲ ਵਿੱਚ ਪੜ੍ਹਦਾ ਹੈ ਤੇ ਸਕੂਲ ਵਿੱਚ ਫਸਟ ਆਉਣ ਕਾਰਨ ਉਸ ਦੇ ਸਿਰ 'ਤੇ ਦਸਤਾਰ ਸੱਜੀ ਫੋਟੋ, ਸਕੂਲ ਵਿੱਚ ਸਭ ਤੋਂ ਉੱਚੀ ਲੱਗੀ ਹੈ। ਗੱਲ ਸੁਣਾਉਂਦੇ-ਸੁਣਾਉਂਦੇ ਖੁਸ਼ੀ ਵਿਚ, ਗੁਰੂ ਦੇ ਪਿਆਰ, ਗੁਰੂ ਦੇ ਸ਼ੁਕਰਾਨੇ ਵਿਚ ਵੈਰਾਗ ਨਾਲ ਉਸ ਦੀਆਂ ਅੱਖਾਂ ਸੇਜਲ ਹੋ ਗਈਆਂ ਤੇ ਆਖਣ ਲੱਗਾ ਕਿ ਜਦੋਂ ਮੈਂ ਆਪਣੇ ਬੱਚੇ

ਦੀ ਪੂਰਨ ਸਿੱਖੀ ਸਰੂਪ ਵਿੱਚ ਸੋਹਣੀ ਦਸਤਾਰ ਸੱਜੀ ਫੋਟੋ ਸਕੂਲ ਵਿੱਚ ਦੇਖਦਾ ਹਾਂ ਤਾਂ ਅੰਦਰੋਂ ਸ਼ੁਕਰਾਨਾ ਨਿਕਲਦਾ ਹੈ ਕਿ ਸਤਿਗੁਰੂ ! ਤੇਰਾ ਸਿੱਖ ਬੱਚਾ ਇਤਨੇ ਵੱਡੇ ਮੁਲਕ ਦੀ ਪੜ੍ਹਾਈ ਵਿਚੋਂ ਫਸਟ ਆਇਆ ਹੈ ਤੇ ਸਿੱਖੀ ਦਾ ਨਾਂ ਰੌਸ਼ਨ ਕਰ ਰਿਹਾ ਹੈ। ਇਕ ਹੋਰ ਉਨ੍ਹਾਂ ਨੇ ਆਪਣੀ ਗੱਲ ਸੁਣਾਈ, ਦਾਸ ਸਾਂਝੀ ਕਰੇ, ਜਿਸ ਨੂੰ ਪੜ੍ਹ ਕੇ ਸ਼ਾਇਦ ਸਾਨੂੰ ਕੁਝ ਸੇਧ ਮਿਲ ਜਾਵੇ। ਉਸ ਨੇ ਦੱਸਿਆ ਕਿ ਭਾਵੇਂ ਅਮਰੀਕਾ ਵਿੱਚ ਅੰਗਰੇਜ਼ੀ ਭਾਸ਼ਾ ਦਾ ਪਸਾਰਾ ਹੈ, ਪਰ ਸਾਡੇ ਘਰ ਵਿੱਚ ਸਾਰਿਆਂ 'ਤੇ ਇਹ ਬੈਨ ਹੈ ਕਿ ਘਰ ਵਿੱਚ ਹਰ ਗੱਲ ਪੰਜਾਬੀ ਵਿੱਚ ਹੀ ਕਰਨੀ ਹੈ ਤਾਂ ਕਿ ਅਸੀਂ ਆਪਣੀ ਗੁਰਮੁਖੀ ਭਾਸ਼ਾ, ਆਪਣੀ ਮਾਤ ਭਾਸ਼ਾ ਨਾ ਭੁੱਲ ਜਾਈਏ। ਕੁਰਬਾਨ ਜਾਈਏ ਐਸੇ ਲੋਕਾਂ ਤੋਂ ਜੋ ਬਾਹਰ ਦੇ ਮੁਲਕਾਂ ਵਿੱਚ ਜਾ ਕੇ ਵੀ ਆਪਣੇ ਮੁਲਕ, ਆਪਣੀ ਵਿਰਾਸਤ, ਆਪਣੇ ਧਰਮ ਦੇ ਅਸੂਲ, ਆਪਣੇ ਗੁਰੂ ਪਾਤਸ਼ਾਹ ਦੇ ਪਾਏ ਪੂਰਨਿਆ ਨੂੰ ਯਾਦ ਰੱਖਦੇ ਹਨ। ਕੁਝ ਐਸੇ ਵੀ ਹਨ ਜੋ ਪਤਿਤ ਹੋ ਕੇ, ਆਪਣਾ ਅਸਲ ਰੂਪ ਵਿਗਾੜ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਇਸ ਵਿੱਚ ਆਪਣੀ ਸ਼ਾਨ ਸਮਝਦੇ ਹਨ। ਦਾਸ ਦੇ ਮੁਤਾਬਕ ਤਾਂ ਜੋ ਸਿੱਖ ਹੋ ਕੇ ਆਪਣੇ ਕੇਸ ਕਟਵਾਉਂਦਾ ਹੈ, ਇਹ ਸੋਚ ਕੇ ਕਿ ਮੈਂ ਸੁੰਦਰ ਲੱਗਾਂਗਾ, ਉਹ ਸੁੰਦਰ ਨਹੀਂ ਸਗੋਂ ਕਰੂਪ ਲੱਗਦਾ ਹੈ।

ਇਕ ਗੁਰਸਿੱਖ ਦੀ ਪਤਨੀ ਚੜ੍ਹਾਈ ਕਰ ਗਈ। ਉਹ ਦੁਬਾਰਾ ਇਹੋ ਜਿਹਾ ਜੀਵਨ ਸਾਥੀ ਚਾਹੁੰਦਾ ਸੀ ਜੋ ਗੁਰਸਿੱਖ ਹੋਵੇ। 8 ਸਾਲ ਬੀਤ ਗਏ, ਕੋਈ ਐਸਾ ਰਿਸ਼ਤਾ ਨਾ ਮਿਲਿਆ, ਪਰ ਉਸ ਨੇ ਆਪਣੇ ਵਿਚਾਰ ਨਹੀਂ ਬਦਲੇ। ਇਕ ਐਸੀ ਲੜਕੀ ਦਾ ਰਿਸ਼ਤਾ ਆਇਆ ਜਿਸ ਦੇ ਨਾਂ 'ਤੇ 7 ਕਿੱਲੇ ਜ਼ਮੀਨ ਸੀ, ਉਸ ਨਾਲ ਸ਼ਾਦੀ ਕਰਵਾ ਕੇ ਉਹ ਲੱਖਾਂ ਦੀ ਜ਼ਮੀਨ ਦਾ ਮਾਲਕ ਬਣ ਸਕਦਾ ਸੀ, ਉਸ ਦੀ ਸਾਰੀ ਗ਼ਰੀਬੀ ਕੱਟੀ ਜਾ ਸਕਦੀ ਸੀ, ਕਰਜ਼ੇ ਲੱਥ ਸਕਦੇ ਸੀ, ਐਸ਼ੋ ਅਰਾਮ ਦੀ ਜ਼ਿੰਦਗੀ ਮਿਲ ਸਕਦੀ ਸੀ, ਪਰ ਉਸ ਲੜਕੀ ਦੀ ਸ਼ਰਤ ਸੀ ਕਿ ਉਹ ਕਲੀਨ ਸ਼ੇਵ ਹੋ ਜਾਵੇ, ਪਰ ਵੇਖੋ ! ਉਸ ਗੁਰਮੁਖ ਪਿਆਰੇ ਨੇ ਕੀ ਜਵਾਬ ਦਿੱਤਾ। ਕਹਿੰਦਾ ਹੈ ਕਿ ਭਾਵੇਂ ਲੜਕੀ ਦੇ ਨਾਂ 100 ਕਿੱਲੇ ਜ਼ਮੀਨ ਵੀ ਹੁੰਦੀ ਤਾਂ ਵੀ ਮੈਂ ਇਕ ਰੋਮ ਕਟਾਉਣ ਲਈ ਵੀ ਤਿਆਰ ਨਹੀਂ। ਮੈਨੂੰ ਗ਼ਰੀਬੀ ਦੀ ਜ਼ਿੰਦਗੀ ਮਨਜ਼ੂਰ ਹੈ, ਬਿਨਾਂ ਪਤਨੀ ਦੇ ਜੀਵਨ ਬਿਤਾਣਾ ਮਨਜ਼ੂਰ ਹੈ ਪਰ ਗੁਰੂ ਤੋਂ ਬੇਮੁਖ ਹੋਣਾ ਮਨਜ਼ੂਰ ਨਹੀਂ। ਇਹ ਕੀ ਹੈ ਗੁਰੂ ਨੂੰ 1 ਨੰਬਰ 'ਤੇ ਰੱਖਿਆ ਤੇ ਦੁਨੀਆਂ ਨੂੰ 2 ਨੰਬਰ 'ਤੇ। ਤੁਸੀਂ ਆਪਣੇ ਲਈ ਸੇਧ ਲੈਣਾ।

ਜਿਹੜਾ ਗੁਰੂ ਨੂੰ 1 ਨੰਬਰ 'ਤੇ ਰੱਖੇ, ਫਿਰ ਗੁਰੂ ਵੀ ਕਿਸੇ ਪਾਸਿਓਂ ਕਮੀਂ ਨਹੀਂ ਰਹਿਣ ਦੇਂਦਾ, ਲੋਕ-ਪ੍ਰਲੋਕ ਦੇ ਸੁਖ ਝੋਲੀ ਵਿਚ ਪਾ ਦੇਂਦਾ ਹੈ। ਤੁਸੀਂ ਆਪ ਹੀ ਅੰਦਾਜ਼ਾ ਲਾ ਲਵੋ ਕਿ ਕੋਈ 'ਸਿਪਾਹੀ' ਜਾਂ ਐਸ.ਐਸ.ਪੀ. ਕਿਸੇ ਦਾ ਮਿੱਤਰ ਬਣ ਜਾਵੇ ਤਾਂ ਉਹ ਕਿਤਨਾ ਖ਼ੁਸ਼ ਹੁੰਦਾ ਹੈ, ਛਾਲਾਂ ਮਾਰਦਾ ਹੈ ਕਿ ਮੇਰੀ ਇਕ ਵੱਡੇ ਔਹਦੇਦਾਰ ਨਾਲ

ਮਿੱਤਰਤਾ ਹੈ। ਮੇਰਾ ਵਾਕਫ਼ ਹੈ ਤੇ ਜੇ ਕਿਧਰੇ ਗੁਰੂ ਵਾਕਫ਼ ਬਣ ਜਾਵੇ, ਗੁਰੂ ਮਿੱਤਰ ਬਣ ਜਾਵੇ, ਫਿਰ ਦੀਨ ਦੁਨੀਆਂ ਵਿਚ ਕਿਸੇ ਗੱਲ ਦੀ ਕਮੀਂ ਨਹੀਂ ਰਹਿ ਜਾਵੇਗੀ। ਜਦੋਂ ਗੁਰੂ ਵੱਲ ਹੋਇਆ ਫਿਰ ਤਾਂ ਨਾ ਇਥੇ ਦੀ ਚਿੰਤਾ ਨਾ ਉਥੇ ਦੀ, ਦਰਗਾਹ ਦੀ ਵੀ ਚਿੰਤਾ ਮੁਕ ਜਾਂਦੀ ਹੈ। ਇਸ ਦੁਨੀਆਂ ਵਿਚ ਤਾਂ ਫਿਰ ਵੀ ਤੁਹਾਡੇ ਕੋਈ ਸੰਬੰਧੀ, ਮਿੱਤਰ, ਤੁਹਾਡਾ ਸਾਥ ਦੇ ਸਕਦੇ ਹਨ, ਪਰ ਦਰਗਾਹ ਵਿਚ ਤਾਂ ਗੁਰੂ ਤੋਂ ਇਲਾਵਾ ਕਿਸੇ ਨਹੀਂ ਸਾਥ ਦੇਣਾ।

*ਐਥੇ ਓਥੈ ਰਖਵਾਲਾ॥*
*ਪ੍ਰਭ ਸਤਿਗੁਰ ਦੀਨ ਦਇਆਲਾ॥*

(ਅੰਗ ੬੨੮)

ਜੇ ਚਾਹੁੰਦੇ ਹੋ ਕਿ ਗੁਰੂ ਵੱਲ ਹੋ ਜਾਵੇ ਤਾਂ ਜ਼ਿੰਦਗੀ ਵਿਚ ਹਰ ਛੋਟੇ ਤੋਂ ਲੈ ਕੇ ਵੱਡੇ ਕੰਮ ਵਿਚ ਗੁਰੂ ਨੂੰ ਇਕ ਨੰਬਰ 'ਤੇ ਰੱਖਿਆ ਕਰੋ ਤੇ ਦੁਨੀਆਂ ਨੂੰ ਦੋ ਨੰਬਰ 'ਤੇ। ਦਾਸ ਇਕ ਜ਼ਿਕਰ ਸਾਂਝਾ ਕਰੇ ਤਾਂ ਕਿ ਸਾਨੂੰ ਸਮਝ ਆ ਜਾਵੇ ਕਿ ਗੁਰੂ ਨੂੰ ਇਕ ਨੰਬਰ 'ਤੇ ਰਖਣ ਤੋਂ ਕੀ ਭਾਵ ਹੈ। ਇਕ ਬੀਬੀ ਹਰ ਹਫ਼ਤੇ ਸੰਗਤ ਵਿਚ ਆਉਣ ਵਾਲੀ, ਕਈ ਸਾਲਾਂ ਤੋਂ ਸੰਗਤ ਕਰਨ ਵਾਲੀ, ਬੜੀ ਗੁਰੂ ਸਾਹਿਬ ਦੀ ਕਿਰਪਾ ਸੀ ਉਸ ਉੱਤੇ। ਇਕ ਦਿਨ ਅਚਾਨਕ ਉਸ ਨਾਲ ਸਾਮ੍ਹਣਾ ਹੋਇਆ ਤੇ ਵੇਖਿਆ, ਉਸ ਬੀਬੀ ਦੇ 'ਆਈਬਰੋ' ਬਣੇ ਹੋਏ। ਦਾਸ ਵੇਖ ਕੇ ਬੜਾ ਹੈਰਾਨ ਹੋਇਆ ਤੇ ਬੜਾ ਹਿਰਦਾ ਦੁਖਿਆ ਕਿ ਇਕ ਗੁਰਸਿੱਖ ਬੱਚੀ ਜੋ ਇਤਨੇ ਸਾਲਾਂ ਤੋਂ ਸੰਗਤ ਕਰ ਰਹੀ ਹੈ, ਅੱਜ ਉਸ ਦੇ ਕਦਮ ਉਸ ਪਾਸੇ ਵਲ ਤੁਰ ਪਏ ਜਿਸ ਵਿਚ ਗੁਰੂ ਦੀ ਖ਼ੁਸ਼ੀ ਨਹੀਂ, ਬਲਕਿ ਨਰਾਜ਼ਗੀ ਹੈ। ਦਾਸ ਨੇ ਪੁੱਛ ਲਿਆ, ਭੈਣ ਜੀ ! ਤੁਸੀਂ ਤਾਂ 6-7 ਸਾਲ ਤੋਂ ਸੰਗਤ ਕਰ ਰਹੇ ਹੋ, ਪਹਿਲਾਂ ਤਾਂ ਗੁਰੂ ਦੀ ਬੜੀ ਕਿਰਪਾ ਸੀ ਤੁਹਾਡੇ 'ਤੇ, ਤੁਸੀਂ ਰੋਮਾਂ ਦੀ ਬੇਅਦਬੀ ਨਹੀਂ ਸੀ ਕਰਦੇ। ਫਿਰ ਅਚਾਨਕ ਅੱਜ ਤੁਹਾਡਾ ਇਹ ਰੂਪ ਕਿਵੇਂ ਹੋ ਗਿਆ, ਤੁਸੀਂ 'ਆਈ-ਬਰੋਅ' ਬਣਾ ਲਏ ਹਨ। ਉਸ ਨੇ ਜੋ ਜੁਆਬ ਦਿੱਤਾ ਉਸ ਤੋਂ ਸਮਝ ਜਾਣਾ ਕਿ ਗੁਰੂ ਨੂੰ ਇਕ ਨੰਬਰ 'ਤੇ ਰੱਖਣਾ ਕੀ ਹੈ ਤੇ ਦੁਨੀਆਂ ਨੂੰ ਇਕ ਨੰਬਰ 'ਤੇ ਰੱਖਣਾ ਕੀ ਹੈ। ਉਹ ਬੀਬੀ ਕਹਿੰਦੀ ਹੈ, ਭਾਈ ਸਾਹਿਬ ਜੀ ! ਵਿਆਹ ਸੀ, ਘਰ ਵਿਚ ਬਹੁਤ ਸਾਰੇ ਰਿਸ਼ਤੇਦਾਰ ਇਕੱਠੇ ਹੋਏ ਸਨ। ਉਹ ਸਾਰੇ ਮੈਨੂੰ ਕਹਿਣ ਲੱਗੇ ਕਿ ਤੂੰ 'ਆਈ-ਬਰੋਅ' ਕਿਉਂ ਨਹੀਂ ਬਣਵਾਉਂਦੀ, 'ਆਈ-ਬਰੋਅ' ਨਾ ਬਨਾਉਣ ਕਾਰਨ ਤੂੰ ਬਿਲਕੁਲ ਸ਼ੁਦੈਣ ਜਿਹੀ ਲਗਦੀ ਹੈਂ, ਵਿਆਹ ਸ਼ਾਦੀ ਵਿਚ ਇਸ ਤਰ੍ਹਾਂ ਸੋਭਦਾ ਨਹੀਂ। ਜੇ ਤੇਰਾ ਮਨ ਨਹੀਂ ਮੰਨਦਾ ਤਾਂ ਬਾਅਦ ਵਿਚ ਫੇਰ ਭਾਵੇਂ ਨਾ ਬਣਵਾਈਂ ਪਰ ਹੁਣ ਵਿਆਹ ਵਿਚ ਇਕ ਵਾਰੀ ਜ਼ਰੂਰ ਬਣਵਾ ਲੈ। ਦੁਨੀਆਦਾਰੀ ਵੀ ਤਾਂ ਵੇਖਣੀ ਚਾਹੀਦੀ ਹੈ। ਸਾਰੇ ਕੀ ਕਹਿਣਗੇ ਕਿ ਇਹ ਕਿਹੜੇ

ਪੁਰਾਣੇ ਜ਼ਮਾਨੇ ਦੀ ਬੀਬੀ ਹੈ ਜਿਸ ਨੂੰ ਤਿਆਰ ਹੋਣ ਦਾ ਵੀ ਢੰਗ ਨਹੀਂ। ਕਹਿਣ ਲੱਗੀ ਕਿ ਇਸ ਤਰ੍ਹਾਂ ਬਾਰ-ਬਾਰ ਸਾਰਿਆਂ ਦੇ ਕਹਿਣ 'ਤੇ ਮੈਂ ਇਹ ਕਦਮ ਚੁੱਕ ਲਿਆ। ਇਸ਼ਾਰਾ ਸਮਝਿਓ, ਇਹ ਕੀ ਹੈ ? ਦੁਨੀਆਂ ਇਕ ਨੰਬਰ 'ਤੇ ਹੋ ਗਈ ਤੇ ਕਲਗੀਆਂ ਵਾਲਾ 2 ਨੰਬਰ 'ਤੇ ਹੋ ਗਿਆ। ਜਿਹੜੇ ਗੁਰੂ ਨੂੰ ਇਕ ਨੰਬਰ 'ਤੇ ਰੱਖਦੇ ਹਨ,' ਉਹ ਜਦੋਂ ਤਿਆਰ ਹੁੰਦੇ ਹਨ ਤਾਂ ਇਹ ਨਹੀਂ ਵੇਖਦੇ ਕਿ ਦੁਨੀਆਂ ਨੂੰ ਸੁੰਦਰ ਨਜ਼ਰ ਆਈਏ ਬਲਕਿ ਇਹ ਵੇਖਦੇ ਹਨ ਕਿ ਗੁਰੂ ਨੂੰ ਚੰਗੇ ਲਗੀਏ।

ਆਪ ਜੀ ਜਾਣਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਦਿਨ ਇਕ ਸਿੱਖ ਨੂੰ ਦੀਵਾਨ ਵਿਚ ਬੜਾ ਸਤਿਕਾਰ ਦਿੱਤਾ, ਪਿਆਰ ਬਖ਼ਸ਼ਿਆ। ਜਦੋਂ ਉਹ ਘਰ ਗਿਆ ਤੇ ਜਾ ਕੇ ਬਾਰ-ਬਾਰ ਸ਼ੀਸ਼ੇ ਵਿਚ ਆਪਣਾ ਚਿਹਰਾ ਵੇਖੀ ਜਾਵੇ ਕਿ ਅੱਜ ਗੁਰੂ ਸਾਹਿਬ ਨੇ ਮੈਨੂੰ ਬੜਾ ਪਿਆਰ ਬਖ਼ਸ਼ਿਆ ਹੈ, ਕੀ ਮੈਂ ਬਹੁਤ ਸੁੰਦਰ ਹਾਂ। ਸ਼ੀਸ਼ੇ ਵਲ ਦੇਖਦੇ ਸਮੇਂ ਉਸ ਦੀ ਨਜ਼ਰ ਆਪਣੀ ਦਾਹੜੀ ਵਿਚਲੇ ਇਕ ਚਿੱਟੇ ਵਾਲ 'ਤੇ ਪੈ ਗਈ। ਸੋਚਦਾ ਹੈ ਜੇ ਮੈਂ ਇਹ ਚਿੱਟਾ ਵਾਲ ਕੱਟ ਦੇਵਾਂ ਤਾਂ ਹੋਰ ਜ਼ਿਆਦਾ ਸੁੰਦਰ ਨਜ਼ਰ ਆਵਾਂਗਾ। ਐਸਾ ਹੀ ਕੀਤਾ, ਕੱਟ ਦਿੱਤਾ ਚਿੱਟਾ ਵਾਲ ਆਪਣੀ ਦਾੜ੍ਹੀ ਵਿਚੋਂ। ਹੁਣ ਜਦੋਂ ਅਗਲੇ ਦਿਨ ਗਿਆ ਕਲਗੀਧਰ ਜੀ ਦੇ ਦਰਸ਼ਨਾਂ ਨੂੰ ਤਾਂ ਗੁਰੂ ਸਾਹਿਬ ਨੇ ਉਸ ਵੱਲ ਪਿੱਠ ਕਰ ਲਈ। ਉਹ ਬੜਾ ਰੋਇਆ ਕਿ ਗੁਰੂ ਸਾਹਿਬ ਕੱਲ ਇੰਨਾ ਪਿਆਰ ਤੇ ਅੱਜ ਇੰਨੀ ਨਰਾਜ਼ਗੀ। ਕਾਰਨ ਕੀ ? ਕੀ ਭੁੱਲ ਹੋ ਗਈ ? ਸਤਿਗੁਰੂ ਕਹਿੰਦੇ ਹਨ, ਜੋ ਤੂੰ ਕੱਲ ਸੀ ਉਹ ਅੱਜ ਨਹੀਂ। ਅੱਜ ਰੋਮ ਕੱਟਣ ਕਾਰਨ ਸਾਡੀਆਂ ਨਜ਼ਰਾਂ ਵਿਚ ਤੇਰੀ ਸੁੰਦਰਤਾ ਖ਼ਤਮ ਹੋ ਗਈ ਹੈ। ਹੁਣ ਆਪੇ ਅੰਦਾਜ਼ਾ ਲਾ ਲਵੋ ਕਿ ਇਕ ਰੋਮ ਕੱਟਣ ਦੇ ਨਾਲ ਗੁਰੂ ਸਾਹਿਬ ਨੇ ਪਿੱਠ ਕਰ ਲਈ ਤੇ ਜਿਹੜੇ ਰੋਮਾਂ ਦੀ ਬੇਅਦਬੀ ਕਰਦੇ ਹਨ, ਉਨ੍ਹਾਂ ਨੂੰ ਗੁਰੂ ਦੀ ਪ੍ਰਸੰਨਤਾ ਕਿਵੇਂ ਮਿਲ ਸਕਦੀ ਹੈ ? ਗੁਰੂ ਉਨ੍ਹਾਂ ਦੇ ਵਲ ਕਿਵੇਂ ਹੋ ਸਕਦਾ ਹੈ?

ਕੋਈ ਵੀ ਕਦਮ ਚੁੱਕਣਾ ਹੋਵੇ ਤਾਂ ਇਹ ਜ਼ਰੂਰ ਵੇਖ ਲਿਆ ਕਰੋ ਕਿ ਮੈਂ ਜੋ ਕਰਨ ਜਾ ਰਿਹਾ ਹਾਂ ਉਸ ਦੇ ਲਈ ਗੁਰੂ ਦੀ ਮਨਾਹੀ ਤੇ ਨਹੀਂ। ਦਾਸ ਪਿਛੇ ਜਿਹੇ ਇੰਗਲੈਂਡ ਗਿਆ। ਉਥੇ ਗੁਰੂ ਸਾਹਿਬ ਨੇ ਕੀਰਤਨ ਦੀ ਸੇਵਾ ਲਈ। ਉਥੋਂ ਦਾ ਇਕ ਗੁਰਮੁਖ ਪਿਆਰਾ ਅਰਬਾਂ ਪਤੀ, ਬੇਸ਼ੁਮਾਰ ਦੌਲਤ, ਨੌਕਰ-ਚਾਕਰ, ਸ਼ਾਹੀ ਠਾਠ, ਸੁਖ ਸਹੂਲਤਾਂ, ਉਸ ਨੇ ਦਾਸ ਨੂੰ ਆਪਣੀ ਵਾਰਤਾ ਸੁਣਾਈ, ਜੋ ਦਾਸ ਆਪ ਜੀ ਨਾਲ ਸਾਂਝੀ ਕਰੇ ਤਾਂ ਕਿ ਸਾਨੂੰ ਨਿਸ਼ਚਾ ਹੋ ਜਾਵੇ ਕਿ ਜਿਹੜੇ ਗੁਰੂ ਨੂੰ ਇਕ ਨੰਬਰ 'ਤੇ ਰੱਖਦੇ ਹਨ, ਗੁਰੂ ਉਨ੍ਹਾਂ ਨੂੰ ਕਿਵੇਂ ਭਾਗ ਲਗਾਉਂਦਾ ਹੈ।

ਉਸ ਗੁਰਸਿੱਖ ਨੇ ਦੱਸਿਆ ਕਿ ਅੱਜ ਤੋਂ ਕੋਈ 17-18 ਸਾਲ ਪਹਿਲਾਂ ਜਦੋਂ ਮੈਂ ਪੰਜਾਬ ਤੋਂ ਇੰਗਲੈਂਡ ਵਿਖੇ ਨੌਕਰੀ ਕਰਨ ਲਈ ਆਇਆ। ਜਦੋਂ ਪਹਿਲੀ ਜਗ੍ਹਾ ਗਿਆ ਨੌਕਰੀ ਲਈ, ਨਾਂਹ ਹੋ ਗਈ। ਤਕਰੀਬਨ 2 ਮਹੀਨੇ ਕੰਮ ਨਹੀਂ ਮਿਲਿਆ। ਇਕ ਦਿਨ

ਕਿਸੇ ਜਗ੍ਹਾ ਨੌਕਰੀ ਲਈ ਗਿਆ, ਉਸ ਨੇ ਮੇਰੀ ਯੋਗਤਾ ਵਗੈਰਾ ਪੁੱਛੀ ਤੇ ਕਹਿਣ ਲੱਗੇ, ਤੁਸੀਂ ਨੌਕਰੀ ਲਈ ਠੀਕ ਹੋ, ਕਿਉਂਕਿ ਸਾਨੂੰ ਜਿਸ ਤਰ੍ਹਾਂ ਦਾ ਬੰਦਾ ਚਾਹੀਦਾ ਹੈ, ਉਸ ਮੁਤਾਬਿਕ ਸਾਰੀ ਸੈਟਿੰਗ ਠੀਕ ਹੈ। ਤੁਹਾਡੀ ਪੜ੍ਹਾਈ ਵੀ ਠੀਕ ਹੈ, ਕੱਦ ਕਾਠ ਵੀ ਠੀਕ ਹੈ, ਅਸੀਂ ਤੁਹਾਨੂੰ 12 ਪੌਂਡ ਘੰਟੇ ਦਾ ਰੋਜ਼ ਦੇ ਦੇਵਾਂਗੇ ਤੇ 8 ਘੰਟੇ ਰੋਜ਼ ਕੰਮ ਕਰਨਾ ਹੋਵੇਗਾ, ਇਸ ਤਰ੍ਹਾਂ ਨਾਲ ਤੁਹਾਨੂੰ 96 ਪੌਂਡ ਰੋਜ਼ ਦੇ (ਇੰਡੀਆ ਦਾ 7700 ਰੁ) ਮਿਲਣਗੇ। ਕਹਿੰਦਾ ਹੈ, ਮੈਂ ਬੜਾ ਖ਼ੁਸ਼। ਗੁਰੂ ਸਾਹਿਬ ਨੇ ਕਿਰਪਾ ਕੀਤੀ ਹੈ ਜੋ ਆਪਣਾ ਘਰ, ਆਪਣਾ ਸ਼ਹਿਰ ਛਡ ਕੇ ਇਥੇ ਨੌਕਰੀ ਲਈ ਆਇਆ ਤੇ ਨੌਕਰੀ ਮਿਲ ਗਈ ਹੈ ਪਰ ਉਸ ਦੀ ਅਗਲੀ ਗੱਲ ਸੁਣ ਕੇ ਮੈਂ ਦੁਚਿੱਤੀ ਵਿਚ ਪੈ ਗਿਆ, ਕਿਉਂਕਿ ਉਸ ਨੇ ਆਖਿਆ ਕਿ ਸਾਡੀ ਇਕ ਸ਼ਰਤ ਹੈ ਜੇ ਤੁਸੀਂ ਸਾਡੇ ਕਾਰਖ਼ਾਨੇ ਵਿਚ ਕੰਮ ਕਰਨਾ ਹੈ ਤਾਂ ਤੁਹਾਨੂੰ ਕੇਸ ਕਟਾਣੇ ਪੈਣਗੇ, ਦਾੜ੍ਹੀ ਕਟਾਣੀ ਪਵੇਗੀ। ਉਹ ਕਹਿਣ ਲੱਗੇ, ਹੁਣ 2 ਮਨ ਲੜ ਪਏ। ਇਕ ਪਾਸੇ ਮਾਇਆ ਤੇ ਇਕ ਪਾਸੇ ਸਿੱਖੀ। ਕਿਸ ਨੂੰ 1 ਨੰਬਰ 'ਤੇ ਰੱਖਾਂ ਪਰ ਮਨ ਪੱਕਾ ਕੀਤਾ। ਉਹ ਕਹਿਣ ਲੱਗਾ ਮੈਂ ਸੋਚਿਆ ਗੁਰੂ ਦੇ ਸਿੱਖਾਂ ਨੇ ਸਿੱਖੀ ਬਚਾਉਣ ਲਈ ਕੀ-ਕੀ ਕੁਝ ਕੀਤਾ, ਉਨ੍ਹਾਂ ਨੇ ਆਪਣੇ ਸੀਸ ਕਟਵਾ ਲਏ ਪਰ ਕੇਸ ਨਹੀਂ ਕਟਵਾਏ ਤੇ ਮੈਂ ਇਕ ਨੌਕਰੀ ਦੀ ਖ਼ਾਤਰ ਆਪਣੇ ਕੇਸ ਕਟਵਾ ਲਵਾਂ, ਆਪਣੇ ਗੁਰੂ ਵਲ ਪਿੱਠ ਕਰ ਲਵਾਂ, ਸਿੱਖੀ ਨੂੰ ਛੱਡ ਦੇਵਾਂ, ਇਹ ਨਹੀਂ ਹੋ ਸਕਦਾ। ਮੇਰੇ ਕੰਨਾਂ ਵਿਚ ਜਿਵੇਂ ਅਵਾਜ਼ਾਂ ਗੂੰਜਣ ਲੱਗੀਆਂ-

SIKHBOOKCLUB.COM

*ਸਿਰ ਜਾਵੇ ਤਾਂ ਜਾਵੇ*
*ਪਰ ਮੇਰਾ ਸਿਖੀ ਸਿਦਕ ਨਾ ਜਾਵੇ।*

ਕਹਿੰਦਾ ਹੈ ਕਿ ਬੜੀ ਮੁਸ਼ਕਲ ਨਾਲ ਗੁਰੂ ਦੀ ਕਿਰਪਾ ਨਾਲ ਮਨ ਨੂੰ ਪੱਕਾ ਕੀਤਾ ਕਿ ਨੌਕਰੀ ਮਿਲੇ ਜਾਂ ਨਾ ਮਿਲੇ ਪਰ ਸਿੱਖੀ ਨਹੀਂ ਛੱਡਣੀ। (ਇਹ ਹੈ ਗੁਰੂ ਨੂੰ ਇਕ ਨੰਬਰ 'ਤੇ ਰੱਖਣਾ) ਉਸ ਨੇ ਦੱਸਿਆ ਕਿ ਇਸ ਤਰ੍ਹਾਂ ਨੌਕਰੀ ਦੀ ਤਲਾਸ਼ ਕਰਦਿਆਂ 5-6 ਦਿਨ ਬੀਤ ਗਏ ਪਰ ਜਿਥੇ ਵੀ ਜਾਵੇ, ਉਹ ਇਹੀ ਸ਼ਰਤ ਰੱਖਣ ਕਿ ਕੇਸ ਕਟਵਾਉਣੇ ਪੈਣਗੇ। ਕਹਿੰਦਾ ਹੈ, ਹੁਣ ਮੇਰੀ ਹਾਲਤ ਇਹ ਹੋ ਗਈ ਕਿ ਮੇਰੇ ਕੋਲ ਪੈਸੇ ਵੀ ਖ਼ਤਮ ਹੋ ਗਏ। ਕਿਸੇ ਪਛਾਣ ਦੇ ਮਿੱਤਰ ਕੋਲੋਂ ਉਧਾਰੇ ਪੈਸੇ ਲੈ ਕੇ ਇਕ-ਇਕ ਦਿਨ ਕੱਟ ਰਿਹਾ ਸੀ। ਇਕ ਦਿਨ ਇਕ ਸਟੋਰ ਵਿਚ ਨੌਕਰੀ ਲਈ ਗਿਆ। ਉਨ੍ਹਾਂ ਨੇ ਮੇਰੀ ਪੜ੍ਹਾਈ, ਲਿਖਾਈ ਦੇ ਸਰਟੀਫਿਕੇਟ ਵੇਖੇ, ਮੇਰੇ ਕੋਲੋਂ ਕੰਮਪਿਊਟਰ ਚਲਵਾ ਕੇ ਵੇਖਿਆ ਤੇ ਆਖਿਆ ਤੁਹਾਡੀ ਨੌਕਰੀ ਪੱਕੀ ਹੈ 13 ਪੌਂਡ ਘੰਟੇ ਦੇ ਮਿਲਣਗੇ। 8 ਘੰਟੇ ਰੋਜ਼ ਦਾ ਕੰਮ ਕਰਨਾ ਹੋਵੇਗਾ। ਮੈਂ ਬੜਾ ਖ਼ੁਸ਼ ਕਿ ਸ਼ੁਕਰ ਹੈ ਇਨ੍ਹਾਂ ਨੇ ਕੇਸ ਕੱਟਣ ਦੀ ਸ਼ਰਤ ਨਹੀਂ ਰੱਖੀ ਪਰ ਇਥੇ ਵੀ ਗੁਰੂ ਦਾ ਪਰਚਾ ਪੈ ਗਿਆ। ਸਟੋਰ ਦਾ ਮਾਲਕ ਕਹਿਣ ਲੱਗਾ ਕਿ ਸਾਡੇ ਸਟੋਰ

ਵਿਚ ਸਿਗਰੇਟ, ਬੀੜੀ ਵੀ ਹੈ। ਇਸ ਬਾਰੇ ਵਿਚ ਤੁਸੀਂ ਆਪਣੇ ਮਨ ਨਾਲ ਵਿਚਾਰ ਕਰ ਲਵੋ ਕਿ ਤੁਹਾਨੂੰ ਉਹ ਸਿਗਰੇਟ, ਬੀੜੀ ਵਗੈਰਾ ਵੀ ਗ੍ਰਾਹਕ ਨੂੰ ਆਪਣੇ ਹੱਥੀਂ ਫੜਾਉਣੀ ਪਵੇਗੀ।

ਹੁਣ ਫੇਰ 2 ਮਨ ਲੜ ਪਏ। ਇਕ ਪਾਸੇ ਨੌਕਰੀ, ਇਕ ਪਾਸੇ ਸਿੱਖੀ। ਮਨ 'ਚ ਇਹ ਵੀ ਆਇਆ ਕਿ ਪਲਾਸਟਿਕ ਦੇ ਦਸਤਾਨੇ ਪਾ ਕੇ ਦੇ ਦੇਵਾਂਗਾ, ਪਰ ਮਨ ਪੱਕਾ ਕੀਤਾ। ਕਿਉਂਕਿ ਮਨ 'ਚ ਆ ਗਿਆ ਕਿ ਮੇਰੇ ਗੁਰੂ ਪਿਤਾ ਦਾ ਤਾਂ ਘੋੜਾ ਵੀ ਨਹੀਂ ਸੀ ਗਿਆ ਤੰਬਾਕੂ ਦੇ ਖੇਤਾਂ ਵਿਚ। (ਕਲਗੀਧਰ ਪਾਤਿਸ਼ਾਹ ਦਾ ਨੀਲਾ ਘੋੜਾ) ਅਗਾਂਹ ਨਹੀਂ ਸੀ ਵੱਧ ਰਿਹਾ ਤਾਂ ਸਤਿਗੁਰੂ ਨੇ ਆਖਿਆ ਸੀ ਨੀਲਿਆ! ਅੱਗੇ ਕਿਉਂ ਨਹੀਂ ਵੱਧਦਾ ? ਫਿਰ ਦਇਆ ਸਿੰਘ ਨੂੰ ਆਖਿਆ ਵੇਖ ਨੀਲਾ ਅਗਾਂਹ ਕਿਉਂ ਨਹੀਂ ਜਾ ਰਿਹਾ। (ਗੁਰੂ ਸਾਹਿਬ ਤਾਂ ਜਾਣਦੇ ਸਨ ਪਰ ਸਾਨੂੰ ਸੇਧ ਦੇਣ ਲਈ ਚੋਜ ਵਰਤਾ ਰਹੇ ਸਨ) ਦਇਆ ਸਿੰਘ ਨੇ ਅੱਗੇ ਜਾ ਕੇ ਵੇਖ ਕੇ ਦੱਸਿਆ ਕਿ ਸਤਿਗੁਰੂ ਸੱਚੇ ਪਾਤਿਸ਼ਾਹ ! ਅੱਗੇ ਤੰਬਾਕੂ ਦੇ ਖੇਤ ਹਨ। ਸਤਿਗੁਰੂ ਕਹਿਣ ਲੱਗੇ ਸਾਡਾ ਨੀਲਾ ਵੀ ਸੇਵਾ ਵਿਚ ਰਹਿਣ ਦਾ ਸਦਕਾ ਅੰਤਰਜਾਮੀ ਹੋ ਗਿਆ ਹੈ। ਇਹ ਜਾਣ ਗਿਆ ਹੈ ਕਿ ਅੱਗੇ ਤੰਬਾਕੂ ਦੇ ਖੇਤ ਹਨ ਤੇ ਇਸ ਨੂੰ ਇਸ ਗੱਲ ਦੀ ਵੀ ਸੋਝੀ ਹੈ ਕਿ ਜੇ ਇਹ ਸਾਨੂੰ ਤੰਬਾਕੂ ਦੇ ਖੇਤਾਂ ਵਿਚ ਲੈ ਗਿਆ ਤਾਂ ਇਸ ਦੀ ਸਾਰੀ ਕੀਤੀ ਸੇਵਾ ਨਿਹਫਲ ਹੋ ਜਾਣੀ ਹੈ।

ਉਹ ਗੁਰਸਿੱਖ ਕਹਿਣ ਲੱਗਾ ਬੜੀ ਮੁਸ਼ਕਿਲ ਘੜੀ ਬਣ ਗਈ ਮੇਰੇ ਲਈ ਉਸ ਵੇਲੇ। ਇਕ ਪਾਸੇ 104 ਪੌਂਡ ਰੋਜ਼ ਦੀ ਨੌਕਰੀ, ਉਤੋਂ ਮੇਰੇ ਕੋਲ ਕੋਈ ਪੈਸਾ ਵੀ ਨਹੀਂ ਸੀ ਬਚਿਆ, ਉਧਾਰ ਪੈਸੇ ਲੈ ਕੇ ਗੁਜ਼ਾਰਾ ਕਰ ਰਿਹਾ ਸੀ ਤੇ ਦੂਜੇ ਪਾਸੇ ਕਲਗੀਧਰ ਦੀ ਸਿਖੀ। ਕਹਿੰਦਾ ਹੈ, ਮੈਂ ਬੜੀ ਮੁਸ਼ਕਲ ਨਾਲ ਆਪਣੇ ਮਨ ਨੂੰ ਪੱਕਾ ਕੀਤਾ ਕਿ ਜੋ ਮਰਜ਼ੀ ਹੋ ਜਾਵੇ ਉਹ ਕੰਮ ਨਹੀਂ ਕਰਨਾ ਜਿਸ ਦੀ ਗੁਰੂ ਵਲੋਂ ਮਨਾਹੀ ਹੈ, ਇਹ ਸੋਚ ਕੇ ਉਥੇ ਵੀ ਨੌਕਰੀ ਤੋਂ ਨਾਂਹ ਕਰ ਦਿੱਤੀ। ਤੁਸੀਂ ਵੀ ਇਸ ਗੁਰਮੁਖ ਪਿਆਰੇ ਦੀ ਆਪ ਬੀਤੀ ਪੜ੍ਹ ਕੇ ਆਪਣੇ ਲਈ ਸੇਧ ਲੈਣਾ ਕਿ ਤੁਹਾਡੇ ਤੇ ਵੀ ਭਾਵੇਂ ਕਿੰਨੀ ਮੁਸ਼ਕਲ ਘੜੀ ਕਿਉਂ ਨਾ ਬਣ ਜਾਵੇ ਪਰ ਗੁਰੂ ਦੇ ਦੱਸੇ ਮਾਰਗ ਨੂੰ ਕਦੇ ਨਾ ਛਡਿਓ, ਇਹੀ ਹੈ ਗੁਰੂ ਨੂੰ ਇਕ ਨੰਬਰ 'ਤੇ ਰੱਖਣਾ ਤੇ ਦੁਨੀਆਂ ਨੂੰ ਦੂਸਰੇ ਨੰਬਰ 'ਤੇ। ਉਹ ਗੁਰਮੁਖ ਪਿਆਰਾ ਪੂਰੇ ਦੋ ਮਹੀਨੇ ਹੋਰ ਵਿਹਲਾ ਰਿਹਾ, ਉਧਾਰ ਪੈਸੇ ਲੈ ਕੇ ਗੁਜ਼ਾਰਾ ਕਰਦਾ ਰਿਹਾ, ਪਰ ਨੌਕਰੀ ਦੀ ਖ਼ਾਤਰ ਸਿੱਖੀ ਨਹੀਂ ਛੱਡੀ। ਗੁਰੂ ਨੂੰ ਪਿਛੇ ਨਹੀਂ ਪਾਇਆ, ਇਸ ਨੂੰ ਆਖਦੇ ਹਨ ਗੁਰੂ ਨਾਲ ਸੱਚਾ ਇਸ਼ਕ। 17 ਜਗ੍ਹਾ 'ਤੇ ਨੌਕਰੀ ਦੀ ਨਾਂਹ ਹੋਈ ਪਰ ਉਸ ਨੇ ਆਪਣਾ ਮਨ ਕਮਜ਼ੋਰ ਨਹੀਂ ਪੈਣ ਦਿਤਾ। ਉਸ ਤੋਂ ਬਾਅਦ ਗੁਰੂ ਨੇ ਵੀ ਐਸੇ ਭਾਗ ਲਾਏ ਕਿ ਅੱਜ ਉਸ ਗੁਰਸਿੱਖ ਦੇ ਆਪਣੇ ਸਟੋਰ ਹਨ, ਆਪਣੀਆਂ ਜਾਇਦਾਦਾਂ ਹਨ, ਕਿਤਨੀਆਂ ਹੀ ਕਾਰ ਪਾਰਕਿੰਗਾਂ ਹਨ, ਉੱਥੇ ਕਾਰ ਪਾਰਕ ਕਰਨੀ ਹੋਵੇ ਤਾਂ 5 ਪੌਂਡ ਕਿਰਾਇਆ ਹੈ। 500 ਕਾਰ ਵੀ ਪਾਰਕ

ਹੋਵੇ ਤੇ ਰਾਤ ਨੂੰ ਘਰ ਬੈਠੇ 2500 ਪੌਂਡ ਮਿਲ ਜਾਂਦੇ ਹਨ। ਵੇਖ ਲਵੋ ਗੁਰੂ ਨੂੰ ਇਕ ਨੰਬਰ 'ਤੇ ਰਖਿਆ, ਗੁਰੂ ਦੀ ਖ਼ਾਤਰ ਕੁਰਬਾਨੀ ਕੀਤੀ ਫਿਰ ਗੁਰੂ ਵੀ ਕਈ ਗੁਣਾ ਵੱਧ ਮੋੜਦਾ ਹੈ। ਗੁਰੂ ਨੇ ਐਸੇ ਭਾਗ ਲਾਏ ਕਿ ਹੁਣ ਉਹ ਮਿੱਟੀ ਨੂੰ ਵੀ ਹੱਥ ਲਾਉਂਦਾ ਹੈ ਤੇ ਸੋਨਾ ਬਣ ਜਾਂਦੀ ਹੈ। ਉਹ ਸਰੀਰ ਜਿਹੜਾ 17-18 ਸਾਲ ਪਹਿਲੇ ਨੌਕਰੀ ਲੱਭਦਾ ਫਿਰਦਾ ਸੀ, ਅੱਜ ਉਸਦੇ ਥੱਲੇ 150 ਸਰੀਰ ਕੰਮ ਕਰਦੇ ਹਨ, ਜਿਸ ਵਿਚ 50 ਗੋਰੇ ਗੋਰੀਆਂ (ਅੰਗ੍ਰੇਜ਼) ਤੇ 100 ਇੰਡੀਅਨ ਹਨ। ਵੇਖ ਲਵੋ ਜੇ ਉਸ ਨੇ ਗੁਰੂ ਨੂੰ ਇਕ ਨੰਬਰ 'ਤੇ ਰਖਿਆ ਫਿਰ ਗੁਰੂ ਨੂੰ ਵੀ ਕਿੰਨੀ ਫ਼ਿਕਰ ਕਿ ਇਸ ਨੇ ਮੇਰੀ ਸਿੱਖੀ ਨਿਬਾਹੀ ਹੈ, ਮਾਇਆ ਦੀ ਖ਼ਾਤਰ ਮੇਰੇ ਤੋਂ ਮੂੰਹ ਨਹੀਂ ਮੋੜਿਆ, ਹੁਣ ਮੈਂ ਮਾਇਆ ਨੂੰ ਇਸ ਦੇ ਕਦਮਾਂ 'ਚ ਲਿਆ ਦੇਂਦਾ ਹਾਂ, ਇਸ ਨੂੰ ਕਿਸੇ ਦੀ ਨੌਕਰੀ ਨਹੀਂ ਕਰਨ ਦੇਣੀ, ਬਲਕਿ ਦੂਜੇ ਇਸ ਕੋਲੋਂ ਨੌਕਰੀ ਮੰਗਣ ਆਉਣਗੇ। ਉਹ ਸਰੀਰ ਇਹ ਨਹੀਂ ਕਿ ਮਾਇਆ ਆਉਣ ਤੋਂ ਬਾਅਦ ਗੁਰੂ ਨੂੰ ਭੁੱਲ ਗਿਆ, (ਇਹ ਵੀ ਆਪਣੇ ਲਈ ਸੇਧ ਲੈਣਾ, ਕਈਆਂ ਕੋਲ ਜਦੋਂ ਮਾਇਆ ਬਹੁਤ ਆ ਜਾਵੇ ਤਾਂ ਉਸ ਦੇ ਚਿਹਰੇ ਦਾ ਰੂਪ ਰੰਗ ਬਦਲ ਜਾਂਦਾ ਹੈ, ਫਿਰ ਉਨ੍ਹਾਂ ਨੂੰ ਗੁਰੂ ਦੀ ਸਿੱਖੀ ਛੋਟੀ ਲਗਣ ਲੱਗ ਜਾਂਦੀ ਹੈ, ਉਨ੍ਹਾਂ ਨੂੰ ਸਿੱਖੀ ਨਿਬਾਹੁਣ ਵਿਚ ਸ਼ਰਮ ਆਉਂਦੀ ਹੈ। ਉਹ ਗੁਰਸਿੱਖ ਦਾ ਵੇਖੋ ਪਿਆਰ। ਕਹਿੰਦਾ ਮੈਂ ਆਪਣੇ ਸਟੋਰ ਵਿਚ ਨੌਕਰੀ ਲਈ ਇਹ ਸ਼ਰਤ ਰੱਖੀ ਹੈ ਕਿ ਜਿਹੜਾ ਵੀ ਕੋਈ ਸਿੱਖ ਨੌਕਰੀ ਕਰੇ ਉਹ ਸਾਬਤ ਸੂਰਤ ਹੋਵੇ। ਜਿਹੜਾ ਸਿੱਖ ਹੋ ਕੇ ਦਾੜ੍ਹੀ ਨਹੀਂ ਕੱਟੇਗਾ, ਕੇਸ ਨਹੀਂ ਕੱਟੇਗਾ, ਉਸ ਨੂੰ 100 ਪੌਂਡ ਤਨਖ਼ਾਹ ਵੱਧ ਮਿਲੇਗੀ। ਇਸ ਸਰੀਰ ਦਾ ਨਾਮ ਜਸਵਿੰਦਰ ਸਿੰਘ ਕੋਹਲੀ ਹੈ। ਮਾਨਚੈਸਟਰ ਸ਼ਹਿਰ ਵਿਚ ਇਹਨਾਂ ਦੀ ਰਿਹਾਇਸ਼ ਹੈ।

ਇਸ਼ਾਰਾ ਲੈਣਾ ! ਗੁਰੂ ਨੂੰ ਇਕ ਨੰਬਰ 'ਤੇ ਰਖਣਾ ਕੀ ਹੈ। ਇਹ ਨਹੀਂ ਕਿ ਸਿਰਫ਼ ਨੌਕਰੀ ਦੀ ਗੱਲ ਚਲ ਰਹੀ ਹੈ। ਤੁਸੀਂ ਕੋਈ ਕਾਰੋਬਾਰ ਕਰਨਾ ਹੋਵੇ, ਉਹ ਵੀ ਪਹਿਲੇ ਵੇਖਿਆ ਕਰੋ ਕਿ ਸਿੱਖੀ ਵਿਚ ਮਨਜ਼ੂਰ ਹੈ ਕਿ ਨਹੀਂ। ਕਈ ਕੰਮ ਐਸੇ ਹਨ ਜਿਵੇਂ ਮੀਟ, ਮੁਰਗਿਆਂ ਦੇ ਕੰਮ, ਨਸ਼ਿਆਂ ਦੇ ਕੰਮ, ਬਿਊਟੀ ਪਾਰਲਰ ਦੇ ਕੰਮ, ਐਸੇ ਕਾਰੋਬਾਰ ਨਹੀਂ ਕਰਨੇ, ਜਿਨ੍ਹਾਂ ਦੀ ਸਾਡੀ ਸਿੱਖੀ ਵਿਚ ਮਨਾਹੀ ਹੈ। ਕੋਈ ਵੀ ਕੰਮ ਨਿੱਕੇ ਤੋਂ ਵੱਡਾ, ਚਾਹੇ ਕਿਰਤ ਹੋਵੇ, ਚਾਹੇ ਬੱਚਿਆਂ ਦੇ ਰਿਸ਼ਤੇ ਦੀ ਗੱਲ ਹੋਵੇ, ਹਰ ਕੰਮ ਵਿਚ ਗੁਰੂ ਨੂੰ ਇਕ ਨੰਬਰ 'ਤੇ ਰਖਿਆ ਕਰੋ। ਕੋਈ ਵੀ ਕੰਮ ਕਰੋ, ਗੁਰੂ ਨੂੰ ਇਕ ਨੰਬਰ 'ਤੇ ਰਖੋ ਤੇ ਦੁਨੀਆਂ ਨੂੰ ਦੋ ਨੰਬਰ 'ਤੇ। ਇਸ ਵਿਚ ਇਹ ਵੀ ਆਏਗਾ ਕਿ ਆਪਣੇ ਕਈ ਕੰਮਾਂ ਨੂੰ ਦੂਜ ਤੇ ਗੁਰੂ ਦੇ ਕੰਮਾਂ ਨੂੰ ਪਹਿਲ। ਜਿਵੇਂ ਕੋਈ ਨੌਕਰੀ ਪੇਸ਼ਾ ਹੋਵੇ, ਉਸ ਨੂੰ ਮਹੀਨੇ ਬਾਅਦ ਤਨਖ਼ਾਹ ਮਿਲਦੀ ਹੈ, ਜੇ ਦੁਕਾਨਦਾਰ ਹੈ ਤਾਂ ਆਪਣੀ ਦੁਕਾਨ ਤੋਂ ਮਹੀਨਾ ਕੱਢਦਾ ਹੈ। ਹੁਣ ਜਿਸ ਅੰਦਰ ਸ਼ਰਧਾ ਦੀ ਇਹ ਛੇਵੀਂ ਨਿਸ਼ਾਨੀ ਗੁਰੂ ਨੂੰ ਇਕ ਨੰਬਰ 'ਤੇ ਰੱਖਣ ਦੀ ਹੈ, ਉਹ ਆਪਣੀ ਤਨਖ਼ਾਹ ਵਿਚੋਂ ਪਹਿਲਾਂ ਗੁਰੂ ਦਾ ਹਿੱਸਾ (ਦਸਵੰਧ) ਕੱਢਦਾ ਹੈ,

ਪਰ ਜਿਥੇ ਨਹੀਂ ਇਹ ਗੱਲ, ਉਹ ਕਈ ਤਾਂ ਕੱਢਦੇ ਹੀ ਨਹੀਂ ਦਸਵੰਧ ਜਾਂ ਕਈ ਸੋਚਾਂ ਸੋਚਣਗੇ ਅੱਛਾ ਅੱਜ ਕੱਢਾਂਗੇ, ਕੱਲ ਕਢਾਂਗੇ, ਪਹਿਲੇ ਬਾਕੀ ਖ਼ਰਚੇ ਪੂਰੇ ਕਰ ਲਈਏ ਫਿਰ ਜੇ ਕੁਝ ਬਚੇਗਾ ਤਾਂ ਕੱਢ ਲਵਾਂਗੇ, ਜਾਂ ਕਹਿਣਗੇ ਇਸ ਮਹੀਨੇ ਖ਼ਰਚਾ ਬਹੁਤ ਹੋ ਗਿਆ ਹੈ, ਬਿਜਲੀ ਦਾ ਬਿੱਲ ਬਹੁਤ ਆ ਗਿਆ ਹੈ, ਫ਼ੋਨ ਦਾ ਬਿੱਲ ਜ਼ਿਆਦਾ ਆ ਗਿਆ ਹੈ, ਇਸ ਲਈ ਦਸਵੰਧ ਕੱਢਦੇ ਹੀ ਨਹੀਂ ਜਾਂ ਕਈ ਕਹਿ ਦੇਣਗੇ 10% ਨਹੀਂ ਕੱਢਦੇ 5% ਕੱਢ ਲੈਂਦੇ ਹਾਂ ਜਾਂ ਹੋਰ ਵੀ ਘੱਟ। ਇਹ ਹੈ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਪਰ ਜਿਹੜਾ ਗੁਰੂ ਨੂੰ ਪਹਿਲ ਦੇਵੇ, ਉਹ ਪਹਿਲਾਂ ਦਸਵੰਧ ਕੱਢਦਾ ਹੈ ਕਿਉਂਕਿ ਉਸ ਨੂੰ ਸੋਝੀ ਹੈ ਕਿ ਸੱਚਾ ਵਪਾਰ ਕੀ ਹੈ। ਪਿੰਡਾਂ ਵਿਚ ਜਿਥੇ ਗੁਰੂ ਨੂੰ ਪਹਿਲ ਹੋਵੇ, ਉਹ ਜਦੋਂ ਫ਼ਸਲ ਕੱਟਦੇ ਹਨ, ਪਹਿਲੇ ਗੁਰੂ ਦਾ ਹਿੱਸਾ, ਗੁਰੂ ਦੇ ਲੰਗਰ ਲਈ ਕੱਢਦੇ ਹਨ ਫਿਰ ਆਪਣੇ ਘਰ ਵਰਤਣਾ ਸ਼ੁਰੂ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਲਾਂਗਰੀ ਦਰਬਾਰਾ ਸਿੰਘ ਦੀ ਸਾਖੀ ਇਸ ਗੱਲ ਦੀ ਗਵਾਹੀ ਦੇਂਦੀ ਹੈ। ਇਕ ਵਾਰੀ ਇਕ ਜੱਟ ਮੱਕੀ ਦੀ ਰੋਟੀ 'ਤੇ ਸਰ੍ਹੋਂ ਦਾ ਸਾਗ ਬਣਾ ਕੇ ਲਿਆ ਰਿਹਾ ਸੀ ਗੁਰੂ ਦੇ ਲੰਗਰ ਵਾਸਤੇ। ਰਸਤੇ ਵਿਚ ਕੁਝ ਸਿੰਘਾਂ ਦੇ ਕਹਿਣ ਤੇ ਉਸ ਨੇ ਉਨ੍ਹਾਂ ਨੂੰ ਗੁਰੂ ਦਾ ਰੂਪ, ਗੁਰੂ ਦੇ ਪਿਆਰੇ ਜਾਣ ਕੇ ਉਹ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਛਕਾ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਨੇ ਭਰੇ ਦੀਵਾਨ ਵਿਚ ਜੋ ਬਚਨ ਕਹੇ ਸਨ, ਉਨ੍ਹਾਂ ਤੋਂ ਸਾਨੂੰ ਵੀ ਬੜੀ ਸੇਧ ਮਿਲਦੀ ਹੈ, ਸਿਖਿਆ ਮਿਲਦੀ ਹੈ, ਇਕ ਬੜੀ ਹੀ ਪਿਆਰੀ ਸੜਕ ਮਿਲਦੀ ਹੈ, ਰਸਤਾ ਮਿਲਦਾ ਹੈ — ਉਸ ਦੇ ਬਚਨ ਸਨ ਕਿ ਸਾਡੇ ਪੁਰਖਾਂ ਤੋਂ ਇਹ ਰਿਵਾਜ ਚਲਿਆ ਆ ਰਿਹਾ ਹੈ ਕਿ ਜਦੋਂ ਫ਼ਸਲ ਵੱਢਣੀ ਹੈ, ਉਸ ਦਾ ਪਹਿਲਾ ਪ੍ਰਸ਼ਾਦਾ ਪਕਾ ਕੇ ਗੁਰੂ ਘਰ ਲਿਆਉਣਾ ਹੈ। ਇਹ ਕੀ ਹੈ-ਆਪਣੇ ਘਰ ਨੂੰ ਦੂਜ ਤੇ ਗੁਰੂ ਨੂੰ ਪਹਿਲ। ਇਹ ਸ਼ਰਧਾ ਦੀ, ਪਿਆਰ ਦੀ ਨਿਸ਼ਾਨੀ ਹੈ ਕਿ ਪਹਿਲਾਂ ਗੁਰੂ ਦੇ ਚਰਨਾਂ ਵਿਚ ਅਰਪਨ ਕਰ ਕੇ ਸ਼ੁਕਰਾਨਾ ਕਰਨਾ ਕਿ ਸਤਿਗੁਰੂ ਤੇਰੀਆਂ ਦਿੱਤੀਆਂ ਦਾਤਾਂ ਹਨ, ਤੇਰੀਆਂ ਬਰਕਤਾਂ ਹਨ, ਤੇਰੀਆਂ ਰਹਿਮਤਾਂ ਹਨ, ਇਸ ਲਈ ਸਭ ਤੋਂ ਪਹਿਲਾਂ ਭੇਟ ਤੇਰੇ ਦਰ 'ਤੇ। ਸ਼ਰਧਾ ਵਾਲਾ ਜੋ ਗੁਰੂ ਨੂੰ ਇਕ ਨੰਬਰ 'ਤੇ ਰੱਖਦਾ ਹੈ ਉਸ ਦੀ ਜੋ ਵੀ ਕਿਰਤ ਹੋਵੇ-ਕੂਲਰਾਂ ਦੀ, ਪੱਖਿਆਂ ਦੀ, ਜੋ ਕੁਝ ਵੀ, ਉਸ ਦੇ ਮਨ ਦੀ ਇਹ ਭਾਵਨਾ ਹੁੰਦੀ ਹੈ ਕਿ ਮਾਲਕ ਨੇ ਉਸ ਨੂੰ ਜਿਸ ਚੀਜ਼ ਦੀ ਵੀ ਕਿਰਤ ਬਖ਼ਸ਼ੀ ਹੈ, ਉਸ ਦੀ ਹਾਜ਼ਰੀ ਗੁਰੂ ਘਰ ਵਿਚ ਪਹਿਲੇ ਲੱਗੇ। ਤੁਸੀਂ ਵੀ ਕਰੋ ਕਿਧਰੇ ਐਸਾ ਪਿਆਰ ਗੁਰੂ ਨਾਲ ਫੇਰ ਵੇਖੋ ਕਿਵੇਂ ਗੁਰੂ ਦੀਆਂ ਬਖ਼ਸ਼ਿਸ਼ਾਂ ਨਾਲ ਝੋਲੀਆਂ ਭਰਦੀਆਂ ਹਨ। ਗੁਰੂ ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ, ਨਾ ਹੀ ਗੁਰੂ ਨੂੰ ਤੁਹਾਡੀ ਮਾਇਆ ਜਾਂ ਚੀਜ਼ਾਂ ਦੀ ਲੋੜ ਹੈ ਪਰ ਭਾਗ ਤਾਂ ਭਾਵਨਾ ਨੂੰ ਲੱਗਦੇ ਹਨ।

## ਸ਼ਰਧਾ ਦੀ ਛੇਵੀਂ ਨਿਸ਼ਾਨੀ

ਅੰਮ੍ਰਿਤਸਰ ਵਿਚ ਹੀ ਦਾਸ ਦਾ ਇਕ ਮਿੱਤਰ ਹੈ। ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਮਰਾ ਵੀ ਹੈ। ਉਸ ਦੀ ਵਹੁਟੀ ਉਸ ਨੂੰ ਕਹਿੰਦੀ ਹੈ ਕਿ ਕੁਝ ਰਕਮ ਤੁਸੀਂ ਪਾਵੋ, ਕੁਝ ਮੇਰੇ ਕੋਲ ਜੁੜੀ ਹੈ ਤੇ ਅਸੀਂ ਆਪਣੇ ਕਮਰੇ ਵਿਚ ਏ. ਸੀ. ਲਗਵਾ ਲੈਂਦੇ ਹਾਂ, ਬੱਚੇ ਵੀ ਜ਼ਿੱਦ ਕਰਨ ਲੱਗੇ ਕਿ ਗਰਮੀ ਬਹੁਤ ਹੁੰਦੀ ਹੈ, ਜ਼ਰੂਰ ਏ. ਸੀ. ਲਗਵਾਓ। ਹੁਣ ਉਸ ਮਿੱਤਰ ਨੇ ਜੋ ਆਖਿਆ, ਉਸ ਤੋਂ ਇਸ਼ਾਰਾ ਲੈਣਾ ਕਿ ਗੁਰੂ ਨੂੰ ਪਹਿਲ, ਗੁਰੂ ਨੂੰ ਇਕ ਨੰਬਰ 'ਤੇ ਰੱਖਣਾ ਕੀ ਹੈ। ਉਹ ਕਹਿਣ ਲੱਗਾ, ਮੇਰਾ ਮਨ ਨਹੀਂ ਮੰਨਦਾ ਕਿ ਗੁਰੂ ਸਾਹਿਬ ਦੇ ਕਮਰੇ ਵਿਚ ਏ.ਸੀ. ਨਾ ਹੋਵੇ ਤੇ ਆਪਣੇ ਕਮਰੇ ਵਿਚ ਲਗਵਾ ਲਈਏ। ਜਿਸ ਦਾ ਗੁਰੂ ਨਾਲ ਪਿਆਰ ਹੋਵੇ, ਉਹ ਕਦੇ ਇਹ ਨਹੀਂ ਚਾਹੇਗਾ, ਕਿ ਉਹ ਗੁਰੂ ਨਾਲੋਂ ਵੱਧ ਸਹੂਲਤਾਂ ਵਿਚ ਰਹੇ। ਉਸ ਗੁਰਮੁਖ ਪਿਆਰੇ ਦੀ ਇਹ ਅਵਸਥਾ ਸੀ, ਪਿਆਰ ਭਾਵਨਾ ਸੀ ਪਰ ਉਸ ਦੀ ਪਤਨੀ ਅਜੇ ਇਥੇ ਨਹੀਂ ਸੀ ਪਹੁੰਚੀ। ਉਹ ਕਹਿੰਦੀ ਹੈ ਕਿ ਗੁਰੂ ਸਾਹਿਬ ਦੇ ਕਮਰੇ ਵਿਚ ਅਗਲੇ ਸਾਲ ਲਗਵਾ ਲਵਾਂਗੇ। ਜ਼ਰੂਰ ਚੈੱਕ ਕਰਿਓ ਆਪਣੇ ਅੰਦਰ ਦੀ ਭਾਵਨਾ ਨੂੰ ਕਿ ਕਿਥੇ ਖੜ੍ਹੇ ਹੋ ?

ਸਾਨੂੰ ਮਹਾਂਪੁਰਸ਼ਾਂ ਵਲੋਂ ਇਸ਼ਾਰਾ ਹੈ ਕਿ ਗੁਰੂ ਸਾਹਿਬ ਦਾ ਪ੍ਰਕਾਸ਼ 6 ਵਜੇ ਤੋਂ ਪਹਿਲਾਂ-ਪਹਿਲਾਂ 4-5 ਵਜੇ ਕਰਨ ਦਾ ਤੇ ਦੁਪਹਿਰ ਨੂੰ ਸੁਖ ਆਸਣ ਕਰਨ ਦਾ, ਇਹ ਭਾਵਨਾ ਕਿ ਗੁਰੂ ਸਾਹਿਬ ਨੂੰ ਦਿਨ ਸਮੇਂ ਕੁਝ ਆਰਾਮ ਕਰਾਉਣਾ ਹੈ। ਇਕ ਦਿਨ ਦੀ ਗੱਲ, ਦੁਪਿਹਰ ਦੇ 3 ਵਜੇ ਸਨ, ਸਵੇਰ ਤੋਂ ਰੁਟੀਨ ਕੁਝ ਐਸੀ ਸੀ ਕਿ ਬਹੁਤ ਜ਼ਿਆਦਾ ਥਕਾਵਟ ਸੀ, ਹੁਣ ਇਕ ਮਨ ਕਹੇ ਕਿ ਥੋੜੀ ਦੇਰ ਆਪ ਪਹਿਲਾਂ ਅਰਾਮ ਕਰ ਕੇ ਫੇਰ ਗੁਰੂ ਸਾਹਿਬ ਦੇ ਕਮਰੇ ਵਿਚ ਜਾਵਾਂਗੇ ਤੇ ਸੁਖ-ਆਸਣ ਕਰਾਂਗੇ, ਪਰ ਨਾਲ ਹੀ ਜਿਵੇਂ ਅੰਦਰੋਂ ਗੁਰੂ ਸਾਹਿਬ ਵਲੋਂ ਚੇਤਾਵਨੀ ਮਿਲੀ ਕਿ ਇਹ ਤਾਂ ਆਪਣੇ ਆਪ ਨੂੰ ਪਹਿਲ ਹੋ ਗਈ। ਆਪਣੇ ਅਰਾਮ ਦੀ ਪ੍ਰਵਾਹ ਹੈ ਤੇ ਗੁਰੂ ਨੂੰ ਦੂਸਰੇ ਨੰਬਰ 'ਤੇ ਰੱਖ ਦਿੱਤਾ। ਇਹ ਨਿੱਕੀਆਂ-ਨਿੱਕੀਆਂ ਗੱਲਾਂ ਹਨ, ਇਸ਼ਾਰੇ ਹਨ, ਜਿਤਨਾ ਵੀ ਕੋਈ ਚਲ ਸਕੇ।

ਜ਼ਰੂਰ ਚੈੱਕ ਕਰਿਆ ਕਰੋ, ਸਾਨੂੰ ਸ਼ਰਧਾ ਦੀ ਇਹ ਛੇਵੀਂ ਨਿਸ਼ਾਨੀ ਮਿਲੀ ਹੈ ਕਿ ਨਹੀਂ ? ਅਸੀਂ ਗੁਰੂ ਨੂੰ ਪਹਿਲ ਦੇਂਦੇ ਹਾਂ ਕਿ ਆਪਣੇ ਆਪ ਨੂੰ ? ਗੁਰੂ ਨੂੰ ਇਕ ਨੰਬਰ 'ਤੇ ਰੱਖਦੇ ਹਾਂ ਕਿ ਦੁਨੀਆਂ ਨੂੰ ? ਸਾਡਾ ਮੁਖ ਗੁਰੂ ਵਲ ਹੈ ਕਿ ਦੁਨੀਆਂ ਵਲ ? ਭਾਈ ਗੁਰਦਾਸ ਜੀ ਦੀਆਂ ਪੰਕਤੀਆਂ ਵੀ ਸਾਨੂੰ ਇਹੀ ਸੇਧ ਦੇ ਰਹੀਆਂ ਹਨ-

*ਸਤਿਗੁਰੁ ਆਗੂ ਜਾਣੀਐ॥*

(ਵਾਰ ੨੬, ਪਾ: ੧੯)

ਹਰ ਕੰਮ ਵਿਚ ਗੁਰੂ ਨੂੰ ਅੱਗੇ ਰਖਿਆ ਕਰੋ। ਜਦੋਂ ਨਵਾਂ ਮਕਾਨ ਬਣਵਾਉਣਾ ਹੋਵੇ, ਨਕਸ਼ਾ ਬਣਵਾਉਂਦੇ ਹੋ, ਹੁਣ ਜਿਨ੍ਹਾਂ ਦੇ ਅੰਦਰ ਤਾਂ ਹੈ ਸ਼ਰਧਾ ਦਾ ਖ਼ਾਨਾ, ਉਹ

ਗੁਰੂ ਨੂੰ ਮੁਖ ਰੱਖਦੇ ਹਨ, ਉਹ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਕਮਰੇ ਦੇ ਬਾਰੇ ਵਿਚ ਸੋਚਦੇ ਹਨ ਕਿ ਮੇਰੇ ਮਾਲਕ ਦਾ ਕਮਰਾ ਐਸਾ ਹੋਵੇ ਜਿਥੇ ਹਵਾ ਵੀ ਹੋਵੇ, ਰੌਸ਼ਨੀ ਵੀ ਹੋਵੇ ਤੇ ਕਮਰਾ ਵੀ ਸੁੰਦਰ ਹੋਵੇ। ਇਕ ਗੱਲ ਯਾਦ ਰੱਖਿਓ, ਜਿਹੜੇ ਇਹੋ ਜਿਹੀ ਭਾਵਨਾ ਰੱਖਣ ਫਿਰ ਗੁਰੂ ਵੀ ਉਨ੍ਹਾਂ ਨੂੰ ਭਾਗ ਲਗਾਉਂਦਾ ਹੈ ਕਿ ਜੇ ਇਸ ਨੂੰ ਮਕਾਨ ਦਿੱਤਾ ਹੈ ਤਾਂ ਇਸ ਨੇ ਮੈਨੂੰ ਪਹਿਲੇ ਨੰਬਰ 'ਤੇ ਰਖਿਆ ਹੈ। ਜਿਨ੍ਹਾਂ ਅੰਦਰ ਨਹੀਂ ਸ਼ਰਧਾ ਉਹ ਆਪਣੇ ਬੈੱਡ ਰੂਮ, ਬੱਚਿਆਂ ਦੇ ਕਮਰੇ, ਡਰਾਇੰਗ ਰੂਮ, ਡਾਇਨਿੰਗ ਦੇ ਬਾਰੇ ਤਾਂ ਸੋਚਣਗੇ ਪਰ ਜਦੋਂ ਗੁਰੂ ਸਾਹਿਬ ਦੇ ਕਮਰੇ ਦੀ ਵਾਰੀ ਆਉਂਦੀ ਹੈ ਤਾਂ ਪਰਛੱਤੀ ਰਹਿ ਜਾਂਦੀ ਹੈ। ਬਾਕੀ ਸਾਰੇ ਕੰਮਾਂ ਲਈ ਥਾਂ ਹੈ ਪਰ ਮਾਲਕ ਜਿਸ ਨੇ ਸਭ ਕੁਝ ਬਖ਼ਸ਼ਿਆ ਹੈ, ਉਸ ਦੇ ਲਈ ਕੋਈ ਥਾਂ ਨਹੀਂ।

ਇਸੇ ਤਰ੍ਹਾਂ ਹੋਰ ਵੀ ਸਭ ਤਰ੍ਹਾਂ ਦੇ ਨਿੱਕੇ-ਵੱਡੇ ਕਾਰਜਾਂ ਵਿਚ ਜ਼ਰੂਰ ਚੈੱਕ ਕਰਿਆ ਕਰੋ ਕਿ ਗੁਰੂ ਨੂੰ ਪਹਿਲ ਦੇਂਦੇ ਹੋ ਕਿ ਦੁਨੀਆਂ ਨੂੰ? ਆਪਣੇ ਘਰ, ਆਪਣੇ ਸੱਕੇ ਸੰਬੰਧੀਆਂ, ਆਪਣੇ ਸੁੱਖਾਂ ਨੂੰ ਪਹਿਲ ਦੇਂਦੇ ਹੋ ਕਿ ਗੁਰੂ ਨੂੰ? ਸਾਡੀ ਜ਼ਿੰਦਗੀ ਵਿਚ 4 ਸੰਸਕਾਰ ਆਉਂਦੇ ਹਨ— ਜਨਮ-ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ-ਸੰਸਕਾਰ ਤੇ ਅੰਤਮ-ਸੰਸਕਾਰ। ਇਨ੍ਹਾਂ ਚਾਰਾਂ ਵਿਚ ਚੈੱਕ ਕਰਿਆ ਕਰੋ ਕਿ ਦੁਨੀਆਂ ਨੂੰ ਦੂਜ ਦੇਂਦੇ ਹੋ ਤੇ ਗੁਰੂ ਨੂੰ ਪਹਿਲ ਜਾਂ ਗੁਰੂ ਨੂੰ ਦੂਜ ਤੇ ਦੁਨੀਆਂ ਨੂੰ ਪਹਿਲ।

SIKHBOOKCLUB.COM

ਸਭ ਤੋਂ ਪਹਿਲੇ ਜਨਮ-ਸੰਸਕਾਰ ਲੈ ਲਵੋ। ਜਨਮ ਸੰਸਕਾਰ ਜੇ ਜਨਮ ਤੋਂ ਵੀ ਪਿਛੇ ਚਲੀਏ, ਜਿਹੜੀ ਮਾਂ ਗੁਰੂ ਨੂੰ ਪਹਿਲ ਦੇਂਦੀ ਹੈ, ਉਸ ਦੀ ਜਦੋਂ ਆਸ ਹੀ ਬੱਝਦੀ ਹੈ ਤਾਂ ਉਹ ਨੇਮ ਵਧਾ ਦੇਂਦੀ ਹੈ ਕਿ ਉਸ ਦੀ ਕੁੱਖ ਵਿਚੋਂ ਗੁਰਮੁਖ ਰੂਹ ਜਨਮ ਲਵੇ। ਬੰਦਗੀ ਵਧਾ ਦੇਂਦੀ ਹੈ ਕਿ ਬਖਸ਼ੀ ਰੂਹ ਆਵੇ। (ਇਹ ਪੱਕੀ ਗਲ ਹੈ ਕਿ ਜਦੋਂ ਬੱਚਾ ਮਾਂ ਦੇ ਗਰਭ ਵਿਚ ਹੋਵੇ ਤਾਂ ਉਸ ਦੌਰਾਨ ਉਹ ਜੈਸਾ ਕਰਮ ਕਰੇ ਉਸ ਦਾ ਪ੍ਰਭਾਵ ਬੱਚੇ 'ਤੇ ਪੈਂਦਾ ਹੈ, ਇਸ ਲਈ ਜੋ ਭੈਣਾਂ ਬੱਚੀਆਂ ਚਾਹੁੰਦੀਆਂ ਹਨ ਉਸ ਦੇ ਘਰ ਨਾਮ ਜਪਣ ਵਾਲੀ ਰੂਹ ਆਵੇ ਤਾਂ ਇਸ ਸਮੇਂ ਦੌਰਾਨ ਬਾਣੀ ਵੱਧ ਤੋਂ ਵੱਧ ਪੜ੍ਹੋ, ਵੱਧ ਤੋਂ ਵੱਧ ਭਜਨ ਬੰਦਗੀ ਵਲ ਧਿਆਨ ਦਿਓ, ਗੁਰੂ ਸਾਹਿਬ ਤੁਠ ਕੇ ਤੁਹਾਡੇ ਘਰ ਬਖ਼ਸ਼ੀ ਰੂਹ ਭੇਜਣਗੇ। ਹੁਣ ਜਦੋਂ ਬੱਚਾ ਜਨਮ ਲੈਂਦਾ ਹੈ, ਇਹ ਇਕ ਆਮ ਰਿਵਾਜ ਹੈ ਕਿ ਉਸ ਦੇ ਮੁਖ ਨੂੰ ਸ਼ਹਿਦ ਲਾਇਆ ਜਾਂਦਾ ਹੈ। ਗੁਰੂ ਨੂੰ ਪਹਿਲ ਦੇਣ ਵਾਲੇ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦੇ ਬੱਚੇ ਦੇ ਮੁਖ ਨੂੰ ਸ਼ਹਿਦ ਕਿਸੇ ਬਖ਼ਸ਼ੇ ਹੋਏ ਦੀ ਉਂਗਲ ਨਾਲ ਲੱਗੇ। ਮਹਾਂਪੁਰਸ਼ ਬਚਨ ਕਰਦੇ ਸਨ ਕਿ, ਜਦੋਂ ਬੱਚੇ ਦੇ ਮੂੰਹ ਨੂੰ ਸ਼ਹਿਦ ਲਾਉਣਾ ਹੈ, ਭਾਵੇਂ ਉਂਗਲ ਨਾਲ ਜਾਂ ਸੋਨੇ ਦੀ ਸਿਲਾਈ ਨਾਲ, ਸਿੱਧਾ ਮੂੰਹ ਵਿਚ ਨਹੀਂ ਪਾਉਣਾ, ਪਹਿਲਾਂ ਉਂਗਲ ਨਾਲ ਹੀ ਸ਼ਹਿਦ ਲਾ ਕੇ ਬੱਚੇ ਦੇ ਜਬਾਨ 'ਤੇ 'ਵਾ' ਲਿਖਣਾ ਹੈ, ਫਿਰ ਦੂਜੀ ਵਾਰ 'ਹਿ' ਫਿਰ 'ਗੁ' ਫਿਰ 'ਰੂ'। ਉਸ ਬੱਚੇ ਦੇ ਅੰਦਰ ਸ਼ਹਿਦ 'ਵਾਹਿਗੁਰੂ' ਸ਼ਬਦ ਵਿਚ ਜਾਵੇ। ਜਨਮ

ਲੈਂਦਿਆਂ ਹੀ ਨੀਂਹ ਬੱਝੇ, ਬਾਹਰਲੀ ਖੁਰਾਕ 'ਵਾਹਿਗੁਰੂ' ਸ਼ਬਦ ਦੀ ਮਿਲੇ। ਜਿਸ ਦਾ ਮੁਖ ਗੁਰੂ ਵਲ ਹੈ ਉਹ ਹਰ ਕੰਮ ਵਿਚ ਗੁਰੂ ਨੂੰ ਵਸਾਉਂਦਾ ਹੈ। ਕਈਆਂ ਵਿਚ ਆਮ ਤੌਰ ਤੇ ਇਹ ਰਿਵਾਜ ਹੁੰਦਾ ਹੈ ਕਿ ਮੁੰਡੇ ਦੇ ਜਨਮ ਤੋਂ ਬਾਅਦ ਪਾਰਟੀ ਦੇਂਦੇ ਹਨ। ਹੁਣ ਜਿਨ੍ਹਾਂ ਦਾ ਮੁਖ ਨਹੀਂ ਗੁਰੂ ਵੱਲ, ਉਹ ਮੀਟ, ਸ਼ਰਾਬ ਦੀ ਪਾਰਟੀ ਦੇਣਗੇ। ਕਿਸੇ ਘਰ 7-8 ਸਾਲ ਬਾਅਦ ਔਲਾਦ ਹੋਈ, ਪੁੱਤਰ ਦੀ ਦਾਤ ਪ੍ਰਾਪਤ ਹੋਈ। ਉਸ ਨੇ ਇਸ ਖ਼ੁਸ਼ੀ ਵਿਚ ਮੀਟ, ਸ਼ਰਾਬ ਦੀ ਪਾਰਟੀ ਦਿੱਤੀ। ਦਾਸ ਨੇ ਪੁੱਛ ਲਿਆ ਕਿ ਤੁਸੀਂ ਇਹ ਪੁੱਤਰ ਦੇ ਜਨਮ ਦੀ ਖ਼ੁਸ਼ੀ ਵਿਚ ਮੀਟ-ਸ਼ਰਾਬ ਦੀ ਪਾਰਟੀ ਕਿਉਂ ਦੇ ਰਹੇ ਹੋ, ਤੁਹਾਨੂੰ ਤਾਂ ਚਾਹੀਦਾ ਹੈ ਘਰ ਵਿਚ ਅਖੰਡ ਪਾਠ ਕਰਵਾ ਕੇ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠਾਂ ਦੇ ਪ੍ਰਵਾਹ ਚਲਾ ਕੇ ਸਤਿਗੁਰੂ ਦੇ ਸ਼ੁਕਰਾਨੇ ਕਰੋ ਕਿ ਉਸ ਨੇ ਤੁਹਾਡੀ ਮੁਰਾਦ ਪੂਰੀ ਕੀਤੀ ਹੈ। ਉਹ ਕਹਿਣ ਲੱਗਾ ਕਿ ਦੁਨੀਆਦਾਰੀ ਦੇਖਣੀ ਪੈਂਦੀ ਹੈ। ਮੀਟ ਸ਼ਰਾਬ ਦੀ ਪਾਰਟੀ ਨਾ ਦੇਈਏ ਤਾਂ ਰਿਸ਼ਤੇਦਾਰ-ਸੰਬੰਧੀ ਨਰਾਜ਼ ਹੋ ਜਾਂਦੇ ਹਨ। ਇਹ ਕੀ ਹੈ ? ਦੁਨੀਆਂ ਨੂੰ ਪਹਿਲ, ਗੁਰੂ ਨੂੰ ਦੂਜ। ਜਿਸ ਦਾ ਮੁਖ ਗੁਰੂ ਵੱਲ ਹੈ, ਉਹ ਮੀਟ ਸ਼ਰਾਬ ਦੀਆਂ ਪਾਰਟੀਆਂ ਨਹੀਂ ਦੇਂਦੇ। ਉਸ ਦਾ ਤਾਂ ਜਦੋਂ ਬੱਚਾ 5 ਦਿਨ ਜਾਂ 13 ਦਿਨ ਦਾ ਹੋਵੇ, ਉਸ ਦੇ ਦਿਮਾਗ਼ ਵਿਚ ਇਕ ਫ਼ਿਲਮ ਘੁੰਮਣ ਲੱਗ ਜਾਂਦੀ ਹੈ ਕਿ ਪੰਜ ਸਿੰਘਾਂ ਜਾਂ ਦੋ ਸਿੰਘਾਂ ਜਾਂ ਇਕ ਸਿੰਘ ਨੂੰ ਆਪਣੇ ਘਰ ਬੁਲਾਵੇ ਤੇ ਉਸ ਨੂੰ ਪ੍ਰਸ਼ਾਦਾ ਪਾਣੀ ਛਕਾਵੇ। ਉਹ ਸਿੰਘ ਜਪੁਜੀ ਸਾਹਿਬ ਦਾ ਪਾਠ ਕਰ ਕੇ ਬੱਚੇ ਨੂੰ ਅੰਮ੍ਰਿਤ ਦੀਆਂ ਬੂੰਦਾਂ ਪਿਲਾਵੇ (ਤਾਂ ਕਿ ਮਾਂ-ਬਾਪ ਨਾਲ ਬੱਚੇ ਦੀ ਜੂਠ ਸੁੱਚ ਦਾ ਭੇਦ ਨਾ ਰਹੇ) ਜਦੋਂ ਬੱਚਾ ਹੋਸ਼ ਸੰਭਾਲਣ ਜੋਗਾ ਹੋ ਜਾਵੇ, ਤਾਂ ਪੰਜ ਪਿਆਰਿਆਂ ਕੋਲੋਂ ਪੂਰੀ ਮਰਯਾਦਾ ਨਾਲ ਅੰਮ੍ਰਿਤ ਛਕਾਉਂਦੇ ਹਨ।

ਦੂਸਰਾ ਹੈ ਅੰਮ੍ਰਿਤ-ਸੰਸਕਾਰ—ਅੰਮ੍ਰਿਤ ਦੀ ਦਾਤ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਬਖ਼ਸ਼ਿਸ਼ ਹੈ, ਇਕ ਅਨਮੋਲ ਦਾਤ ਹੈ। ਪਹਿਲੀਆਂ 9 ਪਾਤਿਸ਼ਾਹੀਆਂ ਤਕ ਚਰਨ-ਪਾਹੁਲ ਦਿੱਤੀ ਜਾਂਦੀ ਸੀ, ਦਸਵੇਂ ਪਾਤਿਸ਼ਾਹ ਨੇ ਥੋੜ੍ਹਾ ਜਿਹਾ ਮਰਯਾਦਾ ਨੂੰ ਇੰਝ ਕੀਤਾ। 11 ਮਹੀਨੇ ਸਤਿਗੁਰੂ ਸੱਚੇ ਪਾਤਿਸ਼ਾਹ ਚੁੱਪ ਰਹੇ, ਉਸ ਤੋਂ ਬਾਅਦ ਪੰਜ ਸੀਸ ਮੰਗੇ। ਪਤਾ ਨਹੀਂ ਉਨ੍ਹਾਂ ਦੀ ਕੀ ਮੌਜ ਸੀ ? ਕੀ ਦੇਣਾ ਚਾਹੁੰਦੇ ਸੀ ? ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਤੇ ਹਰ ਸਿਖ ਲਈ 'ਹੁਕਮ' ਕੀਤਾ ਕਿ ਅੰਮ੍ਰਿਤ ਛਕਣਾ ਤੇਰੇ ਲਈ ਜ਼ਰੂਰੀ ਹੈ। ਅੰਮ੍ਰਿਤ ਛਕਣ ਤੋਂ ਬਾਅਦ ਹੀ ਸਿੱਖ ਹੋਣ ਦੀ ਮੋਹਰ ਲਗਦੀ ਹੈ। ਹਿੰਦੂ ਧਰਮ ਵਿਚ ਜਦੋਂ ਜਨੇਊ ਦੀ ਰਸਮ ਹੋ ਜਾਵੇ ਤਾਂ ਉਸ ਦੀ ਧਰਮ ਵਿਚ ਸ਼ਾਮਲ ਹੋਣ ਦੀ ਮੋਹਰ ਲਗਦੀ ਹੈ। ਮੁਸਲਮਾਨ ਧਰਮ ਵਿਚ ਸੁੰਨਤ ਦੀ ਰਸਮ ਹੋਣ ਤੇ ਧਰਮ ਵਿਚ ਸ਼ਾਮਲ ਹੋਣ ਦੀ ਮੋਹਰ ਲੱਗਦੀ ਹੈ ਤੇ ਈਸਾਈ ਧਰਮ ਵਿਚ ਸ਼ਾਮਲ ਹੋਣ ਸਮੇਂ ਜਦੋਂ ਪਵਿੱਤ੍ਰ ਜਲ ਪਿਆਇਆ ਜਾਂਦਾ ਹੈ ਤਾਂ ਉਹ ਈਸਾਈ ਅਖਵਾਉਂਦਾ ਹੈ। ਇਸੇ ਤਰ੍ਹਾਂ ਪਿਆਰਿਓ ! ਸਿੱਖ ਧਰਮ ਵਿਚ ਜਦੋਂ ਇਕ ਸਿੱਖ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਦੀ

ਦਾਤ ਪ੍ਰਾਪਤ ਕਰਦਾ ਹੈ ਤਾਂ ਹੀ ਉਹ ਗੁਰੂ ਦਾ ਸਿੱਖ ਅਖਵਾਉਂਦਾ ਹੈ। ਸਿੱਖ ਦੇ ਸਹੀ ਮਾਇਨੇ ਵਿਚ ਦੋ ਜਨਮ ਹਨ, ਇਕ ਆਪਣੇ ਮਾਂ-ਬਾਪ ਦੇ ਘਰ ਤੇ ਦੂਸਰਾ ਸਤਿਗੁਰੂ ਦੇ ਘਰ। ਇਕ ਜਨਮ ਤਾਂ ਅਸੀਂ ਸਾਰਿਆਂ ਨੇ ਹੀ ਲਿਆ ਹੈ। ਜੇ ਇਹ ਨਾ ਲਿਆ ਹੁੰਦਾ ਤਾਂ ਸਰੀਰ ਰੂਪੀ ਪਿੰਜਰ ਕਈਆਂ ਨੇ ਲਿਆ ਹੈ ਤੇ ਕਈਆਂ ਨੇ ਨਹੀਂ। ਦੂਸਰਾ ਜਨਮ ਹੈ 'ਗੁਰੂ ਦੇ ਘਰ ਵਿਚ ਜਨਮ ਲੈਣਾ, ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਜਾਣਾ।' ਇਸ ਦੀ ਪ੍ਰਾਪਤੀ ਕਈਆਂ ਨੇ ਕੀਤੀ ਹੈ ਤੇ ਕਈਆਂ ਨੇ ਨਹੀਂ, ਪਰ ਇਹ ਹੈ ਬਹੁਤ ਹੀ ਜ਼ਰੂਰੀ। ਜਦੋਂ ਸਿੱਖ ਦੂਸਰਾ ਜਨਮ ਧਾਰਨ ਕਰ ਲੈਂਦਾ ਹੈ ਤਾਂ ਉਸ ਦਾ ਆਉਣਾ ਜਾਣਾ ਮਿਟ ਜਾਂਦਾ ਹੈ। ਇਸ ਗੱਲ ਦੀ ਗਵਾਹੀ ਗੁਰਬਾਣੀ ਵੀ ਦੇਂਦੀ ਹੈ-

*ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥*

(ਅੰਗ ੯੪੦)

ਇਕ ਵਾਰੀ ਕਲਗੀਧਰ ਪਾਤਿਸ਼ਾਹ ਮਾਲਵੇ ਦੀ ਧਰਤੀ 'ਤੇ ਆਪਣੀ ਮੌਜ ਵਿਚ ਬੈਠੇ ਸਨ। ਆਪ ਜੀ ਦਾ ਇਕ ਬਹੁਤ ਹੀ ਪਿਆਰਾ ਸਿੱਖ ਭਾਈ ਡੱਲਾ ਦਰਸ਼ਨ ਕਰਨ ਲਈ ਆਇਆ। ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਚਰਨਾਂ 'ਚ ਮੱਥਾ ਟੇਕਿਆ ਤੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ, ਸੱਚੇ ਪਾਤਿਸ਼ਾਹ ! ਆਪ ਜੀ ਦੀ ਬੁਹਤ ਕਿਰਪਾ ਹੈ, ਆਪ ਜੀ ਬਹੁਤ ਖ਼ੁਸ਼ੀਆਂ, ਬਹੁਤ ਪਿਆਰ ਬਖ਼ਸ਼ਦੇ ਹੋ, ਇਕ ਕਿਰਪਾ ਕਰਨੀ ਦਰਗਾਹ ਵਿਚ ਇਕ ਪੀੜੀ ਜਿੰਨੀ ਜਗ੍ਹਾ ਦੇ ਦੇਣੀ। ਸਤਿਗੁਰੂ ਕਹਿੰਦੇ ਹਨ, ਡੱਲਿਆ, ਭਾਵੇਂ ਤੇਰੀਆਂ ਗੁਰੂ ਘਰ ਵਿਚ ਬਹੁਤ ਸੇਵਾਵਾਂ ਹਨ ਤੇ ਤੇਰੇ 'ਤੇ ਸਾਡੀ ਪ੍ਰਸੰਨਤਾ ਵੀ ਹੈ ਪਰ ਦਰਗਾਹ ਵਿਚ ਤੈਨੂੰ ਪੀੜੀ ਜਿਤਨੀ ਕੀ, ਸੂਈ ਦੇ ਨੱਕੇ ਜਿਤਨੀ ਵੀ ਜਗ੍ਹਾ ਨਹੀਂ ਮਿਲ ਸਕਦੀ ਜਦ ਤਕ ਤੂੰ ਅੰਮ੍ਰਿਤ ਛਕ ਕੇ ਸਿੰਘ ਨਹੀਂ ਸੱਜ ਜਾਂਦਾ। ਹੁਣ ਇਸ ਸਾਖੀ ਤੋਂ ਆਪੇ ਅੰਦਾਜ਼ਾ ਲਾ ਲਵੋ ਕਿ ਅੰਮ੍ਰਿਤ ਛਕਣਾ ਕਿੰਨਾ ਕੁ ਜਰੂਰੀ ਹੈ। ਭਾਈ ਡੱਲਾ, ਗੁਰੂ ਸਾਹਿਬ ਦੇ ਕਿੰਨੀ ਨੇੜੇ, ਕਿੰਨੀਆਂ ਉਸਦੀਆਂ ਸੇਵਾਵਾਂ, ਗੁਰੂ ਸਾਹਿਬ ਦੀ ਕਿੰਨੀ ਉਸ ਉਤੇ ਪ੍ਰਸੰਨਤਾ, ਕਿੰਨਾ ਪਿਆਰ ਹੈ ਕਿ ਆਪਣੇ ਅੰਗਾਂ ਨਾਲ ਸੁਸ਼ੋਭਿਤ ਕਈ ਚੀਜ਼ਾਂ ਵੀ ਗੁਰੂ ਸਾਹਿਬ ਉਸ ਨੂੰ ਖ਼ੁਸ਼ ਹੋ ਕੇ ਦੇਂਦੇ ਸਨ ਪਰ ਕੀ ਆਖਿਆ ਅੰਮ੍ਰਿਤ ਛਕਣ ਬਗ਼ੈਰ ਗੱਲ ਨਹੀਂ ਬਨਣੀ। ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ ਕਿ ਸਿੱਖ ਨੇ ਅੰਮ੍ਰਿਤ ਛਕਿਆ ਹੋਵੇ, ਜਾਣ ਬੁਝ ਕੇ ਗ਼ਲਤੀ ਨਾ ਕਰੇ, ਅਗਰ ਅਨਜਾਣਪੁਣੇ ਵਿਚ ਗ਼ਲਤੀ ਹੋ ਵੀ ਜਾਵੇ ਅਤੇ ਨਰਕਾਂ ਦਾ ਭਾਗੀ ਬਣ ਜਾਵੇ ਤਾਂ ਵੀ ਮੈਂ ਆਪਣੇ ਅੰਮ੍ਰਿਤਧਾਰੀ ਸਿੱਖ ਨੂੰ ਦਸ ਹਜ਼ਾਰ ਸਾਲ ਤਕ ਨਰਕਾਂ ਵਿਚ ਨਹੀਂ ਜਾਣ ਦੇਵਾਂਗਾ। ਬਾਰ-ਬਾਰ ਮਨੁੱਖਾ ਜਨਮ ਦੇ ਕੇ ਚਾਂਸ ਦੇਵਾਂਗਾ ਤਾਂ ਜੋ ਯਤਨ ਕਰ ਕੇ ਆਪਣਾ ਜਨਮ ਸਫਲਾ ਕਰ ਲਵੇ। ਆਪੇ ਅੰਦਾਜ਼ਾ ਲਾ ਲਵੋ ਅੰਮ੍ਰਿਤ ਛਕਣਾ ਕਿੰਨੀ ਵੱਡੀ ਦਾਤ ਹੈ।

## ਸ਼ਰਧਾ ਦੀ ਛੇਵੀਂ ਨਿਸ਼ਾਨੀ

ਕਈ ਕਹਿ ਦੇਂਦੇ ਹਨ ਕਿ ਅੰਮ੍ਰਿਤ ਛਕਣ ਦੀ ਕੀ ਜ਼ਰੂਰਤ ਹੈ। ਮਨ ਸਾਫ਼ ਹੋਣਾ ਚਾਹੀਦਾ ਹੈ। ਬਾਬਾ ਈਸ਼ਰ ਸਿੰਘ ਜੀ ਬਚਨ ਕਰਿਆ ਕਰਦੇ ਸਨ -'ਕਲਗੀਧਰ ਪਾਤਿਸ਼ਾਹ, ਕਵੀਆਂ ਵਿਚੋਂ, ਸਭ ਤੋਂ ਵੱਡੇ ਕਵੀ, ਲਿਖਾਰੀਆਂ ਵਿਚੋਂ ਵੱਡੇ ਲਿਖਾਰੀ, ਤਪੀਆਂ ਵਿਚੋਂ ਵੱਡੇ ਤਪੀਸਰ, ਸਰਬ ਗੁਣ ਸਰਬ ਕਲਾ ਸੰਪੂਰਨ ਉਨ੍ਹਾਂ ਨੇ ਆਪ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਕੀ ਉਨ੍ਹਾਂ ਦਾ ਮਨ ਸਾਫ਼ ਨਹੀਂ ਸੀ ? ਉਹ ਤਾਂ ਆਪ ਨਿਰੰਕਾਰ ਸਨ, ਪੈਗ਼ੰਬਰ ਸਨ ਪਰ ਫਿਰ ਵੀ ਅੰਮ੍ਰਿਤ ਛਕਣ ਦੀ ਮਰਯਾਦਾ ਨਿਬਾਹੀ।

ਕਈ ਕਹਿ ਦੇਂਦੇ ਹਨ ਕਿ ਅਸੀਂ ਆਪ ਤਾਂ ਅੰਮ੍ਰਿਤ ਛਕ ਲਵਾਂਗੇ ਪਰ ਅਸੀਂ ਆਪਣੇ ਧੀਆਂ, ਪੁੱਤਰਾਂ ਨੂੰ ਨਹੀਂ ਛਕਾਉਣਾ। ਕੀ ਪਤਾ ਕੱਲ ਨੂੰ ਇਨ੍ਹਾਂ ਨੂੰ ਕਿਹੋ ਜਿਹੇ ਵਰ ਘਰ ਮਿਲਣੇ ਹਨ ? ਬਾਬਾ ਜੀ ਇਸ ਬਾਰੇ ਵਿਚ ਬਚਨ ਕਰਦੇ ਸਨ ਕਿ ਜਿਸ ਨੇ ਗੁਰੂ ਦੀ ਮੋਹਰ ਲਗਵਾਈ ਹੋਵੇਗੀ, ਉਸ 'ਤੇ ਗੁਰੂ ਦੀ ਰਹਿਮਤ ਹੋਵੇਗੀ। ਉਹ ਅੰਮ੍ਰਿਤਧਾਰੀ ਦਾ ਅੰਮ੍ਰਿਤਧਾਰੀ ਨਾਲ ਜ਼ਰੂਰ ਮੇਲ ਕਰਾਉਣਗੇ।

ਕਈ ਕਹਿ ਦੇਂਦੇ ਹਨ ਕਿ ਅਸੀਂ ਇਸ ਕਰਕੇ ਅੰਮ੍ਰਿਤ ਨਹੀਂ ਛਕਦੇ ਕਿ ਕਿਧਰੇ ਕੋਈ ਬੇਅਦਬੀ ਨਾ ਹੋ ਜਾਵੇ, ਕੋਈ ਕੁਤਾਹੀ ਨਾ ਹੋ ਜਾਵੇ, ਕੋਈ ਮਾੜੀਆਂ ਚੀਜ਼ਾਂ ਦਾ ਸੇਵਨ ਨਾ ਹੋ ਜਾਵੇ, ਰੋਮਾਂ ਦੀ ਬੇਅਦਬੀ ਨਾ ਹੋ ਜਾਵੇ, ਨੇਮ ਨਾ ਰਹਿ ਜਾਵੇ। ਬਾਬਾ ਜੀ ਇਸ ਬਾਰੇ ਵਿਚ ਬਚਨ ਕਰਦੇ ਸਨ ਕਿ ਸਭ ਤੋਂ ਵੱਡੀ ਬੇਅਦਬੀ ਤਾਂ ਇਹੀ ਹੈ ਜੋ ਅਸੀਂ ਗੁਰੂ ਦਾ ਹੁਕਮ ਮੰਨ ਕੇ ਅੰਮ੍ਰਿਤ ਨਹੀਂ ਛੱਕਿਆ। ਅਸੀਂ ਮਨ ਨੂੰ ਸਮਝਾਉਣਾ ਹੈ, ਉਸ ਨੂੰ ਗ਼ਲਤ ਰਸਤੇ ਤੁਰਨ ਤੋਂ ਰੋਕਣਾ ਹੈ। ਗੁਰੂ ਦੀ ਕਿਰਪਾ ਨਾਲ ਰਹਿਤਾਂ ਵਿਚ ਪੂਰੇ ਉਤਰਨਾ ਹੈ ਤੇ ਕੁਰਹਿਤਾਂ ਤੋਂ ਬਚਣਾ ਹੈ ਨਾ ਕਿ ਅੰਮ੍ਰਿਤ ਨਾ ਛੱਕ ਕੇ ਹੋਰ ਵੱਡੀ ਭੁੱਲ ਕਰਨੀ ਹੈ।

ਅੱਜ ਬਾਹਰ ਦੇ ਮੁਲਕਾਂ ਦੇ ਲੋਕ ਸਿੱਖ ਇਤਿਹਾਸ ਤੋਂ ਪ੍ਰੇਰਤ ਹੋ ਕੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ ਹਨ, ਸਿੰਘ ਸੱਜ ਗਏ ਹਨ। ਉਨ੍ਹਾਂ ਦੇ ਸਿਰਾਂ 'ਤੇ ਸਜੀਆਂ ਦਸਤਾਰਾਂ, ਪ੍ਰਕਾਸ਼ੇ ਦਾੜ੍ਹੇ ਸਿੱਖੀ ਦੇ ਸਰੂਪ ਨੂੰ ਰੌਸ਼ਨ ਕਰ ਰਹੇ ਹਨ, ਅਸੀਂ ਕਿਧਰੇ ਪਿਛੇ ਨਾ ਰਹਿ ਜਾਈਏ।

ਦਾਸ ਦੀ, ਗੁਰੂ ਘਰ ਦੇ ਕੂਕਰ ਦੀ ਤਾਂ ਸਾਰਿਆਂ ਦੇ ਚਰਨਾਂ ਵਿਚ ਹੱਥ ਜੋੜ ਕੇ ਇਹੀ ਬੇਨਤੀ ਹੈ ਕਿ ਜਿਹੜੀ ਅਨਮੋਲ ਸਿੱਖੀ ਤੁਹਾਨੂੰ ਮਿਲੀ ਹੈ, ਉਸ ਨੂੰ ਲੋਕਾਂ ਦੀਆਂ ਗੱਲਾਂ ਵਿਚ ਆ ਕੇ ਰੋੜੋ ਨਾ। ਗੁਰੂ ਸਾਹਿਬ ਦੀ ਬਖ਼ਸ਼ੀ ਅੰਮ੍ਰਿਤ ਦੀ ਦਾਤ ਨੂੰ ਖ਼ੁਸ਼ੀ ਨਾਲ ਆਪ ਹੱਥ ਅੱਡ ਕੇ ਮੰਗੋ। ਸਤਿਗੁਰਾਂ ਦੇ ਬਖ਼ਸ਼ੇ ਕਕਾਰਾਂ ਨੂੰ ਬੋਝ ਸਮਝ ਕੇ ਨਾ ਪਾਓ, ਬਲਕਿ ਇਨ੍ਹਾਂ ਨੂੰ ਕੀਮਤੀ ਆਭੂਸ਼ਨ ਸਮਝ ਕੇ, ਗਹਿਣਾ ਸਮਝ ਕੇ ਹਿੱਕ ਨਾਲ ਲਾਵੋ। ਇਕ ਹੈ-ਅੰਮ੍ਰਿਤ ਛਕਣ ਵੇਲੇ ਤਾਂ ਕਕਾਰ ਪਾ ਲਏ ਪਰ ਬਾਅਦ ਵਿਚ ਸ਼ਰਮ ਆਉਣੀ,

SIKHBOOKCLUB.COM

ਝਾਕਾ ਆਉਣਾ। ਕਈਆਂ ਨੂੰ ਗਾਤਰਾ ਪਾਉਣ ਵਿਚ ਸ਼ਰਮ ਆਉਂਦੀ ਹੈ, ਕਈ ਅੰਮ੍ਰਿਤ ਛਕਣ ਵੇਲੇ ਤਾਂ ਵੱਡੀ ਕਿਰਪਾਨ ਪਾ ਲੈਣਗੇ ਪਰ ਬਾਅਦ ਵਿਚ ਕਹਿਣਗੇ ਕਿ ਸ਼ਰਮ ਆਉਂਦੀ ਹੈ, ਛੋਟੀ ਪਾ ਲਈਏ। ਇਹ ਕੀ ਹੈ — ਦੁਨੀਆਂ ਅੱਗੇ ਆ ਗਈ, ਗੁਰੂ ਪਿਛੇ ਹੋ ਗਿਆ। ਜਿਥੇ ਸ਼ਰਧਾ ਹੈ, ਉਹ ਗੁਰੂ ਦੇ ਬਖ਼ਸ਼ੇ ਚਿੰਨ੍ਹਾਂ ਨੂੰ ਸਤਿਕਾਰ ਨਾਲ, ਪੂਰੀ ਭਾਵਨਾ ਤੇ ਪਿਆਰ ਨਾਲ ਪਾਉਂਦੇ ਹਨ ਕਿ ਇਹ ਮੇਰੇ ਪ੍ਰੀਤਮ ਪਿਆਰੇ ਦੇ ਬਖ਼ਸ਼ੇ ਚਿੰਨ੍ਹ ਹਨ। ਇਕ ਹੈ ਬੂਹਾ ਖੁੱਲ੍ਹ ਗਿਆ ਸ਼ਰਧਾ ਦਾ, ਇਹ ਭਾਵਨਾ ਬਣ ਗਈ ਕਿ ਜਿਵੇਂ ਪ੍ਰਮਾਤਮਾ ਨੇ ਸਰੀਰ ਦੇ ਅੰਗ ਦਿੱਤੇ ਹਨ, ਇਸੇ ਤਰ੍ਹਾਂ ਇਹ ਕਕਾਰ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਅੰਗ ਹਨ। ਕੀ ਕਦੀ ਕਿਸੇ ਨੇ ਇਹ ਆਖਿਆ ਹੈ ਕਿ ਮੈਂ ਆਪਣੇ ਅੰਗ ਅਲੱਗ ਕਰ ਦੇਵਾਂ ਜਾਂ ਇਹ ਫਲਾਣਾ ਅੰਗ ਕਿਉਂ ਮਿਲਿਆ ਹੈ, ਇਹ ਮੈਂ ਨਹੀਂ ਰੱਖਣਾ।

ਕਈ ਲੋਕ ਕੇਸ ਰੱਖਣ ਨੂੰ ਬੋਝ ਸਮਝਦੇ ਹਨ ਤੇ ਕਹਿੰਦੇ ਹਨ ਕਿ ਇਨ੍ਹਾਂ ਦਾ ਕੋਈ ਫ਼ਾਇਦਾ ਨਹੀਂ, ਬਲਕਿ ਨੁਕਸਾਨ ਹੀ ਨੁਕਸਾਨ ਹਨ। ਸਿਰ ਧੋਣ ਦਾ ਪੰਗਾ, ਕੰਘੀ ਕਰਨ ਦਾ ਪੰਗਾ, ਪੱਗ ਬੰਨ੍ਹਣ ਦਾ ਪੰਗਾ, ਸਿਰ ਗਰਮੀ ਨਾਲ ਪਸੀਨੋ-ਪਸੀਨੀ ਹੋ ਜਾਂਦਾ ਹੈ। ਨਹੀਂ ਗੁਰੂ ਪਿਆਰਿਓ! ਕੇਸ ਤਾਂ ਸਾਡੀ ਪਹਿਚਾਣ ਹਨ, ਕੇਸਾਂ ਦੀ ਬਹੁਤ ਮਹਾਨਤਾ ਹੈ। ਨਾਮ ਦੀ ਸ਼ਕਤੀ ਇਥੇ ਇਕੱਠੀ ਹੁੰਦੀ ਹੈ, ਇਸ ਦੀ ਰਖਵਾਲੀ ਲਈ ਕੇਸ ਦਿੱਤੇ ਹਨ ਤੇ ਕੇਸਾਂ ਦੀ ਰਖਵਾਲੀ ਲਈ ਦਸਤਾਰ। ਆਪ ਵੀ ਅਤੇ ਆਪਣੇ ਬੱਚਿਆਂ ਨੂੰ ਵੀ ਸਿਰ ਢੱਕ ਕੇ ਰੱਖਣ ਦੀ ਆਦਤ ਪਾਵੋ। ਜੰਗਲ ਪਾਣੀ ਜਾਣਾ ਹੈ, ਸਿਰ ਕੱਜ ਕੇ ਜਾਓ। ਕੁਝ ਖਾਣਾ ਹੈ, ਸਿਰ ਢੱਕ ਕੇ ਖਾਓ। ਬੀਬੀਆਂ ਨੇ ਰਸੋਈ 'ਚ ਖਾਣਾ ਬਨਾਣਾ ਹੈ, ਤਾਂ ਸਿਰ ਕੱਜ ਕੇ ਬਨਾਣ। ਇਹ ਜੋ ਬੀਬੀਆਂ ਲਈ ਕੇਸਕੀ ਸਜਾਉਣ ਦੀ ਪ੍ਰਥਾ ਚਲਾਈ ਗਈ ਹੈ, ਇਹ ਵੀ ਇਸੇ ਲਈ ਕਿ ਕੇਸ ਹਰ ਵੇਲੇ ਢੱਕੇ ਰਹਿਣ। ਅੰਦਰ-ਬਾਹਰ ਜਾਂਦੇ, ਖਾਣਾ ਬਣਾਉਂਦੇ, ਵਾਲ ਢੱਕੇ ਰਹਿਣ, ਜਿਸ ਕਾਰਨ ਵਾਲਾਂ ਨੂੰ ਡਾਈ ਕਰਨ ਦੀ ਵੀ ਲੋੜ ਨਹੀਂ, ਮਹਿੰਦੀ ਲਾਉਣ ਦੀ ਵੀ ਲੋੜ ਨਹੀਂ। ਇਸ ਤਰ੍ਹਾਂ ਨਾਲ ਕੇਸਾਂ ਦੀ ਬੇਅਦਬੀ ਵੀ ਖ਼ਤਮ ਹੋ ਜਾਵੇਗੀ। ਹੁਣ ਜਿਥੇ ਸ਼ਰਧਾ ਹੈ, ਉਹ ਬੀਬੀਆਂ ਕਹਿੰਦੀਆਂ ਹਨ ਕਿ ਜਦੋਂ ਦੀ ਅਸੀਂ ਕੇਸਕੀ ਸਜਾਈ ਹੈ, ਸਾਡਾ ਨਿਤਨੇਮ ਵੱਧ ਗਿਆ ਹੈ, ਸਾਡਾ ਸਤਿਕਾਰ ਵੱਧ ਗਿਆ ਹੈ। ਜਿਨ੍ਹਾਂ ਅੰਦਰ ਨਹੀਂ ਸ਼ਰਧਾ, ਉਹ ਕਹਿੰਦੀਆਂ ਹਨ, ਬੜੀ ਮੁਸ਼ਕਲ ਪੈਦਾ ਹੋ ਗਈ ਹੈ, ਬੜੀ ਸ਼ਰਮ ਆਉਂਦੀ ਹੈ, ਖਾਸ ਕਰ ਕੇ ਵਿਆਹ ਜਾਂ ਪਾਰਟੀਆਂ 'ਤੇ। ਤੁਸੀਂ ਆਪ ਅੰਦਾਜ਼ਾ ਲਾਵੋ ਕਿ ਵਿਆਹ ਸ਼ਾਦੀਆਂ 'ਤੇ ਸਾਲ ਵਿਚ ਕਿੰਨਾ ਕੁ ਚਿਰ ਜਾਂਦੇ ਹਾਂ, 2 ਘੰਟੇ ਨਹੀਂ ਤਾਂ 3 ਘੰਟੇ। ਹੁਣ 10 'ਤੇ ਗੁਣਾ ਦਿਓ ਤੇ ਬਣ ਗਏ 30 ਘੰਟੇ। ਇਕ ਸਾਲ ਦੇ ਵਿਚ ਵੱਧ ਤੋਂ ਵੱਧ 30 ਘੰਟੇ, ਆਪੇ ਵੇਖ ਲਵੋ 30 ਘੰਟੇ ਸਾਲ ਵਿਚ ਕੀ ਮਾਇਨੇ ਰੱਖਦੇ ਹਨ। ਅਸੀਂ ਇਸ 30 ਘੰਟਿਆਂ ਪਿੱਛੇ ਗੁਰੂ ਦੇ ਪਿਆਰ, ਗੁਰੂ ਦੀ ਬਖ਼ਸ਼ਿਸ਼ ਨੂੰ ਠੁਕਰਾਉਂਦੇ ਹਾਂ। ਜਦੋਂ ਬੀਬੀਆਂ ਸਿਰ 'ਤੇ ਕੇਸਕੀ ਸਜਾਉਂਦੀਆਂ ਹਨ, ਤਾਂ ਇਹ ਭਾਵਨਾ

ਬਣਾਇਆ ਕਰੋ, ਕਲਗੀਧਰ ਪਾਤਿਸ਼ਾਹ ਨੇ ਆਪਣਾ ਬਖ਼ਸ਼ਿਸ਼ ਭਰਿਆ ਹੱਥ ਸਾਡੇ ਸਿਰ 'ਤੇ ਰਖਿਆ ਹੈ, ਫਿਰ ਦੇਖੋ ਕਿਵੇਂ ਰਸ ਬਣ ਜਾਵੇਗਾ।

ਕੇਸ ਤਾਂ ਪ੍ਰਮਾਤਮਾ ਵਲੋਂ ਬਖ਼ਸ਼ੀ ਅਨਮੋਲ ਦਾਤ ਹੈ, ਇਨ੍ਹਾਂ ਦੀ ਸੰਭਾਲ ਕਰਨਾ ਸਾਡਾ ਫਰਜ਼ ਹੈ। ਜੋ ਵੀ ਪ੍ਰਮਾਤਮਾ ਨੇ ਦਾਤਾਂ ਦਿੱਤੀਆਂ ਹਨ, ਉਨ੍ਹਾਂ ਦਾ ਕੋਈ ਨਾ ਕੋਈ ਫ਼ਾਇਦਾ ਤਾਂ ਜ਼ਰੂਰ ਹੀ ਹੈ। ਕੀ ਤੁਸੀਂ ਕਦੀ ਇਹ ਕਹਿੰਦੇ ਹੋ ਕਿ ਪ੍ਰਮਾਤਮਾ ਨੇ ਦਸ ਉਂਗਲਾਂ ਕਿਉਂ ਦਿੱਤੀਆਂ ਹਨ ਜਾਂ ਦੋ ਹੱਥ ਕਿਉਂ ਦਿੱਤੇ ਹਨ, ਦੋ ਪੈਰ ਕਿਉਂ ਦਿੱਤੇ ਹਨ ? ਜੇ ਕੇਸਾਂ ਦਾ ਭਾਰ ਲਗਦਾ ਹੈ ਤੇ ਫਿਰ ਹੱਥਾਂ ਪੈਰਾਂ ਦਾ ਵੀ ਤਾਂ ਭਾਰ ਹੈ, ਕੀ ਕਦੀ ਕਿਸੇ ਨੇ ਉਨ੍ਹਾਂ ਨੂੰ ਕਟਵਾਉਣ ਦੀ ਗੱਲ ਕੀਤੀ ਹੈ ? ਕਈ ਕਹਿ ਦੇਂਦੇ ਹਨ ਕਿ ਕੇਸਾਂ ਨੂੰ ਇਤਨੀ ਜ਼ਿਆਦਾ ਮਹਾਨਤਾ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿੱਤੀ ਹੈ, ਪਹਿਲੇ ਕਿਸੇ ਗੁਰੂ ਸਾਹਿਬ ਨੇ ਕੇਸਾਂ ਬਾਰੇ ਕੁਝ ਨਹੀਂ ਕਿਹਾ। ਨਹੀਂ ਗੁਰੂ ਪਿਆਰਿਓ ! ਇਤਿਹਾਸ ਪੜ੍ਹੋ ਤੇ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਮਰਦਾਨੇ ਨੂੰ ਆਖਿਆ ਸੀ ਕਿ ਜੇ ਤੂੰ ਸਾਡੇ ਨਾਲ ਰਹਿਣਾ ਹੈ ਤਾਂ ਇਹ ਤਿੰਨ ਬਚਨ ਮੰਨਣੇ ਪੈਣਗੇ—ਕੇਸਾਂ ਦੀ ਸੰਭਾਲ, ਪਿਛਲੀ ਰਾਤ ਜਾਗਣਾ, ਸੰਤਾਂ ਮਹਾਂਪੁਰਸ਼ਾਂ ਦੀ ਸੇਵਾ ਤੇ ਸਤਿਕਾਰ। ਸੋ ਕੇਸਾਂ ਦੀ ਮਹਾਨਤਾ ਗੁਰੂ ਨਾਨਕ ਸਾਹਿਬ ਤੋਂ ਚਲਦੀ ਆ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਇਸ 'ਤੇ ਮੋਹਰ ਲਾ ਕੇ ਮਰਯਾਦਾ ਵਿਚ ਲਿਆਂਦਾ ਹੈ।

SIKHBOOKCLUB.COM

ਨਾਲ ਹੀ ਨਾਲ ਇਸ ਗੱਲ ਨੂੰ ਵੀ ਜਾਣ ਲੈਣਾ ਕਿ ਕੇਸਾਂ ਦੀ ਮਹਾਨਤਾ ਕੇਵਲ ਸਿੱਖ ਧਰਮ ਵਿਚ ਹੀ ਨਹੀਂ ਬਲਕਿ ਹਰ ਧਰਮ ਵਿਚ ਹੈ। ਸੰਸਾਰ ਵਿਚ ਜਿਤਨੇ ਵੀ ਸੰਤ-ਮਹਾਂਪੁਰਸ਼ ਹੋਏ ਹਨ, ਚਾਹੇ ਉਹ ਕਿਸੇ ਵੀ ਧਰਮ ਨਾਲ ਸੰਬੰਧਤ ਸਨ, ਕੇਸਾਧਾਰੀ ਹੋਏ ਹਨ। ਕ੍ਰਿਸ਼ਨ ਜੀ ਦਾ ਤਾਂ ਨਾਮ ਹੀ ਕੇਸ਼ਵ ਸੀ ਭਾਵ ਕੇਸਾਂ ਵਾਲਾ। ਰਾਮ ਜੀ, ਮੁਹੰਮਦ ਜੀ, ਯੀਸੂ ਮਸੀਹ ਸਭ ਨੇ ਕੇਸ ਰਖੇ ਸਨ।

1200 ਸਾਲ ਪਹਿਲੇ ਹਿੰਦੂ ਧਰਮ ਵਿਚ ਵੀ ਜੂੜਾ ਹੁੰਦਾ ਸੀ। ਦਸਮ ਗ੍ਰੰਥ ਵਿਚ ਰਾਜੇ ਜਨਮੇਜੇ ਦੇ ਬਾਰੇ ਜ਼ਿਕਰ ਮਿਲਦਾ ਹੈ ਜਿਸ ਨੂੰ ਬਿਆਸ ਰਿਸ਼ੀ ਨੇ ਪਹਿਲਾਂ ਹੀ ਉਸ ਦੇ ਆਉਣ ਵਾਲੇ ਸਮੇਂ ਬਾਰੇ ਦੱਸ ਦਿੱਤਾ ਸੀ ਕਿ ਇਹ ਕੁਝ ਤੇਰੇ ਨਾਲ ਬੀਤੇਗਾ, ਜੇ ਬਚ ਸਕਦਾ ਹੈਂ ਤਾਂ ਬਚ ਜਾ। ਰਾਜੇ ਜਨਮੇਜੇ ਨੇ ਜਦੋਂ ਬ੍ਰਹਮ ਭੋਜ ਕੀਤਾ ਸੀ ਤਾਂ ਜਦੋਂ ਉਹ ਵੇਖਣ ਗਿਆ ਕਿ ਸਭ ਵਿਵਸਥਾ ਠੀਕ ਠਾਕ ਚਲ ਰਹੀ ਹੈ, ਕਿਧਰੇ ਬ੍ਰਾਹਮਣ ਭੋਜਨ ਛਕ ਰਹੇ ਸੀ, ਕਿਧਰੇ ਪਾਠ ਹੋ ਰਹੇ ਸੀ, ਤਿੰਨ ਮਿੰਟ ਲਈ ਇਤਨੀ ਜ਼ਬਰਦਸਤ ਹਨੇਰੀ ਆਈ ਕਿ ਰਾਜੇ ਦੀ ਰਾਣੀ (ਜਿਸ ਨਾਲ ਰਾਜੇ ਨੇ ਵਿਆਹ ਕਰਵਾਇਆ ਸੀ ਤੇ ਉਸ ਦੇ ਕਹਿਣ 'ਤੇ ਹੀ ਬ੍ਰਹਮ ਭੋਜ ਰਖਿਆ ਸੀ) ਦੇ ਬਸਤ੍ਰ ਹਨੇਰੀ ਨਾਲ ਉਡੇ ਤੇ ਬ੍ਰਾਹਮਣ ਹਸ ਪਏ।

ਬ੍ਰਾਹਮਣਾਂ ਦੁਆਰਾ ਇਸ ਤਰ੍ਹਾਂ ਆਪਣੀ ਪਤਨੀ ਦਾ ਮਜ਼ਾਕ ਉਡਾਣ 'ਤੇ ਰਾਜੇ ਨੂੰ ਇਤਨਾ ਗ਼ੁੱਸਾ ਆਇਆ ਕਿ ਉਸ ਨੇ ਆਪਣੀ ਇਸ ਕ੍ਰੋਧ ਦੀ ਜਵਾਲਾ ਵਿਚ, 17 ਬ੍ਰਾਹਮਣ, ਜੋ ਅਗਲੀ ਲਾਈਨ ਵਿਚ ਬੈਠੇ ਸਨ, ਉਨ੍ਹਾਂ ਦਾ ਸਿਰ ਆਪਣੀ ਤਲਵਾਰ ਨਾਲ ਕੱਟ ਦਿੱਤਾ। (ਇਸ ਗੱਲ 'ਤੇ ਵੀ ਕਲਗੀਆਂ ਵਾਲੇ ਪਿਤਾ 'ਤੇ ਮਾਣ ਆ ਜਾਂਦਾ ਹੈ ਜੋ ਉਨ੍ਹਾਂ ਨੇ ਸਾਨੂੰ ਸੀਉਣ ਵਾਲੇ ਕਪੜੇ ਪਾਉਣ ਦੀ ਮਰਯਾਦਾ ਬਖ਼ਸ਼ੀ ਹੈ। ਸਾਨੂੰ ਉਹ ਪਹਿਰਾਵਾ ਬਖ਼ਸ਼ਿਆ ਹੈ ਜਿਸ ਵਿਚ ਵਾਸ਼ਨਾਵਾਂ ਨਹੀਂ, ਜ਼ਰੂਰਤ ਅਨੁਸਾਰ ਪਰਦੇ ਕੱਜੇ ਹਨ।

ਉਸ ਸਮੇਂ ਸਿਉਣ ਤੋਂ ਬਗ਼ੈਰ ਵਾਲੇ ਕਪੜੇ ਹੁੰਦੇ ਸਨ, ਜਿਵੇਂ ਧੋਤੀ-ਸਾੜ੍ਹੀ। ਉਹ ਹਨੇਰੀ ਆਉਣ ਕਾਰਨ ਉਡੀ ਤੇ ਰਾਣੀ ਦੇ ਨਗਨ ਹੋਣ 'ਤੇ ਬ੍ਰਾਹਮਣ ਹੱਸ ਪਏ) ਰਾਜੇ ਨੇ 17 ਬ੍ਰਾਹਮਣਾਂ ਦਾ ਸੀਸ ਕੱਟ ਦਿੱਤਾ ਤੇ ਆਪਣੀ ਫ਼ੌਜ ਨੂੰ ਹੁਕਮ ਕੀਤਾ ਤੇ ਆਖਿਆ ਕਿ ਬਾਕੀ ਸਾਰਿਆਂ ਬ੍ਰਾਹਮਣਾਂ ਨੂੰ ਮੌਤ ਤੋਂ ਵੀ ਵੱਡੀ ਸਜ਼ਾ ਦੇਣੀ ਹੈ। ਉਨ੍ਹਾਂ ਆਖਿਆ ਕਿ ਮੌਤ ਤੋਂ ਵੱਡੀ ਸਜ਼ਾ ਇਹ ਹੈ ਕਿ ਇਨ੍ਹਾਂ ਦੇ ਜੂੜੇ ਕੱਟ ਕੇ ਇਨ੍ਹਾਂ ਨੂੰ ਛੱਡ ਦਿਓ। ਪਤਾ ਨਹੀਂ ਕਿਤਨੇ ਕੁ ਪ੍ਰਾਂਤਾਂ ਤੋਂ ਉਹ ਆਏ ਸਨ। ਉਨ੍ਹਾਂ ਦੇ ਕੇਸ ਕੱਟ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਪ੍ਰਾਂਤਾਂ ਵਿਚ ਛੱਡ ਦਿੱਤਾ ਗਿਆ। ਫਿਰ ਇਸ ਸਜ਼ਾ ਨੂੰ ਛਿਪਾਉਣ ਦੀ ਖ਼ਾਤਰ ਕੇਸ ਕੱਟਣ ਦਾ ਰਿਵਾਜ ਹੀ ਤੋਰ ਦਿੱਤਾ ਗਿਆ ਉਹਨਾਂ ਬ੍ਰਾਹਮਣਾਂ ਵੱਲੋਂ, ਨਹੀਂ ਤਾਂ 1200 ਸਾਲ ਪਹਿਲਾਂ ਸਤਿਕਾਰ ਯੋਗ ਹਿੰਦੂ ਧਰਮ ਵਿਚ ਵੀ ਜੂੜਾ ਹੁੰਦਾ ਸੀ।

SIKHBOOKCLUB.COM

ਗੁਰੂ ਗੋਬਿੰਦ ਸਿੰਘ ਜੀ ਦੀ ਜੋ ਕਕਾਰਾਂ ਦੀ ਦੇਣ ਹੈ, ਇਹ ਸਭ ਦਰਗਾਹੀ ਗੱਲਾਂ ਹਨ। ਅਸੀਂ ਉਨ੍ਹਾਂ ਦੇ ਦਿੱਤੇ ਚਿੰਨ੍ਹਾਂ ਨੂੰ ਉਨ੍ਹਾਂ ਦੀ ਬਖ਼ਸ਼ਿਸ਼ ਸਮਝ ਕੇ ਪਾਉਣਾ ਹੈ, ਉਨ੍ਹਾਂ ਦਾ ਸਤਿਕਾਰ ਕਰਨਾ ਹੈ ਨਾ ਕਿ ਬੋਝ ਸਮਝਣਾ ਹੈ। ਗੁਰੂ ਸਾਹਿਬ ਦੀ ਬਖ਼ਸ਼ੀ ਹਰ ਦੇਣ ਨੂੰ ਸ਼ਰਧਾ ਭਾਵਨਾ ਨਾਲ ਤੇ ਉੱਚੇ ਖ਼ਿਆਲਾਂ ਨਾਲ ਪ੍ਰਵਾਨ ਕਰਨਾ ਹੈ। ਬਾਬਾ ਨੰਦ ਸਿੰਘ ਜੀ ਨੂੰ ਕਿਸੇ ਨੇ ਕਿਹਾ ਸੀ ਕਿ ਤੁਸੀਂ ਗੁਰੂ ਨਾਨਕ ਦੇ ਘਰ ਦੇ ਫ਼ਕੀਰ ਹੋ, ਇਕ ਸਾਧੂ ਹੋ, ਫ਼ਕੀਰ ਸਾਧੂ ਤਾਂ ਖੁੱਲ੍ਹਾ ਕਪੜਾ ਧੋਤੀ ਪਾਉਂਦੇ ਹਨ। ਤੁਸੀਂ ਕਛਹਿਰਾ ਕਿਉਂ ਪਾਉਂਦੇ ਹੋ ? ਪਰ ਬਾਬਾ ਨੰਦ ਸਿੰਘ ਜੀ, ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਸਾਹਿਬ ਦੇ ਬਖ਼ਸ਼ੇ ਚਿੰਨ੍ਹਾਂ ਲਈ ਸ਼ਰਧਾ ਸੀ, ਪਿਆਰ ਸੀ, ਉਸ ਦੇ ਬਾਰ-ਬਾਰ ਜ਼ਿੱਦ ਕਰਨ 'ਤੇ ਉਸ ਨੂੰ ਕਹਿੰਦੇ ਹਨ, ਅਸੀਂ ਖੂਹ ਵਿਚ ਕਛਹਿਰਾ ਵੀ ਤੇ ਧੋਤੀ ਵੀ ਦੋਵੇਂ ਚੀਜ਼ਾਂ ਸੁਟਾਂਗੇ, ਜਿਹੜੀ ਚੀਜ਼ ਉਪਰ ਆ ਜਾਵੇਗੀ ਉਹੀ ਪ੍ਰਵਾਨ ਕਰਾਂਗੇ। ਜੇ ਧੋਤੀ ਉਪਰ ਆਈ ਤਾਂ ਅਸੀਂ ਵੀ ਧੋਤੀ ਪਾ ਲਵਾਂਗੇ ਤੇ ਜੇ ਕਛਹਿਰਾ ਉਪਰ ਆਇਆ ਤਾਂ ਤੈਨੂੰ ਵੀ ਕਛਹਿਰਾ ਅੰਗੀਕਾਰ ਕਰਨਾ ਪਵੇਗਾ। ਇਕ ਵਿਸ਼ਵਾਸ ਸੀ, ਇਕ ਦ੍ਰਿੜ੍ਹਤਾ ਸੀ ਬਾਬਾ ਜੀ ਦੇ ਅੰਦਰ। ਬਾਬਾ ਨੰਦ ਸਿੰਘ ਜੀ ਦਾ ਵਿਸ਼ਵਾਸ ਵੇਖ ਕੇ ਹੀ ਕਹਿਣ ਵਾਲੇ ਦਾ ਸਿਰ ਨੀਵਾਂ ਹੋ ਗਿਆ।

## ਸ਼ਰਧਾ ਦੀ ਛੇਵੀਂ ਨਿਸ਼ਾਨੀ

ਜੋ ਇਹ ਵਿਚਾਰ ਗੁਰੂ ਦੀ ਕਿਰਪਾ ਨਾਲ ਸਾਂਝੀ ਹੋਈ ਹੈ, ਉਸ ਤੋਂ ਇਤਨਾ ਕੁ ਭਾਵ ਹੈ ਕਿ ਸਾਡੇ ਅੰਮ੍ਰਿਤ ਸੰਸਕਾਰ ਵਿਚ ਪ੍ਰੇਮ ਸ਼ਾਮਲ ਹੋ ਜਾਵੇ, ਗੁਰੂ ਦੇ ਚਿੰਨ੍ਹਾਂ ਨੂੰ ਬਖ਼ਸ਼ਿਸ਼ ਸਮਝ ਕੇ ਪਾ ਲਈਏ, ਉਨ੍ਹਾਂ ਦਾ ਸਤਿਕਾਰ ਕਰੀਏ, ਇਹ ਗੁਰੂ ਨੂੰ ਪਹਿਲ ਦੇਣੀ ਹੈ। ਕਈ ਜੋ ਇਸ ਕਰਕੇ ਅੰਮ੍ਰਿਤ ਨਹੀਂ ਛਕਦੇ ਜਾਂ ਕਕਾਰ ਪਾਉਣ ਤੋਂ ਕਤਰਾਉਂਦੇ ਹਨ ਕਿ ਸ਼ਰਮ ਆਉਂਦੀ ਹੈ, ਇਹ ਫਿਰ ਦੁਨੀਆਂ ਨੂੰ ਪਹਿਲ ਹੋ ਗਈ ਤੇ ਗੁਰੂ ਪਿਛੇ ਹੋ ਗਿਆ। ਬੜਾ ਅਫ਼ਸੋਸ ਹੁੰਦਾ ਹੈ ਜਦੋਂ ਐਸੀਆਂ ਗੱਲਾਂ ਸੁਨਣ ਨੂੰ ਮਿਲਦੀਆਂ ਹਨ। ਡੱਟ ਕੇ ਅੱਗੇ ਆਓ, ਦੁਨੀਆਂ ਦੀ ਸ਼ਰਮ ਨੂੰ ਪਿਛੇ ਕਰੋ। ਕਦੀ ਕਿਸੇ ਹਿੰਦੂ ਨੂੰ ਨਹੀਂ ਕਹਿਣਾ ਪੈਂਦਾ ਕਿ ਹਿੰਦੂ ਬਣ ਜਾ, ਕਦੀ ਕਿਸੇ ਮੁਸਲਮਾਨ ਨੂੰ ਨਹੀਂ ਕਹਿਣਾ ਪੈਂਦਾ ਕਿ ਮੁਸਲਮਾਨ ਬਣ ਜਾ, ਸਿੱਖ ਨੂੰ ਕਿਉਂ ਕਹਿਣਾ ਪੈਂਦਾ ਹੈ ਕਿ ਸਿੱਖ ਬਣ ਜਾ। ਦਾਸ ਦੀ ਤਾਂ ਇਹ ਦਿਲ ਦੀ ਖ਼ਾਹਿਸ਼ ਹੈ ਕਿ ਕੋਈ ਵੀ ਨਿਗੁਰਾ ਨਾ ਰਹੇ। ਸਾਰੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ। ਮਹਾਂਪੁਰਸ਼ ਤਾਂ ਨਿਗੁਰੇ ਨੂੰ ਭੂਤ ਦੀ ਨਿਆਈਂ ਗਿਣਦੇ ਸਨ ਤੇ ਬਚਨ ਕਰਦੇ ਸਨ ਕਿ ਜੋ ਅੰਮ੍ਰਿਤ ਛਕ ਕੇ ਰਹਿਤ ਮਰਯਾਦਾ ਦਾ ਧਾਰਨੀ ਬਣੇ, ਗੁਰੂ ਉਸ ਉੱਤੇ ਆਪਣੀਆਂ ਸਾਰੀਆਂ ਮਿਹਰਾਂ ਦੇ ਖ਼ਜ਼ਾਨੇ ਖੋਲ੍ਹ ਦਿੰਦਾ ਹੈ।

ਇਕ ਵਾਰੀ ਬਾਬਾ ਈਸ਼ਰ ਸਿੰਘ ਜੀ ਨੂੰ ਕਿਸੇ ਨੇ ਬੇਨਤੀ ਕੀਤੀ ਕਿ ਬਾਬਾ ਜੀ ਸਾਡੇ ਮੁੰਡੇ ਅੰਦਰ ਭੂਤ ਵੜ ਗਿਆ ਹੈ। ਬਾਬਾ ਜੀ ਪੁੱਛਣ ਲੱਗੇ, ਕੀ ਤੁਸੀਂ ਕਲਗੀਆਂ ਵਾਲੇ ਦਾ ਅੰਮ੍ਰਿਤ ਛਕਿਆ ਹੈ ? ਉਨ੍ਹਾਂ ਨੇ ਜਦੋਂ ਜੁਆਬ ਦਿੱਤਾ ਕਿ ਨਹੀਂ ਛਕਿਆ ਤਾਂ ਬਾਬਾ ਜੀ ਅੱਗੋਂ ਆਖਣ ਲੱਗੇ ਭਾਈ ਕਲਗੀਆਂ ਵਾਲੇ ਦਾ ਅੰਮ੍ਰਿਤ ਛਕੋ ਫਿਰ ਇਹ ਮਾੜੀਆਂ ਚੀਜ਼ਾਂ ਤੁਹਾਡੇ ਨੇੜੇ ਨਹੀਂ ਆਉਣਗੀਆਂ। ਆਓ ਅਸੀਂ ਵੀ ਸਾਰੇ ਦੁਨੀਆਂ ਦੀ ਸ਼ਰਮ ਨੂੰ ਇਕ ਪਾਸੇ ਕਰ ਕੇ ਅੰਮ੍ਰਿਤ ਛਕੀਏ, ਗੁਰੂ ਸਾਹਿਬ ਦੇ ਬਖ਼ਸ਼ੇ ਕਕਾਰਾਂ ਨੂੰ ਗਹਿਣੇ ਸਮਝ ਕੇ ਖ਼ੁਸ਼ੀ ਨਾਲ ਪਾਈਏ, ਉਨ੍ਹਾਂ ਦੀਆਂ ਦੱਸੀਆਂ ਮਰਯਾਦਾਵਾਂ ਵਿਚ ਰਹੀਏ ਤਾਂ ਕਿ ਸਾਡੇ ਲਈ ਵੀ ਗੁਰੂ ਦੀਆਂ ਬਖ਼ਸ਼ਿਸ਼ਾਂ ਦਾ ਖ਼ਜ਼ਾਨਾ ਖੁੱਲ੍ਹ ਜਾਵੇ ਤੇ ਸਾਡਾ ਲੋਕ ਪ੍ਰਲੋਕ ਸੁਖੀ ਸੁਹੇਲਾ ਹੋ ਜਾਵੇ। ਪੱਕੀ ਗੱਲ ਜੇ, ਜਦੋਂ ਤੁਸੀਂ ਗੁਰੂ ਵਾਲੇ ਬਣ ਗਏ, ਗੁਰੂ ਨੂੰ ਪਹਿਲ ਦੇ ਦਿੱਤੀ ਫਿਰ ਤਾਂ ਤੁਹਾਡੀਆਂ ਸਾਰੀਆਂ ਡਿਊਟੀਆਂ ਗੁਰੂ ਦੀਆਂ, ਫਿਰ ਨਾ ਇਥੇ ਦੀ ਚਿੰਤਾ ਨਾ ਉੱਥੇ ਦੀ।

ਤੀਸਰਾ ਹੈ ਅਨੰਦ-ਸੰਸਕਾਰ— ਇਸ ਵਿਚ ਵੀ ਦੁਨੀਆਂ ਨੂੰ ਦੂਜ ਤੇ ਗੁਰੂ ਨੂੰ ਪਹਿਲ। ਜਿਹੜਾ ਦੁਨੀਆਂ ਨੂੰ ਪਹਿਲ ਦੇਣ ਵਾਲਾ ਹੋਵੇ, ਉਹ ਜਦੋਂ ਆਪਣੇ ਲੜਕੇ ਵਾਸਤੇ ਰਿਸ਼ਤਾ ਵੇਖੇਗਾ, ਇਹ ਦੇਖੇਗਾ ਕਿ ਲੜਕੀ ਸੁੰਦਰ ਹੋਵੇ, ਪੜ੍ਹੀ ਲਿਖੀ ਹੋਵੇ, ਕੱਦ ਕਾਠ ਮੈਚ ਕਰਦਾ ਹੋਵੇ, ਜਾਤ ਬਰਾਦਰੀ ਬਰਾਬਰ ਦੀ ਹੋਵੇ, ਇਹ ਸਭ ਦੁਨੀਆਵੀ ਗੱਲਾਂ ਹਨ, ਪਰ ਗੁਰੂ ਨੂੰ ਪਹਿਲ ਦੇਣ ਵਾਲਾ ਇਨ੍ਹਾਂ ਚੀਜ਼ਾਂ ਦੇ ਨਾਲ ਇਹ ਵੀ ਪਤਾ ਕਰਦਾ ਹੈ ਕਿ ਜਿਸ ਬੱਚੀ ਨੇ ਮੇਰੇ ਘਰ ਦੀ ਨੂੰਹ ਬਣਨਾ ਹੈ, ਉਸ ਨੂੰ ਜਪੁਜੀ

ਸਾਹਿਬ ਕੰਠ ਹੈ ਕਿ ਨਹੀਂ, ਉਸ ਨੇ ਅੰਮ੍ਰਿਤ ਛਕਿਆ ਹੈ ਕਿ ਨਹੀਂ, ਨਿਤਨੇਮ ਕਰਦੀ ਹੈ ਜਾਂ ਨਹੀਂ, ਕੀਰਤਨ ਦੀ ਦਾਤ ਉਸ ਦੀ ਝੋਲੀ ਵਿਚ ਪਈ ਹੋਈ ਹੈ ਕਿ ਨਹੀਂ। ਆਪ ਹੀ ਦੱਸੋ ਨਿਰੀ ਸੋਹਣੀ ਤੇ ਪੈਸੇ ਵਾਲੀ ਨੂੰਹ ਲਿਆ ਕੇ ਕੀ ਕਰੋਗੇ, ਜਿਹੜੀ ਸਾਰਾ ਦਿਨ ਟੀ.ਵੀ. ਲਾ ਕੇ ਹੀ ਬੈਠੀ ਰਹੇਗੀ ਜਾਂ ਨਾਵਲ ਪੜ੍ਹਦੀ ਰਹੇਗੀ। ਜਿਹੜਾ ਗੁਰੂ ਨੂੰ ਇਕ ਨੰਬਰ 'ਤੇ ਰਖਦਾ ਹੈ, ਉਹ ਇਹ ਗੱਲਾਂ ਪਹਿਲਾਂ ਧਿਆਨ ਵਿਚ ਰੱਖਦਾ ਹੈ ਕਿ ਮੇਰੇ ਘਰ ਜੋ ਨੂੰਹ ਆਵੇ ਉਹ ਰੰਗੀ ਹੋਈ, ਨਾਮ ਜਪਣ ਵਾਲੀ ਹੋਵੇ। ਇਸੇ ਤਰ੍ਹਾਂ ਲੜਕੀ ਲਈ ਰਿਸ਼ਤਾ ਵੇਖਣਾ ਹੋਵੇ ਤੇ ਆਮ ਤੌਰ ਤੇ ਅਸੀਂ ਇਹੀ ਦੇਖਦੇ ਹਾਂ ਕਿ ਲੜਕੇ ਦਾ ਕਾਰੋਬਾਰ ਚੰਗਾ ਹੋਵੇ, ਪੜ੍ਹਿਆ ਲਿਖਿਆ ਹੋਵੇ, ਮਾਇਆ ਹੋਵੇ, ਆਪਣਾ ਮਕਾਨ ਹੋਵੇ। ਇਹ ਸਭ ਚੀਜ਼ਾਂ ਵੀ ਵੇਖਣੀਆਂ ਹਨ, ਪਰ ਜਿਥੇ ਇਨ੍ਹਾਂ ਚੀਜ਼ਾਂ ਦਾ ਧਿਆਨ ਰਖੋ, ਨਾਲ ਹੀ ਇਹ ਵੀ ਜ਼ਰੂਰ ਵੇਖਿਆ ਕਰੋ ਕਿ ਲੜਕਾ ਅੰਮ੍ਰਿਤਧਾਰੀ ਹੈ ਕਿ ਨਹੀਂ, ਸਿੱਖੀ ਵਿਚ ਪੂਰਾ ਹੈ ਕਿ ਨਹੀਂ। ਜਿਹੜਾ ਗੁਰੂ ਨੂੰ ਇਕ ਨੰਬਰ 'ਤੇ ਰਖਦਾ ਹੈ, ਉਸ ਦੇ ਮਨ ਵਿਚ ਇਹ ਰੀਝ ਹੁੰਦੀ ਹੈ ਕਿ ਮੇਰਾ ਜਵਾਈ ਅੰਮ੍ਰਿਤਧਾਰੀ ਹੋਵੇ, ਜਿਸ ਦੇ ਸਦਕੇ ਮੇਰੀ ਵੀ ਕੁਲ ਤਰ ਜਾਵੇ। ਆਮ ਬੰਦਾ ਦੂਸਰੀਆਂ ਚੀਜ਼ਾਂ ਵੇਖਦਾ ਹੈ, ਇਧਰ ਕੋਈ ਧਿਆਨ ਹੀ ਨਹੀਂ ਦੇਂਦੇ।

ਇਤਿਹਾਸ ਵਲ ਝਾਤੀ ਮਾਰੀਏ। ਗੁਰੂ ਅਮਰਦਾਸ ਜੀ ਦੇ ਮਹਿਲ ਮਾਤਾ ਮਨਸਾ ਦੇਵੀ ਜੀ ਨੇ ਜਦੋਂ ਗੁਰੂ ਸਾਹਿਬ ਨੂੰ ਕਿਹਾ ਕਿ ਬੀਬੀ ਭਾਨੀ ਜਵਾਨ ਹੋ ਗਈ ਹੈ, ਉਸ ਲਈ ਕੋਈ ਲੜਕਾ ਦੱਸੋ। ਸਤਿਗੁਰੂ ਕਹਿੰਦੇ ਹਨ, ਕਿਹੋ ਜਿਹਾ ਹੋਵੇ ? ਉਧਰੋਂ ਉਸ ਸਮੇਂ ਅਚਾਨਕ ਭਾਈ ਜੇਠਾ ਜੀ ਸਿਰ 'ਤੇ ਸੇਵਾ ਦਾ ਬਾਲਟਾ ਚੁੱਕੀ ਲੰਘੇ ਤਾਂ ਮਾਤਾ ਜੀ ਦੀ ਨਜ਼ਰ ਉਨ੍ਹਾਂ 'ਤੇ ਪਈ ਤੇ ਆਖ ਦਿੱਤਾ, ਬਸ ਇਹੋ ਜਿਹਾ ਹੋਵੇ। ਸਤਿਗੁਰੂ ਕਹਿਣ ਲੱਗੇ, ਇਹੋ ਜਿਹਾ ਤਾਂ ਬਸ ਇਹੀ ਹੈ। ਜਿਹੜੀ ਗੱਲ ਦਾਸ ਸਾਂਝੀ ਕਰਨੀ ਚਾਹੁੰਦਾ ਹੈ, ਧਿਆਨ ਦੇਣਾ ਕਿ ਤੀਸਰੇ ਪਾਤਿਸ਼ਾਹ ਨੇ ਆਪਣੀ ਬੱਚੀ ਲਈ ਵਰ ਲਭਿਆ ਤੇ ਭਾਈ ਜੇਠਾ ਜੀ ਵਿਚ ਕਿਹੜੀ ਚੀਜ਼ ਵੇਖੀ ? ਜੇ ਦੁਨੀਆਂ ਦੇ ਪੱਖ ਤੋਂ ਵੇਖੀਏ ਤਾਂ ਮਾਤਾ ਪਿਤਾ ਦਾ ਸਾਇਆ ਵੀ ਸਿਰ 'ਤੇ ਨਹੀਂ, ਨਾਨੀ ਨੇ ਪਾਲਿਆ, ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਹਨ, ਇਤਨੀ ਗ਼ਰੀਬੀ ! ਦੁਨਿਆਵੀ ਪੜ੍ਹਾਈ ਲਿਖਾਈ ਵੀ ਕੋਈ ਨਹੀਂ (ਭਾਵੇਂ ਜਦੋਂ ਸੇਵਾ ਕਰ ਕੇ ਕਪਾਟ ਖੁੱਲ ਗਏ, ਫਿਰ ਜੋ ਪੜ੍ਹਾਈ ਕਰ ਗਏ, ਜੋ ਦਰਜਾ, ਜੋ ਔਹਦਾ ਪ੍ਰਾਪਤ ਹੋ ਗਿਆ, ਫਿਰ ਸਭ ਦੁਨੀਆਵੀ ਗੱਲਾਂ ਪਿਛੇ ਰਹਿ ਗਈਆਂ) ਪਰ ਸਾਡੀ ਜੋ ਵਿਚਾਰ ਚਲ ਰਹੀ ਹੈ ਕਿ ਜਦੋਂ ਗੁਰੂ ਸਾਹਿਬ ਨੇ ਆਪਣੀ ਬੱਚੀ ਦਾ ਉਨ੍ਹਾਂ ਨਾਲ ਰਿਸ਼ਤਾ ਕੀਤਾ ਤਾਂ ਉਸ ਸਮੇਂ ਉਨ੍ਹਾਂ ਦੀ ਕੀ ਪੁਜ਼ੀਸ਼ਨ ਸੀ ? ਉਸ ਵੇਲੇ ਕਿਹੜੀ ਚੀਜ਼ ਵੇਖ ਕੇ ਗੁਰੂ ਸਾਹਿਬ ਨੇ ਆਪਣੀ ਬੱਚੀ ਦਾ ਹੱਥ ਉਨ੍ਹਾਂ ਨੂੰ ਫੜਾਇਆ ? ਜੋ ਉਨ੍ਹਾਂ ਨੇ ਭਾਈ ਜੇਠਾ ਜੀ ਵਲ ਇਸ਼ਾਰਾ ਕਰ ਕੇ ਬਚਨ ਕੀਤਾ ਸੀ ਕਿ ਇਸ ਦੇ ਵਰਗਾ ਬਸ ਇਹੀ ਹੈ, ਉਹ ਇਹ ਸੀ ਕਿ ਜਿਹੜੀ ਮੁਹਾਰਤ ਇਸ ਦੇ ਅੰਦਰ ਹੈ, ਉਹ ਹੋਰ ਕਿਸੇ ਕੋਲ ਨਹੀਂ। ਗੁਰੂ

ਅਮਰਦਾਸ ਜੀ ਜਾਣਦੇ ਸਨ ਕਿ ਇਹ ਸਭ ਤੋਂ ਅਨਮੋਲ ਤੇ ਉੱਤਮ ਪਦ ਹੈ ਜਿਹੜੀ ਅਵਸਥਾ, ਜਿਹੜਾ ਸਹਿਜ, ਜਿਹੜਾ ਸਿਮਰਨ, ਜਿਹੜਾ ਅਨੰਦ, ਜਿਹੜੀ ਬੰਦਗੀ ਉਸ ਦੇ ਅੰਦਰ ਹੈ, ਉਸ ਦਾ ਸਦਕਾ ਸਭ ਕੁਝ ਚਲਿਆ ਆਵੇਗਾ। ਤੁਸੀਂ ਵੀ ਜਦੋਂ ਬੱਚੀ ਲਈ ਰਿਸ਼ਤਾ ਲੱਭਦੇ ਹੋ ਤਾਂ ਜਿਥੇ ਦੂਸਰੀਆਂ ਚੀਜ਼ਾਂ ਵੇਖਦੇ ਹੋ, ਉਥੇ ਇਹ ਵੀ ਜ਼ਰੂਰ ਵੇਖਿਆ ਕਰੋ ਕਿ ਲੜਕੇ ਅੰਦਰ ਗੁਰਮਤਿ ਹੈ ਕਿ ਨਹੀਂ। ਉਸ ਨੂੰ ਜਪੁਜੀ ਸਾਹਿਬ ਯਾਦ ਹੈ ਕਿ ਨਹੀਂ। ਸੁਖਮਨੀ ਸਾਹਿਬ ਦਾ ਪਾਠ ਰੋਜ਼ ਪੂਰਾ ਜੇ ਨਹੀਂ ਤਾਂ 6 ਅਸਟਪਦੀਆਂ ਜਾਂ 12 ਅਸਟਪਦੀਆਂ ਪੜ੍ਹਦਾ ਹੈ ਕਿ ਨਹੀਂ। ਇਨ੍ਹਾਂ ਗੱਲਾਂ ਤੋਂ ਨਿਚੋੜ ਤੁਹਾਡੇ ਸਾਮ੍ਹਣੇ ਆ ਜਾਵੇਗਾ ਕਿ ਜਿਸ ਨੂੰ ਮੈਂ ਜਵਾਈ ਬਨਾਉਣ ਜਾ ਰਿਹਾ ਹਾਂ, ਉਹ ਕਿੰਨਾ ਕੁ ਗੁਰੂ ਵਲ ਲੱਗਾ ਹੈ। ਪਰ ਇਹੋ ਜਿਹੇ ਸੁਆਲ ਆਪਣੇ ਬੱਚੇ ਜਾਂ ਬੱਚੀ ਲਈ ਕੋਈ ਰਿਸ਼ਤਾ ਦੇਣ ਲੱਗਿਆਂ ਉਹੀ ਪੁੱਛੇਗਾ ਜਿਹੜਾ ਗੁਰੂ ਨੂੰ ਪਹਿਲੇ ਨੰਬਰ 'ਤੇ ਰਖਣ ਵਾਲਾ ਹੋਵੇਗਾ। ਕਿਉਂਕਿ ਗੁਰੂ ਨੂੰ ਇਕ ਨੰਬਰ 'ਤੇ ਰਖਣ ਵਾਲੇ ਦੇ ਅੰਦਰ ਇਹ ਰੀਝ ਹੁੰਦੀ ਹੈ ਕਿ ਗੁਰਮਤਿ 'ਤੇ ਚਲਣ ਵਾਲੇ ਧਰਮੀਂ ਬੇਟੇ ਨਾਲ ਮੇਰੀ ਸਾਂਝ ਪਵੇ।

ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਕਿਸੇ ਸ਼ਰਾਬੀ ਦੀ ਧੀ ਨੂੰ ਬੇਸ਼ਕ ਆਪਣੀ ਨੂੰਹ ਬਣਾ ਲੈ, ਪਰ ਕਿਸੇ ਸ਼ਰਾਬੀ ਘਰ ਆਪਣੀ ਧੀ ਨਹੀਂ ਦੇਣੀ, ਕਿਉਂਕਿ ਕਿਸੇ ਸ਼ਰਾਬੀ ਘਰ ਆਪਣੀ ਧੀ ਦੇ ਦਿੱਤੀ ਤਾਂ ਇਹ ਪਾਪ ਹੋ ਜਾਵੇਗਾ ਕਿ ਬੱਚੀ ਨਰਕ ਵਿਚ ਭੇਜ ਦਿੱਤੀ। ਉਹ ਹੱਥ ਜਿਨ੍ਹਾਂ ਨੇ ਗੁਟਕਾ ਸਾਹਿਬ ਫੜਨਾ ਸੀ, ਪਤੀ ਨੂੰ ਸ਼ਰਾਬ ਦੇ ਗਿਲਾਸ ਬਣਾ ਕੇ ਦੇਣਗੇ, ਉਹ ਹੱਥ ਜਿਨ੍ਹਾਂ ਨੇ ਮਾਲਾ ਫੜਨੀ ਸੀ ਉਹ ਮਾਸ ਬਨਾਣਗੇ। ਜੇ ਕਰ ਕਿਸੇ ਸ਼ਰਾਬੀ ਦੀ ਧੀ ਨੂੰ ਨੂੰਹ ਬਣਾ ਕੇ ਲਿਆਉਂਦੇ ਹੋ ਤਾਂ ਇਹ ਪੁੰਨ ਦਾ ਕੰਮ ਹੈ, ਕਿਉਂਕਿ ਉਸਨੂੰ ਨਰਕਾਂ ਵਿਚੋਂ ਕੱਢ ਕੇ ਸਵਰਗਾਂ ਵਿਚ ਲੈ ਆਂਦਾ ਹੈ। ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੀ ਬਚਨ ਹਨ ਕਿ ਧੀ ਦਾ ਨਾਤਾ ਕਰਨ ਵੇਲੇ 2 ਚੀਜ਼ਾਂ ਜ਼ਰੂਰ ਵੇਖੋ, ਇਕ ਤਾਂ ਇਹ ਕਿ ਜਿਥੇ ਰਿਸ਼ਤਾ ਕਰ ਰਹੇ ਹੋ, ਘਰ ਵਿਚ ਸਿਖੀ ਹੈ ਕਿ ਨਹੀਂ? ਦੂਸਰਾ ਉਨ੍ਹਾਂ ਦੀ ਕਿਰਤ ਸੁੱਚੀ ਹੈ ਕਿ ਨਹੀਂ? ਐਹੋ ਜਿਹੇ ਘਰ ਵਿਚ ਭੇਜੀ ਧੀ ਤਕਰੀਬਨ ਸੁਖੀ ਰਹਿੰਦੀ ਹੈ। ਦੁਨੀਆਂ ਨੂੰ 1 ਨੰਬਰ 'ਤੇ ਰੱਖਣ ਵਾਲਾ ਸਿਰਫ ਪੈਸਾ ਤੇ ਸੁੰਦਰਤਾ ਵੇਖਦਾ ਹੈ, ਗੁਰਸਿੱਖੀ ਨਹੀਂ ਵੇਖਦਾ। ਜੋ ਗੁਰਸਿੱਖ ਹੈ, ਅਧਿਆਤਮਕ ਹੈ, ਗੁਰੂ ਨੂੰ 1 ਨੰਬਰ 'ਤੇ ਰੱਖਦਾ ਹੈ, ਉਹ ਨਿਤਨੇਮ, ਗੁਰਸਿੱਖੀ ਵੀ ਵੇਖਦਾ ਹੈ।

ਇਸ ਤੋਂ ਇਲਾਵਾ ਜੋ ਅਨੰਦ ਕਾਰਜ ਸਮੇਂ ਵਿਆਹ ਪਾਰਟੀਆਂ ਨੂੰ ਮੀਟ, ਸ਼ਰਾਬ ਦੇ ਦੌਰ ਚਲਾਏ ਜਾਂਦੇ ਹਨ, ਇਹ ਕੰਮ ਵੀ ਉਹੀ ਕਰਦੇ ਹਨ ਜਿਹੜੇ ਗੁਰੂ ਨੂੰ ਮੁਖ ਨਹੀਂ ਰੱਖਦੇ। ਉਹ ਕਹਿ ਦੇਂਦੇ ਹਨ ਕਿ ਦੁਨੀਆਂਦਾਰੀ ਵੇਖਣੀ ਪੈਂਦੀ ਹੈ, ਵਿਆਹ-ਸ਼ਾਦੀਆਂ 'ਤੇ ਰਿਸ਼ਤੇਦਾਰ ਨਰਾਜ਼ ਹੋ ਜਾਂਦੇ ਹਨ। ਆਪ ਕਹਿੰਦੇ ਹਨ ਕਿ ਇਸ ਦੇ ਬਗ਼ੈਰ ਤਾਂ

ਵਿਆਹ-ਸ਼ਾਦੀਆਂ ਦਾ ਰੰਗ ਹੀ ਨਹੀਂ ਬੱਝਦਾ ? ਇਹ ਹੈ ਦੁਨੀਆਂ ਨੂੰ ਇਕ ਨੰਬਰ 'ਤੇ ਰੱਖਣਾ, ਇਸ ਵਿਚ ਗੁਰੂ ਦੀ ਪ੍ਰਸੰਨਤਾ ਨਹੀਂ। ਫਿਰ ਤੁਸੀਂ ਇਹ ਵੀ ਅੰਦਾਜ਼ਾ ਲਾਵੋ ਕਿ ਕਿਥੇ ਤੇ ਤੁਹਾਨੂੰ ਚਾਹੀਦਾ ਹੈ ਕਿ ਬੱਚੇ-ਬੱਚੀ ਦਾ ਸਿਰ ਜੋੜ ਰਹੇ ਹੋ, ਉਨ੍ਹਾਂ ਦੀ ਨਵੀਂ ਜ਼ਿੰਦਗੀ ਲਈ ਸਭ ਦੀਆਂ ਅਸੀਸਾਂ ਇਕੱਠੀਆਂ ਕਰੋ, ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਤਾਂ ਕਿ ਤੁਹਾਡੇ ਬੱਚਿਆਂ ਦਾ ਆਉਣ ਵਾਲਾ ਪ੍ਰਵਾਰਿਕ ਜੀਵਨ ਖ਼ੁਸ਼ਹਾਲ ਹੋਵੇ ਤੇ ਕਿਥੇ ਤੁਸੀਂ ਅਨੇਕਾਂ ਜੀਵਾਂ ਨੂੰ—ਬਕਰਿਆਂ ਨੂੰ, ਮੁਰਗ਼ਿਆਂ ਨੂੰ ਮਰਵਾ ਕੇ ਆਪਣੇ ਬੱਚਿਆਂ ਲਈ ਉਨ੍ਹਾਂ ਦੀਆਂ ਬਦਦੁਆਵਾਂ ਸਹੇੜ ਰਹੇ ਹੋ। ਪਾਪਾਂ ਦੇ ਭਾਗੀ ਬਣ ਰਹੇ ਹੋ ! ਜੇ ਚਾਹੁੰਦੇ ਹੋ ਕਿ ਤੁਹਾਡੇ ਬੱਚਿਆਂ ਦਾ ਪ੍ਰਵਾਰਿਕ ਜੀਵਨ ਸੁਖੀ ਸੁਹੇਲਾ ਹੋਵੇ, ਖ਼ੁਸ਼ੀਆਂ ਭਰਿਆ ਹੋਵੇ ਤਾਂ ਜ਼ਰੂਰ ਇਸ ਚੀਜ਼ ਦਾ ਧਿਆਨ ਰਖਿਆ ਕਰੋ ਕਿ ਬੱਚਿਆਂ ਦੇ ਅਨੰਦ ਕਾਰਜ ਵਿਚ ਵੀ ਦੁਨੀਆਂ ਨੂੰ ਦੂਸਰੇ ਨੰਬਰ 'ਤੇ ਅਤੇ ਗੁਰੂ ਨੂੰ ਇਕ ਨੰਬਰ 'ਤੇ ਰੱਖੋ।

ਚੌਥਾ ਹੈ ਅੰਤਮ-ਸੰਸਕਾਰ—ਇਹ ਕੁਝ ਅਸੀਂ ਨਿਭਾਉਂਦੇ ਹਾਂ ਤੇ ਬਾਅਦ ਵਿਚ ਸਾਡੇ ਸੰਬੰਧੀ ਸਾਡੇ ਰਿਸ਼ਤੇਦਾਰ। ਜਿਹੜਾ ਬਾਅਦ ਵਿਚ ਰਿਸ਼ਤੇਦਾਰ ਇਹ ਸੰਸਕਾਰ ਨਿਭਾਉਂਦੇ ਹਨ, ਉਸ ਦਾ ਹਾਲ ਅਜ ਕੱਲ੍ਹ ਬਹੁਤਾ ਹੀ ਮਾੜਾ ਹੋ ਗਿਆ ਹੈ। ਪਿਛਲੇ ਸਮਿਆਂ ਵਿਚ 17 ਦਿਨ ਬਾਅਦ ਕਿਰਿਆ ਕਰਦੇ ਸਨ, ਫਿਰ ਹੌਲੀ-ਹੌਲੀ 13 ਦਿਨ ਬਾਅਦ ਹੋਣ ਲੱਗੀ। ਫਿਰ 10ਵੇਂ ਦਿਨ ਤੇ, ਪਰ ਹੁਣ ਤਾਂ ਇਹ ਹਾਲ ਹੋ ਗਿਆ ਹੈ ਕਿ ਕੋਈ ਸਰੀਰ ਵੀਰਵਾਰ ਮੰਨ ਲਵੋ ਚੜ੍ਹਾਈ ਕਰੇ, ਸ਼ੁਕਰਵਾਰ ਉਸ ਦੇ ਲਈ ਅਖੰਡ ਪਾਠ ਰਖਵਾ ਦੇਂਦੇ ਹਨ ਤੇ ਐਤਵਾਰ ਭੋਗ ਪਾ ਕੇ ਅੰਤਮ ਅਰਦਾਸ ਕਰ ਦਿੱਤੀ ਜਾਂਦੀ ਹੈ। ਪਹਿਲਾਂ ਕਿਸੇ ਸਰੀਰ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ 17-17 ਦਿਨ ਉਸ ਦੇ ਲਈ ਜਪ-ਤਪ ਕੀਤਾ ਜਾਂਦਾ ਸੀ ਪਰ ਕਿਸੇ ਕੋਲ ਸਮਾਂ ਹੀ ਨਹੀਂ ਰਿਹਾ, ਸਭ ਦੇ ਰੁਝੇਂਵੇਂ ਇਤਨੇ ਵੱਧ ਚੁੱਕੇ ਹਨ ਕਿ ਜੀਂਦੇ ਜੀਅ ਆਪਣੇ ਹੱਥੀਂ ਆਪ ਹੀ ਆਪਣਾ ਅੰਤ ਸਮਾਂ ਸਵਾਰ ਕੇ ਜਾਈਏ। ਗੁਰੂ ਸਾਹਿਬ ਵੀ ਸਾਨੂੰ ਬਾਣੀ ਰਾਹੀਂ ਇਹ ਉਪਦੇਸ਼ ਦੇ ਰਹੇ ਹਨ—

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥*
*ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥*
*ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥*

(ਅੰਗ ੪੭੪)

ਇਹ ਹੈ ਸ਼ਰਧਾ ਦੀ ਛੇਵੀਂ ਨਿਸ਼ਾਨੀ। ਜਿਸ ਦੀ ਗੁਰੂ 'ਤੇ ਸ਼ਰਧਾ ਹੈ ਉਹ ਗੁਰੂ ਨੂੰ ਪਹਿਲ ਤੇ ਦੁਨੀਆਂ ਨੂੰ ਦੂਜ ਦੇਵੇਗਾ। ਗੁਰੂ ਵਲ ਮੁਖ ਤੇ ਦੁਨੀਆਂ ਵੱਲ ਪਿੱਠ। ਪਾਈਏ ਮਨਾਂ 'ਤੇ ਝਾਤੀ ਕਿ ਅਸੀਂ ਕਿਥੇ ਖੜੇ ਹਾਂ ? ਬੜਾ ਅਨੰਦ ਜੇ। ਦਾਸ ਗੁਰੂ ਦੀ ਕਿਰਪਾ

ਨਾਲ ਇਹ ਲਿਖ ਰਿਹਾ ਹੈ। ਇਕ ਨਿੱਕਾ ਜਿਹਾ ਕਦਮ ਪੁੱਟ ਲਵੋ, ਕਰੋ ਉਪਰਾਲਾ, ਰਖੋ ਹਰ ਕੰਮ ਵਿਚ ਗੁਰੂ ਨੂੰ ਇਕ ਨੰਬਰ 'ਤੇ ਅਤੇ ਦੁਨੀਆਂ ਨੂੰ ਦੋ ਨੰਬਰ 'ਤੇ, ਦਾਸ ਦਾਅਵੇ ਨਾਲ ਲਿਖਦਾ ਹੈ ਕਿ ਤੁਹਾਡੇ ਇਸ ਉਪਰਾਲੇ ਦਾ ਸਦਕਾ ਗੁਰੂ ਤੁਹਾਡੇ ਵੱਲ ਹੋ ਜਾਵੇਗਾ, ਤੁਹਾਡਾ ਮਿੱਤਰ ਬਣ ਜਾਵੇਗਾ ਤੇ ਜਦੋਂ ਉਹ ਵਲ ਹੋ ਗਿਆ ਫਿਰ ਤਾਂ ਗੁਰਬਾਣੀ ਵਿਚ ਵੀ ਮੋਹਰ ਲਗੀ ਹੈ-

*ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥*
*ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥*

(ਅੰਗ ੧੦੯੬)

*ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ॥*
*ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥*

(ਅੰਗ ੧੩੯੯)

ਪੱਕੀ ਗਲ ਹੈ ਕਿ ਜਦੋਂ ਗੁਰੂ ਵੱਲ ਹੋ ਗਿਆ, ਫਿਰ ਕਿਸੇ ਕਿਸਮ ਦਾ ਘਾਟਾ ਨਹੀਂ ਰਹਿ ਜਾਵੇਗਾ। ਇਹ ਲੋਕ ਵੀ ਸੁਖੀ ਹੋ ਜਾਵੇਗਾ ਤੇ ਪ੍ਰਲੋਕ ਵੀ ਸੁਹੇਲਾ ਹੋ ਜਾਵੇਗਾ। ਨਾ ਇਥੇ ਦੀ ਚਿੰਤਾ ਨਾ ਉਥੇ ਦੀ। ਜਿਸ ਦਿਨ ਉਹ ਵੱਲ ਹੋ ਗਿਆ, ਉਹ ਮਿੱਤਰ ਬਣ ਗਿਆ, ਫਿਰ ਤੁਹਾਡੇ ਹਰ ਕਾਰਜ ਦੀ ਡਿਊਟੀ ਉਹ ਚਾਕਰ ਬਣ ਕੇ ਸੰਭਾਲੇਗਾ, ਹਰ ਕੰਮ ਸਵਾਰੇਗਾ। ਇਹ ਦਾਸ ਕੋਈ ਆਪਣੇ ਕੋਲੋਂ ਨਹੀਂ ਲਿਖ ਰਿਹਾ, ਬਾਣੀ ਕਹਿ ਰਹੀ ਹੈ—

SIKHBOOKCLUB.COM

*ਜਿਸ ਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥*

(ਅੰਗ ੯੬੦)

ਇਹ ਹੈ ਸ਼ਰਧਾ ਦੀ ਛੇਵੀਂ ਨਿਸ਼ਾਨੀ-ਗੁਰੂ ਨੂੰ 1 ਨੰਬਰ ਤੇ ਰੱਖਣਾ ਤੇ ਦੁਨੀਆਂ ਨੂੰ 2 ਨੰਬਰ ਤੇ ਰੱਖਣਾ। ਜ਼ਰੂਰ ਝਾਤੀ ਮਾਰਿਉ ਤੇ ਗੁਣਾਂ ਵਾਲੇ ਬਣਿਉ।

☆☆☆

*ਸੋਈ ਕਰਾਇ ਜੋ ਤੁਧੁ ਭਾਵੈ॥*
*ਮੋਹਿ ਸਿਆਣਪ ਕਛੂ ਨ ਆਵੈ॥*

# ਸ਼ਰਧਾ ਦੀ ਸਤਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਸ ਦੀ ਸੰਸਾਰੀ ਪਕੜ ਨਿਕਲ ਜਾਵੇਗੀ, ਨਿਰੰਕਾਰੀ ਪਕੜ ਆ ਜਾਵੇਗੀ।

*'ਪਹੁੰਚਣਾ ਹੈ ਅਸਲੀ ਘਰ ਕੋ, ਛਡ ਦੇ ਨਕਲੀ ਧਾਮ ਕੋ।'*

ਆਮ ਤੌਰ 'ਤੇ ਪੰਜ ਪਕੜਾਂ ਹਨ—ਮਨ ਦੀ ਪਕੜ, ਅੱਖਾਂ ਦੀ ਪਕੜ, ਰਸਨਾ ਦੀ ਪਕੜ, ਕੰਨਾਂ ਦੀ ਪਕੜ, ਵਾਸ਼ਨਾ ਦੀ ਪਕੜ। ਇਨ੍ਹਾਂ ਵਿਚੋਂ 4 ਤਾਂ ਅੰਗ ਰੂਪ ਵਿਚ ਹਨ ਪੰਜਵੀਂ ਅੰਗ ਨਹੀਂ ਹੈ। ਇਨ੍ਹਾਂ ਦੀ ਪਕੜ ਚੈੱਕ ਕਰਿਓ ਸਾਰੇ ਕਿ ਸੰਸਾਰੀ ਹੈ ਕਿ ਨਿਰੰਕਾਰੀ। ਦਾਸ ਗੁਰੂ ਦੀ ਕਿਰਪਾ ਨਾਲ ਦਾਅਵੇ ਨਾਲ ਇਹ ਗੱਲ ਲਿਖ ਰਿਹਾ ਹੈ ਕਿ ਕਈਆਂ ਦੀ ਉਮਰ 60-70 ਸਾਲ ਦੀ ਹੋ ਜਾਂਦੀ ਹੈ ਪਰ ਸੰਸਾਰੀ ਪਕੜ ਨਹੀਂ ਜਾਂਦੀ। ਗੱਲ ਤਾਂ ਅੰਦਰ ਦੀ ਲਾਲਸਾ ਦੀ ਹੈ, ਪਕੜ ਦੀ ਹੈ। ਇਹ ਸ਼ਰਧਾ ਦੀ ਸੱਤਵੀਂ ਨਿਸ਼ਾਨੀ ਹੈ ਕਿ ਸੰਸਾਰੀ ਪਕੜ ਨਿਕਲ ਜਾਵੇਗੀ ਤੇ ਨਿਰੰਕਾਰੀ ਪਕੜ ਆ ਜਾਵੇਗੀ। ਨਿਰੰਕਾਰ ਦੀ ਪਕੜ, ਪ੍ਰੀਤਮ ਦੀ ਪਕੜ, ਪ੍ਰਮੇਸ਼ਰ ਦੀ ਪਕੜ, ਸੱਚੇ ਰੱਬ ਦੀ ਪਕੜ। ਪਿਛੇ ਦਿੱਤੀਆਂ ਪੰਜ ਪਕੜਾਂ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਚੈੱਕ ਕਰਨਾ ਹੈ ਕਿ ਅਸੀਂ ਕਿਥੇ ਖੜੇ ਹਾਂ, ਸਾਡੀ ਕਿਹੜੀ ਪਕੜ ਸੰਸਾਰੀ ਹੈ ਤੇ ਕਿਹੜੀ ਨਿਰੰਕਾਰੀ।

ਸਭ ਤੋਂ ਪਹਿਲਾਂ ਆਉਂਦੀ ਹੈ ਮਨ ਦੀ ਪਕੜ। ਨਿੰਰਕਾਰ ਨਾਲ ਜੁੜਨ ਲਈ ਸਭ ਤੋਂ ਪਹਿਲਾ ਜ਼ਰੂਰੀ ਕੰਮ ਹੈ ਕਿ ਆਪਣੇ ਮਨ ਨੂੰ ਕਾਬੂ ਵਿਚ ਕੀਤਾ ਜਾਵੇ। ਮਨ ਨੂੰ ਬਾਹਰੀ ਮਾਇਆਵੀ ਪਦਾਰਥਾਂ ਤੋਂ ਤੋੜ ਕੇ ਅੰਤਰ ਆਤਮੇਂ ਗੁਰੂ ਨਾਲ ਜੋੜਨਾ ਹੈ। ਸਾਡੇ ਦੁੱਖਾਂ ਦਾ ਕਾਰਨ ਸਾਡਾ ਮਨ ਹੈ। ਜਦ ਤਕ ਅਸੀਂ ਆਪਣੇ ਮਨ ਨੂੰ ਕਾਬੂ ਨਹੀਂ ਕਰਦੇ ਤਦ ਤਕ ਸੰਸਾਰ ਵਿਚ ਠੋਕਰਾਂ ਖਾਂਦੇ ਰਹਾਂਗੇ। ਮਨ ਨੂੰ ਜ਼ਿਆਦਾਤਰ ਤਿੰਨ ਪਕੜਾਂ ਤੰਗ ਕਰਦੀਆਂ ਹਨ—ਇਕ ਮਾਇਆ ਦੀ ਪਕੜ, ਦੂਸਰੀ ਮੋਹ ਦੀ ਅਤੇ ਤੀਸਰੀ ਵਡਿਆਈ ਦੀ। ਸਾਰੇ ਪਾਇਓ ਝਾਤੀ, ਮਨ ਮਾਇਆ ਦੀ ਪਕੜ ਤੋਂ ਟੱਪਿਆ ਹੈ ਕਿ ਨਹੀਂ।

## ਸ਼ਰਧਾ ਦੀ ਸਤਵੀਂ ਨਿਸ਼ਾਨੀ

ਅੱਜ ਦਾ ਯੁੱਗ ਬਹੁਤ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਿਹਾ ਹੈ। ਹਰ ਕੋਈ ਇਕ ਦੂਸਰੇ ਤੋਂ ਅੱਗੇ ਲੰਘਣਾ ਚਾਹੁੰਦਾ ਹੈ। ਅੱਜ ਹਰ ਕੋਈ ਸਵੇਰ ਤੋਂ ਲੈ ਕੇ ਸ਼ਾਮ ਤਕ ਮਾਇਆ ਦੇ ਪਿਛੇ ਬਚਪਨੇ ਵਾਂਗ ਏਧਰ ਉਧਰ ਦੌੜਦਾ ਫਿਰਦਾ ਹੈ। ਪ੍ਰਮਾਤਮਾ ਦਾ ਨਾਮ ਲੈਣ ਵਾਸਤੇ ਬਾਬਾ ਜੀ ਬਚਨ ਕਰਿਆ ਕਰਦੇ ਸਨ ਕਿ ਦਰੱਖ਼ਤ ਨੂੰ 2 ਫਲ ਲਗਦੇ ਹਨ। ਇਕ ਤੇ ਉਹ ਫਲ ਜਿਸ ਦੇ ਨਾਂ ਨਾਲ ਦਰੱਖ਼ਤ ਦਾ ਨਾਂ ਜੁੜਿਆ ਹੈ ਜਿਵੇਂ ਅੰਬ ਦਾ ਦਰੱਖ਼ਤ, ਅਮਰੂਦ ਦਾ ਦਰੱਖ਼ਤ। ਦਰੱਖ਼ਤ ਇਕ ਹੋਰ ਫਲ ਵੀ ਦੇਂਦਾ ਹੈ ਜਿਸ ਦਾ ਨਾਂ ਹੈ ਛਾਂ। ਦਰੱਖ਼ਤ ਤੋਂ ਛਾਂ ਰੂਪੀ ਫਲ ਵੀ ਪ੍ਰਾਪਤ ਹੁੰਦਾ ਹੈ। ਹੁਣ ਜਿਹੜਾ ਪਹਿਲਾ ਫਲ ਹੈ, ਜਿਵੇਂ ਅੰਬ ਜਾਂ ਅਮਰੂਦ ਜਾਂ ਕੋਈ ਹੋਰ ਵੀ, ਉਸ ਨੂੰ ਤੁਸੀਂ ਕਿਸੇ ਠੰਢੀ ਜਗ੍ਹਾ 'ਤੇ ਰੱਖ ਲਵੋ ਤਾਂ ਉਹ 2-4 ਦਿਨ ਜਾਂ ਹਫ਼ਤਾ ਦੋ ਹਫ਼ਤੇ ਖ਼ਰਾਬ ਨਹੀਂ ਹੁੰਦਾ। ਠੰਢੇ ਸਟੋਰਾਂ ਵਿਚ ਰੱਖ ਲਵੋ ਤਾਂ 2-4 ਸਾਲਾਂ ਲਈ ਵੀ ਸੰਭਾਲਿਆ ਜਾ ਸਕਦਾ ਹੈ, ਪਰ ਜੋ ਦੂਸਰਾ ਫਲ ਹੈ 'ਛਾਂ' ਉਸ ਨੂੰ ਸੰਭਾਲਿਆ ਨਹੀਂ ਜਾ ਸਕਦਾ। ਜੇ ਕੋਈ ਕਹੇ ਕਿ ਇਸ ਵੇਲੇ ਛਾਂ ਹੈ ਤੇ ਇਸ ਨੂੰ ਸੰਭਾਲ ਕੇ ਰਖ ਲਈਏ, ਕੱਲ ਨੂੰ ਜਦੋਂ ਧੁੱਪ ਹੋਵੇਗੀ ਤਾਂ ਇਸ ਦੀ ਵਰਤੋਂ ਕਰ ਲਵਾਂਗੇ ਜਾਂ ਫਿਰ ਇਕ ਜਗ੍ਹਾ 'ਤੇ ਛਾਂ ਹੈ ਤੇ ਕਿਸੇ ਦੂਸਰੀ ਜਗ੍ਹਾ 'ਤੇ ਧੁੱਪ ਹੈ, ਉਥੇ ਲਿਜਾ ਕੇ ਇਸ ਨੂੰ ਵਰਤ ਲਈਏ, ਐਸਾ ਸੰਭਵ ਨਹੀਂ। ਛਾਂ ਨੂੰ ਸੰਭਾਲਿਆ ਨਹੀਂ ਜਾ ਸਕਦਾ, ਹਾਂ ! ਇਸ ਦਾ ਅਨੰਦ ਮਾਣਿਆ ਜਾ ਸਕਦਾ ਹੈ। ਮਹਾਂਪੁਰਸ਼ ਬਚਨ ਕਰਦੇ ਸਨ ਕਿ ਦੁਨੀਆਂ ਦੇ ਪਦਾਰਥ, ਮਾਇਆ ਇਹ ਵੀ ਛਾਂ ਰੂਪ ਹਨ, ਇਨ੍ਹਾਂ ਦਾ ਅਨੰਦ ਮਾਣੋ ਪਰ ਇਨ੍ਹਾਂ ਵਿਚ ਪਕੜ ਨਾ ਰੱਖੋ। ਜੋ ਅਸਲੀ ਪਦਾਰਥ ਹੈ, ਦਰਗਾਹੀ ਪਦਾਰਥ ਹੈ, ਉਹ 'ਨਾਮ' ਹੈ, ਉਸ ਨੂੰ ਸੰਭਾਲੋ। ਜਿਤਨਾ ਕੁ ਘਰ ਦਾ ਖ਼ਰਚਾ ਹੈ ਉਸ ਮੁਤਾਬਿਕ ਆਪਣੇ ਆਪ ਨੂੰ ਕਿਰਤ ਵਿਚ 'Busy' ਰੱਖੋ, ਬਹੁਤੀ ਖਜਲ ਖ਼ੁਆਰੀ ਨਾ ਕਰੋ, ਇਸ ਦੇ ਪਿਛੇ ਲਗ ਕੇ ਕਿਧਰੇ ਨਾਮ ਰੂਪੀ ਫਲ ਦਾ ਜੋ ਸਮਾਂ ਹੈ, ਉਸ ਨੂੰ ਨਾ ਗੁਆਚਣ ਦਿਓ, ਨਾਮ ਦੇ ਫਲ ਨੂੰ ਸੰਭਾਲੋ।

ਜਿਸ ਦਾ ਮਨ ਮਾਇਆ ਦੀ ਪਕੜ ਤੋਂ ਟਪਿਆ ਹੋਵੇਗਾ, ਉਹ ਕਹੇਗਾ 6-7 ਘੰਟੇ ਕਿਰਤ ਬਹੁਤ ਹੈ ਤੇ ਜਿਹੜਾ ਮਾਇਆ ਦੀ ਪਕੜ ਵਿਚ ਫਸਿਆ ਹੋਵੇਗਾ, ਉਹ ਸਵੇਰੇ 7 ਵਜੇ ਦੁਕਾਨ ਖੋਲ੍ਹ ਕੇ ਰਾਤ 11 ਵਜੇ ਬੰਦ ਕਰੇਗਾ, ਕਿਉਂ ? ਉਹ ਫੱਸਿਆ ਪਿਆ ਹੈ। ਮਾਇਆ ਦੇ ਸਬੰਧ ਵਿਚ 5-6 ਘੰਟੇ ਕਿਰਤ ਕਰਨੀ ਵੀ ਹੈ ਪਰ ਕਈ ਸਰੀਰ 12 ਘੰਟੇ, 15-16 ਘੰਟੇ ਤਕ ਵੀ ਕਿਰਤ ਨੂੰ ਦੇਂਦੇ ਹਨ, ਫਸੇ ਪਏ ਹਨ ਧੰਦੇ ਵਿਚ। ਇਹ ਨਹੀਂ ਚਲਦਾ, ਘਰ ਦਾ ਗੁਜ਼ਾਰਾ ਨਹੀਂ ਹੁੰਦਾ ਪਰ ਪਕੜ।

ਲੁਧਿਆਣੇ ਦਾ ਇਕ ਸਰੀਰ ਹੈ। ਦਾਸ ਨੇ ਉਸ ਨੂੰ ਪੁੱਛਿਆ, 24 ਘੰਟਿਆਂ ਵਿਚ ਕੀ ਰੁਟੀਨ ਹੈ, ਕਿਰਤ ਕੀ ਹੈ, ਬਾਣੀ ਪੜ੍ਹਨ, ਨਾਮ ਜਪਣ ਨੂੰ ਕਿਤਨਾ ਕੁ ਸਮਾਂ ਦੇਂਦਾ ਹੈਂ ? ਉਹ ਕਹਿਣ ਲੱਗਾ, ਮੈਂ ਬੈਂਕ ਵਿਚ ਲੱਗਾ ਹੋਇਆ ਹਾਂ, ਕੋਈ ਅੱਧਾ ਕੁ ਘੰਟਾ ਬਾਣੀ

ਪੜ੍ਹਦਾ ਹਾਂ। ਦਾਸ ਨੇ ਫਿਰ ਆਖਿਆ ਬੈਂਕ ਦੀ ਡਿਊਟੀ ਤਾਂ 8 ਘੰਟੇ ਹੁੰਦੀ ਹੈ, ਬਾਕੀ 16 ਘੰਟੇ ਵਿਚੋਂ ਜੇ 6 ਘੰਟੇ ਸੌਣ ਦੇ ਵੀ ਲਾ ਲਈਏ ਤਾਂ ਵੀ ਬਾਕੀ 10 ਘੰਟੇ ਬਚ ਜਾਂਦੇ ਹਨ। ਉਹ ਕਹਿਣ ਲੱਗਾ ਮੈਂ ਦੋ ਫ਼ਰਮਾਂ ਦੀਆਂ ਸਵੇਰੇ ਤੇ ਦੋ ਫ਼ਰਮਾਂ ਦੀਆਂ ਰਾਤ ਨੂੰ ਵਹੀਆਂ ਬਣਾਉਂਦਾ ਹਾਂ, ਉਨ੍ਹਾਂ ਦੇ ਅਕਾਊਂਟ ਵੇਖਦਾ ਹਾਂ ਤਾਂ ਕਿ ਹੋਰ ਵੱਧ ਕਮਾਈ ਕਰ ਸਕਾਂ। ਦਾਸ ਨੇ ਪੁੱਛਿਆ ਤੇਰੀ ਬੈਂਕ ਦੀ ਤਨਖ਼ਾਹ ਕਿੰਨੀ ਹੈ ਤੇ ਘਰ ਦਾ ਖ਼ਰਚਾ ਕਿਤਨਾ ਹੈ ? ਕੀ ਬੈਂਕ ਦੀ ਤਨਖ਼ਾਹ ਵਿਚੋਂ ਘਰ ਦਾ ਗੁਜ਼ਾਰਾ ਨਹੀਂ ਹੁੰਦਾ? ਇਸ਼ਾਰਾ ਲੈਣਾ, ਪਕੜ ਕੀ ਹੈ। ਉਸ ਸਰੀਰ ਦਾ ਜੁਆਬ ਸੀ 15 ਹਜ਼ਾਰ ਮੇਰੀ ਤਨਖ਼ਾਹ ਹੈ ਤੇ 8000 ਹਜ਼ਾਰ ਮੇਰੇ ਘਰ ਦਾ ਖ਼ਰਚਾ ਹੈ। ਹੁਣ ਆਪੇ ਅੰਦਾਜ਼ਾ ਲਾ ਲਵੋ ਇਹ ਕੀ ਹੈ— ਮਾਇਆ ਦੀ ਪਕੜ ਨੇ ਦਬੋਚ ਲਿਆ ਹੈ, ਸੱਚ ਸਮਝ ਬੈਠਾ ਹੈ ਦੁਨੀਆਂ ਨੂੰ। ਚੰਗਾ ਭਲਾ ਤਨਖ਼ਾਹ ਵਿਚ ਗੁਜ਼ਾਰਾ ਹੋ ਰਿਹਾ ਹੈ, ਬਚਤ ਵੀ ਹੋ ਰਹੀ ਹੈ, ਫਿਰ ਵੀ ਕਈਆਂ ਦੀਆਂ ਵਹੀਆਂ ਲਾਈਆਂ ਹਨ, ਅਕਾਊਂਟ ਦੇਖਦਾ ਹੈ। ਮਾਇਆ ਦੀ ਕਮੀ ਨਹੀਂ, ਪਰ ਕਿਸੇ ਤਰੀਕੇ ਹੋਰ ਵੱਧ ਆ ਜਾਵੇ, ਇਹ ਲਾਲਚ ਹੈ। ਐਹੋ ਜਿਹਾ ਇਨਸਾਨ, ਜਿਸ ਨੂੰ ਆਪਣੇ ਵਿਹਲੇ ਸਮੇਂ ਵਿਚ ਵੀ ਹੋਰ ਮਾਇਆ ਕਮਾਉਣ ਦੀ ਲਾਲਸਾ ਹੈ, ਉਹ ਨਾਮ ਕਦੋਂ ਜਪੇਗਾ, ਨਿਰੰਕਾਰ ਨੂੰ ਸਮਾਂ ਕਿਥੋਂ ਦੇਵੇਗਾ ? ਕਈਆਂ ਦੀ ਉਮਰ 50-60 ਸਾਲ ਹੋ ਜਾਂਦੀ ਹੈ, ਰਿਟਾਇਰ ਵੀ ਹੋ ਜਾਣ, ਪਰ ਅੰਦਰ ਇਹ ਲਾਲਸਾ ਬਣੀ ਰਹਿੰਦੀ ਹੈ ਕਿ ਕਿਸੇ ਤਰ੍ਹਾਂ ਮਾਇਆ ਕਮਾ ਲਵਾਂ। ਦੇਖ ਲਵੋ ਕਾਲ ਭਾਵੇਂ ਸਿਰ 'ਤੇ ਖੜਾ ਹੈ ਪਰ ਅਜੇ ਵੀ ਮਾਇਆ ਨੂੰ ਜੱਫਾ ਵੱਜਾ ਹੈ। ਜਿਹੜੀ ਮਾਇਆ ਨੇ ਮੌਤ ਤੋਂ ਬਾਅਦ ਸਾਡਾ ਸਾਥ ਦੇਣਾ ਹੈ, ਉਸ ਵਲ ਸਾਡਾ ਧਿਆਨ ਹੀ ਨਹੀਂ ਜਾਂਦਾ। ਉਸ ਸਮੇਂ ਸਾਡਾ ਸਾਥ ਕੇਵਲ ਨਾਮ ਨੇ ਦੇਣਾ ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀ ਦੂਸਰੀ ਅਸਟਪਦੀ ਕਿਧਰੇ ਪੜ੍ਹੋ ਗ਼ੌਰ ਨਾਲ, ਪੰਜਵੇਂ ਪਾਤਿਸ਼ਾਹ ਕੀ ਆਖ ਰਹੇ ਹਨ-

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*

(ਅੰਗ ੨੬੪)

ਉਥੇ ਕਾਗਜ਼ ਦੇ ਨੋਟਾਂ ਦੀ ਕੀਮਤ ਤਾਂ ਕੌਡੀ ਵੀ ਨਹੀਂ ਪੈਣੀ, ਕੇਵਲ ਤੇ ਕੇਵਲ ਨਾਮ ਨੇ ਹੀ ਸਹਾਈ ਹੋਣਾ ਹੈ। ਬਾਬਾ ਜੀ ਇਕ ਦ੍ਰਿਸ਼ਟਾਂਤ ਸੁਣਾਉਂਦੇ ਸਨ, ਦਾਸ ਸਾਂਝਾ ਕਰੇ, ਜਿਸ ਨੂੰ ਪੜ੍ਹ ਕੇ ਸ਼ਾਇਦ ਸਾਡੀ ਵੀ ਅੱਖ ਖੁੱਲ੍ਹ ਜਾਵੇ। ਕੋਈ ਸੌ ਸਾਲ ਦਾ ਬਜ਼ੁਰਗ ਸੀ, ਮਾਇਆ ਦੀ ਪਕੜ ਇਤਨੀ ਕਿ ਆਪਣੀ ਜੋੜੀ ਹੋਈ ਮਾਇਆ ਪੀਪੇ ਵਿਚ

ਇਕੱਠੀ ਕਰ ਕੇ ਰੱਖੀ ਸੀ ਤੇ ਉਸ ਪੀਪੇ ਨੂੰ ਜ਼ਮੀਨ ਵਿਚ ਦੱਬ ਕੇ ਉਪਰ ਸੌਂਦਾ ਸੀ ਕਿ ਕਿਧਰੇ ਸੁੱਤੇ ਪਏ ਹੀ ਕੋਈ ਉਸ ਨੂੰ ਚੁੱਕ ਕੇ ਨਾ ਲੈ ਜਾਵੇ। ਇਕ ਰਾਤ ਸੁੱਤਾ ਤੇ ਜਮ ਲੈਣ ਆ ਗਏ, ਪਰ ਇਹ ਮਾਇਆ ਦਾ ਪ੍ਰੇਮੀ, ਇਤਨੀ ਮਾਇਆ ਦੀ ਪਕੜ ਵਿਚ ਫਸਿਆ ਹੋਇਆ ਜਮਾਂ ਨੂੰ ਕੀ ਕਹਿੰਦਾ ਹੈ ਕਿ ਮੈਨੂੰ ਅੱਜ ਦੀ ਰਾਤ ਛੱਡ ਦਿਓ, ਮੈਂ ਪਿੰਡ ਵਾਲਿਆਂ ਤੋਂ ਪੈਸੇ ਵਸੂਲਣੇ ਹਨ। ਜਮ ਕਹਿਣ ਲੱਗੇ, ਤੂੰ ਇਕ ਰਾਤ ਦੀ ਮੋਹਲਤ ਮੰਗਦਾ ਹੈਂ, ਅਸੀਂ ਤੈਨੂੰ ਇਕ ਸਾਹ ਵੀ ਹੋਰ ਨਹੀਂ ਦੇ ਸਕਦੇ। ਉਹ ਬਜ਼ੁਰਗ ਆਪਣੀ ਇਕੱਤ੍ਰ ਕੀਤੀ ਮਾਇਆ ਵਲ ਵੇਖ ਕੇ ਕਹਿਣ ਲੱਗਾ, ਐ ਮਾਇਆ ! ਮੈਂ ਤੈਨੂੰ ਇਕੱਠਾ ਕਰਨ ਲਈ ਕਿੰਨੇ ਵਲ ਫਰੇਬ ਕੀਤੇ, ਕਿੰਨੀ ਦੌੜ ਭੱਜ ਕੀਤੀ, ਕੀ ਤੂੰ ਮੇਰੇ ਨਾਲ ਨਹੀਂ ਜਾਵੇਂਗੀ ? ਮੇਰਾ ਸਾਥ ਨਹੀਂ ਦੇਵੇਂਗੀ ? ਮਾਇਆ ਕਹਿਣ ਲੱਗੀ 'ਮੈਂ ਤਾਂ ਬਣੀ ਸੀ ਕਿਸੇ ਭੁੱਖੇ ਦੀ ਭੁੱਖ ਮਿਟਾਉਣ ਵਾਸਤੇ, ਕਿਸੇ ਨੰਗੇ ਦਾ ਤਨ ਕੱਜਣ ਵਾਸਤੇ ਪਰ ਤੂੰ ਮੈਨੂੰ ਜ਼ਮੀਨ ਵਿਚ ਦੱਬ ਛੱਡਿਆ, ਤੂੰ ਮੇਰੇ ਨਾਲ ਜਿਹੋ ਜਿਹਾ ਸਲੂਕ ਕੀਤਾ ਹੈ, ਹੁਣ ਤੇਰੇ ਨਾਲ ਵੀ ਓਹੋ ਜਿਹਾ ਹੀ ਸਲੂਕ ਹੋਵੇਗਾ (ਤੈਨੂੰ ਵੀ ਮਰਨ ਤੋਂ ਬਾਅਦ ਮਿੱਟੀ ਵਿਚ ਦੱਬ ਦਿੱਤਾ ਜਾਵੇਗਾ) ਬਜ਼ੁਰਗ ਦਾ ਸਮਾਂ ਖ਼ਤਮ ਹੋ ਗਿਆ ਸੀ, ਸੁਆਸ ਪੂਰੇ ਹੋ ਗਏ ਸਨ। ਜਮ ਉਸ ਦੇ ਗਲ ਵਿਚ ਸੰਗਲ ਪਾ ਕੇ ਲੈ ਤੁਰੇ। ਅਗਲਾ ਜਨਮ ਸੱਪ ਦਾ ਮਿਲਿਆ। ਬਾਣੀ ਦੀ ਵੀ ਪੰਗਤੀ ਹੈ ਅੰਤ ਕਾਲ ਜੋ ਲਛਮੀ ਸਿਮਰੈ ਮਾਇਆ ਕਹਿੰਦੀ ਹੈ, ਤੂੰ ਮੈਨੂੰ ਮਿੱਟੀ 'ਚ ਦਬਿਆ, ਅਗਲਾ ਜਨਮ ਤੇਰਾ ਵੀ ਇਹੋ ਜਿਹਾ, ਤੂੰ ਵੀ ਮਿੱਟੀ ਵਿਚ ਦੱਬਿਆ ਰਹਿ। ਸਤਿਗੁਰੂ ਸਾਨੂੰ ਸੋਝੀ ਬਖ਼ਸ਼ਣ।

ਇਹ ਠੀਕ ਹੈ ਕਿ ਦੁਨੀਆਂ ਵਿਚ ਵਿਚਰਨ ਲਈ ਮਾਇਆ ਦੀ ਬਹੁਤ ਲੋੜ ਹੈ ਪਰ ਬਹੁਤ ਮਾਇਆ ਕਈ ਵਾਰੀ ਦੁੱਖ, ਕਲੇਸ਼ ਤੇ ਬਿਮਾਰੀਆਂ ਦਾ ਕਾਰਨ ਬਣ ਜਾਂਦੀ ਹੈ, ਕਿਉਂਕਿ ਇਹ ਮਾਇਆ ਬੜਿਆਂ-ਬੜਿਆਂ ਦਾ ਦਿਮਾਗ਼ ਪੁੱਠਾ ਕਰ ਦੇਂਦੀ ਹੈ, ਮਤ 'ਤੇ ਪੜਦਾ ਪਾ ਦੇਂਦੀ ਹੈ। ਇਸ ਮਾਇਆ ਦੀ ਖ਼ਾਤਰ ਬੰਦਾ ਬੜੇ-ਬੜੇ ਮਾੜੇ ਕੰਮ ਵੀ ਕਰਦਾ ਹੈ, ਆਪਣਿਆਂ ਨਾਲ ਵੀ ਵਿਗਾੜ ਲੈਂਦਾ ਹੈ। ਬਾਬਾ ਜੀ ਬਚਨ ਕਰਦੇ ਸਨ ਕਿ ਮਾਇਆ ਮਾੜੀ ਨਹੀਂ, ਇਸ ਦੇ ਛਲ ਮਾੜੇ ਹਨ। ਗੁਰੂ ਸਾਹਿਬ ਇਹ ਨਹੀਂ ਕਹਿੰਦੇ ਕਿ ਮੇਰੇ ਸਿੱਖ ਕੋਲ ਮਾਇਆ ਨਾ ਹੋਵੇ, ਬਲਕਿ ਉਹ ਇਹ ਚਾਹੁੰਦੇ ਹਨ ਕਿ ਸਿੱਖ ਦੀ ਮਾਇਆ ਜੇਬ ਤਕ ਰਹੇ, ਉਸ ਦੇ ਹਿਰਦੇ 'ਤੇ ਨਾ ਬੈਠ ਜਾਵੇ। ਮਾਇਆ ਜ਼ਿਆਦਾ ਆਉਣ 'ਤੇ ਕਿਧਰੇ ਉਹ ਹੰਕਾਰੀ ਨਾ ਹੋ ਜਾਵੇ। ਜੋ ਵੀ ਕਮਾਈ ਹੋਵੇ, ਘੱਟ ਤੋਂ ਘੱਟ ਉਸ ਦਾ ਦਸਵੰਧ ਜ਼ਰੂਰ ਗੁਰੂ ਲੇਖੇ ਲਗਾਵੇ, ਭਲਾਈ ਕਾਰਜਾਂ ਵਿਚ ਲਗਾਵੇ, ਭੁੱਖੇ ਦੀ ਮਦਦ ਕਰੇ। ਮਾਇਆ ਦੀ ਪਕੜ ਵਿਚ ਫੱਸਿਆ ਬੰਦਾ ਰੱਬ ਨੂੰ ਭੁੱਲ ਜਾਂਦਾ ਹੈ।

ਅਸੀਂ ਸੰਤਾਂ-ਮਹਾਂਪੁਰਸ਼ਾਂ ਦੀ, ਕਮਾਈ ਵਾਲਿਆਂ ਦੀ ਰੀਸ ਤਾਂ ਨਹੀਂ ਕਰ ਸਕਦੇ, ਪਰ ਉਨ੍ਹਾਂ ਦੇ ਜੀਵਨ ਤੋਂ ਕਿਣਕਾ ਮਾਤਰ ਸੇਧ ਜ਼ਰੂਰ ਲਈਏ। ਸੰਤ ਬਾਬਾ ਸ਼ਾਮ

ਸਿੰਘ ਜੀ ਮਾਇਆ ਤੋਂ ਇਤਨੇ ਨਿਰਲੇਪ ਰਹਿੰਦੇ ਸਨ ਕਿ ਉਨ੍ਹਾਂ ਕੋਲ ਜਿਤਨੀ ਵੀ ਮਾਇਆ ਆਉਂਦੀ ਸੀ, ਸਾਰੀ ਭਲਾਈ ਕਾਰਜਾਂ ਲਈ ਲਗਾ ਦੇਂਦੇ ਸਨ। ਇਕ ਵਾਰੀ ਕਿਸੇ ਬੜੇ ਅਮੀਰ ਘਰਾਣੇ ਦੇ ਪ੍ਰੇਮੀ ਨੇ ਬਹੁਤ ਕੀਮਤੀ ਕਸ਼ਮੀਰੀ ਲੋਈ ਭੇਟਾ ਕੀਤੀ ਤੇ ਬੇਨਤੀ ਕੀਤੀ, ਮਹਾਂਪੁਰਸ਼ੋ! ਮੇਰੀ ਬਹੁਤ ਭਾਵਨਾ ਹੈ ਕਿ ਆਪ ਜੀ ਇਸ ਨੂੰ ਪ੍ਰਵਾਨ ਕਰੋ। ਮਹਾਂਪੁਰਸ਼ ਕਹਿੰਦੇ ਹਨ, ਇਸ ਲੋਈ ਨੂੰ ਵਾਪਿਸ ਕਰ ਕੇ, ਇਸ ਦੀ ਕੀਮਤ ਦੇ ਜਿਤਨੇ ਕੰਬਲ ਮਿਲਣ ਉਹ ਲੈ ਆ ਤੇ ਉਨ੍ਹਾਂ ਕੰਬਲਾਂ ਨੂੰ ਗ਼ਰੀਬਾਂ ਵਿਚ ਵੰਡ ਦੇ। ਸੰਤ ਵਧਾਵਾ ਸਿੰਘ ਜੀ ਵੀ ਆਪਣੇ ਕੋਲ ਕੋਈ ਚੀਜ਼ ਜਮ੍ਹਾਂ ਨਹੀਂ ਸੀ ਕਰਦੇ। ਬਿਹੰਗਮਾਂ ਨੂੰ ਵੀ ਅਜਿਹਾ ਹੀ ਹੁਕਮ ਸੀ। ਉਨ੍ਹਾਂ ਕੋਲ ਗਰਮੁਖੀ, ਗੁਰਬਾਣੀ ਦੇ ਅਰਥ, ਗੁਰਮਤ ਸਿਧਾਂਤਾਂ ਦੀ ਪੜ੍ਹਾਈ ਲਈ ਵਿਦਿਆਰਥੀ ਆਉਂਦੇ ਸਨ, ਸੰਤ ਜੀ ਸਭ ਕਪੜੇ, ਪਦਾਰਥ ਉਨ੍ਹਾਂ ਵਿਦਿਆਰਥੀਆਂ, ਬਿਹੰਗਮਾਂ ਜਾਂ ਸੇਵਕਾਂ ਵਿਚ ਵੰਡ ਦੇਂਦੇ ਸਨ। ਲੋੜ ਤੋਂ ਵੱਧ ਆਉਣ ਵਾਲੇ ਪਦਾਰਥਾਂ ਨੂੰ ਜਾਂ ਜਲਾ ਦੇਂਦੇ ਸਨ ਜਾਂ ਪਾਣੀ ਵਿਚ ਰੋੜ ਦੇਂਦੇ ਸਨ ਜਾਂ ਫਿਰ ਜ਼ਮੀਨ ਵਿਚ ਦੱਬ ਦੇਂਦੇ ਸਨ।

ਭਾਈ ਧਰਮਦਾਸ ਜੀ ਹੋਏ ਹਨ, ਬਹੁਤ ਕਮਾਈ ਵਾਲੇ। ਉਨ੍ਹਾਂ ਦਾ ਵੀ ਇਹ ਨੇਮ ਸੀ ਕਿ ਮਾਇਆ ਡੇਰੇ ਵਿਚ ਇਕੱਠੀ ਨਹੀਂ ਹੋਣ ਦੇਣੀ, ਸਭ ਪਰਉਪਕਾਰ ਹਿਤ ਖ਼ਰਚ ਕਰ ਦੇਣੀ। ਇਕ ਵਾਰੀ ਕਿਸੇ ਵਪਾਰੀ ਨੇ ਬਹੁਤ ਜ਼ਿਆਦਾ ਮਾਇਆ ਭੇਟ ਕੀਤੀ। ਉਨ੍ਹਾਂ ਨੇ ਸਾਰੀ ਮਾਇਆ ਖੂਹਾਂ, ਤਲਾਬਾਂ ਤੇ ਗਊਆਂ ਦੇ ਜਲ ਪੀਣ ਵਾਲੇ ਪੱਕੇ ਟੋਭੇ ਬਣਵਾ ਕੇ ਖ਼ਰਚ ਕਰ ਦਿੱਤੀ।

ਪੱਕੀ ਗਲ ਜੇ, ਜਿਸ ਦੀ ਇਹ ਪਕੜ ਨਿਕਲ ਜਾਵੇਗੀ, ਉਸ ਕੋਲ ਜੇ ਜ਼ਿਆਦਾ ਮਾਇਆ ਆ ਜਾਵੇ ਤਾਂ ਉਸ ਨੂੰ ਫ਼ਿਕਰ ਲੱਗ ਜਾਂਦੀ ਹੈ ਕਿ ਮੈਂ ਇਸ ਮਾਇਆ ਦਾ ਕੀ ਕਰਾਂ। ਦਾਸ ਨਾਲ ਵੀ ਬੀਤਦੀ ਹੈ, ਘਰ ਦੀ ਕਮਾਈ ਤਾਂ ਆਈ ਚਲਾਈ ਹੀ ਹੈ ਪਰ ਸੰਗਤ ਦੀ ਮਾਇਆ ਜਿਸ ਵੇਲੇ ਜ਼ਿਆਦਾ ਆ ਜਾਵੇ, ਫ਼ਿਕਰ ਲੱਗ ਜਾਂਦੀ ਹੈ, ਇਸ ਦਾ ਕੀ ਕਰੀਏ। ਫਿਰ ਦਾਸ ਮਿਸਤ੍ਰੀਆਂ ਦੇ ਹੈੱਡ ਨੂੰ ਫ਼ੋਨ ਕਰ ਕੇ ਆਖਦਾ ਹੈ ਕਿ ਮਿਸਤਰੀ, ਮਜ਼ਦੂਰ ਵਧਾ ਦਿਓ ਤਾਂ ਕਿ ਇਹ ਜਲਦੀ ਲਗ ਜਾਵੇ। (ਕਿਉਂਕਿ ਗੁਰੂ ਦੀ ਕਿਰਪਾ ਨਾਲ ਕੋਈ ਨਾ ਕੋਈ ਉਸਾਰੀ ਦਾ ਕੰਮ ਚਲਦਾ ਹੀ ਰਹਿੰਦਾ ਹੈ। ਕਦੀ ਹਸਪਤਾਲ ਦਾ ਤੇ ਕਦੇ ਸਰਾਂ ਦਾ ਜਾਂ ਭਲਾਈ ਕੇਂਦਰ ਦਾ ਜਾਂ ਸਕੂਲ ਦਾ) ਜਦੋਂ ਘੱਟ ਜਾਵੇ ਫਿਰ ਬੰਦੇ ਘਟਾ ਦੇਈਦੇ ਹਨ।

ਤੁਸੀਂ ਕਹੋਗੇ, ਅਸੀਂ ਤਾਂ ਗ੍ਰਿਹਸਥੀ ਹਾਂ, ਸਾਨੂੰ ਕਿਹੜੀ ਸੰਗਤਾਂ ਵਲੋਂ ਮਾਇਆ ਆਉਣੀ ਹੁੰਦੀ ਹੈ। ਅਸੀਂ ਤਾਂ ਮਾਇਆ ਨਾਲ ਆਪਣਾ ਪਰਵਾਰ ਵੀ ਚਲਾਉਣਾ ਹੈ, ਅਸੀਂ ਗ੍ਰਿਹਸਥੀ ਵਿਚ ਰਹਿੰਦੇ ਹੋਏ, ਮਾਇਆ ਵਿਚ ਰਹਿੰਦੇ ਹੋਏ ਇਨ੍ਹਾਂ ਦੀ ਪਕੜ ਤੋਂ

ਨਿਰਲੇਪ ਰਹਿਣਾ ਹੈ। ਸਤਿਗੁਰੂ ਨੇ ਸਾਨੂੰ ਉਪਦੇਸ਼ ਦਿੱਤਾ ਹੈ।

*ਵਿਚੇ ਗ੍ਰਿਹ ਸਦਾ ਰਹੈ ਉਦਾਸੀ*
*ਜਿਉ ਕਮਲੁ ਰਹੈ ਵਿਚਿ ਪਾਣੀ ਹੇ॥*

(ਅੰਗ ੧੦੭੦)

ਇਹ ਨਹੀਂ ਕਿ ਧਨ-ਦੌਲਤ, ਪੁੱਤਰ-ਧੀਆਂ, ਪ੍ਰਵਾਰ ਨਾਲ ਇੰਨਾ ਪਿਆਰ ਵਧਾ ਲਈਏ ਕਿ ਪ੍ਰਮੇਸ਼ਰ ਨੂੰ ਭੁੱਲ ਹੀ ਜਾਈਏ। ਇਨ੍ਹਾਂ ਸਭ ਵਿਚ ਵਿਚਰਦੇ ਹੋਏ ਇਨ੍ਹਾਂ ਦੀ ਪਕੜ ਨਾ ਰਖੀਏ। ਨਾਲ-ਨਾਲ ਨਾਮ ਵੀ ਜਪੀਏ, ਸਤਿਸੰਗ ਵੀ ਕਰੀਏ। ਗ੍ਰਿਹਸਥੀ ਨੂੰ ਦੁਨੀਆਵੀ ਜ਼ਰੂਰਤਾਂ ਨਾਲ ਵੀ ਤੇ ਪ੍ਰਮਾਰਥਕ ਸੇਵਾ ਲਈ ਵੀ ਮਾਇਆ ਦੀ ਲੋੜ ਹੈ ਪਰ ਗੁਰਮੁਖ ਇਸ ਦੀ ਪਕੜ ਵਿਚ ਨਹੀਂ ਫੱਸਦਾ। ਉਹ ਧਰਮ ਦੀ ਕਿਰਤ ਕਰਦਾ ਹੈ ਤੇ ਦਸਵੰਧ ਗੁਰੂ ਦੇ ਲੇਖੇ ਲਾਉਂਦਾ ਹੈ। ਮਾਇਆ ਦੇ ਮਗਰ ਨਹੀਂ ਭੱਜਦਾ ਬਲਕਿ ਜਿਤਨੀ ਹੈ, ਉਸ ਵਿਚ ਸੰਤੋਖ ਰੱਖਦਾ ਹੈ ਤੇ ਜੇ ਸਤਿਗੁਰੂ ਨੇ ਬਹੁਤੀ ਦਿੱਤੀ ਹੋਵੇ ਤਾਂ ਵੀ ਉਸ ਨੂੰ ਪਾ ਕੇ ਹੰਕਾਰੀ ਨਹੀਂ ਹੋ ਜਾਂਦਾ ਬਲਕਿ ਉਸ ਤੋਂ ਨਿਰਲੇਪ ਰਹਿੰਦਾ ਹੈ ਤੇ ਲੋੜਵੰਦਾਂ ਦੀ ਮਦਦ ਕਰਦਾ ਹੈ।

ਮਾਇਆ ਕੋਈ ਭੈੜੀ ਚੀਜ਼ ਨਹੀਂ ਜੇ ਇਸ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ। ਜੇ ਇਸ ਨੂੰ ਚੰਗੇ ਪਾਸੇ ਲਾ ਦਿਓ, ਪੁੰਨ-ਦਾਨ ਵਾਲੇ ਪਾਸੇ ਲਾ ਦਿਓ, ਗ਼ਰੀਬਾਂ-ਲੋੜਵੰਦਾਂ ਦੀ ਮਦਦ 'ਤੇ ਲਾ ਦਿਓ ਤਾਂ ਭਲਾ ਹੈ, ਜੇ ਇਧਰ ਨਹੀਂ ਲਾਉਂਦੇ ਤਾਂ ਮੁਕੱਦਮਿਆਂ ਤੇ ਕਚਹਿਰੀਆਂ ਜਾਂ ਡਾਕਟਰਾਂ ਤੇ ਬੀਮਾਰੀਆਂ 'ਤੇ ਲੱਗ ਜਾਵੇਗੀ। ਚੰਗੇ ਪਾਸੇ ਲਗਾਈ ਮਾਇਆ ਦਰਗਾਹ ਨੂੰ ਲੈ ਜਾਂਦੀ ਹੈ ਤੇ ਮਾੜੇ ਪਾਸੇ ਲਗੀ ਮਾਇਆ ਨਰਕਾਂ ਦਾ ਮੂੰਹ ਦਿਖਾ ਦੇਂਦੀ ਹੈ।

ਮਾਇਆ ਦੀ ਪਕੜ ਤੋਂ ਕੋਈ ਵਿਰਲੇ ਹੀ ਗੁਰੂ ਦੀ ਕਿਰਪਾ ਨਾਲ ਬਚ ਕੇ ਨਿਕਲਦੇ ਹਨ ਨਹੀਂ ਤਾਂ ਮਾਇਆ ਦੀ ਪਕੜ ਤਾਂ ਐਸੀ ਹੈ ਕਿ ਹਜ਼ਾਰਾਂ ਖੱਟਣ ਤੋਂ ਬਾਅਦ ਬੰਦਾ ਲੱਖਾਂ ਖੱਟਣ ਦੇ ਮਗਰ ਦੌੜਦਾ ਹੈ ਤੇ ਲੱਖਾਂ ਖੱਟਣ ਤੋਂ ਬਾਅਦ ਕਰੋੜਾਂ ਖੱਟਣ ਦੀ ਦੌੜ ਲੱਗ ਜਾਂਦੀ ਹੈ ਭਾਵ ਕਿ ਤ੍ਰਿਪਤੀ ਹੁੰਦੀ ਹੀ ਨਹੀਂ, ਰੱਜ ਆਉਂਦਾ ਹੀ ਨਹੀਂ। ਗੁਰੂ ਸਾਹਿਬ ਵੀ ਬਾਣੀ ਵਿਚ ਕਹਿ ਰਹੇ ਹਨ-

*ਸਹਸ ਖਟੇ ਲਖ ਕਉ ਉਠਿ ਧਾਵੈ॥*
*ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥*

(ਅੰਗ ੨੭੯)

ਮਹਾਂਪੁਰਸ਼ ਇਕ ਗਾਥਾ ਸੁਣਾਉਂਦੇ ਸਨ—ਕੋਈ ਸੇਠ ਸੀ, ਆਪਣੇ ਮੁਨੀਮ ਨੂੰ ਇਕ ਦਿਨ ਪੁੱਛਣ ਲੱਗਾ ਕਿ ਮੇਰੇ ਕੋਲ ਕਿਤਨੀ ਕੁ ਮਾਇਆ ਹੈ ? ਮੁਨੀਮ ਕਹਿਣ ਲੱਗਾ

ਕਿ ਤੁਹਾਡੇ ਕੋਲ ਇਤਨੀ ਕੁ ਮਾਇਆ ਇਕੱਠੀ ਹੋ ਚੁੱਕੀ ਹੈ ਕਿ ਤੁਹਾਡੀਆਂ 10 ਪੁਸ਼ਤਾਂ ਵਿਹਲੀਆਂ ਬੈਠ ਕੇ ਖਾ ਸਕਦੀਆਂ ਹਨ। ਸੇਠ ਨੇ ਰੋਣਾ ਸ਼ੁਰੂ ਕਰ ਦਿੱਤਾ। ਧਿਆਨ ਦੇਣਾ, ਪਕੜ ਕਿੰਨੀ ਭੈੜੀ ਹੈ। ਮੁਨੀਮ ਕਹਿਣ ਲੱਗਾ, ਸੇਠ ਜੀ ! ਤੁਸੀਂ ਰੋ ਕਿਉਂ ਰਹੇ ਹੋ ? ਤੁਹਾਡੇ ਕੋਲ ਕੋਈ ਮਾਇਆ ਦੀ ਕਮੀ ਨਹੀਂ ਹੈ। ਸ਼ਾਇਦ ਤੁਸੀਂ ਮੇਰੀ ਗੱਲ ਨੂੰ ਠੀਕ ਤਰ੍ਹਾਂ ਸਮਝ ਨਹੀਂ ਪਾਏ। ਤੁਹਾਡੇ ਕੋਲ ਇੰਨੀ ਮਾਇਆ ਹੈ ਕਿ ਤੁਹਾਡੇ ਜਾਣ ਤੋਂ ਬਾਅਦ ਤੁਹਾਡੇ ਪੁੱਤਰ ਪੋਤਰੇ, ਪੜਪੋਤਰੇ ਅੱਗੋਂ 10 ਪੁਸ਼ਤਾਂ ਤਕ ਉਸ ਮਾਇਆ ਨਾਲ ਸੁਖ ਭੋਗਣਗੇ। ਸੇਠ ਕਹਿਣ ਲੱਗਾ, ਮੈਂ ਤਾਂ ਇਹ ਸੋਚ ਕੇ ਰੋ ਰਿਹਾ ਸੀ ਕਿ ਦਸ ਪੁੱਸ਼ਤਾਂ ਦਾ ਗੁਜ਼ਾਰਾ ਤਾਂ ਚਲ ਜਾਵੇਗਾ ਪਰ ਮੇਰੀ 11ਵੀਂ ਪੁਸ਼ਤ ਦਾ ਕੀ ਬਣੇਗਾ ? ਹੁਣ ਮੁਨੀਮ ਸਿਆਣਾ ਸੀ, ਸਮਝਦਾਰ ਸੀ, ਕਹਿਣ ਲੱਗਾ, ਸੇਠ ਜੀ ! ਤੁਸੀਂ ਰੋਵੋ ਨਾ, ਮੈਂ ਤੁਹਾਨੂੰ ਰੋਂਦਿਆਂ ਨਹੀਂ ਵੇਖ ਸਕਦਾ। ਮੈਂ ਇਕ ਬਹੁਤ ਹੀ ਸੱਚੇ ਸੰਤਾਂ ਨੂੰ ਜਾਣਦਾ ਹਾਂ, ਅਸੀਂ ਕੁਝ ਆਟਾ, ਦਾਲ, ਚਾਵਲ ਲੈ ਕੇ ਉਨ੍ਹਾਂ ਕੋਲ ਚਲਦੇ ਹਾਂ ਤੇ ਇਹ ਚੀਜ਼ਾਂ ਰਸਤ ਉਹਨਾਂ ਨੂੰ ਦਾਨ ਪੁੰਨ ਕਰ ਕੇ ਉਨ੍ਹਾਂ ਨੂੰ ਬੇਨਤੀ ਕਰਾਂਗੇ ਕਿ ਤੁਹਾਡੀ ਮਾਇਆ ਵਿਚ ਹੋਰ ਬਰਕਤ ਪਾਉਣ ਲਈ ਨਿਰੰਕਾਰ ਅੱਗੇ ਜੋਦੜੀ ਕਰਨ ਤਾਂ ਕਿ ਤੁਹਾਡੀ ਗਿਆਰ੍ਹਵੀਂ ਪੁਸ਼ਤ ਲਈ ਵੀ ਮਾਇਆ ਇਕੱਠੀ ਹੋ ਸਕੇ। ਸੇਠ ਮੁਨੀਮ ਦੀ ਗੱਲ ਸੁਣ ਬੜਾ ਖ਼ੁਸ਼ ਹੋਇਆ ਤੇ ਸਾਮਾਨ ਲੈ ਕੇ ਉਸੇ ਵੇਲੇ ਸੰਤਾਂ ਦੇ ਘਰ ਵਲ ਤੁਰ ਪਏ। ਉਹ ਸੰਤ ਸੱਚੇ ਸਨ, ਕੋਈ ਭੇਖੀ ਨਹੀਂ ਸਨ। ਮਾਇਆ ਦੀ ਪਕੜ ਤੋਂ ਉਪਰ ਸਨ। ਸੰਤਾ ਨੇ ਸੇਠ ਨੂੰ ਆਪਣੇ ਘਰ ਦੇ ਬਾਹਰ ਵਿਹੜੇ ਵਿਚ ਬਿਠਾਇਆ ਤੇ ਉਨ੍ਹਾਂ ਦੇ ਆਉਣ ਦਾ ਕ਼ਾਰਨ ਪੁੱਛਿਆ। ਸੇਠ ਨੇ ਦੱਸਿਆ ਕਿ ਅਸੀਂ ਤੁਹਾਨੂੰ ਦਾਨ ਪੁੰਨ ਕਰਨ ਲਈ ਦਾਲ ਚਾਵਲ ਆਟਾ ਲੈ ਕੇ ਆਏ ਹਾਂ। ਉਹ ਸੱਚੇ ਸੰਤ ਕਹਿਣ ਲੱਗੇ, ਤੁਸੀਂ ਬੈਠੋ, ਮੈਂ ਆਪਣੀ ਘਰਵਾਲੀ ਨੂੰ ਪੁੱਛ ਕੇ ਦਸਦਾ ਹਾਂ। ਅੱਜ ਰਾਤ ਦੇ ਪ੍ਰਸ਼ਾਦੇ ਵਾਸਤੇ ਰਾਸ਼ਨ ਹੈ ਜਾਂ ਨਹੀਂ। ਜਦ ਸੱਚੇ ਸੰਤਾਂ ਨੇ ਆਪਣੀ ਪਤਨੀ ਨੂੰ ਘਰ ਦੀ ਰਸਦ ਦੀ ਪੁਜ਼ੀਸ਼ਨ ਪੁੱਛੀ ਤਾਂ ਉਸ ਨੇ ਦੱਸਿਆ ਕਿ ਅੱਜ ਦੇ ਗੁਜ਼ਾਰੇ ਲਈ ਹੈ। ਉਹ ਸੰਤ ਵੇਖੋ ਕਿੰਨੇ ਸੰਤੋਖੀ ਹਨ। ਸੇਠ ਨੂੰ ਕਹਿਣ ਲੱਗੇ, ਸੇਠ ਜੀ ! ਮਾਫ਼ੀ ਦੇਣੀ, ਮੇਰੇ ਘਰ ਵਿਚ ਅੱਜ ਦੀ ਲੋੜ ਮੁਤਾਬਿਕ ਰਾਸ਼ਨ ਹੈ, ਇਸ ਲਈ ਤੁਸੀਂ ਇਹ ਕਿਸੇ ਹੋਰ ਜ਼ਰੂਰਤਮੰਦ ਨੂੰ ਦਾਨ ਕਰ ਦਿਓ। ਸੇਠ ਕਹਿਣ ਲੱਗਾ, ਸੰਤ ਜੀ ! ਅੱਜ ਲਈ ਹੈ ਤੇ ਕੱਲ ਕੀ ਕਰੋਗੇ ? ਇਹ ਸਮਾਨ ਰੱਖ ਲਵੋ, ਕੱਲ ਕੰਮ ਆ ਜਾਵੇਗਾ। ਸੰਤ ਜੀ ਜਿਨ੍ਹਾਂ ਉੱਤੇ ਮਾਲਕ ਦੀ ਕਿਰਪਾ ਸੀ, ਕਹਿਣ ਲੱਗੇ, ਜਿਸ ਮਾਲਕ ਨੇ ਮੈਨੂੰ ਅਜ ਵਾਸਤੇ ਰੋਜ਼ੀ ਦਿਤੀ ਹੈ, ਕੱਲ ਵੀ ਉਹ ਆਪ ਹੀ ਪ੍ਰਬੰਧ ਕਰੇਗਾ। ਸੇਠ ਨੂੰ ਸੋਝੀ ਆ ਗਈ ਤੇ ਕਹਿਣ ਲੱਗਾ, ਮੈਂ ਕਿੰਨਾ ਮੂਰਖ ਹਾਂ। ਮੇਰੇ ਕੋਲ 10 ਪੁਸ਼ਤਾਂ ਲਈ ਮਾਇਆ ਹੈ ਤੇ ਮੈਨੂੰ 11ਵੀਂ ਪੁਸ਼ਤ ਦੀ ਚਿੰਤਾ ਸਤਾ ਰਹੀ ਹੈ ਤੇ ਧੰਨ ਹਨ ਇਹ ਸੰਤ ਜਿਹਨਾਂ ਨੂੰ ਆਪਣੇ ਕੱਲ ਦੀ ਵੀ ਕੋਈ ਫ਼ਿਕਰ ਨਹੀਂ।

## ਸ਼ਰਧਾ ਦੀ ਸਤਵੀਂ ਨਿਸ਼ਾਨੀ

ਰਘੁਬੀਰ ਸਿੰਘ ਬੀਰ ਵੀ ਆਪਣੀ ਪੁਸਤਕ 'ਬੰਦਗੀ ਨਾਮਾ' ਵਿਚ ਇਕ ਐਸੇ ਹੀ ਮਾਇਆ ਦੀ ਪਕੜ ਤੋਂ ਰਹਿਤ ਵਾਲੇ ਫ਼ਕੀਰ ਦਾ ਜ਼ਿਕਰ ਲਿਖਦੇ ਹਨ ਕਿ ਕਲਕੱਤੇ ਵਿਚ ਇਕ ਫ਼ਕੀਰ ਸੀ ਜੋ ਉਥੋਂ ਦੇ ਇਕ ਬਜ਼ਾਰ ਵਿਚ ਬੈਠਾ ਰਹਿੰਦਾ ਸੀ। ਉਸ ਨੂੰ ਇਕ ਵਾਰ ਉਨ੍ਹਾਂ ਨੇ ਸਹਿਜ ਸੁਭਾਅ ਹੀ 4 ਪੈਸੇ ਦਿੱਤੇ, ਉਸ ਫ਼ਕੀਰ ਨੇ ਉਸ ਵਿਚੋਂ 2 ਪੈਸੇ ਮੇਰੇ ਦੇਖਦਿਆਂ-ਦੇਖਦਿਆਂ ਹੀ ਬਜ਼ਾਰ ਵਿਚ ਸੁੱਟ ਦਿੱਤੇ ਤੇ ਬਾਕੀ ਦੋ ਪੈਸਿਆਂ ਦੀ ਸਾਹਮਣੇ ਤੰਦੂਰ ਤੋਂ ਰੋਟੀ ਲੈ ਕੇ ਖਾ ਲਈ। ਰਘੁਬੀਰ ਜੀ ਲਿਖਦੇ ਹਨ ਕਿ ਕੁਝ ਦਿਨ ਬਾਅਦ ਮੈਂ ਫਿਰ ਉਸ ਨੂੰ ਅਜ਼ਮਾਉਣ ਲਈ 8 ਪੈਸੇ ਦਿੱਤੇ ਪਰ ਉਸ ਫ਼ਕੀਰ ਨੇ ਉਸ ਵੇਲੇ 2 ਪੈਸੇ ਰਖ ਕੇ ਬਾਕੀ ਸੁੱਟ ਦਿੱਤੇ ਤੇ ਉਨ੍ਹਾਂ ਦੋ ਪੈਸਿਆਂ ਦੀ ਪਹਿਲੇ ਦੀ ਹੀ ਤਰ੍ਹਾਂ ਸਾਹਮਣੇ ਤੰਦੂਰ ਤੋਂ ਰੋਟੀ ਲੈ ਕੇ ਖਾ ਲਈ। ਰਘੁਬੀਰ ਸਿੰਘ ਕਹਿੰਦੇ ਹਨ ਕਿ ਮੈਂ ਬੜਾ ਹੈਰਾਨ, ਉਸ ਨੂੰ ਆਖ ਹੀ ਦਿੱਤਾ ਕਿ ਤੁਸੀਂ ਬਾਕੀ ਦੇ ਪੈਸੇ ਸੁੱਟ ਕਿਉਂ ਦਿੱਤੇ, ਰਾਤ ਦੀ ਰੋਟੀ ਲਈ ਰਖ ਲੈਂਦੇ ਜਾਂ ਕਲ ਦੀ ਰੋਟੀ ਲਈ ਰਖ ਲੈਂਦੇ। ਉਹ ਫ਼ਕੀਰ ਮੇਰੇ ਵਲ ਤਕ ਕੇ ਕਹਿਣ ਲੱਗਾ-'ਕਿਆ ਰਾਤ ਕੋ ਯਾ ਕਲ ਕੋ ਖ਼ੁਦਾ ਮਰ ਜਾਏਗਾ?'

ਕੋਈ ਕੀਰਤਨੀਆ ਸੀ। ਉਸ ਨੇ ਵੇਖਿਆ ਜਿਹੜੇ ਨਿਸ਼ਕਾਮ ਕੀਰਤਨ ਕਰਦੇ ਹਨ, ਉਨ੍ਹਾਂ ਦਾ ਬੜਾ ਸਤਿਕਾਰ ਹੁੰਦਾ ਹੈ। ਉਸ ਨੇ ਵੀ ਮਾਇਆ ਲੈਣੀ ਛੱਡ ਦਿੱਤੀ। ਕਹਿੰਦਾ ਹੈ ਕਿ ਹੁਣ ਮੈਂ ਵੀ ਨਿਸ਼ਕਾਮ ਕੀਰਤਨ ਕਰਿਆ ਕਰਨਾ ਹੈ, ਕਿਉਂਕਿ ਨਿਸ਼ਕਾਮ ਕੀਰਤਨ ਕਰਨ ਵਾਲਿਆਂ ਦਾ ਬਹੁਤ ਸਤਿਕਾਰ ਹੁੰਦਾ ਹੈ। 6 ਕੁ ਮਹੀਨੇ ਹੀ ਬੀਤੇ ਹੋਣਗੇ ਕਿ ਇਕ ਦਿਨ ਉਸ ਕੋਲ ਕੋਈ ਕੀਰਤਨ ਬੁਕ ਕਰਵਾਉਣ ਲਈ ਆਇਆ ਤੇ ਕਹਿਣ ਲੱਗਾ, ਮੈਂ ਸੁਣਿਆ ਹੈ ਤੁਸੀਂ ਨਿਸ਼ਕਾਮ ਕੀਰਤਨ ਕਰਦੇ ਹੋ ਪਰ ਮੇਰੀ ਇੱਛਾ ਹੈ ਮਾਇਆ ਦੇਣ ਦੀ। ਉਸ ਦੀ ਅੰਦਰੋਂ ਮਾਇਆ ਦੀ ਪਕੜ ਤਾਂ ਗਈ ਨਹੀਂ ਸੀ, ਝੱਟ ਹੀ ਬੋਲਿਆ, ਜੇ ਤੁਸੀਂ ਮਾਇਆ ਦੇਣੀ ਚਾਹੁੰਦੇ ਹੋ ਤਾਂ ਅਸੀਂ ਨਾ ਨਹੀਂ ਕਰਾਂਗੇ, ਕਿਉਂਕਿ ਅਸੀਂ ਤੁਹਾਡਾ ਦਿਲ ਨਹੀਂ ਤੋੜਨਾ ਚਾਹੁੰਦੇ। ਤੁਸੀਂ ਜੋ ਵੀ ਦੇਣਾ ਚਾਹੋ, ਸਾਡੇ ਸਾਈਡ ਵਾਜੇ ਵਾਲੇ ਨੂੰ ਦੇ ਦੇਣਾ, ਸਾਨੂੰ ਆਪੇ ਪਹੁੰਚ ਜਾਵੇਗਾ। ਹੁਣ ਇਹ ਕੀ ਕਹੋਗੇ ? ਕੰਨ ਇਧਰੋਂ ਨਹੀਂ ਫੜਿਆ ਤੇ ਉਧਰੋਂ ਫੜ ਲਿਆ ਕਿਉਂਕਿ ਅੰਦਰੋਂ ਪਕੜ ਨਹੀਂ ਗਈ ਮਾਇਆ ਦੀ।

ਕਿਧਰੇ ਪੜ੍ਹੋ ਭਗਤ ਰਵੀਦਾਸ ਜੀ ਦਾ ਇਤਿਹਾਸ। ਕੋਈ ਬ੍ਰਾਹਮਣ ਉਨ੍ਹਾਂ ਨੂੰ ਇਕ ਵਾਰੀ ਪਾਰਸ ਦਾ ਟੁਕੜਾ ਦੇ ਗਿਆ ਤੇ ਆਖਿਆ, ਜਿਸ ਨੂੰ ਲਾਵੇਂਗਾ ਸੋਨਾ ਬਣ ਜਾਵੇਗਾ, ਪਰ ਭਗਤ ਜੀ ਨੇ ਉਸ ਟੁਕੜੇ ਦੀ ਕੋਈ ਪ੍ਰਵਾਹ ਵੀ ਨਾ ਕੀਤੀ ਤੇ ਇਕ ਪਾਸੇ ਰੱਖ ਦਿੱਤਾ ਤੇ ਆਪ ਉਸੇ ਤਰ੍ਹਾਂ ਰਾਮ ਨਾਮ ਵਿਚ ਰੱਤੇ ਜੁੱਤੀਆਂ ਗੰਢਣ ਦਾ ਕਾਰਜ ਕਰਦੇ ਰਹੇ। ਕੋਈ ਸਾਲ ਕੁ ਬਾਅਦ ਉਹ ਬ੍ਰਾਹਮਣ ਦੁਬਾਰਾ ਆਇਆ ਇਹ ਸੋਚ ਕੇ ਕਿ ਹੁਣ ਤਕ ਤਾਂ ਰਵੀਦਾਸ ਜੀ ਨੇ ਪਾਰਸ ਦੀ ਮਦਦ ਨਾਲ ਸੁੰਦਰ ਮੰਦਰ ਤਿਆਰ ਕਰਵਾ

ਲਿਆ ਹੋਵੇਗਾ, ਪਰ ਜਦੋਂ ਰਵੀਦਾਸ ਜੀ ਨੂੰ ਪਹਿਲੇ ਦੀ ਤਰ੍ਹਾਂ ਹੀ ਜੁੱਤੀਆਂ ਗੰਢਦੇ ਵੇਖਿਆ ਤੇ ਹੈਰਾਨ ਹੋ ਕੇ ਪੁੱਛਣ ਲੱਗਾ, ਤੁਹਾਨੂੰ ਜੋ ਪਾਰਸ ਦਿੱਤਾ ਸੀ ਉਹ ਕਿਥੇ ਗਿਆ ? ਭਗਤ ਜੀ ਬੇਪ੍ਰਵਾਹੀ ਨਾਲ ਕਹਿਣ ਲੱਗੇ, ਇਥੇ ਹੀ ਕਿਧਰੇ ਪਿਆ ਹੋਵੇਗਾ, ਇਹ ਕੀ ਹੈ ? ਪਕੜ ਨਹੀਂ।

ਇਸ ਦੇ ਉਲਟ ਦਾਸ ਨੇ ਇਕ ਮਹਾਤਮਾ ਦਾ ਜ਼ਿਕਰ ਪੜ੍ਹਿਆ, ਜਿਨ੍ਹਾਂ ਦੀ ਪਕੜ ਨਹੀਂ ਗਈ ਸੀ। ਦਾਸ ਸਾਂਝਾ ਕਰੇ-

ਇਕ ਮਹਾਤਮਾ ਆਪਣਾ ਘਰ-ਬਾਰ ਤਿਆਗ ਕੇ ਵੈਰਾਗ ਮੂਰਤੀ ਬਣ ਕੇ ਬਾਹਰ ਜੰਗਲ ਵਿਚ ਜਾ ਬੈਠੇ ਤੇ ਕਈ ਸਾਲ ਤਪੱਸਿਆ ਕੀਤੀ। ਇਕ ਦਿਨ ਉਹ ਮਹਾਤਮਾ ਬੈਠੇ ਤਪ ਕਰ ਰਹੇ ਸਨ ਕਿ ਉਧਰੋਂ ਦੀ ਕੋਈ ਰਾਹੀ ਲੰਘਿਆ ਤੇ ਮਹਾਤਮਾ ਨੂੰ ਪੰਜ ਰੁਪਏ ਮੱਥਾ ਟੇਕ ਗਿਆ। ਉਸ ਮਹਾਤਮਾ ਦੇ ਸੇਵਾਦਾਰ ਨੇ ਵਿਚੋਂ ਇਕ ਰੁਪਿਆ ਆਪ ਰਖ ਲਿਆ ਤੇ ਬਾਕੀ 4 ਰੁਪਏ ਮਹਾਤਮਾ ਦੇ ਸਮਾਧੀ ਖੁੱਲ੍ਹਣ ਤੇ ਉਨ੍ਹਾਂ ਨੂੰ ਦੇ ਕੇ ਆਖਿਆ, ਇਹ ਕੋਈ ਪ੍ਰੇਮੀ ਭੇਟਾ ਕਰ ਗਿਆ ਹੈ। ਅਗੋਂ ਮਹਾਤਮਾ ਕਹਿਣ ਲੱਗੇ ਕਿ ਖੜਕਾ ਤਾਂ ਪੰਜ ਦਾ ਸੀ, ਇਹ ਤਾਂ ਚਾਰ ਹਨ। ਇਸ਼ਾਰਾ ਲੈਣਾ, ਪਕੜ ਨਹੀਂ ਗਈ। ਬੈਠੇ ਤਾਂ ਸਮਾਧੀ ਵਿਚ ਹਨ ਪਰ ਚਿਤ ਮਾਇਆ ਦੇ ਗਿਨਣ ਵਿਚ ਹੀ ਲੱਗਾ ਹੋਇਆ ਹੈ।

ਕਿਧਰੇ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਪੜ੍ਹੀਏ, ਕਿਤਨੀ ਮਾਇਆ ਦੀ ਪਕੜ ਤੋਂ ਉਪਰ ਸਨ। ਧੀਰਮਲ ਨੇ ਜਦੋਂ ਗੁਰੂ ਤੇਗ਼ ਬਹਾਦਰ ਜੀ ਦਾ ਡੇਰਾ ਲੁੱਟ ਲਿਆ ਸੀ ਤੇ ਮੱਖਣ ਸ਼ਾਹ ਉਸ ਕੋਲੋਂ ਪ੍ਰਾਪਤ ਕਰ ਕੇ ਵਾਪਿਸ ਗੁਰੂ ਸਾਹਿਬ ਕੋਲ ਪਹੁੰਚਿਆ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਅਸੀਂ ਤੇ ਸ਼ੁਕਰ ਕੀਤਾ ਸੀ ਕਿ ਇਹ ਝਗੜੇ ਦੀ ਮਾਇਆ ਚਲੀ ਗਈ ਪਰ ਤੂੰ ਫਿਰ ਤੋਂ ਇਹ ਬਿਪਤਾ ਦੀ ਜੜ੍ਹ ਸਾਡੇ ਸਿਰ 'ਤੇ ਲਿਆ ਕੇ ਰੱਖ ਦਿੱਤੀ ਹੈ।

ਕਈ ਮਨਮੁਖ ਇਤਨੇ ਜ਼ਿਆਦਾ ਮਾਇਆ ਦੀ ਪਕੜ ਵਿਚ ਫਸੇ ਹੁੰਦੇ ਹਨ ਕਿ ਗੁਰੂ ਪ੍ਰਤੀ ਜਾਂ ਭਲਾਈ ਕਾਰਜਾਂ 'ਤੇ ਕੋਈ ਪੈਸਾ ਨਹੀਂ ਖ਼ਰਚਦੇ। ਐਸੇ ਪ੍ਰਾਣੀਆਂ ਨੂੰ ਅੱਗੇ ਜਾ ਕੇ ਜਮਾਂ ਦੇ ਡੰਡੇ ਦੀ ਪੀੜਾ ਸਹਾਰਨੀ ਪੈਂਦੀ ਹੈ। ਬਾਣੀ ਵਿਚ ਵੀ ਇਸ ਪਰਥਾਇ ਪੰਕਤੀਆਂ ਹਨ-

*ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ॥*
*ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ॥*

(ਅੰਗ ੬੯੮)

ਜਿਸ ਤਰ੍ਹਾਂ ਸ਼ਹਿਦ ਦੀ ਮੱਖੀ ਥੋੜ੍ਹਾ-ਥੋੜ੍ਹਾ ਸ਼ਹਿਦ ਇਕੱਤ੍ਰ ਕਰਦੀ ਹੈ ਪਰ ਉਸ ਦਾ ਸਾਰਾ ਸ਼ਹਿਦ, ਸ਼ਹਿਦ ਵੇਚਣ ਵਾਲਾ ਇਕੱਠਾ ਕਰ ਕੇ ਲੈ ਜਾਂਦਾ ਹੈ। ਗਊ ਸਾਰਾ

ਦਿਨ ਘਾਹ ਖਾ ਕੇ ਆਪਣੇ ਬੱਚੇ ਵਾਸਤੇ ਦੁੱਧ ਜਮ੍ਹਾਂ ਕਰਦੀ ਹੈ, ਪਰ ਗਵਾਲਾ ਵੱਛੇ ਨੂੰ ਪਰੇ ਕਰ ਕੇ ਸਾਰਾ ਦੁੱਧ ਚੋ ਲੈਂਦਾ ਹੈ, ਇਸੇ ਤਰ੍ਹਾਂ ਕ੍ਰੋੜਾਂ ਪਾਪ ਕਰ ਕੇ ਤੇ ਕਈ ਢੰਗਾਂ ਦੇ ਨਾਲ ਇਨਸਾਨ ਮਾਇਆ ਇਕੱਤ੍ਰ ਕਰਦਾ ਹੈ, ਕਿਸੇ ਭਲੇ ਕਾਰਜਾਂ ਵਿਚ ਨਹੀਂ ਲਾਉਂਦਾ, ਗੁਰੂ ਲੇਖੇ ਕੋਈ ਦਸਵੰਧ ਨਹੀਂ ਕੱਢਦਾ, ਅੰਤ ਵੇਲੇ ਸਭ ਇਕੱਤ੍ਰ ਮਾਇਆ ਇਥੇ ਹੀ ਛੱਡ ਕੇ ਖ਼ਾਲੀ ਹੱਥ ਝਾੜ ਕੇ ਸੰਸਾਰ ਤੋਂ ਚਲਾ ਜਾਂਦਾ ਹੈ।

ਸਿਕੰਦਰ ਬਾਦਸ਼ਾਹ ਦਾ ਇਤਿਹਾਸ ਪੜ੍ਹੋ, ਜਿਸ ਨੇ ਸਾਰੀ ਦੁਨੀਆਂ 'ਤੇ ਰਾਜ ਕੀਤਾ। ਕਿਤਨੀ ਮਾਇਆ ਇਕੱਠੀ ਕੀਤੀ ਪਰ ਜਦੋਂ ਅੰਤ ਸਮਾਂ ਆਇਆ ਤਾਂ ਸੋਝੀ ਆਈ ਕਿ ਮੈਂ ਜੋ ਇਤਨੀਆਂ ਜੰਗਾਂ ਕਰਕੇ ਰਾਜ ਭਾਗ ਤੇ ਮਾਇਆ ਇਕੱਠੀ ਕੀਤੀ ਹੈ, ਇਨ੍ਹਾਂ ਵਿਚੋਂ ਕਿਣਕਾ ਵੀ ਮੇਰੇ ਨਾਲ ਨਹੀਂ ਜ਼ਾਣਾ ਤਾਂ ਉਸ ਨੇ ਐਲਾਨ ਕਰ ਦਿੱਤਾ ਕਿ ਮੇਰੀ ਮੌਤ ਤੋਂ ਬਾਅਦ ਮੇਰੇ ਹੱਥ ਮੇਰੇ ਬਿਬਾਣ ਵਿਚੋਂ ਬਾਹਰ ਕੱਢ ਦਿੱਤੇ ਜਾਣ, ਜਿਨ੍ਹਾਂ ਨੂੰ ਦੇਖ ਕੇ ਸ਼ਾਇਦ ਕਿਸੇ ਨੂੰ ਸੋਝੀ ਮਿਲ ਜਾਵੇ ਕਿ ਇੰਨਾ ਵੱਡਾ ਬਾਦਸ਼ਾਹ ਅੰਤ ਖ਼ਾਲੀ ਹੱਥ ਜਾ ਰਿਹਾ ਹੈ ਤੇ ਉਸ ਦੀ ਇਸ ਜ਼ਿੰਦਗੀ ਵਿਚ ਹੀ ਮਾਇਆ ਵਲੋਂ ਪਕੜ ਨਿਕਲ ਜਾਵੇ।

ਇਹ ਮਾਇਆ ਦਾ ਮੋਹ, ਮਾਇਆ ਦੀ ਪਕੜ ਛੱਡਣੀ ਕੋਈ ਸੌਖੀ ਨਹੀਂ। ਪਰ ਇਕ ਗੱਲ ਯਾਦ ਰਖਿਓ, ਜਦੋਂ ਤੁਸੀਂ ਆਪਣੀ ਕਮਾਈ ਵਿਚੋਂ ਗੁਰੂ ਘਰ ਲਈ ਮਾਇਆ ਦਾ ਦਸਵੰਧ ਕੱਢਦੇ ਹੋ ਤਾਂ ਤੁਹਾਡੇ ਬਾਕੀ ਦੇ 9 ਹਿੱਸੇ ਵੀ ਅੰਮ੍ਰਿਤ ਬਣ ਜਾਂਦੇ ਹਨ। ਸਾਨੂੰ ਕਈਆਂ ਨੂੰ ਤਾਂ ਦਸਵੰਧ ਕੱਢਣਾ ਹੀ ਔਖਾ ਲਗਦਾ ਹੈ ਪਰ ਕਈਆਂ 'ਤੇ ਇੰਨੀ ਗੁਰੂ ਦੀ ਕਿਰਪਾ ਹੈ, ਇੰਨਾ ਮਾਇਆ ਦੀ ਪਕੜ ਤੋਂ ਉਪਰ ਹਨ ਕਿ ਦਸਵੰਧ ਤੋਂ ਵੀ ਉਪਰ ਉਠੇ ਹਨ। ਐਸੇ ਵੀ ਕਈ ਗੁਰਮੁਖ ਪਿਆਰੇ ਹਨ ਜਿਨ੍ਹਾਂ ਨੇ ਗੁਰੂ ਰਾਮਦਾਸ ਜੀ ਨੂੰ, ਬਾਬਾ ਦੀਪ ਸਿੰਘ ਜੀ ਨੂੰ ਆਪਣੀ ਫ਼ਰਮ ਵਿਚ ਭਾਈਵਾਲ ਬਣਾਇਆ ਹੈ। ਇਤਨਾ ਮਾਇਆ ਦੇ ਮੋਹ ਨੂੰ ਤਿਆਗਿਆ ਹੈ ਕਿ ਹੇ ਗ਼ਰੀਬ ਨਿਵਾਜ ਸਤਿਗੁਰੂ ! ਮੈਂ ਤੇਰਾ ਨੌਕਰ ਬਣ ਕੇ ਫ਼ਰਮ ਵਿਚ ਕੰਮ ਕਰਾਂਗਾ। ਕੇਵਲ ਆਪਣੀ ਗ੍ਰਿਹਸਥੀ ਚਲਾਉਣ ਲਈ ਗੁਜ਼ਾਰੇ ਮੁਤਾਬਕ ਹਿੱਸਾ ਕੱਢਾਂਗਾ, ਬਾਕੀ ਜੋ ਬਚੇਗਾ, ਉਹ ਤੇਰੀਆਂ ਸੇਵਾਵਾਂ ਲਈ ਹੋਵੇਗਾ।

ਦਾਸ ਦਾਅਵੇ ਨਾਲ ਲਿਖ ਰਿਹਾ ਹੈ ਕਿ ਜਿਸ ਦਾ ਆਪਣੇ ਗੁਰੂ 'ਤੇ ਭਰੋਸਾ ਹੈ ਤੇ ਜਿਹੜਾ ਮਾਇਆ ਦੀ ਪਕੜ ਤੋਂ ਉਪਰ ਉਠਿਆ ਹੈ, ਉਹ ਆਪਣੀ ਦੁਕਾਨ ਨੂੰ ਗੁਰੂ ਦੀ ਦੁਕਾਨ ਸਮਝ ਕੇ ਚਲਾਉਂਦਾ ਹੈ, ਸਹੀ ਰੇਟ ਲਗਾਉਂਦਾ ਹੈ। ਇਹੋ ਜਿਹੀਆਂ ਦੁਕਾਨਾਂ ਦੇ ਜਿੰਦਰੇ ਖੁੱਲ੍ਹਣ ਤੋਂ ਪਹਿਲਾਂ ਹੀ ਭੀੜਾਂ ਲਗ ਜਾਂਦੀਆਂ ਹਨ।

ਕਈ ਵਾਰੀ ਤਾਂ ਐਸੀਆਂ ਐਸੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ ਕਿ ਹੈਰਾਨੀ ਹੁੰਦੀ ਹੈ ਕਿ ਇਹ ਮਾਇਆ ਦੀ ਪਕੜ ਬੰਦੇ ਨੂੰ ਕਿਸ ਹੱਦ ਤਕ ਨੀਵਾਂ ਗਿਰਾ ਸਕਦੀ

ਹੈ। ਇਕ ਵਾਰੀ ਦਾਸ ਨੂੰ ਇਕ ਵਿਧਵਾ ਬੀਬੀ ਮਿਲੀ ਤੇ ਕਹਿਣ ਲੱਗੀ, ਮੈਨੂੰ ਪਤਾ ਲੱਗਾ ਹੈ ਕਿ ਤੁਹਾਡੇ ਮਾਤਾ ਕੌਲਾਂ ਜੀ ਭਲਾਈ ਕੇਂਦਰ ਵਿਖੇ ਹਰ ਮਹੀਨੇ ਫ਼ਰੀ ਰਾਸ਼ਨ ਮਿਲਦਾ ਹੈ, ਮੇਰਾ ਵੀ ਕਮਾਉਣ ਵਾਲਾ ਕੋਈ ਨਹੀਂ, ਮੇਰਾ ਵੀ ਰਾਸ਼ਨ ਲਗਵਾ ਦਿਓ। ਦਾਸ ਨੇ ਉਸ ਬੀਬੀ ਨੂੰ ਆਖਿਆ ਕਿ ਟਰੱਸਟ ਵਾਲੇ ਪਹਿਲਾਂ ਇੰਨਕੁਆਇਰੀ ਕਰਦੇ ਹਨ ਫਿਰ ਰਾਸ਼ਨ ਲਗਾਇਆ ਜਾਂਦਾ ਹੈ ਤਾਂ ਕਿ ਸੰਗਤ ਦੀ ਮਾਇਆ ਸਹੀ ਟਿਕਾਣੇ 'ਤੇ ਲੱਗੇ ਅਤੇ ਉਸਦੀ ਜਗ੍ਹਾ ਸਹੀ ਲੋੜਵੰਦ ਲੈ ਸਕੇ। ਜਿਸ ਵਿਧਵਾ ਦੇ ਘਰ ਸੁਖ ਸਹੂਲਤਾਂ ਫ਼ਰਿਜ, ਰੰਗੀਨ ਟੀ.ਵੀ. ਵਗੈਰਾ ਹੋਵੇ, ਉਸ ਦਾ ਫਰੀ ਰਾਸ਼ਨ ਨਹੀਂ ਲਗਾਇਆ ਜਾਂਦਾ। ਪਰ ਉਹ ਔਰਤ ਕਹਿਣ ਲੱਗੀ ਮੈਂ ਤਾਂ ਬਹੁਤ ਹੀ ਗ਼ਰੀਬ ਹਾਂ, ਹਾਲਾਤ ਦੀ ਸਤਾਈ ਹੋਈ ਹਾਂ, ਬੜੇ ਹੀ ਔਖੇ ਹੋ ਕੇ ਬੱਚਿਆਂ ਨੂੰ ਪਾਲ ਰਹੀ ਹਾਂ। ਮੇਰੇ 'ਤੇ ਜ਼ਰੂਰੀ ਤਰਸ ਕਰੋ। ਦਾਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਨਕੁਆਇਰੀ ਕਰਨ ਗਏ ਤਾਂ ਪਤਾ ਲੱਗਾ ਕਿ ਉਹ ਬੀਬੀ ਤਾਂ ਕਈਆਂ ਨੂੰ ਵਿਆਜੀ ਰੁਪਈਆ ਦੇਂਦੀ ਹੈ ਤੇ ਕਈ ਕਮਰੇ ਉਸ ਨੇ ਲੋਕਾਂ ਨੂੰ ਕਿਰਾਏ 'ਤੇ ਦਿੱਤੇ ਹੋਏ ਹਨ। ਇਸ ਤੋਂ ਇਲਾਵਾ 13-14 ਕਿੱਲੇ ਜ਼ਮੀਨ ਦਾ ਉਸ ਨੂੰ ਠੇਕਾ ਵੀ ਮਿਲਦਾ ਹੈ। ਵੇਖੋ ਪਕੜ ! ਇੰਨਾ ਕੁਝ ਹੈ ਬੇਅੰਤ ਮਾਇਆ ਦਾ ਸਾਧਨ ਪਰ ਫਿਰ ਵੀ ਅੰਦਰ ਲਾਲਚ ਬੈਠਾ ਹੈ ਕਿ ਕਿਸੇ ਤਰੀਕੇ ਕੁਝ ਹੋਰ ਮਿਲ ਜਾਵੇ।

ਜੇ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਧਿਆਨ ਨਾਲ ਪੜ੍ਹੀਏ ਤਾਂ ਉਨ੍ਹਾਂ ਦੇ ਜੀਵਨ ਵਿੱਚੋਂ ਵੀ ਐਸੇ ਹੀ ਪੂਰਨਿਆਂ ਦੀ ਝਲਕ ਮਿਲਦੀ ਹੈ। ਗੁਰੂ ਸਾਹਿਬ ਦੇ ਜੀਵਨ ਵਿਚ ਇਕ ਸਮਾਂ ਉਹ ਵੀ ਸੀ ਜਦੋਂ ਉਹ ਸ਼ਾਹੀ ਲਿਬਾਸ ਪਹਿਨਦੇ ਸਨ, ਸੀਸ 'ਤੇ ਕਲਗੀ ਸਜਾਉਂਦੇ ਸਨ, ਕਈ ਸੇਵਕ ਲੱਤਾਂ ਘੁੱਟਣ ਦੀ ਸੇਵਾ ਵਿਚ ਹੁੰਦੇ ਸਨ ਤੇ ਕੋਈ ਚੌਰ ਸਾਹਿਬ ਕਰ ਰਿਹਾ ਹੁੰਦਾ ਸੀ, ਭਾਵ ਸ਼ਾਹੀ ਜੀਵਨ, ਦਰਸ਼ਨ ਕਰਨ ਵਾਲਿਆਂ ਦੀਆਂ ਲਾਈਨਾਂ ਲੱਗੀਆਂ ਹੁੰਦੀਆਂ ਸਨ, ਇਤਨਾ ਸਤਿਕਾਰ ! ਤੇ ਇਕ ਸਮਾਂ ਉਹ ਵੀ ਬਣਿਆ ਜਦੋਂ ਸੱਚੇ ਪਾਤਿਸ਼ਾਹ ਮਾਛੀਵਾੜੇ ਦੇ ਜੰਗਲਾਂ ਵਿਚ ਇਕੱਲੇ, ਕੋਲ ਕੋਈ ਸੇਵਕ ਨਹੀਂ, ਕੋਈ ਸਿੰਘ ਵੀ ਨਹੀਂ, ਇਥੋਂ ਤਕ ਕਿ ਅਰਾਮ ਲਈ ਕੋਈ ਬਿਸਤਰਾ ਵੀ ਨਹੀਂ, ਇੱਟ ਨੂੰ ਸਿਰਹਾਣਾ ਬਣਾਇਆ ਪਰ ਫਿਰ ਵੀ ਕੋਈ ਦੁੱਖ ਨਹੀਂ, ਕੋਈ ਘਬਰਾਹਟ ਨਹੀਂ ਬਲਕਿ ਨਿਰੰਕਾਰ ਦੀ ਯਾਦ ਵਿਚ ਮਸਤ ਹੋਏ ਸ਼ਬਦ ਉਚਾਰ ਰਹੇ ਹਨ-

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ*
*ਬਿੰਗ ਕਸਾਈਆਂ ਦਾ ਸਹਣਾ॥*

## ਸ਼ਰਧਾ ਦੀ ਸਤਵੀਂ ਨਿਸ਼ਾਨੀ

*ਯਾਰੜੇ ਦਾ ਸਾਨੂੰ ਸਥਰ ਚੰਗਾ*
*ਭੱਠ ਖੇੜਿਆਂ ਦਾ ਰਹਣਾ॥ ੧॥ ੬॥*

(ਖ਼ਿਆਲ ਪਾਤਸ਼ਾਹੀ ੧੦)

ਜਿਥੇ ਪਕੜ ਨਹੀਂ, ਉਥੇ ਕੋਈ ਕਲਪਨਾ ਨਹੀਂ, ਰੋਣਾ ਨਹੀਂ, ਉਹ ਹਰ ਹਾਲ ਵਿਚ ਇਕਸਾਰ ਰਹਿੰਦੇ ਹਨ ਤੇ ਪ੍ਰਮੇਸ਼ਰ ਦੀ ਬੰਦਗੀ 'ਚ ਜੁੜੇ ਰਹਿੰਦੇ ਹਨ। ਜਿਨ੍ਹਾਂ ਨੂੰ ਨਿਰੰਕਾਰ ਆਪਣੀ ਬੰਦਗੀ ਦੀ ਮਸਤੀ ਬਖ਼ਸ਼ ਦੇਵੇ, ਫਿਰ ਉਹ ਸੰਸਾਰਿਕ ਦੁੱਖਾਂ-ਸੁੱਖਾਂ ਦੀ ਪਕੜ ਵਿਚ ਨਹੀਂ ਫਸਦੇ, ਬਲਕਿ ਹਰ ਹਾਲ੍ਹ ਵਿਚ ਸਹਜ ਅਵਸਥਾ ਵਿਚ ਵਿਚਰਦੇ ਹਨ।

ਮਨ ਦੀ ਇਕ ਹੋਰ ਬਹੁਤ ਵੱਡੀ ਦੂਜੀ ਪਕੜ ਹੈ, ਉਹ ਹੈ 'ਮੋਹ ਦੀ ਪਕੜ', ਜਿਸ ਨੇ ਤਕਰੀਬਨ ਹਰ ਕਿਸੇ ਨੂੰ, ਚਾਹੇ ਉਹ ਗ਼ਰੀਬ ਹੈ ਜਾਂ ਅਮੀਰ, ਆਪਣੀ ਪਕੜ ਵਿਚ ਜਕੜਿਆ ਹੋਇਆ ਹੈ। ਆਮ ਬੰਦਾ ਆਪਣੇ ਧੀਆਂ, ਪੁੱਤਰਾਂ ਦੇ, ਪਤੀ ਦੇ, ਪਤਨੀ ਦੇ, ਪ੍ਰਵਾਰ ਦੇ ਮੋਹ ਵਿਚ ਫਸਿਆ ਪਿਆ ਹੈ। ਪ੍ਰਮੇਸ਼ਰ ਦੇ ਸੱਚੇ ਪ੍ਰੇਮ ਤੋਂ ਜਾਣੂ ਨਾ ਹੋਣ ਕਾਰਨ ਦੁਨੀਆਵੀ ਮੋਹ ਵਿਚ ਗਲਤਾਨ ਰਹਿੰਦਾ ਹੈ। ਇਥੋਂ ਤਕ ਕਿ ਉਨ੍ਹਾਂ ਕੋਲੋਂ ਨਿਰਾਸ਼ ਹੋਣ ਦੇ ਬਾਵਜੂਦ ਵੀ ਇਸ ਮੋਹ ਨੂੰ ਨਹੀਂ ਛੱਡਦਾ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਚਰਨਾਂ ਵਿਚ ਇਕ ਵਾਰੀ ਉਨ੍ਹਾਂ ਦੇ ਇਕ ਸਿਖ ਨਰਾਇਣ ਦਾਸ ਨੇ ਬੇਨਤੀ ਕੀਤੀ ਸੀ ਕਿ ਸਤਿਗੁਰੂ! ਆਪਣੀ ਕਿਰਤ ਵਿਚ, ਧੰਦਿਆਂ ਵਿਚ, ਬੱਚਿਆਂ ਵਿਚ ਐਸਾ ਫਸਿਆ ਹੋਇਆ ਹਾਂ ਕਿ ਨਾਮ ਜਪਣ ਨੂੰ ਸਮਾਂ ਹੀ ਨਹੀਂ ਮਿਲਦਾ। ਸਤਿਗੁਰੂ ਸੱਚੇ ਪਾਤਿਸ਼ਾਹ ਨੇ ਜੋ ਉਸ ਸਿੱਖ ਨਰਾਇਣ ਦਾਸ ਨੂੰ ਉਪਦੇਸ਼ ਦਿੱਤਾ, ਉਸ ਨੂੰ ਪੱਲੇ ਬੰਨਿਓ। ਗੁਰੂ ਸਾਹਿਬ ਕਹਿੰਦੇ ਹਨ, ਤੂੰ ਕਿਰਤ ਕਮਾਈ ਕਰ ਕੇ ਪੈਸਾ ਕਮਾਇਆ। ਘਰ ਬਣਾਇਆ, ਬੱਚੇ ਪਾਲ ਪੋਸ ਕੇ ਵੱਡੇ ਕੀਤੇ, ਉਨ੍ਹਾਂ ਦੇ ਵਿਆਹ ਕਰ ਦਿੱਤੇ, ਹੁਣ ਤੈਨੂੰ ਚਾਹੀਦਾ ਹੈ ਕਿ ਘਰ ਬਾਹਰ ਦੀ ਜ਼ਿੰਮੇਵਾਰੀ ਆਪਣੇ ਬੱਚਿਆਂ ਉੱਤੇ ਸੁੱਟ ਦੇ। ਬੱਚਿਆਂ ਦੇ ਪ੍ਰਵਾਰ ਦੇ ਮੋਹ ਵਿਚ ਹੀ ਨਹੀਂ ਸਾਰੀ ਜ਼ਿੰਦਗੀ ਫਸੇ ਰਹਿਣਾ। ਇਸ ਚੀਜ਼ ਤੋਂ ਉਪਰ ਉਠ ਕੇ ਨਾਮ-ਸਿਮਰਨ ਦੀ ਕਮਾਈ ਕਰ ਤੇ ਆਪਣੀ ਬਾਕੀ ਜ਼ਿੰਦਗੀ ਦੁਨੀਆਂ ਦੀ, ਲੋਕਾਈ ਦੀ, ਸੇਵਾ ਵਿਚ ਲਗਾ। ਪਰਉਪਕਾਰ ਵਿਚ ਲਗਾ।

ਅੱਜ ਆਮ ਤੌਰ ਤੇ ਹਰ ਬੰਦਾ, ਪ੍ਰਵਾਰ ਦੇ, ਬੱਚਿਆਂ ਦੇ ਮੋਹ ਵਿਚ ਇਤਨਾ ਜ਼ਿਆਦਾ ਫਸਿਆ ਪਿਆ ਹੈ ਕਿ ਉਹ ਇਸ ਦੀ ਜਕੜ ਤੋਂ ਨਿਕਲ ਕੇ ਅਸਲੀ ਅਨੰਦ, ਜੋ ਪ੍ਰਮੇਸ਼ਰ ਦੇ ਪਿਆਰ ਵਿਚ ਹੈ, ਉਸ ਰਸਤੇ 'ਤੇ ਤੁਰਨ ਨੂੰ ਤਿਆਰ ਹੀ ਨਹੀਂ। ਦਾਸ ਨੂੰ ਇਕ ਗਾਥਾ ਯਾਦ ਆ ਗਈ, ਆਪ ਜੀ ਨਾਲ ਸਾਂਝੀ ਕਰ ਰਿਹਾ ਹਾਂ। ਇਕ ਹਲਵਾਈ ਕੋਲ ਰੋਜ਼ ਇਕ ਸੰਤ ਦੁੱਧ ਪੀਣ ਜਾਂਦੇ ਸਨ। ਇਕ ਦਿਨ ਹਲਵਾਈ ਸੰਤ ਜੀ ਨੂੰ ਕਹਿੰਦਾ

ਹੈ, ਮੈਂ ਰੋਜ਼ ਤੁਹਾਨੂੰ ਦੇਖਦਾ ਹਾਂ, ਤੁਸੀਂ ਹਮੇਸ਼ਾ ਹੀ ਖੇੜੇ ਵਿਚ ਹੁੰਦੇ ਹੋ, ਤੁਹਾਡੇ ਚੇਹਰੇ 'ਤੇ ਨੂਰ ਹੁੰਦਾ ਹੈ, ਹਮੇਸ਼ਾ ਹੀ ਅਨੰਦ ਵਿਚ ਹੁੰਦੇ ਹੋ, ਮੇਰੇ 'ਤੇ ਵੀ ਕਿਰਪਾ ਕਰੋ। ਮੈਂ ਤਾਂ ਪ੍ਰਵਾਰ ਦੇ ਵਿਚ, ਦੁਨੀਆਂਦਾਰੀ ਵਿਚ ਫੱਸਿਆ ਪਿਆ ਹਾਂ, ਮੈਨੂੰ ਵੀ ਆਪਣੇ ਨਾਲ ਲੈ ਚਲੋ। ਮਹਾਤਮਾ ਕਹਿੰਦੇ ਹਨ, ਹੁਣੇ ਚਲ ਸਾਡੇ ਨਾਲ, ਸਾਨੂੰ ਕੋਈ ਇਤਰਾਜ਼ ਨਹੀਂ। ਮਹਾਤਮਾ ਦੀ ਇਹ ਗੱਲ ਕਹਿਣ 'ਤੇ ਉਹ ਹਲਵਾਈ ਝੱਟ ਹੀ ਬੋਲ ਪਿਆ ਕਿ ਮੇਰਾ ਪੁੱਤਰ ਅਜੇ ਪੜ੍ਹਾਈ ਕਰਦਾ ਹੈ। ਦੋ ਸਾਲ ਬਾਅਦ ਉਸ ਦੀ ਪੜ੍ਹਾਈ ਖ਼ਤਮ ਹੋ ਜਾਵੇਗੀ। ਉਹ ਕਾਰੋਬਾਰ 'ਤੇ ਲੱਗ ਜਾਵੇਗਾ ਫਿਰ ਤੁਹਾਡੇ ਨਾਲ ਚਲਾਂਗਾ। ਦੋ ਸਾਲ ਬਾਅਦ ਮਹਾਤਮਾ ਨੇ ਫਿਰ ਉਸ ਨੂੰ ਆਖਿਆ, ਹੁਣ ਤਾਂ ਤੇਰਾ ਪੁੱਤਰ ਕਾਰੋਬਾਰ ਕਰਨ ਲਗ ਗਿਆ ਹੈ, ਹੁਣ ਚਲ ਸਾਡੇ ਨਾਲ। ਉਹ ਹਲਵਾਈ ਕਹਿਣ ਲੱਗਾ, ਸੰਤ ਜੀ, ਪੁੱਤਰ ਦੀ ਸ਼ਾਦੀ ਹੋ ਗਈ ਹੈ, ਮਨ ਵਿਚ ਰੀਝ ਹੈ ਪੋਤਰੇ ਦਾ ਮੂੰਹ ਵੇਖਣ ਦੀ, ਉਹ ਵੇਖ ਲਵਾਂ ਫਿਰ ਤੁਹਾਡੇ ਨਾਲ ਚਲਾਂਗਾ। ਦੋ ਸਾਲ ਹੋਰ ਬੀਤ ਗਏ, ਫਿਰ ਮਹਾਤਮਾ ਕਹਿੰਦੇ ਹਨ, ਹੁਣ ਤਾਂ ਪੋਤਰਾ ਵੀ ਹੋ ਗਿਆ ਹੈ। ਚਲ ਹੁਣ ਸਾਡੇ ਨਾਲ ਤੇ ਤੈਨੂੰ ਵੀ ਅਸਲੀ ਅਨੰਦ ਵਲ ਲੈ ਚਲੀਏ। ਉਹ ਕਹਿੰਦਾ ਹੈ, ਮਹਾਤਮਾ ਜੀ, ਕੀ ਕਰਾਂ ਮਨ ਤਾਂ ਕਰਦਾ ਹੈ ਤੁਹਾਡੇ ਨਾਲ ਜਾਣ 'ਤੇ ਪਰ ਪੋਤਰੇ ਦਾ ਮੋਹ ਨਹੀਂ ਜਾਣ ਦਿੰਦਾ। ਮੇਰਾ ਪੋਤਰਾ ਮੇਰੇ ਨਾਲ ਬਹੁਤ ਲਾਡ-ਪਿਆਰ ਕਰਦਾ ਹੈ, ਮੈਨੂੰ ਛੱਡਦਾ ਹੀ ਨਹੀਂ। ਇਸ ਤਰ੍ਹਾਂ ਦੋ ਸਾਲ ਹੋਰ ਬੀਤ ਗਏ। ਫਿਰ ਮਹਾਤਮਾ ਜੀ ਕਹਿੰਦੇ ਹਨ, ਚਲ ਭਈ ਹੁਣ ਤਾਂ ਪੋਤਰਾ ਵੀ ਵੱਡਾ ਹੋ ਗਿਆ ਹੈ, ਸਕੂਲ ਜਾਣ ਜੋਗਾ ਹੋ ਗਿਆ ਹੈ, ਤੂੰ ਛੱਡ ਹੁਣ ਇਸ ਮੋਹ ਦੇ ਜੰਜਾਲ ਨੂੰ, ਤੇਰੀ ਵੀ ਉਮਰ ਬੀਤਦੀ ਜਾ ਰਹੀ ਹੈ, ਇਸ ਜੀਵਨ ਵਿਚ ਅਸਲੀ ਰਸ ਦੀ ਪ੍ਰਾਪਤੀ ਕਰ ਲੈ। ਮਨੁੱਖਾ ਜੀਵਨ ਦਾ ਜੋ ਲਕਸ਼ ਹੈ ਉਸ ਨੂੰ ਪ੍ਰਾਪਤ ਕਰ ਲੈ, ਛੱਡ ਦੇ ਹੁਣ ਇਸ ਝੂਠੇ ਮੋਹ ਨੂੰ। ਹਲਵਾਈ ਖਿੱਝ ਕੇ ਕਹਿੰਦਾ ਹੈ 'ਮਹਾਤਮਾ ਜੀ ! ਤੁਸੀਂ ਤਾਂ ਮੇਰੇ ਮਗਰ ਹੀ ਪੈ ਗਏ ਹੋ, ਕੀ ਤੁਹਾਨੂੰ ਹੋਰ ਨਹੀਂ ਕੋਈ ਲੱਭਾ। ਇਹੀ ਗੱਲ ਹੈ। ਅੱਜ ਹਰ ਇਨਸਾਨ ਪਹਿਲੇ ਆਪਣੇ ਬੱਚਿਆਂ ਦੇ, ਫਿਰ ਉਨ੍ਹਾਂ ਦੇ ਬੱਚਿਆਂ ਦੇ ਮੋਹ ਵਿਚ ਫਸਿਆ ਪ੍ਰਮਾਰਥ ਦੇ ਰਸਤੇ ਵਲ ਤੁਰਨ ਨੂੰ ਤਿਆਰ ਹੀ ਨਹੀਂ। ਜੇ ਕੋਈ ਕਹੇ ਭਜਨ ਬੰਦਗੀ ਕਰਨ ਨੂੰ ਤੇ ਆਖ ਦਿੰਦਾ ਹੈ ਕਿ ਅਜੇ ਬੜੀ ਉਮਰ ਪਈ ਹੈ, ਕਰ ਲਵਾਂਗੇ, ਪਰ ਇਹ ਭੁੱਲ ਜਾਂਦੇ ਹਨ ਕਿ

*ਹਮ ਆਦਮੀ ਹਾਂ ਇਕ ਦਮੀ*

(ਅੰਗ ੬੬੦)

ਇਸ ਮੋਹ ਦੀ ਪਕੜ ਵਿਚ ਫੱਸਿਆ ਬੰਦਾ ਜਨਮ-ਮਰਨ ਦੇ ਚੱਕਰਾਂ ਵਿਚ ਫੱਸਿਆ ਰਹਿੰਦਾ ਹੈ। ਇਸ ਮੋਹ ਦੇ ਕਾਰਨ ਉਸ ਨੂੰ ਕਈ ਤਰ੍ਹਾਂ ਦੀਆਂ ਜੂਨਾਂ ਵਿਚ ਪੈਣਾ

ਪੈਂਦਾ ਹੈ।

ਜਿਸ 'ਤੇ ਕਿਰਪਾ ਹੋ ਜਾਵੇ, ਜਿਸ ਦੀ ਝੋਲੀ ਵਿਚ ਗੁਰੂ ਤੁੱਠ ਕੇ ਆਪਣੇ ਪ੍ਰੇਮ ਦੀ ਦਾਤ ਪਾ ਦੇਵੇ, ਜਿਹੜਾ ਸੱਚਾ ਹੈ, ਮਰਨ ਤੋਂ ਬਾਅਦ ਵੀ ਸਾਥ ਦੇਣ ਵਾਲਾ ਹੈ, ਜਿਸ ਉੱਤੇ ਦਇਆਲ ਹੋ ਕੇ ਗੁਰੂ ਸੱਚੇ ਪਿਆਰ ਦਾ ਜਿਸ ਨੂੰ ਰਸ ਚਖਾ ਦੇਵੇ, ਉਸ ਦੇ ਅੰਦਰੋਂ ਇਹ ਪ੍ਰਵਾਰ ਦੀਆਂ ਝੂਠੀਆਂ ਪ੍ਰੀਤਾਂ ਦੀ ਮੋਹ ਦੀ ਪਕੜ ਨਿਕਲ ਜਾਂਦੀ ਹੈ। ਉਹ ਆਪਣੇ ਪ੍ਰਵਾਰ ਨਾਲ ਬੱਚਿਆਂ ਨਾਲ, ਪਿਆਰ ਤਾਂ ਕਰਦਾ ਹੈ ਪਰ ਅਸਲੀ ਗੰਢ ਗੁਰੂ-ਪ੍ਰਮੇਸ਼ਰ ਨਾਲ ਰੱਖਦਾ ਹੈ। ਉਹ ਪ੍ਰਵਾਰ ਵਿਚ ਵਿਚਰਦਾ ਹੈ, ਗ੍ਰਿਹਸਥੀ ਦੀਆਂ ਡਿਊਟੀਆਂ ਨਿਭਾਉਂਦਾ ਹੈ, ਪਰ ਉਨ੍ਹਾਂ ਵਿਚ ਲਿਪਤ ਨਹੀਂ ਹੁੰਦਾ, ਕਿਉਂਕਿ ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਇਹ ਜੋ ਮਾਤਾ-ਪਿਤਾ, ਪੁਤਰ-ਧੀਆਂ, ਸੰਬੰਧੀ ਇਹ ਸਾਰੇ ਪਿਛਲੇ ਜਨਮਾਂ ਦੇ ਸੰਜੋਗਾਂ ਕਰਕੇ ਮਿਲੇ ਹਨ। ਅੰਤ ਸਮੇਂ ਇਨ੍ਹਾਂ ਵਿਚੋਂ ਕਿਸੇ ਨੇ ਸਹਾਈ ਨਹੀਂ ਹੋਣਾ।

*ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥*
*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥*

(ਅੰਗ ੭੦੦)

ਉਸ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਇਹ ਦੁਨੀਆਵੀ ਪ੍ਰੀਤਾਂ ਸਾਰੀਆਂ ਝੂਠੀਆਂ ਤੇ ਮਤਲਬੀ ਹਨ। ਬਾਣੀ ਦੀਆਂ ਇਹ ਪੰਕਤੀਆਂ ਫਿਰ ਉਨ੍ਹਾਂ ਦੇ ਹਿਰਦੇ ਵਿਚੋਂ ਨਿਕਲਦੀਆਂ ਹਨ-

*ਜਗਤ ਮੈ ਝੂਠੀ ਦੇਖੀ ਪ੍ਰੀਤਿ॥*
*ਅਪਨੇ ਹੀ ਸੁਖ ਸਿਉ ਸਭ ਲਾਗੇ*
*ਕਿਆ ਦਾਰਾ ਕਿਆ ਮੀਤ॥*

(ਅੰਗ ੫੩੬)

ਜਿਨ੍ਹਾਂ ਨੂੰ ਇਹ ਸਮਝ ਆ ਜਾਵੇ ਕਿ ਦੁਨੀਆਂ ਦੇ ਸਾਰੇ ਸਾਕ ਝੂਠੇ ਹਨ, ਜਿਨ੍ਹਾਂ ਨੂੰ ਇਹ ਸੰਸਾਰ ਮਿਥਿਆ ਨਜ਼ਰ ਆ ਜਾਵੇ, ਉਹ ਫਿਰ ਫੜ ਲੈਂਦੇ ਹਨ ਪੱਲਾ ਗੁਰੂ ਨਾਨਕ ਦਾ, ਫਿਰ ਉਹ ਕਹਿੰਦੇ ਹਨ ਮੇਰੇ ਗੁਰੂ ਨਾਨਕ-

*ਸਭੇ ਸਾਕ ਕੂੜਾਵੇ ਡਿਠੇ*
*ਤਉ ਪਲੈ ਤੈਡੈ ਲਾਗੀ॥*

(ਅੰਗ ੯੬੩)

ਜਿਨ੍ਹਾਂ 'ਤੇ ਕਿਰਪਾ ਹੋ ਜਾਵੇ ਉਨ੍ਹਾਂ ਨੂੰ ਦੂਜੇ ਸਾਕ ਤਾਂ ਕੂੜਾਵੇ ਲਗਦੇ ਹੀ ਹਨ,

ਉਨ੍ਹਾਂ ਨੂੰ ਤਾਂ ਇਥੋਂ ਤਕ ਸਮਝ ਆ ਜਾਂਦੀ ਹੈ ਕਿ ਇਹ ਮੇਰੇ ਸਰੀਰ ਦਾ ਸਾਕ ਵੀ ਕੂੜਾਵਾ ਹੈ, ਇਸ ਨੇ ਵੀ ਮੇਰਾ ਸਾਥ ਨਹੀਂ ਦੇਣਾ, ਇਸ ਨੂੰ ਵੀ ਅੱਗ ਨੇ ਸਮੇਟ ਲੈਣਾ ਹੈ ਤੇ ਫਿਰ ਮੈਂ ਆਪਣੀ ਆਤਮਾ ਨੂੰ ਲੈ ਕੇ ਦਰਗਾਹ ਨੂੰ ਜਾਣਾ ਹੈ, ਨਿਰੰਕਾਰ ਦੇ ਚਰਨਾਂ ਵਿਚ ਜਾਣਾ ਹੈ, ਇਸ ਲਈ ਉਹ ਆਪਣੀ ਆਤਮਾ ਨੂੰ ਸੰਵਾਰਦੇ ਹਨ, ਆਪਣੀ ਆਤਮਿਕ ਤਰੱਕੀ ਵਲ ਧਿਆਨ ਦਿੰਦੇ ਹਨ। ਭਾਵ ਕਿ ਉਨ੍ਹਾਂ ਦੇ ਅੰਦਰ ਆਪਣੇ ਸਰੀਰ ਪ੍ਰਤੀ ਵੀ ਮੋਹ ਨਹੀਂ ਰਹਿੰਦਾ।

ਪਾਇਓ ਮਨਾਂ 'ਤੇ ਝਾਤੀ ਕਿ ਸਾਨੂੰ ਇਹ ਸਮਝ ਆਈ ਹੈ ਕਿ ਨਹੀਂ। ਅਸਲ ਵਿਚ ਕੋਈ ਵੀ ਇਨਸਾਨ ਗੁਰੂ ਨਾਨਕ ਦੇ ਪੱਲੇ ਨਾਲ ਲੱਗਦਾ ਹੀ ਤਾਂ ਹੈ ਜਦੋਂ ਉਸ ਨੂੰ ਦੁਨੀਆਂ ਦੇ ਸਾਕ ਝੂਠੇ ਨਜ਼ਰ ਆਉਣ। ਜਦ ਤਕ ਦੁਨੀਆਂ ਦੇ ਸਾਕਾਂ ਨੂੰ ਸੱਚ ਸਮਝੀ ਬੈਠੇ ਹਾਂ ਤਦ ਤਕ ਗੁਰੂ ਨਾਨਕ ਦੇ ਪੱਲੇ ਨਾਲ ਨਹੀਂ ਲਗ ਸਕਦੇ। ਸਾਨੂੰ ਵੀ ਸੰਸਾਰ ਮਿਥਿਆ ਨਜ਼ਰ ਆਵੇ, ਫਿਰ ਸਾਡਾ ਵੀ ਮਨ ਗੁਰੂ ਨਾਨਕ ਨਾਲ ਭਿੱਜ ਜਾਵੇਗਾ। ਜਦ ਤਕ ਸੰਸਾਰ ਨਾਲ ਜੁੜੇ ਹਾਂ, ਨਿਰੰਕਾਰ ਨਾਲ ਕਿਵੇਂ ਜੁੜਾਂਗੇ। ਰਹੀਏ ਸੰਸਾਰ ਵਿਚ ਪਰ ਮਨ ਨਿੰਰਕਾਰ ਵਲ ਰਹੇ। ਮੋਹ ਦੀ ਪਕੜ ਤੋਂ ਉਪਰ ਉਠ ਕੇ ਗੁਰੂ ਦੇ ਚਰਨਾਂ ਵਿਚ ਜੁੜੀਏ, ਗੁਰੂ ਨਾਲ ਪ੍ਰੀਤ ਕਰ ਕੇ ਅਸਲੀ ਅਨੰਦ ਨੂੰ ਪ੍ਰਾਪਤ ਕਰੀਏ ਤੇ ਮਨੁੱਖਾ ਜਨਮ ਨੂੰ ਸਫਲਾ ਕਰੀਏ। ਧੀਆਂ ਪੁੱਤਰਾਂ ਨਾਲ, ਪ੍ਰਵਾਰ ਨਾਲ ਪਿਆਰ ਕਰੀਏ, ਉਨ੍ਹਾਂ ਪ੍ਰਤੀ ਆਪਣੀਆਂ ਡਿਊਟੀਆਂ ਨਿਬਾਹੀਏ, ਪਰ ਅੰਦਰੋਂ ਸਾਡੀਆਂ ਗੰਢਾਂ ਆਪਣੇ ਗੁਰੂ ਪਿਤਾ ਨਾਲ ਪੈਣ। ਅੰਦਰਲੀ ਸਾਂਝ, ਅੰਦਰਲਾ ਪ੍ਰੇਮ ਗੁਰੂ ਨਾਲ ਹੋਵੇ। ਜੀਣਾ ਹੀ ਉਸ ਦਾ ਹੈ ਜਿਸ ਨੇ ਗੁਰੂ ਨਾਲ ਸਾਂਝ ਪਾ ਲਈ। ਗੁਰੂ ਦੀ ਪ੍ਰੀਤ ਤੋਂ ਇਲਾਵਾ ਸਾਰੀਆਂ ਪ੍ਰੀਤਾਂ ਝੂਠੀਆਂ ਹਨ। ਗੁਰੂ ਹੀ ਸੱਚਾ ਹੈ, ਅਬਿਨਾਸੀ ਹੈ, ਉਸ ਦਾ ਪ੍ਰੇਮ ਵੀ ਸੱਚਾ ਹੈ ਇਸੇ ਲਈ ਸਤਿਗੁਰੂ ਬਾਣੀ ਰਾਹੀਂ ਵੀ ਉਪਦੇਸ਼ ਦੇ ਰਹੇ ਹਨ-

*ਭਾਈ ਰੇ ਮੀਤ ਕਰਹੁ ਪ੍ਰਭੁ ਸੋਇ॥*
*ਮਾਇਆ ਮੋਹ ਪਰੀਤਿ ਧ੍ਰਿਗੁ*
*ਸੁਖੀ ਨ ਦੀਸੈ ਕੋਇ॥*

(ਅੰਗ ੪੭)

ਮਨ ਨੂੰ ਇਕ ਹੋਰ ਤੀਜੀ ਪਕੜ ਤੰਗ ਕਰਦੀ ਹੈ, ਉਹ ਹੈ ਵਡਿਆਈ ਦੀ ਪਕੜ, ਸੋਭਾ ਦੀ, ਵਾਹ-ਵਾਹ ਦੀ ਭੁੱਖ ਹੁੰਦੀ ਹੈ। ਉਹ ਇਹ ਚੀਜ਼ਾਂ ਮਿਲਣ 'ਤੇ ਖ਼ੁਸ਼ ਹੁੰਦਾ ਹੈ ਪਰ ਜਿਸ ਅੰਦਰੋਂ ਇਹ ਪਕੜ ਨਿਕਲ ਜਾਵੇ, ਉਹ ਇਨ੍ਹਾਂ ਚੀਜ਼ਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਇਨ੍ਹਾਂ ਚੀਜ਼ਾਂ ਤੋਂ ਦੂਰ ਭੱਜਦਾ ਹੈ। ਜਿਵੇਂ ਬੁੱਲੇ ਸ਼ਾਹ ਦੀਆਂ ਲਿਖੀਆਂ ਲਾਈਨਾਂ ਹਨ-

## ਸ਼ਰਧਾ ਦੀ ਸਤਵੀਂ ਨਿਸ਼ਾਨੀ

*ਚਲ ਓਇ ਬੁੱਲਿਆ ਉਥੇ ਚਲੀਏ ਜਿਥੇ ਵੱਸਣ ਅੰਨ੍ਹੇ।*
*ਨਾ ਕੋਈ ਸਾਨੂੰ ਪਛਾਣ ਸਕੇ ਤੇ ਨਾ ਕੋਈ ਸਾਨੂੰ ਮੰਨੇ।*

ਇਨ੍ਹਾਂ ਲਾਈਨਾਂ ਦੀ ਗਹਿਰਾਈ ਸਮਝਣਾ। ਤੰਗ ਆ ਗਿਆ ਹੋਵੇਗਾ ਉਹ ਦੁਨੀਆਂ ਦੀ ਵਡਿਆਈ ਤੋਂ ਤਾਂ ਹੀ ਆਖ ਦਿੱਤਾ ਕਿ ਉਥੇ ਜਾ ਕੇ ਵੱਸਿਆ ਜਾਵੇ ਜਿਥੇ ਕੋਈ ਉਸ ਨੂੰ ਪਛਾਣ ਨਾ ਸਕੇ। (ਅੰਨ੍ਹੇ ਤੋਂ ਮਤਲਬ ਇਥੇ ਅੱਖਾਂ ਤੋਂ ਅੰਨ੍ਹੇ ਨਹੀਂ ਬਲਕਿ ਇਹ ਕਿ ਜਿਨ੍ਹਾਂ ਕੋਲ ਉਸ ਨੂੰ ਪਛਾਨਣ ਵਾਲੀਆਂ ਅੱਖਾਂ ਨਾ ਹੋਣ) ਇਹ ਉਹੀ ਕਹਿ ਸਕਦਾ ਹੈ ਜਿਸ ਦੀ ਇਹ ਪਕੜ ਨਿਕਲ ਗਈ। ਬਾਬਾ ਨੰਦ ਸਿੰਘ ਜੀ ਦੇ ਵੀ ਬਚਨ ਹਨ ਕਿ ਨਾਮ ਜਪਣ ਦੇ ਰਸਤੇ ਵਿਚ ਵਾਹ-ਵਾਹ ਦੀ, ਵਡਿਆਈ ਦੀ ਬਹੁਤ ਵੱਡੀ ਖਾਈ ਆਉਂਦੀ ਹੈ। ਬਹੁਤ ਸਾਰੇ ਲੋਕ ਇਸ ਖਾਈ ਵਿਚ ਡਿੱਗ ਪੈਂਦੇ ਹਨ ਤੇ ਆਪਣੀ ਪੂਜਾ ਕਰਾਉਣ ਵਿਚ ਮਸਤ ਹੋ ਜਾਂਦੇ ਹਨ ਤੇ ਅਸਲੀ ਮੰਜ਼ਿਲ ਨਿਰੰਕਾਰ ਦੇ ਚਰਨਾਂ ਦੀ ਪ੍ਰੀਤਿ ਦੀ, ਚਰਨਾਂ ਦੇ ਰਸ ਦੀ ਪ੍ਰਾਪਤ ਨਹੀਂ ਕਰ ਸਕਦੇ ਤੇ ਜਿਹੜੇ ਰਿੱਧੀਆਂ ਸਿੱਧੀਆਂ ਨੂੰ ਲਤਾੜ ਕੇ ਮਾਇਆ ਦੀ, ਪ੍ਰਭੁਤਾ ਦੀ ਪਕੜ ਤੋਂ ਅਗਾਂਹ ਟੱਪ ਜਾਂਦੇ ਹਨ, ਫਿਰ ਉਹ ਸਤਿਗੁਰ ਪਾਰਸ ਦੇ ਨਾਲ ਇਕ ਮਿਕ ਹੋ ਕੇ ਆਪ ਵੀ ਪਾਰਸ ਬਣ ਜਾਂਦੇ ਹਨ।

ਬਾਬਾ ਈਸ਼ਰ ਸਿੰਘ ਜੀ (ਨਾਨਕਸਰ ਵਾਲੇ) ਜਦੋਂ ਵੀ ਦੀਵਾਨ ਵਿਚ ਆਉਂਦੇ ਸਨ ਤਾਂ ਦੋਵੇਂ ਹੱਥ ਜੋੜ ਕੇ ਸਾਰੀ ਸੰਗਤ ਨੂੰ ਚਾਰੇ ਪਾਸੇ ਘੁੰਮ ਕੇ ਸੀਸ ਨੀਵਾਂ ਕਰ ਕੇ ਫਤਹਿ ਬੁਲਾਉਂਦੇ ਸਨ ਤੇ ਆਖਦੇ ਸਨ 'ਦਾਸ ਤਾਂ ਗੁਰੂ ਨਾਨਕ ਦੇ ਦਰਬਾਰ ਦਾ ਝਾੜੂ ਬਰਦਾਰ ਹੈ, ਹਾਲੇ ਸਿੱਖ ਵੀ ਨਹੀਂ ਬਣਿਆ। ਦਾਸ ਨੂੰ ਜੋ ਵੀ ਕੋਈ ਮੱਥਾ ਟੇਕਦਾ ਹੈ, ਉਹ ਅਸੀਂ ਸਾਰੇ ਇਕੱਠੇ ਕਰ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਟੇਕ ਦਿੰਦੇ ਹਾਂ, ਆਪਣੇ 'ਤੇ ਭਾਰ ਨਹੀਂ ਰੱਖਦੇ, ਇਹ ਹੈ ਪੂਰਨ ਸੰਤਾਂ-ਮਹਾਂਪੁਰਸ਼ਾਂ, ਵਡਿਆਈ ਦੀ ਪਕੜ ਤੋਂ ਉਪਰ ਉਠਣ ਵਾਲਿਆਂ ਦੀ ਨਿਸ਼ਾਨੀ, ਕਿ ਜੇ ਸੰਗਤਾਂ ਮਾਣ ਦੇ ਵੀ ਦਿੰਦੀਆਂ ਸਨ ਤਾਂ ਆਪਣੇ ਕੋਲ ਨਹੀਂ ਸਨ ਰੱਖਦੇ। ਇਹ ਮਨ ਦੀ ਪਕੜ ਬਾਰੇ ਤਿੰਨ ਤਰ੍ਹਾਂ ਦਾ ਵੇਰਵਾ ਲਿਖਿਆ ਹੈ, ਆਪ ਜੀ ਸਾਂਭ ਲੈਣਾ।

ਦੂਸਰੀ ਪਕੜ ਹੈ 'ਅੱਖਾਂ ਦੀ ਪਕੜ' – ਸਾਰੇ ਝਾਤੀ ਪਾਇਓ, ਟੀ.ਵੀ. ਦਾ ਤਿਆਗ ਹੋਇਆ ਹੈ ਕਿ ਨਹੀਂ। ਜਿਨ੍ਹਾਂ ਅੱਖਾਂ ਵਿਚ ਅਸੀਂ ਨਿਰੰਕਾਰ ਦੇ ਚਰਨ ਵਸਾਉਣੇ ਸੀ, ਅਸੀਂ ਦੂਸਰੀਆਂ ਚੀਜ਼ਾਂ ਵਸਾ ਰਹੇ ਹਾਂ। ਤੁਸੀਂ ਆਪ ਹੀ ਸੋਚੋ, ਜਿਸਦੀਆਂ ਅੱਖਾਂ ਵਿਚ ਹਰ ਵੇਲੇ ਗੁਰੂ ਨਾਨਕ ਦੇ ਚਰਨ ਵੱਸੇ ਹੋਣ, ਜਿਹੜਾ ਹਰ ਵੇਲੇ ਯਤਨ ਕਰਦਾ ਹੋਵੇ ਗੁਰੂ ਦੇ ਧਿਆਨ ਵਿਚ ਰਹਿਣ ਦਾ, ਕੀ ਉਹ ਜਦੋਂ ਟੀ.ਵੀ. 'ਤੇ ਸੀਰੀਅਲ ਵੇਖੇਗਾ, ਤਾਂ ਉਸ ਨੂੰ ਗੁਰੂ ਨਾਨਕ ਪ੍ਰੀਤਮ ਨੂੰ ਅੱਖਾਂ ਵਿਚੋਂ ਕੱਢਣਾ ਨਹੀਂ ਪਵੇਗਾ। ਝੂਠ ਨੂੰ ਵਾੜਨ

ਲਈ ਸੱਚ ਨੂੰ ਕੱਢਣਾ ਪਵੇਗਾ। ਗੁਰਮੁਖ ਦੀ ਇਹ ਪਕੜ ਨਿਕਲ ਜਾਂਦੀ ਹੈ, ਉਸ ਨੂੰ ਚੰਗੇ ਹੀ ਨਹੀਂ ਲੱਗਦੇ ਇਹ ਰੰਗ-ਤਮਾਸ਼ੇ। ਉਹ ਕਹਿੰਦਾ ਹੈ ਕਿ ਇਹ ਤਾਂ ਖਿਡੌਣੇ ਹਨ, ਮੈਂ ਤਾਂ ਸੱਚੇ ਨਾਲ ਇਸ਼ਕ ਲਗਾਇਆ ਹੈ।

ਟੀ.ਵੀ. 'ਤੇ ਧਾਰਮਿਕ ਚੀਜ਼ਾਂ ਵੀ ਆਉਂਦੀਆਂ ਹਨ, ਸੰਤਾਂ-ਮਹਾਂਪੁਰਸ਼ਾਂ, ਕਮਾਈ ਵਾਲਿਆਂ ਦੇ ਪ੍ਰਵਚਨ ਆਉਂਦੇ ਹਨ, ਕੀਰਤਨ ਆਉਂਦਾ ਹੈ, ਉਹ ਵੇਖੋ, ਉਸ ਨੂੰ ਵੇਖਣ ਦੀ ਕੋਈ ਮਨਾਹੀ ਨਹੀਂ, ਪਰ ਜੋ ਦੂਸਰੀਆਂ ਚੀਜ਼ਾਂ ਫ਼ਿਲਮਾਂ, ਸੀਰੀਅਲ ਵਗੈਰਾ ਆਉਂਦੇ ਹਨ, ਉਨ੍ਹਾਂ ਦਾ ਤਿਆਗ ਕਰੋ। ਬਾਬਾ ਜੀ ਬਚਨ ਕਰਦੇ ਸਨ ਕਿ ਕਸੂਰ ਗਿਲਾਸ ਦਾ ਨਹੀਂ, ਗਿਲਾਸ ਵਿਚ ਕੀ ਪੀਣਾ ਹੈ, ਇਹ ਪੀਣ ਵਾਲੇ ਨੇ ਵੇਖਣਾ ਹੈ। ਕਸੂਰ ਟੀ.ਵੀ. ਦਾ ਨਹੀਂ। ਉਨ੍ਹਾਂ ਨੇ ਤਾਂ ਸਾਰਿਆਂ ਵਾਸਤੇ ਪ੍ਰੋਗਰਾਮ ਦੇਣੇ ਹਨ, ਇਹ ਤਾਂ ਗੁਰਸਿੱਖ ਨੇ ਵੇਖਣਾ ਹੈ ਕਿ ਮੈਂ ਕਿਹੜਾ ਸੌਦਾ ਖ਼ਰੀਦਣਾ ਹੈ ਤੇ ਕਿਹੜਾ ਛੱਡਣਾ ਹੈ। ਅੱਜ ਕੱਲ ਟੀ.ਵੀ. 'ਤੇ ਇਤਨੇ ਕੁ ਜ਼ਿਆਦਾ ਸੀਰੀਅਲ ਚਲ ਪਏ ਹਨ ਕਿ ਬਹੁਤ ਹੀ ਮਾੜਾ ਹਾਲ ਹੈ। ਸੰਗਤ ਕਰਨ ਵਾਲਿਆਂ ਨੇ ਇਸ ਪਕੜ ਤੋਂ ਬਚਣਾ ਹੈ। ਕੋਈ ਬੀਬੀ 7-8 ਟੀ.ਵੀ. ਸੀਰੀਅਲ ਦੀਆਂ ਰੋਜ਼ ਦੀਆਂ ਕਿਸ਼ਤਾ ਵੇਖਦੀ ਸੀ। ਦਾਸ ਨੇ ਆਖ ਦਿੱਤਾ, ਭੈਣ ਜੀ ! ਤੁਹਾਡੀਆਂ ਅੱਖਾਂ ਦੀ ਪਕੜ ਗਈ ਨਹੀਂ, ਇਨ੍ਹਾਂ ਦਾ ਤਿਆਗ ਕਰੋ। ਟੀ.ਵੀ. ਵੇਖਣਾ ਹੀ ਹੋਵੇ ਜ਼ਰੂਰ ਤਾਂ ਧਾਰਮਿਕ ਚੀਜ਼ਾਂ ਵੇਖ ਲਿਆ ਕਰੋ, ਜੋ ਅਸੀ ਅਸਲ ਵਣਜ ਕਰਨ ਆਏ ਹਾਂ, ਦੂਸਰੀਆਂ ਚੀਜ਼ਾਂ ਤੋਂ ਕਿਨਾਰਾ ਕਰੋ। ਜਦੋਂ ਦੂਸਰੀਆਂ ਚੀਜ਼ਾਂ ਵੇਖਦੇ ਹੋ, ਗੁਰੂ ਨੂੰ, ਪ੍ਰੀਤਮ ਨੂੰ ਅੱਖਾਂ ਵਿਚੋਂ ਕੱਢਦੇ ਹੋ ਤਾਂ ਹੀ ਦੂਸਰੀਆਂ ਚੀਜ਼ਾਂ ਨੂੰ ਵੇਖ ਸਕਦੇ ਹੋ। ਉਨ੍ਹਾਂ ਨੂੰ ਅੱਖਾਂ ਵਿਚ ਵਸਾ ਸਕਦੇ ਹੋ, ਇਹ ਕਿੰਨਾ ਵੱਡਾ ਘਾਟਾ ਹੈ। ਉਸ ਬੀਬੀ ਦਾ ਅਗੋਂ ਜੁਆਬ ਸੀ, ਕਿ ਟੀ.ਵੀ. 'ਤੇ ਸੀਰੀਅਲ ਦੇਖਣ ਨਾਲ ਟਾਈਮ ਬਹੁਤ ਵਧੀਆ ਪਾਸ ਹੋ ਜਾਂਦਾ ਹੈ। ਓਇ ਗੁਰੂ ਪਿਆਰਿਓ ! ਇਕ ਗੱਲ ਯਾਦ ਰਖਿਓ, ਟਾਈਮ ਪਾਸ ਕਰਨਾ ਬਹਾਦਰੀ ਨਹੀਂ, ਟਾਈਮ ਨੂੰ ਸਫਲਾ ਕਰਨਾ ਬਹਾਦਰੀ ਹੈ। ਸਿੱਖ ਨੇ ਸਮਾਂ ਸਫਲਾ ਕਰਨਾ ਹੈ ਨਾ ਕਿ ਸਮਾਂ ਪਾਸ ਕਰਨਾ ਹੈ, ਸਮਾਂ ਤਾਂ ਪਸ਼ੂ-ਪੰਛੀ, ਕੀੜੇ-ਮਕੌੜੇ ਵੀ ਪਾਸ ਕਰ ਲੈਂਦੇ ਹਨ।

ਇਕ ਹੋਰ ਸਰੀਰ ਦੀ ਇਕ ਗੱਲ ਸਾਹਮਣੇ ਆਈ। ਉਹ ਵੀ ਪੰਜ-ਛੇ ਸੀਰੀਅਲ ਵੇਖਦਾ ਸੀ ਤੇ ਸੀਰੀਅਲ ਦੇਖਣ ਦੇ ਨਾਲ-ਨਾਲ ਮਾਲਾ ਵੀ ਫੇਰਦਾ ਸੀ। ਦਾਸ ਨੇ ਪੁੱਛਿਆ, ਇਸ ਤਰ੍ਹਾਂ ਕਿਉਂ ਕਰਦਾ ਹੈਂ ? ਉਹ ਕਹਿੰਦਾ ਹੈ, ਜਦੋਂ ਟੀ.ਵੀ 'ਤੇ ਸੀਰੀਅਲ ਵੇਖਦਾ ਹਾਂ ਤਾਂ ਮਨ ਡਰਦਾ ਹੈ ਕਿ ਇਹ ਗ਼ਲਤ ਕੰਮ ਕਰ ਰਿਹਾ ਹਾਂ, ਨਹੀਂ ਕਰਨਾ ਚਾਹੀਦਾ ਪਰ ਕੀ ਕਰਾਂ, ਰਿਹਾ ਨਹੀਂ ਜਾਂਦਾ, ਇਸ ਲਈ ਨਾਲ-ਨਾਲ ਮਾਲਾ ਫੇਰੀ ਜਾਂਦਾ ਹਾਂ। ਹੁਣ ਇਸ ਗੱਲ ਦਾ ਕਾਨੂੰਨ ਤਾਂ ਦਾਸ ਨੂੰ ਵੀ ਨਹੀਂ ਪਤਾ ਅਜੇ ਤਕ ਕਿ ਟੀ.ਵੀ. ਦੇਖਣਾ ਤੇ ਨਾਲ ਮਾਲਾ ਫੇਰਨਾ, ਇਸ ਵਿਚ ਕਿਤਨੀ ਕੁ ਮਾਫ਼ੀ ਹੈ ਤੇ ਕਿਤਨੀ

ਕੁ ਸਜ਼ਾ ਹੈ।

ਬਾਬਾ ਨੰਦ ਸਿੰਘ ਜੀ ਦੇ ਬਚਨ ਹਨ ਕਿ ਕੋਈ ਦੋ ਪਾਠ ਸੁਖਮਨੀ ਸਾਹਿਬ ਜੀ ਦੇ ਕਰ ਲਵੇ ਤੇ 2 ਘੰਟੇ ਟੀ.ਵੀ. 'ਤੇ ਰੰਗ ਤਮਾਸ਼ੇ ਵੇਖ ਲਵੇ। ਬਾਬਾ ਜੀ ਕਹਿੰਦੇ ਸਨ ਕਿ 2 ਪਾਠ ਸੁਖਮਨੀ ਸਾਹਿਬ ਦੇ ਕਰਨ ਨਾਲ ਜਿਤਨੇ ਪੁੰਨ ਬਣੇ ਹੋਣਗੇ ਉਹ 2 ਘੰਟੇ ਰੰਗ ਤਮਾਸ਼ੇ ਵੇਖਣ ਨਾਲ ਸੜ ਜਾਣਗੇ। ਇਸ ਤਰ੍ਹਾਂ ਨਾਲ ਇਹ ਗੱਲ ਸਮਝ ਲੈਣਾ ਕਿ ਜਿਹੜੇ ਟੀ.ਵੀ. 'ਤੇ ਸੀਰੀਅਲ ਵੇਖਦੇ ਹੋ, ਇਸ ਨਾਲ ਤੁਹਾਡਾ ਪੁੰਨਾਂ ਦਾ ਕੋਟਾ ਖ਼ਤਮ ਹੋ ਜਾਂਦਾ ਹੈ। ਕੇਵਲ ਪੁੰਨ ਬਨਾਉਣ ਵਾਲਾ ਵੱਡਾ ਨਹੀਂ ਬਲਕਿ ਪੁੰਨ ਬਣਾ ਕੇ ਸੰਭਾਲਣ ਵਾਲਾ ਵੱਡਾ ਹੈ। ਜਦੋਂ ਟੀ.ਵੀ. ਦੇਖਦੇ ਹੋ, ਜਿੰਨੇ ਕੁ ਪੁੰਨ ਕਮਾਏ ਹੁੰਦੇ ਹਨ, ਉਹ ਸੜਨੇ ਸ਼ੁਰੂ ਹੋ ਜਾਂਦੇ ਹਨ। ਝੂਠੇ ਰੰਗ ਤਮਾਸ਼ੇ, ਫ਼ਿਲਮਾਂ, ਟੀ.ਵੀ. 'ਤੇ ਸੀਰੀਅਲ ਵੇਖਣੇ ਇਹ ਪੁੰਨ ਗੁਆਉਣ ਦਾ ਮਾਰਗ ਹੈ। ਚੰਗੀਆਂ ਚੀਜ਼ਾਂ ਵੇਖੋ, ਧਾਰਮਿਕ ਪ੍ਰੋਗਰਾਮ ਵੇਖੋ, ਜਿਨ੍ਹਾਂ ਨੂੰ ਵੇਖ ਕੇ ਅਧਿਆਤਮਕ ਮਾਰਗ 'ਤੇ ਚਲਣ ਲਈ ਗਿਆਨ ਮਿਲੇ, ਸੁਮੱਤ ਮਿਲੇ।

ਫ਼ਿਲਮਾਂ ਜਾਂ ਟੀ.ਵੀ. ਸੀਰੀਅਲ ਵੇਖਣ ਦਾ ਇਕ ਹੋਰ ਵੱਡਾ ਨੁਕਸਾਨ ਇਹ ਵੀ ਹੈ ਕਿ ਜਦੋਂ ਤੁਸੀਂ ਇਹ ਚੀਜ਼ਾਂ ਦੇਖਦੇ ਹੋ ਤੇ ਫਿਰ ਜਦੋਂ ਜਪੁਜੀ ਸਾਹਿਬ, ਸੁਖਮਨੀ ਸਾਹਿਬ ਪੜ੍ਹਨ ਬੈਠੋਗੇ ਅਤੇ ਸਿਮਰਨ 'ਚ ਬੈਠਣ ਦਾ ਯਤਨ ਕਰੋਗੇ ਤਾਂ ਉਹੀ ਸੀਨ ਤੁਹਾਡੀਆਂ ਅੱਖਾਂ ਸਾਹਮਣੇ ਆਉਣਗੇ ਤੇ ਗੁਰੂ ਨਾਨਕ ਦੇ ਚਰਨਾਂ ਵਿਚ ਤੁਹਾਡਾ ਧਿਆਨ ਨਹੀਂ ਜੁੜ ਪਾਵੇਗਾ। ਇਸ ਲਈ ਯਤਨ ਕਰੋ ਅੱਖਾਂ ਨੂੰ ਓਹੀ ਚੀਜ਼ਾਂ ਦਿਖਾਓ ਜਿਸ ਨਾਲ ਗੁਰੂ ਹੀ ਯਾਦ ਆਵੇ, ਗੁਰੂ ਦੀ ਮੂਰਤ ਹੀ ਅੱਖਾਂ ਵਿਚ ਵੱਸੇ। ਜੇ ਅਸੀਂ ਇਸ ਤਰ੍ਹਾਂ ਦੀ ਪਕੜ ਨੂੰ ਨਹੀਂ ਸੰਭਾਲਿਆ ਤਾਂ ਸਾਡੇ ਨਾਲੋਂ ਤਾਂ ਹੀਰ ਚੰਗੀ ਜਿਹੜੀ ਹਰ ਵੇਲੇ ਰਾਂਝੇ ਦੀ ਯਾਦ ਵਿਚ ਮਸਤ ਰਹਿੰਦੀ ਸੀ। ਉਸ ਦੇ ਨੇਤ੍ਰਾਂ ਵਿਚ ਹਰ ਵੇਲੇ ਰਾਂਝਾ ਵਸਦਾ ਸੀ ਕਿਉਂਕਿ ਜਿਸ ਨੂੰ ਤੁਸੀਂ ਹਰ ਵੇਲੇ ਯਾਦ ਕਰੋਗੇ, ਪਿਆਰ ਕਰੋਗੇ, ਉਹੀ ਤਾਂ ਵੱਸੇਗਾ ਤੁਹਾਡੇ ਨੇਤ੍ਰਾਂ ਵਿਚ। ਹੀਰ ਦੀ ਮਾਂ ਨੇ ਜਦੋਂ ਆਖਿਆ ਸੀ ਹੀਰ ਨੂੰ ਕੰਧ ਵਿਚ ਸੂਈ ਟੰਗਣ ਵਾਸਤੇ ਤਾਂ ਉਸ ਨੂੰ ਕੰਧ ਵਿਚ ਵੀ ਕਿਧਰੇ ਸੂਈ ਟੰਗਣ ਨੂੰ ਜਗ੍ਹਾ ਨਹੀਂ ਸੀ ਲੱਭੀ, ਕਿਉਂਕਿ ਉਸ ਨੂੰ ਕੰਧ ਵਿਚ ਵੀ ਹਰ ਥਾਂ 'ਤੇ ਰਾਂਝਾ ਨਜ਼ਰ ਆ ਰਿਹਾ ਸੀ। ਅਸਲ ਵਿਚ ਰਾਂਝਾ ਕੰਧ ਵਿਚ ਨਹੀਂ, ਬਲਕਿ ਉਸ ਦੀਆਂ ਅੱਖਾਂ ਵਿਚ ਵਸਿਆ ਹੋਇਆ ਸੀ। ਤੁਸੀਂ ਵੀ ਐਹੋ ਜਿਹਾ ਪਿਆਰ ਕਰੋ ਆਪਣੇ ਗੁਰੂ ਨਾਨਕ ਨਾਲ ਕਿ ਤੁਹਾਡੀਆਂ ਵੀ ਅੱਖਾਂ ਵਿਚ ਹਰ ਵੇਲੇ ਗੁਰੂ ਨਾਨਕ ਹੀ ਵੱਸਿਆ ਹੋਵੇ। ਤੁਹਾਡੇ ਵਿਚੋਂ ਕੋਈ ਗੁਰੂ ਨਾਨਕ ਦਾ ਧਿਆਨ ਧਰਦਾ ਹੋਵੇ ਜਾਂ ਛੇਵੇਂ ਪਾਤਿਸ਼ਾਹ ਦਾ ਜਾਂ ਕਲਗੀਆਂ ਵਾਲੇ ਦਾ ਜਾਂ ਬਾਬਾ ਦੀਪ ਸਿੰਘ ਜੀ ਦਾ, ਜਿਥੇ ਵੀ ਕਿਸੇ ਦੀ ਸ਼ਰਧਾ ਹੈ, ਪ੍ਰੇਮ ਹੈ, ਉਹ ਜਦੋਂ ਦੂਸਰੀਆਂ ਚੀਜ਼ਾਂ ਵੇਖੇਗਾ ਤਾਂ ਗੁਰੂ ਨੂੰ ਤਾਂ ਕੱਢਣਾ ਪਵੇਗਾ ਨਾ ਨੇਤ੍ਰਾਂ ਵਿਚੋਂ। ਬਾਬਾ ਜੀ ਬਚਨ ਕਰਦੇ ਸਨ, ਜਿਹੜੇ ਦੂਜੇ ਰੰਗ ਤਮਾਸ਼ੇ ਹਨ ਇਹ ਨਰਕਾਂ ਦਾ ਮੂੰਹ ਦਿਖਾਉਂਦੇ ਹਨ ਤੇ ਗੁਰੂ ਨਾਨਕ ਦੇ ਘਰ

ਦੇ ਧਾਰਮਿਕ ਪ੍ਰੋਗਰਾਮ ਇਹ ਸੱਚਖੰਡ ਵਿਚ ਜਗ੍ਹਾ ਦਿਖਾਉਂਦੇ ਹਨ।

ਜ਼ਰੂਰ ਤੋਲਿਓ ਆਪਣੇ ਆਪ ਨੂੰ ਤੇ ਤੋਲ ਕੇ ਕਿਧਰੇ ਛੱਡ ਨਾ ਦੇਣਾ। ਜਿਥੇ ਪੁੰਨ ਬਨਾਉਣੇ ਹਨ, ਸੰਭਾਲਣੇ ਵੀ ਹਨ। ਭਾਵੇਂ ਆਹਿਸਤਾ-ਆਹਿਸਤਾ ਘਟਾ ਲਵੋ, ਪਰ ਬੇਨਤੀ ਜੇ ਦਾਸ ਦੀ, ਗੁਰੂ ਘਰ ਦੇ ਕੂਕਰ ਦੀ, ਅੱਜ ਤੋਂ ਘਟਾਉਣ ਵਾਲੇ ਬੰਨੇ ਤੁਰ ਪੈਣਾ। ਜੇ ਕੋਈ 5 ਸੀਰੀਅਲ ਵੇਖਦਾ ਹੈ ਤਾਂ 4 ਕਰ ਦੇਵੇ। ਜੇ 4 ਵੇਖਦਾ ਹੈ ਤਾਂ 3 ਕਰ ਦੇਵੇ। ਜੇ ਕੋਈ ਤਿੰਨ 'ਤੇ ਹੈ ਤਾਂ ਉਹ ਦੋ 'ਤੇ ਆ ਜਾਵੇ, ਦੋ ਵਾਲਾ ਇਕ 'ਤੇ ਆ ਜਾਵੇ, ਇਕ ਵਾਲਾ ਗੁਰੂ ਦੀ ਕਿਰਪਾ ਨਾਲ ਸਦਾ ਲਈ ਹੀ ਛੱਡ ਦੇਵੇ। ਸਤਿਗੁਰੂ ਸਾਨੂੰ ਅੱਖਾਂ ਦੀ ਪੱਕੜ ਤੋਂ ਬਚਾਉਣ।

ਤੀਸਰੀ ਹੈ ਰਸਨਾ ਦੀ ਪਕੜ—ਤੀਸਰੀ ਪਕੜ ਹੈ ਰਸਨਾ ਦੀ। ਰਸਨਾ ਦਾ ਸਾਡੇ ਸਰੀਰ ਵਿਚ ਬਹੁਤ ਵੱਡਾ ਰੋਲ ਹੈ। ਰਸਨਾ ਦੋ ਕੰਮ ਕਰਦੀ ਹੈ, ਇਕ ਸੁਆਦ ਲੈਣ ਦਾ, ਇਕ ਬੋਲਣ ਦਾ-ਇਨ੍ਹਾਂ ਦੋਵਾਂ 'ਤੇ ਕੰਟਰੋਲ ਕਰਨਾ ਜ਼ਰੂਰੀ ਹੈ।

ਇਹ ਰਸਨਾ ਹੀ ਹੈ ਜਿਸ ਨਾਲ ਦੋ ਮਿੱਠੇ ਬੋਲ ਬੋਲਿਆਂ, ਦੁਸ਼ਮਣ ਵੀ ਮਿੱਤਰ ਬਣ ਜਾਂਦੇ ਹਨ। ਇਸੇ ਰਸਨਾ ਤੋਂ ਨਿਕਲੇ ਗ਼ਲਤ ਬੋਲ ਮਿੱਤਰਤਾ ਨੂੰ ਵੀ ਦੁਸ਼ਮਣੀ ਵਿਚ ਬਦਲ ਦੇਂਦੇ ਹਨ। ਮਿੱਠੇ ਬੋਲ ਸੀਤਲਤਾ ਦੇਂਦੇ ਹਨ ਤੇ ਕੌੜੇ ਬੋਲ ਦੂਸਰੇ ਦਾ ਹਿਰਦਾ ਸਾੜ ਦਿੰਦੇ ਹਨ। ਕਹਾਵਤ ਵੀ ਹੈ ਕਿ ਤਲਵਾਰ ਦਾ ਫੱਟ ਭਰ ਜਾਂਦਾ ਹੈ, ਜ਼ੁਬਾਨ ਦਾ ਨਹੀਂ। ਕਿਧਰੇ ਕਿਸੇ ਨਾਲ ਕੋਈ ਮਨ-ਮੁਟਾਵ ਹੋਵੇ, ਜ਼ਰਾ ਜਿਹਾ ਰਸਨਾ ਨਾਲ ਇਤਨਾ ਹੀ ਕਹਿ ਦੇਵੋ ਕਿ ਗ਼ਲਤੀ ਹੋ ਗਈ, ਕਈਆਂ ਸਾਲਾਂ ਦੀਆਂ ਪਈਆਂ ਹੋਈਆਂ ਕੰਧਾਂ ਵੀ ਡਿੱਗ ਕੇ ਜੱਫੀਆਂ ਪੈ ਜਾਂਦੀਆਂ ਹਨ। ਰਸਨਾ ਦਾ ਇਤਨਾ ਵੱਡਾ ਸਥਾਨ ਹੈ ਕਿ ਤੁਸੀਂ ਚਾਹੋ ਤਾਂ ਇਸ ਨਾਲ ਟੁੱਟੀਆਂ ਗੰਢਾ ਲਵੋ।

ਤੁਸੀਂ ਇਕ ਚੀਜ਼ ਨੋਟ ਕਰੋ ਕਿ ਕ੍ਰੋਧ ਕਿੰਨੀ ਮਾੜੀ ਚੀਜ਼ ਹੈ ਤੇ ਇਹ ਕ੍ਰੋਧ ਪ੍ਰਗਟ ਕਿੱਥੋਂ ਹੁੰਦਾ ਹੈ ? ਇਹ ਕ੍ਰੋਧ ਵੀ ਤਾਂ ਰਸਨਾ ਰਾਹੀਂ ਹੀ ਪ੍ਰਗਟ ਹੁੰਦਾ ਹੈ। ਇਸ ਲਈ ਯਤਨ ਕਰੋ ਕਿ ਵੱਧ ਤੋਂ ਵੱਧ ਇਸ 'ਤੇ ਕੰਟ੍ਰੋਲ ਕੀਤਾ ਜਾਵੇ। ਗੁਰੂ ਅਮਰਦਾਸ ਜੀ ਦੇ ਇਤਿਹਾਸ ਵਲ ਝਾਤੀ ਮਾਰੀਏ। ਗੁਰੂ ਸਾਹਿਬ ਨੇ ਆਪਣੀ ਬੱਚੀ ਬੀਬੀ ਭਾਨੀ ਨੂੰ ਉਸ ਦੇ ਵਿਆਹ ਸਮੇਂ ਕੀ ਬਚਨ ਕੀਤੇ ਸਨ। ਗੁਰੂ ਸਾਹਿਬ ਨੇ ਕਿਹਾ ਸੀ ਕਿ ਮੈਂ ਤੈਨੂੰ ਤੇਰੇ ਵਿਆਹ ਵਿਚ ਕਿਹੜਾ ਦਾਜ ਦੇਵਾਂ, ਕਿਉਂਕਿ ਜਿਹੜੀ ਚੀਜ਼ ਵੀ ਦੇਵਾਂਗਾ ਬਿਨਸ ਜਾਣੀ ਹੈ। ਫਿਰ ਕੁਝ ਸੋਚ ਕੇ ਕਹਿੰਦੇ ਹਨ, ਮੈਂ ਤੈਨੂੰ ਇਹ 'ਤਿੰਨ ਭੱਭੇ' ਦਾਜ ਵਿਚ ਦੇ ਰਿਹਾ ਹਾਂ, ਇਨ੍ਹਾਂ ਨੂੰ ਸੰਭਾਲ ਕੇ ਰਖੀਂ, ਜਿਸ ਨਾਲ ਤੇਰਾ ਲੋਕ ਵੀ ਤੇ ਪ੍ਰਲੋਕ ਵੀ ਸੁਖੀ ਸੁਹੇਲਾ ਹੋ ਜਾਵੇਗਾ। ਉਹ ਤਿੰਨ ਭੱਭੇ ਕਿਹੜੇ ਸਨ-

ਭੱਭਾ-ਭੁੱਲ ਗਈ ਜੀ ! ਭੱਭਾ-ਭਲਾ ਜੀ !! ਭੱਭਾ-ਭਾਣਾ ਜੀ !!!

## ਸ਼ਰਧਾ ਦੀ ਸਤਵੀਂ ਨਿਸ਼ਾਨੀ

ਹੁਣ ਧਿਆਨ ਦੇਣਾ, ਪਹਿਲੇ ਦੋਵਾਂ ਭੱਭਿਆਂ ਦਾ ਸੰਬੰਧ ਰਸਨਾ ਨਾਲ ਹੈ। ਸਤਿਗੁਰੂ ਬੀਬੀ ਭਾਨੀ ਜੀ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਐ ਮੇਰੀ ਬੱਚੀ ! ਜੇ ਤੇਰੇ ਘਰ ਵਿਚ ਕੋਈ ਉੱਚੀ ਨੀਵੀਂ ਗੱਲ ਹੋ ਜਾਵੇ, ਤਾਂ ਬਹਿਸ ਵਿਚ ਨਾ ਪਵੀਂ। ਆਪਣੀ ਰਸਨਾ 'ਤੇ ਕਾਬੂ ਰਖੀਂ ਤੇ ਇਸ ਰਸਨਾ ਨਾਲ ਸਿਰਫ ਇੰਨਾ ਹੀ ਕਹਿ ਦੇਵੀਂ, ਭੁੱਲ ਗਈ ਜੀ। ਆਪਣੀ ਰਸਨਾ 'ਤੇ ਅਗਰ ਤੂੰ ਕਾਬੂ ਰਖੇਂਗੀ ਤਾਂ ਤੇਰਾ ਘਰ ਕਲੇਸ਼ ਤੋਂ ਬਚ ਜਾਵੇਗਾ।

ਦੂਜੇ ਭੱਭੇ ਦਾ ਸੰਬੰਧ ਵੀ ਰਸਨਾ ਨਾਲ ਹੈ। ਕਹਿੰਦੇ ਹਨ, ਜੇ ਤੈਨੂੰ ਕੋਈ ਘਰ ਦਾ ਜੀਅ ਕੋਈ ਐਸਾ ਕੰਮ ਕਰਨ ਨੂੰ ਕਹਿ ਦੇਵੇ, ਜੋ ਤੇਰਾ ਕਰਨ ਤੇ ਮਨ ਨਾ ਕਰ ਰਿਹਾ ਹੋਵੇ, ਪਰ ਆਪਣੀ ਰਸਨਾ 'ਤੇ ਕਾਬੂ ਰਖੀਂ, ਅਗੋਂ ਜੁਆਬ ਨਾ ਦੇਵੀਂ। ਮੌਕਾ ਸੰਭਾਲਣ ਲਈ ਆਪਣੀ ਰਸਨਾ 'ਤੇ ਕੰਟਰੋਲ ਰਖੀਂ ਤੇ ਇਹ ਆਖ ਦੇਵੀਂ 'ਭਲਾ ਜੀ'। ਇਕ ਤੇਰਾ ਰਸਨਾ 'ਤੇ ਕੰਟਰੋਲ ਰੱਖਣ ਨਾਲ ਤੇਰਾ ਘਰ ਸਵਰਗ ਬਣ ਜਾਵੇਗਾ, ਘਰ ਵਿਚ ਕਲ-ਕਲੇਸ਼ ਨਹੀਂ ਪਵੇਗਾ।

ਤੁਸੀਂ ਵੀ ਯਤਨ ਕਰਿਆ ਕਰੋ ਕਿ ਜਿਤਨਾ ਵੱਧ ਤੋਂ ਵੱਧ ਹੋ ਸਕੇ, ਰਸਨਾ ਦੀ ਇੰਦ੍ਰੀ 'ਤੇ ਵੱਧ ਤੋਂ ਵੱਧ ਕੰਟ੍ਰੋਲ ਰਖੋ। ਤੁਹਾਡੀ ਰਸਨਾ ਘਰ-ਘਰ ਵਿਚ ਮਿਠਾਸ ਘੋਲੇ, ਗੁਰਦੁਆਰੇ ਵਿਚ, ਸਮਾਜ ਵਿਚ, ਹਰ ਥਾਂ, ਜਿਥੇ ਵੀ ਮਾਲਕ ਤੁਹਾਡੇ ਕੋਲੋਂ ਡਿਊਟੀ ਲਵੇ, ਉਥੇ ਆਪਣੀ ਰਸਨਾ ਨਾਲ ਮਿਠਾਸ ਹੀ ਵੰਡੋ। ਕ੍ਰੋਧ ਦਾ ਤਿਆਗ ਕਰੋ। ਜੇ ਕ੍ਰੋਧ ਦਾ ਤਿਆਗ ਕਰਨਾ ਔਖਾ ਜਾਪੇ ਤਾਂ ਘਬਰਾ ਨਾ ਜਾਣਾ। ਮਹਾਂਪੁਰਸ਼ ਜੁਗਤੀ ਦੇਂਦੇ ਸਨ ਕਿ ਜਿਹੜੀ ਚੀਜ਼ ਕਾਬੂ 'ਚ ਨਾ ਆਵੇ, ਉਸ ਨੂੰ ਕਾਬੂ ਕਰਨ ਲਈ, ਥੋੜੇ-ਥੋੜੇ ਦਿਨ ਦਾ ਆਪਣੇ 'ਤੇ ਬੈਨ ਲਾ ਲਿਆ ਕਰੋ। ਕ੍ਰੋਧ ਕਾਬੂ ਵਿਚ ਨਹੀਂ ਆਉਂਦਾ, ਆਪਣੇ ਤੇ 7 ਦਿਨ ਦਾ ਬੈਨ ਲਾ ਲਵੋ ਕਿ ਮੈਂ 7 ਦਿਨ ਕਿਸੇ ਨਾਲ ਗ਼ੁੱਸੇ ਨਾਲ ਨਹੀਂ ਬੋਲਣਾ। ਜੇ 7 ਦਿਨ ਔਖੇ ਲੱਗੇ, 3 ਦਿਨ ਦਾ ਲਗਾ ਲਵੋ। ਇਸ ਤਰ੍ਹਾਂ ਬੈਨ ਲਗਾਓਗੇ ਤਾਂ ਫਿਰ ਹੌਲੀ-ਹੌਲੀ ਤੁਰ ਪਵੋਗੇ।

SIKHBOOKCLUB.COM

ਦਾਸ ਨੂੰ ਇਕ ਬਚਨ ਯਾਦ ਆ ਗਿਆ। ਇਕ ਗੱਡੀ ਦੇ ਟੀ.ਟੀ. ਨੇ ਇਕ ਰਸਾਲੇ ਵਿਚ ਆਪਣੀ ਹੱਡ ਬੀਤੀ ਲਿਖੀ ਸੀ। ਦਾਸ ਨੇ ਪੜ੍ਹੀ, ਆਪ ਜੀ ਨਾਲ ਸਾਂਝੀ ਕਰਾਂ। ਉਸ ਨੇ ਲਿਖਿਆ ਸੀ ਕਿ ਮੈਂ ਇਕ ਦਿਨ ਗੱਡੀ ਵਿਚ ਟਿਕਟਾਂ ਚੈੱਕ ਕਰ ਰਿਹਾ ਸੀ ਕਿ ਗੱਡੀ ਵਿਚ ਉਸ ਸਮੇਂ ਹਿੰਦੂ ਧਰਮ ਦੇ ਸੰਤ ਲੀਲਾ ਸ਼ਾਹ ਵੀ ਗੱਡੀ ਵਿਚ ਸਫਰ ਕਰ ਰਹੇ ਸਨ। 10-12 ਸੇਵਕ ਵੀ ਉਹਨਾਂ ਦੇ ਨਾਲ ਸਨ। ਬੜਾ ਇਲਾਹੀ ਨੂਰ ਸੀ ਉਨ੍ਹਾਂ ਦੇ ਚੇਹਰੇ 'ਤੇ। ਉਹ ਟੀ.ਟੀ. ਕਹਿੰਦਾ ਹੈ ਕਿ ਮੈਂ ਉਨ੍ਹਾਂ ਨੂੰ ਜਾਣਦਾ ਨਹੀਂ ਸੀ। ਉਨ੍ਹਾਂ ਦੇ ਸੇਵਕ ਨੂੰ ਪੁੱਛ ਲਿਆ ਤਾਂ ਸੇਵਕਾਂ ਦੱਸਿਆ ਕਿ ਇਹ ਸੰਤ ਲੀਲਾ ਸ਼ਾਹ ਜੀ ਹਨ। ਮੈਂ ਵੀ ਸੁਭਾਵਿਕ ਹੀ ਉਨ੍ਹਾਂ ਨੂੰ ਕਹਿ ਦਿੱਤਾ, ਮਹਾਂਪੁਰਸ਼ੋ ! ਮੇਰੇ 'ਤੇ ਵੀ ਕਿਰਪਾ ਕਰੋ, ਮੈਨੂੰ ਵੀ ਅਸੀਸ

ਦਿਓ, ਪਰ ਉਹ ਚੁੱਪ ਰਹੇ, ਕੁਝ ਨਾ ਬੋਲੇ। ਫਿਰ ਜਦੋਂ ਮੈਂ ਆਪਣੀ ਗੱਲ 2-3 ਵਾਰੀ ਦੁਹਰਾਈ ਤਾਂ ਉਹ ਕਹਿਣ ਲੱਗੇ, ਅਸੀਸ ਫਰੀ ਵਿਚ ਨਹੀਂ ਮਿਲਦੀ, ਭੇਟਾ ਲਗਦੀ ਹੈ। ਜੇ ਤੂੰ ਰਬ ਦੇ ਘਰ ਵਿਚੋਂ ਅਸੀਸ ਲੈਣੀ ਚਾਹੁੰਦਾ ਹੈਂ ਤਾਂ ਸਾਡੇ ਨਾਲ ਇਹ ਬਚਨ ਕਰ ਕਿ ਮੈਂ ਅੱਜ ਤੋਂ ਕ੍ਰੋਧ ਨਹੀਂ ਕਰਾਂਗਾ। ਉਹ ਟੀ.ਟੀ. ਲਿਖਦਾ ਹੈ ਕਿ ਮੈਂ ਹੱਥ ਖੜੇ ਕਰ ਦਿੱਤੇ, ਮੈਂ ਕਿਹਾ ਅਸੀਸ ਦੇਣੀ ਜੇ ਤੇ ਦਿਓ ਨਹੀਂ ਦੇਣੀ ਤੇ ਨਾ ਦਿਓ, ਪਰ ਮੈਂ ਕ੍ਰੋਧ ਨਹੀਂ ਛੱਡ ਸਕਦਾ।

ਇਥੇ ਇਕ ਗੱਲ ਯਾਦ ਰਖਿਓ, ਜਿਹੜਾ ਪੂਰਨ ਮਹਾਂਪੁਰਸ਼ ਹੁੰਦਾ ਹੈ, ਉਹ ਜਦੋਂ ਇਹ ਦੇਖਦਾ ਹੈ ਕਿ ਸੌਦਾ ਨਹੀਂ ਵਿਕ ਰਿਹਾ ਤਾਂ ਰੇਟ ਘਟਾ ਦੇਂਦਾ ਹੈ, ਕਿਉਂਕਿ ਉਨ੍ਹਾਂ ਦਾ ਕੰਮ ਹੁੰਦਾ ਹੈ ਜਗਤ ਨੂੰ ਸਹੀ ਰਾਹ 'ਤੇ ਤੋਰਨਾ। ਸੰਤ ਜੀ ਕਹਿੰਦੇ ਹਨ, ਅਸੀਂ ਤੈਨੂੰ ਰਿਆਇਤ ਕਰ ਦੇਂਦੇ ਹਾਂ। ਟੀ.ਟੀ. ਕਹਿੰਦਾ ਹੈ ਕਿ ਰਿਆਇਤ ਕਿਵੇਂ ? ਉਹ ਕਹਿੰਦੇ ਹਨ ਕਿ ਜੇ ਤੂੰ ਹਮੇਸ਼ਾ ਵਾਸਤੇ ਕ੍ਰੋਧ ਨਹੀਂ ਛੱਡ ਸਕਦਾ ਤਾਂ 7 ਦਿਨ ਲਈ ਹੀ ਛੱਡ ਦੇ। ਜਦੋਂ ਉਨ੍ਹਾਂ ਨੇ ਇਹ ਗੱਲ ਕਹੀ ਤਾਂ ਟੀ.ਟੀ. ਕਹਿੰਦਾ ਹੈ ਕਿ ਮੈਂ ਮਨ ਵਿਚ ਸੋਚਿਆ 7 ਦਿਨ ਤਾਂ ਕੱਟ ਹੀ ਲਵਾਂਗੇ ਔਖੇ ਸੌਖੇ ਹੋ ਕੇ। ਜਦੋਂ ਮੈਂ ਸੰਤਾਂ ਦੀ ਬੇਨਤੀ ਮੰਨ ਕੇ ਪ੍ਰਵਾਨਗੀ ਦਿੱਤੀ ਤਾਂ ਉਨ੍ਹਾਂ ਨੇ ਪ੍ਰਸੰਨਤਾ ਦੇ ਘਰ ਵਿਚ ਆ ਕੇ ਮੇਰੇ ਸਿਰ 'ਤੇ ਹੱਥ ਰਖਿਆ ਤੇ ਮੈਨੂੰ ਅਸੀਸ ਵੀ ਦਿੱਤੀ। ਹੁਣ ਸੰਤ ਤਾਂ ਗੱਡੀ ਤੋਂ ਉਤਰ ਕੇ ਆਪਣੇ ਟਿਕਾਣੇ ਚਲੇ ਗਏ ਤੇ ਉਸ ਟੀ.ਟੀ. ਨੇ ਜੋ ਆਪਣੇ 'ਤੇ ਕ੍ਰੋਧ ਛੱਡਣ ਦਾ ਬੈਨ ਲਾਇਆ ਸੀ, ਉਸ ਦਾ ਤੀਸਰਾ ਦਿਨ ਸੀ। ਉਹ ਆਪਣੀ ਡਿਊਟੀ ਮੁਤਾਬਿਕ ਗੱਡੀ ਵਿਚ ਯਾਤਰੂਆਂ ਦੀਆਂ ਟਿਕਟਾਂ ਚੈੱਕ ਕਰ ਰਿਹਾ ਸੀ। ਰਾਤ ਦੇ ਕੋਈ 10 ਵਜੇ ਦਾ ਸਮਾਂ ਸੀ, ਉਤਲੀ ਸੀਟ 'ਤੇ ਇਕ ਮੁਸਾਫ਼ਰ ਸੁੱਤਾ ਪਿਆ ਸੀ। ਟੀ.ਟੀ. ਨੇ ਉਸ ਨੂੰ ਹਿਲਾ ਕੇ ਟਿਕਟ ਚੈੱਕ ਕਰਾਉਣ ਲਈ ਕਿਹਾ ਤਾਂ ਉਹ ਮੁਸਾਫ਼ਰ ਜਿਸ ਦਾ ਆਪਣੀ ਰਸਨਾ ਤੇ ਕੰਟ੍ਰੋਲ ਨਹੀਂ ਸੀ, ਟੀ.ਟੀ. ਨੂੰ ਟੁੱਟ ਕੇ ਪੈ ਗਿਆ ਤੇ ਕ੍ਰੋਧ ਵਿਚ ਆ ਕੇ ਕਹਿਣ ਲੱਗਾ, ਜਦੋਂ ਦਿਲ ਕਰਦਾ ਹੈ, ਮੂੰਹ ਚੁੱਕ ਕੇ ਆ ਜਾਂਦੇ ਹਨ ਟਿਕਟ ਚੈੱਕ ਕਰਨ, ਸਵੇਰ ਦਾ ਥੱਕਾ ਹਾਰਾ ਹੁਣੇ ਸੁੱਤਾ ਸੀ ਕਿ ਆ ਕੇ ਉਠਾ ਦਿੱਤਾ ਹੈ। ਕੋਈ ਟਾਈਮ ਨਹੀਂ ਤੁਹਾਡਾ ਵੀ ਟਿਕਟ ਚੈੱਕ ਕਰਨ ਦਾ, ਇਹ ਵੀ ਨਹੀਂ ਦੇਖਦੇ ਕਿ ਬੰਦਾ ਸੁੱਤਾ ਹੈ ਤੇ ਥੋੜੀ ਰੁੱਕ ਕੇ ਟਿਕਟ ਚੈੱਕ ਕਰ ਲਵਾਂਗੇ।

ਉਹ ਟੀ.ਟੀ. ਮਨ 'ਚ ਸੋਚਣ ਲੱਗਾ ਕਿ ਮੈਂ ਟਿਕਟ ਚੈਕਰ ਹਾਂ। ਮੇਰੀ ਮਰਜ਼ੀ ਹੈ ਮੈਂ ਜਿਸ ਵੇਲੇ ਮਰਜ਼ੀ ਟਿਕਟ ਚੈੱਕ ਕਰਾਂ। ਮੇਰੀ ਇੰਨੀਆਂ ਸਾਰੀਆਂ ਸਵਾਰੀਆਂ ਦੇ ਸਾਹਮਣੇ ਕੁਬੋਲ ਬੋਲ ਕੇ ਬੇਇੱਜ਼ਤੀ ਕੀਤੀ ਹੈ। ਉਹ ਕਹਿੰਦਾ ਹੈ ਕਿ ਮੈਂ ਕ੍ਰੋਧ ਨਾਲ ਜਵਾਬ ਦੇਣ ਹੀ ਲੱਗਾ ਸੀ ਸਵਾਰੀ ਨੂੰ ਕਿ ਨਾਲ ਹੀ ਮਹਾਂਪੁਰਸ਼ਾਂ ਨੂੰ ਦਿੱਤਾ ਬਚਨ ਯਾਦ ਆ ਗਿਆ ਕਿ ਮੈਂ 7 ਦਿਨ ਕ੍ਰੋਧ ਨਹੀਂ ਕਰਨਾ ਤੇ ਅਜੇ ਤਾਂ ਤੀਸਰਾ ਦਿਨ ਹੈ। ਇਹ ਯਾਦ ਆਉਂਦੇ ਹੀ ਪੂਰੀ ਕੋਸ਼ਿਸ਼ ਕਰ ਕੇ ਮੈਂ ਆਪਣੇ ਗ਼ੁੱਸੇ ਨੂੰ ਪੀ ਲਿਆ ਤੇ ਆਪਣੀ ਰਸਨਾ

'ਤੇ ਕਾਬੂ ਕੀਤਾ ਤੇ ਸਵਾਰੀ ਨੂੰ ਆਖਿਆ ਕਿ ਮੈਂ ਤੁਹਾਡੀ ਨੀਂਦ ਖ਼ਰਾਬ ਕੀਤੀ ਹੈ, ਮੈਨੂੰ ਤੁਸੀਂ ਮਾਫ਼ੀ ਦੇ ਦੇਣੀ ਤੇ ਮੈਨੂੰ ਤੁਸੀਂ ਜਦੋਂ ਕਹੋਗੇ ਮੈਂ ਉਸ ਸਮੇਂ ਆ ਕੇ ਤੁਹਾਡੀ ਟਿਕਟ ਚੈੱਕ ਕਰ ਲਵਾਂਗਾ। ਇਹ ਲਫ਼ਜ਼ ਸੁਣਦਿਆਂ ਹੀ ਉਸ ਬੰਦੇ ਦਾ ਵੀ ਗ਼ੁੱਸਾ ਉਤਰ ਗਿਆ ਤੇ ਉਹ ਝੱਟ ਆਪਣੀ ਸੀਟ ਤੋਂ ਉਤਰ ਕੇ ਥੱਲੇ ਆਇਆ ਤੇ ਕਹਿਣ ਲੱਗਾ, ਮੈਂ ਨੀਂਦਰ ਵਿਚ ਪਤਾ ਨਹੀਂ ਤੁਹਾਨੂੰ ਕੀ ਕੁਝ ਬੋਲ ਦਿੱਤਾ ਹੈ, ਮਾਫ਼ੀ ਤਾਂ ਮੈਨੂੰ ਮੰਗਣੀ ਚਾਹੀਦੀ ਹੈ ਤੁਹਾਡੇ ਕੋਲੋਂ, ਉਲਟਾ ਤੁਸੀਂ ਮੇਰੇ ਕੋਲੋਂ ਮਾਫ਼ੀ ਮੰਗ ਕੇ ਮੈਨੂੰ ਸ਼ਰਮਿੰਦਾ ਕਰ ਰਹੇ ਹੋ। ਤੁਸੀਂ ਇਹ ਮੇਰੀ ਟਿਕਟ ਹੁਣੇ ਹੀ ਚੈੱਕ ਕਰ ਸਕਦੇ ਹੋ। ਟੀ.ਟੀ. ਉਸ ਦੀ ਟਿਕਟ ਚੈੱਕ ਕਰ ਕੇ ਅਗਾਂਹ ਜਾਣ ਲੱਗਾ ਤਾਂ ਉਸ ਸਵਾਰੀ ਨੇ ਉਸ ਦੀ ਬਾਂਹ ਫੜ ਕੇ ਆਪਣੇ ਕੋਲ ਬਿਠਾ ਲਿਆ ਤੇ ਆਖਿਆ, ਤੁਸੀਂ ਆਪਣੀ ਟਿਕਟਾਂ ਚੈੱਕ ਕਰਨ ਦੀ ਡਿਊਟੀ ਭੁਗਤਾ ਲਵੋ, ਫਿਰ ਅਸੀਂ ਇਕੱਠੇ ਖਾਣਾ ਖਾਵਾਂਗੇ। ਮੈਂ ਤੁਹਾਡੀ ਗੱਲਬਾਤ ਦੇ ਢੰਗ ਤੋਂ ਇਤਨਾ ਪ੍ਰਭਾਵਿਤ ਹੋਇਆ ਹਾਂ ਕਿ ਅੱਜ ਤੋਂ ਮੈਂ ਤੁਹਾਨੂੰ ਆਪਣਾ ਮਿੱਤਰ ਬਣਾਉਂਦਾ ਹਾਂ।

ਟੀ.ਟੀ. ਨੇ ਵਾਰਤਾ ਲਿਖੀ ਕਿ ਅਸੀਂ ਇਕੱਠੇ ਰੋਟੀ ਖਾਧੀ। ਮੈਂ ਆਪਣਾ ਕਾਰਡ ਪਤਾ ਉਸ ਨੂੰ ਦਿੱਤਾ ਤੇ ਉਸਨੇ ਮੈਨੂੰ ਦਿੱਤਾ। ਟੀ.ਟੀ. ਕਹਿੰਦਾ ਹੈ ਕਿ ਉਸ ਦਿਨ ਮੈਨੂੰ ਗਿਆਨ ਹੋ ਗਿਆ ਕਿ ਇਕ ਰਸਨਾ 'ਤੇ ਕੰਟਰੋਲ ਕਰਨ ਨਾਲ ਕਿਵੇਂ ਇਕੱਠੇ ਖਾਣਾ ਖਾ ਰਹੇ ਹਾਂ, ਇਕ ਦੂਜੇ ਨੂੰ ਐਡਰੈਸ ਦੇ ਰਹੇ ਹਾਂ। ਜੇ ਮੈਂ 1 ਮਿੰਟ ਇਹ ਕੰਟਰੋਲ ਨਾ ਕਰਦਾ ਤਾਂ ਕਿਤਨਾ ਝਗੜਾ ਹੋਣਾ ਸੀ। ਹੁਣ ਤੁਸੀਂ ਆਪੇ ਹੀ ਅੰਦਾਜ਼ਾ ਲਾ ਲਵੋ ਕਿ ਜੇ ਉਹ ਟੀ.ਟੀ. ਕ੍ਰੋਧ ਵਿਚ ਬੋਲਦਾ ਤਾਂ ਕਿੰਨਾ ਵੱਡਾ ਫ਼ਸਾਦ ਖੜਾ ਹੋ ਜਾਣਾ ਸੀ ਤੇ ਰਸਨਾ 'ਤੇ ਰਖੇ ਦੋ ਮਿੰਟ ਦੇ ਕੰਟ੍ਰੋਲ ਨੇ ਉਨ੍ਹਾਂ ਨੂੰ ਹਮੇਸ਼ਾ ਲਈ ਮਿੱਤਰ ਬਣਾ ਦਿੱਤਾ। ਉਹ ਟੀ.ਟੀ. ਹੁਣ ਮਹਾਂਪੁਰਸ਼ਾਂ ਦੇ ਦਿੱਤੇ ਬਚਨ ਦੀ ਕੀਮਤ ਨੂੰ ਸਮਝ ਗਿਆ ਤੇ ਹਮੇਸ਼ਾਂ ਲਈ ਇਹ ਗੁਣ ਉਸ ਨੇ ਆਪਣੀ ਜ਼ਿੰਦਗੀ ਵਿਚ ਧਾਰ ਲਿਆ ਤੇ ਸੋਚਿਆ ਮਹਾਂਪੁਰਸ਼ੋ ! ਹੁਣ 7 ਦਿਨ ਨਹੀਂ ਹਮੇਸ਼ਾ ਲਈ ਕ੍ਰੋਧ ਛੱਡਿਆ। ਇਹ ਤੁਸੀਂ ਸਾਰਿਆਂ ਨੇ ਗੁਣ ਲੈਣਾ ਹੈ ਕਿ ਕ੍ਰੋਧ ਰਸਨਾ ਰਾਹੀਂ ਪ੍ਰਗਟ ਹੁੰਦਾ ਹੈ। ਜੇ ਇਸ ਦਾ ਤਿਆਗ ਇਕ ਦਮ ਨਾ ਵੀ ਹੋਵੇ ਤਾਂ ਹੌਲੀ-ਹੌਲੀ ਵੀ ਬੈਨ ਲਾ ਕੇ ਕਰੀ ਜਾਵੋ ਤਾਂ ਵੀ ਕ੍ਰਿਪਾ ਹੋ ਜਾਵੇਗੀ।

ਰਸਨਾ ਬੋਲਣ ਤੋਂ ਇਲਾਵਾ ਖਾਣ ਦਾ ਵੀ ਕੰਮ ਕਰਦੀ ਹੈ। ਇਹ ਵੀ ਧਿਆਨ ਰੱਖਣਾ ਹੈ ਕਿ ਗੁਰਮਤ ਦੇ ਮੁਤਾਬਿਕ ਰਸਨਾ ਰਾਹੀਂ ਕੀ ਖਾਣਾ ਜਾਇਜ਼ ਹੈ ਤੇ ਕੀ ਨਹੀਂ। ਭਾਈ ਵੀਰ ਸਿੰਘ ਜੀ ਦੇ ਬਚਨ ਹਨ ਕਿ ਜਿਹੜੀਆਂ ਚੀਜ਼ਾਂ ਵਿਚ 20 ਤੋਂ 25% ਜਾਨ ਹੈ, ਉਹ ਖਾਣੀਆਂ ਜਾਇਜ਼ ਹਨ ਤੇ ਜਿਨ੍ਹਾਂ ਵਿਚ ਪੂਰੀ ਜਾਨ ਹੈ, ਉਹ ਖਾਣੀਆਂ ਜਾਇਜ਼ ਨਹੀਂ ਹਨ। ਜਿਤਨੀਆਂ ਵੀ ਸਬਜ਼ੀਆਂ ਜਾਂ ਫਲ ਆਦਿ ਅਸੀਂ ਖਾਂਦੇ ਹਾਂ ਉਨ੍ਹਾਂ ਵਿਚ ਚੌਥਾ ਹਿੱਸਾ ਜਾਨ ਗਿਣੀ ਜਾਂਦੀ ਹੈ। ਪੱਤਿਆਂ ਵਿਚ ਵੀ ਜਾਨ ਹੈ, ਇਹ ਵੀ ਵੱਧਦੇ ਫੁਲਦੇ ਹਨ। ਇਨ੍ਹਾਂ ਵਿਚ 25% ਜਾਨ ਗਿਣੀ ਜਾਂਦੀ ਹੈ ਭਾਵ ਕਿ ਕਿੰਨੇ ਹੀ ਪਦਾਰਥ

ਜੋ ਨਿਰੰਕਾਰ ਨੇ ਸਾਡੇ ਖਾਣ ਲਈ ਬਣਾਏ ਹਨ, ਜਿਨ੍ਹਾਂ ਵਿਚ ਚੌਥਾ ਹਿੱਸਾ ਜਾਨ ਗਿਣੀ ਜਾਂਦੀ ਹੈ, ਇਹ ਖਾਣੇ ਜਾਇਜ਼ ਹਨ। ਅਮਰੀਕਾ ਦੇ ਰਹਿਣ ਵਾਲੇ ਗੁਰਮੁਖ ਪਿਆਰੇ ਭਾਈ ਹਰਭਜਨ ਸਿੰਘ ਯੋਗੀ ਜੀ ਨੂੰ ਕਿਸੇ ਨੇ ਸੁਆਲ ਕੀਤਾ ਸੀ ਕਿ ਮੀਟ ਖਾਣਾ ਜਾਇਜ਼ ਹੈ ਕਿ ਨਹੀਂ ? ਉਨ੍ਹਾਂ ਦਾ ਜੁਆਬ ਸੀ ਕਿ ਜੋ ਗੁਰੂ ਰਾਮਦਾਸ ਦੇ ਦਰ 'ਤੇ ਲੰਗਰ ਵਿਚ ਬਣਦਾ ਹੈ ਉਹ ਹੀ ਖਾਣਾ ਜਾਇਜ਼ ਹੈ। ਸੋ ਰਸਨਾ ਦੋ ਵੱਡੇ ਕੰਮ ਕਰਦੀ ਹੈ ਬੋਲਣ ਦਾ ਤੇ ਸੁਆਦ ਲੈਣ ਦਾ। ਇਹਨਾਂ ਦੋਹਾਂ 'ਤੇ ਸਾਡਾ ਕੰਟਰੋਲ ਹੋਵੇ।

ਚੌਥੀ ਹੈ ਕੰਨਾਂ ਦੀ ਪਕੜ—ਚੌਥੀ ਪਕੜ ਹੈ ਕੰਨਾਂ ਦੀ। ਜਿਨ੍ਹਾਂ ਦੀ ਗੁਰੂ 'ਤੇ ਸ਼ਰਧਾ ਹੈ, ਉਨ੍ਹਾਂ ਦੀ ਇਹ ਵੀ ਨਿਸ਼ਾਨੀ ਹੈ ਕਿ ਉਹ ਆਪਣੇ ਕੰਨਾਂ ਨੂੰ ਗੁਰੂ ਦੇ ਉਪਦੇਸ਼ ਮੁਤਾਬਿਕ ਬਾਣੀ ਸੁਨਣ ਵਿਚ ਲਗਾਉਂਦੇ ਹਨ, ਜਿਵੇਂ ਕਿ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਦੀ ਬਾਣੀ ਰਾਹੀਂ ਸਾਡੀ ਕੰਨਾਂ ਦੀ ਇੰਦ੍ਰੀ ਲਈ ਉਪਦੇਸ਼ ਦੇ ਰਹੇ ਹਨ-

*ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥*
*ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥*

(ਅੰਗ ੯੨੨)

ਸਤਿਗੁਰੂ ਉਪਦੇਸ਼ ਕਰ ਰਹੇ ਹਨ ਕਿ ਹੇ ਕੰਨੋ ! ਸੱਚੇ ਪ੍ਰਮੇਸ਼ਰ ਨੇ ਤੁਹਾਨੂੰ ਨਾਮ ਸੁਨਣ ਦੇ ਲਈ ਸਰੀਰ ਦੇ ਨਾਲ ਲਗਾਇਆ ਹੈ, ਇਸ ਲਈ ਤੁਸੀਂ ਸੱਚੀ ਬਾਣੀ ਨੂੰ ਸੁਣੋ।

*ਮੇਰੇ ਮਨ ਕਰਨ ਸੁਣਿ ਹਰਿ ਨਾਮੁ॥*
*ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨ ਬਪੁਰੋ ਜਾਮੁ॥*

(ਅੰਗ ੧੦੦੬)

ਬਾਣੀ ਸੁਨਣ ਦੇ ਨਾਲ ਕਰੋੜਾਂ ਪੁੰਨਾਂ ਦੀ ਪ੍ਰਾਪਤੀ ਹੁੰਦੀ ਹੈ। ਤਕੜੀ ਦੇ ਇਕ ਛਾਬੇ ਵਿਚ ਕਰੋੜਾਂ ਪੁੰਨ ਪਾ ਲਈਏ ਤੇ ਇਕ ਛਾਬੇ ਵਿਚ ਬਾਣੀ ਸੁਨਣ ਦੀ ਦਾਤ, ਦੋਵੇਂ ਇਕ ਬਰਾਬਰ ਹਨ। ਦਾਸ ਕੋਈ ਗੱਲ ਆਪਣੇ ਕੋਲੋਂ ਨਹੀਂ ਲਿਖ ਰਿਹਾ, ਬਾਣੀ ਗਵਾਹੀ ਦੇ ਰਹੀ ਹੈ-

*ਕੋਟਿ ਪੁੰਨ ਸੁਣਿ ਹਰਿ ਕੀ ਬਾਣੀ॥*

(ਅੰਗ ੨੩੮)

ਪਾਓ ਆਪਣੇ ਮਨਾਂ 'ਤੇ ਝਾਤੀ, ਹਰਿਮੰਦਰ ਸਾਹਿਬ ਜਾ ਕੇ ਜਾਂ ਜਿਥੇ ਵੀ ਕਿਧਰੇ ਕੀਰਤਨ ਸੁਨਣ ਨੂੰ ਮਿਲੇ, ਕੋਈ ਘੰਟਾ-ਅੱਧਾ ਘੰਟਾ, ਦੋ ਘੰਟੇ ਕੀਰਤਨ ਸੁਨਣ ਵਿਚ ਸਮਾਧੀ ਲਗਦੀ ਹੈ ਕਿ ਨਹੀਂ। ਸਾਡੇ ਨਾਲੋਂ ਤਾਂ ਉਨ੍ਹਾਂ ਅੰਗ੍ਰੇਜ਼ਾਂ ਨੇ ਅੱਗੇ ਲੰਘ ਜਾਣਾ ਹੈ ਜਿਹੜੇ ਅਮਰੀਕਾ ਜਾਂ ਹੋਰ ਮੁਲਕਾਂ ਵਿਚ ਕਲਗੀਧਰ ਦੇ ਸਿੱਖ ਸਜ ਰਹੇ ਹਨ। ਕਦੀ ਤੁਸੀਂ ਨੋਟ ਕੀਤਾ ਹੈ ਕਿਧਰੇ ਹਰਿਮੰਦਰ ਸਾਹਿਬ ਬੈਠ ਕੇ ਕੀਰਤਨ ਸੁਣਦੇ ਹੋਣ ਤਾਂ ਦੋ-

ਦੋ, ਤਿੰਨ-ਤਿੰਨ ਘੰਟੇ ਗੋਡਾ ਨਹੀਂ ਹਿਲਾਉਂਦੇ। ਕੰਨਾਂ ਰਾਹੀਂ ਬਾਣੀ ਦਾ ਇਕ-ਇਕ ਕਿਣਕਾ ਆਪਣੇ ਖੇਤ ਰੂਪੀ ਸਰੀਰ ਵਿਚ ਪੁਆਉਂਦੇ ਹਨ। ਇਸ ਨੂੰ ਕਹਿੰਦੇ ਹਨ ਬਾਣੀ ਨੂੰ ਸੁਨਣਾ, ਕੀਰਤਨ ਵਿਚ ਸਮਾਧੀ ਲਗਾਉਣਾ। ਕੰਨ ਬਾਣੀ ਸੁਣ ਰਹੇ ਹੋਣ, ਅੰਦਰ ਹਿਰਦੇ 'ਚ ਜਾ ਕੇ ਵੱਜ ਰਹੀਆਂ ਹੋਣ ਬਾਣੀ ਦੀਆਂ ਪੰਕਤੀਆਂ। ਸੁਰਤ ਜੁੜੀ ਹੋਵੇ ਗੁਰੂ ਸਾਹਿਬ ਦੇ ਚਰਨਾਂ ਵਿਚ, ਐਸੀ ਸੁਰਤ ਜੁੜੀ ਹੋਵੇ ਕਿ ਕੀਰਤਨ ਸੁਣਦੇ-ਸੁਣਦੇ ਸਾਡੀਆਂ ਗੁਰੂ ਸਾਹਿਬ ਨਾਲ ਹਿਰਦੇ ਰਾਹੀਂ ਗੱਲਾਂ ਹੋ ਰਹੀਆਂ ਹੋਣ। ਗ਼ੁਸਾ ਨਾ ਕਰਿਓ, ਅਸੀਂ ਵੀ ਕਈ ਵਾਰੀ ਕੋਸ਼ਿਸ਼ ਕਰਦੇ ਹਾਂ, ਅੱਖਾਂ ਬੰਦ ਕਰ ਕੇ ਕੀਰਤਨ ਸੁਨਣ ਦੀ, ਪਰ ਕਿਸੇ ਨੂੰ 10 ਮਿੰਟ ਬਾਅਦ ਤੇ ਕਿਸੇ ਨੂੰ 15-20 ਮਿੰਟ ਬਾਅਦ ਹੀ ਐਸੀ ਝੋਕ ਆਉਂਦੀ ਹੈ ਕਿ ਕਿਤਨਾ ਸਮਾਂ ਬੀਤ ਜਾਂਦਾ ਹੈ ਪਤਾ ਹੀ ਨਹੀਂ ਲਗਦਾ। ਕਈ ਵਾਰੀ ਥੋੜੀ-ਥੋੜੀ ਦੇਰ ਬਾਅਦ ਸੁਰਤ ਆਉਂਦੀ ਹੈ ਤੇ ਦੋ ਚਾਰ ਪੰਕਤੀਆਂ ਕੰਨਾਂ ਵਿਚ ਪੈਂਦੀਆਂ ਹਨ, ਫਿਰ ਨੀਂਦਰ ਜ਼ੋਰ ਪਾ ਦੇਂਦੀ ਹੈ। ਇਹ ਅੱਧ ਨੀਂਦਰਾ ਅਵਸਥਾ ਹੈ, ਯਤਨ ਕਰੋ ਸੁਚੇਤ ਅਵਸਥਾ ਵਿਚ ਰਹੋ। ਬੇਨਤੀ ਕਰਿਆ ਕਰੋ ਗੁਰੂ ਸਾਹਿਬ ਦੇ ਚਰਨਾਂ ਵਿਚ ਕਿ ਸਾਡੇ ਕੰਨਾਂ ਨੂੰ ਕੀਰਤਨ ਬਾਣੀ ਸੁਨਣ ਦੀ ਦਾਤ ਬਖ਼ਸ਼ੋ। ਜਿਸ ਨੂੰ ਬਾਣੀ ਸੁਨਣ ਦੀ ਦਾਤ ਮਿਲ ਜਾਵੇ, ਆਪ ਜੀ ਰੋਜ਼ ਪੜ੍ਹਦੇ ਹੋ ਜਪੁਜੀ ਸਾਹਿਬ ਵਿਚ, ਕਿੰਨੀਆਂ ਬਖ਼ਸ਼ਿਸ਼ਾਂ ਹਨ-

SIKHBOOKCLUB.COM

*ਸੁਣਿਐ ਦੂਖ ਪਾਪ ਕਾ ਨਾਸੁ ॥*

(ਜਪੁਜੀ ਸਾਹਿਬ)

ਕੰਨਾਂ ਨਾਲ ਨਾਮ ਬਾਣੀ ਸੁਨਣ ਨਾਲ ਦੁੱਖਾਂ-ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਵਜ਼ੀਰ ਖ਼ਾਂ ਦੇ ਜਲੋਧਰ ਦਾ ਰੋਗ ਬਾਣੀ ਸੁਨਣ ਨਾਲ ਹੀ ਰਾਜ਼ੀ ਹੋਇਆ ਸੀ। ਸੰਤਾਂ ਪਾਸੋਂ ਨਾਮ ਸੁਨਣ ਕਾਰਨ ਹੀ ਅਜਾਮਲ ਅਤੇ ਸਧਨੇ ਕਸਾਈ ਦੇ ਪਾਪ ਕੱਟੇ ਗਏ। ਜਪੁਜੀ ਸਾਹਿਬ ਦੀ ਬਾਣੀ ਵਿਚ ਨਾਮ ਬਾਣੀ ਸੁਨਣ ਦੀ ਮਹਿਮਾ ਦੀਆਂ ਚਾਰ ਪਉੜੀਆਂ ਹਨ। ਅਸੀਂ ਰੋਜ਼ ਇਹ ਪਉੜੀਆਂ ਪੜ੍ਹਦੇ ਹਾਂ ਤੇ ਅਗਾਂਹ ਨਿਕਲ ਜਾਂਦੇ ਹਾਂ ਪਰ ਗੁਰੂ ਕਿਰਪਾ ਕਰੇ, ਕਿਧਰੇ ਇਹ ਸੁਣੀਐ ਦੀ ਮਹਿਮਾ ਪੜ੍ਹ ਕੇ ਸਾਨੂੰ ਗਿਆਨ ਮਿਲ ਜਾਵੇ ਤੇ ਸਾਨੂੰ ਵੀ ਨਾਮ ਬਾਣੀ ਸੁਨਣ ਦਾ ਰੰਗ ਲਗ ਜਾਵੇ। ਦਾਸ ਦਾਅਵੇ ਨਾਲ ਲਿਖ ਰਿਹਾ ਹੈ ਕਿ ਜਦੋਂ ਸਾਡੇ ਕੰਨਾਂ ਨੂੰ ਨਾਮ ਬਾਣੀ ਸੁਨਣ ਦਾ ਰਸ ਮਿਲ ਗਿਆ, ਫਿਰ ਗੁਰੂ ਸਾਹਿਬ ਦੇ ਚਰਨਾਂ ਵਿਚ ਸਾਡੀਆਂ ਇਹ ਬੇਨਤੀਆਂ ਅੰਦਰੋਂ ਨਿਕਲਣਗੀਆਂ-

*ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥*
*ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥*

(ਅੰਗ ੮੨੦)

ਹੇ ਮੇਰੇ ਸਤਿਗੁਰੂ ! ਕਿਰਪਾ ਕਰ ਕੇ ਮੇਰੇ ਕੰਨਾਂ ਨੂੰ ਦੂਸਰੇ ਗੀਤ ਨਾ ਸੁਣਾਈਂ। ਕਈ ਵਾਰੀ ਜਦੋਂ ਕਈਆਂ ਦੇ ਘਰਾਂ ਵਿਚ ਜਾਣ ਦਾ ਮੌਕਾ ਮਿਲਦਾ ਹੈ ਤੇ ਉਨ੍ਹਾਂ ਦੇ ਘਰਾਂ ਦੀਆਂ ਸੈਲਫ਼ਾਂ 'ਤੇ ਗੰਦਿਆਂ ਗਾਣਿਆਂ ਦੀਆਂ ਟੇਪਾਂ ਨਜ਼ਰ ਪੈਂਦੀਆਂ ਹਨ ਤਾਂ ਇਤਨਾ ਮਨ ਅੰਦਰੋਂ ਦੁਖੀ ਹੁੰਦਾ ਹੈ ਕਿ ਸਿੱਖਾਂ ਦਾ ਘਰ ਹੋਵੇ, ਅੰਮ੍ਰਿਤਧਾਰੀਆਂ ਦਾ ਘਰ ਹੋਵੇ, ਉਨ੍ਹਾਂ ਦੇ ਘਰ ਵਿਚ ਗੰਦੇ ਗਾਣਿਆਂ ਦੀਆਂ ਟੇਪਾਂ ਚਲਣ, ਜਿਹੜੀਆਂ ਨਰਕਾਂ ਨੂੰ ਲੈ ਜਾਣ। ਉਹ ਗੀਤ ਕਿਉਂ ਨਾ ਚਲਣ ਜਿਹੜੇ ਗੁਰੂ ਨਾਨਕ ਦੇ ਨੇੜੇ ਲੈ ਜਾਣ, ਸਚਖੰਡ ਨੂੰ ਲੈ ਜਾਣ, ਬੈਕੁੰਠ ਨੂੰ ਲੈ ਜਾਣ। ਗੁਰੂ ਨਾਨਕ, ਕਲਗੀਆਂ ਵਾਲੇ ਦੇ ਸਿੱਖਾਂ ਦੇ ਘਰ ਵਿਚ ਤਾਂ ਸ਼ਬਦਾਂ ਦੀਆਂ, ਗੁਰਬਾਣੀ ਦੀਆਂ ਟੇਪਾਂ ਦੀ ਲਾਈਨ ਲੱਗੀ ਹੋਣੀ ਚਾਹੀਦੀ ਹੈ ਜਿਨ੍ਹਾਂ ਨੂੰ ਸੁਣ ਕੇ ਉਨ੍ਹਾਂ ਦਾ ਧਿਆਨ ਆਪਣੇ ਗੁਰੂ ਦੇ ਪਿਆਰੇ ਚਰਨਾਂ ਵਿਚ ਜੁੜ ਜਾਵੇ। ਪਾਇਓ ਮਨਾਂ 'ਤੇ ਝਾਤੀ, ਸਾਡੇ ਕੰਨਾਂ ਨੂੰ ਗੁਰਬਾਣੀ ਦੀਆਂ ਟੇਪਾਂ ਸੁਨਣ ਵਿਚ ਰਸ ਮਿਲਦਾ ਹੈ ਕਿ ਫ਼ਿਲਮੀ ਗੀਤਾਂ, ਨਾਟਕਾਂ ਵਿਚ ?

ਪੰਜਵੀਂ ਹੈ ਵਾਸ਼ਨਾ ਦੀ ਪਕੜ—ਇਥੇ ਇਕ ਗੱਲ ਧਿਆਨ ਰੱਖਣੀ, ਭਾਈ ਗੁਰਦਾਸ ਜੀ ਦੀਆਂ ਰਚਿਤ ਪੰਕਤੀਆਂ ਹਨ-

*ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।*

(ਭਾਈ ਗੁਰਦਾਸ ਜੀ, ਵਾਰ ੬, ਪਉੜੀ ੮)

SIKHBOOKCLUB.COM

ਜਿਸ ਨਾਲ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਾਵਾਂ ਲਈਆਂ ਹਨ, ਉਹ 'ਏਕਾ ਨਾਰੀ ਜਤੀ ਹੈ' ਪਰ ਜੇ ਕਿਧਰੇ ਹੋਰ ਮਾੜੀ ਦ੍ਰਿਸ਼ਟੀ ਰੱਖਦਾ ਹੈ ਤਾਂ ਇਹ ਵਾਸ਼ਨਾ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਨਾਰੀ ਲਈ ਪਰਾਏ ਮਰਦ ਦਾ ਸੰਗ ਜਾਂ ਮਰਦ ਲਈ ਪਰਾਈ ਨਾਰੀ ਦਾ ਸੰਗ, ਇਹ ਵੀ ਨਾਮ ਜਪਣ ਵਾਲੇ ਦੇ ਰਸਤੇ ਵਿਚ ਇਕ ਬਹੁਤ ਵੱਡੀ ਖਾਈ ਹੈ। ਨਾਮ ਜਪਣ ਵਾਲੇ ਨੂੰ ਤਾਂ ਪਰਾਈ ਨਾਰੀ ਜਾਂ ਪਰਾਏ ਮਰਦ ਦਾ ਸੰਗ ਕਰਨਾ ਤਾਂ ਕੀ, ਉਸ ਚੀਜ਼ ਦੇ ਫੁਰਨੇ ਤੋਂ ਵੀ ਬੱਚਣਾ ਹੈ। ਬਾਬਾ ਜੀ ਤਾਂ ਇਥੋਂ ਤਕ ਬਚਨ ਕਰਦੇ ਸਨ ਕਿ ਜਦੋਂ ਵਿਆਹ ਨੂੰ ਕੁਝ ਸਾਲ ਬੀਤ ਗਏ, ਬੱਚੇ ਹੋ ਗਏ, ਬੱਚੇ ਵੱਡੇ ਹੋ ਗਏ, ਫਿਰ ਬ੍ਰਹਮਚਰਜ ਰੱਖ ਲਵੋ। ਇਕ ਤੇ ਹੈ ਬਿਹੰਗਮ-ਸ਼ਾਦੀ ਕਰਾਈ ਹੀ ਨਹੀਂ ਪਰ ਇਕ ਹੈ ਪਤਨੀ ਹੁੰਦਿਆਂ ਬ੍ਰਹਮਚਰਜ। ਕੁਝ ਸਮਾਂ ਸੀ ਆਪਣੀ ਗ੍ਰਿਹਸਥੀ ਦੀ ਡਿਊਟੀ ਨਿਬਾਹੀ, ਫਿਰ ਇਸ ਚੀਜ਼ 'ਤੇ ਕੰਟ੍ਰੋਲ ਕੀਤਾ ਜਾਵੇ। ਗੁਰਮੁਖਾਂ 'ਤੇ ਇਹੋ ਜਿਹਾ ਸਮਾਂ ਆਉਂਦਾ ਹੈ ਕਿ ਸ਼ਾਦੀ ਨੂੰ ਕੁਝ ਸਾਲ ਬੀਤ ਗਏ, ਫਿਰ ਇਹ ਚੀਜ਼ ਕੰਟਰੋਲ ਵਿਚ ਆ ਜਾਂਦੀ ਹੈ। ਕਈ ਇਹ ਗੱਲ ਪੜ੍ਹ ਕੇ ਹੈਰਾਨ ਹੁੰਦੇ ਹੋਣਗੇ ਕਿ ਇਹ ਕਿਵੇਂ ਸੰਭਵ ਹੈ ਪਰ ਐਸਾ ਹੈ। ਜਿਉਂ ਜਿਉਂ ਕੋਈ ਨਾਮ ਜਪਦਾ ਹੈ, ਇਸ ਨੂੰ ਰਸ ਪ੍ਰਾਪਤ ਹੁੰਦਾ ਹੈ। ਨਿਰੰਕਾਰ ਦੇ ਚਰਨਾਂ ਦੇ ਰਸ ਵਲ ਵੱਧਦਾ ਹੈ ਤੇ ਇਸ ਝੂਠੇ ਰਸ ਦੀ ਪਕੜ ਨਿਕਲਦੀ

ਜਾਂਦੀ ਹੈ। ਗੁਰੂ ਸਾਹਿਬ ਵੀ ਉਪਦੇਸ਼ ਦਿੰਦੇ ਹਨ-

*ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥*
*ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥*

(ਅੰਗ ੮੦੨)

ਹੁਣ ਇਹ ਜੋ ਸਾਰੀਆਂ ਪਕੜਾਂ ਦੀ ਗੁਰੂ ਸਾਹਿਬ ਦੀ ਕਿਰਪਾ ਨਾਲ ਵਿਚਾਰਾਂ ਸਾਂਝੀਆਂ ਹੋਈਆਂ ਹਨ ਤਾਂ ਇਨ੍ਹਾਂ ਦਾ ਨਿਚੋੜ ਲੈਣਾ ਕਿ ਝੂਠੇ ਰੰਗ ਤਮਾਸ਼ੇ ਵੇਖ ਕੇ ਅੱਖਾਂ ਰਜਦੀਆਂ ਨਹੀਂ। ਰਸਨਾ ਨਾਲ ਫ਼ਾਲਤੂ ਬੋਲ-ਕੁਬੋਲ ਬੋਲਣ ਦਾ ਵੀ ਕੋਈ ਫ਼ਾਇਦਾ ਨਹੀਂ, ਸਗੋਂ ਨੁਕਸਾਨ ਹੀ ਹੈ। ਰਸਨਾ ਨਾਲ ਤਰ੍ਹਾਂ-ਤਰ੍ਹਾਂ ਦੇ ਪਦਾਰਥ ਦੇ ਰਸ ਭੋਗਣ ਨਾਲ ਵੀ ਸੰਤੋਖ ਨਹੀਂ ਹੋ ਸਕਦਾ। ਕੰਨਾਂ ਨਾਲ ਗੰਦੇ ਗੀਤ-ਨਾਦ ਸੁਨਣ ਜਾਂ ਦੂਸਰਿਆਂ ਦੀ ਨਿੰਦਾ ਸੁਨਣ ਜਾਂ ਕਰਨ ਵਿਚ ਵੀ ਤ੍ਰਿਪਤੀ ਪ੍ਰਾਪਤ ਨਹੀਂ ਹੋ ਸਕਦੀ। ਅਸਲੀ ਅਨੰਦ ਤਾਂ ਗੁਰੂ ਦੇ ਪ੍ਰੇਮ ਵਿਚ ਹੈ। ਗੁਰੂ ਨਾਲ ਪ੍ਰੀਤ ਹੀ ਸੱਚੀ ਵਸਤੂ ਹੈ, ਸੱਚੀ ਰਹੁ-ਰੀਤ ਹੈ। ਭਾਈ ਗੁਰਦਾਸ ਜੀ ਦੀਆਂ ਪੰਕਤੀਆਂ ਵੀ ਇਸੇ ਗੱਲ ਦੀ ਪੁਸ਼ਟੀ ਕਰ ਰਹੀਆਂ ਹਨ-

*ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।*
*ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।*
*ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ।*
*ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।*
*ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।*
*ਪੀਰ ਮੁਰੀਦਾਂ ਪਿਰਹੜੀ ਸਚੀ ਰਹ ਰਾਸੇ॥ ੯॥*

(ਵਾਰ ੨੭, ਪਉੜੀ ੯)

ਗੁਰੂ ਦੇ, ਪ੍ਰਮੇਸ਼ਰ ਦੇ ਪ੍ਰੇਮ ਵਿਚ ਲੀਨ ਹੋ ਕੇ ਜੋ ਉਸ ਦੇ ਨਾਮ ਰਸ ਨੂੰ ਪੀਂਦਾ ਹੈ, ਕਿਉਂਕਿ ਇਸ ਰਸ ਨੂੰ ਚਖਣ ਤੋਂ ਬਾਅਦ ਇਹ ਪਤਾ ਲਗ ਜਾਂਦਾ ਹੈ ਕਿ ਇਸ ਦੇ ਬਰਾਬਰ ਹੋਰ ਕੋਈ ਰਸ ਨਹੀਂ। ਜਿਸ ਤਰ੍ਹਾਂ ਸਵੇਰ ਹੁੰਦੇ ਹੀ ਹਨੇਰਾ ਦੂਰ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਪ੍ਰਮੇਸ਼ਰ ਦੇ ਪ੍ਰੇਮ ਦੀ ਸਵੇਰ ਹੋਣ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਇੰਦ੍ਰੀਆਂ ਦੇ ਭੋਗ ਵੀ ਨਸ਼ਟ ਭਰਸ਼ਟ ਹੋ ਕੇ ਦੌੜ ਜਾਂਦੇ ਹਨ। ਜਿਵੇਂ ਸ੍ਰਕਾਰ ਦੀ ਮੋਹਰ ਲੱਗੀ ਪ੍ਰਾਪਰਟੀ 'ਤੇ ਕਿਸੇ ਦਾ ਅਖ਼ਤਿਆਰ ਨਹੀਂ ਹੁੰਦਾ, ਠੀਕ ਉਸੇ ਤਰ੍ਹਾਂ ਜਦੋਂ ਹਿਰਦੇ 'ਤੇ ਨਿਰੰਕਾਰੀ ਮੋਹਰ ਲਗ ਜਾਵੇ ਤਾਂ ਜਿਤਨੇ ਵੀ ਸੰਸਾਰ ਦੇ ਭੋਗ ਹਨ, ਵਾਸ਼ਨਾਵਾਂ ਹਨ, ਤ੍ਰਿਸ਼ਨਾਵਾਂ ਹਨ, ਭੱਜ ਜਾਂਦੀਆਂ ਹਨ।

ਇਹ ਹੈ ਸ਼ਰਧਾ ਦੀ ਸੱਤਵੀਂ ਨਿਸ਼ਾਨੀ। ਸੰਸਾਰੀ ਪਕੜ ਨਿਕਲ ਜਾਵੇਗੀ ਤੇ ਨਿਰੰਕਾਰੀ ਪਕੜ ਆ ਜਾਵੇਗੀ। ਇਹ ਪੜ੍ਹਨ ਦਾ ਤਾਂ ਹੀ ਫਾਇਦਾ ਹੈ ਜੇ ਪੜ੍ਹ ਕੇ ਆਪਣੇ ਅੰਦਰ ਨੂੰ ਤੋਲੋ, ਚਾਨਣ ਲਿਆਓ ਕਿ ਅਸੀਂ ਕਿਥੇ ਖੜੇ ਹਾਂ ਤੇ ਗੁਰੂ ਅੱਗੇ ਅਰਦਾਸ ਕਰ ਕੇ ਅਗਾਂਹ ਵਧਣ ਦੀ ਕੋਸ਼ਿਸ਼ ਕਰਿਓ। ਬਾਬਾ ਜੀ ਬਚਨ ਕਰਦੇ ਸਨ ਕਿ ਜਿਸ ਨੇ ਅੰਮ੍ਰਿਤ ਵੇਲਾ ਸੰਭਾਲ ਲਿਆ, ਟੀ.ਵੀ. 'ਤੇ ਕੰਟ੍ਰੋਲ ਕਰ ਲਿਆ, ਆਪਣੀ ਵਾਸ਼ਨਾ ਨੂੰ ਕੰਟ੍ਰੋਲ ਵਿਚ ਕਰ ਲਿਆ, ਮਾਇਆ ਦੀ ਪਕੜ ਨੂੰ ਕੰਟ੍ਰੋਲ ਕਰ ਲਿਆ, ਫਿਰ ਰੱਬ ਉਸ ਦੇ ਪਿੱਛੇ-ਪਿੱਛੇ। ਜੇਕਰ ਚਾਹੁੰਦੇ ਹੋ ਜੀਵਨ ਦੀ ਅਸਲੀ ਮੰਜ਼ਿਲ ਨੂੰ ਪਾਉਣਾ, ਜੇ ਚਾਹੁੰਦੇ ਹੋ ਅਸਲੀ ਅਨੰਦ ਦੀ ਪ੍ਰਾਪਤੀ ਤਾਂ ਸੰਸਾਰੀ ਪਕੜਾਂ ਘਟਾਉਂਦੇ ਜਾਓ ਤੇ ਗੁਰੂ ਦੇ ਚਰਨਾਂ ਨਾਲ ਪ੍ਰੇਮ ਵਧਾਉਂਦੇ ਜਾਓ। ਇਨ੍ਹਾਂ ਦੋਨਾਂ ਕੰਮਾਂ ਲਈ ਯਤਨਸ਼ੀਲ ਰਹੋ। ਜਿਉਂ-ਜਿਉਂ ਦੁਨੀਆਵੀ ਪਕੜ, ਸੰਸਾਰੀ ਭੋਗਾਂ ਦੀ ਪਕੜ ਘੱਟਦੀ ਜਾਵੇਗੀ, ਨਿਰੰਕਾਰੀ ਪਕੜ ਵੱਧਦੀ ਜਾਵੇਗੀ, ਗੁਰੂ ਦੇ ਚਰਨਾਂ ਨਾਲ ਪ੍ਰੇਮ ਵੱਧਦਾ ਜਾਵੇਗਾ, ਕਿਉਂਕਿ ਇਨ੍ਹਾਂ ਦੋਵਾਂ ਦੀ ਆਪਸੀ ਗੰਢ ਹੈ। ਇਕ ਦਿਨ ਐਸਾ ਆਵੇਗਾ ਕਿ ਸੰਸਾਰਿਕ ਬੰਧਨਾਂ ਦੀ ਪਕੜ ਖ਼ਤਮ ਹੋ ਜਾਵੇਗੀ ਤੇ ਨਿਰੰਕਾਰ ਦੇ ਚਰਨਾਂ 'ਚ ਮਨ ਭਿੱਜ ਜਾਵੇਗਾ। ਨਿਰੰਕਾਰ ਦੇ ਪ੍ਰੇਮ ਦਾ, ਨਿਰੰਕਾਰ ਦੇ ਚਰਨਾਂ ਦਾ ਰਸ, ਅਸਲੀ ਅਨੰਦ ਦੀ ਪ੍ਰਾਪਤੀ ਹੋ ਜਾਵੇਗੀ। ਕਈ ਕਹਿ ਦਿੰਦੇ ਹਨ ਕਿ ਅਸੀਂ ਚਾਹੁੰਦੇ ਤਾਂ ਹਾਂ ਪ੍ਰਮੇਸ਼ਰ ਦੇ ਮਾਰਗ 'ਤੇ ਤੁਰਨਾ ਪਰ ਸਾਨੂੰ ਸੰਸਾਰਿਕ ਬੰਧਨਾਂ ਨੇ, ਪ੍ਰਵਾਰ ਦੇ ਬੰਧਨਾਂ ਨੇ ਬੰਨ੍ਹਿਆ ਹੋਇਆ ਹੈ, ਪਰ ਇਕ ਗੱਲ ਯਾਦ ਰਖਿਓ, ਇਹ ਦੁਨੀਆਂ ਦੇ ਪਦਾਰਥ, ਸੰਸਾਰਿਕ ਬੰਧਨ ਸਾਨੂੰ ਬੰਨ੍ਹ ਨਹੀਂ ਸਕਦੇ, ਅਸੀਂ ਆਪ ਹੀ ਇਨ੍ਹਾਂ ਨੂੰ ਫੜਿਆ ਹੋਇਆ ਹੈ।

ਜਿਵੇਂ ਇਕ ਗਾਥਾ ਵੀ ਹੈ ਕਿ ਇਕ ਸੰਤ ਜੀ ਪਾਸ ਇਕ ਸੱਜਣ ਗਿਆ ਤੇ ਕਹਿਣ ਲੱਗਾ, ਮਨ ਵਿਚ ਬੜੀ ਜਗਿਆਸਾ ਹੈ ਕਿ ਨਿਰੰਕਾਰ ਦੇ ਚਰਨਾਂ ਵਿਚ ਲਗਾਂ ਪਰ ਕੀ ਕਰਾਂ, ਦੁਨੀਆਵੀ ਬੰਧਨ ਨਹੀਂ ਛੱਡਦੇ। ਸੰਤ ਜੀ ਨੇ ਉਸ ਨੂੰ ਸਮਝਾਉਣ ਲਈ ਜੁਗਤੀ ਵਰਤੀ। ਉਨ੍ਹਾਂ ਨੇ ਇਕ ਦਰੱਖ਼ਤ ਨੂੰ ਘੁੱਟ ਕੇ ਜੱਫਾ ਮਾਰ ਲਿਆ ਤੇ ਕਹਿਣ ਲੱਗੇ ਇਹ ਮੈਨੂੰ ਛੱਡਦਾ ਨਹੀਂ। ਉਹ ਸੱਜਣ ਕਹਿਣ ਲੱਗਾ, ਸੰਤ ਜੀ! ਇਹ ਤੁਸੀਂ ਕੀ ਕਹਿ ਰਹੇ ਹੋ, ਦਰੱਖ਼ਤ ਨੇ ਤੁਹਾਨੂੰ ਨਹੀਂ ਫੜਿਆ ਹੋਇਆ ਬਲਕਿ ਦਰੱਖ਼ਤ ਨੂੰ ਤੁਸੀਂ ਫੜਿਆ ਹੋਇਆ ਹੈ, ਤੁਸੀਂ ਇਸ ਨੂੰ ਛੱਡ ਦਿਓ। ਸੰਤ ਜੀ ਨੇ ਉਸੇ ਵੇਲੇ ਦਰੱਖ਼ਤ ਨੂੰ ਛੱਡ ਦਿੱਤਾ ਤੇ ਆਖਿਆ, ਮੈਂ ਵੀ ਤਾਂ ਤੈਨੂੰ ਇਹੀ ਸਮਝਾਉਣਾ ਚਾਹੁੰਦਾ ਹਾਂ ਕਿ ਇਸ ਸੰਸਾਰ ਨੇ ਤੈਨੂੰ ਨਹੀਂ ਫੜਿਆ ਹੋਇਆ, ਤੂੰ ਸੰਸਾਰ ਨੂੰ ਫੜਿਆ ਹੋਇਆ ਹੈ, ਤੂੰ ਆਪ ਹੀ ਇਸ ਦੇ ਬੰਧਨ ਵਿਚ ਫਸਿਆ ਹੋਇਆ ਹੈਂ।

ਅਸੀਂ ਸਾਰੇ ਹੀ ਜਾਣਦੇ ਹਾਂ ਕਿ ਸਭ ਕੁਝ ਨਾਸ਼ਵਾਨ ਹੈ, ਇਹ ਵੀ ਜਾਣਦੇ ਹਾਂ ਕਿ ਸ਼ਾਂਤੀ ਸੰਸਾਰ ਦੇ ਭੋਗਾਂ ਵਿਚ ਜਾਂ ਸੰਸਾਰ ਦੇ ਪਦਾਰਥਾਂ ਵਿਚ ਨਹੀਂ, ਫਿਰ ਵੀ ਇਨ੍ਹਾਂ

ਨੂੰ ਛੱਡ ਕੇ ਅਸਲੀ ਤੇ ਸਦੀਵੀ ਅਨੰਦ ਦੀ ਪ੍ਰਾਪਤੀ ਦੇ ਮਾਰਗ 'ਤੇ ਤੁਰਨ ਨੂੰ ਤਿਆਰ ਨਹੀਂ। ਗੁਰੂ ਸਾਹਿਬ ਵੀ ਬਾਣੀ ਰਾਹੀਂ ਸਾਨੂੰ ਇਹੀ ਉਪਦੇਸ਼ ਦੇ ਰਹੇ ਹਨ-

*ਸਾਧੋ ਇਹੁ ਜਗੁ ਭਰਮ ਭੁਲਾਨਾ॥*
*ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ॥*
*ਮਾਤਾ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ॥*
*ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥*

(ਅੰਗ ੬੮੪)

★★★

SIKHBOOKCLUB.COM

ਜੋ ਕਿਛੁ ਕਰੀ ਸੁ ਤੇਰਾ ਤਾਣੁ॥ ਤੂੰ ਮੇਰੀ ਓਟ ਤੂੰਹੈ ਦੀਬਾਣੁ॥

# ਸ਼ਰਧਾ ਦੀ ਅੱਠਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਸਨੂੰ ਇਕਾਂਤ ਵਿੱਚ ਜੁੜਣ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਂਦੀ ਹੈ।

ਜਿਵੇਂ ਇਕ ਸਾਇੰਸਦਾਨ ਪ੍ਰਯੋਗਸ਼ਾਲਾ ਵਿੱਚ ਇਕਾਂਤ ਵਿੱਚ ਬੈਠ ਕੇ, ਆਪਣੇ ਮਨ, ਦਿਮਾਗ਼, ਸਰੀਰਕ ਤੇ ਮਾਨਸਿਕ ਤਾਣ ਨੂੰ ਪ੍ਰਯੋਗ ਕਰਨ ਵਿੱਚ ਖੱਚਤ ਕਰ ਕੇ ਕੋਈ ਨਾ ਕੋਈ ਨਵੀਂ ਖੋਜ ਕਰ ਲੈਂਦਾ ਹੈ, ਇਸੇ ਤਰ੍ਹਾਂ ਪ੍ਰਮਾਤਮਾ ਦੀ ਪ੍ਰਾਪਤੀ ਲਈ ਵੀ ਇਕਾਂਤ ਦੀ ਬਹੁਤ ਲੋੜ ਹੈ। ਪ੍ਰਮਾਤਮਾ ਦੀ ਪ੍ਰਾਪਤੀ ਲਈ ਨਾਮ ਜਪਣਾ ਬਹੁਤ ਜ਼ਰੂਰੀ ਹੈ। ਨਾਮ ਪ੍ਰਮਾਤਮਾ ਦੇ ਦੇਸ਼ ਜਾਣ ਵਾਲੀ ਗੱਡੀ ਹੈ, ਪੌੜੀ ਹੈ। ਭਾਵੇਂ ਨਾਮ ਕਿਸੇ ਵੀ ਜਗ੍ਹਾ ਤੇ ਕਿਸੇ ਵੀ ਸਮੇਂ ਜਪਿਆ ਜਾ ਸਕਦਾ ਹੈ, ਪਰ ਕਿਸੇ ਇਕਾਂਤ ਜਗ੍ਹਾ ਵਿੱਚ ਦੁਨੀਆਂ ਦੇ ਰੌਲੇ-ਰੱਪੇ ਤੋਂ ਪਰੇ ਬਿਰਤੀ ਸ਼ਾਂਤ ਕਰ ਕੇ ਜੱਪਣਾ ਜ਼ਿਆਦਾ ਲਾਭਕਾਰੀ ਹੁੰਦਾ ਹੈ। ਇਕਾਂਤ ਕਿਸ ਨੂੰ ਕਹਿੰਦੇ ਹਨ, ਜਿਥੇ ਇਕ ਤੁਸੀਂ ਹੋਵੋ, ਇਕ ਗੁਰੂ ਨਾਨਕ ਹੋਵੇ। ਜ਼ਰੂਰ ਝਾਤੀ ਪਾਇਓ ਆਪਣੇ ਅੰਦਰ, ਕੁੱਝ ਸਮਾਂ ਇਕਾਂਤ ਵਿੱਚ ਗੁਰੂ ਦੇ ਲੇਖੇ ਲਗਾਉਂਦੇ ਹੋ ਕਿ ਨਹੀਂ। ਇਕਾਂਤ ਵਿੱਚ ਜੁੜਨਾ ਪਿਆਰ ਦੀ ਨਿਸ਼ਾਨੀ ਹੈ। ਬਾਣੀ ਉਹੀ ਹੈ, ਵਾਹਿਗੁਰੂ ਸ਼ਬਦ ਉਹੀ ਹੈ, ਮੂਲਮੰਤ੍ਰ ਉਹੀ ਹੈ, ਜਿਸ ਨੂੰ ਜਪ ਕੇ ਕਈ ਤਾਂ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦੇ ਹਨ, ਜਦ ਕਿ ਕਈਆਂ ਨੂੰ ਕਈ-ਕਈ ਸਾਲ ਬੀਤ ਜਾਂਦੇ ਹਨ ਪੜ੍ਹਦਿਆਂ ਤੇ ਜਪਦਿਆਂ ਪਰ ਪ੍ਰਾਪਤੀ ਨਹੀਂ ਹੁੰਦੀ। ਇਕ ਗੱਲ ਜਾਣ ਲੈਣੀ ਕਿ ਪ੍ਰਾਪਤੀ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਹੜੇ ਇਕਾਗਰ ਚਿਤ ਹੋ ਕੇ ਜੁੜਦੇ ਹਨ ਤੇ ਇਕਾਗਰਤਾ ਲਈ ਇਕਾਂਤ ਬਹੁਤ ਜ਼ਰੂਰੀ ਹੈ। ਯਤਨ ਕਰਿਆ ਕਰੋ ਕਿ ਜੋ ਵੀ ਸਮਾਂ ਨਿਤਨੇਮ, ਸੁਖਮਨੀ ਸਾਹਿਬ ਜਾਂ ਬੈਠ ਕੇ ਸਿਮਰਨ ਵਿੱਚ ਗੁਰੂ ਨਾਨਕ ਨੂੰ ਦੇਂਦੇ ਹੋ, ਉਹ ਇਕਾਂਤ ਵਿੱਚ ਦੇਵੋ, ਇਕ ਮਨ ਇਕ ਚਿਤ, ਜਿਸ ਦੇ ਬਾਰੇ ਗੁਰੂ ਸਾਹਿਬ ਵਲੋਂ ਸੁਖਮਨੀ ਸਾਹਿਬ ਦੀ ਬਾਣੀ ਰਾਹੀਂ ਵੀ ਇਸ਼ਾਰਾ ਮਿਲਦਾ ਹੈ-

## ਸ਼ਰਧਾ ਦੀ ਅੱਠਵੀਂ ਨਿਸ਼ਾਨੀ

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥*

(ਅੰਗ ੨੯੫)

ਤੁਸੀਂ ਕਦੀ ਵਿਚਾਰ ਕਰੋ, ਦੁਨੀਆਵੀ ਕੰਮ ਅਸੀਂ ਕਿਤਨੇ ਧਿਆਨ ਨਾਲ, ਨੀਝ ਲਾ ਕੇ, ਇਕਾਗਰ ਚਿਤ ਹੋ ਕੇ ਕਰਦੇ ਹਾਂ। ਕੋਈ ਲਿਖਤ ਪੜ੍ਹਤ ਦਾ ਕੰਮ ਹੋਵੇ, ਕੋਈ ਹਿਸਾਬ ਕਿਤਾਬ ਮੇਲਣਾ ਹੋਵੇ ਤੇ ਆਖਦੇ ਹਾਂ ਕਿ ਬੜੇ ਧਿਆਨ ਨਾਲ ਕਰੀਏ ਨਹੀਂ ਤਾਂ ਜੋੜ ਵਿੱਚ ਫ਼ਰਕ ਆ ਜਾਵੇਗਾ, ਇਸ ਲਈ ਬੱਚਿਆਂ ਤੋਂ ਨਵੇਕਲੇ ਹੋ ਕੇ ਐਸਾ ਕੰਮ ਕਰਦੇ ਹਾਂ। ਬਸ ਐਸਾ ਹੀ ਧਿਆਨ, ਐਸੀ ਹੀ ਇਕਾਗਰਤਾ ਬਾਣੀ ਪੜ੍ਹਨ, ਕੀਰਤਨ ਸੁਨਣ, ਸਿਮਰਨ ਕਰਨ ਵੇਲੇ ਵੀ ਰੱਖਿਆ ਕਰੋ। ਖੱਪ ਰੌਲੇ ਤੋਂ ਪਰੇ ਕਿਸੇ ਇਕਾਂਤ ਵਿੱਚ ਬੈਠਿਆ ਜਾਵੇ। ਕਈ ਤਾਂ ਸੋਫ਼ਿਆਂ 'ਤੇ ਬੈਠ ਕੇ ਹੀ ਜਾਂ ਬਿਸਤਰਿਆਂ 'ਤੇ ਬੈਠ ਕੇ ਹੀ ਬਾਣੀ ਪੜ੍ਹੀ ਜਾਂਦੇ ਹਨ। ਤੇ ਬਾਣੀ ਪੜ੍ਹਦਿਆਂ ਵਿੱਚ ਨਾਲ ਇਕ ਦੂਜੇ ਨਾਲ ਗੱਲਾਂ ਵੀ ਕਰੀ ਜਾਂਦੇ ਹਨ। ਬੱਚਿਆਂ ਨੂੰ ਅਵਾਜ਼ਾਂ ਵੀ ਮਾਰੀ ਜਾਂਦੇ ਹਨ, ਝਿੜਕਾਂ ਵੀ ਮਾਰੀ ਜਾਂਦੇ ਹਨ। ਮਹਾਤਮ ਤਾਂ ਇਸ ਦਾ ਵੀ ਮਿਲੇਗਾ ਪਰ ਸਿਰਫ 5-10 ਪੈਸੇ, ਪਰ ਜੇ ਅਸੀਂ ਚਾਹੁੰਦੇ ਹਾਂ 100 ਪੈਸੇ ਮਹਾਤਮ ਲੈਣਾ, ਜੇ ਅਸੀਂ ਚਾਹੁੰਦੇ ਹਾਂ ਪ੍ਰਾਪਤੀ ਕਰਨੀ, ਫਿਰ ਇਹ ਜ਼ਰੂਰੀ ਹੈ ਕਿ ਇਕਾਗਰ ਚਿਤ ਹੋ ਕੇ ਬਾਣੀ ਪੜ੍ਹੀ ਜਾਵੇ, ਸਿਮਰਨ ਕੀਤਾ ਜਾਵੇ, ਪਰ ਇਹ ਸੰਭਵ ਤਾਂ ਹੀ ਹੈ ਜੇ ਤੁਸੀਂ ਇਕਾਂਤ ਵਿੱਚ ਜੁੜੋਗੇ। ਜਦੋਂ ਇਸਤਰ੍ਹਾਂ ਧਿਆਨ ਲਾ ਕੇ, ਇਕਾਗਰ ਚਿਤ ਹੋ ਕੇ ਇਕਾਂਤ ਵਿੱਚ ਜੁੜੋਗੇ, ਤਾਂ ਗੁਰੂ ਨਾਲ ਗੱਲਾਂ ਵੀ ਹੋ ਜਾਣਗੀਆਂ, ਜਿਸ ਨੂੰ ਆਖਦੇ ਹਨ—

*ਹਰਿ ਨਾਵੈ ਨਾਲਿ ਗਲਾ*
*ਹਰਿ ਨਾਵੈ ਨਾਲਿ ਮਸਲਤਿ*
*ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥*

(ਅੰਗ ੫੯੨)

ਇਕਾਂਤ ਵਿੱਚ ਜਾਣ ਨਾਲ ਗੁਰੂ ਦੇ ਨੇੜੇ ਹੋ ਜਾਵੋਗੇ, ਗੁਰੂ ਅੰਗ ਸੰਗ ਮਹਿਸੂਸ ਹੋਣ ਲੱਗ ਜਾਣਗੇ, ਗੁਰੂ ਮਿੱਤਰ ਬਣ ਜਾਣਗੇ, ਪ੍ਰਾਪਤੀ ਹੋ ਜਾਵੇਗੀ। ਗੁਰੂ ਨੂੰ ਇਕਾਗਰਤਾ ਵਾਲਾ ਸਮਾਂ ਦੇਵੋ, ਜਦੋਂ ਸ਼ਾਂਤੀ ਦਾ ਸਮਾਂ ਹੈ। ਅੰਮ੍ਰਿਤ ਵੇਲੇ ਤੋਂ ਵੱਧ ਹੋਰ ਇਕਾਂਤ ਕਿਧਰੇ ਨਹੀਂ ਮਿਲ ਸਕਦੀ। ਇਸ ਸਮੇਂ ਬਿਲਕੁਲ ਸ਼ਾਂਤ ਵਾਤਾਵਰਣ ਹੁੰਦਾ ਹੈ। ਇਸ ਸਮੇਂ ਦੌਰਾਨ ਦੁਨੀਆਂ ਭਰ ਦੇ ਅਭਿਆਸੀ ਸੱਜਣ ਆਪਣੇ-ਆਪਣੇ ਆਸਣਾਂ 'ਤੇ ਬੈਠ ਕੇ ਸਿਮਰਨ ਕਰ ਰਹੇ ਹੁੰਦੇ ਹਨ ਤੇ ਉਨ੍ਹਾਂ ਸਾਰਿਆਂ ਵਲੋਂ ਜਪੇ ਜਾ ਰਹੇ ਨਾਮ ਸਿਮਰਨ ਦੀਆਂ ਲਹਿਰਾਂ ਸਾਰੇ ਬ੍ਰਹਮੰਡ ਵਿੱਚ ਫੈਲ ਜਾਂਦੀਆਂ ਹਨ। ਤੁਸੀਂ ਵੀ ਅੰਮ੍ਰਿਤ

ਵੇਲੇ ਬੈਠ ਕੇ ਜਿਸ ਜਗ੍ਹਾ 'ਤੇ ਬਾਣੀ ਪੜ੍ਹ ਰਹੇ ਹੁੰਦੇ ਹੋ, ਨਾਮ ਜਪ ਰਹੇ ਹੁੰਦੇ ਹੋ, ਉਥੇ ਵੀ ਲਹਿਰਾਂ ਪਹੁੰਚ ਰਹੀਆਂ ਹੁੰਦੀਆਂ ਹਨ ਜਿਸ ਕਾਰਨ ਮਨ ਸਹਿਜ ਸੁਭਾਅ ਹੀ ਜੁੜ ਜਾਂਦਾ ਹੈ। ਅੰਮ੍ਰਿਤ ਵੇਲੇ ਸਾਰੇ ਬ੍ਰਹਮੰਡ ਵਿੱਚ ਪੂਰਨ ਸ਼ਾਂਤੀ ਤੇ ਖ਼ਾਮੋਸ਼ੀ ਹੁੰਦੀ ਹੈ। ਇਸ ਸਮੇਂ ਨੂੰ ਬ੍ਰਹਮ ਸਮਾਂ ਵੀ ਆਖਦੇ ਹਨ। ਇਸ ਦਾ ਬਹੁਤ ਜ਼ਿਆਦਾ ਮਹਾਤਮ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਹੜਾ ਸੂਰਜ ਚੜ੍ਹਨ ਤੋਂ 'ਡੇਢ ਪਹਿਰ' ਭਾਵ ਸਾਢੇ ਚਾਰ ਘੰਟੇ ਪਹਿਲਾਂ ਉਠ ਕੇ ਇਸ਼ਨਾਨ ਕਰ ਕੇ ਪ੍ਰਮੇਸ਼ਰ ਨਾਲ ਜੁੜਦਾ ਹੈ, ਉਸ ਨੂੰ ਸਵਾ ਮਣ ਸੋਨਾ ਦਾਨ ਕਰਨ ਦਾ ਮਹਾਤਮ ਮਿਲਦਾ ਹੈ। ਜਿਹੜਾ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ ਭਾਵ 'ਇਕ ਪਹਿਰ' ਪਹਿਲਾਂ ਉਠ ਕੇ ਜੁੜਦਾ ਹੈ, ਉਸ ਨੂੰ ਸਵਾ ਮਣ ਚਾਂਦੀ ਦਾਨ ਕਰਨ ਦਾ ਮਹਾਤਮ ਮਿਲਦਾ ਹੈ। ਜਿਹੜਾ ਅੱਧਾ ਪਹਿਰ ਭਾਵ ਸੂਰਜ ਚੜ੍ਹਨ ਤੋਂ ਡੇਢ ਘੰਟਾ ਪਹਿਲਾਂ ਜਾਗ ਕੇ ਜੁੜਦਾ ਹੈ, ਉਸ ਨੂੰ ਸਵਾ ਮਣ ਤਾਂਬਾ ਦਾਨ ਕਰਨ ਦਾ ਤੇ ਜਿਹੜਾ ਸੂਰਜ ਚੜ੍ਹਨ ਦੇ ਸਮੇਂ ਜਾਗ ਕੇ ਜੁੜਦਾ ਹੈ, ਉਸ ਨੂੰ ਸਵਾ ਮਣ ਦੁੱਧ ਦਾਨ ਕਰਨ ਦਾ ਮਹਾਤਮ ਮਿਲਦਾ ਹੈ। ਜਿਹੜਾ ਸੂਰਜ ਚੜ੍ਹਨ ਤੋਂ ਬਾਅਦ ਜਾਗੇ, ਉਹ ਜਿਤਨਾ ਜੁੜੇਗਾ ਉਤਨੇ ਹੀ ਆਪਣੇ ਪਾਪਾਂ ਨੂੰ ਧੋ ਲਵੇਗਾ। ਭਾਵ ਕਿ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ ਕੇ ਜੁੜਨ ਦਾ ਆਪਣਾ ਹੀ ਇਕ ਬਹੁਤ ਵੱਡਾ ਮਹਾਤਮ ਹੈ।

SIKHBOOKCLUB.COM

ਅੰਮ੍ਰਿਤ ਵੇਲੇ ਤੋਂ ਇਲਾਵਾ ਇਕਾਂਤ ਆਬਾਦੀ ਤੋਂ ਦੂਰ ਕਿਸੇ ਝੀਲ ਜਾਂ ਨਦੀ ਦੇ ਕਿਨਾਰੇ, ਕਿਸੇ ਬਾਗ਼ ਬਗ਼ੀਚੇ ਜਾਂ ਬੀਆਬਾਨ ਜੰਗਲ, ਪਹਾੜਾਂ ਦੀਆਂ ਚੋਟੀਆਂ ਤੇ ਕੰਦਰਾਂ ਵਿੱਚ ਵੀ ਮਿਲ ਸਕਦੀ ਹੈ। ਕੁਦਰਤੀ ਨਜ਼ਾਰਾ, ਪਾਣੀ ਦਾ ਕਿਨਾਰਾ, ਪਹਾੜੀ ਦਾ ਦਾਮਨ, ਐਨੀਆਂ ਜਗ੍ਹਾਂ 'ਤੇ ਵੀ ਨਾਮ ਜਪਣਾ ਬੜਾ ਲਾਭਦਾਇਕ ਸਾਬਤ ਹੁੰਦਾ ਹੈ, ਪਰ ਸਾਡਾ ਧਰਮ ਗ੍ਰਿਹਸਤ ਪ੍ਰਧਾਨ ਹੈ। ਐਸੀ ਇਕਾਂਤ ਅਸੀਂ ਥੋੜ੍ਹੇ ਸਮੇਂ ਲਈ ਤਾਂ ਮਾਣ ਸਕਦੇ ਹਾਂ, ਪਰ ਇਕ ਗ੍ਰਿਹਸਤੀ ਲਈ ਇਹ ਰੋਜ਼ ਤਾਂ ਸੰਭਵ ਨਹੀਂ ਕਿ ਇਨ੍ਹਾਂ ਅਸਥਾਨਾਂ 'ਤੇ ਜਾ ਕੇ ਸਮਾਧੀ ਲੀਨ ਹੋ ਜਾਵੇ। ਇਕ ਗ੍ਰਿਹਸਤੀ ਲਈ ਇਹੀ ਉੱਤਮ ਰਸਤਾ ਹੈ ਕਿ ਉਹ ਆਪਣੇ ਘਰ ਵਿੱਚ ਹੀ ਇਕ ਐਸਾ ਕਮਰਾ ਵੱਖਰਾ ਰੱਖੇ ਜਿਥੇ ਭਜਨ ਬੰਦਗੀ ਕੀਤੀ ਜਾ ਸਕੇ। ਇਸ ਕਮਰੇ ਵਿੱਚ ਜੇ ਗੁਰੂ ਸਾਹਿਬ ਪ੍ਰਕਾਸ਼ ਹੋ ਸਕੇ ਤਾਂ ਸਭ ਤੋਂ ਵਧੀਆ ਹੈ ਤੇ ਜੇ ਕਿਸੇ ਕਾਰਨ ਵੱਸ ਨਾ ਸੰਭਵ ਹੋਵੇ ਤਾਂ ਭਾਵੇਂ ਸੁੱਚੀ ਚੱਦਰ ਦਾ ਆਸਣ ਵਿਛਾ ਕੇ ਗੁਰੂ ਸਾਹਿਬ ਦਾ ਸਰੂਪ ਹੀ ਰੱਖ ਲਵੇ ਜਾਂ ਸਰਬ ਲੋਹ ਦੇ ਸ਼ਸਤਰ ਦਾ ਆਸਨ ਲਾ ਲਵੋ। ਪਰ ਇਕ ਗੱਲ ਦਾ ਧਿਆਨ ਰਖੋ ਕਿ ਇਸ ਕਮਰੇ ਵਿੱਚ ਪੂਜਾ-ਪਾਠ, ਬੰਦਗੀ ਸਿਮਰਨ ਤੋਂ ਇਲਾਵਾ ਹੋਰ ਕੁੱਝ ਨਾ ਹੋਵੇ। ਜਦੋਂ ਵੀ ਸਿਮਰਨ ਦੀ ਇੱਛਾ ਹੋਵੇ ਜਾਂ ਇਕ ਖ਼ਾਸ ਨਿਸ਼ਚਤ ਸਮੇਂ ਤੇ ਉਸ ਕਮਰੇ ਵਿੱਚ ਬੈਠ ਕੇ ਬਾਣੀ ਪੜ੍ਹੋ, ਸਿਮਰਨ ਕਰੋ। ਤੁਸੀਂ ਆਪ ਇਹ ਚੀਜ਼ ਮਹਿਸੂਸ ਕਰੋਗੇ ਕਿ ਜਦੋਂ ਇਸ ਤਰ੍ਹਾਂ ਇਕ ਖ਼ਾਸ ਕਮਰੇ ਵਿੱਚ

ਨਾਮ ਜਪਦਿਆਂ ਤੁਹਾਨੂੰ ਕੁੱਝ ਸਮਾਂ ਬੀਤ ਜਾਵੇਗਾ ਤਾਂ ਫਿਰ ਉਸ ਕਮਰੇ ਵਿੱਚ ਜਦੋਂ ਤੁਸੀਂ ਦਾਖ਼ਲ ਹੋਵੋਗੇ, ਤੁਹਾਡੇ ਮਨ ਨੂੰ ਸ਼ਾਂਤੀ ਮਿਲੇਗੀ। ਦਾਸ ਨੇ ਰਘਬੀਰ ਸਿੰਘ ਦਾ ਇਸ ਬਾਰੇ ਅਨੁਭਵ ਪੜ੍ਹਿਆ ਹੈ।

ਇਸ ਦਾ ਜ਼ਿਕਰ ਉਨ੍ਹਾਂ ਨੇ 'ਬੰਦਗੀਨਾਮਾ' ਪੁਸਤਕ ਵਿੱਚ ਕੀਤਾ ਹੈ। ਉਹ ਲਿਖਦੇ ਹਨ ਕਿ ਮੈਨੂੰ ਆਪਣੇ ਪੂਜਾ ਦੇ ਕਮਰੇ ਵਿੱਚ ਇਕ ਅਜੀਬ ਜਿਹੀ ਕਸ਼ਿਸ਼ ਮਹਿਸੂਸ ਹੁੰਦੀ ਹੈ। ਮੈਨੂੰ ਇਹ ਕਮਰਾ ਘਰ ਦੇ ਸਾਰੇ ਕਮਰਿਆਂ ਨਾਲੋਂ ਚੰਗਾ ਤੇ ਪਿਆਰਾ ਲੱਗਦਾ ਹੈ। ਉਹ ਆਪਣਾ ਅਨੁਭਵ ਲਿਖਦੇ ਹਨ ਕਿ ਮੇਰੀ ਵੱਡੀ ਮੁਸ਼ਕਿਲ ਤੇ ਪ੍ਰੇਸ਼ਾਨੀ ਇਸ ਕਮਰੇ ਵਿੱਚ ਦਾਖ਼ਲ ਹੁੰਦਿਆਂ ਜਾਂ ਫਿਰ ਕੁੱਝ ਸਮਾਂ ਬੈਠਣ ਤੋਂ ਬਾਅਦ ਗ਼ਾਇਬ ਹੋ ਜਾਂਦੀ ਹੈ। ਉਹ ਤਾਂ ਇਥੋਂ ਤੱਕ ਲਿਖਦੇ ਹਨ ਕਿ ਮੈਂ ਤਾਂ ਇਸ ਕਮਰੇ ਨੂੰ 'ਤੀਰਥ' ਸਮਝਦਾ ਹਾਂ ਜਿਥੇ ਰੋਜ਼ ਮੇਰੇ ਮਨ ਦੀ ਮੈਲ ਉਤਰਦੀ ਹੈ ਤੇ ਮਨ ਨੂੰ ਇਲਾਹੀ ਰੰਗਣ ਚੜ੍ਹਦੀ ਹੈ।

ਪੱਕੀ ਗੱਲ ਹੈ ਕਿ ਕੋਈ ਬੰਦਗੀ ਵਾਲਾ ਅਸਥਾਨ ਹੋਵੇ ਤਾਂ ਉਥੇ ਮਨ ਜ਼ਿਆਦਾ ਜੁੜਦਾ ਹੈ। ਪਾਉਂਟਾ ਸਾਹਿਬ ਜੇ ਤੁਸੀਂ ਗਏ ਹੋਵੋ ਤੇ ਸ਼ਾਇਦ ਉਥੇ ਦਰਸ਼ਨ ਕੀਤੇ ਹੋਣ। ਜੇ ਨਹੀਂ ਤਾਂ ਕਦੀ ਜਾਵੋ ਤੇ ਜ਼ਰੂਰ ਦਰਸ਼ਨ ਕਰਿਓ। ਉਥੇ ਪਾਉਂਟਾ ਸਾਹਿਬ ਵਿਖੇ ਇਕ ਅਸਥਾਨ ਹੈ 'ਕਿਰਪਾਲ ਸ਼ਿਲਾ'। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਤਪੀਸਰ ਹੋਇਆ ਹੈ, ਉਸ ਨੇ ਉਸ ਸ਼ਿਲਾ (ਪੱਥਰ) 'ਤੇ ਬੈਠ ਕੇ ਬਹੁਤ ਬੰਦਗੀ ਕੀਤੀ ਸੀ। ਇਤਨੀ ਜ਼ਿਆਦਾ ਬੰਦਗੀ ਕਿ ਜਿਸ ਪੱਥਰ 'ਤੇ ਬੈਠ ਕੇ ਉਸ ਨੇ ਤੱਪ ਕੀਤਾ, ਉਸ ਪੱਥਰ 'ਤੇ ਵੀ ਉਸ ਦੀ ਚੌਂਕੜੀ ਤੇ ਗੋਡਿਆਂ ਦੇ ਨਿਸ਼ਾਨ ਹਨ। ਉਥੇ ਹੇਠਾਂ ਜਾ ਕੇ ਇਹ ਇਕ ਬਹੁਤ ਵੱਡਾ ਪੱਥਰ ਹੈ। ਉਸ ਜਗ੍ਹਾ 'ਤੇ ਤੁਸੀਂ ਜਾ ਕੇ ਪੰਜ ਮਿੰਟ ਵੀ ਬੈਠ ਜਾਵੋ, ਚਿਤ ਨਹੀਂ ਕਰੇਗਾ ਉਠਣ 'ਤੇ, ਪਾਪੀ ਤੋਂ ਪਾਪੀ ਮਨ ਵੀ ਇਹੀ ਕਹੇਗਾ ਕਿ ਚਿਤ ਨਹੀਂ ਕਰਦਾ ਉਠਣ 'ਤੇ। ਦਾਸ ਦਾ ਇਹ ਜ਼ਿਕਰ ਲਿਖਣ ਤੋਂ ਭਾਵ ਹੈ ਕਿ ਜਿਸ ਅਸਥਾਨ 'ਤੇ ਜਿੰਨੀ ਵੱਧ ਬੰਦਗੀ ਕੀਤੀ ਜਾਵੇ, ਉਥੇ ਮਨ ਬਹੁਤ ਜੁੜਦਾ ਹੈ, ਰੰਗ ਚੜ੍ਹਦਾ ਹੈ ਨਾਮ ਦਾ। ਥੜਾ ਸਾਹਿਬ ਜਾਂਦੇ ਹੋ ਹਰਿਮੰਦਰ ਸਾਹਿਬ ਵਿਖੇ, ਉਥੇ ਜੋ ਹੇਠਾਂ ਭੋਰਾ ਸਾਹਿਬ ਬਣਿਆ ਹੈ, ਕਦੀ ਬੈਠ ਕੇ ਵੇਖੋ ਪੰਜ ਮਿੰਟ, ਕਿੰਨੀ ਮਨ ਨੂੰ ਸ਼ਾਂਤੀ ਮਿਲਦੀ ਹੈ ਕਿਉਂਕਿ ਜਿਥੇ ਇਕਾਂਤ ਹੈ, ਉਥੇ ਮਨ ਸ਼ਾਂਤ ਹੋਵੇਗਾ।

ਦਾਸ ਨੂੰ ਇਕ ਵਾਰ ਕਿਸੇ ਨੇ ਸਵਾਲ ਕੀਤਾ ਕਿ ਅੰਮ੍ਰਿਤ ਵੇਲਾ ਕਿੰਨੇ ਵਜੇ ਹੁੰਦਾ ਹੈ ? ਹੁਣ ਜੇ ਟਾਈਮ ਦੇ ਹਿਸਾਬ ਨਾਲ ਵੇਖੀਏ ਤਾਂ ਇਹੀ ਕਹਾਂਗੇ ਕਿ ਰਾਤ ਦੇ 1-2-3-4 ਵਜੇ ਪਰ ਇਥੇ ਇਕ ਗੱਲ ਯਾਦ ਰਖਿਓ, ਅੰਮ੍ਰਿਤ ਵੇਲੇ ਉੱਠਣ ਦੇ ਨਾਲ ਨਾਲ ਜੁੜਨਾ ਵੀ ਜ਼ਰੂਰੀ ਹੈ। ਮੰਨ ਲਵੋ ਜੇ ਕੋਈ 3-4 ਵਜੇ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਗਿਆ, ਪਰ ਅੰਦਰ ਬੈਠ ਕੇ ਕੀਰਤਨ ਵਿੱਚ ਜੁੜਨ ਦੀ ਬਜਾਏ ਜੇ ਉਹ ਆਪਣਾ

SIKHBOOKCLUB.COM

ਕੀਮਤੀ ਸਮਾਂ ਬਾਹਰ ਗੱਲਾਂ ਮਾਰਨ ਵਿੱਚ ਜਾਂ ਚਾਹ ਪੀਣ ਵਿੱਚ ਗੁਆ ਰਿਹਾ ਹੈ ਤਾਂ ਉਸ ਦਾ ਅੰਮ੍ਰਿਤ ਵੇਲਾ ਵੀ ਉਸ ਲਈ ਅੰਮ੍ਰਿਤ ਵੇਲਾ ਨਹੀਂ ਬਣ ਸਕਿਆ ਕਿਉਂਕਿ ਉਹ ਅੰਮ੍ਰਿਤ ਵੇਲੇ ਇਕਾਂਤ ਵਿੱਚ ਜੁੜਿਆ ਨਹੀਂ। ਅੰਮ੍ਰਿਤ ਵੇਲਾ ਤਾਂ ਹੀ ਸਫਲਾ ਹੈ, ਜੇ ਇਕਾਂਤ ਵਿੱਚ ਜੁੜੇਗਾ। ਜੋ ਗੁਰੂ ਦਾ ਲਾਲ ਦਿਨੇ ਵੀ ਇਕਾਂਤ ਵਿੱਚ ਜੁੜ ਜਾਵੇ, ਉਸ ਲਈ ਉਸ ਵੇਲੇ ਵੀ ਅੰਮ੍ਰਿਤ ਵੇਲਾ ਬਣ ਜਾਂਦਾ ਹੈ। ਇਕਾਂਤ ਵਿੱਚ ਸੁਰਤ ਜਲਦੀ ਸ਼ਬਦ ਵਿੱਚ ਲਿਵਲੀਨ ਹੋ ਜਾਂਦੀ ਹੈ। ਦਾਸ ਗੁਰੂ ਦੀ ਕਿਰਪਾ ਨਾਲ ਇਕਾਂਤ ਵਿਚ ਜੁੜਨ ਦੇ ਵਿਸ਼ੇ 'ਤੇ ਲਿਖ ਰਿਹਾ ਹੈ ਕਿ ਜੇ ਕੁੱਝ ਸਮਾਂ ਇਕਾਂਤ ਵਿੱਚ ਗੁਰੂ ਦੇ ਲੇਖੇ ਲਗਾਓਗੇ ਤਾਂ ਤੁਹਾਡੀ ਝੋਲੀ ਵਿੱਚ ਬਹੁਤ ਵੱਡੀਆਂ ਪ੍ਰਾਪਤੀਆਂ ਪੈਣਗੀਆਂ, ਤੁਹਾਡੇ 'ਤੇ ਗੁਰੂ ਦੀਆਂ ਬਹੁਤ ਬਖ਼ਸ਼ਿਸ਼ਾਂ ਹੋਣਗੀਆਂ, ਸ਼ਾਇਦ ਦਾਤਾਂ ਵੰਡਣ ਵਾਲੇ ਵੀ ਬਣ ਜਾਉ।

ਇਹੋ ਜਿਹੇ ਵੀ ਕਈ ਸਰੀਰ ਹੁੰਦੇ ਹਨ, ਬੜੇ-ਬੜੇ ਵੱਡੇ ਪ੍ਰਧਾਨ ਬਣੇ ਬੈਠੇ ਹਨ ਪਰ ਇਕਾਂਤ ਵਿੱਚ ਜੁੜਨ ਦੀ ਕਮਾਈ ਉਨ੍ਹਾਂ ਦੀ ਨਿੱਕੇ ਪੈਸੇ ਦੀ ਨਹੀਂ। ਪ੍ਰਧਾਨ ਬਣ ਕੇ ਜੋ ਕੁੱਝ ਕਰਦੇ ਹਨ, ਸਭ ਲੋਕਾਂ ਦੇ ਦਿਖਾਵੇ ਦੇ ਲਈ, ਆਪਣੀ ਵਾਹ-ਵਾਹ ਦੇ ਲਈ। ਦਾਸ ਨੂੰ ਇਕ ਵਾਰ ਐਸਾ ਹੀ ਇਕ ਸਰੀਰ ਮਿਲਿਆ, ਦਾੜ੍ਹਾ ਖੁੱਲ੍ਹਾ, ਚਿੱਟਾ ਕੁੜਤਾ ਪਜਾਮਾ ਪਾਇਆ ਹੋਇਆ, ਸ਼ਕਲ ਸੂਰਤ ਤੋਂ, ਲਿਬਾਸ ਤੋਂ ਬੜਾ ਗਿਆਨੀ ਪਿਆ ਲੱਗੇ। ਦਾਸ ਨੂੰ ਕਹਿੰਦਾ ਹੈ ਕਿ ਅਸੀਂ ਸਾਲ ਵਿੱਚ 4 ਵਾਰੀ ਕੀਰਤਨ ਦਰਬਾਰ ਕਰਵਾਉਂਦੇ ਹਾਂ। 4 ਗੁਰਪੁਰਬ ਮਨਾਉਂਦੇ ਹਾਂ। ਦਾਸ ਨੇ ਆਖਿਆ ਮੁਬਾਰਕ ਹੈ, ਗੁਰੂ ਸਾਹਿਬਾਂ ਦੇ ਪੁਰਬ ਮਨਾਉਣੇ ਬੜੀ ਚੰਗੀ ਗੱਲ ਹੈ, ਬੜੀ ਹਿੰਮਤ ਹੈ ਤੇਰੀ। ਇਲਾਕੇ-ਇਲਾਕੇ ਵਿਚੋਂ ਜਾ ਕੇ ਮਾਇਆ ਇੱਕਠੀ ਕਰਨੀ, ਰਾਗੀ ਜੱਥਿਆਂ ਦਾ ਇੰਤਜ਼ਾਮ ਕਰਨਾ, ਹੋਰ ਵੀ ਕਈ ਤਰ੍ਹਾਂ ਦੇ ਇੰਤਜ਼ਾਮ ਕਰਨੇ ਸਜਾਵਟ ਵਗੈਰਾ ਵੀ ਕਰਵਾਉਣੀ, ਸੰਗਤਾਂ ਦੀਆਂ ਸਹੂਲਤਾਂ ਲਈ ਕਈ ਤਰ੍ਹਾਂ ਦੇ ਇੰਤਜ਼ਾਮ ਭਾਈ ਬਹੁਤ ਹਿੰਮਤ ਦਾ ਤੇ ਸ਼ਲਾਘਾ ਦਾ ਕੰਮ ਹੈ ਪਰ ਇਕ ਗੱਲ ਗੁਰੂ ਸਾਹਿਬ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੱਚ ਦੱਸੀਂ ਕਿ ਕੀ ਤੂੰ ਜਿਨ੍ਹਾਂ ਦੇ ਪੁਰਬ ਮਨਾਉਂਦਾ ਹੈਂ ਉਨ੍ਹਾਂ ਦੇ ਚਰਨਾਂ ਵਿੱਚ ਇਕੱਲਾ ਬੈਠ ਕੇ ਜੁੜਦਾ ਵੀ ਹੈਂ? ਰੋਜ਼ ਨੇਮ ਨਾਲ ਕਿੰਨਾ ਸਮਾਂ ਇਕਾਂਤ ਵਿੱਚ ਗੁਰੂ ਸਾਹਿਬ ਦੇ ਲੇਖੇ ਲਗਾਉਂਦਾ ਹੈਂ? ਗੁਰੂ ਪਿਆਰਿਓ! ਉਹ ਪ੍ਰਧਾਨ ਬੜਾ ਹੈਰਾਨ ਹੋ ਕੇ ਦਾਸ ਦੇ ਮੂੰਹ ਵੱਲ ਵੇਖਣ ਲੱਗਾ ਤੇ ਕਹਿੰਦਾ ਹੈ ਕਿ ਇਕੱਲਿਆਂ ਜੁੜਨਾ ਕੀ ਹੁੰਦਾ ਹੈ? ਦਾਸ ਨੇ ਕਿਹਾ ਜੇ ਤੂੰ ਇਕੱਲਿਆਂ ਬੈਠ ਕੇ ਗੁਰੂ ਦੇ ਚਰਨਾਂ ਨਾਲ ਹੀ ਨਹੀਂ ਜੁੜਦਾ ਤਾਂ ਤੂੰ ਅੱਜੇ ਸਿਰਫ਼ ਕੱਚੀ ਕਲਾਸ ਵਿੱਚ ਬੈਠਾ ਹੈਂ। ਤੇਰੀ ਭਗਤੀ ਸਿਰਫ਼ ਇਕ ਲੋਕ-ਵਿਖਾਵਾ ਹੈ। ਇਹ ਜੋ ਸਾਲ ਵਿੱਚ ਬੜੇ ਵੱਡੇ ਚਾਰ ਕੀਰਤਨ ਦਰਬਾਰ ਮਨਾਉਂਦਾ ਹੈਂ, ਇਹ ਸਿਰਫ਼ ਆਪਣੀ ਵਾਹ-ਵਾਹ ਦੀ ਖ਼ਾਤਰ, ਸੋਭਾ ਦੀ ਖ਼ਾਤਰ, ਵਡਿਆਈ ਦੀ ਖ਼ਾਤਰ। ਜਦੋਂ ਇਕੱਲਿਆਂ ਬੈਠ ਕੇ ਇਕਾਂਤ ਵਿੱਚ ਕਮਾਈ ਕਰੇਗਾ, ਗੁਰੂ ਦੇ ਚਰਨਾਂ ਨਾਲ ਜੁੜੇਗਾ,

ਰੋਜ਼ ਇਕਾਂਤ ਵਿੱਚ ਕੁੱਝ ਸਮਾਂ ਗੁਰੂ ਦੇ ਲੇਖੇ ਲਗਾਵੇਂਗਾ ਤਾਂ ਤੇਰੇ ਗੁਰਪੁਰਬ ਮਨਾਉਂਣ ਨੂੰ ਵੀ ਰੰਗ ਲੱਗ ਜਾਵੇਗਾ। ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਜਿਥੇ ਦੀਵਾਨਾਂ ਵਿੱਚ ਜਾਂਦੇ ਰਹੇ, ਇਕੱਠ ਵਿੱਚ ਜਾਂਦੇ ਰਹੇ, ਪ੍ਰਚਾਰ ਕਰਦੇ ਰਹੇ, ਉਥੇ ਤਕਰੀਬਨ 26 ਸਾਲ ਭੋਰਿਆਂ ਵਿੱਚ ਬੈਠ ਕੇ, ਇਕਾਂਤ ਵਿੱਚ ਕਮਾਈਆਂ ਵੀ ਕੀਤੀਆਂ। ਹੁਣ ਤੁਸੀਂ ਸੋਚੋ ਕਿ ਕੋਈ ਕੀਰਤਨੀਆ ਜਾਂ ਕਥਾ ਵਾਚਕ ਆਪ ਕਮਾਈ ਕਰੇ ਨਾ, ਅੰਮ੍ਰਿਤ ਵੇਲਾ ਬਣਾਏ ਨਾ, ਜਪ-ਤਪ, ਬੰਦਗੀ ਕਰੇ ਨਾ, ਇਕਾਂਤ ਵਿੱਚ ਜੁੜੇ ਨਾ ਤੇ ਲੋਕਾਂ ਨੂੰ ਕਥਾ ਕੀਰਤਨ ਰਾਹੀਂ ਐਸਾ ਕਰਨ ਲਈ ਉਪਦੇਸ਼ ਕਰੀ ਜਾਵੇ, ਫਿਰ ਤਾਂ ਇਹ ਗੱਲ ਬਣ ਜਾਵੇਗੀ—

*ਅਵਰ ਉਪਦੇਸੈ ਆਪਿ ਨ ਕਰੈ॥*
*ਆਵਤ ਜਾਵਤ ਜਨਮੈ ਮਰੈ॥*

(ਅੰਗ ੨੬੯)

ਹੁਣ ਕੋਈ ਕੀਰਤਨੀਆਂ ਵਾਜੇ 'ਤੇ ਬੈਠ ਕੇ ਸ਼ਬਦ ਪੜ੍ਹੀ ਜਾਵੇ-

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

(ਅੰਗ ੨)

ਜਾਂ ਪੜ੍ਹੀ ਜਾਵੇ-

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ॥*

(ਅੰਗ ੬੧੧)

ਤਾਂ ਕੀ ਗੱਲ ਬਣ ਜਾਵੇਗੀ? ਜੇ ਉਹ ਆਪ ਕਦੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਸਿਮਰਨ ਵਿੱਚ, ਨਾਮ ਵਿੱਚ, ਵਡਿਆਈ ਵਿੱਚ ਜੁੜਦਾ ਹੋਵੇ ਤਾਂ ਹੀ ਗੱਲ ਬਣੇਗੀ।

ਦਾਸ ਦਾ ਇਸ ਵਿਚਾਰ ਤੋਂ ਭਾਵ ਹੈ ਕਿ ਸਾਡੀ ਭਗਤੀ ਨਿਰਾ ਵਿਖਾਵਾ ਨਾ ਹੋਵੇ, ਸਾਡੀ ਭਗਤੀ ਵਿੱਚ ਕੁੱਝ ਇਹੋ ਜਿਹਾ ਰੰਗ ਵੀ ਹੋਵੇ ਜਿਸ ਨੂੰ ਆਖਦੇ ਹਨ 'ਛੁਪਿਆ ਹੋਇਆ ਇਕਾਂਤ'। ਦੀਵਾਨਾਂ ਵਿੱਚ ਜਾ ਕੇ ਕੀਰਤਨ ਕਰਨਾ, ਕਥਾ ਕੀਰਤਨ ਸੁਣਨਾ ਇਹ ਵੀ ਭਗਤੀ ਹੈ ਪਰ ਕੁੱਝ ਸਮਾਂ ਇਕਾਂਤ ਵਿੱਚ ਗੁਰੂ ਦੇ ਲੇਖੇ ਲਗਾਉਣਾ ਬਹੁਤ ਜ਼ਰੂਰੀ ਹੈ। ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦਾ ਕਿਧਰੇ ਜੀਵਨ ਪੜ੍ਹੋ। ਉਨ੍ਹਾਂ ਨੇ ਜ਼ਮੀਨ ਦੇ ਥੱਲੇ ਭੋਰੇ ਬਣਵਾਏ, ਉਸ ਪਿੱਛੇ ਇਹੀ ਕਾਰਨ ਸੀ ਕਿ ਉਥੇ ਦੁਨੀਆਂ ਦਾ ਰੌਲਾ ਨਹੀਂ ਹੁੰਦਾ। ਦੁਨੀਆਂ ਦੇ ਰੌਲੇ ਵਿੱਚ ਜੁੜਨਾ ਔਖਾ ਹੈ। ਭੋਰੇ ਬਨਾਉਣ ਦਾ ਇਹੀ ਮਕਸਦ ਹੈ ਕਿ ਦੁਨੀਆਂ ਦਾ ਸ਼ੋਰ ਨਾ ਹੋਵੇ, ਇਕਾਂਤ ਵਿੱਚ, ਸ਼ਾਂਤ ਵਾਤਾਵਰਣ ਵਿੱਚ ਨਿਰੰਕਾਰ ਨਾਲ ਜੁੜਿਆ ਜਾ ਸਕੇ।

SIKHBOOKCLUB.COM

ਬਾਬਾ ਨੰਦ ਸਿੰਘ ਜੀ ਦੇ ਕਈ ਸੰਗੀਆਂ ਨੇ ਇਕਾਂਤ ਲੱਭਣ ਲਈ ਆਪਣੇ ਘਰਾਂ ਵਿੱਚ ਹੀ ਭੋਰੇ ਬਣਾਏ ਹਨ। ਦਾਸ ਇਹ ਨਹੀਂ ਕਹਿੰਦਾ ਕਿ ਤੁਸੀਂ ਵੀ ਭੋਰੇ ਬਣਵਾਓ ਪਰ ਇਤਨਾ ਜ਼ਰੂਰ ਯਤਨ ਕਰੋ ਕਿ ਗੁਰੂ ਸਾਹਿਬ ਦੇ ਕਮਰੇ ਵਿੱਚ ਕੁੱਝ ਸਮਾਂ ਇਕਾਂਤ ਵਿੱਚ ਗੁਰੂ ਦੇ ਲੇਖੇ ਲਗਾਓ, ਇਹ ਪਿਆਰ ਦੀ ਨਿਸ਼ਾਨੀ ਹੈ। ਬਾਬਾ ਨੰਦ ਸਿੰਘ ਜੀ ਦਾ ਜੀਵਨ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਹ ਵੀ ਇਕਾਂਤ ਵਿੱਚ ਜੁੜਦੇ ਸਨ। ਬਾਬਾ ਜੀ ਨੇ ਰਾਤ ਸਵਾ ਬਾਰਾਂ ਵਜੇ ਇਸ਼ਨਾਨ ਕਰਨਾ, ਸਾਢੇ ਪੰਜ ਵਜੇ ਤੱਕ ਇਕਾਂਤ ਵਿੱਚ ਅੰਦਰ ਭੋਰੇ ਵਿੱਚ ਜੁੜਨਾ। ਕਿੱਲ ਨੂੰ ਜੇ ਇਕ ਸੱਟ ਮਾਰੋ ਤਾਂ ਹੱਥ ਨਾਲ ਵੀ ਉਖੜ ਜਾਂਦਾ ਹੈ, ਹੱਥ ਨਾਲ ਕੋਈ ਵੀ ਕੱਢ ਸਕਦਾ ਹੈ, ਪਰ ਜੇ ਕਿੱਲ ਨੂੰ ਸੱਟਾਂ ਜ਼ਿਆਦਾ ਵੱਜ ਜਾਣ ਤਾਂ ਕਿੱਲ ਪੱਕਾ ਹੋ ਜਾਂਦਾ ਹੈ, ਇਸ ਲਈ ਦਾਸ ਕੁੱਝ ਹੋਰ ਮਿਸਾਲਾਂ ਦੇ ਰਿਹਾ ਹੈ ਤਾਂ ਕਿ ਸਾਨੂੰ ਗਿਆਨ ਹੋ ਜਾਵੇ ਕਿ ਇਕਾਂਤ ਕਿੰਨੀ ਵੱਡੀ ਖ਼ੁਰਾਕ ਹੈ, ਇਕਾਂਤ ਵਿੱਚ ਜੁੜਨਾ ਕਿੰਨਾ ਜ਼ਰੂਰੀ ਹੈ। ਪੜ੍ਹੋ ਇਤਿਹਾਸ। ਫ਼ਰੀਦ ਦੀ ਮਾਂ ਨੇ ਵੀ ਫ਼ਰੀਦ ਨੂੰ ਬੰਦਗੀ ਕਰਨ ਲਈ, 12 ਸਾਲ ਵਾਸਤੇ ਜੰਗਲ ਵਿੱਚ ਇਕਾਂਤ ਵਿੱਚ ਜੁੜਨ ਲਈ ਭੇਜਿਆ ਸੀ। ਭਗਤ ਧ੍ਰੂਅ ਨੂੰ ਵੀ ਉਸ ਦੀ ਮਾਂ ਨੇ ਜੰਗਲ ਵਿੱਚ ਜਾ ਕੇ ਇਕਾਂਤ ਵਿੱਚ ਭਗਤੀ ਕਰਨ ਲਈ ਆਖਿਆ ਸੀ ਜਦੋਂ ਉਸ ਨੇ ਆਪਣੀ ਮਾਂ ਨੂੰ ਰਾਜ ਪ੍ਰਾਪਤ ਕਰਨ ਦਾ ਰਸਤਾ ਪੁੱਛਿਆ ਸੀ। ਅਸੀਂ ਗੁਰੂ ਸਾਹਿਬਾਂ ਦੀ, ਮਹਾਂਪੁਰਸ਼ਾਂ ਦੀ, ਭਗਤਾਂ ਦੀ ਰੀਸ ਤਾਂ ਨਹੀਂ ਕਰ ਸਕਦੇ ਪਰ ਉਨ੍ਹਾਂ ਦਾ ਜੀਵਨ ਪੜ੍ਹ ਕੇ ਉਸ ਤੋਂ ਆਪਣੇ ਲਈ ਸੇਧ ਤਾਂ ਲੈ ਸਕਦੇ ਹਾਂ, ਰਸਤਾ ਤਾਂ ਲੈ ਸਕਦੇ ਹਾਂ। ਦਾਸ ਦਾ ਇੰਨਾ ਕੁ ਇਸ਼ਾਰਾ ਹੈ ਕਿ ਕੁੱਝ ਸਮਾਂ ਇਕਾਂਤ ਵਿੱਚ ਜੁੜਨਾ ਬਹੁਤ ਜ਼ਰੂਰੀ ਹੈ ਜਿਥੇ ਇਕ ਤੁਸੀਂ ਹੋਵੋ ਤੇ ਇਕ ਗੁਰੂ ਨਾਨਕ।

ਭਾਈ ਗੁਰਦਾਸ ਜੀ ਦੀ ਬਾਣੀ ਜਿਸ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਕਿਹਾ ਜਾਂਦਾ ਹੈ, ਉਸ ਵਿਚੋਂ ਵੀ ਐਸੀ ਹੀ ਖ਼ੁਸ਼ਬੋ ਮਿਲਦੀ ਹੈ—

*ਕੁਰਬਾਣੀ ਤਿਨ੍ਹਾਂ ਗੁਰਸਿਖਾ ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।*

(ਵਾਰ ੧੨, ਪਉੜੀ ੨)

ਜੇ ਬੇਣੀ ਭਗਤ ਦਾ ਜੀਵਨ ਪੜ੍ਹੋ ਤਾਂ ਉਨ੍ਹਾਂ ਦੇ ਜੀਵਨ ਵਿੱਚ ਵੀ ਇਕਾਂਤ ਵਿੱਚ ਜੁੜਨ ਦਾ ਰੰਗ ਸੀ। ਭਾਈ ਗੁਰਦਾਸ ਜੀ ਦੀਆਂ ਇਸ ਬਾਰੇ ਪੰਕਤੀਆਂ ਵੀ ਹਨ—

*ਗੁਰਮੁਖ ਬੇਣੀ ਭਗਤਿ ਕਰਿ*
*ਜਾਇ ਇਕਾਂਤੁ ਬਹੈ ਲਿਵ ਲਾਵੈ।*

(ਵਾਰ ੧੦, ਪਉੜੀ ੧੪)

## ਸ਼ਰਧਾ ਦੀ ਅੱਠਵੀਂ ਨਿਸ਼ਾਨੀ

ਪੜ੍ਹੋ ਬੇਣੀ ਭਗਤ ਦਾ ਜੀਵਨ। ਬੇਣੀ ਭਗਤ ਦੇ ਘਰ ਵਿੱਚ ਬਹੁਤ ਗ਼ਰੀਬੀ ਸੀ। ਇਕ ਦਿਨ ਕੋਈ ਚੰਗਾ ਕਰਮ ਉੱਤੇ ਆ ਗਿਆ। ਨਾਮ ਵਿੱਚ ਰੱਤੇ ਹੋਏ ਪੂਰਨ ਮਹਾਂਪੁਰਸ਼ ਦੀ ਸੰਗਤ ਮਿਲ ਗਈ। ਜਿਵੇਂ ਕਿ ਬਾਣੀ ਵਿੱਚ ਵੀ ਲਿਖਿਆ ਹੈ—

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*

(ਅੰਗ ੨੦੪)

ਬੇਣੀ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਮੇਰੇ ਘਰ ਵਿੱਚ ਬਹੁਤ ਗ਼ਰੀਬੀ ਹੈ, ਕਿਰਪਾ ਕਰੋ, ਮੈਨੂੰ ਕੋਈ ਰਸਤਾ ਬਖ਼ਸ਼ੋ। ਮਹਾਂਪੁਰਖਾਂ ਨੇ ਬਚਨ ਕੀਤਾ, 'ਇਕਾਂਤ ਵਿੱਚ ਬੈਠ ਕੇ ਪ੍ਰਮੇਸ਼ਰ ਦੀ ਭਗਤੀ ਕਰਿਆ ਕਰ। ਉਹ ਪ੍ਰਮੇਸ਼ਰ ਸਭ ਨੂੰ ਰਿਜ਼ਕ ਦੇਂਦਾ ਹੈ, ਤੇਰੇ 'ਤੇ ਵੀ ਮਿਹਰ ਕਰੇਗਾ।' ਆਪੇ ਅੰਦਾਜ਼ਾ ਲਾ ਲਵੋ ਕਿ ਇਕਾਂਤ ਕਿੰਨੀ ਜ਼ਰੂਰੀ ਹੈ। ਮਹਾਂਪੁਰਸ਼ ਇਹ ਵੀ ਤਾਂ ਕਹਿ ਸਕਦੇ ਸੀ ਕਿ ਭਗਤੀ ਕਰਿਆ ਕਰ ਪਰ ਨਹੀਂ, ਉਨ੍ਹਾਂ ਨੇ ਇਕਾਂਤ ਵਿੱਚ ਭਗਤੀ ਕਰਨ ਲਈ ਕਿਹਾ, ਕਿਉਂਕਿ ਇਕਾਂਤ ਵਿੱਚ ਜੁੜਨਾ ਪ੍ਰਮੇਸ਼ਰ ਦੇ ਨੇੜੇ ਹੋਣ ਦਾ, ਪ੍ਰਮੇਸ਼ਰ ਦੀ ਪ੍ਰਾਪਤੀ ਦਾ ਸਾਧਨ ਹੈ। ਬੇਣੀ ਨੇ ਮਹਾਂਪੁਰਖਾਂ ਦਾ ਬਚਨ ਕਮਾਇਆ। ਗੁਰੂ ਵੱਲ ਮੁਖ ਕਰ ਕੇ, ਇਕਾਂਤ ਵਿੱਚ ਬੈਠ ਕੇ ਵਾਹਿਗੁਰੂ ਦੀ ਬੰਦਗੀ ਕਰਨੀ ਸ਼ੁਰੂ ਕਰ ਦਿੱਤੀ। ਇਕਾਂਤ ਵਿੱਚ ਜੁੜਨ ਦਾ ਸਦਕਾ, ਇਕ ਦਿਨ ਪ੍ਰਮੇਸ਼ਰ ਨੇ ਆਪ ਰਾਜੇ ਦੇ ਨੌਕਰ ਦਾ ਰੂਪ ਧਾਰ ਕੇ ਉਸ ਦੇ ਘਰ ਗੱਡਿਆਂ ਦੇ ਗੱਡੇ ਸਮਾਨ ਦੇ ਪਹੁੰਚਾ ਦਿੱਤੇ ਤੇ ਇਕਾਂਤ ਵਿੱਚ ਜੁੜ ਬੈਠੇ ਬੇਣੀ ਭਗਤ ਨੂੰ ਪ੍ਰਤੱਖ ਦਰਸ਼ਨ ਵੀ ਦਿੱਤੇ। ਉਸ ਦੇ ਸਿਰ 'ਤੇ ਆਪਣਾ ਮਿਹਰ ਭਰਿਆ ਹੱਥ ਰਖਿਆ ਤੇ ਆਖਿਆ, ਤੇਰੀ ਤਪੱਸਿਆ, ਤੇਰੀ ਭਗਤੀ ਥਾਂਇ ਪਈ ਹੈ। ਇਸ਼ਾਰਾ ਲੈਣਾ, ਇਕਾਂਤ ਵਿੱਚ ਬੰਦਗੀ ਕਰਨ ਦਾ ਸਦਕਾ ਮਾਇਆ ਵੀ ਮਿਲ ਗਈ ਤੇ ਪ੍ਰਮੇਸ਼ਰ ਦੇ ਪ੍ਰਤੱਖ ਦਰਸ਼ਨਾਂ ਦੀ ਪ੍ਰਾਪਤੀ ਵੀ ਹੋ ਗਈ।

SIKHBOOKCLUB.COM

ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਪਹਿਲਾਂ ਫ਼ੌਜ ਵਿੱਚ ਨੌਕਰੀ ਕਰਦੇ ਸਨ। ਫ਼ੌਜ ਦੀ ਨੌਕਰੀ ਦੇ ਨਾਲ-ਨਾਲ ਉਨ੍ਹਾਂ ਦਾ ਨੇਮ ਸੀ ਅੰਮ੍ਰਿਤ ਵੇਲੇ 2 ਵਜੇ ਇਸ਼ਨਾਨ ਕਰਕੇ ਮੂਲਮੰਤ੍ਰ ਦਾ ਜਾਪ ਕਰਨਾ। ਇਕ ਵਾਰੀ ਐਸਾ ਮਨ ਜੁੜਿਆ ਕਿ ਪਤਾ ਹੀ ਨਾ ਲੱਗਾ ਕਦੋਂ ਦੁਪਹਿਰ ਹੋ ਗਈ। ਨੌਕਰੀ 'ਤੇ ਵੀ ਸਵੇਰ ਦੀ ਪਰੇਡ ਵਿੱਚ ਸ਼ਾਮਲ ਨਾ ਹੋ ਸਕੇ। ਸੋਚਿਆ ਕਿ ਅੱਜ ਜ਼ਰੂਰ ਹੀ ਨੌਕਰੀ ਤੋਂ ਜੁਆਬ ਮਿਲ ਜਾਵੇਗਾ ਜਾਂ ਕੋਈ ਸਖ਼ਤ ਸਜ਼ਾ ਮਿਲੇਗੀ ਪਰ ਜਦੋਂ ਹਾਜ਼ਰੀ ਦੇ ਰਜਿਸਟਰ ਵਿੱਚ ਆਪਣੇ ਦਸਤਖ਼ਤ ਵੇਖੇ ਤਾਂ ਸਮਝ ਗਏ, ਕਲਗੀਆਂ ਵਾਲੇ ਪਿਤਾ ਨੇ ਆਪ ਉਨ੍ਹਾਂ ਦੀ ਜਗ੍ਹਾ ਆ ਕੇ ਉਨ੍ਹਾਂ ਦੀ ਪੈਜ ਰੱਖੀ। ਉਸ ਦਿਨ ਤੋਂ ਬਾਅਦ ਇੰਨਾ ਵੈਰਾਗ ਆਇਆ ਕਿ ਜਿਸ ਗੁਰੂ ਨੇ ਮੇਰੀ ਇੰਨੀ ਪੈਜ ਰੱਖੀ ਹੈ, ਹੁਣ ਉਸੇ ਦੀ ਹੀ ਨੌਕਰੀ ਕਰਨੀ ਹੈ। ਫਿਰ ਕੀ ਸੀ ? ਨੌਕਰੀ ਛੱਡ ਕੇ, ਹਰ ਪ੍ਰਕਾਰ ਦੇ ਝੰਬੇਲਿਆਂ ਤੋਂ ਅਜ਼ਾਦ ਹੋ ਕੇ ਉਥੇ ਹੀ ਗੋਦਾਵਰੀ ਦੇ ਕਿਨਾਰੇ ਇਕਾਂਤ ਵਿੱਚ

ਬੰਦਗੀ ਵਿੱਚ ਜੁੱਟ ਗਏ। ਚਾਰ-ਚਾਰ, ਪੰਜ-ਪੰਜ ਦਿਨ ਉਥੇ ਇਕਾਂਤ ਵਿੱਚ ਸਮਾਧੀ ਵਿੱਚ ਲੀਨ ਰਹਿਣਾ। ਉਥੇ ਨਦੀ ਦੇ ਕਿਨਾਰੇ ਇਕਾਂਤ ਵਿੱਚ ਬੈਠ ਕੇ ਸਵਾ-ਸਵਾ ਲੱਖ ਪਾਠ ਜਪੁਜੀ ਸਾਹਿਬ ਦੇ ਦੋ ਵਾਰੀ ਕੀਤੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੱਖ ਦਰਸ਼ਨਾਂ ਦੀ ਪ੍ਰਾਪਤੀ ਵੀ ਹੋਈ।

ਭਗਤ ਰਾਮਾਨੰਦ ਜੀ ਦਾ ਵੀ ਰੋਜ਼ ਦਾ ਨੇਮ ਸੀ ਅੰਮ੍ਰਿਤ ਵੇਲੇ ਉਠ ਕੇ ਗੰਗਾ 'ਤੇ ਇਸ਼ਨਾਨ ਕਰਨਾ ਤੇ ਇਕਾਂਤ ਵਿੱਚ ਪ੍ਰਮੇਸ਼ਰ ਦੇ ਚਰਨਾਂ ਵਿੱਚ ਜੁੜਨਾ। ਸਾਈਂ ਮੀਆਂ ਮੀਰ ਜੀ ਨੇ ਵੀ ਜਿਥੇ ਇਕੱਠ ਵਿੱਚ ਨਿਮਾਜ਼ ਪੜ੍ਹਨੀ, ਉਥੇ ਨਾਲ ਹੀ ਇਕਾਂਤ ਵਿੱਚ ਵੀ ਅੱਲ੍ਹਾ ਦੇ ਸਿਮਰਨ ਵਿੱਚ ਜੁੜੇ ਹੋਣ ਦੇ ਦੌਰਾਨ ਜੇ ਕਿਸੇ ਨੇ ਆਪਣੀ ਮੁਸ਼ਕਲ ਦੇ ਹੱਲ ਲਈ ਵੀ ਉਨ੍ਹਾਂ ਦਾ ਦਰਵਾਜ਼ਾ ਖੜਕਾਉਣਾ ਤਾਂ ਉਸ ਨੂੰ ਕੁੰਡੀ ਖੋਲ੍ਹ ਕੇ ਕਹਿਣਾ—

ਭਲੇ ਲੋਕਾ ! ਤੂੰ ਮੇਰਾ ਦਰਵਾਜ਼ਾ ਖੜਕਾ ਰਿਹਾ ਹੈਂ ਤੇ ਮੈਂ ਵੀ ਕਿਸੇ ਦਾ ਦਰਵਾਜ਼ਾ ਖੜਕਾ ਰਿਹਾ ਹਾਂ, ਰੁਕ ਕੇ ਆਵੀਂ।

ਇਹ ਦਾਸ ਨੇ ਗੁਰੂ ਸਾਹਿਬ ਦੀ ਕਿਰਪਾ ਨਾਲ ਕੁਝ ਕੁ ਭਗਤਾਂ, ਮਹਾਂਪੁਰਖਾਂ ਦੇ ਜ਼ਿਕਰ ਇਸ ਲਈ ਲਿੱਖੇ ਹਨ ਜਿਨ੍ਹਾਂ ਨੂੰ ਪ੍ਰਾਪਤੀਆਂ ਹੋਈਆਂ, ਇਕਾਂਤ ਵਿਚ ਬੈਠ ਕੇ ਪ੍ਰਮੇਸ਼ਰ ਦਾ ਨਾਮ ਜੱਪਣ ਦਾ ਸਦਕਾ।

ਇਸ ਲਈ ਜੇ ਤੁਸੀਂ ਚਾਹੁੰਦੇ ਹੋ ਪ੍ਰਾਪਤੀ ਤਾਂ ਜ਼ਰੂਰ ਇਕਾਂਤ ਵਿੱਚ ਕੁੱਝ ਸਮਾਂ ਜੁੜਿਆ ਕਰੋ। ਇਥੇ ਇਕ ਗੱਲ ਯਾਦ ਰਖਿਓ, ਜਿਹੜੇ ਇਕਾਂਤ ਵਿੱਚ ਕੁੱਝ ਸਮਾਂ ਰੋਜ਼ ਨੇਮ ਨਾਲ ਗੁਰੂ ਦੇ ਲੇਖੇ ਲਗਾਉਣ ਫਿਰ ਇਕਾਂਤ ਵਿੱਚ ਜੁੜਨਾ ਉਨ੍ਹਾਂ ਦੀ ਖ਼ੁਰਾਕ ਬਣ ਜਾਂਦੀ ਹੈ, ਉਨ੍ਹਾਂ ਨੂੰ ਇਕਾਂਤ ਵਿੱਚ ਜੁੜਨ ਦੀ ਭੁੱਖ ਲੱਗਣ ਲੱਗ ਪੈਂਦੀ ਹੈ। ਇਥੋਂ ਤੱਕ ਕਿ ਕਿਸੇ ਕਾਰਨ ਵੱਸ ਉਨ੍ਹਾਂ ਦੀ ਇਕਾਂਤ ਹਿੱਲ ਜਾਵੇ ਤਾਂ ਉਨ੍ਹਾਂ ਦੇ ਅੰਦਰ ਕਲਪਣਾ ਸ਼ੁਰੂ ਹੋ ਜਾਂਦੀ ਹੈ।

ਬਾਬਾ ਨੰਦ ਸਿੰਘ ਜੀ ਦਾ ਇਤਿਹਾਸ ਪੜ੍ਹੋ। 1000 ਤੋਂ ਵੀ ਵੱਧ ਐਸੀਆਂ ਜਗ੍ਹਾਂ 'ਤੇ ਰਹਿਣਾ ਪਸੰਦ ਕੀਤਾ ਹੈ ਜਿਥੇ ਰੌਲਾ ਰੱਪਾ ਨਾ ਹੋਵੇ। ਜਿਥੇ ਅੱਜਕੱਲ ਨਾਨਕਸਰ ਹੈ, ਇਹ ਵੀ ਜਗ੍ਹਾ ਪਹਿਲੇ ਬਹੁਤ ਵਿਰਾਨ ਸੀ। ਚਾਰੇ ਪਾਸੇ ਸੱਪਾਂ ਦੀਆਂ ਖੁੱਡਾਂ ਸਨ। ਕੰਡਿਆਂ ਨਾਲ ਜ਼ਮੀਨ ਭਰੀ ਹੋਈ ਸੀ। ਇਥੇ ਭੂਤ ਪ੍ਰੇਤਾਂ ਦਾ ਵਾਸਾ ਸੀ। ਲੋਕ ਡਰਦੇ ਇਸ ਥਾਂ ਦੇ ਨੇੜੇ ਨਹੀਂ ਸੀ ਆਉਂਦੇ। ਬਾਬਾ ਜੀ ਨੇ ਇਹੀ ਸਭ ਵੇਖ ਕੇ ਇਥੇ ਡੇਰਾ ਲਾਇਆ ਸੀ ਕਿ ਇਥੇ ਸਾਨੂੰ ਪੂਰਨ ਤੌਰ 'ਤੇ ਇਕਾਂਤ ਮਿਲ ਸਕੇਗੀ ਪਰ ਇਕ ਗੱਲ ਯਾਦ ਰਖਿਓ, ਜਿਥੇ ਗੁੜ ਪਿਆ ਹੋਵੇ ਮੱਖੀਆਂ ਉਥੇ ਪਹੁੰਚ ਹੀ ਜਾਂਦੀਆਂ ਹਨ, ਜਿਥੇ ਚਸ਼ਮਾ ਫੁੱਟ ਰਿਹਾ ਹੋਵੇ, ਪਿਆਸ ਨਾਲ ਵਿਆਕੁਲ ਜੀਵ ਹਰ ਹਾਲਤ ਵਿੱਚ ਉਥੇ ਪਹੁੰਚ ਹੀ ਜਾਂਦਾ ਹੈ ਆਪਣੀ ਪਿਆਸ ਨੂੰ ਸ਼ਾਂਤ ਕਰਨ ਲਈ, ਠੀਕ ਇਸੇ ਤਰ੍ਹਾਂ ਜਿਥੇ ਕਿਧਰੇ ਪੂਰਨ ਮਹਾਂਪੁਰਸ਼ ਬਿਰਾਜਮਾਨ ਹੋਵੇ, ਦੁਖੀ ਲੋਕਾਈ ਉਥੇ ਪਹੁੰਚ ਹੀ ਜਾਂਦੀ ਹੈ। ਇਸੇ ਕਾਰਨ

ਬਾਬਾ ਜੀ ਚਾਹੇ ਕਿੰਨੀ ਵੀ ਇਕਾਂਤ ਜਗ੍ਹਾ 'ਤੇ ਜਾਂਦੇ, ਕੁੱਝ ਸਮੇਂ ਬਾਅਦ ਉਨ੍ਹਾਂ ਦੀ ਖ਼ੁਸ਼ਬੋ ਦੁਨੀਆ ਨੂੰ ਆਪਣੇ ਵੱਲ ਖਿੱਚ ਕੇ ਲੈ ਹੀ ਜਾਂਦੀ ਸੀ।

ਇਕ ਗੱਲ ਯਾਦ ਰਖਿਓ, ਜਿਹੜਾ ਸੱਚਾ ਸਾਧੂ ਹੈ ਉਹ ਜੇ ਮਿੱਟੀ ਦੇ ਢੇਰ 'ਤੇ ਵੀ ਚੌਂਕੜੀ ਮਾਰ ਲਵੇਗਾ, ਉਥੇ ਵੀ ਅਸਥਾਨ ਬਣ ਜਾਵੇਗਾ, ਡੇਰਾ ਬਣ ਜਾਵੇਗਾ। ਜਿਥੇ ਕਮਾਈ ਹੋਵੇ, ਸਚਾਈ ਹੋਵੇ, ਉਥੇ ਇਹ ਮਾਮੂਲੀ ਗੱਲ ਹੈ। 'ਜੰਗਲ ਵਿੱਚ ਮੰਗਲ' ਭਰਿਆ ਮੇਲਾ ਛੱਡਣਾ ਕੋਈ ਸੌਖਾ ਨਹੀਂ ਪਰ ਇਕ ਪੂਰਨ ਮਹਾਂਪੁਰਖ ਲਈ, ਸਤਿਪੁਰਸ਼ ਲਈ ਇਕਾਂਤ ਇਤਨੀ ਵੱਡੀ ਖ਼ੁਰਾਕ ਹੈ ਕਿ ਉਹ ਸਭ ਕੁੱਝ ਛੱਡ ਕੇ ਇਕਾਂਤ ਦੀ ਭਾਲ ਵਿੱਚ ਨਿਕਲ ਜਾਂਦੇ ਹਨ।

ਰਾਇਕੋਟ ਵਿੱਚ ਇਕ ਸੰਤ ਗੁਰਮੇਲ ਸਿੰਘ ਜੀ ਹੋਏ ਹਨ। ਇਕ ਵਾਰੀ ਉਨ੍ਹਾਂ ਦੇ ਡੇਰੇ ਕਿਸੇ ਕੀਰਤਨੀਏ ਨੇ ਆਸਾ ਦੀ ਵਾਰ ਲਾਈ। ਬੜਾ ਰੰਗ ਬੱਝਾ। ਉਨ੍ਹਾਂ ਦੀ ਅਵਾਜ਼ ਵਿੱਚ ਬੜੀ ਮਿਠਾਸ ਸੀ। ਜਿਸ ਢੰਗ ਨਾਲ ਪ੍ਰਮਾਣ ਦਿੱਤੇ, ਕੀਰਤਨ ਕਰਨ ਦੀ ਸ਼ੈਲੀ ਐਸੀ ਕਿ ਬਹੁਤ ਹੀ ਅਨੰਦ ਬਣਿਆ। ਕੀਰਤਨ ਦੀ ਸਮਾਪਤੀ ਤੋਂ ਬਾਅਦ ਅਨੰਦ ਸਾਹਿਬ ਲੱਗਾ, ਦੇਗ ਵਰਤੀ। ਸੰਤ ਗੁਰਮੇਲ ਸਿੰਘ ਜੀ ਆਪਣੇ ਕਮਰੇ ਵਿੱਚ ਆਏ ਤੇ ਆ ਕੇ ਆਪਣੇ ਆਸਣ 'ਤੇ ਬੈਠ ਗਏ। ਕੁੱਝ ਸਮੇਂ ਬਾਅਦ ਲੰਗਰ ਛੱਕ ਕੇ ਉਹ ਕੀਰਤਨੀਆ ਮਹਾਂਪੁਰਖਾਂ ਦੇ ਦਰਸ਼ਨ ਕਰ ਕੇ ਉਨ੍ਹਾਂ ਕੋਲੋਂ ਵਾਪਸ ਜਾਣ ਦੀ ਇਜਾਜ਼ਤ ਲੈਣ ਆਇਆ। ਜਦੋਂ ਉਸ ਨੇ ਮਹਾਂਪੁਰਸ਼ਾਂ ਨੂੰ ਫਤਹਿ ਬੁਲਾਈ ਤਾਂ ਮਹਾਂਪੁਰਸ਼ਾ ਜਿਹੜਾ ਮੇਨ ਵਿਚਕਾਰਲਾ ਕੀਰਤਨੀਆ ਸੀ, ਉਸ ਨੂੰ ਕਹਿਣ ਲੱਗੇ, 'ਗੁਰੂ ਨਾਨਕ ਸਾਹਿਬ ਦੀ ਤੇਰੇ 'ਤੇ ਕਿਰਪਾ ਹੈ। ਕੀਰਤਨ ਸੁਣ ਕੇ ਬਹੁਤ ਹੀ ਰਸ ਆਇਆ, ਬਹੁਤ ਹੀ ਅਨੰਦ ਬਣਿਆ, ਇੰਨੀ ਗੱਲ ਕਹਿ ਕੇ ਨਾਲ ਹੀ ਆਪਣੀ ਜਗ੍ਹਾ ਤੋਂ ਉਠ ਪਏ ਤੇ ਉਸ ਨੂੰ ਕਹਿੰਦੇ ਹਨ ਕਿ ਥੋੜ੍ਹਾ ਸਮਾਂ ਇਥੇ ਸਾਡੀ ਜਗ੍ਹਾ 'ਤੇ ਬੈਠ, ਅਸੀਂ ਕਿੱਧਰੇ ਜਾਣਾ ਹੈ ਤੇ ਜਦ ਤੱਕ ਅਸੀਂ ਤੈਨੂੰ ਫ਼ੋਨ ਨਾ ਕਰੀਏ, ਤੂੰ ਇਸ ਜਗ੍ਹਾ ਤੋਂ ਉਠਣਾ ਨਹੀਂ। ਉਸ ਨੂੰ ਆਪਣੀ ਜਗ੍ਹਾ 'ਤੇ ਬਿਠਾ ਕੇ ਮਹਾਂਪੁਰਸ਼ ਆਪ ਆਪਣਾ ਜੋੜਾ ਪਾ ਕੇ ਡੇਰੇ ਤੋਂ ਬਾਹਰ ਨਿਕਲ ਗਏ। ਕੁੱਝ ਸਮੇਂ ਬਾਅਦ ਉਸ ਨੂੰ ਪੀ.ਸੀ.ਓ. ਤੋਂ ਜਾ ਕੇ ਫ਼ੋਨ ਕਰ ਕੇ ਕਹਿੰਦੇ ਹਨ ਕਿ ਜਿਥੇ ਤੂੰ ਬੈਠਾ ਹੈਂ, ਤੇਰੇ ਪਿੱਛੇ ਇਕ ਅਲਮਾਰੀ ਹੈ, ਉਸ ਵਿੱਚ ਸਾਰੀਆਂ ਚਾਬੀਆਂ ਹਨ। ਅੱਜ ਤੋਂ ਸਾਰਾ ਡੇਰਾ ਅਸੀਂ ਤੈਨੂੰ ਸੌਂਪ ਰਹੇ ਹਾਂ, ਇਸ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਅੱਜ ਤੋਂ ਤੇਰੀ ਹੈ, ਕਿਉਂਕਿ ਤੂੰ ਸਾਨੂੰ ਬਹੁਤ ਚੰਗਾ ਲੱਗਾ ਹੈਂ, ਤੇਰੇ ਕੀਰਤਨ ਵਿੱਚ ਬਹੁਤ ਰਸ ਹੈ, ਇਹ ਡੇਰਾ ਹੁਣ ਤੂੰ ਸੰਭਾਲਣਾ ਹੈ, ਲਿਖਤ ਰੂਪ ਵਿੱਚ ਜੋ ਕਾਰਵਾਈ ਹੈ, ਉਹ ਅਸੀਂ ਤੈਨੂੰ ਕੁੱਝ ਸਮੇਂ ਤੱਕ ਭਿਜਵਾ ਦੇਵਾਂਗੇ। ਉਹ ਕੀਰਤਨੀਆ ਪੁੱਛਣ ਲੱਗਾ, ਤੁਸੀਂ ਕਿਥੋਂ ਬੋਲ ਰਹੇ ਹੋ, ਤੁਸੀਂ ਆਪ ਕਿਥੇ ਜਾ ਰਹੇ ਹੋ ਤੇ ਇਹ ਡੇਰਾ ਕਿਉਂ ਛੱਡ ਰਹੇ ਹੋ ? ਮਹਾਂਪੁਰਸ਼ਾਂ ਨੇ ਅਗੋਂ ਜੁਆਬ ਦਿੱਤਾ ਕਿ ਅਸੀਂ ਇਹ ਡੇਰਾ ਸੰਗਤ ਦੀ ਦਸਵੰਧ ਰੂਪੀ ਮਾਇਆ ਵਿਚੋਂ

ਬਣਵਾਇਆ ਸੀ ਪਰ ਇਥੇ ਹੁਣ ਆਵਾਜਾਈ ਬਹੁਤ ਹੋ ਗਈ ਹੈ, ਜਿਸ ਨਾਲ ਸਾਡੀ ਇਕਾਂਤ ਖ਼ਤਮ ਹੋ ਗਈ ਹੈ, ਇਸ ਲਈ ਅਸੀਂ ਕਿੱਧਰੇ ਹੋਰ ਜਾ ਰਹੇ ਹਾਂ ਇਕਾਂਤ ਵਿੱਚ ਪਰ ਅਸੀਂ ਤੈਨੂੰ ਇਹ ਨਹੀਂ ਦੱਸਣਾ ਕਿ ਅਸੀਂ ਕਿਥੇ ਜਾ ਰਹੇ ਹਾਂ, ਕਿਉਂਕਿ ਜਦੋਂ ਗੱਲ ਫੈਲ ਜਾਵੇਗੀ ਤਾਂ ਅਸੀਂ ਜਿਥੇ ਜਾਵਾਂਗੇ ਸੰਗਤਾਂ ਉਥੇ ਸਾਡੇ ਮਗਰ ਪਹੁੰਚ ਜਾਣਗੀਆਂ ਤੇ ਜਿਸ ਮਕਸਦ ਲਈ ਅਸੀਂ ਇਹ ਡੇਰਾ ਛੱਡ ਰਹੇ ਹਾਂ, ਉਹ ਫਿਰ ਪੂਰਾ ਨਹੀਂ ਹੋ ਸਕੇਗਾ। ਨੋਟ ਕਰਨਾ, ਅਸੀਂ ਐਸੀ ਰੀਸ ਨਹੀਂ ਕਰ ਸਕਦੇ ਪਰ ਐਸੇ ਸਰੀਰ ਵੀ ਹਨ ਇਕਾਂਤ ਦੀ ਖ਼ੁਰਾਕ ਲਈ ਏਨਾ ਵੱਡਾ ਤਿਆਗ ਕਰਨ ਵਾਲੇ।

ਸੰਤ ਅਤਰ ਸਿੰਘ ਜੀ ਜਿਨ੍ਹਾਂ ਨੇ 16 ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਕਲਗੀਆਂ ਵਾਲੇ ਦੇ ਬੇੜੇ ਵਿੱਚ ਬਿਠਾਇਆ, ਜੋਟੀਆਂ ਵਿੱਚ ਕੀਰਤਨ ਕਰਿਆ ਕਰਦੇ ਸਨ ਤਾਂ ਕਿ ਹਰੇਕ ਦੀ ਸਮਝ ਵਿੱਚ ਆ ਜਾਵੇ। ਉਨ੍ਹਾਂ ਨੇ ਵੀ ਜਿਥੇ ਵੇਖਣਾ ਕਿ ਲੋਕੀ ਬਹੁਤਾ ਆਉਣੇ ਸ਼ੁਰੂ ਹੋ ਗਏ ਹਨ, ਉਥੋਂ ਅਗਲੇ ਨਗਰ ਲਈ ਚਾਲੇ ਪਾ ਦੇਣੇ।

ਦਾਸ ਨੇ ਬਾਬਾ ਨੰਦ ਸਿੰਘ ਜੀ ਦਾ ਇਕ ਜ਼ਿਕਰ ਪੜ੍ਹਿਆ। ਇਹ ਉਸ ਸਮੇਂ ਦੀ ਗੱਲ ਹੈ ਜਦੋਂ ਬਾਬਾ ਜੀ ਅਜੇ ਪ੍ਰਗਟ ਨਹੀਂ ਸੀ ਹੋਏ। ਬਾਬਾ ਜੀ ਨੇ ਇਕ ਵਾਰੀ ਇਕ ਪਿੰਡ ਦੇ ਬਾਹਰ ਛੋਟੀ ਜਿਹੀ ਛੰਨ ਪੁਆ ਕੇ ਭੋਰਾ ਬਣਵਾਇਆ। (ਬਾਬਾ ਜੀ ਪੱਕਾ ਅਸਥਾਨ ਨਹੀਂ ਸਨ ਬਣਵਾਉਂਦੇ,ਉਨ੍ਹਾਂ ਸਾਰੀ ਜ਼ਿੰਦਗੀ ਪੱਕੀ ਇੱਟ ਨਹੀਂ ਲਗਵਾਈ, ਕੱਚਾ ਹੀ ਕੰਮ ਕਰਦੇ ਸਨ) 7-8 ਦਿਨ ਹੀ ਬੀਤੇ ਹੋਣਗੇ ਉਥੇ ਬੈਠ ਕੇ ਸਮਾਧੀ ਵਿੱਚ ਲੀਨ ਹੁੰਦਿਆਂ ਕਿ ਉਥੇ ਕੋਲ ਹੀ 4 ਸਾਧੂ ਆ ਕੇ ਰਹਿਣ ਲੱਗ ਪਏ। ਬਾਬਾ ਜੀ ਨੇ ਤਿੰਨ ਦਿਨ ਨਹੀਂ ਕੱਟੇ। ਇਕ ਦਿਨ ਦੁਪਹਿਰ ਨੂੰ ਜਦੋਂ ਉਹ ਸਾਧੂ ਅਰਾਮ ਕਰ ਰਹੇ ਸਨ, ਬਾਬਾ ਜੀ ਚੁੱਪ ਚਪੀਤੇ ਉਥੋਂ ਨਿਕਲ ਗਏ ਤੇ 4-5 ਮੀਲ ਅਗਾਂਹ ਜਾ ਕੇ ਇਕ ਦਰੱਖ਼ਤ ਥੱਲੇ ਡੇਰਾ ਲਾ ਲਿਆ। ਜਦੋਂ ਪਿੰਡ ਦੇ ਪ੍ਰਬੰਧਕਾਂ ਨੇ ਵੇਖਿਆ ਕਿ ਬਾਬਾ ਜੀ ਆਪਣੇ ਭੋਰੇ ਵਿੱਚ ਬਿਰਾਜਮਾਨ ਨਹੀਂ ਹਨ ਤਾਂ ਉਨ੍ਹਾਂ ਨੂੰ ਲੱਭਦੇ-ਲੱਭਦੇ ਉਥੇ ਪਹੁੰਚ ਗਏ ਜਿਥੇ ਬਾਬਾ ਜੀ ਬਿਰਾਜਮਾਨ ਸਨ। ਉਹ ਬਾਬਾ ਜੀ ਨੂੰ ਪੁੱਛਣ ਲੱਗੇ, ਕੀ ਸਾਡੇ ਕੋਲੋਂ ਕੋਈ ਭੁੱਲ ਹੋ ਗਈ ਹੈ, ਤੁਸੀਂ ਸਾਡਾ ਪਿੰਡ ਛੱਡ ਕੇ ਇਥੇ ਕਿਉਂ ਆ ਗਏ ? ਬਾਬਾ ਜੀ ਕਹਿੰਦੇ ਹਨ ਕਿ ਉਥੇ 4 ਸਾਧੂ ਆ ਗਏ ਸਨ ਰਹਿਣ ਵਾਸਤੇ। ਹੁਣ ਜੇ ਅਸੀਂ ਉਨ੍ਹਾਂ ਦੇ ਸਾਹਮਣੇ ਚੌਕੜੀ ਮਾਰ ਕੇ ਜੁੜਦੇ ਹਾਂ ਤਾਂ ਸਾਡੀ ਭਗਤੀ ਪ੍ਰਗਟ ਹੁੰਦੀ ਹੈ। ਉਨ੍ਹਾਂ ਦੇ ਆਉਣ ਨਾਲ ਸਾਡੀ ਇਕਾਂਤ ਖ਼ਤਮ ਹੋ ਗਈ ਸੀ, ਇਸ ਲਈ ਅਸੀਂ ਉਹ ਜਗ੍ਹਾ ਛੱਡ ਕੇ ਇਥੇ ਆ ਗਏ ਹਾਂ।

ਇਹ ਹੈ ਸ਼ਰਧਾ ਦੀ ਅੱਠਵੀਂ ਨਿਸ਼ਾਨੀ। ਇਕਾਂਤ ਵਿੱਚ ਜੁੜਨ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਵੇਗੀ। ਇਥੇ ਇਕ ਧਿਆਨ ਰੱਖਣਾ, ਜੋ ਸਤਿ ਸੰਗਤ ਹੈ, ਉਹ ਵੀ ਰੱਜ ਕੇ ਕਰਨੀ ਹੈ ਤੇ ਅਖ਼ੀਰਲੇ ਸਵਾਸਾਂ ਤੱਕ ਕਰਨੀ ਹੈ ਤੇ ਸਤਿ ਸੰਗਤ ਵਿਚ ਵੀ ਬੈਠ ਕੇ ਆਪਣੇ ਇਕਾਂਤ ਰੂਪੀ ਗੁਣ ਦਾ ਰਸ ਮਾਨਣਾ ਹੈ। ਜ਼ਰੂਰ ਪਾਇਓ ਮਨਾਂ 'ਤੇ ਝਾਤੀ ਕਿ

ਤੁਹਾਨੂੰ 24 ਘੰਟਿਆਂ ਵਿਚੋਂ ਕੁੱਝ ਸਮਾਂ ਇਕਾਂਤ ਵਿੱਚ ਜੁੜਨ ਦੀ ਭੁੱਖ ਲੱਗਦੀ ਹੈ ਕਿ ਨਹੀਂ। ਜੇ ਨਹੀਂ ਲੱਗਦੀ ਤਾਂ ਸਮਝ ਲੈਣਾ ਪ੍ਰੇਮ ਦੀ ਦਾਤ, ਸ਼ਰਧਾ ਦੀ ਦਾਤ ਅਜੇ ਤਹਾਡੇ ਤੋਂ ਦੂਰ ਹੈ।

ਸੰਗਤ ਦੀ ਇਕ ਬੱਚੀ ਦਾਸ ਨੂੰ ਕਹਿੰਦੀ ਹੈ ਕਿ ਮੇਰੇ ਘਰ ਵਿੱਚ ਕੁੱਝ ਮੁਸ਼ਕਿਲ ਚੱਲ ਰਹੀ ਹੈ, ਤੁਸੀਂ ਕੁੱਝ ਸਮੇਂ ਲਈ ਮੇਰੇ ਘਰ ਆਓ। ਪੁਰਾਣੇ ਸੰਗੀ ਸਨ, ਨੇੜਤਾ ਸੀ, ਚਲੇ ਗਏ ਘਰ। ਜਦੋਂ ਜਾ ਕੇ ਉਸ ਦੀ ਸੱਸ ਨੂੰ ਪੁੱਛਿਆ ਦੱਸੋ ਕੀ ਮੁਸ਼ਕਿਲ ਹੈ ? ਕੀ ਬੱਚੀ ਵਲੋਂ ਕੋਈ ਸ਼ਿਕਾਇਤ ਹੈ ? ਉਹ ਕਹਿਣ ਲੱਗੀ ਸਾਨੂੰ ਤਾਂ ਇਸ ਤੋਂ ਕੋਈ ਸ਼ਿਕਾਇਤ ਨਹੀਂ, ਸਾਰਾ ਕੰਮ ਵੀ ਘਰ ਦਾ ਕਰਦੀ ਹੈ, ਸਾਰੇ ਜੀਆਂ ਨਾਲ ਪਿਆਰ ਵੀ ਕਰਦੀ ਹੈ, ਆਏ-ਗਏ ਦੀ ਸੇਵਾ ਵੀ ਕਰਦੀ ਹੈ, ਅਸੀਂ ਤਾਂ ਸਾਰੇ ਹੀ ਇਸ ਤੋਂ ਬਹੁਤ ਖ਼ੁਸ਼ ਹਾਂ। ਜਦੋਂ ਉਸ ਬੱਚੀ ਨੂੰ ਪੁੱਛਿਆ, ਕੀ ਤੈਨੂੰ ਕੋਈ ਮੁਸ਼ਕਿਲ ਹੈ ? ਉਹ ਬੱਚੀ ਕਹਿਣ ਲੱਗੀ, ਮੈਨੂੰ ਕੰਮ-ਕਾਜ ਵਲੋਂ ਕੋਈ ਗਿਲ੍ਹਾ ਨਹੀਂ, ਨਾ ਹੀ ਮੈਨੂੰ ਮਾਇਆ ਵਲੋਂ ਕੋਈ ਪਰੇਸ਼ਾਨੀ ਹੈ, ਨਾ ਹੀ ਘਰ ਦੇ ਜੀਅ ਦੇ ਸੁਭਾਅ ਵਲੋਂ ਕੋਈ ਮੁਸ਼ਕਿਲ ਹੈ, ਪਰ ਮੈਨੂੰ ਇਥੇ ਇਕ ਬਹੁਤ ਵੱਡੀ ਪ੍ਰੇਸ਼ਾਨੀ ਆ ਰਹੀ ਹੈ ਕਿ ਇਥੇ ਆਇਆ-ਗਿਆ ਬਹੁਤ ਹੈ, ਮੈਨੂੰ ਉਨ੍ਹਾਂ ਦੀ ਸੇਵਾ ਕਰਨ ਵਿੱਚ ਜਾਂ ਆਏ-ਗਏ ਦੀ ਖ਼ਾਤਰਦਾਰੀ ਕਰਨ ਵਿੱਚ ਕੋਈ ਘਬਰਾਹਟ ਨਹੀਂ, ਪਰ ਮੁਸ਼ਕਿਲ ਇਹ ਹੈ ਕਿ ਜ਼ਿਆਦਾਤਰ ਪ੍ਰੋਹਣੇ ਰਾਤ ਦੇ 12-1 ਵਜੇ ਤੱਕ ਬੈਠੇ ਰਹਿੰਦੇ ਹਨ ਤੇ ਰਾਤ ਦੇਰ ਤੱਕ ਰਸੋਈ ਦਾ ਕੰਮ ਚਲਦਾ ਰਹਿੰਦਾ ਹੈ, ਜਿਸ ਕਾਰਨ ਮੇਰੇ ਕੋਲੋਂ ਸਵੇਰੇ ਫਿਰ ਅੰਮ੍ਰਿਤ ਵੇਲੇ ਉਠਿਆ ਨਹੀਂ ਜਾਂਦਾ। ਮੈਂ ਚਾਹੁੰਦੀ ਹਾਂ ਕਿ ਰਾਤ 10 ਵਜੇ ਤੱਕ ਅਰਾਮ ਵਿੱਚ ਹੋ ਜਾਈਏ ਤਾਂ ਕਿ ਮੈਂ ਅੰਮ੍ਰਿਤ ਵੇਲੇ ਉਠ ਕੇ ਆਪਣੀ ਆਤਮਾ ਨੂੰ ਇਕਾਂਤ ਵਿੱਚ ਖ਼ੁਰਾਕ ਦੇ ਸਕਾਂ। ਘਰ ਵਿੱਚ ਪਰੋਹਣੇ ਆਉਣੇ ਚੰਗੀ ਗੱਲ ਹੈ, ਉਨ੍ਹਾਂ ਦੀ ਸੇਵਾ ਕਰਨੀ, ਉਨ੍ਹਾਂ ਨੂੰ ਪ੍ਰਸ਼ਾਦਾ-ਪਾਣੀ ਛਕਾਉਣਾ ਇਹ ਵੀ ਚੰਗੀ ਗੱਲ ਹੈ, ਪਰ ਜਿਥੇ ਰੋਜ਼ ਦੀ ਇਹ ਗੱਲ ਹੋਵੇ ਤੇ 12-1 ਵੱਜ ਜਾਣ ਤਾਂ ਇਸ ਕਾਰਨ ਅੰਮ੍ਰਿਤ ਵੇਲਾ ਤੇ ਉਸ ਦੀ ਇਕਾਂਤ ਟੁੱਟਦੀ ਹੈ ਤਾਂ ਉਸ ਦਾ ਅੰਦਰ ਕਲਪਦਾ ਹੈ। ਮੇਰਾ ਉਸ ਬੱਚੀ ਦੀ ਮੰਗ ਵੇਖ ਕੇ ਸੀਸ ਝੁਕ ਗਿਆ ਕਿ ਘਰ ਬੇਨਤੀ ਕਰ ਦਿਓ ਰਾਤ ਆਰਾਮ ਦੀ ਰੋਟੀਨ 2 ਘੰਟੇ ਪਹਿਲੇ ਹੋ ਜਾਵੇ।

ਕਿਤਨੀ ਭੁੱਖ ਹੈ ਅੰਮ੍ਰਿਤ ਵੇਲੇ ਤੇ ਇਕਾਂਤ ਦੀ। ਪਾਇਓ ਮਨਾਂ 'ਤੇ ਝਾਤੀ ਕਿ ਸਾਨੂੰ ਵੀ ਇਕਾਂਤ ਵਿੱਚ ਜੁੜਨ ਦੀ ਭੁੱਖ ਲੱਗਦੀ ਹੈ ਕਿ ਨਹੀਂ ? ਸਾਡੀ ਜਦੋਂ ਇਕਾਂਤ ਟੁੱਟੇ ਸਾਨੂੰ ਦੁੱਖ ਹੁੰਦਾ ਹੈ ਕਿ ਨਹੀਂ ? ਜੇ ਨਹੀਂ ਤਾਂ ਅਰਦਾਸ ਕਰੋ ਗੁਰੂ ਸਾਹਿਬ ਦੇ ਚਰਨਾਂ ਵਿੱਚ ਕਿ ਸਾਡੀ ਝੋਲੀ ਵਿੱਚ ਇਕਾਂਤ ਵਿੱਚ ਜੁੜਨ ਦੀ ਅਨਮੋਲ ਦਾਤ ਪਾਓ, ਜਿਸ ਦਾਤ ਦੇ ਮਿਲਣ ਤੋਂ ਬਗ਼ੈਰ ਪ੍ਰਮੇਸ਼ਰ ਦੀ ਪ੍ਰਾਪਤੀ ਸੰਭਵ ਹੀ ਨਹੀਂ। ਇਹ ਹੈ ਸ਼ਰਧਾ ਦੀ ਅੱਠਵੀਂ ਨਿਸ਼ਾਨੀ ਇਕਾਂਤ ਵਿੱਚ 'ਜੁੜਨ' ਦੀ ਭੁੱਖ ਲੱਗਣੀ। ਇਕ ਗੱਲ ਯਾਦ ਰਖਿਓ

'ਇਕਾਂਤ ਵਿੱਚ ਰਹਿਣਾ ਤੇ ਇਕਾਂਤ ਵਿੱਚ ਜੁੜਨਾ' ਇਨ੍ਹਾਂ ਦੋਵਾਂ ਗੱਲਾਂ ਵਿੱਚ ਬਹੁਤ ਫ਼ਰਕ ਹੈ, ਜ਼ਮੀਨ-ਅਸਮਾਨ ਦਾ ਫ਼ਰਕ ਹੈ। ਜਿਸ ਦਾ ਕੋਈ ਨੁਕਸਾਨ ਹੋ ਜਾਵੇ ਮਾਇਆ ਦਾ, ਜਾਂ ਘਰ ਪ੍ਰਵਾਰ ਤੋਂ ਕੋਈ ਕਲਪਿਆ ਹੋਵੇ, ਅਤਿ ਦੁੱਖ ਵਿਚ ਹੋਵੇ ਜਾਂ ਸਾਰੇ ਪਾਸਿਓਂ ਨਿਰਾਸ਼ ਹੋਇਆ ਬੰਦਾ ਵੀ ਇਕਾਂਤ ਵਿੱਚ ਰਹਿਣਾ ਚਾਹੁੰਦਾ ਹੈ। ਕਿਸੇ ਮਾਨਸਿਕ ਪ੍ਰੇਸ਼ਾਨੀ ਵਿੱਚ ਘਿਰਿਆ ਹੋਇਆ ਬੰਦਾ ਇਕਾਂਤ ਚਾਹੁੰਦਾ ਹੈ ਅਤੇ ਉਹ ਵੀ ਕਹਿੰਦਾ ਹੈ ਕਿ ਮੈਨੂੰ ਕੋਈ ਬੁਲਾਵੇ ਨਾ। ਉਹ ਵੀ ਇਕਾਂਤ ਲੱਭਦਾ ਹੈ। ਪਰ ਗੁਰੂ ਪਿਆਰਿਓ ! 'ਜੁੜਨਾ' ਲਫ਼ਜ਼ 'ਤੇ ਗ਼ੌਰ ਕਰਨਾ। ਇਕਾਂਤ ਵਿੱਚ 'ਜੁੜਨਾ' ਹੈ।

★★★

SIKHBOOKCLUB.COM

ਜੋ ਸ਼ਰਧਾ ਕਰਿ ਸੇਂਵਦੇ

# ਸ਼ਰਧਾ ਦੀ ਨੌਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਹ ਆਪਣੇ ਪਿਆਰੇ ਦੇ ਵੈਰਾਗ ਵਿਚ ਰਹਿੰਦਾ ਹੈ

ਗੁਰੂ 'ਤੇ ਸ਼ਰਧਾ, ਗੁਰੂ ਪ੍ਰੇਮ ਇੰਨੀ ਵੱਡੀ ਦਾਤ ਹੈ ਕਿ ਵੱਡੇ-ਵੱਡੇ ਜੋਤਸ਼ੀ ਵੀ ਹੱਥ ਖੜੇ ਕਰ ਦੇਂਦੇ ਹਨ। ਜਿਹੜੇ ਇਹ ਕਹਿੰਦੇ ਹਨ ਕਿ ਅਸੀਂ ਵੇਖ ਕੇ ਦਸ ਸਕਦੇ ਹਾਂ ਕਿ ਇਹ ਤੇਰੇ ਕਰਮਾਂ ਵਿਚ ਹੈ, ਤੇਰੇ ਨਾਲ ਇਸ ਤਰ੍ਹਾਂ ਹੋਣਾ ਹੈ। ਪਰ ਪ੍ਰੇਮ ਕਰਨ ਵਾਲੇ ਦੀਆਂ, ਸ਼ਰਧਾ ਵਾਲੇ ਦੀਆਂ, ਜਦੋਂ ਲਕੀਰਾਂ ਬਦਲਦੀਆਂ ਹਨ, ਜੋਤਸ਼ੀ ਵੀ ਹੈਰਾਨ ਰਹਿ ਜਾਂਦੇ ਹਨ। ਹੱਥ ਖੜੇ ਕਰ ਦੇਂਦੇ ਹਨ। ਜਿਥੇ ਕੋਈ ਗੁਰੂ ਨਾਲ ਪ੍ਰੇਮ ਕਰਨ ਵਾਲਾ ਹੋਵੇ, ਉਥੇ ਸਾਡਾ ਦੱਸਿਆ ਵੀ ਗ਼ਲਤ ਹੋ ਜਾਂਦਾ ਹੈ। ਡਾਕਟਰ ਵੀ ਹੱਥ ਖੜੇ ਕਰ ਦੇਂਦੇ ਹਨ ਕਿ ਅਸੀਂ ਆਖਿਆ ਸੀ, ਇਸ ਨੇ ਬਚਣਾ ਨਹੀਂ। ਇਸ ਨੇ ਸ਼ਰਧਾ ਨਾਲ ਕਿਸ ਨੂੰ ਮਨਾਇਆ ਹੈ ਕਿ ਬਿਮਾਰੀ ਹੀ ਨਹੀਂ ਰਹੀ। ਬਾਣੀ ਨਾਲ ਅਤੇ ਗੁਰੂ ਨਾਲ ਪ੍ਰੇਮ ਇੰਨੀ ਵੱਡੀ ਦਾਤ ਹੈ, ਐਸਾ ਪ੍ਰੇਮ ਜਿਹੜਾ ਡਾਕਟਰਾਂ ਨੂੰ ਵੀ ਹੈਰਾਨ ਕਰ ਦੇਵੇ, ਜੋਤਸ਼ੀਆਂ ਨੂੰ ਵੀ ਹੈਰਾਨ ਕਰ ਦੇਵੇ। ਸਾਨੂੰ ਅਜੇ ਹੋਇਆ ਹੈ ਕਿ ਨਹੀਂ, ਇਸ ਦੀਆਂ ਕੁਝ ਨਿਸ਼ਾਨੀਆਂ ਹਨ, ਜਿਨ੍ਹਾਂ ਵਿਚੋਂ ਅੱਠ ਨਿਸ਼ਾਨੀਆਂ ਦੀ ਸੇਵਾ ਦਾਸ ਕੋਲੋਂ ਮਹਾਰਾਜ ਨੇ ਲਿਖਵਾ ਕੇ ਲਈ ਹੈ। ਨੌਵੀਂ ਨਿਸ਼ਾਨੀ ਲਿਖਣ ਦੀ ਗੁਰੂ ਸਾਹਿਬ ਸੇਵਾ ਲੈਣ।

ਸ਼ਰਧਾ ਦੀ ਨੌਵੀਂ ਨਿਸ਼ਾਨੀ ਹੈ ਕਿ ਸ਼ਰਧਾ ਵਾਲਾ ਆਪਣੇ ਪਿਆਰੇ ਦੇ ਵੈਰਾਗ ਵਿਚ ਰਹਿੰਦਾ ਹੈ।

ਸਾਰੇ ਝਾਤੀ ਪਾਇਓ, ਜ਼ਿੰਦਗੀ ਵਿਚ ਵੈਰਾਗ ਆਇਆ ਹੈ ਕਿ ਨਹੀਂ। ਬਾਬਾ ਨੰਦ ਸਿੰਘ ਜੀ ਦੇ ਬਚਨ ਹਨ – 'ਭਗਤੀ ਦਾ ਸਰੂਪ ਹੋਏ ਹਨ ਗੁਰੂ ਨਾਨਕ ਸਾਹਿਬ। ਹੁਕਮ ਮੰਨਣ ਦਾ ਸਰੂਪ ਹੋਏ ਹਨ ਗੁਰੂ ਅੰਗਦ ਸਾਹਿਬ। ਗੁਰੂ ਅਮਰਦਾਸ ਜੀ ਸੇਵਾ ਦਾ ਸਰੂਪ ਹੋਏ ਹਨ ਤੇ ਗੁਰੂ ਰਾਮਦਾਸ ਜੀ ਵੈਰਾਗ ਦਾ ਸਰੂਪ ਹੋਏ ਹਨ, ਜਿਨ੍ਹਾਂ ਦਾ ਸ਼ਬਦ ਵੀ

ਤੁਸੀਂ ਪੜ੍ਹਦੇ ਹੋ-

*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥*

(ਅੰਗ ੯੪)

ਨੌਵੀਂ ਨਿਸ਼ਾਨੀ ਸ਼ਰਧਾ ਦੀ ਪਿਆਰੇ ਦੇ ਵੈਰਾਗ ਵਿਚ ਰਹਿਣਾ। ਵੈਰਾਗ ਦੋ ਤਰ੍ਹਾਂ ਦਾ ਹੁੰਦਾ ਹੈ, ਇਕ ਹੈ ਵਿਛੋੜੇ ਦਾ ਵੈਰਾਗ, ਇਕ ਸ਼ੁਕਰਾਨੇ ਦਾ ਵੈਰਾਗ। ਇਹ ਦੋਵੇਂ ਤੁਹਾਡੀ ਜ਼ਿੰਦਗੀ ਵਿਚ ਹੋਣ। ਜੇ ਅੰਮ੍ਰਿਤ ਵੇਲਾ ਟੁੱਟ ਗਿਆ ਹੈ, ਅੰਦਰ ਵੈਰਾਗ ਹੋਵੇ, ਅੱਜ ਵਿਛੋੜਾ ਹੋ ਗਿਆ ਹੈ, ਅੰਦਰ ਵੈਰਾਗ ਵਿਚ ਰਹਿਣਾ। ਜੇ 2-3 ਵਜੇ ਅੰਮ੍ਰਿਤ ਵੇਲੇ ਜਾਗ ਗਏ ਹੋ ਤਾਂ ਸ਼ੁਕਰਾਨੇ ਦਾ ਵੈਰਾਗ ਹੋਵੇ ਕਿ ਮੈਨੂੰ ਗ਼ਰੀਬ ਨੂੰ ਸੁੱਤੇ ਨੂੰ ਜਗਾ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੋ। ਤੁਹਾਨੂੰ ਦੋਵੇਂ ਵੈਰਾਗ ਮਿਲਣਗੇ। ਜੇ ਚੌਥੇ ਪਾਤਸ਼ਾਹ ਨੂੰ ਗੁਰੂ ਅਮਰਦਾਸ ਜੀ ਨੇ ਚੰਦੋਏ ਥੱਲੇ, ਤਖ਼ਤ 'ਤੇ ਬਿਠਾ ਦਿੱਤਾ, ਦੁਨੀਆਂ ਨਮਸਕਾਰਾਂ ਕਰਦੀ ਹੈ। ਕਿੱਡਾ ਵੈਰਾਗ ਆ ਗਿਆ ਸ਼ੁਕਰਾਨੇ ਦਾ। ਕੀ ਕਹਿੰਦੇ ਹਨ—

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*

SIKHBOOKCLUB.COM

(ਅੰਗ ੧੬੭)

ਮੈਂ ਤੇ ਕੀੜਾ ਸਾਂ, ਤੁਸਾਂ ਮੈਨੂੰ ਥਾਪ ਦਿੱਤਾ ਹੈ। ਗੁਰੂ ਦੇ ਸਿੱਖ ਨੂੰ ਸ਼ੁਕਰਾਨੇ ਵਿਚ ਵੀ ਵੈਰਾਗ ਆ ਜਾਂਦਾ ਹੈ। ਜੇ ਕੋਈ ਪ੍ਰਾਪਤੀ ਨਹੀਂ ਹੋਈ, ਵਿਛੋੜੇ ਦੇ ਵੈਰਾਗ ਵਿਚ ਮਨ ਕਹੇ ਕਿ ਮੇਰੀ ਵਾਰੀ ਕਦੋਂ ਆਵੇਗੀ।

ਜੇ ਮਿਲ ਗਿਆ ਕੁਝ ਤੇ ਸ਼ੁਕਰਾਨੇ ਦਾ ਵੈਰਾਗ ਕਿ ਮੈਂ ਤੇਰੀਆਂ ਦੇਣੀਆਂ ਕਿਵੇਂ ਦੇਵਾਂ, ਇਸ ਤਰ੍ਹਾਂ ਹਉਮੈ ਜਨਮ ਨਹੀਂ ਲੈਂਦੀ, ਜੇ ਸ਼ੁਕਰਾਨੇ ਦਾ ਵੈਰਾਗ ਰਹੇ। ਜਲੰਧਰ ਦਾ ਇਕ ਸਰੀਰ, ਤਿੰਨ ਲੜਕੀਆਂ ਦੇ ਬਾਅਦ ਉਸ ਦੇ ਘਰ ਲੜਕਾ ਹੋਇਆ। ਦਾਸ ਨਾਲ ਟੈਲੀਫੋਨ 'ਤੇ ਗੱਲ ਕਰੇ ਤੇ ਰੋਈ ਜਾਵੇ। ਮੈਂ ਕਿਹਾ, ਮੁੰਡਾ ਹੋਇਆ ਹੈ ਖ਼ੁਸ਼ ਹੋ, ਤੂੰ ਰੋ ਰਿਹਾ ਹੈਂ। ਕਹਿੰਦਾ ਹੈ ਰੋ ਨਹੀਂ ਰਿਹਾ, ਸ਼ੁਕਰਾਨਾ ਨਿਕਲਦਾ ਪਿਆ ਹੈ ਕਿ ਗੁਰੂ ਨੇ ਮੇਰੀ ਲਾਜ-ਪੱਤ ਰੱਖ ਲਈ ਹੈ। ਕਹਿਣਾ ਲੱਗਾ, ਮੇਰੀ ਪਤਨੀ ਕਹਿੰਦੀ ਸੀ ਕਿ ਅਲਟਰਾਸਾਉਂਡ ਕਰਵਾ ਕੇ ਚੈੱਕ ਕਰਵਾਉਣਾ ਹੈ ਤੇ ਮੈਂ ਕਹਿੰਦਾ ਸੀ, ਨਹੀਂ ਕਰਵਾਉਣਾ। ਮਹਾਂਪੁਰਸ਼ਾਂ ਨੇ ਵੀ ਕਿਹਾ, ਚੈੱਕ ਨਹੀਂ ਕਰਵਾਉਣਾ। ਇਹ ਹੈ ਸ਼ੁਕਰਾਨੇ ਦਾ ਵੈਰਾਗ। ਅੱਜ ਸ਼ੁਰਕਾਨਾ ਨਿਕਲਦਾ ਪਿਆ ਹੈ ਕਿ ਗੁਰੂ ਨੇ ਮੇਰੀ ਲਾਜ ਰੱਖ ਲਈ। ਇਕ ਮਾਈ ਹੋਈ ਹੈ ਗੁਰੂ ਹਰਿਰਾਇ ਸਾਹਿਬ ਜੀ ਵੇਲੇ, ਉਸ ਨੂੰ ਬੜਾ ਚਾਅ ਸੀ ਕਿ ਮੇਰੀ ਰਸੋਈ ਦਾ ਪ੍ਰਸ਼ਾਦਾ ਗੁਰੂ ਸਾਹਿਬ ਜੀ ਰਸਨਾ ਨੂੰ ਲਾਉਣ। ਹਰ ਵੇਲੇ ਵੈਰਾਗ ਵਿਚ

ਰਹਿਣਾ ਕਿ ਮੇਰੀ ਵੀ ਕਦੀ ਵਾਰੀ ਆਵੇਗੀ। ਦੋ-ਚਾਰ ਸੌ ਸੂਰਮੇਂ ਹਰ ਵੇਲੇ ਉਨ੍ਹਾਂ ਦੇ ਨਾਲ ਰਹਿੰਦੇ ਸਨ। ਉਹ ਮਾਈ ਬਹੁਤ ਗ਼ਰੀਬ ਸੀ। ਕਹਿੰਦੀ ਹੈ, ਮੈਂ ਇੰਨਿਆਂ ਦਾ ਪ੍ਰਸ਼ਾਦਾ ਕਰ ਨਹੀਂ ਸਕਦੀ। ਇਕ ਦਿਨ ਬੜਾ ਵੈਰਾਗ ਆਇਆ, ਦੋ ਪ੍ਰਸ਼ਾਦੇ ਪਕਾਏ, ਉੱਤੇ ਸ਼ੱਕਰ ਰੱਖ ਲਈ। ਰੁਮਾਲ ਵਿਚ ਬੰਨ੍ਹ ਲਏ। ਪਿਆਰ ਸੱਚਾ ਸੀ। ਅਰਦਾਸ ਕਰ ਕੇ ਨਿਕਲੀ ਸੀ। ਉਧਰੋਂ ਗੁਰੂ ਹਰਿਰਾਏ ਸਾਹਿਬ ਜੀ ਘੋੜੇ 'ਤੇ ਆ ਰਹੇ ਸੀ। ਆਪ ਹੱਥ ਅੱਡ ਕੇ ਕਹਿੰਦੇ ਹਨ ਮਾਈ ਭੁੱਖ ਬੜੀ ਲੱਗੀ ਹੈ। ਘੋੜੇ ਤੋਂ ਉਤਰੇ ਤੇ ਹੱਥ 'ਤੇ ਹੀ ਫੜ ਕੇ ਪ੍ਰਸ਼ਾਦਾ ਛੱਕਣ ਲੱਗ ਪਏ। ਸੇਵਾਦਾਰ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ! ਤੁਹਾਡੀ ਮਰਿਆਦਾ ਹੈ ਕਿ ਸਿਰਫ਼ ਆਪਣੇ ਰਸੋਈਏ ਦੇ ਹੱਥ ਦਾ ਬਣਿਆ ਖਾਣਾ ਹੀ ਖਾਣਾ ਹੈ। ਗੁਰੂ ਸਾਹਿਬ ਜੀ ਕਹਿੰਦੇ, ਜਿਥੇ ਪ੍ਰੇਮ ਹੋਵੇ, ਮੈਂ ਨਾਂਹ ਕਿਵੇਂ ਕਰਾਂ। ਸਤਿਗੁਰੂ ਪ੍ਰਸ਼ਾਦਾ ਛੱਕ ਰਹੇ ਸੀ ਤੇ ਮਾਈ ਸਤਿਗੁਰੂ ਦੇ ਚਰਨ ਘੁੱਟਣ ਲੱਗ ਪਈ ਕਿ ਮੇਰੀ ਗਰੀਬਣੀ ਦੀ ਭਾਵਨਾ ਪੂਰੀ ਕੀਤੀ ਤੇ ਨਾਲ-ਨਾਲ ਕਹੀ ਜਾਵੇ, 'ਤੁਸੀਂ ਪਾਪੀ ਮੈਂ ਪਤਿਤ ਪਾਵਨ।' 'ਤੁਸੀਂ ਪਾਪੀ ਮੈਂ ਪਤਿਤ ਪਾਵਨ।' ਕੋਲੋਂ ਇਕ ਸਿੱਖ ਗਰਜ ਕੇ ਕਹਿਣ ਲੱਗਾ, ਉਹ ਮਾਈ! ਇਹ ਕੀ ਪਈ ਕਹਿੰਦੀ ਹੈਂ। ਗੁਰੂ ਸਾਹਿਬ ਜੀ ਸਿੱਖ ਨੂੰ ਕਹਿੰਦੇ ਹਨ, ਸਿੱਖਾ! ਬੜਾ ਅਨੰਦ ਆ ਰਿਹਾ ਸੀ ਕਿਉਂਕਿ ਬਾਹਰੋਂ ਭਾਵੇਂ ਗ਼ਲਤ ਬੋਲ ਰਹੀ ਸੀ ਪਰ ਅੰਦਰੋਂ ਭੋਲੀ ਹੈ, ਖਰੀ ਹੈ। ਗੁਰੂ ਨੂੰ ਅੰਦਰੋਂ ਸੱਚਾ ਚੰਗਾ ਲੱਗਦਾ ਹੈ।

*ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ॥*
*ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ॥*

(ਅੰਗ ੪੫੦)

ਇਹ ਭਾਵੇਂ ਲਫ਼ਜ਼ ਗ਼ਲਤ ਵੀ ਬੋਲ ਰਹੀ ਸੀ, ਪਰ ਸ਼ੁਕਰਾਨੇ ਵਜੋਂ ਬੋਲ ਰਹੀ ਸੀ, ਸ਼ੁਕਰਾਨੇ ਦੀ ਭਗਤੀ ਵਿਚ ਬੋਲ ਰਹੀ ਸੀ। ਭਾਵੇਂ ਬਾਹਰਲੇ ਲਫ਼ਜ਼ ਗ਼ਲਤ ਵੀ ਸਨ ਪਰ ਮੈਨੂੰ ਬੜੀ ਚੰਗੀ ਲੱਗ ਰਹੀ ਸੀ। ਇਹ ਹੈ ਸ਼ੁਕਰਾਨੇ ਦਾ ਵੈਰਾਗ। ਪ੍ਰਸ਼ਾਦੇ ਦੀ ਭਾਵਨਾ ਪੂਰੀ ਹੋਈ ਮਾਈ ਦੀ ਤੇ ਸ਼ੁਕਰਾਨੇ 'ਚ ਵੈਰਾਗ ਆ ਗਿਆ।

ਇਕ ਹੈ ਵਿਛੋੜੇ ਦਾ ਵੈਰਾਗ। ਆਇਆ ਹੈ ਕਿ ਨਹੀਂ। ਜਿਨ੍ਹਾਂ ਨੂੰ ਆਇਆ ਹੈ, ਉਹ ਹੱਥ 'ਤੇ ਹੱਥ ਰੱਖ ਕੇ ਨਾ ਬੈਠਣ। ਸੰਤ ਅਤਰ ਸਿੰਘ ਜੀ ਨੂੰ ਵੈਰਾਗ ਆਇਆ। ਕਹਿੰਦੇ ਹਨ, ਸਵਾ ਲੱਖ ਪਾਠ ਜਪੁਜੀ ਸਾਹਿਬ ਦਾ, ਸਿਰ 'ਤੇ ਹੱਥ ਰੱਖ ਕੇ ਸੇਵਾ ਲਵੋ ਗੁਰੂ ਗੋਬਿੰਦ ਸਿੰਘ ਜੀ, ਪਰ ਵਿਛੋੜਾ ਦੂਰ ਕਰ ਦਿਓ। ਨਿਰੀਆਂ ਗੱਲਾਂ ਨਹੀਂ, ਕੁਝ ਕੀਤਾ ਵੀ। ਤੁਹਾਡੇ ਦਿਲ ਦੀ ਗੱਲ ਤੁਸੀਂ ਜਾਣਦੇ ਹੋ ਜਾਂ ਗੁਰੂ। ਨੀਂਦਰ ਨੇ ਵਿਛੋੜਾ ਪਾਇਆ ਹੈ ਕਿ ਗ਼ਰੀਬੀ ਨੇ, ਕਿ ਘਰ ਦੇ ਕਿਸੇ ਜੀਅ ਨੇ, ਕਿ ਬਹੁਤ ਅਮੀਰੀ ਨੇ। ਆਓ ਅਰਦਾਸ ਕਰੀਏ:-

*ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ॥*
*ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥*

(ਅੰਗ ੯੫੯)

ਭਗਤ ਧੰਨਾ ਜੀ ਨੇ ਇਕ ਪੱਥਰ ਨੂੰ ਠਾਕੁਰ ਸਮਝ ਕੇ ਕੈਸਾ ਵੈਰਾਗ ਕੀਤਾ ਤੇ ਕੀ ਆਖਿਆ—

*ਹਉ ਭੀ ਮੂੰਹ ਨ ਜੁਠਾਲਸਾ*
*ਤੂੰ ਰੁਠਾ ਮੈਂ ਕਿਉਂ ਨਾ ਸੁਖਾਵੈ*
*ਰੋਟੀ ਖਾਇ ਛਾਹਿ ਮੂੰਹ ਲਾਵੇ।*
*ਭੋਲਾ ਭਾਉ ਗੋਬਿੰਦ ਮਿਲਾਵੇ।*

ਨਾਮਦੇਵ ਜੀ ਨੇ ਵਿਛੋੜੇ ਦਾ ਵੈਰਾਗ ਕੀਤਾ ਹੈ-

*ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥੧॥*
*ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥*
*ਨਾਹੀ ਤ ਘਰ ਕੋ ਬਾਪੁ ਰਿਸਾਇ॥ ੧॥ ਰਹਾਉ॥*
*ਸੋੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥੨॥*
*ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥੩॥*
*ਦੂਧੁ ਪੀਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥*

(ਅੰਗ ੧੧੬੩-੬੪)

ਫਰੀਦ ਦਾ ਵੈਰਾਗ ਤਾਂ ਸਿਰਾ ਹੀ ਟੱਪ ਗਿਆ, ਏਡਾ ਵੈਰਾਗ......

*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*

(ਅੰਗ ੧੩੮੨)

ਭਾਈ ਨੰਦ ਲਾਲ ਜੀ ਨੇ ਵੀ ਹੱਦ ਹੀ ਕਰ ਦਿੱਤੀ। ਐਡਾ ਵੈਰਾਗ ! ਭਾਈ ਨੰਦ ਲਾਲ ਜੀ ਕਹਿੰਦੇ ਹਨ-

ਬੁੱਢਾ ਹੋਇਆ ਜੋਬਨ ਖੋਇਆ ਬੈਠ ਉਮਰ ਦੇ ਮੰਦਰ।

ਸਰੀਰ ਨੂੰ ਉਮਰ ਦਾ ਮੰਦਰ ਕਿਹਾ ਹੈ, ਕਹਿੰਦੇ ਹਨ ਉਮਰ ਦੇ ਮੰਦਰ 'ਚ ਮੈਂ ਬੁੱਢਾ ਹੋ ਗਿਆ ਹਾਂ।

SIKHBOOKCLUB.COM

*ਅੱਛੀ ਰਹੀ ਸੋਈ ਗੁਰ ਮੇਰੇ ਜਿਹੜੀ ਬੀਤੀ ਚਰਨਾਂ ਅੰਦਰ।*

ਬਾਕੀ ਤਾਂ ਕਾਲੀਆਂ ਰਾਤਾਂ ਹਨ। ਜਿਹੜਾ ਸਮਾਂ ਸੰਗਤ ਵਿਚ ਬਿਤਾਓਗੇ ਉਹੀ ਦਰਗਾਹੀ, ਬਾਕੀ ਤੇ ਕਾਲੀਆਂ ਰਾਤਾਂ। ਜਿਹੜਾ ਸਮਾਂ ਟੀ.ਵੀ. ਅੱਗੇ ਬਿਤਾਓਗੇ, ਉਹ ਕਾਲੀਆਂ ਰਾਤਾਂ, ਜਿਥੇ ਰੱਬ ਨਹੀਂ ਕੋਈ ਹੋਰ ਚੇਤੇ ਆਵੇ। ਇਹ ਵੀ ਭਾਈ ਨੰਦ ਲਾਲ ਜੀ ਦੀਆਂ ਹੀ ਪੰਕਤੀਆਂ ਹਨ..........

*ਜਵਾਨੀ ਗਈ ਬੁਢੇਪਾ ਆਇਆ ਉਮਰਾ ਲੱਗੀ ਕਿਨਾਰੇ।*
*ਜਿਹੜੇ ਬੀਤੇ ਨਾਲ ਤੁਹਾਡੇ ਸੋਈ ਭਲੇ ਦਿਹਾੜੇ।*

ਬੁੱਲ੍ਹੇ ਸ਼ਾਹ ਨੇ ਵੀ ਵੈਰਾਗ ਕੀਤਾ ਹੈ। ਕਹਿੰਦੇ ਹਨ-

*ਮੈਂ ਕਮਲੀ ਨੂੰ ਲੋੜ ਜਗਤ ਤਮਾਸ਼ੇ ਆਇਆ।*

ਕੋਈ ਸੰਗਤ 'ਚ ਆਉਂਦਾ ਹੈ ਕਿ ਗੁਰੂ ਨਾਨਕ ਮੈਨੂੰ ਤੇਰੀ ਲੋੜ ਹੈ। ਕਈ ਅਜੇ ਥੱਲੇ ਦੀ ਅਵੱਸਥਾ ਹੈ, ਤਮਾਸ਼ਾ ਹੈ। ਜਿਸ ਨੂੰ ਪ੍ਰੇਮ ਆ ਜਾਵੇ, ਵੈਰਾਗ ਵਿਚ ਰਹਿੰਦਾ ਹੈ। ਕਸ਼ਮੀਰ 'ਚ ਰਹਿਣ ਵਾਲੀ ਮਾਤਾ ਭਾਗਭਰੀ ਕੈਸਾ ਵੈਰਾਗ ਸੀ ਕਿ ਮੈਂ ਚੋਲਾ ਬਣਾ ਰਹੀ ਹਾਂ, ਛੇਵੇਂ ਪਾਤਸ਼ਾਹ ਆਪ ਪਾਉਣ। ਇਕ ਇੰਨਾ ਕੁ ਵੈਰਾਗ ਵਿਛੋੜੇ ਦਾ ਕਿਥੇ ਲੈ ਗਿਆ। ਅਖੀਰਲਾ ਵੇਲਾ ਛੇਵੇਂ ਪਾਤਸ਼ਾਹ ਨੇ ਆਪ ਸੰਭਾਲਿਆ ਮਾਤਾ ਭਾਗਭਰੀ ਦਾ। ਕਿੱਡੀ ਤਾਕਤ ਹੈ ਵੈਰਾਗ ਵਿਚ। ਵੈਰਾਗ ਨੂੰ ਸੁਲਤਾਨ ਭਗਤੀ ਕਿਹਾ ਹੈ-

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥*

(ਅੰਗ ੧੩੭੯)

ਸੁਲਤਾਨ ਭਗਤੀ ਬੜੀ ਵੱਡੀ ਭਗਤੀ ਹੈ। ਕੋਈ ਜਾਣ ਕੇ ਪਾਣੀ ਨਾ ਲਿਆਵੇ ਅੱਖਾਂ ਵਿਚ। ਵਾਕਈ ਹੀ ਪਿਆਰੇ ਦੇ ਵੈਰਾਗ ਵਿਚ ਆਉਣ ਅੱਖਾਂ ਵਿਚ ਅਥਰੂ, ਪਤਾ ਨਹੀਂ ਤੁਹਾਡੇ ਕਿੰਨੇ ਕਰਮ ਧੋ ਦੇਂਦਾ ਹੈ।

ਵੈਰਾਗ ਹੀ ਆਇਆ ਸੀ, ਕਲਗੀਆਂ ਵਾਲੇ ਦੇ ਸਮੇਂ ਭਾਈ ਸੈਦੇ ਨੂੰ। ਸਾਡੇ ਵਾਂਗੂ ਹੀ ਕਿਰਤੀ ਸੀ। ਕਿਰਤ ਕਰਦਾ ਸੀ, ਬੇੜੀ ਚਲਾਉਣ ਦੀ। ਪਹਿਲੇ ਬਹੁਤ ਪਕੜ ਸੀ ਮਾਇਆ ਦੀ। ਬਖ਼ਸ਼ਿਆਂ ਦੀ ਸੰਗਤ ਬੇੜੀ 'ਚ ਹੋਈ ਤੇ ਪਕੜ ਨਿਕਲ ਗਈ। ਕੋਈ ਪਕੜ ਨਹੀਂ ਅੰਦਰ ਮਾਇਆ ਦੀ। ਕੋਈ ਪੈਸੇ ਦੇ ਗਿਆ ਤਾਂ ਵੀ, ਨਹੀਂ ਦੇ ਗਿਆ ਤਾਂ ਵੀ ਕੋਈ ਨਹੀਂ। ਵੈਰਾਗ ਆ ਗਿਆ, ਮੇਰੇ ਬੇੜੇ ਵਿਚ ਸਤਿਗੁਰੂ ਜੀ ਕਦੋਂ ਬੈਠਣਗੇ। ਦਿਨ ਰਾਤ ਵੈਰਾਗ। ਵੈਰਾਗ ਨੇ ਖਿੱਚ ਪਾਈ। ਸਤਿਗੁਰੂ ਜੀ ਨੂੰ ਪਹੁੰਚਣਾ ਪਿਆ ਬੇੜੇ 'ਚ। ਕਿੱਡੀ ਤਾਕਤ ਹੈ ਵੈਰਾਗ ਵਿਚ। ਕਲਗੀਆਂ ਵਾਲੇ ਕਹਿੰਦੇ ਹਨ ਭਾਈ ਦਇਆ ਸਿੰਘ,

SIKHBOOKCLUB.COM

ਕਿਰਾਇਆ ਦੇ ਇਸ ਨੂੰ। ਭਾਈ ਸੈਦਾ ਕਹਿੰਦਾ ਹੈ ਕਿਰਾਇਆ ਨਹੀਂ ਲੈਣਾ, ਸੌਦਾ ਵਟਾਉਣਾ ਹੈ। ਸਾਡਾ ਧੰਦਾ ਇਕੋ ਜਿਹਾ ਹੈ। ਜਿਨ੍ਹਾਂ ਦਾ ਧੰਦਾ ਇਕੋ ਜਿਹਾ ਹੋਵੇ, ਉਹ ਆਪਸ ਵਿਚ ਕਈ ਵਾਰੀ ਸੌਦਾ ਵਟਾ ਲੈਂਦੇ ਹਨ। (ਦਾਸ ਦਾ ਕਾਪੀਆਂ ਦਾ ਕੰਮ ਹੈ, ਕਈ ਹੋਰ ਕਾਪੀਆਂ ਦੇ ਕੰਮ ਵਾਲਿਆਂ ਨਾਲ ਪਿਆਰ ਹੈ, ਕਈ ਵਾਰ ਸੌਦਾ ਵਟਾ ਲਈਦਾ ਹੈ। ਸਾਡੇ ਕੋਲ ਅੰਗ੍ਰੇਜ਼ੀ ਦੀ ਕਾਪੀ ਹੈ, ਖਾਨਿਆਂ ਵਾਲੀ ਨਹੀਂ, ਇਹ 100 ਲੈ ਲੈ, ਉਹ 100 ਦੇ ਦੇ।) ਭਾਈ ਸੈਦਾ ਵੀ ਕਲਗੀਆਂ ਵਾਲੇ ਨੂੰ ਕਹਿੰਦਾ ਹੈ, ਮੈਂ ਕਿਰਾਇਆ ਨਹੀਂ ਲੈਣਾ, ਸੌਦਾ ਵਟਾਉਣਾ ਹੈ, ਸਾਡਾ ਧੰਦਾ ਇਕੋ ਜਿਹਾ ਹੈ। ਮੈਂ ਲੋਕਾਂ ਨੂੰ ਪਾਣੀ ਦਾ ਸਾਗਰ ਪਾਰ ਕਰਾਉਂਦਾ ਹਾਂ, ਤੁਸੀਂ ਭਵਸਾਗਰ ਪਾਰ ਕਰਾਉਂਦੇ ਹੋ। ਧੰਦਾ ਇਕੋ ਜਿਹਾ ਹੈ। ਮੈਂ ਤੁਹਾਨੂੰ ਪਾਣੀ ਦਾ ਸਾਗਰ ਪਾਰ ਕਰਾਇਆ ਹੈ, ਤੁਸੀਂ ਮੈਨੂੰ ਭਵਸਾਗਰ ਤੋਂ ਪਾਰ ਕਰਾ ਦਿਓ। ਵੇਖ ਲਵੋ ਵੈਰਾਗ ਵਿਚ ਕਿੰਨੀ ਤਾਕਤ ਹੈ, ਸੱਚੇ ਵੈਰਾਗ ਵਿਚ। ਸਤਿਗੁਰੂ ਪ੍ਰਸੰਨਤਾ 'ਚ ਆ ਗਏ, ਕਹਿੰਦੇ ਹਨ, ਫਿਰ ਤੈਨੂੰ ਇਕ ਨੂੰ ਕੀ ਭਵਸਾਗਰ ਤੋਂ ਪਾਰ ਕਰਨਾ ਹੈ। ਭਾਈ ਦਇਆ ਸਿੰਘ, ਗਿਣਤੀ ਕਰ ਕਿੰਨੇ ਸਿੰਘ ਹਨ ? ਦਇਆ ਸਿੰਘ ਨੇ ਗਿਣਤੀ ਕਰ ਕੇ ਕਿਹਾ ਜੀ 21 ਸਿੰਘ। ਸਤਿਗੁਰੂ ਕਹਿੰਦੇ ਹਨ, ਤੂੰ ਮੇਰੇ 21 ਸਿੰਘਾਂ ਨੂੰ ਪਾਣੀ ਦਾ ਸਾਗਰ ਪਾਰ ਕਰਾਇਆ ਹੈ, ਮੈਂ ਤੇਰੀਆਂ 21 ਕੁੱਲਾਂ ਤਾਰਾਂਗਾ। ਵੈਰਾਗ ਵਿਚ ਇੰਨੀ ਤਾਕਤ ਹੈ। ਗੁਰੂ ਪਿਆਰਿਓ ! ਵੈਰਾਗ ਜ਼ਰੂਰ ਆਵੇ ਸਾਡੀ ਜ਼ਿੰਦਗੀ ਵਿਚ। ਜ਼ਰੂਰ ਝਾਤੀ ਪਾਇਓ ਆਇਆ ਹੈ ਕਿ ਨਹੀਂ।

SIKHBOOKCLUB.COM

ਸੰਤ ਮੀਹਾਂ ਸਿੰਘ ਜੀ ਹੋਏ ਹਨ, 17-18 ਸਾਲ ਦੀ ਉਮਰ, ਜਦੋਂ ਅਜੇ ਸੰਤ ਪਦਵੀ ਨੂੰ ਪ੍ਰਾਪਤ ਨਹੀਂ ਸੀ ਹੋਏ। ਬਾਬਾ ਨੰਦ ਸਿੰਘ ਜੀ ਨਾਲ ਮੇਲ ਹੋਇਆ। ਕੋਈ ਚੰਗੇ ਕਰਮ ਅੱਗੇ ਆਏ। ਸੰਤ ਮੀਹਾਂ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਬੇਨਤੀ ਕੀਤੀ, ਮਹਾਂਪੁਰਸ਼ੋ ! ਕ੍ਰਿਪਾ ਕਰੋ ਮੈਨੂੰ ਗੁਰੂ ਨਾਨਕ ਦਾ ਸਿੱਖ ਬਣਾ ਦਿਉ। ਬਾਬਾ ਜੀ ਕਹਿੰਦੇ ਹਨ, ਜੇ ਗੁਰੂ ਨਾਨਕ ਦਾ ਸਿੱਖ ਬਨਣਾ ਹੈ ਤਾਂ ਰਾਤ ਦੋ ਵਜੇ ਉਠਣਾ ਪਵੇਗਾ। ਸੰਤ ਮੀਹਾਂ ਸਿੰਘ ਜੀ ਨੇ ਜਦੋਂ ਸਤਿਬਚਨ ਕਿਹਾ ਤਾਂ ਬਾਬਾ ਨੰਦ ਸਿੰਘ ਜੀ ਨੇ ਨੇਮ ਦਿੱਤਾ ਕਿ ਦੋ ਵਜੇ ਉੱਠ ਕੇ ਇਸ਼ਨਾਨ ਕਰਕੇ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਕਰਕੇ, ਇਤਨਾ ਸਮਾਂ ਸਿਮਰਨ ਵਿਚ ਜੁੜਨਾ ਹੈ। ਜੁਗਤੀ ਦਿੱਤੀ ਜੁੜਨ ਦੀ। ਪੁਰਾਣਾ ਸਮਾਂ ਸੀ। ਉਸ ਸਮੇਂ ਘੜੀਆਂ ਆਮ ਨਹੀਂ ਸੀ ਹੁੰਦੀਆਂ। ਉਹ ਲੁਧਿਆਣੇ ਤੋਂ ਇੱਕ ਅਲਾਰਮ ਵਾਲੀ ਘੜੀ ਖ਼ਰੀਦ ਕੇ ਲੈ ਗਏ ਤੇ ਆਪਣੇ ਪਿੰਡ ਆਪਣੇ ਘਰ ਜਾ ਕੇ ਆਪਣੀ ਦਾਦੀ ਨੂੰ ਤੇ ਆਪਣੀ ਮਾਤਾ ਨੂੰ ਵੀ ਆਖਿਆ ਕਿ ਮੈਨੂੰ ਰਾਤ ਦੋ ਵਜੇ ਉਠਾ ਦੇਣਾ ਕਿਉਂਕਿ ਮੈਂ ਗੁਰੂ ਨਾਨਕ ਦਾ ਸਿੱਖ ਬਨਣਾ ਹੈ। ਅਲਾਰਮ ਵੀ ਲਗਾਇਆ। ਪਰ ਮਹਿੰਗਾ ਸੌਦਾ ਹੈ, ਅੰਮ੍ਰਿਤ ਵੇਲੇ ਦਾ ਜਾਗਣਾ, ਰੱਬ ਦੀ ਨੇਤ ਐਸੀ ਹੋਈ ਕਿ ਨਾ ਦਾਦੀ ਦੀ ਜਾਗ ਖੁੱਲੀ ਤੇ ਨਾ ਹੀ ਮਾਤਾ ਦੀ, ਅਲਾਰਮ ਵੀ ਵੱਜ ਕੇ ਬੰਦ ਹੋ ਗਿਆ, ਉਹ ਵੀ ਸੁਣਾਈ

ਨਾ ਦਿੱਤਾ। ਜਦੋਂ ਨੀਂਦਰ ਖੁੱਲ੍ਹੀ ਤੇ ਘੜੀ 'ਤੇ ਵੇਖਿਆ ਤਾਂ ਸਵੇਰ ਦੇ ਛੇ ਵੱਜ ਗਏ ਸਨ। ਬਹੁਤ ਗੱਲ ਦਿਲ ਨੂੰ ਲੱਗੀ। ਬੜਾ ਦੁੱਖੀ ਹੋਏ ਕਿ ਪਹਿਲੇ ਦਿਨ ਹੀ ਮਹਾਂਪੁਰਸ਼ ਦਾ ਬਚਨ ਨਹੀਂ ਕਮਾਇਆ ਜਾ ਸਕਿਆ। ਹੁਣ ਧਿਆਨ ਦੇਣਾ ਦਾਸ ਜੋ ਗੱਲ ਸਾਂਝੀ ਕਰਨੀ ਚਾਹੁੰਦਾ ਹੈ ਕਿ ਕੋਈ ਨੇਮ ਨਾ ਬਣੇ, ਕੋਈ ਅਗਲੀ ਪੌੜੀ ਰੱਬ ਦੇ ਘਰ ਦੀ ਨਾ ਮਿਲੇ, ਅਫ਼ਸੋਸ ਤਾਂ ਕਈਆਂ ਨੂੰ ਲੱਗਦਾ ਹੈ ਪਰ ਗੱਲਾਂ ਤੱਕ ਅਫ਼ਸੋਸ ਤਾਂ ਬਹੁਤ ਸਾਰੇ ਕਰਦੇ ਹਨ, ਇਸ ਗੱਲ ਦਾ ਦੁੱਖ ਤਾਂ ਬਹੁਤ ਸਾਰੇ ਸਰੀਰ ਪ੍ਰਗਟ ਕਰਦੇ ਹਨ ਕਿ ਕੀ ਕਰੀਏ, ਜ਼ੋਰ ਲਾ ਕੇ ਥੱਕ ਗਏ, ਕਈ ਯਤਨ ਕਰਦੇ ਹਾਂ ਪਰ ਅੰਮ੍ਰਿਤ ਵੇਲਾ ਨਹੀਂ ਬਣ ਰਿਹਾ। ਧਿਆਨ ਦੇਣਾ, ਇਹ ਸਿਰਫ਼ ਗੱਲਾਂ ਦਾ ਵੈਰਾਗ ਹੈ, ਅਸਲੀ ਵੈਰਾਗ, ਸੱਚਾ ਵੈਰਾਗ ਕੁਝ ਹੋਰ ਹੈ। ਉਹ ਹੈ ਆਪਣੇ 'ਤੇ ਕੋਈ ਸਜ਼ਾ ਲਗਾਉਣੀ ਜੋ ਸੰਤ ਮੀਹਾਂ ਸਿੰਘ ਜੀ ਨੇ ਕੀਤਾ। ਸੰਤ ਮੀਹਾਂ ਸਿੰਘ ਜੀ ਆਪਣੇ ਵੱਲ ਉਂਗਲ ਕਰਕੇ ਕਹਿੰਦੇ ਹਨ, ਐ ਸਰੀਰ! ਅੱਜ ਤੂੰ ਉਠਿਆ ਨਹੀਂ ਅੰਮ੍ਰਿਤ ਵੇਲੇ, ਅੱਜ ਤੈਨੂੰ ਸਜ਼ਾ ਹੈ, ਤੈਨੂੰ ਸਾਰਾ ਦਿਨ ਅੱਜ ਕੁਝ ਖਾਣ ਨੂੰ ਨਹੀਂ ਦੇਣਾ, ਪਰ ਕੁਦਰਤ ਦੀ ਨੇਤ ਐਸੀ ਕਿ ਦੂਸਰੀ ਰਾਤ ਫਿਰ ਕਿਸੇ ਦੀ ਵੀ ਦੋ ਵਜੇ ਜਾਗ ਨਾ ਖੁੱਲ੍ਹੀ। ਕਲਯੁੱਗ ਨੇ ਆਪਣੀ ਚੱਦਰ ਪਾ ਕੇ ਸੁਆ ਛੱਡਿਆ।

ਅੱਜ ਸੰਤ ਮੀਹਾਂ ਸਿੰਘ ਜੀ ਦਾ ਵੈਰਾਗ ਹੋਰ ਵੱਧ ਗਿਆ। ਅੰਦਰ ਸੱਚੀ ਤੜਪ ਸੀ। ਸਜ਼ਾ ਹੋਰ ਸਖ਼ਤ ਕਰ ਦਿੱਤੀ। ਕਹਿੰਦੇ ਹਨ, ਐ ਸਰੀਰਾ! ਅੱਜ ਤੈਨੂੰ ਸਾਰਾ ਦਿਨ ਖਾਣ ਨੂੰ ਤਾਂ ਕੀ, ਪੀਣ ਨੂੰ ਵੀ ਕੁਝ ਨਹੀਂ ਦੇਣਾ। ਵੇਖ ਲਵੋ ਇਹ ਜੇ ਸੱਚੀ ਆਸ਼ਕੀ, ਸੱਚਾ ਵੈਰਾਗ। ਹੁਣ ਦਾਦੀ ਨੂੰ ਵੀ ਤੇ ਮਾਤਾ ਨੂੰ ਵੀ ਫ਼ਿਕਰ ਲੱਗ ਗਿਆ ਕਿ ਪਹਿਲੇ ਖਾਣਾ ਛੱਡਿਆ, ਹੁਣ ਦੂਸਰੇ ਦਿਨ ਪਾਣੀ ਪੀਣਾ ਵੀ ਛੱਡ ਦਿੱਤਾ ਤੇ ਜੇ ਅੱਜ ਵੀ ਨਾ ਉੱਠਿਆ ਗਿਆ ਤੇ ਅਗੋਂ ਪਤਾ ਨਹੀਂ ਮੁੰਡਾ ਹੋਰ ਕੀ ਕਰ ਬੈਠੇ। ਉਮਰ ਅਜੇ ਜਵਾਨੀ ਦੀ ਸੀ। ਦਾਦੀ ਕਹਿੰਦੀ ਹੈ, ਮੈਂ ਅੱਜ ਰਾਤ ਦੋ ਵਜੇ ਤੱਕ ਵਾਹਿਗੁਰੂ ਵਾਹਿਗੁਰੂ ਜਪਦੀ ਤੇ ਚਰਖਾ ਕਤਦੀ ਰਹਾਂਗੀ। ਦੋ ਵਜੇ ਦਾ ਨੇਮ ਬਣਿਆ। ਐਸੀ ਕ੍ਰਿਪਾ ਹੋਈ ਕਿ ਨੇਮ ਹਮੇਸ਼ਾ ਲਈ ਬਣਿਆ ਰਿਹਾ। ਬੜੀ ਵੱਡੀ ਅਵਸਥਾ ਨੂੰ ਪ੍ਰਾਪਤ ਹੋਏ ਸੰਤ ਮੀਹਾ ਸਿੰਘ ਜੀ।

ਗੁਰੂ ਵੀ ਕ੍ਰਿਪਾ ਕਰਦਾ ਹੈ ਜਦੋਂ ਸੱਚਾ ਵੈਰਾਗ ਹੋਵੇ। ਸੰਤ ਅਤਰ ਸਿੰਘ ਜੀ, ਵਿਛੋੜੇ ਦਾ ਵੈਰਾਗ, ਗੋਦਾਵਰੀ ਦੇ ਕੰਢੇ ਸਵਾ ਲੱਖ ਪਾਠ ਜਪੁਜੀ ਸਾਹਿਬ ਜੀ ਦੇ ਕਰਨ ਦਾ ਪ੍ਰਣ ਕਰ ਲਿਆ। ਤੇਰਾ ਵਿਛੋੜਾ ਹੈ, ਕਲਗੀਆਂ ਵਾਲੇ ਤੇਰੇ ਦਰਸ਼ਨ ਹੋਣ। ਇਕ ਕਿਤਾਬ ਹੈ ਉਨ੍ਹਾਂ ਦੀ 'ਵਿਸ਼ਵ ਸ਼ਾਂਤੀ', ਉਸ ਵਿਚ ਜ਼ਿਕਰ ਮਿਲਦਾ ਹੈ। ਇਕ ਰਾਗੀ ਹੋਏ ਹਨ ਸੁਧ ਸਿੰਘ, ਸੰਤ ਅਤਰ ਸਿੰਘ ਜੀ ਬੈਠੇ ਸਨ ਤੇ ਰਾਗੀ ਸੁਧ ਸਿੰਘ ਜੀ ਚਰਨ ਪਰਸ ਰਹੇ ਸਨ ਭਾਵ ਚਰਨ ਘੁੱਟਣ ਦੀ ਸੇਵਾ ਕਰ ਰਹੇ ਸਨ। ਘੁੱਟਦੇ-ਘੁੱਟਦੇ ਕਹਿੰਦੇ ਹਨ, ਬਾਬਾ ਜੀ! ਤੁਸੀਂ ਗ਼ੁੱਸਾ ਨਾ ਕਰਨਾ, ਅੰਦਰ ਇਕ ਗੱਲ ਚੱਲ ਰਹੀ ਹੈ, ਜੇ ਕਹੋ ਤਾਂ ਮੈਂ ਪੁਛ ਲਵਾਂ। ਸੰਤ ਅਤਰ ਸਿੰਘ ਜੀ ਕਹਿੰਦੇ ਹਨ, ਪੁੱਛ ਲੈ। ਉਹ ਆਖਣ ਲੱਗਾ

ਤੁਸੀਂ ਦੋ ਵਾਰੀ ਸਵਾ ਲੱਖ ਪਾਠ ਕੀਤੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਣ, ਕੀ ਦਰਸ਼ਨ ਹੋਏ ਤੁਹਾਨੂੰ ? ਇਹ ਦਸੋ ਕਿਹੋ ਜਿਹਾ ਰੂਪ ਸੀ ? ਪ੍ਰਸ਼ਨ ਬੜਾ ਵੱਡਾ ਪੁੱਛ ਲਿਆ, ਕੋਈ ਕੀ ਦੱਸੇ, ਐਸਾ ਪ੍ਰਸ਼ਨ ਪੁੱਛ ਵੀ ਕੋਈ ਹਿੰਮਤ ਵਾਲਾ ਹੀ ਸਕਦਾ ਹੈ ਪਰ ਉਸ ਚੀਜ਼ ਨੂੰ ਕੋਈ ਕੀ ਦੱਸੇ। ਬੁੱਲੇ ਸ਼ਾਹ ਨੇ ਵੀ ਲਿਖਿਆ ਹੈ–

*'ਜਦ ਇਸ਼ਕ ਨਿਮਾਜ਼ ਜਾ ਕੀਤੀ ਆ,*
*ਸੱਭ ਭੁੱਲ ਗਏ ਮੰਦਰ ਮਸੀਤੀ ਆ।*
*ਜਦੋਂ ਯਾਰ ਨੇ ਆਣ ਦੀਦਾਰ ਦਿੱਤਾ,*
*ਗੱਲ ਕਹਿਣੀ ਨਹੀਂ ਜੋ ਬੀਤੀ ਆ।*

ਉਸ ਚੀਜ਼ ਨੂੰ ਕੋਈ ਕੀ ਦੱਸੇ ! ਗੁਰਦੁਆਰਾ ਨਗੀਨਾ ਘਾਟ, ਉਥੇ ਮਹਾਂਪੁਰਸ਼ਾਂ ਨੂੰ ਪ੍ਰਾਪਤੀ ਹੋਈ, ਫਿਰ ਡਿਊਟੀ ਲੱਗੀ, 16 ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਜਦੋਂ ਉਸ ਨੇ ਇਹ ਸਵਾਲ ਕੀਤਾ, ਸੰਤ ਅਤਰ ਸਿੰਘ ਜੀ ਦੇ ਚੇਹਰੇ 'ਤੇ ਨੂਰ ਆ ਗਿਆ। ਸੁਧ ਸਿੰਘ ਦਾ ਦਾੜ੍ਹਾ ਆਪਣੇ ਹੱਥ ਵਿਚ ਲੈ ਕੇ ਕਹਿੰਦੇ ਹਨ ਕਿ ਕਲਗੀਆਂ ਵਾਲਾ ਹੁਣ ਵੀ ਤੇਰੇ ਨਾਲ ਹੀ ਹੈ, ਹੁਣ ਕਿਥੇ ਗਿਆ ਹੈ। ਖਾਲਸੇ ਦਾ ਰੂਪ, ਕਲਗੀਆਂ ਵਾਲਾ ਆਪ ਹੈ। ਖਾਲਸੇ ਦਾ ਦਾੜ੍ਹਾ ਕਲਗੀਆਂ ਵਾਲੇ ਦਾ ਦਾੜ੍ਹਾ ਹੈ। ਵੂਜਦ ਵਿਚ ਆ ਗਏ ਸੰਤ ਅਤਰ ਸਿੰਘ ਜੀ ਤੇ ਸਾਰਾ ਸ਼ਬਦ ਪੜ੍ਹਿਆ–

SIKHBOOKCLUB.COM

*ਖਾਲਸਾ ਮੇਰੋ ਰੂਪ ਹੈ ਖਾਸ.................*

ਉਸ ਸਮੇਂ ਸੁਧ ਸਿੰਘ ਜੀ ਕਹਿੰਦੇ ਹਨ, ਜੋ ਮੇਰੇ ਅੰਦਰ ਚਲਿਆ, ਮੈਂ ਵੀ ਨਹੀਂ ਦੱਸ ਸਕਦਾ ਜੋ ਮੇਰੇ ਨਾਲ ਬੀਤੀ। ਸ਼ਰਧਾ ਦੀ ਨੌਵੀਂ ਨਿਸ਼ਾਨੀ ਪਿਆਰੇ ਦੇ ਵੈਰਾਗ ਵਿਚ ਰਹਿਣਾ। ਜ਼ਰੂਰ ਝਾਤੀ ਪਾਇਓ ਕਿ ਆਇਆ ਵੈਰਾਗ ਸਾਡੀ ਜ਼ਿੰਦਗੀ ਵਿਚ ਕਿ ਨਹੀਂ ? ਜੇ ਨਹੀਂ ਆਇਆ ਤਾਂ ਝੋਲੀਆਂ ਅੱਡਿਓ। ਜਿਨ੍ਹਾਂ ਨੂੰ ਮਿਲੀ ਹੈ ਦਾਤ ਵੈਰਾਗ ਦੀ, ਉਹ ਵੀ ਹੱਥ 'ਤੇ ਹੱਥ ਧਰ ਕੇ ਨਾ ਬੈਠਣਾ। ਨੇਮ ਵਧਾ ਕੇ ਅਰਦਾਸਾਂ ਕਰਿਉ, ਸੱਚੇ ਪਾਤਸ਼ਾਹ ! ਮੇਰਾ ਵੈਰਾਗ ਨਕਲੀ ਨਾ ਰਹੇ, ਕਰਨੀ ਦਾ ਵੈਰਾਗ ਬਣੇ।

☆☆☆

*ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ ॥*

# ਸ਼ਰਧਾ ਦੀ ਦਸਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਸਨੂੰ ਗੁਰੂ ਦੀ ਸਮਰੱਥਾ 'ਤੇ ਵਿਸ਼ਵਾਸ ਆ ਜਾਂਦਾ ਹੈ

ਗੁਰੂ ਸਰਬ ਵਿਆਪੀ ਹੈ, ਸਰਬ-ਸ਼ਕਤੀਮਾਨ ਹੈ। ਕੋਈ ਐਸੀ ਜਗ੍ਹਾ ਨਹੀਂ ਜਿਥੇ ਉਹ ਮੌਜੂਦ ਨਾ ਹੋਵੇ। ਕੋਈ ਐਸਾ ਕੰਮ ਨਹੀਂ ਜਿਹੜਾ ਉਹ ਕਰਨ ਦੇ ਸਮਰੱਥ ਨਾ ਹੋਵੇ। ਕੋਈ ਵੀ ਐਸੀ ਘਟਨਾ ਜਾਂ ਐਸੀ ਬਾਤ ਨਹੀਂ ਜੋ ਉਸ ਦੇ ਕਾਬੂ ਤੋਂ ਬਾਹਰ ਹੋਵੇ।

*ਕਾਦਰੇ ਹਰਿ ਕਾਰ ਗੁਰ ਗੋਬਿੰਦ ਸਿੰਘ।*

ਸਤਿਗੁਰੂ ਸਾਰੀ ਸ੍ਰਿਸ਼ਟੀ ਦੇ ਕਰਤਾ ਵੀ ਹਨ ਤੇ ਪਾਲਕ ਵੀ ਹਨ। ਨਿਰਸੰਦੇਹ ਉਹ ਸਾਡੇ ਮਾਤਾ-ਪਿਤਾ ਹਨ, ਹਮੇਸ਼ਾ ਤੋਂ ਸਾਡੇ ਸਾਰੇ ਜੀਵਾਂ ਦੀ ਪਾਲਣਾ ਕਰ ਰਹੇ ਹਨ, ਰੱਖਿਆ ਕਰ ਰਹੇ ਹਨ, ਅਨੇਕਾਂ ਦਾਤਾਂ ਦੇ ਰਹੇ ਹਨ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਨਸਾਨ ਨੂੰ ਦੁੱਖ-ਸੁੱਖ ਉਸ ਦੇ ਆਪਣੇ ਕੀਤੇ ਹੋਏ ਪਿਛਲੇ ਕਰਮਾਂ ਅਨੁਸਾਰ ਮਿਲਦੇ ਹਨ, ਮਨੁੱਖ ਜੋ ਬੀਜਦਾ ਹੈ। ਪਿਛਲੇ ਜਨਮਾਂ ਦਾ ਕੁਝ ਰਹਿੰਦਾ ਲੇਖਾ ਜੋਖਾ ਇਸ ਜਨਮ ਵਿਚ ਭੋਗਣਾ ਪੈਂਦਾ ਹੈ ਤੇ ਇਸ ਜਨਮ ਵਿਚ ਬੀਜਿਆ ਕੁਝ ਇਥੇ ਭੋਗੀਦਾ ਹੈ ਤੇ ਕੁਝ ਅਗਲੇ ਜਨਮਾਂ ਵਿਚ, ਇਸ ਤਰ੍ਹਾਂ ਇਹ ਇਕ ਗੱਲ ਜਾਣ ਲੈਣੀ ਕਿ ਸਾਡਾ ਗੁਰੂ ਪੂਰਾ ਹੈ, ਸਰਬ ਕਲਾ ਸਮਰੱਥ ਹੈ, ਸਾਡਾ ਬੀਜਿਆ ਸੁਪਨੇ 'ਚ ਕੱਟ ਸਕਦਾ ਹੈ। ਉਹ ਸਾਡੇ ਹਰ ਤਰ੍ਹਾਂ ਦੇ ਬੰਧਨ ਲੋਕ ਤੇ ਪ੍ਰਲੋਕ ਦੇ ਕੱਟਣ ਦੀ ਸਮਰੱਥਾ ਰੱਖਦਾ ਹੈ। ਸਾਡੇ ਹਰ ਤਰ੍ਹਾਂ ਦੇ ਮਾੜੇ ਕਰਮਾਂ ਨੂੰ ਮੇਟਣ ਦੇ, ਪੁੱਠੇ ਲੇਖਾਂ ਨੂੰ ਸਿੱਧੇ ਕਰਨ ਦੇ ਸਮਰੱਥ ਹੈ।

ਗੁਰੂ-ਪ੍ਰਮੇਸ਼ਰ ਕ੍ਰਿਪਾਲੂ ਹੈ, ਦਿਆਲੂ ਹੈ, ਨਿਰਵੈਰ ਹੈ। ਜਿਵੇਂ ਸੂਰਜ ਨਿਕਲਣ 'ਤੇ ਉਸ ਦੀ ਧੁੱਪ ਦਾ ਨਿੱਘ, ਉਸ ਦੀ ਰੋਸ਼ਨੀ ਸਾਰਿਆਂ ਲਈ ਇਕੋ ਜਿਹੀ ਹੁੰਦੀ ਹੈ, ਇਸੇ ਤਰ੍ਹਾਂ ਗੁਰੂ ਦੀ ਵੀ ਸਾਰਿਆਂ 'ਤੇ ਮਿਹਰ ਇਕੋ ਜਿਹੀ ਹੁੰਦੀ ਹੈ। ਪਰ ਜੇ ਕੋਈ ਆਪਣੇ

ਘਰ ਅੰਦਰ ਵੜ ਕੇ ਬੂਹੇ ਬਾਰੀਆਂ ਬੰਦ ਕਰ ਲਵੇ ਤਾਂ ਸੂਰਜ ਦੀ ਧੁੱਪ, ਸੂਰਜ ਦੀ ਰੋਸ਼ਨੀ ਹੁੰਦਿਆਂ ਹੋਇਆਂ ਵੀ ਉਸ ਤੱਕ ਨਹੀਂ ਪਹੁੰਚ ਪਾਉਂਦੀ। ਠੀਕ ਇਸੇ ਤਰ੍ਹਾਂ ਜਿਹੜੇ ਮਨੁੱਖ ਆਪਣੇ ਜੀਵਨ ਵਿਚ ਗੁਰੂ ਪ੍ਰਤੀ ਬੇਵਿਸ਼ਵਾਸੀ ਦੀ, ਬੇਪ੍ਰਤੀਤੀ ਦੀ, ਸ਼ੱਕ ਦੀ, ਸ਼ੰਕਿਆਂ ਦੀ ਦੀਵਾਰ ਖੜੀ ਕਰ ਲੈਂਦੇ ਹਨ, ਉਹ ਗੁਰੂ ਦੀ ਕਿਰਪਾ ਤੋਂ ਵਾਂਝੇ ਰਹਿ ਜਾਂਦੇ ਹਨ। ਸਾਡੇ ਅਤੇ ਗੁਰੂ ਦੇ ਵਿਚਕਾਰ ਇਕ ਬੜਾ ਹੀ ਸੂਖਸ਼ਮ ਜਿਹਾ ਰਿਸ਼ਤਾ ਹੈ, ਜੋ ਕਿ ਸ਼ੱਕ, ਸ਼ੰਕੇ, ਬੇਵਿਸ਼ਵਾਸੀ ਰੂਪੀ ਰੋੜੇ ਪੱਥਰਾਂ ਨਾਲ ਬੰਦ ਹੋ ਜਾਂਦਾ ਹੈ ਤੇ ਸਾਡੀਆਂ ਅਰਦਾਸਾਂ, ਸਾਡੀਆਂ ਬੇਨਤੀਆਂ ਨੂੰ ਗੁਰੂ ਤਕ ਪਹੁੰਚਣ ਨਹੀਂ ਦੇਂਦਾ, ਇਸ ਲਈ ਇਕ ਗੱਲ ਪੱਕੀ ਜਾਣ ਲੈਣੀ ਕਿ ਜੇ ਸਾਡੀ ਕੋਈ ਮੰਗ ਪੂਰੀ ਨਹੀਂ ਹੁੰਦੀ ਜਾਂ ਸਾਡਾ ਕੋਈ ਦੁੱਖ ਨਹੀਂ ਜਾਂਦਾ ਤਾਂ ਉਸ ਵਿਚ ਗੁਰੂ ਦਾ ਕੋਈ ਕਸੂਰ ਨਹੀਂ, ਕਿਉਂਕਿ ਉਹ ਤਾਂ ਹਮੇਸ਼ਾ ਹੀ ਪੂਰਾ ਹੈ। ਜੇ ਕਸੂਰ ਹੈ ਤਾਂ ਸਾਡੀ ਆਪਣੀ ਅਗਿਆਨਤਾ ਦਾ, ਸਾਡੀ ਬੇਵਿਸ਼ਵਾਸੀ ਦਾ। ਉਸ ਦੇ ਘਰ ਵਿਚ ਕੋਈ ਘਾਟਾ ਨਹੀਂ ਹੈ। ਮੰਗਣ ਵਾਲੇ ਜਾਚਕ ਨੂੰ ਹਰ 'ਜਾਇਜ਼ ਦਾਤ' ਮਿਲ ਸਕਦੀ ਹੈ, ਹਰ 'ਜਾਇਜ਼ ਮੰਗ' ਪੂਰੀ ਹੋ ਸਕਦੀ ਹੈ ਪਰ ਇਸ ਦੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਾਨੂੰ ਆਪਣੇ ਗੁਰੂ ਦੀ ਸਮਰੱਥਾ 'ਤੇ ਪੂਰਾ ਵਿਸ਼ਵਾਸ ਹੋਵੇ। ਮਿਸਾਲ ਦੇ ਤੌਰ ਤੇ ਜੇ ਕਿਸੇ ਨੂੰ ਕੋਈ ਲਾਇਲਾਜ ਬਿਮਾਰੀ ਲੱਗੀ ਹੋਵੇ, ਬਹੁਤ ਸਾਰੇ ਵੱਡੇ-ਵੱਡੇ ਡਾਕਟਰਾਂ, ਹਕੀਮਾਂ ਨੇ ਜੁਆਬ ਦੇ ਦਿੱਤਾ ਹੋਵੇ ਤੇ ਜੇ ਗੁਰੂ ਅੱਗੇ ਆਪਣੀ ਉਸ ਬੀਮਾਰੀ ਦੇ ਇਲਾਜ ਲਈ ਬੇਨਤੀ ਕਰਨ ਲੱਗਿਆਂ ਉਸ ਦੇ ਮਨ ਵਿਚ ਇਹ ਖ਼ਾਨਾ ਬਣਿਆ ਹੋਵੇ ਕਿ ਉਸ ਦੀ ਬਿਮਾਰੀ ਲਾਇਲਾਜ ਹੈ, ਇਹ ਠੀਕ ਹੋ ਹੀ ਨਹੀਂ ਸਕਦੀ ਤਾਂ ਫਿਰ ਯਾਦ ਰੱਖਣਾ, ਉਸ ਦੀ ਬਿਮਾਰੀ ਨੂੰ ਪ੍ਰਮੇਸ਼ਰ ਵੀ ਠੀਕ ਨਹੀਂ ਕਰ ਸਕਦਾ। ਜਦੋਂ ਵੀ ਆਪਣੇ ਕਿਸੇ ਦੁੱਖ ਲਈ ਗੁਰੂ ਅੱਗੇ ਬੇਨਤੀ ਕਰੋ, ਅੰਦਰ ਤੁਹਾਡੇ ਇਹ ਦ੍ਰਿੜ੍ਹ ਵਿਸ਼ਵਾਸ ਹੋਵੇ ਕਿ ਮੇਰਾ ਗੁਰੂ ਮੇਰੇ ਦੁੱਖ ਨੂੰ ਕੱਟਣ ਦੇ ਸਮਰੱਥ ਹੈ, ਚਾਹੇ ਉਹ ਦੁੱਖ ਕਿੰਨਾ ਵੀ ਵੱਡਾ ਤੇ ਲਾਇਲਾਜ ਕਿਉਂ ਨਾ ਹੋਵੇ। ਗੁਰੂ ਸਾਹਿਬ ਦੇ ਚਰਨਾਂ ਵਿਚ ਆਪਣੇ ਦੁੱਖ ਦੀ ਬੇਨਤੀ ਕਰਨ ਲੱਗਿਆਂ ਤੁਹਾਡਾ ਗੁਰੂ ਦੀ ਸਮਰੱਥਾ 'ਤੇ ਸਮੁੰਦਰ ਦੀ ਚਟਾਨ ਵਾਂਗ ਨਿਸਚਾ ਦ੍ਰਿੜ੍ਹ ਹੋਵੇ।

ਗੁਰੂ ਅਰਜਨ ਦੇਵ ਜੀ ਆਪਣੇ ਇਕ ਸ਼ਬਦ ਰਾਹੀਂ ਸਾਨੂੰ ਗੁਰੂ ਦੀ ਸਮਰੱਥਾ ਬਾਰੇ ਦਸ ਕੇ ਸਾਡੇ ਵਿਸ਼ਵਾਸ ਨੂੰ ਪੱਕਿਆਂ ਕਰਦਿਆਂ ਹੋਇਆਂ ਦੱਸਦੇ ਹਨ ਕਿ ਸਾਡਾ ਗੁਰੂ ਕਿੰਨਾ ਸਮਰੱਥ ਹੈ, ਸਾਡਾ ਆਪਣੇ ਗੁਰੂ ਦੀ ਸਮਰੱਥਾ 'ਤੇ ਐਸਾ ਭਰੋਸਾ ਬਣੇ-

*ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ॥*
*ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ॥*

(ਅੰਗ ੧੧੪੨)

ਇਹ ਗੱਲ ਤਾਂ ਅਸੀਂ ਸਾਰੇ ਹੀ ਭਲੀ-ਭਾਂਤੀ ਜਾਣਦੇ ਹਾਂ ਕਿ ਅਸੀਂ ਕਿਸੇ ਕੋਲੋਂ

ਉਹੀ ਚੀਜ਼ ਮੰਗਦੇ ਹਾਂ ਜਿਸ ਪਾਸ ਉਹ ਚੀਜ਼ ਹੋਵੇ ਭਾਵ ਜਿਸ ਕੋਲ ਹਜ਼ਾਰ ਹੈ, ਉਸ ਕੋਲੋਂ ਲੱਖ ਦੀ ਮੰਗ ਤਾਂ ਨਹੀਂ ਕੀਤੀ ਜਾ ਸਕਦੀ। ਪ੍ਰਮਾਤਮਾ ਦੇ ਹੱਥ ਵਿਚ ਸਭ ਕੁਝ ਹੈ, ਇਸ ਲਈ ਉਸ ਕੋਲੋਂ ਕੁਝ ਵੀ ਮੰਗਿਆ ਜਾ ਸਕਦਾ ਹੈ ਪਰ ਉਸ ਸਰਬ ਕਲਾ ਸਮਰੱਥ ਦਾਤੇ ਕੋਲੋਂ ਕੋਈ ਵੀ ਸ਼ੈਅ ਨੂੰ ਪ੍ਰਾਪਤ ਕਰਨ ਦੀ ਬੇਨਤੀ ਕਰਨ ਤੋਂ ਪਹਿਲਾਂ ਸਾਡੇ ਅੰਦਰ ਇਹ ਪੂਰਨ ਭਰੋਸਾ ਹੋਣਾ ਬਹੁਤ ਜ਼ਰੂਰੀ ਹੈ ਕਿ ਉਹ ਦਾਤਾ ਉਸ ਦਾਤ ਨੂੰ ਦੇਣ ਦੇ, ਉਸ ਮੰਗ ਨੂੰ ਪੂਰਾ ਕਰਨ ਦੇ, ਉਸ ਦੁੱਖ ਨੂੰ ਕੱਟਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਜਦ ਤਕ ਸਾਡੇ ਅੰਦਰ ਗੁਰੂ ਦੀ ਸਮਰੱਥਾ 'ਤੇ ਭਰੋਸਾ ਨਹੀਂ ਤਦ ਤਕ ਗੱਲ ਨਹੀਂ ਬਣ ਸਕਦੀ। ਮਿਸਾਲ ਦੇ ਤੌਰ 'ਤੇ ਮਾਤਾ ਸੁਲੱਖਣੀ ਪਹਿਲੀ ਵਾਰੀ ਜਦੋਂ ਗਈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ 'ਚ ਬੇਨਤੀ ਕੀਤੀ ਪੁੱਤਰ ਦੀ ਦਾਤ ਲਈ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਮਸਤਕ ਵੱਲ ਵੇਖ ਕੇ ਆਖ ਦਿੱਤਾ-ਬੀਬੀ ਤੇਰੇ ਕਰਮਾਂ ਵਿਚ ਨਹੀਂ ਲਿਖਿਆ, ਅਸੀਂ ਕਿੱਥੋਂ ਦੇ ਦੇਈਏ। ਖ਼ਾਲੀ ਰਹਿ ਗਈ, ਪਰ ਜਦੋਂ ਕਿਸੇ ਐਸੇ ਸ਼ਰਧਾ ਵਾਲੇ ਗੁਰਸਿੱਖ ਨਾਲ ਮੇਲ ਹੋ ਗਿਆ ਜਿਸ ਨੂੰ ਗੁਰੂ ਦੀ ਸਮਰੱਥਾ 'ਤੇ ਭਰੋਸਾ ਸੀ, ਉਸ ਨੇ ਮਾਤਾ ਸੁਲੱਖਣੀ ਜੀ ਦੇ ਅੰਦਰ ਵੀ ਉਸ ਭਰੋਸੇ ਦੀ ਕਣੀ ਭਰ ਦਿੱਤੀ ਤੇ ਆਖਿਆ ਮਾਤਾ ਜੀ, ਗੁਰੂ ਸਾਹਿਬ ਸਮਰੱਥ ਹਨ, ਉਨ੍ਹਾਂ ਨੂੰ ਇਸ ਤਰੀਕੇ ਨਾਲ ਬੇਨਤੀ ਕਰੋ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ, ਕਿਰਪਾ ਕਰੋ, ਇਥੇ ਵੀ ਲਿਖਣ ਵਾਲੇ ਤੁਸੀਂ ਤੇ ਉਥੇ ਵੀ ਲਿਖਣ ਵਾਲੇ ਤੁਸੀਂ, ਕਲਮ ਤੁਹਾਡੇ ਹੱਥ ਵਿਚ ਹੈ ਕਰੋ ਕਿਰਪਾ। ਜੇ ਮੇਰੇ ਕਰਮਾਂ ਕਰਕੇ ਉਪਰ ਨਹੀਂ ਲਿਖਿਆ ਗਿਆ ਤਾਂ ਆਪਣੇ ਬਖ਼ਸ਼ਿਸ਼ ਦੇ ਖਾਤੇ ਵਿਚੋਂ ਹੁਣ ਲਿਖ ਦਿਓ। ਆਪ ਜੀ ਸਾਰੇ ਹੀ ਇਤਿਹਾਸ ਜਾਣਦੇ ਹੋ। ਦਸੋ ਕੀ ਫਿਰ ਮਾਤਾ ਸੁਲੱਖਣੀ ਖ਼ਾਲੀ ਰਹੀ ? ਜਦੋਂ ਗੁਰੂ ਸਾਹਿਬ ਨੇ ਦੇਖਿਆ ਕਿ ਹੁਣ ਇਸ ਨੂੰ ਕਿਸੇ ਸ਼ਰਧਾ ਵਾਲੇ ਦੀ ਸੰਗਤ ਦਾ ਸਦਕਾ ਗੁਰੂ ਦੀ ਸਮਰੱਥਾ 'ਤੇ ਭਰੋਸਾ ਆ ਗਿਆ ਹੈ, ਤਾਂ ਹੁਣ ਇਸ ਨੂੰ ਦਾਤ ਦੇਣੀ ਹੀ ਪੈਣੀ ਹੈ। ਹੁਣ ਇਸ ਨੂੰ ਖ਼ਾਲੀ ਨਹੀਂ ਮੋੜਿਆ ਜਾ ਸਕਦਾ। 7 ਪੁੱਤਰਾਂ ਦੀ ਦਾਤ ਝੋਲੀ 'ਚ ਪਾਈ। ਮਾਤਾ ਸੁਲੱਖਣੀ ਦੀ ਸਾਖੀ ਸਾਡੇ ਲਈ ਬੜੀ ਵੱਡੀ ਸੇਧ ਹੈ, ਇਕ ਮਿਸਾਲ ਹੈ, ਸਾਡੇ ਲਈ ਇਕ ਚਾਨਣ ਮੁਨਾਰਾ ਹੈ ਕਿ ਗੁਰੂ ਕੋਲੋਂ ਦਾਤ ਪ੍ਰਾਪਤ ਕਰਨ ਲਈ ਗੁਰੂ ਦੀ ਸਮਰੱਥਾ 'ਤੇ ਭਰੋਸਾ ਹੋਣਾ ਬਹੁਤ ਜ਼ਰੂਰੀ ਹੈ।

ਭਾਈ ਆਦਮ ਦੇ ਘਰ ਵੀ ਕੋਈ ਔਲਾਦ ਨਹੀਂ ਸੀ। ਉਸ ਨੇ ਕੋਈ ਪੀਰ ਫ਼ਕੀਰ ਨਹੀਂ ਸੀ ਛੱਡਿਆ। ਕਈ ਦੁਆਰਿਆਂ 'ਤੇ ਗਿਆ ਪਰ ਕਿਧਰੋਂ ਵੀ ਖ਼ੈਰ ਨਹੀਂ ਪਈ। ਜਦੋਂ ਕਿਸੇ ਸ਼ਰਧਾ ਵਾਲੇ ਗੁਰਸਿੱਖ ਦਾ ਮੇਲ ਹੋ ਗਿਆ ਤਾਂ ਉਸ ਨੇ ਆਖਿਆ ਕਿ ਲਗਦਾ ਹੈ ਤੁਸੀਂ ਗੁਰੂ ਨਾਨਕ ਦੇ ਘਰ ਦਾ ਬੂਹਾ ਨਹੀਂ ਖੜਕਾਇਆ, ਜਿਥੋਂ ਕੋਈ ਖ਼ਾਲੀ ਨਹੀਂ ਜਾਂਦਾ। ਉਸ ਨੇ ਰਸਤਾ ਦਿੱਤਾ ਤੇ ਆਖਿਆ ਇਸ ਵੇਲੇ ਗੁਰੂ ਰਾਮਦਾਸ ਜੀ, ਗੁਰੂ ਨਾਨਕ ਜੀ ਦੀ ਗੱਦੀ ਦੇ ਮਾਲਕ ਹਨ, ਜੋ ਕਿ ਅੰਮ੍ਰਿਤਸਰ ਵਿਖੇ ਹਨ। ਉਨ੍ਹਾਂ ਦੇ ਦਰ 'ਤੇ ਜਾ

ਕੇ ਸੇਵਾ, ਸਿਮਰਨ ਕਰੋ, ਜੂਠੇ ਬਰਤਨ ਮਾਂਜੋ, ਝਾੜੂ ਦਿਓ, ਗੁਰੂ ਸਾਹਿਬ ਤੁਹਾਡੇ ਸੇਵਾ-ਸਿਮਰਨ ਤੋਂ ਖ਼ੁਸ਼ ਹੋ ਕੇ ਆਪ ਤੁੱਠ ਕੇ ਤੁਹਾਡੀ ਝੋਲੀ ਭਰਨਗੇ। (ਇਹ ਵੀ ਜੁਗਤੀਆਂ ਹਨ ਗੁਰੂ ਨੂੰ ਰੀਝਾਉਣ ਦੀਆਂ) ਦਾਸ ਜਿਹੜੀ ਗੱਲ ਸਾਂਝੀ ਕਰਨੀ ਚਾਹੁੰਦਾ ਹੈ ਕਿ ਭਾਈ ਆਦਮ ਦੀ ਸੇਵਾ ਤੋਂ ਖ਼ੁਸ਼ ਹੋ ਕੇ ਜਦੋਂ ਗੁਰੂ ਸਾਹਿਬ ਨੇ ਪ੍ਰਸੰਨਤਾ ਵਿਚ ਆ ਕੇ ਪੁੱਤਰ ਦਾ ਵਰ ਦਿੱਤਾ ਤਾਂ ਭਾਈ ਆਦਮ ਨੂੰ ਤਾਂ ਵਿਸ਼ਵਾਸ ਹੋ ਗਿਆ ਕਿ ਜੇ ਗੁਰੂ ਸਾਹਿਬ ਨੇ ਬਚਨ ਕਰ ਦਿੱਤਾ ਹੈ, ਪੁੱਤਰ ਹੋਵੇਗਾ ਤੇ ਜ਼ਰੂਰ ਸਾਡੀ ਝੋਲੀ ਖ਼ੈਰ ਪਵੇਗੀ, ਸਾਡੀ ਮੁਰਾਦ ਜ਼ਰੂਰ ਪੂਰੀ ਹੋਵੇਗੀ, ਪਰ ਆਦਮ ਦੀ ਪਤਨੀ ਅੰਦਰ ਤ੍ਰੇੜ ਸੀ। ਮਨ ਵਿਚ ਵਿਸ਼ਵਾਸ ਨਹੀਂ ਬਣਿਆ ਗੁਰੂ ਦੇ ਬਚਨ 'ਤੇ। ਸੋਚਦੀ ਹੈ ਕਿ ਕੀ ਪਤਾ ਪੁੱਤਰ ਹੋਵੇਗਾ ਵੀ ਕਿ ਨਹੀਂ। ਅੱਗੇ ਵੀ ਤਾਂ ਕਈ ਪੀਰ-ਫਕੀਰਾਂ ਨੇ ਦਿਲਾਸਾ ਦਿੱਤਾ ਸੀ ਕਿ ਹੋਵੇਗਾ ਪਰ ਸਾਡੀ ਝੋਲੀ ਖ਼ਾਲੀ ਦੀ ਖ਼ਾਲੀ ਹੀ ਰਹੀ ਹੈ। ਕੁਰਬਾਨ ਜਾਈਏ! ਗੁਰੂ ਰਾਮਦਾਸ ਜੀ ਤੋਂ ਜਿਨ੍ਹਾਂ ਨੇ ਆਦਮ ਦੀ ਵਹੁਟੀ ਦੀ ਅੰਦਰ ਦੀ ਪੱਟੀ ਪੜ੍ਹ ਲਈ ਤੇ ਆਪ ਅਵਾਜ਼ ਮਾਰ ਕੇ ਤ੍ਰੇੜ ਭਰੀ, ਕਿਉਂਕਿ ਉਹ ਜਾਣਦੇ ਸਨ ਕਿ ਜੇ ਅੰਦਰ ਤ੍ਰੇੜ ਰਹਿ ਗਈ ਤਾਂ ਫਿਰ ਗੱਲ ਨਹੀਂ ਬਣਨੀ। (ਇਹ ਸਾਡੇ ਲਈ ਪੂਰਨੇ ਹਨ) ਗੁਰੂ ਸਾਹਿਬ ਕਹਿੰਦੇ ਹਨ ਕਿ ਆਮ ਤੌਰ ਤੇ ਇਹ ਰਿਵਾਜ ਹੈ ਕਿ ਲੋਕ ਬੱਚੇ ਦੇ ਜਨਮ ਤੋਂ ਬਾਅਦ ਉਸ ਦਾ ਨਾਮ ਰੱਖਦੇ ਹਨ ਪਰ ਅਸੀਂ ਜੋ ਤੈਨੂੰ ਪੁੱਤਰ ਦੀ ਦਾਤ ਦਾ ਬਚਨ ਦਿੱਤਾ ਹੈ, ਅਸੀਂ ਉਸ ਦਾ ਨਾਮ ਵੀ ਪਹਿਲੇ ਹੀ ਰੱਖਦੇ ਹਾਂ, ਉਸ ਪੁੱਤਰ ਦਾ ਨਾਮ 'ਭਗਤੂ' ਰੱਖਣਾ, ਬੜੀ ਭਗਤੀ ਵਾਲਾ, ਨਾਮ ਕਮਾਈ ਵਾਲਾ ਹੋਵੇਗਾ ਤੇ ਕਈਆਂ ਨੂੰ ਤਾਰੇਗਾ। ਹੁਣ ਭਾਈ ਆਦਮ ਦੀ ਪਤਨੀ ਦੀ ਤ੍ਰੇੜ ਭਰ ਗਈ। ਅੰਦਰ ਭਰੋਸਾ ਬੱਝ ਗਿਆ ਕਿ ਹੁਣ ਤਾਂ ਗੁਰੂ ਸਾਹਿਬ ਨੇ ਨਾਮ ਵੀ ਦੇ ਦਿੱਤਾ ਹੈ। ਹੁਣ ਤਾਂ ਜ਼ਰੂਰ ਹੀ ਪੁੱਤਰ ਹੋਵੇਗਾ।

ਇਹ ਸਾਡੇ ਲਈ ਬਹੁਤ ਵੱਡੀ ਸੇਧ ਹੈ। ਤ੍ਰੇੜ ਝੋਲੀ ਨਹੀਂ ਭਰਨ ਦੇਂਦੀ, ਇਹ ਗੁਰੂ ਤੋਂ ਦੂਰ ਲੈ ਜਾਂਦੀ ਹੈ। ਗੁਰੂ ਦੀ ਸਮਰੱਥਾ 'ਤੇ ਭਰੋਸੇ ਦੀ ਦਾਤ ਮਿਲ ਜਾਣੀ ਇਹ ਵੱਡੀ ਦਾਤ ਹੈ। ਸਿੱਖੀ ਭਾਵਨਾ 'ਤੇ ਖੜੀ ਹੈ। ਭਾਗ ਭਾਵਨਾ ਨੂੰ ਲੱਗਦੇ ਹਨ। ਜੇ ਮਨ ਵਿਚ ਤ੍ਰੇੜ ਹੈ ਤਾਂ ਅੰਮ੍ਰਿਤ ਵੀ ਪਾਣੀ ਹੈ ਤੇ ਜੇ ਭਾਵਨਾ ਬਣ ਜਾਵੇ ਤਾਂ ਦਾਸ ਗੁਰੂ ਦੀ ਕਿਰਪਾ ਨਾਲ ਲਿਖ ਰਿਹਾ ਹੈ, ਤੁਹਾਡੇ ਘਰ ਵਿਚ ਦਰਬਾਰ ਸਾਹਿਬ ਦਾ ਅੰਮ੍ਰਿਤ ਪਿਆ ਹੋਵੇ, ਕਿਸੇ ਬਿਮਾਰ ਨੂੰ ਜਾਂ ਕਿਸੇ ਨੂੰ ਕੋਈ ਦੁੱਖ-ਤਕਲੀਫ ਆਉਣ 'ਤੇ ਉਸ ਨੂੰ ਪਿਲਾਉਣ ਲਗਿਆਂ ਜੇ ਮਨ ਵਿਚ ਇਹ ਫੁਰਨਾ ਵੀ ਬਣ ਜਾਵੇ ਕਿ ਇਹ ਤੇ ਪਾਣੀ ਹੈ, ਇਹ ਕਿਵੇਂ ਦੁਖ ਕੱਟ ਸਕਦਾ ਹੈ, ਫਿਰ ਇਹ ਪੱਕੀ ਗੱਲ ਜਾਣ ਲੈਣੀ ਕਿ ਜੇ ਐਸੀ ਤ੍ਰੇੜ ਆ ਗਈ ਫਿਰ ਉਹ ਪਾਣੀ ਹੀ ਰਹੇਗਾ। ਅੰਮ੍ਰਿਤ ਦਾ ਅਸਰ ਵੀ ਤਾਂ ਹੀ ਹੋਵੇਗਾ ਜੇ ਸ਼ਰਧਾ ਹੈ ਕਿ ਅੰਮ੍ਰਿਤ ਹੈ।

ਕੁਦਰਤੀ ਦਾਸ ਨੂੰ ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਦੀ ਇਕ ਵਾਰਤਾ ਯਾਦ ਆ ਗਈ। ਦਾਸ ਸਾਂਝੀ ਕਰੇ— ਇਕ ਵਾਰੀ ਗੁਰੂ ਸਾਹਿਬ ਦੁਨੀਆਂ ਨੂੰ ਤਾਰਦੇ-ਤਾਰਦੇ

ਹੰਡਿਆਲੇ ਨਗਰ ਗਏ। ਅਜੇ ਨਗਰ ਦੇ ਬਾਹਰ ਹੀ ਖੜੇ ਸਨ ਕਿ ਇਕ ਬਜ਼ੁਰਗ 'ਤੇ ਨਜ਼ਰ ਪਈ, ਜੋ ਕਿ ਬਹੁਤ ਤੇਜ਼ ਬੁਖ਼ਾਰ ਦੀ ਹਾਲਤ ਵਿਚ ਬੇਸੁਰਤ ਮੰਜੇ 'ਤੇ ਪਿਆ ਹੋਇਆ ਸੀ। ਉਸ ਦੇ ਕੋਲ ਹੀ ਉਸ ਦੇ ਪ੍ਰਵਾਰ ਦੇ ਕੁਝ ਕੁ ਮੈਂਬਰ ਵੀ ਖੜੇ ਸਨ। ਸਤਿਗੁਰ ਸੱਚੇ ਪਾਤਸ਼ਾਹ, ਦਇਆ ਦੇ ਸਾਗਰ ਨੇ ਪੁੱਛ ਲਿਆ ਕਿ ਇਹ ਤੁਹਾਡੇ ਬਜ਼ੁਰਗ ਜੀ ਨੂੰ ਕੀ ਗੱਲ ਹੋਈ ਹੈ ਜੋ ਇਸ ਤਰ੍ਹਾਂ ਨਗਰ ਤੋਂ ਬਾਹਰ ਲਿਆ ਕੇ ਮੰਜੇ 'ਤੇ ਲੰਮੇ ਪਾਇਆ ਹੈ, ਘਰ ਵਿਚ ਨਹੀਂ ਰਖਿਆ। ਕੋਲ ਖੜੇ ਸਰੀਰ ਕਹਿਣ ਲੱਗੇ, ਇਸ ਬਜ਼ੁਰਗ ਨੂੰ ਇਕ ਭਿਆਨਕ ਬਿਮਾਰੀ ਨੇ ਜਕੜ ਲਿਆ ਹੈ, ਜਿਸ ਕਾਰਨ ਪਿੰਡ ਵਾਲਿਆਂ ਨੇ ਇਸ ਨੂੰ ਪਿੰਡ ਤੋਂ ਬਾਹਰ ਰੱਖਣ ਦਾ ਹੁਕਮ ਕਰ ਦਿੱਤਾ ਹੈ ਤਾਂ ਕਿ ਇਹ ਬਿਮਾਰੀ ਕਿਧਰੇ ਕਿਸੇ ਹੋਰ ਨੂੰ ਨਾ ਹੋ ਜਾਵੇ, ਬਾਕੀ ਪਿੰਡ ਵਿਚ ਨਾ ਫੈਲ ਜਾਵੇ। ਸਤਿਗੁਰ ਦੀ ਮੌਜ ਆਈ, ਤਰਸ ਆ ਗਿਆ। ਬਜ਼ੁਰਗ ਦੀ ਤਰਸਯੋਗ ਹਾਲਤ ਦੇਖ ਕੇ ਜਿਵੇਂ ਆਖਿਆ ਹੈ ਬਾਣੀ ਵਿਚ-

*ਐਸੀ ਲਾਲ ਤੁਝ ਬਿਨੁ ਕਉਨੁ ਕਰੈ॥...*
*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥*

(ਅੰਗ ੧੧੦੬)

ਸਤਿਗੁਰੂ ਦੀ ਮੌਜ! ਉਸ ਕੋਲ ਹੀ ਇਕ ਗੰਦੇ ਪਾਣੀ ਦਾ ਟੋਇਆ ਸੀ। ਕਹਿਣ ਲੱਗੇ, ਇਸ ਬਜ਼ੁਰਗ ਨੂੰ ਇਸ ਟੋਏ ਵਿਚ ਇਸ਼ਨਾਨ ਕਰਵਾ ਦਿਓ, ਰਾਜ਼ੀ ਹੋ ਜਾਵੇਗਾ। ਹੁਣ ਵੇਖੋ! ਜੋ ਜ਼ਿਕਰ ਚਲ ਰਿਹਾ ਸੀ ਕਿ ਜੇ ਸ਼ਰਧਾ ਨਹੀਂ ਹੈ ਤਾਂ ਅੰਮ੍ਰਿਤ ਵੀ ਪਾਣੀ, ਸਤਿਗੁਰ ਦੀ ਇਹ ਅਨੋਖੀ ਗੱਲ ਸੁਣ ਕੇ ਜੋ ਤਾਂ ਸ਼ਰਧਾ ਤੋਂ ਹੀਣੇ ਸਨ ਆਖਣ ਲੱਗੇ ਕਿ ਡਾਕਟਰ ਨੇ ਤਾਂ ਆਖਿਆ ਹੈ ਕਿ ਇਸ ਨੂੰ ਇਸ਼ਨਾਨ ਬਿਲਕੁਲ ਨਹੀਂ ਕਰਾਉਣਾ, ਫਿਰ ਉਤੋਂ ਪਾਣੀ ਵੀ ਇਤਨਾ ਗੰਦਾ, ਪਰ ਵਿਚ ਹੀ ਕੋਈ ਸ਼ਰਧਾ ਵਾਲਾ ਵੀ ਖੜਾ ਸੀ, ਆਖਣ ਲੱਗਾ ਕਿ ਇਹ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦੇ ਨੌਵੇਂ ਮਾਲਕ ਹਨ, ਬੜੇ ਜ਼ਾਹਰਾ ਪੀਰ ਹਨ, ਪੂਰੀ ਸ਼ਰਧਾ ਨਾਲ ਇਹ ਜਿਵੇਂ ਕਹਿੰਦੇ ਹਨ, ਇਨ੍ਹਾਂ ਦਾ ਬਚਨ ਮੰਨ ਲਵੋ। ਅੱਜ ਤਾਂ ਸਾਡੇ ਧੰਨ ਭਾਗ ਹਨ ਜੋ ਸਾਡੇ ਪਿੰਡ ਵਿਚ ਨੌਵੇਂ ਪਾਤਸ਼ਾਹ ਆਏ ਹਨ। ਜਿਨਾਂ ਦੇ ਹੁਕਮ ਵਿਚ ਸਭ ਕੁਝ ਹੈ। ਉਹ ਚਾਹੁਣ ਤਾਂ ਗੰਦੇ ਪਾਣੀ ਨੂੰ ਵੀ ਹੁਕਮ ਕਰ ਕੇ ਹੋਰਨਾਂ ਨੂੰ ਰਾਜ਼ੀ ਕਰਨ ਵਾਲਾ ਦਾਰੂ ਰੂਪ ਅੰਮ੍ਰਿਤ ਬਣਾ ਸਕਦੇ ਹਨ। ਇਤਿਹਾਸ ਹੈ ਕਿ ਉਸ ਸਰੀਰ ਨੂੰ ਇਸ਼ਨਾਨ ਕਰਾਇਆ ਤਾਂ ਪੂਰਨ ਤਰ੍ਹਾਂ ਸਰੀਰ ਰਾਜ਼ੀ ਹੋ ਗਿਆ। ਇਥੇ ਹੁਣ ਸਰੋਵਰ ਵੀ ਹੈ। ਗੁਰੂ ਕਿਰਪਾ ਕਰੇ, ਸਾਡੀ ਵੀ ਸ਼ਰਧਾ ਇਥੇ ਖੜੋਤੀ ਹੋਵੇ, ਤ੍ਰੇੜ ਨਾ ਆਵੇ ਕਿਉਂਕਿ ਜੇ ਤ੍ਰੇੜ ਆ ਜਾਵੇ ਫਿਰ ਦਾਤ ਨਹੀਂ ਮਿਲਦੀ, ਫਿਰ ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਨਹੀਂ ਹੁੰਦੀ।

ਇਕ ਗੱਲ ਆਪਣੇ ਮਨਾਂ ਵਿਚ ਪੱਕੀ ਤਰ੍ਹਾਂ ਵਸਾ ਲਵੋ ਕਿ ਜੇ ਤੁਸੀਂ ਗੁਰੂ ਨਾਨਕ ਦੇ ਚਰਨ ਫੜੇ ਹਨ, ਫਿਰ ਤੁਹਾਨੂੰ ਹੋਰ ਕਿਧਰੇ ਭਟਕਣ ਦੀ ਲੋੜ ਨਹੀਂ। ਜੇ ਚਾਹੁੰਦੇ ਹੋ ਆਪਣਾ ਲੋਕ ਵੀ ਤੇ ਪ੍ਰਲੋਕ ਵੀ ਸੁਧਾਰਣਾ ਹੈ ਤਾਂ ਗੁਰੂ ਨਾਨਕ ਦੇ ਬਣ ਜਾਵੋ। ਗੁਰੂ ਨਾਨਕ ਤੋਂ ਪਰੇ ਕੁਝ ਨਹੀਂ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਦਾ ਰੂਪ ਧਾਰ ਕੇ ਆਪ ਨਿਰੰਕਾਰ ਧਰਤੀ 'ਤੇ ਆਏ। ਜੇ ਤੁਹਾਡੇ ਮਨ ਵਿਚ ਕਿਧਰੇ ਇਹ ਵੀ ਖ਼ਿਆਲ ਬਣਿਆ ਹੋਵੇ ਕਿ ਗੁਰੂ ਨਾਨਕ ਹੋਰ ਹੈ ਤੇ ਰੱਬ ਹੋਰ ਹੈ ਤਾਂ ਇਹ ਵੀ ਤ੍ਰੇੜ ਜੇ, ਦੇਖਿਓ ਕਿਧਰੇ ਇਹ ਫੁਰਨਾ ਵੀ ਨਾ ਬਣੇ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਸ ਦੇ ਅੰਦਰ ਗੁਰੂ ਪ੍ਰਤੀ ਤ੍ਰੇੜ ਆ ਜਾਵੇ, ਉਸ ਵਰਗਾ ਕੰਗਾਲ ਕੋਈ ਨਹੀਂ।

ਕੁਝ ਕੁ ਸਮੇਂ ਪਹਿਲੇ ਦੀ ਗੱਲ ਹੈ, 'ਦਾਸ' ਕੋਲ ਇਕ ਭੈਣ ਭਲਾਈ ਕੇਂਦਰ ਆਈ, ਕਹਿਣ ਲੱਗੀ ਸਰੀਰ ਰਾਜ਼ੀ ਨਹੀਂ ਰਹਿੰਦਾ, ਕੋਈ ਨੇਮ ਦਿਓ। ਦਾਸ ਨੇ ਉਸ ਨੂੰ 'ਸੁਖਾਂ ਦੀ ਮਣੀ' ਸੁਖਮਨੀ ਸਾਹਿਬ ਦਾ ਇਕ ਪਾਠ ਰੋਜ਼ ਦੇਹ ਅਰੋਗਤਾ ਲਈ ਕਰਨ ਲਈ ਆਖਿਆ। ਕੋਈ ਮਹੀਨੇ ਕੁ ਬਾਅਦ ਉਹ ਬੀਬੀ ਦੁਬਾਰਾ ਆਈ। ਦਾਸ ਨੇ ਸੁਭਾਵਿਕ ਪੁੱਛ ਲਿਆ ਕਿ ਹੁਣ ਤੁਹਾਡੀ ਸਿਹਤ ਕੈਸੀ ਹੈ ? ਉਸ ਬੀਬੀ ਨੇ ਜੋ ਅੱਗੋਂ ਜੁਆਬ ਦਿੱਤਾ, ਉਹ ਦਾਸ ਲਿਖ ਰਿਹਾ ਹੈ। ਉਹ ਬੀਬੀ ਕਹਿਣ ਲੱਗੀ 'ਜਦੋਂ ਸੁਖਮਨੀ ਸਾਹਿਬ ਦਾ ਪਾਠ ਨਹੀਂ ਸੀ ਕਰਦੀ ਤਾਂ ਸਗੋਂ ਮੈਂ ਕੁਝ ਠੀਕ ਰਹਿੰਦੀ ਸੀ ਪਰ ਜਦੋਂ ਦਾ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਨੇਮ ਸ਼ੁਰੂ ਕੀਤਾ ਹੈ, ਮੇਰੀ ਤਾਂ ਤਬੀਅਤ ਹੋਰ ਜ਼ਿਆਦਾ ਖ਼ਰਾਬ ਰਹਿਣ ਲੱਗ ਗਈ ਹੈ। ਮੈਂ ਤਾਂ ਇਹੀ ਤੁਹਾਨੂੰ ਪੁੱਛਣ ਲਈ ਆਈ ਸੀ ਕਿ ਸੁਖਮਨੀ ਸਾਹਿਬ ਪੜ੍ਹਨ ਨਾਲ ਹੋਰ ਜ਼ਿਆਦਾ ਤਬੀਅਤ ਵਿਗੜ ਗਈ ਹੈ। ਇਸ ਲਈ ਸ੍ਰੀ ਸੁਖਮਨੀ ਸਾਹਿਬ ਦਾ ਨੇਮ ਬੰਦ ਕਰ ਦੇਵਾਂ ? ਇਸ਼ਾਰਾ ਲੈਣਾ 'ਇਹ ਹੈ ਤ੍ਰੇੜ'। ਦਾਸ ਹੈਰਾਨ ਹੋ ਗਿਆ ਕਿ ਇੰਨੀ ਬਖ਼ਸ਼ਿਸ਼ਾਂ ਭਰੀ ਬਾਣੀ ਪ੍ਰਤੀ ਇਤਨੀ ਵੱਡੀ ਤ੍ਰੇੜ। ਦਾਸ ਨੇ ਕਿਹਾ ਬੀਬੀ, ਤੇਰੀ ਤਬੀਅਤ ਨਹੀਂ ਠੀਕ, ਇਹ ਦੁੱਖ ਹੈ, ਕਿਉਂਕਿ ਬਾਣੀ ਵਿਚ ਵੀ ਜਿਥੇ 4 ਵੱਡੇ ਦੁੱਖਾਂ ਦਾ ਜ਼ਿਕਰ ਹੈ, ਉਸ ਵਿਚ ਤਨ ਦੇ ਦੁੱਖ ਦਾ ਵੀ ਜ਼ਿਕਰ ਆਉਂਦਾ ਹੈ-

*ਦੁਖ ਵੇਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥*

(ਅੰਗ ੧੨੫੬)

ਤੀਸਰੀ ਪੰਕਤੀ ਵਿਚ ਤਨ ਦੇ ਦੁੱਖ ਬਾਰੇ ਲਿਖਿਆ ਹੈ। ਦਾਸ ਨੇ ਉਸ ਬੀਬੀ ਨੂੰ

ਕਿਹਾ, ਬੀਬੀ ਤੇਰੇ ਸਰੀਰ ਨੂੰ ਦੁੱਖ ਹੈ, ਤੇਰੇ ਲਈ ਇਹ ਬਹੁਤ ਵੱਡਾ ਦੁੱਖ ਹੈ (ਕਿਉਂਕਿ ਜਿਸ ਦਾ ਸਰੀਰ ਦੁਖੀ ਹੋਵੇ, ਕੁਰਲਾਹਟ ਕਰਦਾ ਹੋਵੇ, ਇਸ ਦੁੱਖ ਨੂੰ ਉਹੀ ਜਾਣਦਾ ਹੈ) ਪਰ ਜੇ ਤੂੰ ਦਾਸ ਦੀਆਂ ਨਜ਼ਰਾਂ ਨਾਲ ਵੇਖੇਂ ਤਾਂ ਸਰੀਰ ਦੇ ਦੁੱਖ ਤੋਂ ਵੱਡਾ ਦੁੱਖ ਇਹ ਹੈ ਜੋ ਤੇਰੇ ਅੰਦਰ 'ਸੁਖਮਨੀ ਸਾਹਿਬ' ਦੀ ਬਾਣੀ ਪ੍ਰਤੀ ਤ੍ਰੇੜ ਆ ਗਈ ਹੈ, ਉਹ ਬਾਣੀ ਜਿਸ ਵਿਚ ਧੰਨ ਗੁਰੂ ਅਰਜਨ ਸਾਹਿਬ ਨੇ ਦੁਖੀ ਲੁਕਾਈ ਦੇ ਦੁੱਖਾਂ ਨੂੰ ਬਖ਼ਸ਼ਿਸ਼ ਤੇ ਕਿਤਨੀ ਕਮਾਈ ਭਰੀ ਹੈ। ਦਾਸ ਨੇ ਬੇਨਤੀ ਕੀਤੀ ਕਿ ਇਸ ਮਹਾਨ ਬਾਣੀ ਪ੍ਰਤੀ ਤ੍ਰੇੜ ਲਿਆ ਕੇ ਪਾਪਾਂ ਦੀ ਪੰਡ ਆਪਣੇ ਸਿਰ 'ਤੇ ਨਾ ਚੁਕੋ, ਬਾਣੀ ਕਦੀ ਵੀ ਦੁੱਖ ਨੂੰ ਵਧਾਉਂਦੀ ਨਹੀਂ, ਇਹ ਤਾਂ ਗੁਰੂ ਹੀ ਜਾਣਦਾ ਹੈ ਕਿ ਤੁਹਾਡੀ ਤਕਲੀਫ਼ ਕਿਤਨੀ ਕੁ ਵੱਧਣੀ ਸੀ ਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਕਿਤਨਾ ਕੁ ਕੰਟਰੋਲ ਹੋਇਆ ਹੈ, ਆਪਣੇ ਅੰਦਰੋਂ ਤ੍ਰੇੜ ਕੱਢ ਕੇ ਬਾਣੀ ਦਾ ਨੇਮ ਨਾ ਛੱਡੋ।

ਤ੍ਰੇੜ ਦਾ ਜ਼ਿਕਰ ਚਲ ਰਿਹਾ ਹੈ। ਦਾਸ ਨੂੰ ਪੰਡਿਤ ਲਾਲ ਚੰਦ ਦੀ ਵਾਰਤਾ ਯਾਦ ਆ ਗਈ। ਉਸ ਅੰਦਰ ਵੀ ਤਾਂ ਤ੍ਰੇੜ ਹੀ ਆ ਗਈ ਸੀ। ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਦਰਸ਼ਨ ਕਰ ਕੇ ਕਿ ਇਹ 5-6 ਸਾਲ ਦੀ ਛੋਟੀ ਜਿਹੀ ਉਮਰ ਦਾ ਬੱਚਾ, ਜਿਸ ਨੂੰ ਸਾਰੀਆਂ ਸਿੱਖ ਸੰਗਤਾਂ ਈਸ਼ਵਰ ਦਾ ਅਵਤਾਰ ਆਖ ਰਹੀਆਂ ਹਨ, ਇਸ ਦਾ ਨਾਮ ਤਾਂ ਦੁਆਪਰ ਦੇ ਅਵਤਾਰ 'ਕ੍ਰਿਸ਼ਨ' ਤੋਂ ਵੀ ਵੱਡਾ ਹੈ 'ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ' ਪਰ ਕੀ ਇਹ ਛੋਟਾ ਜਿਹਾ ਬਾਲਕ ਗੀਤਾ ਦੇ ਅਰਥ ਕਰ ਸਕਦਾ ਹੈ। ਤ੍ਰੇੜ ਸੀ ਮਨ ਵਿਚ। ਸਤਿਗੁਰੂ ਦੀ ਉਮਰ ਨੂੰ ਵੇਖ ਕੇ ਉਹ ਦ੍ਰਿਸ਼ਟੀ ਨਹੀਂ ਸੀ ਮਿਲੀ-

*ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ॥*

(ਅੰਗ ੧੪੦੬)

ਇਸ ਲਈ ਰਿਹਾ ਨਹੀਂ ਗਿਆ ਤੇ ਤ੍ਰੇੜ ਰਸਨਾ 'ਤੇ ਆ ਗਈ, ਆਖ ਦਿੱਤਾ, ਮੈਂ ਤਾਂ ਤੁਹਾਨੂੰ ਤਾਂ ਮੰਨਾਂਗਾ ਈਸ਼ਵਰ ਦੇ ਅਵਤਾਰ ਜੇ ਗੀਤਾ ਦੇ ਅਰਥ ਕਰ ਕੇ ਸੁਣਾਓ। ਹੁਣ ਜੇ ਸਤਿਗੁਰੂ ਅਰਥ ਕਰ ਦੇਂਦੇ ਤਾਂ ਫਿਰ ਉਹ ਸੁਆਦ ਨਹੀਂ ਸੀ ਕਿਉਂਕਿ ਜੋ ਤਾਅਨਾ ਮਾਰਿਆ ਸੀ ਉਸ ਦਾ ਜੁਆਬ ਉਤਨਾ ਕੁ ਹੀ ਤਾਂ ਫਿਰ ਉਹ ਸੁਆਦ ਨਹੀਂ। (ਛੇਵੇਂ ਪਾਤਸ਼ਾਹ ਵੀ ਜਦੋਂ ਕਸ਼ਮੀਰ ਗਏ ਸੀ, ਇਤਨਾ ਹੀ ਕਿਸੇ ਸਰੀਰ ਨੂੰ ਪੁੱਛ ਲਿਆ ਸੀ ਕਿ ਇਥੇ ਚੰਗਾ ਪਾਣੀ ਕਿਥੇ ਮਿਲੇਗਾ? ਉਸ ਸਰੀਰ ਨੇ ਅੱਗੋਂ ਤਾਅਨਾ ਮਾਰ ਕੇ ਆਖਿਆ ਸੀ ਕਿ ਤੁਹਾਡੇ ਸਿੱਖ ਤਾਂ ਆਖਦੇ ਹਨ ਕਿ ਤੁਸੀਂ ਈਸ਼ਵਰ ਦਾ ਅਵਤਾਰ ਹੋ, ਜੇ ਐਸਾ ਹੈ ਤਾਂ ਫਿਰ ਆਪੇ ਹੀ ਵੇਖ ਕੇ ਲਭ ਲਵੋ, ਈਸ਼ਵਰ ਤੋਂ ਕੀ ਛੁਪਿਆ ਹੈ। ਸਤਿਗੁਰੂ ਕਹਿੰਦੇ ਹਨ, ਭਲਿਆ ਲੋਕਾ! ਲੱਭਣਾ ਕੀ ਹੈ, ਤੇਰੀ ਤਸੱਲੀ ਲਈ ਇਥੇ ਹੀ ਪਾਣੀ ਨੂੰ ਬੁਲਾ ਲੈਂਦੇ ਹਾਂ। ਸਤਿਗੁਰੂ ਸੱਚੇ ਪਾਤਿਸ਼ਾਹ ਦੇ ਹੱਥ ਵਿਚ ਨੇਜ਼ਾ ਫੜਿਆ ਹੋਇਆ ਸੀ, ਉਨ੍ਹਾਂ

ਜਿਥੇ ਖੜੇ ਸੀ ਉਥੇ ਹੀ ਜ਼ਮੀਨ ਵਿਚ ਨੇਜ਼ਾ ਮਾਰਿਆ ਤੇ ਉਸੇ ਸਮੇਂ ਉਥੇ ਠੰਢੇ ਮਿੱਠੇ ਪਾਣੀ ਦਾ ਚਸ਼ਮਾ ਫੁੱਟ ਪਿਆ, ਕਿਉਂਕਿ ਜਿਸ ਈਸ਼ਵਰ ਤੋਂ ਕੁਝ ਛਿਪਿਆ ਨਹੀਂ, ਉਸ ਦੇ ਸਭ ਕੁਝ ਹੁਕਮ ਵਿਚ ਵੀ ਤਾਂ ਹੈ-

*ਭੈ ਵਿਚਿ ਪਵਣੁ ਵਹੈ ਸਦਵਾਉ॥*
*ਭੈ ਵਿਚਿ ਚਲਹਿ ਲਖ ਦਰੀਆਉ॥*

(ਅੰਗ ੪੬੪)

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਵੀ ਮੌਜ ਆਈ ਕਿ ਇਸ ਪੰਡਿਤ ਦੀ ਤ੍ਰੇੜ ਚੰਗੀ ਤਰ੍ਹਾਂ ਕੱਟ ਕੇ ਇਸ ਦੀ ਪੂਰੀ ਤਸੱਲੀ ਕਰਵਾ ਹੀ ਦਿੱਤੀ ਜਾਵੇ। ਸਤਿਗੁਰੂ ਕਹਿਣ ਲੱਗੇ 'ਪੰਡਿਤ ਜੀ, ਅਸੀਂ ਜੇ ਅਰਥ ਕਰ ਦਿੱਤੇ ਤਾਂ ਹੋ ਸਕਦਾ ਹੈ ਫਿਰ ਵੀ ਤੁਹਾਡੀ ਸ਼ਰਧਾ ਨਾ ਬੱਝੇ, ਅੰਦਰ ਤ੍ਰੇੜ ਰਹਿ ਜਾਵੇ। ਹੋ ਸਕਦਾ ਹੈ ਫਿਰ ਤੁਹਾਡੇ ਮਨ ਵਿਚ ਇਹ ਆ ਜਾਵੇ ਕਿ ਸ਼ਾਇਦ ਛੋਟੀ ਉਮਰ ਵਿਚ ਹੀ ਉਚੇਰੀ ਪੜ੍ਹਾਈ ਕਰ ਲਈ ਹੋਵੇਗੀ, ਇਸ ਲਈ ਤੁਸੀਂ ਆਪਣੀ ਮਰਜ਼ੀ ਦਾ ਕੋਈ ਵੀ ਬੰਦਾ ਲੈ ਆਵੋ, ਅਸੀਂ ਉਸ ਕੋਲੋਂ ਅਰਥ ਕਰਵਾ ਦੇਵਾਂਗੇ। ਉਸ ਪੰਡਿਤ ਦੀ ਵੀ ਵੇਖੋ ਸੋਚ ! ਉਹ ਵੀ ਇਕ ਅਨਪੜ੍ਹ ਛੱਜੂ ਝੀਵਰ, ਜੋ ਕਿ ਗੂੰਗਾ ਸੀ ਤੇ ਜਿਸ ਦੇ ਮੂੰਹ ਵਿੱਚੋਂ ਲਾਲਾਂ ਪਈਆਂ ਵਗਦੀਆਂ ਸਨ, ਲਿਆ ਕੇ ਗੁਰੂ ਸਾਹਿਬ ਦੇ ਸਾਹਮਣੇ ਖੜਾ ਕਰ ਕੇ ਆਖਣ ਲੱਗਾ, ਜੇ ਇੰਨੇ ਹੀ ਸਮਰੱਥ ਹੋ ਤਾਂ ਫਿਰ ਇਸ ਕੋਲੋਂ ਅਰਥ ਕਰਵਾ ਦਿਓ। ਸਤਿਗੁਰੂ ਸੱਚੇ ਪਾਤਿਸ਼ਾਹ ਉਸ ਦੀ ਇਤਨੀ ਹਲਕੀ ਤੇ ਨੀਵੀਂ ਸੋਚ 'ਤੇ ਮਨ ਹੀ ਮਨ ਮੁਸਕਰਾਏ ਪਰ ਰਸਨਾ ਤੋਂ ਕੁਝ ਨਹੀਂ ਆਖਿਆ ਤੇ ਉਸ ਗੂੰਗੇ ਝੀਵਰ ਦੇ ਸਿਰ ਉੱਤੇ ਆਪਣੀ ਹੱਥ ਵਿਚ ਫੜੀ ਹੋਈ ਸੋਟੀ ਰੱਖੀ। ਸੋਟੀ ਸਿਰ 'ਤੇ ਰੱਖਣ ਦੀ ਦੇਰ ਸੀ ਕਿ ਉਹ ਅਨਪੜ੍ਹ ਗੂੰਗਾ ਝੀਵਰ 14 ਤਰ੍ਹਾਂ ਦੀ ਵਿਦਿਆ ਦਾ ਗਿਆਤਾ ਹੋ ਗਿਆ। ਸਤਿਗੁਰੂ ਨੇ ਐਸੀ ਮਿਹਰ ਭਰੀ ਨਦਰਿ ਕੀਤੀ ਕਿ ਉਸ ਨੇ ਗੀਤਾ ਦੇ ਐਸੇ ਭਾਵਪੂਰਨ ਅਰਥ ਕੀਤੇ ਜਿਨ੍ਹਾਂ ਨੂੰ ਸੁਣ ਕੇ ਪੰਡਿਤ ਹੱਕਾ-ਬੱਕਾ ਰਹਿ ਗਿਆ। (ਬਾਬਾ ਜੀ ਵੀ ਬਚਨ ਕਰਦੇ ਸਨ ਕਿ ਮਾਇਆ ਨਾਲ ਕਿਤਾਬ ਖ਼੍ਰੀਦੀ ਜਾ ਸਕਦੀ ਹੈ ਪਰ ਗਿਆਨ ਮੁੱਲ ਨਹੀਂ ਮਿਲਦਾ, ਇਹ ਤਾਂ ਗੁਰੂ ਦੀ ਬਖ਼ਸ਼ਿਸ਼ ਨਾਲ ਮਿਲਣਾ ਹੈ) ਇਹ ਅਸਚਰਜ ਜਨਕ ਕੌਤਕ ਵੇਖ ਕੇ ਪੰਡਿਤ ਗੁਰੂ ਸਾਹਿਬ ਦੇ ਚਰਨਾਂ 'ਤੇ ਢਹਿ ਪਿਆ ਤੇ ਕਹਿਣ ਲੱਗਾ, ਕਿਰਪਾ ਕਰ ਕੇ ਮੈਨੂੰ ਬਖ਼ਸ਼ ਦਿਓ। ਮੇਰੇ ਅੰਦਰ ਤੁਹਾਡੀ ਸਮਰੱਥਾ ਪ੍ਰਤੀ ਤ੍ਰੇੜ ਸੀ ਪਰ ਤੁਸੀਂ ਤਰਸ ਕਰ ਕੇ ਮੇਰੀ ਤ੍ਰੇੜ ਕੱਟ ਦਿੱਤੀ ਹੈ, ਹੁਣ ਮੇਰੀਆਂ ਅੱਖਾਂ ਖੁੱਲ੍ਹ ਗਈਆਂ ਹਨ। ਕਿਰਪਾ ਕਰੋ, ਮੈਨੂੰ ਵੀ ਆਪਣਾ ਸਿੱਖ ਬਣਾ ਲਵੋ।

ਕਈਆਂ ਦੀ ਸ਼ਰਧਾ ਇਥੋਂ ਤਕ ਹੀ ਸੀਮਤ ਹੁੰਦੀ ਹੈ ਕਿ ਗੁਰੂ ਸਾਹਿਬ ਨੇ ਇਕ ਅਨਪੜ੍ਹ ਗੂੰਗੇ ਝੀਵਰ ਦੇ ਸਿਰ 'ਤੇ ਸੋਟੀ ਰੱਖ ਕੇ ਆਪਣੀ ਬਖ਼ਸ਼ਿਸ਼ ਨਾਲ ਉਸ ਕੋਲੋਂ

ਗੀਤਾ ਦੇ ਅਰਥ ਕਰਵਾ ਦਿੱਤੇ ਪਰ ਇਸ ਤੋਂ ਵੀ ਹੋਰ ਵੱਡੀ ਗਲ ਹੈ ਕਿ ਸਾਡੀ ਸ਼ਰਧਾ ਕਿਧਰੇ ਇਥੇ ਹੀ ਨਾ ਰੁੱਕ ਜਾਵੇ। ਸਾਡਾ ਗੁਰੂ ਤਾਂ ਇੰਨਾ ਸਮਰੱਥ ਹੈ ਕਿ ਜਿਸ ਅਸਥਾਨ 'ਤੇ ਇਹ ਘਟਨਾ ਵਾਪਰੀ, ਉਸ ਅਸਥਾਨ 'ਤੇ ਹਮੇਸ਼ਾ ਹਮੇਸ਼ਾ ਲਈ ਐਸੀ ਬਖ਼ਸ਼ਿਸ਼ ਕਰ ਦਿੱਤੀ ਕਿ ਅੱਜ ਵੀ ਉਸ ਅਸਥਾਨ ਤੋਂ ਜਿਸ ਦਾ ਨਾਂ 'ਗੁਰਦੁਆਰਾ ਪੰਜੋਖਰਾ ਸਾਹਿਬ' ਹੈ, ਲੱਖਾਂ ਕ੍ਰੋੜਾਂ ਦੀ ਗਿਣਤੀ ਵਿਚ ਲੋਕ ਆਪਣੇ ਬੱਚਿਆਂ ਲਈ ਵਿਦਿਆ ਦਾ ਦਾਨ ਲੈਂਦੇ ਹਨ। ਅੰਬਾਲੇ ਕੋਲ ਮੇਨ ਰੋਡ ਤੋਂ 7-8 ਮੀਲ ਸੜਕ ਹੈ, ਪੈਦਲ ਜਾਣਾ ਪੈਂਦਾ ਹੈ। ਅੱਜ ਵੀ ਲੋਕ ਉਸੇ ਸਰੋਵਰ ਵਿਚ ਆਪ ਵੀ ਇਸ਼ਨਾਨ ਕਰਦੇ ਹਨ ਤੇ ਆਪਣੇ ਬੱਚਿਆਂ ਨੂੰ ਵੀ ਕਰਵਾਉਂਦੇ ਹਨ। ਮੰਦ ਬੁੱਧੀ, ਸਦ-ਬੁੱਧੀ ਬਣਦੀ ਹੈ, ਪ੍ਰਤੱਖ ਝੋਲੀਆਂ ਭਰਦੀਆਂ ਹਨ। ਅੱਜ ਵੀ ਸਤਿਗੁਰੂ ਦੀਆਂ ਬਖ਼ਸ਼ਿਸ਼ਾਂ ਨਿਰੰਤਰ ਜਾਰੀ ਹਨ। ਜੇ ਇਕ ਬਿਮਾਰ 'ਤੇ ਨਦਰਿ ਕੀਤੀ ਤਾਂ ਉਹ ਰਾਜ਼ੀ ਹੋ ਗਿਆ। ਪੰਜੋਖਰਾ ਸਾਹਿਬ ਗੁਰਦੁਆਰੇ ਦੇ ਬਾਹਰ ਖੜੇ ਹੋ ਕੇ ਕਿਧਰੇ ਕਾਪੀ-ਪੈੱਨ ਲੈ ਕੇ ਖੜੇ ਹੋ ਜਾਵੋ ਤੇ ਸੰਗਤਾਂ ਨੂੰ ਪੁੱਛੋ ਕਿ ਤੁਹਾਨੂੰ ਇਥੋਂ ਕੀ ਮਿਲਿਆ ਹੈ, ਦਾਸ ਦਾਅਵੇ ਨਾਲ ਲਿਖ ਰਿਹਾ ਹੈ, ਗੁਰੂ ਦੀ ਕਿਰਪਾ, ਗੁਰੂ ਦੀ ਬਖ਼ਸ਼ਿਸ਼ ਉਥੇ ਇਤਨੀ ਪ੍ਰਤੱਖ ਵਰਤ ਰਹੀ ਹੈ ਕਿ ਰੋਜ਼ ਦੀਆਂ ਕਈ ਕਿਤਾਬਾਂ ਛੱਪ ਜਾਣਗੀਆਂ। ਅੱਜ ਵੀ ਸ਼ਰਧਾ ਭਾਵਨਾ ਵਾਲਿਆਂ ਦੇ ਉਥੇ ਜਾ ਕੇ ਦੁੱਖ ਦੂਰ ਹੁੰਦੇ ਹਨ। ਦਾਸ ਦਾ ਲਿਖਣ ਤੋਂ ਭਾਵ ਹੈ ਕਿ ਸਾਡੀ ਐਸੀ ਸ਼ਰਧਾ, ਵਿਸ਼ਵਾਸ ਬੱਝ ਜਾਵੇ ਕਿ ਗੁਰੂ ਸਾਹਿਬ ਕਿਧਰੇ ਗਏ ਨਹੀਂ, ਅੱਜ ਵੀ ਸ਼ਬਦ ਰੂਪ ਵਿਚ ਮੌਜੂਦ ਹਨ ਤੇ ਪ੍ਰਤੱਖ ਝੋਲੀਆਂ ਭਰ ਰਹੇ ਹਨ, ਬਖਸ਼ਿਸ਼ਾਂ ਕਰ ਰਹੇ ਹਨ। ਝਾਤੀ ਮਾਰੋ, ਕਿਧਰੇ ਸਾਡੇ ਅੰਦਰ ਵੀ ਆਪਣੇ ਗੁਰੂ ਸਾਹਿਬ ਪ੍ਰਤੀ ਜਾਂ ਬਾਣੀ ਪ੍ਰਤੀ ਤ੍ਰੇੜ ਤਾਂ ਨਹੀਂ। ਕਿਧਰੇ ਤੁਹਾਡੇ ਮਨ ਦੀ ਵੀ ਇਹ ਅਸਵਥਾ ਤਾਂ ਨਹੀਂ ਬਣਦੀ ਕਿ ਮੈਂ ਬੜੇ ਪਾਠ ਕੀਤੇ ਸੁਖਮਨੀ ਸਾਹਿਬ ਦੇ ਪਰ ਕੁਝ ਮਿਲਿਆ ਤਾਂ ਹੈ ਨਹੀਂ। ਕਿਧਰੇ ਤੁਹਾਡੇ ਮਨ ਵਿਚ ਵੀ ਇਹ ਫੁਰਨੇ ਤਾਂ ਨਹੀਂ ਬਣਦੇ, ਕਿਧਰੇ ਤੁਹਾਡੇ ਹਿਰਦੇ ਅੰਦਰ ਵੀ ਕੋਈ ਇਹ ਛੁਪਿਆ ਹੋਇਆ ਖ਼ਿਆਲ ਤਾਂ ਨਹੀਂ ਬਣਿਆ ਕਿ ਜੇ ਮੇਰੀ ਕੋਈ ਮੰਗ ਪੂਰੀ ਨਹੀਂ ਹੋਈ, ਮੇਰਾ ਫਲਾਣਾ ਦੁੱਖ ਨਹੀਂ ਗਿਆ, ਮੇਰੀ ਝੋਲੀ ਨਹੀਂ ਭਰੀ, ਮੈਨੂੰ ਫਲਾਣੀ ਦੁਨੀਆਵੀ ਜਾਂ ਅਧਿਆਤਮਕ ਦਾਤ ਪ੍ਰਾਪਤ ਨਹੀਂ ਹੋਈ, ਲਗਦਾ ਹੈ ਮੇਰਾ ਗੁਰੂ ਪੂਰਾ ਨਹੀਂ। ਮੇਰੇ ਗੁਰੂ ਵਿਚ ਇੰਨੀ ਸਮਰੱਥਾ ਨਹੀਂ। ਜੇ ਐਸਾ ਹੈ ਤਾਂ ਦਾਸ ਦੀ ਬੇਨਤੀ ਹੈ ਹੱਥ ਜੋੜ ਕੇ ਕਿ ਐਸੀਆਂ ਤ੍ਰੇੜਾਂ ਆਪਣੇ ਅੰਦਰੋਂ ਕੱਢ ਕੇ ਬਾਹਰ ਸੁੱਟ ਦਿਓ ਕਿਉਂਕਿ ਇਹ ਤ੍ਰੇੜਾਂ ਹੀ ਹਨ, ਜਿਹੜੀਆਂ ਝੋਲੀ ਨਹੀਂ ਭਰਨ ਦਿੰਦੀਆਂ। ਇਕ ਗੱਲ ਯਾਦ ਰਖਿਓ, ਉਸ ਦੇ ਘਰ ਵਿਚ ਦੇਰ ਹੋ ਸਕਦੀ ਹੈ ਪਰ ਅੰਧੇਰ ਨਹੀਂ। ਜਿਤਨਾ ਗੁਰੂ ਦੀ ਸਮਰੱਥਾ 'ਤੇ ਵਿਸ਼ਵਾਸ ਰਖੋਗੇ ਉਤਨੇ ਵੱਧ ਤੁਹਾਨੂੰ ਭਾਗ ਲੱਗਣਗੇ। ਗੱਲ ਸਾਰੀ ਤੁਹਾਡੇ ਆਪਣੇ ਭਰੋਸੇ 'ਤੇ ਹੈ। ਸ਼ਾਇਦ ਕਿਸੇ ਦੀ ਸਮਝ ਵਿਚ ਇਹ ਗੱਲ ਨਾ ਆਈ ਹੋਵੇ, ਦਾਸ ਇਕ ਜ਼ਿਕਰ ਕਰੇ ਤਾਂ ਕਿ ਗੱਲ ਖੁਲ੍ਹ ਜਾਵੇ।

ਛੇਵੇਂ ਪਾਤਸ਼ਾਹ ਦੇ ਸਮੇਂ, ਇਕ ਪੰਡਿਤ ਪੁਰਾਣਾਂ ਦੀ ਕਥਾ ਕਰਿਆ ਕਰਦਾ ਸੀ। ਇਕ ਦਿਨ ਕਥਾ ਕਰਦਿਆਂ ਵਿਚ ਜ਼ਿਕਰ ਆਇਆ ਕਿ ਜਦੋਂ ਬੰਦਾ ਮਰ ਜਾਵੇ ਤਾਂ ਉਸਨੂੰ ਦਰਗਾਹ ਵਿਚ ਜਾਂਦਿਆਂ ਇਕ ਸਾਲ ਲੱਗਦਾ ਹੈ। ਸਿੱਖ ਜੋ ਦਰਬਾਰ ਵਿਚ ਬੈਠੇ ਕਥਾ ਸੁਣ ਰਹੇ ਸਨ, ਇਕ ਸਿੱਖ ਉਠ ਕੇ ਕਹਿਣ ਲੱਗਾ, ਮੈਂ ਤਾਂ 8 ਪਹਿਰ ਵਿਚ ਦਰਗਾਹ ਨੂੰ ਜਾ ਸਕਦਾ ਹਾਂ, ਦੂਸਰਾ ਕਹਿਣ ਲੱਗਾ ਮੈਂ 4 ਪਹਿਰ ਵਿਚ ਜਾ ਸਕਦਾ ਹਾਂ, ਤੀਸਰਾ ਕਹਿੰਦਾ ਹੈ, ਮੈਂ 2 ਪਹਿਰ ਵਿਚ ਜਾ ਸਕਦਾ ਹਾਂ, ਇਥੇ ਹੀ ਬਸ ਨਹੀਂ ਹੋਈ, ਇਕ ਹੋਰ ਸਿੱਖ ਉਠਿਆ ਤੇ ਕਹਿਣ ਲੱਗਾ, ਮੈਂ ਆਪਣੇ ਗੁਰੂ ਦੇ ਭਰੋਸੇ ਨਾਲ ਕਹਿੰਦਾ ਹਾਂ ਕਿ ਮੈਂ ਇਕ ਛਿਨ ਵਿਚ ਦਰਗਾਹ ਨੂੰ ਪਹੁੰਚ ਸਕਦਾ ਹਾਂ। ਸਾਡਾ ਗੁਰੂ ਇੰਨਾ ਸਮਰੱਥ ਹੈ। ਸਿੱਖਾਂ ਦੀਆਂ ਐਸੀਆਂ ਗੱਲਾਂ ਸੁਣ ਕੇ ਪੰਡਿਤ ਨੇ ਗ਼ੁੱਸੇ ਵਿਚ ਆ ਕੇ ਪੋਥੀ ਬੰਦ ਕਰ ਦਿੱਤੀ ਤੇ ਛੇਵੇਂ ਪਾਤਸ਼ਾਹ ਨੂੰ ਸ਼ਿਕਾਇਤ ਕਰਨ ਲੱਗਾ ਕਿ ਤੁਹਾਡੇ ਸਿੱਖ ਪੁਰਾਣਾਂ ਦੀ ਕਥਾ 'ਤੇ ਬਹਿਸ ਕਰਦੇ ਹਨ। ਕੀ ਪੁਰਾਣ ਗ਼ਲਤ ਹਨ ?

ਛੇਵੇਂ ਪਾਤਸ਼ਾਹ ਨੇ ਸੋਚਿਆ ਕਿ ਹੋ ਸਕਦਾ ਹੈ ਸਾਡੇ ਸਮਝਾਉਣ ਨਾਲ ਇਸ ਦੀ ਤਸੱਲੀ ਨਾ ਹੋਵੇ, ਇਹ ਗੱਲ ਇਸ ਨੂੰ ਕੋਈ ਪੂਰਨ ਗੁਰਸਿੱਖ ਜ਼ਿਆਦਾ ਠੀਕ ਤਰ੍ਹਾਂ ਸਮਝਾ ਸਕੇਗਾ, ਇਹ ਸੋਚ ਕੇ ਗੁਰੂ ਜੀ ਨੇ ਇਹ ਮਸਲਾ ਆਪਣੇ ਪੂਰਨ ਸਿੱਖ ਭਾਈ ਗੁਰਦਾਸ ਜੀ ਨੂੰ ਸੌਂਪ ਦਿੱਤਾ (ਕਿਉਂਕਿ ਗੁਰੂ ਦੇ ਪ੍ਰੇਮ ਵਿਚ ਰੰਗੇ ਹੋਏ ਸਿੱਖ ਦੇ ਅੰਦਰ ਆਪਣੇ ਗੁਰੂ ਦੀ ਸਮਰੱਥਾ 'ਤੇ ਇੰਨਾ ਭਰੋਸਾ ਹੁੰਦਾ ਹੈ, ਇਤਨਾ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਉਹ ਕਈ ਟੁੱਟਿਆਂ ਨੂੰ ਵੀ ਜੋੜ ਸਕਦਾ ਹੈ) ਭਾਈ ਗੁਰਦਾਸ ਜੀ ਪੰਡਿਤ ਜੀ ਨੂੰ ਕਹਿਣ ਲੱਗੇ ਕਿ ਪੰਡਿਤ ਜੀ! ਪੁਰਾਣ ਵੀ ਗ਼ਲਤ ਨਹੀਂ ਹਨ, ਉਸ ਵਿਚ ਜੋ ਜ਼ਿਕਰ ਲਿਖਿਆ ਹੈ ਕਿ ਇਕ ਸਾਲ ਲਗਦਾ ਹੈ, ਉਹ ਜ਼ਰੂਰ ਲੱਗਦਾ ਹੈ ਪਰ ਉਨ੍ਹਾਂ ਬੰਦਿਆਂ ਨੂੰ ਲਗਦਾ ਹੈ ਜਿਹੜੇ ਕਈਆਂ ਨੂੰ ਧਿਆਉਂਦੇ ਹਨ। ਉਹਨਾਂ ਦੀਆਂ ਪੁਰੀਆਂ ਚੋਂ ਹੋ ਕੇ ਜਾਣਾ ਪੈਂਦਾ ਹੈ, ਪਰ ਜਿਹੜੇ ਇਕ ਨੂੰ ਧਿਆਉਂਦੇ ਹਨ ਤੇ ਉਸ ਦੀ ਸਮਰੱਥਾ ਦੇ ਉੱਤੇ ਉਨ੍ਹਾਂ ਨੂੰ ਜਿਤਨਾ ਕੁ ਵਿਸ਼ਵਾਸ ਹੁੰਦਾ ਹੈ ਉਤਨਾ ਕੁ ਉਨ੍ਹਾਂ ਨੂੰ ਦਰਗਾਹ ਵਿਚ ਜਾਣ ਨੂੰ ਸਮਾਂ ਲਗਦਾ ਹੈ। ਹੁਣ ਜਿਸ ਸਿੱਖ ਨੂੰ ਗੁਰੂ ਦੀ ਸਮਰੱਥਾ 'ਤੇ ਥੋੜਾ ਵਿਸ਼ਵਾਸ ਸੀ ਉਸ ਨੇ 8 ਪਹਿਰ ਕਹੇ, ਜਿਸ ਨੂੰ ਥੋੜਾ ਵੱਧ ਸੀ, ਉਸ ਨੇ 4 ਪਹਿਰ ਤੇ ਕੁਝ ਹੋਰ ਵੱਧ ਨੇ 2 ਪਹਿਰ ਦਾ ਸਮਾਂ ਆਖਿਆ। ਪਰ ਜਿਸ ਨੇ ਇਹ ਆਖਿਆ ਕਿ ਉਹ ਇਕ ਛਿਨ ਵਿਚ ਜਾ ਸਕਦਾ ਹੈ, ਉਸ ਦਾ ਹਿਰਦਾ ਆਪਣੇ ਗੁਰੂ ਦੇ ਪ੍ਰੇਮ ਵਿਚ ਭਿੱਜਾ ਹੋਇਆ ਹੈ। ਉਸ ਨੂੰ ਆਪਣੇ ਗੁਰੂ ਦੀ ਸਮਰੱਥਾ 'ਤੇ ਪੂਰਾ ਭਰੋਸਾ ਹੈ ਕਿਉਂਕਿ ਉਹ ਆਪਣੇ ਗੁਰੂ ਵਿਚ ਤੇ ਪ੍ਰਮੇਸ਼ਰ ਵਿਚ ਜ਼ਰਾ ਵੀ ਭੇਦ ਨਹੀਂ ਜਾਣਦਾ। ਉਸ ਦਾ ਤਾਂ ਭਰੋਸਾ ਇਥੇ ਟਿਕਿਆ ਹੈ ਕਿ ਮੇਰਾ ਗੁਰੂ ਮੇਰਾ ਪ੍ਰਮੇਸ਼ਰ ਹੈ, ਸੋ ਜਿਹੀ ਭਾਵਨਾ ਤੇਹਾ ਫੱਲ।

ਹੁਣ ਤੁਸੀਂ ਆਪੇ ਫ਼ੈਸਲਾ ਕਰ ਲਵੋ ਕਿ ਤੁਸੀਂ ਗੁਰੂ ਦੀ ਸਮਰੱਥਾ ਤੇ ਗੁਰੂ 'ਤੇ ਕੈਸੀ

ਭਾਵਨਾ ਰੱਖਣੀ ਹੈ। ਅਰਦਾਸ ਕਰੋ ਕਿ ਸਾਨੂੰ ਗੁਰੂ ਦੀ ਸਮਰੱਥਾ 'ਤੇ ਪੂਰਨ ਭਰੋਸੇ ਅਤੇ ਪ੍ਰਮੇਸ਼ਰ ਦੀ ਭਾਵਨਾ ਦੀ ਦਾਤ ਮਿਲੇ। ਕਿਧਰੇ ਪੜ੍ਹੋ ਇਤਿਹਾਸ-ਸਕੇਤ ਮੰਡੀ ਦਾ ਰਾਜਾ ਜੋ ਆਪਣੇ ਅਹਿਲਕਾਰਾਂ ਨਾਲ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਜਾ ਰਿਹਾ ਸੀ ਬੜੀ ਸ਼ਰਧਾ ਨਾਲ, ਸੁੱਚੇ ਮੋਤੀਆਂ ਦੀ ਪਲੇਟ ਹੱਥ ਵਿਚ ਫੜੀ ਸੀ, ਗੁਰੂ ਸਾਹਿਬ ਨੂੰ ਪਿਆਰ 'ਚ ਭੇਟ ਕਰਨ ਲਈ, ਪਰ ਅੰਦਰ ਤ੍ਰੇੜ ਆ ਗਈ ਜਦੋਂ ਰਾਗੀ ਸਿੰਘਾਂ ਦੀ ਰਸਨਾ ਤੋਂ ਪੜ੍ਹੀ ਜਾ ਰਹੀ ਇਹ ਪੰਕਤੀ ਕੰਨਾਂ ਵਿਚ ਪੈ ਗਈ-

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥*

(ਅੰਗ ੯੩੭)

ਮਨ ਵਿਚ ਸ਼ੰਕਾ ਆ ਗਿਆ ਕਿ ਜੇ ਲੇਖ ਹੀ ਨਹੀਂ ਮਿਟਣੇ ਤਾਂ ਫਿਰ ਗੁਰੂ ਦੀ ਸ਼ਰਣ ਆਉਣ ਦਾ ਲਾਭ ਹੀ ਕੀ ਹੋਇਆ। ਪੜ੍ਹੋ ਇਤਿਹਾਸ, ਗੁਰੂ ਸਾਹਿਬ ਨੇ ਮਨ ਦੀ ਪੱਟੀ ਪੜ੍ਹ ਲਈ, ਕੋਲ ਬੁਲਾਇਆ ਤੇ ਆਖਿਆ ਕਿ ਪ੍ਰਮੇਸ਼ਰ ਦਾ ਲਿਖਿਆ ਲੇਖ ਮਿਟ ਤਾਂ ਨਹੀਂ ਸਕਦੇ ਪਰ ਗੁਰੂ ਦੀ ਸ਼ਰਣ ਆਉਣ ਨਾਲ , ਗੁਰੂ ਘਰ ਦੀ ਸੇਵਾ ਕਰਨ ਨਾਲ, ਬੰਦਗੀ ਕਰਨ ਨਾਲ, ਗੁਰੂ ਦੀ ਪ੍ਰਸੰਨਤਾ ਝੋਲੀ ਵਿਚ ਪੈਂਦੀ ਹੈ ਤੇ ਗੁਰੂ ਤੁੱਠ ਕੇ ਸੂਲੀ ਦਾ ਕੰਡਾ ਕਰ ਦੇਂਦਾ ਹੈ ਜਾਂ ਫੇਰ ਸਾਡੇ ਮਾੜੇ ਲੇਖ ਸੁਪਨੇ ਵਿਚ ਵੀ ਕੱਟ ਦੇਂਦਾ ਹੈ। ਗੁਰੂ ਸਾਹਿਬ ਨੇ ਉਸਦੀ ਤਸੱਲੀ ਕਰਵਾਉਣ ਲਈ ਉਸ ਨੂੰ ਤਿੰਨ ਦਿਨ ਆਪਣੇ ਕੋਲ ਰੱਖ ਕੇ ਸਿਮਰਨ ਬੰਦਗੀ ਕਰਨ ਲਈ ਆਖਿਆ। ਇਕ ਰਾਤ ਉਸਨੂੰ ਸੁਪਨਾ ਆਇਆ ਕਿ ਰਾਜ ਭੋਗਣ ਤੋਂ ਬਾਅਦ ਉਸ ਦੀ ਮੌਤ ਹੋ ਗਈ ਹੈ ਤੇ ਅਗਲਾ ਜਨਮ ਉਸ ਦਾ ਚੰਡਾਲ ਦੇ ਘਰ ਹੋਇਆ ਹੈ, ਜਿਥੇ ਅਤਿ ਦੀ ਗ਼ਰੀਬੀ ਭੋਗਣੀ ਪੈ ਰਹੀ ਹੈ। 12 ਸਾਲ ਦਾ ਕਾਲ ਪੈ ਗਿਆ ਹੈ। ਦਰੱਖ਼ਤ ਤੇ ਚੜ੍ਹ ਕੇ ਪੀਲੂ ਖਾ ਰਿਹਾ ਹੈ। ਟਾਹਣ ਟੁੱਟਾ ਦਰੱਖ਼ਤ ਦਾ ਤੇ ਮੌਤ ਹੋ ਗਈ। ਜਮ ਲੈਣ ਆ ਗਏ। ਇਹ ਭਿਆਨਕ ਸੁਪਨਾ ਦੇਖਣ ਤੋਂ ਬਾਅਦ ਜਦੋਂ ਅਗਲੇ ਦਿਨ ਉਹ ਸਹਿਮਿਆ ਹੋਇਆ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਗਿਆ ਤਾਂ ਗੁਰੂ ਨੇ ਉਸ ਨੂੰ ਦੱਸਿਆ ਕਿ ਜੋ ਕੁਝ ਤੂੰ ਰਾਤ ਸੁਪਨੇ ਵਿਚ ਦੇਖਿਆ ਹੈ, ਉਹ ਤੇਰਾ ਅਗਲਾ ਜਨਮ ਹੋਣਾ ਸੀ। ਤੇਰੇ ਮਨ ਵਿਚ ਤ੍ਰੇੜ ਆ ਗਈ ਸੀ ਕਿ ਗੁਰੂ ਘਰ ਜਾਣ ਦਾ ਲਾਭ ਹੀ ਕੀ, ਗੁਰੂ ਨੂੰ ਭੇਟਾ ਕਰਨ ਦਾ ਲਾਭ ਹੀ ਕੀ, ਗੁਰੂ ਦੀ ਸ਼ਰਣ ਜਾਣ ਦਾ ਲਾਭ ਹੀ ਕੀ ਜੇ ਲੇਖ ਹੀ ਨਹੀਂ ਮਿਟਣੇ। ਇਹ ਅਸੀਂ ਤੇਰੀ ਤਸੱਲੀ ਲਈ, ਤੇਰੀ ਤ੍ਰੇੜ ਕੱਟਣ ਲਈ ਤੇ ਆਉਣ ਵਾਲੀ ਪੀੜ੍ਹੀ ਦੇ ਅੰਦਰ ਵਿਸ਼ਵਾਸ ਭਰਨ ਲਈ ਇਹ ਕੌਤਕ ਰਚਿਆ ਹੈ ਕਿ ਗੁਰੂ ਚਾਹੇ ਤਾਂ ਲੇਖ ਤਾਂ ਬਦਲਣੇ ਬੜੀ ਛੋਟੀ ਜਿਹੀ ਗੱਲ ਹੈ, ਉਹ ਤਾਂ ਅਗਲੇ ਜਨਮ ਵੀ ਸੁਪਨਿਆਂ ਵਿਚ ਕੱਟ ਸਕਦਾ ਹੈ। ਚੌਧਰੀ ਸ਼ਮੀਰ ਦੀ ਸਾਖੀ ਵੀ ਇਸ ਗੱਲ ਦਾ ਸਬੂਤ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਸੀ 'ਮੇਰੀ ਚੁਰਾਸੀ ਕੱਟ ਦਿਓ' ਸਤਿਗੁਰੂ ਨੇ ਉਸਦੇ ਅਗਲੇ ਕਈ ਜਨਮ ਉਸ ਦੇ ਸੁਪਨਿਆਂ ਵਿਚ ਕੱਟ ਕੇ ਉਸਦੀ ਭਾਵਨਾ ਨੂੰ

ਭਾਗ ਲਗਾਏ ਸਨ।

ਧਿਆਨ ਰੱਖਣ ਯੋਗ ਗੱਲ ਦਾਸ ਸਾਂਝੀ ਕਰਨੀ ਚਾਹੁੰਦਾ ਹੈ, ਉਹ ਇਹੀ ਕਿ ਸਾਡੇ ਅੰਦਰ ਆਪਣੇ ਗੁਰੂ ਪ੍ਰਤੀ ਆਪਣੇ ਪਿਆਰੇ ਪ੍ਰਤੀ, ਕਦੀ ਤ੍ਰੇੜ ਨਾ ਆਵੇ। ਜੇ ਸਾਡੇ ਹਿਰਦੇ ਵਿਚ ਵੀ ਆਪਣੇ ਗੁਰੂ, ਆਪਣੇ ਪਿਆਰੇ ਪ੍ਰਤੀ ਤ੍ਰੇੜ ਆਈ ਤਾਂ ਅਸੀਂ ਵੀ ਡੁੱਬ ਜਾਵਾਂਗੇ। ਸਾਡਾ ਪਾਰ ਉਤਾਰਾ ਨਹੀਂ ਹੋ ਸਕੇਗਾ। ਛੇਕਾਂ ਵਾਲੀ ਬੇੜੀ ਕਦੀ ਪਾਰ ਨਹੀਂ ਲੱਗ ਸਕਦੀ। ਜੇ ਅਸੀਂ ਵੀ ਚਾਹੁੰਦੇ ਹਾਂ ਆਪਣੀ ਸਰੀਰ ਰੂਪੀ ਬੇੜੀ ਨੂੰ ਪਾਰ ਲੰਘਾਉਣਾ ਤਾਂ ਸਾਨੂੰ ਵੀ ਗੁਰੂ ਪ੍ਰਤੀ ਤ੍ਰੇੜਾਂ ਤੇ ਸ਼ੰਕਿਆਂ ਰੂਪੀ ਛੇਕ ਬੰਦ ਕਰਨੇ ਪੈਣਗੇ। ਗੁਰੂ ਕਿਰਪਾ ਕਰੇ, ਸਾਡਾ ਮਨ ਗੁਰੂ ਸਾਹਿਬ ਦੇ ਚਰਨਾਂ ਵਿਚ ਐਸਾ ਜੁੜਿਆ ਹੋਵੇ, ਐਸਾ ਰੰਗਿਆ ਹੋਵੇ ਕਿ ਕਿਸੇ ਪਾਸੇ ਤੋਂ ਵੀ ਕੋਈ ਵੀ ਗੁੰਜਾਇਸ਼ ਹੀ ਨਾ ਰਹਿ ਜਾਵੇ ਤ੍ਰੇੜ ਦੀ। ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਨੇ ਭਾਈ ਆਦਮ ਦੀ ਪਤਨੀ ਦੇ ਮਨ ਦੀ ਪੱਟੀ ਪੜ੍ਹ ਕੇ ਉਸ ਦੇ ਮਨ ਦੀ ਤ੍ਰੇੜ ਤਾਂ ਭਰ ਦਿੱਤੀ ਪਰ ਅਸੀਂ ਇੰਨੇ ਜੋਗੇ ਨਹੀਂ, ਸਾਡੀ ਇੰਨੀ ਕਮਾਈ ਵੀ ਨਹੀਂ ਕਿ ਗੁਰੂ ਪ੍ਰਤੱਖ ਸਾਡੇ ਸਾਹਮਣੇ ਪ੍ਰਗਟ ਹੋ ਜਾਵੇ, ਇਸ ਲਈ ਸਾਡੀ ਇਹ ਡਿਊਟੀ ਬਣਦੀ ਹੈ ਕਿ ਆਪਣਾ ਤਨ, ਮਨ, ਧਨ ਸਭ ਉਸ ਦੇ ਅਰਪਨ ਕਰ ਕੇ ਪੂਰਨ ਵਿਸ਼ਵਾਸ ਤੇ ਭਰੋਸੇ ਦੇ ਨਾਲ ਉਸ ਸਮਰੱਥ ਤੇ ਦਇਆਲੂ ਪਿਤਾ ਦੇ ਚਰਨਾਂ ਵਿਚ ਜੁੜੇ ਰਹੀਏ, ਉਸ ਦੇ ਹੁਕਮ ਵਿਚ ਰਹੀਏ ਤੇ ਕੇਵਲ ਤੇ ਕੇਵਲ ਉਸੇ ਦੇ ਹੀ ਬਣ ਕੇ ਰਹੀਏ। ਸਾਡੇ ਵਿੱਚੋਂ ਬਹੁਤ ਸਾਰੇ ਸਰੀਰ ਐਸੇ ਹੋਣਗੇ ਜੋ ਆਪਣੇ ਦੁੱਖ ਦੀ ਪੰਡ ਇਕ ਅੱਗੇ ਨਹੀਂ ਖੋਲ੍ਹਦੇ। ਅੱਜ ਇਕ ਨਾਲ ਆਪਣੇ ਦਿਲ ਦੀ ਗੱਲ ਕਰਨਗੇ, ਹਫਤਾ ਦਸ ਦਿਨ ਬਾਅਦ ਜਦ ਦੇਖਦੇ ਹਨ ਇਥੇ ਗੱਲ ਨਹੀਂ ਬਣੀ, ਫਿਰ ਆਪਣੇ ਦੁੱਖ ਦੀ ਪੰਡ ਕਿਸੇ ਹੋਰ ਅੱਗੇ ਖੋਲ੍ਹ ਦੇਣਗੇ, ਜਦੋਂ ਉਥੇ ਵੀ ਗੱਲ ਨਾ ਬਣੇ ਫਿਰ ਕਿਸੇ ਹੋਰ ਅੱਗੇ। ਜੇ ਸਾਡੀ ਜ਼ਿੰਦਗੀ ਵਿਚ ਵੀ ਐਹੋ ਜਿਹੀ ਕਮੀ ਹੈ ਤਾਂ ਸਮਝ ਲੈਣਾ ਕਿ ਸਾਨੂੰ ਵੀ ਅਜੇ ਆਪਣੇ ਗੁਰੂ ਪਿਤਾ ਦੀ ਸਮਰੱਥਾ ਦੇ ਭਰੋਸੇ ਦੀ ਦਾਤ ਪ੍ਰਾਪਤ ਨਹੀਂ ਹੋਈ। ਐਸੇ ਭਰੋਸੇ ਦੇ ਨਾਲ ਆਪਣੇ ਗੁਰੂ ਪਿਤਾ ਦੇ ਚਰਨ ਫੜਿਓ ਕਿ ਸੱਚੇ ਪਾਤਸ਼ਾਹ ! ਦਾਤ ਜਲਦੀ ਦੇ ਜਾਂ ਲੇਟ ਦੇ, ਮੈਂ ਤੇਰਾ ਹਾਂ, ਭਾਵੇਂ ਜਿਵੇਂ ਮਰਜ਼ੀ ਮੈਨੂੰ ਰੱਖ, ਮੈਂ ਤੇਰਾ ਹਾਂ, ਤੇਰੇ ਇਲਾਵਾ ਮੇਰਾ ਹੋਰ ਕੋਈ ਹੈ ਹੀ ਨਹੀਂ।

ਇਕ ਗਲ ਜਾਣ ਲੈਣੀ, ਗੁਰੂ ਵੀ ਕਈ ਵਾਰੀ ਸਾਡੀ ਭਾਵਨਾ ਨੂੰ ਚੈੱਕ ਕਰਦਾ ਹੈ ਕਿ ਇਹ ਕਿਥੇ ਖੜਾ ਹੈ, ਇਸ ਦੀ ਮੇਰੇ ਤੇ ਭਾਵਨਾ ਕਿਤਨੀ ਕੁ ਹੈ, ਇਸ ਦੀ ਭਾਵਨਾ ਮੇਰੇ 'ਤੇ ਸਿਰਫ਼ ਗੱਲਾਂ ਤਕ ਹੀ ਸੀਮਤ ਹੈ ਕਿ ਮੇਰਾ ਗੁਰੂ ਪ੍ਰਮੇਸ਼ਰ ਹੈ ਜਾਂ ਫਿਰ ਇਹ ਭਾਵਨਾ ਇਸ ਦੇ ਰੋਮ-ਰੋਮ ਵਿਚ ਸਮਾਈ ਹੋਈ ਹੈ ਕਿ ਦੁਨੀਆਂ ਦਾ ਕੋਈ ਵੀ ਕਾਰਜ ਐਸਾ ਨਹੀਂ ਜੋ ਮੇਰੇ ਗੁਰੂ ਦੀ ਸਮਰੱਥਾ ਤੋਂ ਬਾਹਰ ਹੋਵੇ ਜਾਂ ਮੇਰਾ ਕੋਈ ਵੀ ਦੁੱਖ ਐਸਾ ਨਹੀਂ ਜਿਸ ਨੂੰ ਕੱਟਣ ਦੀ ਮੇਰੇ ਗੁਰੂ ਵਿਚ ਸਮਰੱਥਾ ਨਾ ਹੋਵੇ। ਸਾਡੀ ਆਪਣੇ ਗੁਰੂ ਪ੍ਰਤੀ ਐਸੀ ਭਾਵਨਾ ਹੋਵੇ-

## ਸ਼ਰਧਾ ਦੀ ਦਸਵੀਂ ਨਿਸ਼ਾਨੀ

*ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ॥*
*ਤੂ ਸਾਹਿਬੁ ਅਗਮੁ ਦਇਆਲੁ ਹੈ ਸਭਿ ਤੁਧੁ ਧਿਆਹੀ॥*

(ਅੰਗ ੩੦੧)

ਦਾਸ ਗੁਰੂ ਦੇ ਭਰੋਸੇ ਨਾਲ, ਦਾਅਵੇ ਨਾਲ ਇਹ ਗੱਲ ਲਿਖ ਰਿਹਾ ਹੈ ਕਿ ਜਿਹੜਾ ਵੀ ਗੁਰੂ ਦੀ ਸਮਰੱਥਾ 'ਤੇ ਭਰੋਸਾ ਰੱਖਦਾ ਹੈ, ਉਹ ਕਦੀ ਖ਼ਾਲੀ ਨਹੀਂ ਜਾਂਦਾ! ਦੇਰ ਹੋ ਸਕਦੀ ਹੈ ਪਰ ਅੰਧੇਰ ਨਹੀਂ। ਸਾਡੀ ਇਕ ਹੀ ਡਿਊਟੀ ਹੈ ਕਿ ਜੇ ਦਾਤ ਮਿਲ ਜਾਵੇ ਤਾਂ ਸ਼ੁਕਰਾਨਾ ਕਰੀਏ, ਜੇ ਨਹੀਂ ਮਿਲੀ, ਦੇਰੀ ਹੈ ਤਾਂ ਵੀ ਰਹੀਏ ਆਪਣੇ ਗੁਰੂ ਪਿਤਾ ਦੇ ਦਾਇਰੇ ਵਿਚ ਹੀ, ਉਸੇ ਦੇ ਹੀ ਬਣ ਕੇ ਰਹੀਏ। ਇਹ ਨਹੀਂ ਕਿ ਕੁਝ ਦੇਰ ਦਾਤ ਨਹੀਂ ਮਿਲੀ ਤੇ ਬੇੜੀ ਬਦਲਾ ਲਈ, ਆਪਣੇ ਮਾਲਕ ਦੀ ਬੇੜੀ ਵਿਚ ਹੀ ਰਹਿਣਾ ਹੈ। ਜਦੋਂ ਅਸੀਂ ਆਪਣੇ ਗੁਰੂ ਪਿਤਾ ਦੀ ਬੇੜੀ ਛੱਡ ਕੇ ਕਿਸੇ ਦੂਜੇ ਪਾਸੇ ਕਦਮ ਪੁੱਟਦੇ ਹਾਂ ਤਾਂ ਸਾਡੇ ਗੁਰੂ ਦਾ ਹਿਰਦਾ ਵੀ ਦੁਖਦਾ ਹੈ। ਇਕ ਗੱਲ ਯਾਦ ਰੱਖਣੀ, ਜੇ ਸਾਡੀ ਕੋਈ ਮੰਗ ਪੂਰੀ ਨਹੀਂ ਹੁੰਦੀ ਤਾਂ ਇਸ ਪਿੱਛੇ ਸਾਡੀਆਂ ਆਪਣੀਆਂ ਹੀ ਕਮਜ਼ੋਰੀਆਂ ਹੁੰਦੀਆਂ ਹਨ ਕਿਉਂਕਿ ਸਾਡਾ ਗੁਰੂ ਤਾਂ ਪੂਰਾ ਹੈ, ਹਰ ਬੰਨਿਓਂ ਹੀ ਬਖ਼ਸ਼ਿਸ਼ਾਂ ਹਨ, ਸਾਨੂੰ ਚਾਹੀਦਾ ਹੈ ਕਿ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰ ਕੇ ਗੁਰੂ ਦੇ ਚਰਨ ਫੜੀਏ। ਜੇ ਕੋਈ ਮੰਗ ਪੂਰੀ ਨਹੀਂ ਹੋਈ ਤਾਂ ਕਮੀ ਆਪਣੇ ਵਿਚ ਵੇਖੀਏ। ਸਾਡੇ ਜਪਣ ਵਿਚ ਕਮੀ ਹੋ ਸਕਦੀ ਹੈ, ਸਾਡੀ ਭਾਵਨਾ ਵਿਚ ਕਮੀ ਹੋ ਸਕਦੀ ਹੈ, ਉਹ ਤਾਂ ਸਰਬ ਕਲਾ ਸਮਰੱਥ ਹੈ। (ਦਾਸ ਇਥੇ ਇਕ ਗੱਲ ਖੋਲ੍ਹ ਦੇਵੇ ਕਿ ਕਈ ਵਾਰੀ ਸਾਡੀ ਮੰਗ ਜਾਇਜ਼ ਨਹੀਂ ਹੁੰਦੀ ਜਾਂ ਕਈ ਵਾਰੀ ਅਨਜਾਣਪੁਣੇ ਵਿਚ ਅਸੀਂ ਕੋਈ ਐਸੀ ਮੰਗ ਕਰ ਰਹੇ ਹੁੰਦੇ ਹਾਂ ਜੋ ਸਾਡੇ ਹਿਤ ਵਿਚ ਨਹੀਂ ਹੁੰਦੀ, ਜਿਸ ਨੂੰ ਅਸੀਂ ਤਾਂ ਭਲੀ ਮੰਨਦੇ ਹਾਂ ਪਰ ਸਾਡਾ ਪਿਤਾ ਜਾਣਦਾ ਹੈ ਕਿ ਇਸ ਮੰਗ ਦੇ ਪੂਰਾ ਹੋਣ ਨਾਲ ਸਾਡਾ ਨੁਕਸਾਨ ਹੋਣਾ ਹੈ, ਜਿਵੇਂ ਕਈ ਵਾਰੀ ਬੱਚਾ ਅਨਜਾਣਪੁਣੇ ਵਿਚ ਅੱਗ ਨੂੰ ਹੱਥ ਪਾ ਰਿਹਾ ਹੁੰਦਾ ਹੈ ਪਰ ਮਾਂ-ਬਾਪ ਉਸਨੂੰ ਅਜਿਹਾ ਕਰਨ ਤੋਂ ਰੋਕਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਅੱਗ ਨੇ ਉਸ ਦਾ ਨੁਕਸਾਨ ਕਰਨਾ ਹੈ। ਦਾਸ ਦਾ ਭਾਵ ਹੈ ਕਿ ਜੋ ਮੰਗ ਨਜਾਇਜ਼ ਹੋਵੇ, ਜਿਸ ਵਿਚ ਅਸੀਂ ਕਿਸੇ ਦਾ ਬੁਰਾ ਮੰਗ ਰਹੇ ਹੋਈਏ ਜਾਂ ਜਿਸ ਦੇ ਪੂਰਾ ਕਰਨ ਨਾਲ ਸਾਡਾ ਕੋਈ ਨੁਕਸਾਨ ਜਾਂ ਬੁਰਾ ਹੋ ਸਕਦਾ ਹੋਵੇ, ਫਿਰ ਗੁਰੂ ਉਹ ਮੰਗ ਪੂਰੀ ਨਹੀਂ ਕਰਦਾ)

ਦਾਸ ਫਿਰ ਉਥੇ ਹੀ ਆ ਜਾਵੇ, ਜੋ ਸਾਡੀ ਵਿਚਾਰ ਚਲ ਰਹੀ ਸੀ ਕਿ ਸਾਡਾ ਗੁਰੂ ਪਿਤਾ ਸਭ ਕੁਝ ਕਰਨ ਦੀ ਸਮਰੱਥਾ ਰੱਖਦਾ ਹੈ। ਦਾਸ ਇਹ ਗੱਲ ਕੋਈ ਆਪਣੇ ਕੋਲੋਂ ਨਹੀਂ ਲਿਖ ਰਿਹਾ, ਬਾਣੀ ਵਿੱਚੋਂ ਵੀ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਹੋਰ ਜਿਤਨੇ ਵੀ ਅਵਤਾਰ ਹੋਏ ਹਨ, ਸੋਲਾਂ ਕਲਾ ਦੀ ਸਮਰੱਥਾ ਰਖਦੇ ਸਨ ਜਦ ਕਿ ਗੁਰੂ ਨਾਨਕ

SIKHBOOKCLUB.COM

ਸਾਹਿਬ ਅਨੰਤ ਕਲਾ ਲੈ ਕੇ ਪ੍ਰਗਟ ਹੋਏ-

*ਸੋਲਹ ਕਲਾ ਸੰਪੂਰਨ ਫਲਿਆ॥*
*ਅਨਤ ਕਲਾ ਹੋਇ ਠਾਕੁਰੁ ਚੜਿਆ॥*

(ਅੰਗ ੧੦੮੧)

ਗੁਰੂ ਇਤਿਹਾਸ ਵਿੱਚੋਂ, ਸਾਡੇ ਸਿੱਖ ਇਤਿਹਾਸ ਵਿੱਚੋਂ ਅਨੇਕਾਂ ਹੀ ਐਸੀਆਂ ਸਾਖੀਆਂ ਮਿਲਦੀਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਾਡਾ ਗੁਰੂ ਵਾਕਈ ਹੀ ਸਰਬ ਕਲਾ ਸੰਪੂਰਨ ਹੈ। ਸਾਰੀਆਂ ਨੂੰ ਤਾਂ ਇਕੱਤਰ ਕਰਨਾ ਨਾਮੁਮਕਿਨ ਹੈ ਪਰ ਦਾਸ ਗੁਰੂ ਦੀ ਕਿਰਪਾ ਨਾਲ ਕੁਝ ਕੁ ਲਿਖਣ ਦਾ ਯਤਨ ਕਰੇਗਾ ਤਾਂ ਕਿ ਉਨ੍ਹਾਂ ਨੂੰ ਪੜ੍ਹ ਕੇ ਸਾਨੂੰ ਆਪਣੇ ਗੁਰੂ ਪਿਤਾ ਦੀ ਸਮਰੱਥਾ ਬਾਰੇ ਪਤਾ ਲਗ ਜਾਵੇ ਤਾਂ ਜੋ ਸਾਡਾ ਆਪਣੇ ਗੁਰੂ 'ਤੇ ਭਰੋਸਾ ਬੱਝ ਜਾਵੇ ਤੇ ਅਸੀਂ ਇਤਨੇ ਵੱਡੇ ਸਮਰੱਥ ਪਿਤਾ ਨੂੰ ਛੱਡ ਕੇ ਹੋਰ ਬੂਹੇ ਨਾ ਖੜਕਾਈਏ।

ਪ੍ਰੇਮਾ ਕੋਹੜੀ ਦੀ ਸਾਖੀ ਪੜ੍ਹ ਕੇ ਤਾਂ ਇਤਨਾ ਪਿਆਰ ਆਉਂਦਾ ਹੈ ਗੁਰੂ ਸਾਹਿਬ 'ਤੇ ਕਿ ਸਾਡਾ-ਤੁਹਾਡਾ ਗੁਰੂ ਕਿਤਨਾ ਵੱਡਾ ਹੈ, ਕਿਤਨਾ ਸਮਰੱਥ ਹੈ ਕਿ ਜੇ ਇਕ ਕੋਹੜੀ ਵੀ ਉਸ ਦੇ ਦਰ 'ਤੇ ਵਿਸ਼ਵਾਸ ਰੱਖ ਕੇ ਆ ਗਿਆ ਤਾਂ ਉਸ ਨੇ ਆਪਣੀ ਕਿਰਪਾ ਦ੍ਰਿਸ਼ਟੀ ਦੇ ਨਾਲ ਇਕ ਹੀ ਦਿਨ ਵਿਚ ਉਸ ਦੇ ਤਨ ਦਾ ਕੋਹੜ ਵੀ ਰਾਜ਼ੀ ਕਰ ਦਿੱਤਾ, ਮਨ ਦਾ ਕੋਹੜ ਵੀ ਰਾਜ਼ੀ ਕਰ ਦਿੱਤਾ, ਆਪਣੇ ਗੁਰਸਿੱਖ ਦੀ ਬੱਚੀ ਨਾਲ ਉਸ ਦਾ ਅਨੰਦ ਕਾਰਜ ਵੀ ਕਰਾ ਦਿੱਤਾ। ਸਿਰਫ ਇਹੀ ਨਹੀਂ, ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਤਾਂ ਇਹ ਕਿ ਇੰਨਾ ਸਮਰੱਥ ਕਿ ਇਕ ਕੋਹੜੀ ਨੂੰ ਕਈਆਂ ਨੂੰ ਜੋੜਨ ਵਾਲਾ ਬਣਾ ਦਿੱਤਾ। ਦਾਸ ਦਾ ਚਿਤ ਆਇਆ ਹੈ ਕਿ ਪ੍ਰੇਮਾ ਕੋਹੜੀ ਦੀ ਸਾਖੀ ਪੂਰੇ ਵਿਸਥਾਰ ਨਾਲ ਸਾਂਝੀ ਕਰੇ ਤਾਂ ਕਿ ਇਸ ਨੂੰ ਪੜ੍ਹ ਕੇ ਸਾਡੀ ਸਾਰਿਆਂ ਦੀ ਆਪਣੇ ਗੁਰੂ ਪ੍ਰਤੀ ਸ਼ਰਧਾ ਬੱਝ ਜਾਵੇ, ਸਾਨੂੰ ਸਾਰਿਆਂ ਨੂੰ ਆਪਣੇ ਸਤਿਗੁਰੂ ਦੀ ਸਮਰੱਥਾ ਬਾਰੇ ਪਤਾ ਲਗ ਜਾਵੇ ਤੇ ਅਸੀਂ ਵੀ ਉਸ ਕੋਹੜੀ ਦੀ ਤਰ੍ਹਾਂ ਗੁਰੂ 'ਤੇ ਵਿਸ਼ਵਾਸ ਕਰ ਲਈਏ।

ਇਹ ਪ੍ਰੇਮਾ ਕੋਹੜੀ ਗੁਰੂ ਅਮਰਦਾਸ ਜੀ ਦੇ ਸਮੇਂ ਹੋਇਆ ਹੈ। ਸਰੀਰ 'ਤੇ ਐਸਾ ਜ਼ਬਰਦਸਤ ਕੋਹੜ ਹੈ ਕਿ ਹਰ ਵੇਲੇ ਸਰੀਰ ਤੋਂ ਖ਼ੂਨ ਤੇ ਪਾਕ ਸਿੰਮਦਾ ਰਹਿੰਦਾ ਹੈ। ਮੱਖੀਆਂ ਭਿੰਨ-ਭਿੰਨ ਕਰਦੀਆਂ ਹਨ। ਉਸ ਦੇ ਕੋਲੋਂ ਇਤਨੀ ਕੁ ਜ਼ਿਆਦਾ ਬਦਬੂ ਆਉਂਦੀ ਹੈ ਕਿ ਕੋਈ ਨੇੜੇ ਵੀ ਨਹੀਂ ਢੁੱਕਦਾ। ਸਚ ਹੀ ਕਹਿੰਦੇ ਨੇ ਸੁਖ ਵਿਚ ਤਾਂ ਸਾਰੇ ਹੀ ਸਾਥੀ ਬਣਦੇ ਹਨ ਪਰ ਦੁੱਖ ਵਿਚ, ਮੁਸੀਬਤ ਵਿਚ ਆਪਣੇ ਵੀ ਸਾਥ ਛੱਡ ਦਿੰਦੇ ਹਨ।

*ਜਗਤ ਮੈ ਝੂਠੀ ਦੇਖੀ ਪ੍ਰੀਤਿ॥....*

## ਸ਼ਰਧਾ ਦੀ ਦਸਵੀਂ ਨਿਸ਼ਾਨੀ

*ਅੰਤਿ ਕਾਲਿ ਸੰਗੀ ਨਹ ਕੋਊ*
*ਇਹ ਅਚਰਜ ਹੈ ਰੀਤਿ ॥ ੧ ॥*

(ਅੰਗ ੫੩੬)

ਇਸ ਕੋਹੜੀ ਦੇ ਘਰ ਵਾਲਿਆਂ ਨੇ ਉਸ ਦੀ ਇਸ ਹਾਲਤ ਕਾਰਨ ਘਰ ਵਿੱਚੋਂ ਬਾਹਰ ਕੱਢ ਦਿੱਤਾ ਤੇ ਗਲੀ ਦੀ ਨੁਕਰ ਵਿਚ ਬਿਠਾ ਦਿੱਤਾ। ਪਿੰਡ ਵਾਲਿਆਂ ਨੇ ਇਹ ਵੇਖ ਕੇ ਪੰਚਾਇਤ ਬੁਲਾਈ ਕਿ ਇਸ ਦੇ ਕੋਹੜ ਕਾਰਨ ਸਾਰੇ ਪਿੰਡ ਵਿਚ ਕੋਹੜ ਫੈਲ ਸਕਦਾ ਹੈ, ਇਸ ਲਈ ਇਸ ਕੋਹੜੀ ਨੂੰ ਪਿੰਡ ਤੋਂ ਬਾਹਰ ਸੜਕ ਦੇ ਕਿਨਾਰੇ ਛੱਡ ਆਏ। ਇਸ ਕੋਹੜੀ ਦਾ ਪਤਾ ਨਹੀਂ ਕਿਤਨਾ ਕੁ ਮਾੜਾ ਕਰਮ ਹੋਵੇਗਾ (ਕਿਉਂਕਿ ਦੁੱਖ ਤਾਂ ਆਪਣੇ ਕਰਮਾਂ ਦੇ ਹੀ ਹੁੰਦੇ ਹਨ) ਹੱਥ ਵੀ ਕੋਹੜ ਨਾਲ ਭਰੇ ਹੋਏ ਹਨ, ਇਤਨੀ ਤਰਸਯੋਗ ਹਾਲਤ ਕਿ ਆਪਣੇ ਹੱਥਾਂ ਨਾਲ ਆਪਣੇ ਮੂੰਹ ਵਿਚ ਕੁਝ ਪਾ ਵੀ ਨਹੀਂ ਸਕਦਾ। ਗਲੇ ਵਿਚ ਪਿੰਡ ਵਾਲਿਆਂ ਨੇ 'ਟਿੰਡ' ਪਾਈ ਹੋਈ ਹੈ ਜਿਸ ਵਿਚ ਕੋਈ ਲੰਘਦਾ ਰਾਹੀ, ਉਸ 'ਤੇ ਤਰਸ ਕਰ ਕੇ ਕੋਈ ਰੋਟੀ ਦਾ ਟੁੱਕਰ ਜਾਂ ਕੋਈ ਹੋਰ ਖਾਣ ਦੀ ਵਸਤੂ ਪਾ ਜਾਵੇ ਤਾਂ ਮੂੰਹ ਮਾਰ ਕੇ ਆਪਣੇ ਪਾਪੀ ਪੇਟ ਦੀ ਭੁੱਖ ਮਿਟਾਉਂਦਾ ਹੈ। ਮਾੜੇ ਕਰਮਾਂ ਕਾਰਨ ਸਰੀਰ ਕੋਹੜੀ ਹੋ ਗਿਆ ਪਰ ਉਸ ਕੋਹੜੀ ਦੇ ਕੋਈ ਚੰਗੇ ਕਰਮ ਦੇ ਸਦਕਾ, ਜਿਸ ਸੜਕ ਦੇ ਕਿਨਾਰੇ ਉਸਨੂੰ ਬਿਠਾਇਆ ਗਿਆ, ਉਧਰੋਂ ਸੰਗਤਾਂ ਟੋਲਿਆਂ ਵਿਚ ਗੋਇੰਦਵਾਲ ਸਾਹਿਬ ਨੂੰ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਲੰਘਦੀਆਂ ਹਨ। ਜਿਤਨੀ ਸੰਗਤ ਉਧਰੋਂ ਲੰਘਦੀ ਹੈ ਢੋਲਕੀਆਂ, ਛੈਣਿਆਂ ਨਾਲ ਧੰਨ ਗੁਰੂ ਅਮਰਦਾਸ ਜੀ ਦੀਆਂ ਵਡਿਆਈਆਂ ਕਰਦੀਆਂ ਤੇ ਇਹ ਪੰਕਤੀਆਂ ਜਪਦਿਆਂ ਲੰਘਦੀ ਹੈ-

ਨਿਮਾਣਿਆਂ ਦੇ ਮਾਣ ਗੁਰੂ ਅਮਰਦਾਸ
ਨਿਤਾਣਿਆਂ ਦੇ ਤਾਣ ਗੁਰੂ ਅਮਰਦਾਸ
ਨਿਓਟਿਆਂ ਦੀ ਓਟ ਨਿਆਸਰਿਆਂ ਦਾ ਆਸਰਾ
ਨਿਧਰਿਆਂ ਦੀ ਧਿਰ, ਨਿਥਾਵਿਆਂ ਦੀ ਥਾਂ ਧੰਨ ਗੁਰੂ ਅਮਰਦਾਸ

ਇਹ ਪੰਕਤੀਆਂ ਜਦੋਂ ਕੰਨਾਂ ਵਿਚ ਪੈਂਦੀਆਂ ਹਨ ਤੇ ਮਨ ਵਿਚ ਇਹ ਕੋਹੜੀ ਸੋਚਦਾ ਹੈ ਕਿ ਮੇਰੇ ਤੋਂ ਵੱਡਾ ਨਿਆਸਰਾ, ਨਿਥਾਵਾਂ, ਨਿਮਾਣਾ ਤੇ ਨਿਤਾਣਾ ਹੋਰ ਕੌਣ ਹੋ ਸਕਦਾ ਹੈ, ਜਿਸ ਨੂੰ ਉਸ ਦੇ ਆਪਣੇ ਘਰਦਿਆਂ ਨੇ ਵੀ ਧੱਕਾ ਦਿਤਾ ਹੈ, ਜਿਸ ਉੱਤੇ ਉਸ ਦੇ ਆਪਣੇ ਸਾਕ ਸੰਬੰਧੀਆਂ ਨੇ ਵੀ ਤਰਸ ਨਹੀਂ ਕੀਤਾ। ਇਹ ਗੁਰੂ ਅਮਰਦਾਸ ਜੀ ਕੌਣ ਹਨ ? ਕਿਉਂ ਨਾ ਮੈਂ ਵੀ ਉਨ੍ਹਾਂ ਦੀ ਸ਼ਰਨ ਵਿਹ ਜਾਵਾਂ। ਇਸ ਸੋਚ ਦੇ ਆਉਂਦਿਆਂ ਹੀ ਉਸ ਨੇ ਇਕ ਦਿਨ ਦਰਸ਼ਨਾਂ ਲਈ ਜਾ ਰਹੀਆਂ ਸੰਗਤਾਂ ਤੋਂ ਹਿੰਮਤ ਕਰ ਕੇ ਪੁੱਛ

ਹੀ ਲਿਆ ਕਿ ਇਹ ਗੁਰੂ ਅਮਰਦਾਸ ਜੀ ਕੌਣ ਹਨ ਤੇ ਕਿੱਥੇ ਰਹਿੰਦੇ ਹਨ ? ਸੰਗਤਾਂ ਜਦੋਂ ਦਸਿਆ ਕਿ ਗੁਰੂ ਅਮਰਦਾਸ ਜੀ ਤੀਸਰੇ ਗੁਰੂ ਨਾਨਕ ਹਨ, ਗੋਇੰਦਵਾਲ ਵਿਖੇ ਬਿਰਾਜਮਾਨ ਹਨ ਤੇ ਦੁਨੀਆਂ ਨੂੰ ਤਾਰ ਰਹੇ ਹਨ। ਇਤਿਹਾਸ ਲਿਖਦਾ ਹੈ ਕਿ ਪ੍ਰੇਮਾ ਕੋਹੜੀ ਆਪਣੇ ਮਨ ਵਿਚ ਪੂਰੀ ਸ਼ਰਧਾ ਤੇ ਗੁਰੂ ਸਾਹਿਬ 'ਤੇ ਵਿਸ਼ਵਾਸ ਲੈ ਕੇ ਰਿੜਦਾ-ਰਿੜਦਾ, ਜਿਵੇਂ-ਕਿਵੇਂ ਆਪਣੇ ਕੋਹੜੀ ਸਰੀਰ ਨੂੰ ਘਸੀਟਦਾ ਗੋਇੰਦਵਾਲ ਸਾਹਿਬ ਵਿਖੇ ਪਹੁੰਚ ਕੇ ਗੇਟ ਦੇ ਬਾਹਰ ਬੈਠ ਗਿਆ ਤੇ ਨਾਲ ਆਪਣੇ ਮੂੰਹੋਂ ਹੀ ਲਫਜ਼ ਬੋਲੀ ਜਾਂਦਾ ਹੈ-

*"ਗਇਆ ਕਸੌਟਾ ਲੱਭਾ ਸ਼ਾਹ"*

ਉਸ ਦੇ ਸਰੀਰ ਦੀ ਬਦਬੂ ਕਾਰਨ, ਉਥੋਂ ਦੇ ਸੇਵਾਦਾਰ ਉਸ ਕੋਲੋਂ ਬੜਾ ਕਲਪ ਗਏ ਤੇ ਸੋਚਦੇ ਹਨ ਕਿ ਗੁਰੂ ਸਾਹਿਬ ਤੋਂ ਪੁੱਛ ਕੇ ਇਸ ਨੂੰ ਗੱਡੇ 'ਤੇ ਪਾ ਕੇ ਕਿਧਰੇ ਦੂਰ ਛੱਡ ਆਉਂਦੇ ਹਾਂ। ਜਦੋਂ ਸੇਵਾਦਾਰਾਂ ਨੇ ਗੁਰੂ ਸਾਹਿਬ ਨੂੰ ਜਾ ਕੇ ਇਸ ਕੋਹੜੀ ਦੇ ਬਾਰੇ ਦੱਸਿਆ ਕਿ ਸਤਿਗੁਰੂ ਸੱਚੇ ਪਾਤਸ਼ਾਹ ! ਪਤਾ ਨਹੀਂ ਇਕ ਕੋਹੜੀ ਕਿੱਥੋਂ ਆ ਕੇ ਗੇਟ ਦੇ ਬਾਹਰ ਬੈਠ ਗਿਆ ਹੈ, ਜਿਸ ਦੇ ਕਾਰਨ ਸਾਰੇ ਪਾਸੇ ਬਦਬੂ ਫੈਲ ਰਹੀ ਹੈ, ਉਹ ਹਰ ਵੇਲੇ ਨਾਲ ਇਹ ਬੋਲੀ ਜਾਂਦਾ ਹੈ-

*ਗਇਆ ਕਸੌਟਾ ਲੱਭਾ ਸ਼ਾਹ*

SIKHBOOKCLUB.COM

ਸਾਨੂੰ ਤਾਂ ਸਮਝ ਨਹੀਂ ਆ ਰਹੀ ਕਿ ਉਹ ਕੀ ਕਹਿਣਾ ਚਾਹੁੰਦਾ ਹੈ, ਜੇ ਆਪ ਜੀ ਦੀ ਇਜਾਜ਼ਤ ਹੋਵੇ ਤਾਂ ਉਸ ਨੂੰ ਕਿਧਰੇ ਦੂਰ ਛੱਡ ਆਈਏ। ਸਤਿਗੁਰ ਸੱਚੇ ਪਾਤਸ਼ਾਹ ਦਇਆ ਦੇ ਸਾਗਰ ਮੁਸਕਰਾ ਕੇ ਆਖਣ ਲੱਗੇ, ਓਇ ਭੌਲਿਓ, ਉਹ ਇਹ ਆਖ ਰਿਹਾ ਹੈ ਕਿ ਮੈਨੂੰ ਗੁਰੂ ਨਾਨਕ ਦਾ ਘਰ ਲਭ ਗਿਆ ਹੈ, ਹੁਣ ਮੇਰਾ ਕੋਹੜ ਚਲਾ ਜਾਣਾ ਹੈ। ਉਹ ਗੁਰੂ ਨਾਨਕ ਦੇ ਦਰ 'ਤੇ ਵਿਸ਼ਵਾਸ ਨਾਲ ਆਇਆ ਹੈ ਤੇ ਜਿਹੜਾ ਵੀ ਗੁਰੂ ਨਾਨਕ ਦੇ ਦਰ 'ਤੇ ਪ੍ਰਤੀਤ ਤੇ ਭਰੋਸੇ ਨਾਲ ਆਉਂਦਾ ਹੈ ਉਹ ਖ਼ਾਲੀ ਨਹੀਂ ਜਾਂਦਾ। ਜਾਓ ਤੇ ਬੜੇ ਪਿਆਰ ਨਾਲ ਉਸ ਨੂੰ ਚੁੱਕ ਕੇ ਉਸ 'ਤਲਾਈ' ਵਿਚ ਇਸ਼ਨਾਨ ਕਰਾ ਕੇ ਜਿਸ ਵਿਚ ਅਸੀਂ ਆਪ ਰੋਜ਼ ਇਸ਼ਨਾਨ ਕਰਦੇ ਹਾਂ, ਉਸ ਨੂੰ ਨਵੇਂ ਬਸਤ੍ਰ ਪੁਆ ਕੇ ਸਾਡੇ ਕੋਲ ਲੈ ਕੇ ਆਓ। ਸੇਵਾਦਾਰ ਬੜੇ ਹੈਰਾਨ। ਪਰ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਆਪਣੇ ਮੂੰਹ 'ਤੇ ਕਪੜਾ ਬੰਨ੍ਹਿਆ ਤੇ ਕੋਹੜੀ ਨੂੰ ਚੁੱਕ ਕੇ ਸਤਿਗੁਰ ਦੀ ਤਲਾਈ ਵਿਚ ਇਸ਼ਨਾਨ ਕਰਾਉਣ ਲਈ ਲੈ ਗਏ। ਵੇਖੋ ! ਕਿੰਨਾ ਸਮਰੱਥ ਪਿਤਾ, ਜਦੋਂ ਗੁਰੂ ਸਾਹਿਬ ਦੀ ਤਲਾਈ ਦਾ ਜਲ ਉਸ ਕੋਹੜੀ ਦੇ ਸਰੀਰ 'ਤੇ ਪਿਆ ਤਾਂ ਸਰੀਰ ਦਾ ਸਾਰਾ ਕੋਹੜ ਚਲਾ ਗਿਆ, ਸਰੀਰ ਕੰਚਨ ਵਰਗਾ ਹੋ ਗਿਆ। ਸੇਵਾਦਾਰ ਵੀ ਬੜੇ ਹੈਰਾਨ। ਹੁਣ ਉਨ੍ਹਾਂ ਨੇ ਉਸ ਨੂੰ ਸਤਿਗੁਰ ਦੇ ਹੁਕਮ ਅਨੁਸਾਰ ਨਵੇਂ ਚਿੱਟੇ ਬਸਤ੍ਰ ਪੁਆਏ, ਚਿੱਟੀ ਪਗੜੀ ਪੁਆਈ ਤੇ

ਸਤਿਗੁਰ ਦੇ ਸਨਮੁੱਖ ਲੈ ਗਏ। ਜਦੋਂ ਉਸ ਪ੍ਰੇਮੇ ਨੇ ਜਿਸ ਦਾ ਸਰੀਰ ਹੁਣ ਕੋਹੜੀ ਨਹੀਂ ਸੀ ਰਹਿ ਗਿਆ, ਸਤਿਗੁਰੂ ਦੇ ਪਾਵਨ ਦਰਸ਼ਨ ਕੀਤੇ ਤਾਂ ਤਨ, ਮਨ ਨਿਹਾਲ ਹੋ ਗਿਆ। ਸਤਿਗੁਰੂ ਦੀ ਮਿਹਰ ਭਰੀ ਦ੍ਰਿਸ਼ਟੀ ਨਾਲ ਉਸ ਦਾ ਮਨ ਵੀ ਕੰਚਨ ਵਰਗਾ ਹੋ ਗਿਆ। ਸਤਿਗੁਰੂ ਪਿਆਰ ਵਿਚ ਕਹਿਣ ਲੱਗੇ, ਇਸ ਦਾ ਕੋਹੜ ਤਾਂ ਚਲਾ ਗਿਆ ਹੈ ਪਰ ਫਿਰ ਵੀ ਇਸ ਦੇ ਨਾਮ ਦੇ ਨਾਲ ਕੋਹੜੀ ਦੀ ਅੱਲ ਲਗ ਚੁੱਕੀ ਹੈ, ਇਸ ਲਈ ਅਸੀਂ ਇਸ ਦਾ ਨਾਮ 'ਮੁਰਾਰੀ' ਰਖ ਰਹੇ ਹਾਂ ਜੋ ਕਿ ਪ੍ਰਮਾਤਮਾ ਨੂੰ ਮੁਖ਼ਾਤਿਬ ਹੈ ਤਾਂ ਕਿ ਕੋਈ ਵੀ ਇਸ ਦੇ ਨਾਮ ਦੇ ਨਾਲ ਕੋਹੜੀ ਲਫ਼ਜ਼ ਨਾ ਲਗਾ ਸਕੇ। ਵਾਹ ਮੇਰੇ ਦਇਆਲੂ ਸਤਿਗੁਰੂ ! ਇਥੇ ਹੀ ਬੱਸ ਨਹੀਂ, ਅਜੇ ਵੀ ਤੁੱਠੇ ਹਨ, ਐਸੀ ਬਾਂਹ ਫੜੀ ਇਕ ਕੋਹੜੀ ਦੀ, ਐਸਾ ਆਸਰਾ ਬਣੇ ਇਕ ਨਿਆਸਰੇ ਦਾ, ਸੰਗਤ ਵਿਚ ਹੁਕਮ ਕਰ ਦਿੱਤਾ ਕਿ ਕੋਈ ਸਿੱਖ ਉਠੇ ਤੇ ਆਪਣੀ ਧੀ ਦਾ ਸਾਕ ਇਸ ਮੁਰਾਰੀ ਨੂੰ ਦੇਵੇ, ਅਸੀਂ ਇਸ ਦਾ ਅਨੰਦ ਪੜ੍ਹਾਉਣਾ ਹੈ।

ਇਤਿਹਾਸ ਲਿਖਦਾ ਹੈ ਕਿ 'ਸੀਹਾ ਉਪਲ ਖਤਰੀ' ਜਿਸ ਦੀ ਧੀ ਦਾ ਨਾਮ 'ਮਥੋ' ਸੀ, ਉਸ ਨੇ ਹੱਥ ਜੋੜ ਕੇ ਇਹ ਰਿਸ਼ਤਾ ਮਨਜ਼ੂਰ ਕੀਤਾ। ਇਥੇ ਹੀ ਬੱਸ ਨਹੀਂ, ਇਨ੍ਹਾਂ ਦਾ ਅਨੰਦ ਪੜ੍ਹਵਾ ਕੇ ਆਖਿਆ ਫਲਾਣੀ ਜਗ੍ਹਾ 'ਤੇ ਜਾ ਕੇ ਆਪਣਾ ਘਰ ਵਸਾਓ ਤੇ ਉਥੋਂ ਦੀਆਂ ਸੰਗਤਾਂ ਨੂੰ ਗੁਰੂ ਨਾਨਕ ਦੇ ਘਰ ਨਾਲ ਜੋੜੋ। ਆਪ ਵੀ ਜੁੜੋ ਤੇ ਹੋਰਨਾਂ ਨੂੰ ਵੀ ਜੋੜੋ। ਕਿੰਨੀ ਵੱਡੀ ਕਿਰਪਾ ਕਰ ਦਿਤੀ, ਕਿੰਨੀ ਵੱਡੀ ਤੇ ਕਿੰਨੇ ਮਾਣ ਤੇ ਸਤਿਕਾਰ ਵਾਲੀ ਡਿਊਟੀ ਸੌਂਪ ਦਿੱਤੀ। ਇਤਿਹਾਸ ਲਿਖਦਾ ਹੈ ਕਿ ਜੋ 22 ਮੰਜੀਆਂ ਗੁਰੂ ਅਮਰਦਾਸ ਜੀ ਨੇ ਸਿਖੀ ਦੇ ਪ੍ਰਚਾਰ ਲਈ ਤੋਰੀਆਂ, ਇਹ ਮਥੋ-ਮੁਰਾਰੀ ਨੂੰ ਵੀ ਇਕ ਮੰਜੀ ਸੌਂਪੀ। ਕਿੰਨਾ ਸਮਰੱਥ ! ਇਕ ਕੋਹੜੀ ਜਿਸ ਨੂੰ ਕੋਈ ਮੂੰਹ ਨਹੀਂ ਸੀ ਲਗਾਉਂਦਾ, ਉਸ ਨੂੰ ਲੱਖਾਂ ਨੂੰ ਜੋੜਨ ਵਾਲਾ ਬਣਾ ਦਿੱਤਾ। ਜਗਤ ਵਿਚ ਕਿੰਨਾ ਸਤਿਕਾਰ ਤੇ ਮਾਣ ਬਖ਼ਸ਼ ਦਿੱਤਾ। ਰਹਿੰਦੀ ਦੁਨੀਆਂ ਤਕ ਉਸ ਦਾ ਨਾਂ ਸਿੱਖ ਇਤਿਹਾਸ ਵਿਚ ਅਮਰ ਕਰ ਦਿੱਤਾ।

ਹੁਣ ਤੁਸੀਂ ਆਪ ਹੀ ਦਸੋ ਕਿ ਇਹ ਸਾਖੀ ਪੜ੍ਹ ਕੇ ਗੁਰੂ ਤੇ ਪਿਆਰ ਆਵੇਗਾ ਕਿ ਨਹੀਂ, ਗੁਰੂ ਪਿਤਾ 'ਤੇ ਸ਼ਰਧਾ ਬੱਝੇਗੀ ਕਿ ਨਹੀਂ ਕਿ ਸਾਡਾ ਗੁਰੂ ਕਿੰਨਾ ਸਮਰੱਥ ਹੈ ਕਿ ਕੋਹੜ ਤੋਂ ਵੱਡਾ ਲਾ-ਇਲਾਜ ਰੋਗ ਕਿਹੜਾ ਹੋ ਸਕਦਾ ਹੈ ਕਿ ਜੇ ਉਹ ਉਸ ਨੂੰ ਠੀਕ ਕਰ ਸਕਦਾ ਹੈ ਤੇ ਕੀ ਉਹ ਸਾਡੇ ਰੋਗ ਨਹੀਂ ਕੱਟ ਸਕਦਾ ? ਜੇ ਉਹ ਇਕ ਕੋਹੜੀ ਦੀ ਬਾਂਹ ਫੜ ਸਕਦਾ ਹੈ ਤੇ ਕੀ ਜੇ ਅਸੀਂ ਉਸ ਦੇ ਦਰ 'ਤੇ ਨਿਮਾਣੇ ਤੇ ਨਿਤਾਣੇ ਬਣ ਕੇ ਜਾਵਾਂਗੇ ਤਾਂ ਕੀ ਉਹ ਸਾਡੀ ਬਾਂਹ ਨਹੀਂ ਫੜੇਗਾ ? ਜੇ ਉਹ ਇਕ ਕੋਹੜੀ ਦੇ ਤਨ ਦਾ ਕੋਹੜ ਦੂਰ ਕਰ ਕੇ ਉਸ ਦੇ ਅੰਦਰ ਨਾਮ ਦੀ ਰੌਅ ਚਲਾ ਕੇ ਉਸ ਨੂੰ ਦੂਸਰਿਆਂ ਨੂੰ ਜੋੜਨ ਵਾਲਾ ਬਣਾ ਸਕਦਾ ਹੈ ਤਾਂ ਕੀ ਸਾਡੇ ਮਨ ਦੇ ਕੋਹੜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ,

ਈਰਖਾ, ਦਵੈਸ਼, ਵੈਰ-ਵਿਰੋਧ ਨੂੰ ਦੂਰ ਕਰ ਕੇ ਸਾਨੂੰ ਨਾਮ ਦਾ ਰਸ ਨਹੀਂ ਬਖਸ਼ ਸਕਦਾ ? ਲੋੜ ਹੈ ਤਾਂ ਸਿਰਫ਼ ਤੇ ਸਿਰਫ਼ ਉਸ ਦਾ ਦਰ ਮਲਣ ਦੀ, ਪੂਰਨ ਭਰੋਸੇ ਦੇ ਨਾਲ ਉਸ ਦਾ ਬਣਨ ਦੀ। ਦਾਸ ਦੀ ਇਕ ਬੇਨਤੀ ਹੈ ਕਿ ਸਿਰਫ਼ ਇਕ ਮਿੰਟ ਵਾਸਤੇ ਆਪਣੀਆਂ ਅੱਖਾਂ ਸਾਹਮਣੇ ਪ੍ਰੇਮਾ ਕੋਹੜੀ ਦੀ ਪਹਿਲੀ ਹਾਲਤ ਵਾਲਾ ਸੀਨ ਲਿਆਓ ਤੇ ਫਿਰ ਗੁਰੂ ਸਾਹਿਬ ਦੀ ਕਿਰਪਾ ਤੋਂ ਬਾਅਦ ਦੀ ਹਾਲਤ ਵਾਲਾ, ਦਾਸ ਦਾਅਵੇ ਨਾਲ ਲਿਖਦਾ ਹੈ ਕਿ ਜਦੋਂ ਐਸਾ ਕਰੋਗੇ ਤਾਂ ਤੁਸੀਂ ਵੀ ਆਪਣੇ ਗੁਰੂ ਨਾਨਕ ਤੋਂ ਇਲਾਵਾ ਕਦੀ ਸੋਚੋਗੇ ਵੀ ਨਹੀਂ ਕਿਸੇ ਹੋਰ ਬੂਹੇ ਨੂੰ ਖੜਕਾਉਣ ਵਾਸਤੇ। ਸੋਚੋ ਜ਼ਰਾ, ਇਕ ਕੋਹੜੀ ਦੂਸਰਿਆਂ ਨੂੰ ਜੋੜਨ ਵਾਲਾ ਬਣ ਗਿਆ, ਕੀਹਦੇ ਸਦਕੇ, ਸਿਰਫ਼ ਤੇ ਸਿਰਫ਼ ਭਰੋਸੇ ਦੇ ਸਦਕੇ। ਗੁਰੂ ਦੇ ਦਰ 'ਤੇ ਭਰੋਸੇ ਨਾਲ ਆਇਆ ਤੇ ਖ਼ੁਸ਼ੀਆਂ ਤੇ ਬਖ਼ਸ਼ਿਸ਼ਾਂ ਦਾ ਪਾਤਰ ਬਣ ਗਿਆ। ਅਸੀਂ ਵੀ ਇਸ ਸਾਖੀ ਨੂੰ ਪੜ੍ਹ ਕੇ ਗੁਰੂ ਨਾਨਕ ਦਾ ਲੜ ਭਰੋਸੇ ਤੇ ਵਿਸ਼ਵਾਸ ਨਾਲ ਫੜੀਏ।

ਇਹੀ ਨਹੀਂ, ਜੇ ਬਿਧੀ ਚੰਦ ਦਾ ਇਤਿਹਾਸ ਪੜ੍ਹੀਏ, ਤਾਂ ਉਹਨਾਂ ਦਾ ਪਹਿਲਾ ਜੀਵਨ ਕੀ ਸੀ ? ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਐਸੀ ਬਖ਼ਸ਼ਿਸ਼ ਕੀਤੀ, ਐਸੀ ਨਦਰ ਕੀਤੀ ਕਿ ਆਪਣੀ ਰਹਿਮਤ ਭਰੀ ਨਦਰ ਨਾਲ ਕਈਆਂ ਨੂੰ ਜੋੜਨ ਵਾਲਾ ਬਣਾ ਦਿੱਤਾ। ਇਕ ਦਿਨ ਤ੍ਰੁੱਠ ਕੇ ਬਚਨ ਕਰ ਦਿੱਤਾ ('ਬਿਧੀ ਚੰਦ ਛੀਨਾ-ਗੁਰੂ ਕਾ ਸੀਨਾ') ਇਤਿਹਾਸ ਲਿਖਦਾ ਹੈ ਕਿ ਇਸ ਬਿਧੀਚੰਦ ਨੇ ਹਜ਼ਾਰਾਂ ਸਿੱਖ ਵਿਚੋਲਾ ਬਣ ਕੇ ਬਖ਼ਸ਼ਵਾਏ। ਇਤਨਾ ਨੇੜੇ ਹੋ ਗਿਆ ਸੀ ਗੁਰੂ ਸਾਹਿਬ ਦੇ।

ਭਾਈ ਬਹਿਲੋ ! ਮੜ੍ਹੀਆਂ ਨੂੰ ਪੂਜਣ ਵਾਲਾ ਪਹਿਲਾਂ ਜੀਵਨ ਕੀ ਸੀ-ਹਰੇ ਕਪੜੇ ਪਾਉਣੇ, ਢੋਲ ਵਜਾਉਣੇ, ਮਿੱਠੇ ਰੋਟ ਵੰਡਣੇ, ਮੜ੍ਹੀਆਂ ਨੂੰ ਪੂਜਣਾ, ਜ਼ਿੰਦਗੀ ਵਿਚ ਕੋਈ ਨਾਮ-ਬੰਦਗੀ ਨਹੀਂ। ਧੰਨ ਗੁਰੂ ਅਰਜਨ ਸਾਹਿਬ ਸੱਚੇ ਪਾਤਸ਼ਾਹ ਨੇ ਵੇਖੋ, ਉਸ ਨਾਲ ਪਿਛਲੇ ਕਿਸੇ ਜਨਮ ਦੇ ਨਾਤੇ ਦਾ ਸਦਕਾ ਉਸ ਨੂੰ ਆਪ ਆਪਣੇ ਸਿੱਖਾਂ ਰਾਹੀਂ ਸੁਨੇਹਾ ਭੇਜ ਕੇ ਬੁਲਵਾਇਆ। ਐਸੀ ਘੁੰਡੀ ਪਾਈ, ਐਸੀ ਬਖ਼ਸ਼ਿਸ਼ ਕੀਤੀ, ਉਸ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਉਸ ਦੇ ਅੰਦਰ ਗੁਰੂ ਘਰ ਦੀ ਸੇਵਾ ਲਈ ਇਤਨਾ ਪਿਆਰ ਭਰ ਦਿੱਤਾ ਕਿ ਉਸ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਇਕ ਦਿਨ ਆਪਣੀ ਛਾਤੀ ਨਾਲ ਲਾ ਕੇ ਆਖਿਆ, 'ਭਾਈ ਬਹਿਲੋ ਸਭ ਤੋਂ ਪਹਿਲੋਂ'। ਆਖਿਆ ਭਾਈ ਬਹਿਲੋ ਤੂੰ ਆਇਆ ਤਾਂ ਬਾਕੀ ਸਿੱਖਾਂ ਨਾਲੋਂ ਬਹੁਤ ਬਾਅਦ ਵਿਚ ਪਰ ਤੇਰੇ ਤੇ ਜੋ ਬਖ਼ਸ਼ਿਸ਼ ਹੋਈ ਹੈ, ਤੇਰੇ ਅੰਦਰ ਗੁਰੂ ਘਰ ਦੀ ਸੇਵਾ ਪ੍ਰਤੀ ਇਤਨੀ ਸ਼ਰਧਾ ਤੇ ਪ੍ਰੇਮ ਆ ਗਿਆ ਹੈ ਕਿ ਉਸ ਦੇ ਸਦਕਾ ਤੂੰ ਇਤਨੇ ਥੋੜੇ ਸਮੇਂ ਵਿਚ ਗੁਰੂ ਦੀ ਰਹਿਮਤ ਦੀ ਬਖ਼ਸ਼ਿਸ਼ ਦਾ ਪਾਤਰ ਬਣ ਗਿਆ ਹੈਂ। ਹੁਣ ਤੂੰ ਹੋਰ ਟੁੱਟਿਆਂ ਨੂੰ ਜੋੜ।

## ਸ਼ਰਧਾ ਦੀ ਦਸਵੀਂ ਨਿਸ਼ਾਨੀ

ਗੁਰੂ ਤੇ ਨਿਰੰਕਾਰ ਵਿਚ ਕੋਈ ਭਿੰਨ-ਭੇਦ ਨਹੀਂ। ਗੁਰੂ ਹੀ ਪ੍ਰਮੇਸ਼ਰ ਹੈ। ਜੇ ਪ੍ਰਮੇਸ਼ਰ ਹਰ ਥਾਂ ਵਿਆਪਕ ਹੈ ਤਾਂ ਇਸ ਦਾ ਭਾਵ ਹੈ ਕਿ ਗੁਰੂ ਵੀ ਹਰ ਥਾਂ ਵਿਆਪਕ ਹੈ। ਜੇ ਪ੍ਰਮੇਸ਼ਰ ਸਰਬ-ਸ਼ਕਤੀਮਾਨ ਹੈ, ਹਰ ਵੇਲੇ ਸਾਡੇ ਅੰਗ-ਸੰਗ ਹੈ ਤਾਂ ਫਿਰ ਇਸ ਦਾ ਭਾਵ ਇਹ ਹੈ ਕਿ ਗੁਰੂ ਵੀ ਸਰਬ-ਸ਼ਕਤੀਮਾਨ ਹੈ ਤੇ ਹਰ ਵੇਲੇ ਸਾਡੇ ਅੰਗ ਸੰਗ ਹੈ। ਉਹ ਸਾਡੀ ਹਰ ਮੁਸ਼ਕਲ ਦੂਰ ਕਰ ਸਕਦਾ ਹੈ, ਸਾਡੇ ਸਾਰੇ ਕੰਮ ਸਵਾਰ ਸਕਦਾ ਹੈ, ਦੁਨੀਆਂ ਦਾ ਕੋਈ ਵੀ ਕਾਰਜ ਐਸਾ ਨਹੀਂ ਜੋ ਉਹ ਨਾ ਕਰ ਸਕਦਾ ਹੋਵੇ।

ਪਰ ਇਕ ਗਲ ਯਾਦ ਰਖਣੀ ਗੁਰੂ ਦੀ ਸਮਰੱਥਾ ਤੋਂ ਲਾਭ ਉਹੀ ਉਠਾ ਸਕਦਾ ਹੈ ਜਿਸ ਅੰਦਰ ਗੁਰੂ ਦੀ ਸਮਰੱਥਾ ਤੇ ਦ੍ਰਿੜ੍ਹ ਭਰੋਸਾ ਹੋਵੇ।

ਮਹਾਰਾਜਾ ਰਣਜੀਤ ਸਿੰਘ ਦੇ ਨਾਮ ਤੋਂ ਕੌਣ ਨਹੀਂ ਜਾਣੂ। ਉਹ ਹੈ ਤਾਂ ਰਾਜਾ ਸੀ ਪਰ ਸੀ ਗੁਰੂ ਨਾਲ ਅਥਾਹ ਪ੍ਰੇਮ ਕਰਨ ਵਾਲੇ। ਇਤਨਾ ਪ੍ਰੇਮ ਕਿ ਜੋ ਵੀ ਕੋਈ ਕੀਮਤੀ ਜਾਂ ਸੁੰਦਰ ਸ਼ੈਅ ਕਿਧਰੋਂ ਆਉਣੀ ਤਾਂ ਆਪ ਨਾ ਵਰਤ ਕੇ ਹਰਿਮੰਦਰ ਸਾਹਿਬ ਵਿਖੇ ਭੇਜ ਦੇਣੀ ਤੇ ਇਹ ਕਹਿਣਾ ਕਿ ਸੁੰਦਰ ਤੇ ਕੀਮਤੀ ਚੀਜ਼ਾਂ ਗੁਰੂ ਦੇ ਘਰ ਵਿਚ ਹੀ ਸ਼ੋਭਦੀਆਂ ਹਨ। ਆਪ ਬਹੁਤ ਹੀ ਸਿਦਕੀ ਤੇ ਗੁਰੂ ਦੀ ਸਮਰੱਥਾ ਤੇ ਭਰੋਸਾ ਰੱਖਣ ਵਾਲੇ ਸਨ। ਉਨ੍ਹਾਂ ਦੇ ਸਿਦਕ ਤੇ ਭਰੋਸੇ ਦੀ ਇਕ ਇਤਿਹਾਸਕ ਘਟਨਾ ਬਹੁਤ ਹੀ ਪ੍ਰਸਿੱਧ ਹੈ। ਇਤਿਹਾਸ ਲਿਖਦਾ ਹੈ ਕਿ ਇਕ ਵਾਰੀ ਮਹਾਰਾਜਾ ਰਣਜੀਤ ਸਿੰਘ ਆਪਣੀਆਂ ਫੌਜਾਂ ਸਮੇਤ ਅਟਕ ਦਰਿਆ ਦੇ ਕਿਨਾਰੇ ਪਹੁੰਚੇ। ਅਟਕ ਦਰਿਆ ਬਹੁਤ ਚੜ੍ਹਿਆ ਹੋਇਆ ਸੀ। ਫੌਜਾਂ ਦਾ ਜਲਦੀ ਤੋਂ ਜਲਦੀ ਦਰਿਆ ਪਾਰ ਕਰਨਾ ਬਹੁਤ ਜ਼ਰੂਰੀ ਸੀ ਤੇ ਇਤਨੀ ਜਲਦੀ ਪੁਲ ਵੀ ਤਿਆਰ ਨਹੀਂ ਸੀ ਹੋ ਸਕਦਾ। ਆਪਣੀਆਂ ਅੱਖਾਂ ਦੇ ਸਾਹਮਣੇ ਠਾਠਾਂ ਮਾਰਦਾ ਦਰਿਆ ਵੇਖ ਕੇ ਦਿਲ ਡੋਲਿਆ ਨਹੀਂ ਕਿਉਂਕਿ ਗੁਰਬਾਣੀ 'ਤੇ, ਆਪਣੇ ਗੁਰੂ ਦੀ ਸਮਰੱਥਾ 'ਤੇ ਪੂਰਨ ਭਰੋਸਾ ਸੀ, ਪੰਕਤੀ ਸਾਹਮਣੇ ਆ ਗਈ-

*ਸੁਣਿਐ ਹਾਥ ਹੋਵੈ ਅਸਗਾਹੁ ॥*

(ਅੰਗ ੩)

ਅਸਗਾਹ- ਕਹਿੰਦੇ ਹਨ ਸਮੁੰਦਰ ਨੂੰ। ਇਹ ਪੰਕਤੀ ਸਾਹਮਣੇ ਆਉਂਦਿਆਂ ਹੀ ਮਨ ਹੋਰ ਮਜ਼ਬੂਤ ਹੋ ਗਿਆ ਕਿ ਜੇ ਸਮੁੰਦਰ ਹੱਥ ਜਿਤਨਾ ਹੋ ਸਕਦਾ ਹੈ ਤਾਂ ਇਹ ਤਾਂ ਫਿਰ ਇਕ ਦਰਿਆ ਹੈ। ਪੂਰਨ ਭਰੋਸਾ ਸੀ ਮਹਾਰਾਜਾ ਰਣਜੀਤ ਸਿੰਘ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਲਿਖੀ ਬਾਣੀ ਦੇ ਇਕ-ਇਕ ਸ਼ਬਦ 'ਤੇ ਕਿਉਂਕਿ ਉਨ੍ਹਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਸਿਰਫ਼ ਇਕ ਕਿਰਿਆ ਨਹੀਂ ਸੀ, ਸਿਰਫ਼ ਇਕ ਵਿਖਾਵਾ ਨਹੀਂ ਸੀ ਬਲਕਿ ਹਿਰਦੇ ਵਿਚ ਪੂਰਨ ਸ਼ਰਧਾ ਤੇ ਵਿਸ਼ਵਾਸ ਸੀ। ਆਪ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਇਕ ਪੁਸਤਕ ਜਾਂ ਕਿਤਾਬ ਨਹੀਂ ਸੀ ਮੰਨਦੇ ਬਲਕਿ ਗੁਰੂ ਗੋਬਿੰਦ ਸਿੰਘ ਜੀ ਦੇ ਆਖ਼ਰੀ ਹੁਕਮ ਅਨੁਸਾਰ

'ਪ੍ਰਗਟ ਗੁਰਾਂ ਕੀ ਦੇਹ' ਮੰਨਦੇ ਸਨ ਤੇ ਇਸ ਵਿਚ ਲਿਖੇ ਬਚਨਾਂ ਨੂੰ ਅਟੱਲ ਸਚਾਈ ਮੰਨਦੇ ਸਨ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੋ ਨਿਰੰਕਾਰ ਦੀਆਂ ਸਿਫ਼ਤਾਂ ਤੇ ਸ਼ਕਤੀਆਂ ਬਾਰੇ ਲਿਖਿਆ ਹੈ ਉਹ ਸੱਚ ਹਨ, ਇਸ ਲਈ ਉਨ੍ਹਾਂ ਦਾ ਇਹ ਪ੍ਰਪੱਕ ਵਿਸ਼ਵਾਸ ਸੀ ਕਿ ਜੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਲਿਖਿਆ ਹੈ-

*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥*

(ਅੰਗ ੧੪੪)

ਤਾਂ ਇਹ ਕੋਈ ਝੂਠ ਨਹੀਂ ਹੋ ਸਕਦਾ। ਮਹਾਰਾਜਾ ਰਣਜੀਤ ਸਿੰਘ ਨੇ ਸਿਰਫ਼ ਗੱਲਾਂ ਦਾ ਹੀ ਭਰੋਸਾ ਨਾ ਕੀਤਾ ਬਲਕਿ ਇਸ 'ਤੇ ਚਲ ਕੇ ਰਹਿੰਦੀ ਦੁਨੀਆਂ ਲਈ ਇਕ ਮਿਸਾਲ ਪੈਦਾ ਕਰ ਦਿੱਤੀ। ਆਪ ਆਪਣੇ ਘੋੜੇ 'ਤੇ ਸਵਾਰ ਹੋਏ, ਗੁਰੂ ਸਾਹਿਬ ਦੇ ਚਰਨਾਂ 'ਚ ਪੂਰਨ ਭਰੋਸੇ ਨਾਲ ਅਰਦਾਸ ਕਰ ਕੇ ਘੋੜੇ ਸਮੇਤ ਠਾਠਾਂ ਮਾਰਦੇ ਅਟਕ ਦਰਿਆ ਦੇ ਵਿਚ ਕੁੱਦ ਪਏ। ਉਨ੍ਹਾਂ ਦੇ ਵਿਸ਼ਵਾਸ ਦੀ, ਭਰੋਸੇ ਦੀ ਜਿੱਤ ਹੋਈ। ਕੁਝ ਹੀ ਸਮੇਂ ਵਿਚ ਦੇਖਦਿਆਂ ਹੀ ਦੇਖਦਿਆਂ ਅਟਕ ਦਰਿਆ ਘੋੜੇ ਦੇ ਲੱਕ ਤੋਂ ਹੇਠਾਂ ਤਕ ਪਹੁੰਚ ਕੇ ਮਹਾਰਾਜਾ ਰਣਜੀਤ ਸਿੰਘ ਜਿਹੇ ਸਿਦਕੀ ਤੇ ਭਰੋਸੇ ਵਾਲੇ ਗੁਰਸਿੱਖ ਦੇ ਪੈਰ ਚੁੰਮ ਰਿਹਾ ਸੀ।

SIKHBOOKCLUB.COM

ਗੱਲ ਤਾਂ ਭਰੋਸੇ ਦੀ ਹੈ ਜਿਥੇ ਭਰੋਸਾ ਇਤਨਾ ਦ੍ਰਿੜ੍ਹ ਹੋਵੇ ਫਿਰ ਪ੍ਰਮੇਸ਼ਰ ਨੂੰ ਬਹੁੜਨਾ ਹੀ ਪੈਂਦਾ ਹੈ। ਫਿਰ ਤਾਂ ਐਸੀਆਂ ਐਸੀਆਂ ਅਸਚਰਜ ਕਰ ਦੇਣ ਵਾਲੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਕਿ ਜਿਨ੍ਹਾਂ ਬਾਰੇ ਕਦੀ ਸੋਚਿਆ ਵੀ ਨਹੀਂ ਜਾ ਸਕਦਾ ਕਿ ਕਦੀ ਐਸਾ ਵੀ ਹੋ ਸਕਦਾ ਹੈ।

ਦਾਸ ਨੂੰ ਬਾਬਾ ਨੰਦ ਸਿੰਘ ਜੀ ਦੇ ਸਮੇਂ ਦਾ ਇਕ ਐਸਾ ਹੀ ਅਸਚਰਜ ਕਰ ਦੇਣ ਵਾਲਾ ਜ਼ਿਕਰ ਯਾਦ ਆ ਗਿਆ। ਬਾਬਾ ਨੰਦ ਸਿੰਘ ਜੀ ਜਿੰਨ੍ਹਾਂ ਨੇ ਐਸੀ ਪ੍ਰੇਮਾ-ਭਗਤੀ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਪ੍ਰਤੱਖ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਪ੍ਰਾਪਤ ਕੀਤੇ। ਘਟਨਾ ਉਸ ਸਮੇਂ ਦੀ ਹੈ ਜਦੋਂ ਬਾਬਾ ਜੀ ਦੀ ਦੁਨਿਆਵੀ ਆਯੂ ਅਜੇ ਛੋਟੀ ਸੀ ਤੇ ਆਪ ਜੀ ਤਰਖਾਣ ਦੀ ਕਿਰਤ ਕਰਿਆ ਕਰਦੇ ਸਨ। ਕਿਰਤ ਕਰਦਿਆਂ ਵੀ ਬਾਬਾ ਜੀ ਦਾ ਧਿਆਨ ਗੁਰੂ ਨਾਨਕ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਸੀ। ਕਿਰਤ ਕਰਦਿਆਂ ਵੀ ਮੂਲਮੰਤਰ ਜਾਂ ਗੁਰਮੰਤਰ ਦਾ ਜਾਪ ਜਾਰੀ ਰੱਖਦੇ ਸਨ। ਐਸੀ ਅਵਸਥਾ ਸੀ-

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*

(ਅੰਗ ੧੩੭੫)

## ਸ਼ਰਧਾ ਦੀ ਦਸਵੀਂ ਨਿਸ਼ਾਨੀ

ਇਕ ਵਾਰੀ ਦੀ ਗੱਲ ਹੈ ਕਿ ਕੋਈ ਆਪਣੇ ਘਰ ਵਿਚ ਬਾਬਾ ਜੀ ਕੋਲੋਂ ਤਰਖਾਣ ਦਾ ਕੰਮ ਕਰਵਾ ਰਿਹਾ ਸੀ। ਸ਼ਤੀਰ ਮੰਗਵਾਏ। ਮਿਣਤੀ ਵੇਲੇ ਭੁਲੇਖਾ ਲੱਗਾ 'ਸ਼ਤੀਰ' ਛੋਟੇ ਆ ਗਏ, ਜਿਹੜੀ ਛੱਤ 'ਤੇ ਫਿੱਟ ਕਰਨੇ ਸਨ ਉਹ ਛੱਤ ਵੱਡੀ ਸੀ। ਸਾਰੇ ਸੋਚੀਂ ਪੈ ਗਏ ਹੁਣ ਕੀ ਕਰੀਏ। ਐਸੀ ਅਸਚਰ ਜਨਕ ਘਟਨਾ ਵਾਪਰੀ, ਉਹ ਛੋਟੇ ਸ਼ਤੀਰ ਹੀ ਪੂਰੇ ਆ ਗਏ। (ਅੱਜ ਵੀ ਉਹ ਸ਼ਤੀਰ ਜਲਾਲਬਾਦ ਦੇ ਲਾਗੇ ਪਿੰਡ ਹੈ ਟਿੰਡਾਂ ਵਾਲੀ ਉਥੇ ਮੌਜੂਦ ਹਨ) ਐਸੀਆਂ ਗੱਲਾਂ ਭਰੋਸੇ ਵਾਲਿਆਂ ਨਾਲ ਵਾਪਰਦੀਆਂ ਹਨ। ਇਸੇ ਹੀ ਪਿੰਡ ਦੇ ਲੋਕ ਇਕ ਵਾਰੀ ਬਾਬਾ ਕੁੰਦਨ ਸਿੰਘ ਜੀ ਕੋਲ ਆ ਕੇ ਬੇਨਤੀ ਕਰਨ ਲੱਗੇ ਕਿ ਇਸ ਪਿੰਡ ਦੀ ਛੱਪੜੀ ਵਿਚ ਜਿਥੇ ਬਾਬਾ ਜੀ ਨੇ ਤਪੱਸਿਆ ਕੀਤੀ ਹੈ, ਉਥੇ ਕਿਰਪਾ ਕਰ ਕੇ ਸਰੋਵਰ ਤਿਆਰ ਕਰਵਾਓ। ਬਾਬਾ ਕੁੰਦਨ ਸਿੰਘ ਜੀ ਨੇ ਆਪਣੇ ਸੇਵਾਦਾਰ ਭਾਈ (ਬਾਬਾ) ਸੁੱਖਦੇਵ ਸਿੰਘ ਜੀ ਦੀ ਡਿਊਟੀ ਲਗਾ ਦਿੱਤੀ ਤੇ ਆਖਿਆ ਕਿ ਇਥੇ ਸਰੋਵਰ ਬਨਾਉਣਾ ਹੈ ਤੇ ਬਨਾਉਣਾ ਵੀ 13 ਦਿਨ ਵਿਚ ਹੈ। ਬਾਬਾ ਸੁੱਖਦੇਵ ਸਿੰਘ ਜੀ ਨੇ ਆਪ ਇਹ ਬਚਨ ਸੁਣਾਇਆ। ਕਹਿੰਦੇ ਹਨ ਕਿ ਛੇ ਦਿਨਾਂ ਵਿਚ ਤਿੰਨ ਪਾਸੇ ਤਾਂ ਨੀਂਹਾਂ ਪੁੱਟ ਕੇ ਪੌੜ ਬਣਾ ਦਿੱਤੇ ਗਏ, ਪਰ ਜਦੋਂ ਚੌਥੇ ਪਾਸੇ ਨੀਂਹ ਪੁੱਟਣੀ ਸ਼ੁਰੂ ਕੀਤੀ ਤਾਂ ਇਹ ਕੰਮ ਸਿਰੇ ਹੀ ਨਾ ਚੜ੍ਹੇ। ਜਿਤਨੀ ਵਾਰੀ ਨੀਂਹ ਪੁੱਟੀਏ ਪਾਣੀ ਦਾ ਐਸਾ ਤੇਜ਼ ਬਹਾਵ ਆਵੇ ਕਿ ਨੀਂਹ ਨੂੰ ਢਾਹ ਦੇਵੇ। 4 ਦਿਨ ਇਸੇ ਕੰਮ ਵਿਚ ਬੀਤ ਗਏ, ਪਰ ਗੱਲ ਨਾ ਬਣੀ। ਜਿਸ ਵੇਲੇ ਸਾਰੀ ਤਰ੍ਹਾਂ ਯਤਨ ਕਰ ਕੇ ਵੇਖ ਲਏ, ਫਿਰ ਉਹ ਪੰਕਤੀ ਯਾਦ ਆਈ-

*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥*
*ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥*

(ਅੰਗ ੫੧੯)

ਕਹਿੰਦੇ ਹਨ, ਹੁਣ ਜਦੋਂ ਦੇਗ ਤਿਆਰ ਕਰ ਕੇ ਪੂਰਨ ਮਰਯਾਦਾ ਨਾਲ ਪੰਜ ਪਿਆਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਪੂਰਨ ਭਰੋਸੇ ਨਾਲ ਅਰਦਾਸ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਸ ਦਿਨ ਪ੍ਰਤੱਖ ਕਲਗੀਧਰ ਪਾਤਸ਼ਾਹ ਦੀ ਸ਼ਕਤੀ ਵਰਤਦੀ ਦੇਖੀ। ਤਿੰਨ ਦਿਨ, ਤਿੰਨ ਰਾਤਾਂ ਤੋਂ ਜਿਹੜਾ ਕਾਰਜ ਨਹੀਂ ਸੀ ਹੋ ਰਿਹਾ, ਉਹ ਤਿੰਨਾਂ ਚਾਰਾਂ ਘੰਟਿਆਂ ਵਿਚ ਹੀ ਗੱਲ ਬਣ ਗਈ ਤੇ ਬਾਬਾ ਕੁੰਦਨ ਸਿੰਘ ਜੀ ਦੇ ਹੁਕਮ ਅਨੁਸਾਰ ਸਰੋਵਰ 13 ਦਿਨਾਂ ਤੋਂ ਪਹਿਲੇ ਹੀ ਤਿਆਰ ਵੀ ਹੋ ਗਿਆ।

ਦਾਸ ਦਾ ਇਕ ਸੁਭਾਅ ਹੈ ਕਿ ਮੈਂ ਕਦੀ ਵੀ ਕੋਈ ਕਿਤਾਬ ਪੂਰੀ ਨਹੀਂ ਪੜ੍ਹਦਾ, ਇਤਨਾ ਸਮਾਂ ਨਹੀਂ, ਕਿਤਾਬ ਖੋਲ੍ਹ ਕੇ ਜੋ ਪੇਜ ਨਿਕਲ ਆਵੇ ਸਾਹਮਣੇ, ਪੜ੍ਹੋ ਤੇ ਉਹ ਜ਼ਰੂਰ ਹੀ ਕੁਝ ਨਾ ਕੁਝ ਦੇ ਜਾਂਦਾ ਹੈ। ਦਾਸ ਨੇ ਰਘੁਬੀਰ ਸਿੰਘ ਬੀਰ ਦੀ ਲਿਖੀ ਕਿਤਾਬ 'ਸਰਬ ਰੋਗ ਕਾ ਅਉਖਧ ਨਾਮ' ਵਿਚ ਇਕ ਗੁਰੂ ਦੀ ਸਮਰੱਥਾ ਤੇ ਭਰੋਸੇ ਵਾਲੇ ਦਾ

SIKHBOOKCLUB.COM

ਜ਼ਿਕਰ ਪੜ੍ਹਿਆ, ਕਿਉਂਕਿ ਸਾਡਾ ਵਿਸ਼ਾ ਵੀ ਇਸ ਵੇਲੇ ਇਹੀ ਚਲ ਰਿਹਾ ਹੈ, ਦਾਸ ਸਾਂਝਾ ਕਰੇ। ਉਹ ਆਪਣੀ ਕਿਤਾਬ ਵਿਚ ਲਿਖਦੇ ਹਨ ਕਿ ਇਕ ਫ਼ੌਜੀ ਜਿਸ ਦੀ ਮਾਤਾ ਬਹੁਤ ਹੀ ਭਰੋਸੇ ਵਾਲੀ ਤੇ ਗੁਰਬਾਣੀ ਨਾਲ ਪ੍ਰੇਮ ਕਰਨ ਵਾਲੀ ਗੁਰਮੁਖ ਬੀਬੀ ਸੀ, ਉਹ ਫ਼ੌਜੀ ਪਹਿਲੀ ਸੰਸਾਰ ਜੰਗ ਦੇ ਸਮੇਂ ਜਿਤਨੇ ਵੀ ਸਾਲ ਯੁੱਧਾਂ ਵਿਚ ਭਾਰਤ ਤੋਂ ਬਾਹਰ ਰਹੇ, ਉਤਨੇ ਹੀ ਸਾਲ ਉਹ ਬੀਬੀ ਆਪਣੇ ਪੁੱਤਰ ਦੇ ਸਹੀ ਸਲਾਮਤ ਘਰ ਵਾਪਸ ਆਉਣ ਦੇ ਲਈ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸਾਂ ਕਰਦੀ ਰਹੀ। ਸਿਰਫ਼ ਅਰਦਾਸਾਂ ਹੀ ਨਹੀਂ, ਨਾਲ ਹੀ ਸਾਰਾ ਦਿਨ ਗੁਰਬਾਣੀ ਪੜ੍ਹਨ, ਸਿਮਰਨ ਕਰਨ ਵਿਚ ਗੁਜ਼ਾਰਦੀ ਤੇ ਨਾਲ ਹੀ ਇਸ ਪੰਕਤੀ ਦਾ ਜਾਪ ਬੜੀ ਸ਼ਰਧਾ ਨਾਲ ਕਰਦੀ ਰਹਿੰਦੀ-

*ਸ਼ਤ੍ਰੂ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*

(ਤ੍ਵ ਪ੍ਰਸਾਦਿ ਸਵੱਯੇ, ੨੪੮)

ਉਨ੍ਹਾਂ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਬਹੁਤ ਸਾਰੇ ਹਮਲਿਆਂ ਵਿਚ ਹਿੱਸਾ ਲੀਤਾ ਪਰ ਸਤਿਗੁਰੂ ਨੇ ਉਨ੍ਹਾਂ ਨੂੰ ਸਦਾ ਹੀ ਸਹੀ ਸਲਾਮਤ ਰਖਿਆ ਤੇ ਉਹ ਕਈ ਸਾਲ ਯੁੱਧ ਵਿਚ ਰਹਿਣ ਮਗਰੋਂ ਰਾਜ਼ੀ ਖ਼ੁਸ਼ੀ ਆਪਣੇ ਘਰ ਵਾਪਿਸ ਆਏ।

ਇਹ ਦਾਸ ਨੇ ਗੁਰੂ ਸਾਹਿਬ ਦੀ ਕਿਰਪਾ ਨਾਲ, ਇਤਿਹਾਸ ਵਿੱਚੋਂ ਕੁਝ ਕੁ ਜ਼ਿਕਰ ਸਾਂਝੇ ਕੀਤੇ ਹਨ ਤਾਂ ਕਿ ਸਾਨੂੰ ਪਤਾ ਲਗ ਜਾਵੇ ਕਿ ਸਾਡਾ ਗੁਰੂ ਕਿੰਨਾ ਵੱਡਾ ਹੈ, ਕਿਤਨਾ ਸਮਰੱਥ ਹੈ। ਸਾਨੂੰ ਚਾਨਣ ਹੋ ਜਾਵੇ ਕਿ ਜਿਸ ਦੇ ਅਸੀਂ ਚਰਨ ਫੜੇ ਹਨ, ਉਹ ਘਰ ਕਿੰਨਾ ਵੱਡਾ ਹੈ, ਕਿਉਂਕਿ ਜਦ ਤਕ ਗਿਆਨ ਨਾ ਹੋਵੇ ਕਿ ਮੇਰਾ ਮਾਲਕ ਕਿੰਨਾ ਕੁ ਸਮਰੱਥ ਹੈ ਤਦ ਤਕ ਪੂਰੀ ਭਾਵਨਾ ਨਹੀਂ ਬਣਦੀ ਤੇ ਜਦ ਤਕ ਭਾਵਨਾ ਪ੍ਰਪੱਕ ਨਹੀਂ ਤਦ ਤਕ ਭਾਗ ਨਹੀਂ ਲੱਗ ਸਕਦੇ। ਤਦ ਤਕ ਗੱਲ ਟਿਕਾਣੇ ਨਹੀਂ ਲਗਣੀ। ਜ਼ਰਾ ਸੋਚੋ, ਭਾਈ ਲਹਿਣਾ ਜੀ ਕੋਲ ਕੀ ਸੀ? ਭਾਈ ਲਹਿਣਾ ਜੀ ਕੋਲ ਸੀ ਆਪਣੇ ਗੁਰੂ ਨਾਨਕ ਤੇ ਆਪਣੇ ਮਾਲਕ 'ਤੇ ਪੂਰਨ ਭਾਵਨਾ। ਉਨ੍ਹਾਂ ਦਾ ਇਹ ਵਿਸ਼ਵਾਸ ਸੀ ਕਿ ਗੁਰੂ ਨਾਨਕ ਲਈ ਕੁਝ ਵੀ ਅਸੰਭਵ ਨਹੀਂ, ਉਹ ਸਭ ਕੁਝ ਤੋਂ ਭਾਵ ਕੁਝ ਵੀ ਕਰਨ ਦੇ ਸਮਰੱਥ ਹੈ।

ਗੁਰੂ ਨਾਨਕ ਸਾਹਿਬ ਦੀ ਸਮਰੱਥਾ ਦੀ ਬੜੀ ਵੱਡੀ ਮਿਸਾਲ ਹੈ ਕਿ ਜਦੋਂ ਇਕ ਵਾਰੀ ਸੰਗਤਾਂ ਨੇ ਆਖਿਆ ਕੁਝ ਛਕਾਓ, ਬੜੀ ਭੁੱਖ ਲੱਗੀ ਹੈ, ਤਾਂ ਗੁਰੂ ਨਾਨਕ ਨੇ ਵਾਰੀ-ਵਾਰੀ ਸਭ ਨੂੰ ਆਖਿਆ, ਦਰੱਖ਼ਤ ਨੂੰ ਝੰਜੋੜੋ, ਉਤੋਂ ਮਿਠਾਈਆਂ ਡਿੱਗਣਗੀਆਂ, ਉਹ ਸੰਗਤਾਂ ਵਿਚ ਵੰਡ ਦੇਣਾ ਪਰ ਉਨ੍ਹਾਂ ਦੀ ਭਾਵਨਾ ਨਹੀਂ ਸੀ, ਨਹੀਂ ਜਾਣਦੇ ਸੀ ਕਿ ਗੁਰੂ ਨਾਨਕ ਕਿੰਨੀ ਸਮਰੱਥਾ ਦੇ ਮਾਲਕ ਹਨ ਕਿ ਉਹ ਚਾਹੁਣ ਤਾਂ ਸੁੱਕੇ ਦਰੱਖ਼ਤ ਤੋਂ ਮਿਠਾਈਆਂ ਵੀ ਗਿਰਾ ਸਕਦੇ ਹਨ। ਬਚਨ ਮੰਨਣ ਦੀ ਥਾਂ ਗੁਰੂ ਨਾਨਕ 'ਤੇ ਹੱਸਣ ਲੱਗੇ। ਕੁਝ ਹੋਰ ਮੁਖੀ ਸਿੱਖਾਂ ਨੂੰ ਆਖਿਆ ਤਾਂ ਉਨ੍ਹਾਂ ਨੇ ਵੀ ਮਜ਼ਾਕ ਹੀ ਬਣਾਇਆ, ਕਿਉਂਕਿ

ਗੁਰੂ ਨਾਨਕ ਦੀ ਸਮਰੱਥਾ 'ਤੇ ਭਰੋਸਾ ਨਹੀਂ ਸੀ। ਪਰ ਧੰਨ ਭਾਈ ਲਹਿਣਾ ਜੀ, ਜਿਨ੍ਹਾਂ ਨੂੰ ਗੁਰੂ ਨਾਨਕ ਦੀ ਸਮਰੱਥਾ 'ਤੇ ਅਟੁੱਟ ਵਿਸ਼ਵਾਸ ਸੀ। ਜਦੋਂ ਉਨ੍ਹਾਂ ਨੂੰ ਹੁਕਮ ਕੀਤਾ ਗਿਆ ਤਾਂ ਉਨ੍ਹਾਂ ਨੇ ਝੱਟ ਪੱਟ ਹੀ ਚਾਦਰ ਵਿਛਾਈ, ਦਰੱਖ਼ਤ ਨੂੰ ਝੰਜੋੜਿਆ। ਭਾਵਨਾ ਨੂੰ ਭਾਗ ਲੱਗੇ, ਦਰੱਖ਼ਤ ਤੋਂ ਮਿਠਾਈਆਂ ਡਿੱਗੀਆਂ ਤੇ ਸੰਗਤਾਂ ਨੂੰ ਛਕਾਈਆਂ। ਹੁਣ ਤੁਸੀਂ ਆਪ ਹੀ ਅੰਦਾਜ਼ਾ ਲਾ ਲਵੋ ਕਿ ਲਹਿਣਾ ਜੀ ਦੀ ਗੁਰੂ ਨਾਨਕ ਦੀ ਸਮਰੱਥਾ 'ਤੇ ਵਿਸ਼ਵਾਸ ਦੀ ਭਾਵਨਾ ਨੂੰ ਉਨ੍ਹਾਂ ਨੂੰ ਕਿਸ ਪਦਵੀ ਤੇ ਪਹੁੰਚਾ ਦਿੱਤਾ-ਇਕ ਦਿਨ ਗੁਰੂ ਨਾਨਕ ਨਿਰੰਕਾਰ ਦਾ ਹੀ ਰੂਪ ਹੋ ਗਏ। ਅਸੀਂ ਵੀ ਜੇ ਗੁਰੂ ਨਾਨਕ ਦੇ ਬਣੇ ਰਹਾਂਗੇ, ਉਸ 'ਤੇ ਵਿਸ਼ਵਾਸ ਰੱਖਾਂਗੇ ਤਾਂ ਸਾਨੂੰ ਵੀ ਖ਼ੁਸ਼ੀਆਂ ਤੇ ਬਖ਼ਸ਼ਿਸ਼ਾਂ ਪ੍ਰਾਪਤ ਹੋਣਗੀਆਂ। ਹਲਤ ਦੇ ਵੀ ਤੇ ਪਲਤ ਦੇ ਵੀ ਸਾਰੇ ਸੁੱਖ ਸਾਡੀ ਝੋਲੀ ਵਿਚ ਪੈਣਗੇ। ਜੇ ਅਸੀਂ ਗੁਰੂ ਨਾਨਕ ਦੇ ਦਰ 'ਤੇ ਆ ਗਏ ਹਾਂ ਫਿਰ ਸਾਨੂੰ ਹੋਰ ਕਿਸੇ ਦਰ-ਘਰ 'ਤੇ ਭਟਕਣ ਦੀ ਲੋੜ ਨਹੀਂ।

ਇਥੇ ਇਕ ਬਹੁਤ ਜ਼ਰੂਰੀ ਧਿਆਨ ਦੇਣ ਯੋਗ ਗੱਲ ਹੈ। ਇਸ ਗੱਲ ਵਿਚ ਰਤੀ ਭਰ ਵੀ, ਕਿਣਕਾ ਮਾਤਰ ਵੀ ਸੰਦੇਹ ਨਹੀਂ ਕਿ ਗੁਰੂ ਨਾਨਕ ਦਾ ਘਰ ਸਭ ਤੋਂ ਵੱਡਾ ਹੈ। ਪਰ ਜੇ ਤੁਸੀਂ ਇਹ ਆਪਣੀ ਵਿਚਾਰਧਾਰਾ ਬਣਾਓਗੇ ਕਿ ਗੁਰੂ ਨਾਨਕ ਸਭ ਕੁਝ ਹੈ, ਮੰਦਰ ਕੁਝ ਨਹੀਂ, ਗਿਰਜਾਘਰ ਕੁਝ ਨਹੀਂ, ਮਸੀਤ ਕੁਝ ਨਹੀਂ ਤਾਂ ਵੀ ਤੁਸੀਂ ਬਹੁਤ ਭਾਰੀ ਗ਼ਲਤੀ 'ਤੇ ਹੋਵੋਗੇ। ਕਦੀ ਭੁੱਲ ਕੇ ਵੀ ਇਹ ਸੋਚ ਨਾ ਬਣਾ ਲੈਣਾ ਕਿ ਬਾਕੀ ਨੀਵੇਂ ਹਨ, ਬਾਕੀ ਕੁਝ ਨਹੀਂ, ਸਾਡੀ ਪੜ੍ਹਾਈ ਨਿਮ੍ਰਤਾ ਦੀ ਹੈ। ਆਪਣੇ ਪਿਤਾ ਨੂੰ ਰੱਜ ਕੇ ਵੱਡਾ ਕਹਿਣਾ ਹੈ, ਉਸ ਦੀਆਂ ਸਿਫ਼ਤਾਂ ਵਿਚ, ਵਡਿਆਈਆਂ ਵਿਚ ਜੁੜਨਾ ਹੈ, ਆਪਣੀ ਹਰ ਮੰਗ, ਹਰ ਦੁੱਖ, ਹਰ ਪੁਕਾਰ ਉਸ ਦੇ ਅੱਗੇ ਹੀ ਰੱਖਣੀ ਹੈ ਪਰ ਕਿਸੇ ਹੋਰ ਧਰਮ ਦੀ ਨਿੰਦਿਆ ਵੀ ਨਹੀਂ ਕਰਨੀ, ਮਾੜਾ ਵੀ ਨਹੀਂ ਕਹਿਣਾ। ਇਕ ਗੱਲ ਜਾਣ ਲੈਣੀ ਜੇ ਤੁਸੀਂ ਦੂਸਰਿਆਂ ਦੀ ਨਿੰਦਿਆ ਕਰੋਗੇ ਤਾਂ ਫਿਰ ਗੁਰੂ ਨਾਨਕ ਦੀ ਵੀ ਖ਼ੁਸ਼ੀ ਤੁਹਾਡੀ ਝੋਲੀ ਵਿਚ ਨਹੀਂ ਪੈ ਸਕੇਗੀ।

SIKHBOOKCLUB.COM

ਸਾਡਾ ਭਰੋਸਾ ਆਪਣੇ ਗੁਰੂ ਨਾਨਕ 'ਤੇ ਪਹਾੜ ਵਰਗਾ ਸਥਿਰ ਹੋਵੇ। ਸਾਡੇ ਅੰਦਰ ਇਹ ਭਰੋਸਾ ਹੋਵੇ ਕਿ ਮੇਰਾ ਗੁਰੂ ਗੁਰੂਆਂ ਦਾ ਗੁਰੂ ਹੈ। ਸਰਬ ਕਲਾ ਸਮਰੱਥ ਹੈ। ਸਾਡੀ ਹਰ ਪੁਕਾਰ, ਸਾਡਾ ਹਰ ਤਰਲਾ ਧੰਨ ਗੁਰੂ ਨਾਨਕ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਹੋਵੇ। ਸਾਡੇ ਹੱਥ ਗੁਰੂ ਨਾਨਕ ਦੇ ਦਰ ਤੋਂ ਸਿਵਾ ਹੋਰ ਕਿਸੇ ਦਾ ਬੂਹਾ ਨਾ ਖੜਕਾਣ। ਕਿਧਰੇ ਐਸਾ ਨਾ ਹੋਵੇ ਕਿ ਕੁਝ ਸਮਾਂ ਦੁੱਖ ਨਹੀਂ ਗਿਆ ਜਾਂ ਕੋਈ ਦਾਤ ਨਹੀਂ ਮਿਲੀ ਤੇ ਪਹੁੰਚ ਗਏ ਕਿਸੇ ਹੋਰ ਬੂਹੇ ਜਾਂ ਪਹੁੰਚ ਗਏ ਪੰਡਿਤਾਂ ਦੇ, ਜੋਤਸ਼ੀਆਂ ਦੇ ਦਰ 'ਤੇ। ਇਥੇ ਇਕ ਗੱਲ ਹੋਰ ਜਾਣ ਲੈਣੀ, ਪੰਡਿਤ ਜਾਂ ਜੋਤਸ਼ੀ ਦੱਸ ਸਕਦੇ ਹਨ ਕਿ ਤੁਹਾਡੇ ਕਰਮਾਂ ਵਿਚ ਕੀ ਲਿਖਿਆ ਹੈ ਪਰ ਮਾਣ ਕਰਿਆ ਕਰੋ ਆਪਣੇ ਪਿਤਾ 'ਤੇ, ਤੁਹਾਡਾ ਪਿਤਾ ਤਾਂ ਇਤਨਾ ਸਮਰੱਥ ਹੈ ਜੋ ਕਿ ਤੁਹਾਡੇ ਕਰਮ ਬਦਲਾਉਣ ਦੀ ਵੀ ਪੂਰੀ

ਸਮਰੱਥਾ ਰੱਖਦਾ ਹੈ। ਤੁਸੀਂ ਮਨ ਵੇਚੋ ਸਹੀ ਉਸਦੇ ਅੱਗੇ, ਦਾਸ ਗੁਰੂ ਦੀ ਕਿਰਪਾ ਨਾਲ ਦਾਅਵੇ ਨਾਲ ਲਿਖਦਾ ਹੈ ਕਿ ਉਹ ਤੁਹਾਡੇ ਮਾੜੇ ਕਰਮਾਂ ਨੂੰ ਮੇਟ ਵੀ ਸਕਦਾ ਹੈ ਤੇ ਜੋ ਕਰਮਾਂ ਵਿਚ ਨਹੀਂ ਲਿਖਿਆ, ਉਹ ਲਿਖ ਵੀ ਸਕਦਾ ਹੈ।

ਇਹ ਹੈ ਸ਼ਰਧਾ ਦੀ ਦਸਵੀਂ ਨਿਸ਼ਾਨੀ ਗੁਰੂ ਦੀ ਸਮਰੱਥਾ 'ਤੇ ਵਿਸ਼ਵਾਸ। ਜਿਸ ਅੰਦਰ ਆਪਣੇ ਗੁਰੂ ਪ੍ਰਤੀ ਸ਼ਰਧਾ ਹੋਵੇ ਉਸ ਨੂੰ ਆਪਣੇ ਗੁਰੂ ਦੀ ਸਮਰੱਥਾ 'ਤੇ ਪੂਰਾ ਭਰੋਸਾ ਹੁੰਦਾ ਹੈ। ਉਸ ਦੇ ਉਪਰ ਚਾਹੇ ਕੋਈ ਵੱਡੇ ਤੋਂ ਵੱਡਾ ਦੁੱਖ ਜਾਂ ਮੁਸੀਬਤ ਵੀ ਆ ਜਾਵੇ, ਉਹ ਕਦੇ ਡੋਲਦਾ ਨਹੀਂ, ਕਦੇ ਘਬਰਾਉਂਦਾ ਨਹੀਂ। ਜੇ ਕਿਸੇ ਦੁੱਖ ਦੀ ਉਮਰ ਜ਼ਿਆਦਾ ਲੰਬੀ ਵੀ ਹੋ ਜਾਵੇ ਜਾਂ ਕੋਈ ਦਾਤ ਕਾਫ਼ੀ ਸਮੇਂ ਤਕ ਨਹੀਂ ਵੀ ਮਿਲੇ ਤਾਂ ਵੀ ਉਹ ਆਪਣੇ ਗੁਰੂ ਨਾਨਕ ਦੇ ਦਰ ਨੂੰ ਛੱਡ ਕੇ ਕਿਸੇ ਹੋਰ ਦੇ ਦਰ 'ਤੇ ਭਟਕਦਾ ਨਹੀਂ, ਕਿਉਂਕਿ ਉਹ ਜਾਣਦਾ ਹੈ ਕਿ ਮੇਰੇ ਗੁਰੂ ਦੇ ਦਰ 'ਤੇ ਦੇਰ ਹੋ ਸਕਦੀ ਹੈ ਪਰ ਅੰਧੇਰ ਨਹੀਂ। ਉਸ ਦੇ ਅੰਦਰ ਇਹ ਵਿਸ਼ਵਾਸ ਹੁੰਦਾ ਹੈ ਕਿ ਜੇ ਮੇਰੀ ਮੇਰੇ ਗੁਰੂ ਤੋਂ ਝੋਲੀ ਨਹੀਂ ਭਰੀ ਤਾਂ ਫਿਰ ਕਿਧਰੋਂ ਵੀ ਨਹੀਂ ਭਰ ਸਕਦੀ। ਬਾਬਾ ਨੰਦ ਸਿੰਘ ਜੀ ਦੇ ਵੀ ਬਚਨ ਹਨ ਕਿ ਜਿਸ ਦੀ ਗੁਰੂ ਨਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੂਰੀ ਨਹੀਂ ਪਈ, ਉਸ ਦੀ ਕਿਧਰੋਂ ਵੀ ਪੂਰੀ ਨਹੀਂ ਪੈ ਸਕਦੀ।

ਇਕ ਕੋਹੜੀ ਜਿਸ ਦੇ ਪੈਰ 'ਤੇ ਕੋਹੜ ਸੀ, ਉਸ ਨੂੰ ਡਾਕਟਰਾਂ ਨੇ ਜੁਆਬ ਦੇ ਦਿੱਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਕੋਹੜ ਬਹੁਤ ਵੱਧ ਗਿਆ ਹੈ, ਤੇਰਾ ਪੈਰ ਕੱਟਣਾ ਪਵੇਗਾ, ਪਰ ਉਸ ਦੇ ਚੇਹਰੇ 'ਤੇ ਕੋਈ ਭੈਅ ਨਹੀਂ ਸੀ, ਕੋਈ ਘਬਰਾਹਟ ਨਹੀਂ ਸੀ। ਕੋਲ ਹੀ ਬੈਠੇ ਕਿਸੇ ਡਾਕਟਰ ਨੇ ਪੁੱਛ ਲਿਆ ਤੇਰਾ ਪੈਰ ਕੱਟਣ ਬਾਰੇ ਆਖਿਆ ਹੈ ਫਿਰ ਵੀ ਤੂੰ ਖ਼ੁਸ਼ ਹੈਂ। ਕੀ ਤੈਨੂੰ ਡਰ ਨਹੀਂ ਲਗ ਰਿਹਾ, ਕੋਈ ਦੁੱਖ ਨਹੀਂ ਹੋ ਰਿਹਾ ? ਉਹ ਗੁਰਮੁਖ ਜਿਸ ਨੂੰ ਆਪਣੇ ਗੁਰੂ ਦੀ ਸਮਰੱਥਾ 'ਤੇ ਪੂਰਾ ਵਿਸ਼ਵਾਸ ਸੀ, ਪਿਆਰ ਵਿਚ ਕਹਿਣ ਲੱਗਾ, 'ਅਧੂਰੇ ਵਾਲੇ ਰੋਂਦੇ ਹਨ, ਪੂਰੇ ਵਾਲੇ ਨਹੀਂ' ਮੈਨੂੰ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ 'ਤੇ ਪੂਰਾ ਭਰੋਸਾ ਹੈ। ਉਨ੍ਹਾਂ ਦੀ ਕਿਰਪਾ ਨਾਲ, ਬਖ਼ਸ਼ਿਸ਼ ਨਾਲ ਜਿਸ ਦੁੱਖ ਭੰਜਨੀ ਬੇਰੀ ਦੇ ਜਲ ਨਾਲ ਇਕ ਕੋਹੜੀ ਜਿਸ ਦਾ ਪੂਰਾ ਸਰੀਰ ਕੋਹੜੀ ਸੀ, ਰਾਜ਼ੀ ਹੋ ਗਿਆ ਸੀ, ਮੇਰਾ ਤਾਂ ਸਿਰਫ ਇਕ ਪੈਰ ਹੀ ਕੋਹੜੀ ਹੈ, ਉਨ੍ਹਾਂ ਦੀ ਬਖ਼ਸ਼ਿਸ਼ ਅੱਜ ਵੀ ਉਸ ਅਸਥਾਨ 'ਤੇ ਮੌਜੂਦ ਹੈ ਤੇ ਮੈਂ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੇ ਭਰੋਸੇ ਨਾਲ ਕਹਿੰਦਾ ਹਾਂ ਕਿ ਉਹ ਮੇਰੇ ਪੈਰ ਦਾ ਕੋਹੜ ਜ਼ਰੂਰ ਰਾਜ਼ੀ ਕਰਨਗੇ। ਮੈਨੂੰ ਪੂਰਾ ਵਿਸ਼ਵਾਸ ਹੈ ਇਸ ਲਈ ਮੈਨੂੰ ਕੋਈ ਘਬਰਾਹਟ ਨਹੀਂ।

ਜੇ ਕਿਸੇ ਗੁਰੂ ਦੇ ਪਿਆਰੇ ਨੂੰ ਕੋਈ ਇਹ ਵੀ ਕਹਿ ਦੇਵੇ ਕਿ ਤੇਰੇ ਘਰ ਔਲਾਦ ਨਹੀਂ ਹੋ ਸਕਦੀ, ਉਹ ਤਾਂ ਵੀ ਨਹੀਂ ਡੋਲਦੇ। ਗੁਰੂ ਅਰਜਨ ਦੇਵ ਪਾਤਸ਼ਾਹ ਦੀ ਬਖ਼ਸ਼ੀ

ਸੁਖਮਨੀ ਸਾਹਿਬ ਦਾ ਓਟ ਆਸਰਾ ਲੈਂਦੇ ਹਨ ਤੇ ਆਪਣੇ ਸਾਹਮਣੇ ਭਾਈ ਆਦਮ, ਮਾਤਾ ਸੁਲੱਖਣੀ ਜਿਨ੍ਹਾਂ ਦੇ ਕਰਮਾਂ ਵਿਚ ਕਈ ਜਨਮਾਂ ਤਕ ਔਲਾਦ ਨਹੀਂ ਸੀ ਲਿਖੀ, ਪਰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਪ੍ਰਾਪਤੀ ਹੋਈ, ਉਨ੍ਹਾਂ ਦੀਆਂ ਸਾਖੀਆਂ ਲਿਆਂਦੇ ਹਨ ਤੇ ਆਪਣੇ ਗੁਰੂ ਦਾ ਲੜ ਛੱਡ ਕੇ ਧਾਗੇ ਤਵੀਤਾਂ, ਜੰਤਰਾਂ-ਮੰਤਰਾਂ, ਮੜ੍ਹੀਆਂ-ਮਸਾਣਾਂ ਨੂੰ ਪੂਜਣਾ ਏਹੋ ਜਿਹੇ ਪੁੱਠੇ ਚੱਕਰਾਂ ਵਿਚ ਨਹੀਂ ਫੱਸਦੇ।

ਇਹ ਸ਼ਰਧਾ ਦੀ ਦਸਵੀਂ ਨਿਸ਼ਾਨੀ ਗੁਰੂ ਦੀ ਸਮਰੱਥਾ 'ਤੇ ਵਿਸ਼ਵਾਸ ਗੁਰੂ ਸਾਹਿਬ ਨੇ ਆਪ ਕਿਰਪਾ ਕਰ ਕੇ ਸਿਰ 'ਤੇ ਆਪਣਾ ਮਿਹਰ ਭਰਿਆ ਹੱਥ ਰਖ ਕੇ ਲਿਖਣ ਦੀ ਸੇਵਾ ਲਈ ਹੈ। ਦਾਸ ਤਾਂ ਨੌਵੀਂ ਪਾਸ ਹੈ। ਦਾਸ ਤਾਂ ਇਕ ਅੱਖਰ ਵੀ ਨਹੀਂ ਸੀ ਲਿਖ ਸਕਦਾ। ਦਾਸ ਇਹ ਕੋਈ ਹਉਮੈ ਵਸ ਹੋ ਕੇ ਨਹੀਂ, ਬਲਕਿ ਗੁਰੂ ਦੇ ਪਿਆਰ ਵਿਚ, ਗੁਰ ਦੇ ਮਾਣ ਵਿਚ ਲਿਖ ਰਿਹਾ ਹੈ ਕਿ ਉਹ ਸਤਿਗੁਰੂ ਜਿਹੜਾ ਗੂੰਗੇ ਝੀਵਰ ਦੇ ਸਿਰ 'ਤੇ ਆਪਣੀ ਮਿਹਰ ਦੀ ਸੋਟੀ ਰੱਖ ਕੇ ਗੀਤਾ ਦੇ ਅਰਥ ਕਰਵਾ ਸਕਦਾ ਹੈ, ਇਹ ਵੀ ਉਸੇ ਮੇਰੇ ਸਤਿਗੁਰ ਪਿਆਰੇ ਦੀ ਕਿਰਪਾ ਹੀ ਹੈ, ਸਮਰੱਥਾ ਹੀ ਹੈ ਜੋ ਉਸ ਨੇ ਦਾਸ ਕੋਲੋਂ ਮਿਹਰ ਕਰ ਕੇ ਲਿਖਵਾਇਆ ਹੈ।

ਜ਼ਰੂਰ ਪਾਇਓ ਮਨਾਂ 'ਤੇ ਝਾਤੀ ਕਿ ਸਾਨੂੰ ਗੁਰੂ 'ਤੇ ਸਮਰੱਥਾ ਦੀ ਦਾਤ ਪ੍ਰਾਪਤ ਹੋਈ ਹੈ ਕਿ ਨਹੀਂ, ਕਿਧਰੇ ਸਾਡੇ ਅੰਦਰ ਗੁਰੂ ਪ੍ਰਤੀ ਤ੍ਰੇੜਾਂ ਤਾਂ ਨਹੀਂ ਆਉਂਦੀਆਂ। ਜ਼ਰੂਰ ਕਰਿਓ ਅਰਦਾਸ, ਜ਼ਿੰਦਗੀ ਵਿਚ ਜਿੰਨੇ ਮਰਜ਼ੀ ਦੁੱਖ ਆ ਜਾਣ, ਕੋਈ ਮੰਗ ਨਾ ਪੂਰੀ ਹੋਵੇ, ਮਾਇਆ ਵੱਲੋਂ ਗ਼ਰੀਬ ਹੋ ਜਾਵੋ ਪਰ ਗੁਰੂ ਪ੍ਰਤੀ ਕਦੀ ਤ੍ਰੇੜਾਂ ਨਾ ਆਉਣ, ਅਸੀਂ ਆਪਣੇ ਗੁਰੂ ਪਿਤਾ 'ਤੇ ਸ਼ਰਧਾ ਵੱਲੋਂ ਕਦੀ ਗ਼ਰੀਬ ਨਾ ਹੋਈਏ।

ਜ਼ਰੂਰ ਅਰਦਾਸ ਕਰਿਓ ਦਾਸ ਦੀ ਵੀ ਤੇ ਆਪਣੀ ਵੀ ਕਿ ਸੱਚੇ ਪਾਤਸ਼ਾਹ ! ਕਿਰਪਾ ਕਰੋ ਸਾਨੂੰ ਇਹ ਦ੍ਰਿੜ੍ਹ ਵਿਸ਼ਵਾਸ ਬਖ਼ਸ਼ੋ ਕਿ ਸਾਨੂੰ ਸਮਰੱਥ ਪਿਤਾ ਮਿਲਿਆ ਹੈ।

☆☆☆

*ਨਾ ਕੋਈ ਕਰੇ ਨ ਕਰਣੈ ਜੋਗਾ॥*
*ਆਪੇ ਕਰਹਿ ਕਰਾਵਹਿ ਸੁ ਹੋਇਗਾ॥*

# ਸ਼ਰਧਾ ਦੀ ਗਿਆਰ੍ਹਵੀਂ ਨਿਸ਼ਾਨੀ

ਜਿਸ ਨੂੰ ਸ਼ਰਧਾ ਦੀ ਦਾਤ ਮਿਲ ਜਾਵੇ :

## ਉਹ ਹੁਕਮੀ ਬਣ ਜਾਂਦਾ ਹੈ ਹੁਕਮ ਨੂੰ ਪਛਾਨਣ ਲੱਗ ਪੈਂਦਾ ਹੈ

(ਮਾਲਕ ਦੇ ਹੁਕਮ ਨੂੰ ਪਛਾਨਣ ਦੀ ਗੱਲ ਬਣ ਜਾਂਦੀ ਹੈ, ਮਾਲਕ ਦੇ ਹੁਕਮ ਨੂੰ ਪਛਾਨਣ ਲੱਗ ਪੈਂਦਾ ਹੈ।)

ਕਹਿਣ ਸੁਨਣ ਨੂੰ 'ਹੁਕਮ' ਬੜਾ ਹੀ ਸਰਲ ਜਿਹਾ ਹੈ। ਇਸ ਦਾ ਅਰਥ ਹੈ ਆਗਿਆ। ਰਜ਼ਾ ਵੀ ਹੁਕਮ ਦਾ ਹੀ ਰੂਪ ਹੈ, 'ਭਾਣਾ' ਸ਼ਬਦ ਵੀ ਇਹੀ ਅਰਥ ਰੱਖਦਾ ਹੈ। 'ਹੁਕਮ, ਭਾਣਾ, ਰਜ਼ਾ' ਦੇ ਅੰਤ੍ਰੀਵ ਭਾਵ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਸਿਧਾਂਤ ਸਾਹਮਣੇ ਆਉਂਦਾ ਹੈ ਕਿ ਰੱਬ ਦੇ 'ਹੁਕਮ' ਨੂੰ ਸਮਝਣਾ, ਉਸ ਦੀ 'ਰਜ਼ਾ' ਵਿਚ ਰਹਿਣਾ ਤੇ ਉਸ ਦੇ 'ਭਾਣੇ' ਨੂੰ ਮੰਨ ਲੈਣਾ। ਪ੍ਰਮਾਤਮਾ ਦੀ ਮਰਜ਼ੀ ਅਨੁਸਾਰ ਜੀਵਨ ਗੁਜ਼ਾਰਨ ਦੀ ਭਾਵਨਾ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਵਿਚ ਵੀ ਅਸਲ ਸੁਖ ਹੈ।

ਜੋ ਕੁਝ ਵੀ ਸੰਸਾਰ ਵਿਚ ਹੋ ਰਿਹਾ ਹੈ, ਸਭ ਕੁਝ ਉਸ ਪਰਮ ਪਿਤਾ ਪ੍ਰਮੇਸ਼ਰ ਦੇ ਹੁਕਮ ਅੰਦਰ ਹੀ ਹੋ ਰਿਹਾ ਹੈ। ਜਿਸ 'ਤੇ ਕਿਰਪਾ ਹੋਵੇ, ਜਿਸ ਨੂੰ ਉਸ ਦੇ ਹੁਕਮ ਦੀ ਸਮਝ ਆ ਜਾਵੇ, ਉਹੀ 'ਹੁਕਮੀ ਬੰਦਾ' ਬਣ ਕੇ ਆਪਣੀ 'ਮੈਂ' ਨੂੰ ਛੱਡਦਾ ਹੈ। ਉਸ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸਾਡੇ ਕੀਤਿਆਂ ਕੁਝ ਵੀ ਨਹੀਂ ਹੋ ਸਕਦਾ। ਜੋ ਕੁਝ ਵੀ ਵਾਪਰਦਾ ਹੈ, ਸਭ ਉਸ ਦੇ ਹੁਕਮ ਵਿਚ ਹੈ, ਸਾਡੇ ਹੱਥ ਵਸ ਕੁਝ ਵੀ ਨਹੀਂ।

*ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥*

(ਅੰਗ ੭੩੬)

ਤੁਸੀਂ ਕਦੀ ਸ਼ਾਇਦ ਨੋਟ ਕੀਤਾ ਹੋਵੇਗਾ, ਅਸੀਂ ਕਈ ਵਾਰੀ ਕਿਸੇ ਪਾਸੇ ਤੁਰਨ ਲੱਗਦੇ ਹਾਂ ਪਰ ਕੁਝ ਐਸਾ ਵਾਪਰ ਜਾਂਦਾ ਹੈ ਕਿ ਅਸੀਂ ਉਧਰ ਤੁਰਨ ਦੀ ਬਜਾਏ ਦੂਜੇ

ਬੰਨੇ ਤੁਰ ਪੈਂਦੇ ਹਾਂ। ਸਾਡੇ ਨਾਲ ਕਈ ਵਾਰੀ ਐਸਾ ਵਾਪਰਦਾ ਹੈ ਕਿ ਅਸੀਂ ਤਿਆਰ ਤਾਂ ਕਿਧਰੇ ਹੋਰ ਜਾਣ ਲਈ ਹੁੰਦੇ ਹਾਂ ਪਰ ਜਦ ਦਰਵਾਜ਼ਾ ਬੰਦ ਕਰ ਕੇ ਨਿਕਲਣ ਲੱਗਦੇ ਹਾਂ, ਤਾਂ ਕੋਈ ਆ ਜਾਂਦਾ ਹੈ ਤੇ ਸਾਨੂੰ ਰੁਕਣਾ ਪੈ ਜਾਂਦਾ ਹੈ ਜਾਂ ਫਿਰ ਉਸ ਦੇ ਨਾਲ ਕਿਸੇ ਹੋਰ ਬੰਨੇ ਜਾਣਾ ਪੈ ਜਾਂਦਾ ਹੈ।

ਸਾਨੂੰ ਤੇ ਸਾਰੇ ਸੰਸਾਰ ਨੂੰ, ਸਾਰੇ ਬ੍ਰਹਮੰਡ ਨੂੰ ਚਲਾਉਣ ਵਾਲਾ ਪ੍ਰਮੇਸ਼ਰ ਹੈ। ਉਸ ਦੇ ਹੁਕਮ ਵਿਚ ਹੀ ਮਨੁੱਖ, ਜੀਵ-ਜੰਤੂ ਸਭ ਪੈਦਾ ਹੁੰਦੇ ਹਨ, ਮਰਦੇ ਹਨ। ਉਸ ਦੇ ਹੁਕਮ ਵਿਚ ਹੀ ਅਸੀਂ ਦੁੱਖ-ਸੁੱਖ ਭੋਗਦੇ ਹਾਂ। ਇਹ ਦਿਨ ਰਾਤ, ਗਰਮੀ-ਸਰਦੀ, ਚੰਦ-ਸੂਰਜ, ਰੁੱਤਾਂ, ਥਿੱਤਾਂ ਸਭ ਕੁਝ ਉਸ ਦੇ ਹੁਕਮ ਦੀ ਖੇਡ ਹੈ। ਇੱਥੋਂ ਤਕ ਕਿ ਸਾਡੇ ਨਾਲ ਜੋ ਕੁਝ ਵੀ ਰੋਜ਼ ਵਾਪਰਦਾ ਹੈ, ਸਭ ਉਸ ਦੇ ਹੁਕਮ ਵਿਚ ਹੀ, ਜਿਵੇਂ ਕਿ ਆਖਿਆ ਹੈ ਬਾਣੀ ਵਿਚ-

*ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥*
*ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥*

(ਅੰਗ ੫੨੩)

ਉਹੀ ਕੁਝ ਹੁੰਦਾ ਹੈ ਜੋ ਮਾਲਕ ਦੀ ਮਰਜ਼ੀ ਹੁੰਦੀ ਹੈ, ਚਾਹੇ ਅਸੀਂ ਆਪਣੀਆਂ ਕਿੰਨੀਆਂ ਵੀ ਸਿਆਣਪਾਂ ਲੜਾ ਲਈਏ, ਉਪਾਵ ਕਰ ਲਈਏ। ਹਰ ਕੋਈ ਆਪਣਾ ਭਲਾ ਲੋਚਦਾ ਹੈ, ਆਪਣੀਆਂ ਖ਼ੁਸ਼ੀਆਂ ਵਾਸਤੇ ਬਥੇਰੇ ਉਪਾਵ ਕਰਦਾ ਹੈ, ਪਰ ਹੁੰਦਾ ਉਹੀ ਹੈ ਜੋ ਉਸ ਮਾਲਕ ਨੂੰ ਮਨਜ਼ੂਰ ਹੁੰਦਾ ਹੈ। ਇਹ 'ਹੁਕਮ ਦੀ ਖੇਡ' ਹੈ ਹੀ ਐਸੀ ਕਿ ਜੋ ਉਸ ਨੂੰ ਭਾਉਂਦਾ ਹੈ, ਚੰਗਾ ਲੱਗਦਾ ਹੈ, ਉਹੀ ਕਰਦਾ ਹੈ। ਇਕ ਗੱਲ ਯਾਦ ਰੱਖਣੀ, ਉਹ ਜੋ ਵੀ ਕਰਦਾ ਹੈ ਭਲਾ ਹੀ ਕਰਦਾ ਹੈ। ਇਹ ਸਾਡੇ ਭੁਲੇਖੇ ਹੁੰਦੇ ਹਨ ਕਿ ਜਦੋਂ ਕੋਈ ਸਾਡੇ 'ਤੇ ਦੁੱਖ ਵਾਪਰਦਾ ਹੈ ਜਾਂ ਸਾਡੀ ਮਰਜ਼ੀ ਮੁਤਾਬਕ ਨਹੀਂ ਹੁੰਦਾ ਤਾਂ ਅਸੀਂ ਇਹ ਸੋਚਦੇ ਹਾਂ ਕਿ ਇਹ ਰੱਬ ਨੇ ਚੰਗਾ ਨਹੀਂ ਕੀਤਾ, ਸਾਡੇ ਨਾਲ ਬਹੁਤ ਬੁਰਾ ਹੋਇਆ ਹੈ, ਜਦ ਕਿ ਬਾਣੀ ਕਹਿੰਦੀ ਹੈ-

*ਬੁਰਾ ਨਹੀ ਸਭੁ ਭਲਾ ਹੀ ਹੈ*

(ਅੰਗ ੧੩੦੨)

ਇਨਸਾਨ ਸੋਚਦਾ ਹੈ ਕਿ ਮੇਰੇ ਨਾਲ ਬੁਰਾ ਹੋਇਆ ਹੈ, ਮੈਂ ਹਾਰ ਗਿਆ ਹਾਂ ਪਰ ਸਤਿਗੁਰੂ ਸੱਚੇ ਪਾਤਸ਼ਾਹ ਹਾਰ ਨੂੰ ਵੀ ਜਿੱਤ ਆਖਦੇ ਹਨ । ਉਹ ਜੋ ਕੁਝ ਵੀ ਕਰ-ਕਰਾ ਰਿਹਾ ਹੈ, ਉਸ ਨੂੰ ਭਲਾ ਕਰ ਕੇ ਮੰਨਣ ਵਿਚ ਹੀ ਸਾਡੀ ਭਲਾਈ ਹੈ ਕਿਉਂਕਿ ਉਹ ਦਿਆਲੂ ਹੈ, ਕ੍ਰਿਪਾਲੂ ਹੈ, ਸਾਡਾ ਮਾਤਾ-ਪਿਤਾ ਹੈ। ਉਹ ਜੋ ਵੀ ਕਰਦਾ ਹੈ, ਭਲਾ ਕਰਦਾ ਹੈ। ਜੋ ਸਾਨੂੰ ਦੁੱਖ ਰੂਪ ਵਾਪਰਦਾ ਹੈ, ਉਹ ਸਾਡੇ ਭਲੇ ਵਾਸਤੇ ਹੋ ਸਕਦਾ ਹੈ

ਤੇ ਜੋ ਸਾਨੂੰ ਚੰਗਾ ਲਗਦਾ ਹੈ, ਉਹ ਦੁੱਖ ਰੂਪ ਹੋ ਸਕਦਾ ਹੈ। ਉਸ ਦੀ ਕਰਨੀ ਨੂੰ ਨਿੰਦੀਏ ਨਾ ਬਲਕਿ ਸਿਰ ਮੱਥੇ 'ਤੇ ਮੰਨੀਏ। ਜੋ ਕੁਝ ਵੀ ਹੁੰਦਾ ਹੈ, ਉਸ ਦੇ ਹੁਕਮ ਵਿਚ ਹੁੰਦਾ ਹੈ। ਹੁਕਮ ਕੁਝ ਤਾਂ ਸਾਡੇ ਆਪਣੇ ਪਿਛਲੇ ਕਰਮਾਂ ਦੀ ਗਤੀ ਨਾਲ ਹੁੰਦਾ ਹੈ, ਕੁਝ ਉਸ ਦੇ ਆਪਣੇ ਰੰਗ ਹੁੰਦੇ ਹਨ ਜਿਨ੍ਹਾਂ ਦੀ ਸਾਨੂੰ ਕੋਈ ਸਮਝ ਨਹੀਂ, ਉਸ ਦਾ ਹੁਕਮ ਸਦਾ ਹੀ ਭਲਾ ਹੁੰਦਾ ਹੈ। ਅਸੀਂ ਉਸ ਨੂੰ ਸਮਝ ਨਹੀਂ ਸਕਦੇ, ਸਾਡੀ ਸਮਝ ਤੋਂ ਪਰੇ ਦੀ ਗੱਲ ਹੁੰਦੀ ਹੈ। ਉਹ ਸਾਡਾ ਮਿੱਤਰ ਹੈ, ਸਾਨੂੰ ਮਾਤਾ-ਪਿਤਾ ਦੀ ਤਰ੍ਹਾਂ ਪਾਲਦਾ ਪੋਸਦਾ ਹੈ, ਸਿਰਫ਼ ਆਗਿਆਕਾਰੀ ਬੱਚਿਆਂ ਨੂੰ ਹੀ ਨਹੀਂ ਬਲਕਿ ਅਕ੍ਰਿਤਘਣਾਂ ਨੂੰ ਵੀ ਪਾਲਦਾ ਹੈ। ਉਹ ਈਰਖਾ-ਦਵੈਸ਼ ਤੋਂ ਰਹਿਤ ਹੈ। ਰੋਸੇ, ਗਿਲੇ-ਸ਼ਿਕਵੇ ਉਲਾਂਭੇ ਦੇਣੇ ਵੀ ਜਾਇਜ਼ ਨਹੀਂ। ਉਸ ਮਾਲਕ ਦੀ ਲੀਲਾ ਬੜੀ ਅਪਰੰਪਾਰ ਹੈ, ਅਸੀਂ ਉਸ ਨੂੰ ਪਛਾਣ ਨਹੀਂ ਸਕਦੇ। ਜਿਤਨਾ ਸਾਡੇ ਬੁਰੇ-ਭਲੇ ਦਾ ਖ਼ਿਆਲ ਉਸ ਨੂੰ ਹੈ, ਹੋਰ ਕਿਸੇ ਨੂੰ ਨਹੀਂ, ਪਰ ਅਸੀਂ ਇਸ ਗੱਲ ਨੂੰ ਸਮਝ ਨਹੀਂ ਪਾਉਂਦੇ।

ਜਿਹੜੀ ਹੁਕਮ ਦੀ ਖੇਡ ਹੈ, ਇਸ ਵਿਚ ਦੋ ਚੀਜ਼ਾਂ ਹਨ। ਇਕ ਤਾਂ ਕਰਮਾਂ ਦੀ ਖੇਡ ਵਰਤਦੀ ਹੈ, ਇਕ ਵਾਰੀ ਕੁਝ ਦੇਣ ਵਾਸਤੇ, ਸਾਡੇ ਭਲੇ ਵਾਸਤੇ ਲੀਲਾ ਵਰਤਾਉਂਦਾ ਹੈ। ਜਿਥੇ ਕਰਮਾਂ ਦੀ ਖੇਡ ਹੈ, ਉਥੇ ਤੇ ਅਰਦਾਸ ਕਰੀਏ ਕਿ ਸਤਿਗੁਰੂ ਬਖ਼ਸ਼ਿਸ਼ ਕਰੋ, ਰਹਿਮਤ ਕਰੋ ਪਰ ਜੇ ਕਿਧਰੇ ਕੁਝ ਸਾਨੂੰ ਦੇਣ ਵਾਸਤੇ ਲੀਲਾ ਵਰਤਾਏ, ਨੇਮ ਉਤਾਂਹ-ਠਾਂਹ ਕਰੇ, ਅਰਦਾਸ ਕਰੋ, ਸਤਿਗੁਰੂ ! ਕਿਰਪਾ ਕਰ ਹੁਕਮ ਨੂੰ ਪਛਾਨਣ ਦਾ ਕਿਣਕਾ ਸਾਡੀ ਝੋਲੀ ਵਿਚ ਪਾ। ਕਿਰਪਾ ਕਰ, ਸਹਿਜ ਸੁਭਾਅ ਜੋ ਕੁਝ ਵਰਤ ਰਿਹਾ ਹੈ ਅਸੀਂ ਉਸ ਨੂੰ ਪਛਾਣ ਸਕੀਏ। ਨਾਲ ਹੀ ਇਹ ਅਰਦਾਸ ਜ਼ਰੂਰ ਕਰਿਆ ਕਰੋ, ਸਤਿਗੁਰੂ ! ਕਿਰਪਾ ਕਰੀਂ ਪਰਚਾ ਨਾ ਪਾਈਂ। ਜੋ ਤੇਰੀ ਲੀਲਾ ਹੈ ਅਸੀਂ ਉਸ ਵਿਚ ਰਾਜ਼ੀ ਰਹਿ ਸਕੀਏ, ਪ੍ਰਸੰਨਤਾ ਨਾਲ ਉਸ ਨੂੰ ਪ੍ਰਵਾਨ ਕਰ ਸਕੀਏ, ਉਸ ਨੂੰ ਪਛਾਣ ਸਕੀਏ, ਇਹ ਸਮਝ ਸਕੀਏ ਕਿ ਤੇਰੇ ਕੀਤੇ ਵਿਚ ਜ਼ਰੂਰ ਕੋਈ ਸਾਡਾ ਭਲਾ ਛਿਪਿਆ ਹੋਇਆ ਹੈ।

ਦਾਸ ਦਾ ਇਕ ਮਿੱਤਰ ਸੀ, ਉਸ ਨੇ Electrician ਦੀ ਪੜ੍ਹਾਈ ਦੇ ਪੇਪਰ ਦਿੱਤੇ ਪਰ ਕੁਦਰਤ ਦੀ ਕਰਨੀ, ਮਾਲਕ ਦੀ ਮੌਜ, ਫ਼ੇਲ੍ਹ ਹੋ ਗਿਆ। ਪਹਿਲਾਂ ਤਾਂ ਉਸ ਦੇ ਮਨ ਵਿਚ ਆਇਆ ਕਿ ਮੈਂ ਇੰਨੇ ਪਾਠ ਵੀ ਕੀਤੇ, ਅਰਦਾਸਾਂ ਵੀ ਕੀਤੀਆਂ ਪਰ ਮੈਂ ਫਿਰ ਵੀ ਫ਼ੇਲ੍ਹ ਹੋ ਗਿਆ। ਦੁੱਖ ਤਾਂ ਸੀ ਪਰ ਫਿਰ ਵੀ ਉਸ ਨੇ ਗੁਰੂ ਦਾ ਤੇ ਬਾਣੀ ਦਾ ਲੜ ਨਹੀਂ ਛੱਡਿਆ। (ਇਹ ਇਕ ਬਹੁਤ ਵੱਡੀ ਤੇ ਸਮਝਣ ਵਾਲੀ ਗੱਲ ਹੈ, ਆਮ ਤੌਰ ਤੇ ਬੰਦੇ 'ਤੇ ਜਦੋਂ ਬਾਣੀ ਪੜ੍ਹਨ ਤੋਂ ਬਾਅਦ ਜਾਂ ਅਰਦਾਸ ਕਰਨ ਤੋਂ ਬਾਅਦ ਦੁੱਖ ਦੀ ਘੜੀ ਆ ਜਾਂਦੀ ਹੈ ਤਾਂ ਉਸ ਦਾ ਨਿਸ਼ਚਾ ਟੁੱਟ ਜਾਂਦਾ ਹੈ। ਉਹ ਬਾਣੀ ਦਾ, ਗੁਰੂ ਦਾ ਲੜ ਛੱਡ ਦਿੰਦਾ ਹੈ। ਇਹ ਸਾਡੀ ਬੜੀ ਭਾਰੀ ਭੁੱਲ ਹੁੰਦੀ ਹੈ, ਸੁੱਖ ਆਵੇ, ਦੁੱਖ ਆਵੇ, ਮਾਲਕ ਦਾ ਲੜ ਕਦੀ ਨਹੀਂ ਛੱਡਣਾ)

## ਸ਼ਰਧਾ ਦੀ ਗਿਆਰ੍ਹਵੀਂ ਨਿਸ਼ਾਨੀ

*ਜੋ ਪ੍ਰਭ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ॥*

(ਅੰਗ ੨੦੯)

ਕੁਝ ਸਮੇਂ ਬਾਅਦ ਉਸ ਨੇ ਆਪਣੇ ਘਰ ਦੇ ਮੈਂਬਰਾਂ ਨਾਲ ਸਲਾਹ ਕੀਤੀ ਕਿ ਜੇ **Electrician** ਬਣਨ ਦੀ ਗੱਲ ਨਹੀਂ ਬਣੀ, ਤਾਂ ਕੀ ਪਤਾ ਮੇਰੇ ਗੁਰੂ ਪਿਤਾ ਨੂੰ ਮੇਰੇ ਲਈ ਇਹ ਲਾਈਨ ਨਾ ਚੰਗੀ ਲੱਗੀ ਹੋਵੇ। ਉਹ ਮੈਨੂੰ ਕਿਸੇ ਹੋਰ ਲਾਈਨ ਵਿਚ ਪਾਉਣਾ ਚਾਹੁੰਦਾ ਹੋਵੇ। ਇਹ ਵਿਚਾਰ ਆਉਣ 'ਤੇ ਉਸ ਨੇ ਆਪਣੀ ਲਾਈਨ ਬਦਲ ਲੀਤੀ। ਹੁਣ ਉਸ ਨੇ ਜੱਜ ਦੀ ਲਾਈਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਅੱਜ ਉਹ ਗੁਰਮੁਖ ਪਿਆਰਾ ਬੜਾ ਵੱਡਾ ਜੱਜ ਦਾ ਔਹਦਾ ਪ੍ਰਾਪਤ ਕਰ ਚੁੱਕਾ ਹੈ। ਉਸ ਸਰੀਰ ਨੇ ਆਪ ਦਾਸ ਨੂੰ ਬਚਨ ਸੁਣਾਇਆ ਕਿ ਵਾਕਈ ਹੀ ਸਾਡਾ ਪਿਤਾ ਬੜਾ ਹੀ ਬੇਅੰਤ ਹੈ। ਅਸੀਂ ਉਸ ਦੀ ਲੀਲਾ ਨੂੰ ਸਮਝ ਨਹੀਂ ਸਕਦੇ। ਉਹ ਜੋ ਵੀ ਕਰਦਾ ਹੈ, ਸਾਡੇ ਭਲੇ ਲਈ ਹੀ ਕਰਦਾ ਹੈ। ਜੇ ਉਸ ਸਮੇਂ ਮੈਂ ਬਿਜਲੀ ਦੇ ਮਹਿਕਮੇ ਦੀ ਪੜ੍ਹਾਈ ਵਿੱਚੋਂ ਪਾਸ ਹੋ ਗਿਆ ਹੁੰਦਾ ਤਾਂ ਮੈਂ ਇਕ ਮਾਮੂਲੀ ਜਿਹਾ ਬਿਜਲੀ ਦਾ ਕਰਮਚਾਰੀ ਬਣਿਆ ਹੋਣਾ ਸੀ। ਜੇ ਮੈਂ ਫ਼ੇਲ੍ਹ ਨਾ ਹੁੰਦਾ ਤਾਂ ਇਸ ਲਾਈਨ ਵਲ ਤੁਰਨਾ ਹੀ ਨਹੀਂ ਸੀ। ਫ਼ੇਲ੍ਹ ਹੋਣ ਕਾਰਨ ਆਪਣੀ ਲਾਈਨ ਬਦਲਾਈ ਤੇ ਅੱਜ ਮੈਂ ਜੱਜ ਦੀ ਕੁਰਸੀ 'ਤੇ ਬੈਠਾ ਹਾਂ। ਅੱਜ ਮੇਰਾ ਸਭ ਪਾਸੇ ਮਾਣ ਹੈ, ਸਤਿਕਾਰ ਹੈ, ਮੇਰਾ ਹੁਕਮ ਚਲਦਾ ਹੈ। ਦਾਸ ਦਾ ਇਹ ਮਿਸਾਲ ਦੇਣ ਤੋਂ ਭਾਵ ਹੈ ਕਿ ਉਸ ਦੀ ਕਿਹੜੀ ਲੀਲਾ ਵਿਚ ਕੀ ਛੁਪਿਆ ਹੈ, ਕੋਈ ਕੀ ਜਾਣੇ। ਗੁਰੂ ਕਿਰਪਾ ਕਰੇ, ਜੋ ਕੁਝ ਸਹਿਜ-ਸੁਭਾਅ ਹੋ ਰਿਹਾ ਹੈ, ਉਸ ਵਿੱਚੋਂ ਉਸ ਦੇ ਹੁਕਮ ਨੂੰ ਪਛਾਨਣ ਦੀ ਦਾਤ ਸਾਨੂੰ ਮਿਲ ਜਾਵੇ, ਪਰਦਾ ਨਾ ਪਵੇ।

SIKHBOOKCLUB.COM

ਸੰਗਤ ਦਾ ਹੀ ਇਕ ਪ੍ਰੇਮੀ ਹੈ, ਉਸ ਦੀ ਧੀ ਦਾ ਰਿਸ਼ਤਾ ਹੋਇਆ। ਵਿਆਹ ਨੂੰ ਸਿਰਫ਼ 10 ਕੁ ਦਿਨ ਰਹਿ ਗਏ ਸਨ ਕਿ ਉਨ੍ਹਾਂ ਨੂੰ ਕਿਧਰੋਂ ਮੁੰਡੇ ਵਾਲਿਆਂ ਬਾਰੇ ਕੁਝ ਗੱਲਾਂ ਪਤਾ ਲੱਗੀਆਂ ਕਿ ਬਹੁਤ ਲਾਲਚੀ ਲੋਕ ਹਨ, ਮੁੰਡਾ ਸ਼ਰਾਬ ਵੀ ਬਹੁਤ ਪੀਂਦਾ ਹੈ। ਇਸੇ ਤਰ੍ਹਾਂ ਦੀਆਂ ਕੁਝ ਹੋਰ ਵੀ, ਜਿਸ ਕਾਰਨ ਉਨ੍ਹਾਂ ਨੇ ਆਪਣੀ ਬੱਚੀ ਦਾ ਰਿਸ਼ਤਾ ਉੱਥੋਂ ਤੋੜ ਦਿੱਤਾ। ਜਦੋਂ ਉਹ ਦਾਸ ਨੂੰ ਮਿਲਿਆ, ਬੜਾ ਹੀ ਉਦਾਸ। ਕਹਿਣ ਲੱਗਾ ਮਨ ਬਹੁਤ ਹੀ ਖ਼ਰਾਬ ਹੋ ਗਿਆ ਹੈ। 10 ਦਿਨ ਵਿਆਹ ਨੂੰ ਰਹਿ ਗਏ ਸਨ ਤੇ ਰਿਸ਼ਤਾ ਤੋੜਨਾ ਪਿਆ। ਦਾਸ ਨੇ ਬੇਨਤੀ ਕੀਤੀ ਕਿ ਹੁਕਮ ਪਛਾਣੋ। ਸ਼ਾਇਦ ਹੁਕਮ ਪਛਾਣੋ ਤਾਂ ਇਹ ਸੋਚ ਬਣ ਜਾਵੇ ਕਿ ਗੁਰੂ ਸਾਹਿਬ ਨੇ ਕਿਰਪਾ ਕੀਤੀ ਜੋ ਲੜਕੇ ਵਾਲਿਆਂ ਦੀ ਪੋਲ ਪਹਿਲਾਂ ਹੀ ਖੁੱਲ੍ਹ ਗਈ। ਉਨ੍ਹਾਂ ਦੀ ਸਚਾਈ ਪਹਿਲੇ ਹੀ ਸਾਹਮਣੇ ਆ ਗਈ, ਨਹੀਂ ਤਾਂ ਐਸੇ ਘਰ ਵਿਚ ਜੇ ਬੱਚੀ ਵਿਆਹ ਕੇ ਚੱਲੀ ਜਾਂਦੀ ਤਾਂ ਉਸ ਦੀ ਸਾਰੀ ਜ਼ਿੰਦਗੀ ਬਰਬਾਦ ਹੋ ਜਾਣੀ ਸੀ। ਭਾਵ ਹੈ ਤਾਂ ਥੋੜ੍ਹਾ ਔਖਾ ਪਰ ਹੁਕਮ ਪਛਾਨਣ ਦੀ ਦਾਤ ਮਿਲ ਜਾਵੇ

ਤਾਂ ਉਲਾਂਭਾ ਸ਼ੁਕਰਾਨਾ ਵੀ ਬਣ ਸਕਦਾ ਹੈ।

ਇਕ ਬੀਬੀ ਜੀ ਹਿੰਦੂ ਧਰਮ ਦੇ ਮਹਾਂਪੁਰਸ਼ ਹਨ। ਗੁਰਮਤ ਦੇ ਨਾਤੇ ਉਨ੍ਹਾਂ ਨਾਲ ਮੇਲ ਹੈ, ਕੋਈ ਰਿਸ਼ਤੇਦਾਰੀ ਨਹੀਂ। ਬਹੁਤ ਰੰਗੀ ਹੋਈ ਰੂਹ ਹੈ, ਬਹੁਤ ਕਿਰਪਾ ਹੈ। ਜਦੋਂ ਕਥਾ ਕਰਦੇ ਹਨ 50, 000 ਦੇ ਕਰੀਬ ਸਰੀਰ ਉਨ੍ਹਾਂ ਦੇ ਬਚਨਾਂ ਨੂੰ ਆਪਣੀ ਝੋਲੀ ਵਿਚ ਪੁਆਉਣ ਲਈ ਦੀਵਾਨ ਵਿਚ ਬੈਠਾ ਹੁੰਦਾ ਹੈ। ਇਕ ਵਾਰੀ ਉਸ ਨਾਲ ਮੇਲ ਹੋਇਆ ਤੇ ਉਨ੍ਹਾਂ ਨੇ ਇਕ ਬਚਨ ਸੁਣਾਇਆ ਕਿ ਮੇਰੇ ਜੋ 'ਗੁਰੂ ਜੀ' ਹਨ, ਇਤਨਾ ਪ੍ਰਮੇਸ਼ਰ ਦੇ ਰੰਗ ਵਿਚ ਰੰਗੇ ਹੋਏ ਹਨ ਕਿ ਵੱਡੇ ਤੋਂ ਵੱਡਾ ਦੁੱਖ ਵੀ ਉਨ੍ਹਾਂ ਨੂੰ ਪੋਂਹਦਾ ਨਹੀਂ, ਕੋਈ ਦੁੱਖ ਦੀ ਘੜੀ ਵੀ ਬਣ ਜਾਵੇ, ਉਸ ਵਿੱਚੋਂ ਵੀ ਕੋਈ ਨਾ ਕੋਈ ਪ੍ਰਮੇਸ਼ਰ ਦਾ ਗੁਣ ਲੱਭ ਕੇ ਉਸ ਦੇ ਪ੍ਰੇਮ ਵਿਚ ਰੰਗੇ ਰਹਿੰਦੇ ਹਨ।

(ਸਾਡੇ ਸਿੱਖਾਂ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਹੁਕਮ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹਨ, ਕਿਸੇ ਦੇਹਧਾਰੀ ਨੂੰ ਗੁਰੂ ਧਾਰਨ ਕਰਨ ਦਾ ਹੁਕਮ ਨਹੀਂ, ਪਰੰਤੂ ਹਿੰਦੂ ਧਰਮ ਵਿਚ ਦੇਹਧਾਰੀ ਨੂੰ, ਇਨਸਾਨ ਨੂੰ ਗੁਰੂ ਧਾਰਨ ਕਰਦੇ ਹਨ। ਉਨ੍ਹਾਂ ਬਚਨ ਸੁਣਾਇਆ। ਕਹਿੰਦੇ ਹਨ ਕਿ ਜਿਨ੍ਹਾਂ ਨੂੰ ਮੈਂ ਆਪਣਾ ਗੁਰੂ ਧਾਰਿਆ ਹੈ, ਉਹ ਵੀ ਬੀਬੀ ਹੈ। 18 ਸਾਲ ਬੀਤ ਗਏ ਸੀ, ਉਨ੍ਹਾਂ ਦੇ ਦਰਸ਼ਨ ਨਹੀਂ ਸੀ ਕਰਨ ਗਈ। ਇਕ ਦਿਨ ਬੈਠੇ-ਬੈਠੇ ਮਨ ਵਿਚ ਬੜੀ ਤੜਪ ਉੱਠੀ ਉਨ੍ਹਾਂ ਦੇ ਦਰਸ਼ਨਾਂ ਦੀ। ਜਦੋਂ ਦਰਸ਼ਨ ਕਰਨ ਉਨ੍ਹਾਂ ਦੇ ਅਸਥਾਨ 'ਤੇ ਗਈ ਤਾਂ ਦੇਖਿਆ ਕਿ ਉਨ੍ਹਾਂ ਦੀ ਤਬੀਅਤ ਬਹੁਤ ਜ਼ਿਆਦਾ ਖ਼ਰਾਬ ਸੀ। ਵਡੇਰੀ ਉਮਰ ਹੋ ਗਈ ਸੀ, ਮੰਜੇ 'ਤੇ ਲੰਮੇ ਪਏ ਸਨ। ਉਨ੍ਹਾਂ ਦੇ ਜੋ ਪਿਆਰ ਕਰਨ ਵਾਲੇ ਉੱਥੇ ਸਨ, ਉਨ੍ਹਾਂ ਕੋਲੋਂ ਹੀ ਪਤਾ ਚਲਿਆ ਕਿ ਇਨ੍ਹਾਂ ਦੀ ਹਾਲਤ ਇੰਨੀ ਕੁ ਵਿਗੜੀ ਹੋਈ ਹੈ ਕਿ ਜੰਗਲ ਪਾਣੀ ਵੀ ਮੰਜੇ 'ਤੇ ਹੀ ਲੰਮੇ ਪਏ ਹੁੰਦਾ ਹੈ, ਬਿਲਕੁਲ ਵੀ ਨਹੀਂ ਉੱਠ ਸਕਦੇ। ਇਹ ਸਭ ਦੇਖ ਸੁਣ ਕੇ ਜਦੋਂ ਮੈਂ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਇਤਨਾ ਕਸ਼ਟ ਭੋਗ ਰਹੇ ਹੋ, ਤੁਹਾਡੀ ਤਾਂ ਬਹੁਤ ਹੀ ਮਾੜੀ ਹਾਲਤ ਹੋ ਗਈ ਹੈ, ਤੁਸੀਂ ਤਾਂ ਲੈਟਰੀਨ ਕਿਰਿਆ ਵੀ ਮੰਜੇ 'ਤੇ ਹੀ ਕਰ ਰਹੇ ਹੋ। ਬਹੁਤ ਮੁਸ਼ਕਲ ਬਣੀ ਹੈ। ਉਨ੍ਹਾਂ ਦੱਸਿਆ ਕਿ ਜੋ ਮੇਰੇ ਗੁਰੂ ਜੀ ਨੇ ਜੁਆਬ ਦਿੱਤਾ, ਮੈਂ ਉਹ ਸੁਣ ਕੇ ਹੈਰਾਨ ਹੋ ਗਈ। ਆਪਣੇ ਗੁਰੂ ਦੀ ਇੰਨੀ ਉੱਚੀ ਅਵਸਥਾ ਤੇ ਸੋਚ ਵੇਖ ਕੇ ਸੀਸ ਝੁਕ ਗਿਆ। ਉਨ੍ਹਾਂ ਆਖਿਆ - ਮੈਨੂੰ ਤਾਂ ਕੋਈ ਕਸ਼ਟ ਨਹੀਂ, ਕੋਈ ਮੁਸ਼ਕਲ ਨਹੀਂ ਹੋ ਰਹੀ, ਕੌਣ ਕਹਿੰਦਾ ਹੈ ਮੇਰੀ ਹਾਲਤ ਮਾੜੀ ਹੈ ਬਲਕਿ ਮੈਂ ਤਾਂ ਖ਼ੁਸ਼ ਹਾਂ ਕਿ ਮੇਰੇ ਮਾਲਕ ਨੇ, ਪ੍ਰਮੇਸ਼ਰ ਨੇ ਮੈਨੂੰ ਫਿਰ ਤੋਂ ਛੋਟਾ ਜਿਹਾ ਬੱਚਾ ਬਣਾ ਦਿੱਤਾ ਹੈ, ਮੈਂ ਤਾਂ ਇਕ ਵਾਰ ਫਿਰ ਤੋਂ ਆਪਣਾ ਬਚਪਨ ਜਿਉਂ ਰਹੀ ਹਾਂ, ਆਪਣੀ ਬਾਲ-ਅਵਸਥਾ ਦਾ ਅਨੰਦ ਮਾਣ ਰਹੀ ਹਾਂ। ਜਿਵੇਂ ਛੋਟਾ ਬੱਚਾ ਬਿਸਤਰੇ 'ਤੇ ਲੰਮਾ ਪਿਆ ਹੀ ਮਲ-ਮੂਤਰ ਤਿਆਗਦਾ ਹੈ, ਉਸਨੂੰ ਕੋਈ ਫ਼ਿਕਰ ਨਹੀਂ ਹੁੰਦਾ, ਉਸ ਦੀ ਮਾਂ, ਦਾਦੀ, ਵੱਡੇ-ਵਡੇਰੇ ਆਪੇ ਹੀ ਉਸ ਨੂੰ ਸੰਭਾਲਦੇ

ਹਨ, ਉਸ ਦੀ ਹਰ ਤਰ੍ਹਾਂ ਦੀ ਫਿਕਰ ਰੱਖਦੇ ਹਨ, ਠੀਕ ਉਸੇ ਤਰ੍ਹਾਂ ਹੀ ਮੈਨੂੰ ਵੀ ਸੰਗਤ ਦੇ ਸਰੀਰ, ਮੇਰੇ ਪਿਆਰੇ ਮੈਨੂੰ ਸੰਭਾਲ ਰਹੇ ਹਨ, ਮੇਰੀ ਹਰ ਤਰ੍ਹਾਂ ਦੀ ਫ਼ਿਕਰ ਕਰ ਰਹੇ ਹਨ। ਧਿਆਨ ਦੇਣਾ-ਦਾਸ ਜੋ ਗੱਲ ਸਾਂਝੀ ਕਰ ਰਿਹਾ ਹੈ ਕਿ ਜਿਹੜੇ ਹੁਕਮ ਦੇ ਸਿਧਾਂਤ ਨੂੰ ਸਮਝਦੇ ਹਨ, ਦੁੱਖ ਆਉਣ 'ਤੇ ਵੀ ਸਹਜ ਵਿਚ ਰਹਿੰਦੇ ਹਨ, ਉਸ ਦੁੱਖ ਵਿੱਚੋਂ ਵੀ ਮਾਲਕ ਦਾ, ਪ੍ਰਮੇਸ਼ਰ ਦਾ ਕੋਈ ਨਾ ਕੋਈ ਗੁਣ ਹੀ ਵੇਖਦੇ ਹਨ।

ਦਾਸ ਇਕ ਹੋਰ ਜ਼ਿਕਰ ਸਾਂਝਾ ਕਰੇ ਤਾਂ ਕਿ ਗੱਲ ਚੰਗੀ ਤਰ੍ਹਾਂ ਸਮਝ ਵਿਚ ਆ ਜਾਵੇ। ਅੰਮ੍ਰਿਤਸਰ ਦੇ ਦੋ ਸਰੀਰਾਂ ਦੀ ਫ਼ਿਰੋਜ਼ਪੁਰ ਬਦਲੀ ਹੋ ਗਈ। ਇਕ ਖੇਤੀ ਬਾੜੀ ਦੇ ਮਹਿਕਮੇ ਵਿਚ ਸੀ ਤੇ ਦੂਜਾ ਬੈਂਕ ਵਿਚ। ਇਕ ਨਾਲ ਜਦੋਂ ਮੇਲ ਹੋਇਆ ਤਾਂ ਕਹਿੰਦਾ ਹੈ ਕਿ ਬੜਾ ਦੁਖੀ ਹਾਂ। ਚੰਗਾ ਭਲਾ ਪਹਿਲਾਂ ਅੰਮ੍ਰਿਤਸਰ ਸੀ, ਫ਼ਿਰੋਜ਼ਪੁਰ ਬਦਲੀ ਹੋ ਜਾਣ ਕਾਰਨ ਬਹੁਤ ਮੁਸ਼ਕਿਲ ਬਣ ਗਈ ਹੈ। ਰੋਜ਼ ਆਉਣ ਜਾਣ ਨਾਲ ਬੜਾ ਦਿਮਾਗ਼ ਖੱਪਦਾ ਹੈ, ਬਹੁਤ ਟਾਈਮ ਖ਼ਰਾਬ ਹੁੰਦਾ ਹੈ। ਕੁਦਰਤੀ ਕੁਝ ਦਿਨ ਬਾਅਦ ਦੂਸਰੇ ਸਰੀਰ ਨਾਲ ਮੇਲ ਹੋਇਆ। ਦਾਸ ਨੇ ਸੋਚਿਆ ਇਹ ਵੀ ਉਲਾਂਭਾ ਦੇਵੇਗਾ ਕਿ ਬਾਹਰ ਬਦਲੀ ਹੋ ਗਈ ਹੈ ਪਹਿਲਾਂ ਅਰਾਮ ਸੀ ਹੁਣ ਬਹੁਤ ਮੁਸ਼ਕਲ ਹੈ, ਪਰ ਉਸ ਦੀ ਗੱਲ ਸੁਣ ਕੇ ਦਾਸ ਨੂੰ ਬੜੀ ਖ਼ੁਸ਼ੀ ਹੋਈ। ਉਹ ਕਹਿਣ ਲੱਗਾ, ਜਦੋਂ ਦੀ ਫ਼ਿਰੋਜ਼ਪੁਰ ਬਦਲੀ ਹੋਈ ਹੈ, ਅਨੰਦ ਬਣ ਗਿਆ ਹੈ। ਮੈਂ ਤਾਂ ਬਹੁਤ ਖ਼ੁਸ਼ ਹਾਂ। ਦੋ ਘੰਟੇ ਉਥੇ ਜਾਣ ਵਿਚ ਲਗਦੇ ਹਨ ਤੇ ਦੋ ਘੰਟੇ ਵਾਪਸ ਅੰਮ੍ਰਿਤਸਰ ਆਉਣ ਵਿਚ, ਮੇਰਾ ਤਾਂ ਕਿੰਨਾ ਹੀ ਨੇਮ ਵੱਧ ਗਿਆ ਹੈ। ਦਾਸ ਨੇ ਹੈਰਾਨ ਹੋ ਕੇ ਪੁੱਛਿਆ ਕਿ ਉਹ ਕਿਵੇਂ ? ਘਰ ਬੈਠ ਕੇ ਵੀ ਤਾਂ ਉਤਨਾ ਸਮਾਂ ਨੇਮ ਕੀਤਾ ਹੀ ਜਾ ਸਕਦਾ ਹੈ। ਫਿਰ ਸਫ਼ਰ ਦੇ ਦੌਰਾਨ ਜ਼ਿਆਦਾ ਅਨੰਦ ਦੀ ਗੱਲ ਕਿਵੇਂ ਬਣ ਗਈ ? ਉਹ ਕਹਿਣ ਲੱਗਾ, ਸਫ਼ਰ ਦੇ ਦੌਰਾਨ ਨਾ ਕਿਸੇ ਮਿਲਣ ਵਾਲੇ ਨੇ ਆਉਣਾ ਹੈ। ਨਾ ਬੱਚਿਆਂ ਨੇ ਤੰਗ ਕਰਨਾ ਹੈ, ਨਾ ਕੋਈ ਪਤਨੀ ਨੇ ਕੰਮ-ਕਾਰ ਕਹਿਣਾ ਹੈ। ਨਾ ਕਿਸੇ ਨੇ ਪਾਠ ਕਰਦਿਆਂ ਵਿਚ ਬੁਲਾਉਣਾ ਹੈ। ਜਦੋਂ ਬਸ ਚਲਦੀ ਹੈ ਬੜੇ ਆਰਾਮ ਨਾਲ, ਆਪਣੀ ਸੀਟ 'ਤੇ ਗੁਟਕਾ ਸਾਹਿਬ ਲੈ ਕੇ ਬੈਠ ਜਾਂਦਾ ਹਾਂ ਤੇ ਗੁਰੂ ਦੇ ਚਰਨਾਂ ਵਿਚ ਬਿਰਤੀ ਜੋੜ ਕੇ ਅਰਾਮ ਨਾਲ ਟਿਕ ਕੇ ਪਾਠ ਕਰਦਾ ਰਹਿੰਦਾ ਹਾਂ, ਕੋਈ ਫ਼ਿਕਰ ਨਹੀਂ ਹੁੰਦੀ। ਹੁਣ ਦੋਵੇਂ ਮਿਸਾਲਾਂ ਵੇਖ ਕੇ ਸਮਝ ਲੈ ਲਵੋ ਕਿ ਇਕ ਰੱਬ ਦੇ ਹੁਕਮ ਨੂੰ ਕੋਸ ਰਿਹਾ ਹੈ, ਦੁਖੀ ਹੈ ਤੇ ਦੂਜੇ ਨੇ ਉਸੇ ਹੁਕਮ ਵਿਚੋਂ ਖ਼ੁਸ਼ੀ ਲੱਭ ਲਈ ਹੈ।

ਜਿਹੜੇ ਬੱਚੇ ਪਿਉ ਦੇ ਕਹਿਣ ਵਿਚ ਰਹਿਣ, ਪਿਉ ਨਾਲ ਪ੍ਰੇਮ ਕਰਨ, ਉਨ੍ਹਾਂ ਨੂੰ ਪਿਤਾ ਦੀ ਖ਼ੁਸ਼ੀ, ਪਿਤਾ ਦਾ ਪਿਆਰ ਪ੍ਰਾਪਤ ਹੁੰਦਾ ਹੈ। ਜੇ ਅਸੀਂ ਉਸ ਦੇ ਆਗਿਆਕਾਰੀ ਬਣ ਕੇ ਰਹਾਂਗੇ ਫਿਰ ਸਾਨੂੰ ਉਸ ਦੇ ਦਰ ਤੋਂ ਖ਼ੁਸ਼ੀਆਂ ਤੇ ਬਖ਼ਸ਼ਿਸ਼ਾਂ ਜ਼ਰੂਰ ਪ੍ਰਾਪਤ ਹੋਣਗੀਆਂ। ਪ੍ਰਮੇਸ਼ਰ ਦੇ ਹੁਕਮ ਨੂੰ ਮਿੱਠਾ ਕਰ ਕੇ ਮੰਨਣਾ ਇਕ ਕੁੰਜੀ ਹੈ ਜੋ ਉਸ ਦੇ ਦਰਬਾਰ ਦੇ ਕਿਵਾੜ ਖੁੱਲ੍ਹਣ ਵਿਚ ਸਹਾਈ ਹੁੰਦਾ ਹੈ।

### ਸ਼ਰਧਾ ਦੀਆਂ ਗਿਆਰ੍ਹਾਂ ਨਿਸ਼ਾਨੀਆਂ

*ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥*
*ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥*
*ਤਾ ਦਰਗਹ ਪੈਧਾ ਜਾਇਸੀ॥*

(ਅੰਗ ੪੭੧)

ਕਿਸੇ ਦੀ ਵੀ ਖ਼ੁਸ਼ੀ ਲੈਣ ਲਈ ਉਸ ਦੇ ਹੁਕਮ ਅਨੁਸਾਰ ਚਲਣਾ ਜ਼ਰੂਰੀ ਹੁੰਦਾ ਹੈ। ਇਕ ਨੌਕਰ ਆਪਣੇ ਮਾਲਕ ਦੀ ਆਗਿਆ ਵਿਚ ਰਹਿ ਕੇ, ਇਕ ਵਿਦਿਆਰਥੀ ਆਪਣੇ ਅਧਿਆਪਕ ਦੀ ਆਗਿਆ ਵਿਚ ਰਹਿ ਕੇ, ਔਲਾਦ ਆਪਣੇ ਮਾਤਾ-ਪਿਤਾ ਦੀ ਆਗਿਆ ਵਿਚ ਰਹਿ ਕੇ, ਉਨ੍ਹਾਂ ਦਾ ਦਿਲ ਜਿੱਤ ਕੇ, ਉਨ੍ਹਾਂ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦਾ ਹੈ। ਇਸੇ ਤਰ੍ਹਾਂ ਜੇ ਅਸੀਂ ਚਾਹੁੰਦੇ ਹਾਂ ਦੀਨ-ਦੁਨੀਆਂ ਦੇ ਮਾਲਕ ਦੀ ਪ੍ਰਸੰਨਤਾ ਲੈਣੀ, ਜਗਤ-ਪਿਤਾ ਦਾ ਪਿਆਰ ਪ੍ਰਾਪਤ ਕਰਨਾ, ਉਸ ਦਾ ਦਿਲ ਜਿੱਤਣਾ ਤਾਂ ਉਸ ਦੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਸ ਪਰਮ ਪਿਤਾ ਦੇ ਹੁਕਮ ਵਿਚ ਤੁਰੀਏ।

ਆਮ ਇਨਸਾਨ ਪ੍ਰਮੇਸ਼ਰ ਦਾ ਅੱਧਾ ਕੁ ਹੁਕਮ ਮੰਨਦਾ ਹੈ, ਅੱਧਾ ਕੁ ਨਹੀਂ, ਭਾਵ ਕਿ ਉਸ ਨੂੰ ਪ੍ਰਮੇਸ਼ਰ ਦੇ ਬਖ਼ਸ਼ੇ ਹੋਏ ਸੁੱਖ ਤਾਂ ਕਬੂਲ ਹਨ ਪਰ ਦੁੱਖ ਨਹੀਂ। ਹਰ ਕੋਈ ਸੁੱਖ ਚਾਹੁੰਦਾ ਹੈ ਪਰ ਫਿਰ ਵੀ ਦੁੱਖ ਆ ਹੀ ਜਾਂਦੇ ਹਨ। ਜਿਹੜੇ ਗੁਰਮੁਖ ਪਿਆਰੇ ਗੁਰੂ ਦੀ ਕਿਰਪਾ ਨਾਲ ਦੁਖਾਂ ਨੂੰ ਵੀ ਰੱਬੀ ਹੁਕਮ ਮੰਨ ਕੇ ਸਿਰ ਮੱਥੇ ਕਬੂਲਦੇ ਹਨ, ਕਿਉਂਕਿ ਉਨ੍ਹਾਂ ਦਾ ਆਪਣੇ ਮਾਲਕ ਪ੍ਰਤੀ ਇਹ ਵਿਚਾਰ ਦ੍ਰਿੜ੍ਹ ਹੁੰਦਾ ਹੈ ਕਿ ਉਹ ਸਾਡਾ ਮਿੱਤਰ ਹੈ, ਉਹ ਕਦੀ ਵੀ ਸਾਡਾ ਬੁਰਾ ਨਹੀਂ ਕਰ ਸਕਦਾ। ਜੇ ਉਸ ਨੇ ਕੋਈ ਦੁੱਖ ਭੇਜਿਆ ਵੀ ਹੈ ਤਾਂ ਵੀ ਉਸ ਪਿੱਛੇ ਜ਼ਰੂਰ ਹੀ ਕੋਈ ਸਾਡੀ ਹੀ ਭਲਾਈ ਛੁਪੀ ਹੋਈ ਹੈ ਜਾਂ ਫਿਰ ਇਹ ਕਿ ਸੱਚਾ ਪਿਤਾ ਵਾਹਿਗੁਰੂ ਇਸ ਤਰ੍ਹਾਂ ਕਰ ਕੇ ਜ਼ਰੂਰ ਹੀ ਸਾਡਾ ਕੋਈ ਪਿਛਲਾ ਕਰਜ਼ਾ ਲਾਹ ਰਿਹਾ ਹੈ। ਉਸ ਦੀ ਰਜ਼ਾ ਵਿਚ ਚੱਲਣਾ ਹੈ ਤਾਂ ਬਹੁਤ ਹੀ ਔਖਾ ਪਰ ਜਿਸ ਨੂੰ ਪੂਰਾ ਗੁਰੂ ਮਿਲ ਜਾਵੇ ਤੇ ਉਹ ਆਪ ਤ੍ਰੁੱਠ ਕੇ ਜਿਸ 'ਤੇ ਕਿਰਪਾ ਕਰ ਦੇਵੇ ਫਿਰ ਉਸ ਦਾ ਮਨ ਇਤਨਾ ਬਲਵਾਨ ਹੋ ਜਾਂਦਾ ਹੈ ਕਿ ਉਸ ਨੂੰ ਦੁੱਖ ਪੋਂਹਦਾ ਨਹੀਂ, ਦੁੱਖ ਵੀ ਸੁਖ ਨਜ਼ਰ ਆਉਣ ਲੱਗਦਾ ਹੈ। ਜਿਸ 'ਤੇ ਮਾਲਕ ਆਪ ਕਿਰਪਾ ਕਰੇ ਉਸ ਨੂੰ ਹੀ ਆਪਣੇ ਹੁਕਮ ਵਿਚ ਚਲਾਉਂਦਾ ਹੈ ਤੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ।

*ਹੁਕਮੁ ਭੀ ਤਿਨ੍ਹਾ ਮਨਾਇਸੀ ਜਿਨ੍ ਕਉ ਨਦਰਿ ਕਰੇਇ॥*
*ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ॥*

(ਅੰਗ ੫੧੦)

ਇਕ ਵਾਰੀ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ ਸੀ, ਸੱਚੇ

ਪਾਤਸ਼ਾਹ! ਪ੍ਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ, ਕੂੜ ਦੀ ਦੀਵਾਰ ਕਿਵੇਂ ਟੁੱਟੇ-

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*

(ਅੰਗ ੧)

ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਪੁਰਖਾ! ਜਿਹੜਾ ਗੁਰੂ ਦੇ ਹੁਕਮ ਵਿਚ ਚਲਦਾ ਹੈ, ਗੁਰੂ ਦੀ ਰਜ਼ਾ ਵਿਚ ਆ ਜਾਂਦਾ ਹੈ, ਉਸ ਦੀ ਕੂੜ ਦੀ ਦੀਵਾਰ ਅਥਵਾ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ।

ਇਸ ਦੇ ਉਲਟ ਜਿਹੜੇ ਹੁਕਮ ਨੂੰ ਨਹੀਂ ਪਛਾਣਦੇ, ਉਹ ਹਰ ਵੇਲੇ ਵਿਲਕਦੇ ਰਹਿੰਦੇ ਹਨ, ਚਿੰਤਾ ਵਿਚ ਰਹਿੰਦੇ ਹਨ। ਹੈ ਤਾਂ ਸਭ ਕੁਝ ਉਸ ਪ੍ਰਮੇਸ਼ਰ ਦੇ ਹੁਕਮ ਵਿਚ, ਸਾਰਿਆਂ ਦੇ ਵਿਚ ਉਹੀ ਨਿਵਾਸ ਕਰਦਾ ਹੈ। ਹੋਣਾ ਤਾਂ ਉਹੀ ਕੁਝ ਹੈ ਜੋ ਪ੍ਰਮੇਸ਼ਰ ਨੂੰ ਮਨਜ਼ੂਰ ਹੋਵੇ, ਉਸ ਨੂੰ ਭਾਉਂਦਾ ਹੋਵੇ, ਮਨੁੱਖ ਦੇ ਚਾਹੁਣ ਜਾਂ ਨਾ ਚਾਹੁਣ ਨਾਲ ਕੋਈ ਫ਼ਰਕ ਨਹੀਂ ਪੈ ਸਕਦਾ। ਮਨੁੱਖ ਨੇ ਤਾਂ ਹੁਣ ਇਹ ਦੇਖਣਾ ਹੈ ਕਿ ਚਾਹੇ ਤਾਂ ਉਹ ਪ੍ਰਮੇਸ਼ਰ ਦੀ ਰਜ਼ਾ ਵਿਚ ਰਹਿ ਕੇ ਆਪਣਾ ਜੀਵਨ ਸਫਲਾ ਕਰ ਲਵੇ ਤੇ ਚਾਹੇ ਉਸ ਦੇ ਹੁਕਮ 'ਤੇ ਕਿੰਤੂ ਪ੍ਰੰਤੂ ਕਰ ਕੇ ਆਪਣੇ ਮਨ ਨੂੰ ਕਲਪਣਾ ਵਿਚ ਪਾਈ ਰੱਖੇ। ਉਸ ਦੇ ਹੁਕਮ ਨੂੰ ਮੋੜ ਤਾਂ ਕੋਈ ਸਕਦਾ ਨਹੀਂ। ਵੱਡੇ-ਵੱਡੇ ਬਾਦਸ਼ਾਹ, ਧਨਵਾਨ, ਬਲਵਾਨ ਸਭ ਨੂੰ ਉਸ ਦੇ ਹੁਕਮ ਮੁਤਾਬਿਕ ਚਲਣਾ ਹੀ ਪੈਂਦਾ ਹੈ। ਇਸ ਲਈ ਸਿਆਣਪ ਇਸੇ ਵਿਚ ਹੈ ਕਿ ਮਨੁੱਖ ਉਸ ਕੰਮ ਨੂੰ ਚੰਗਾ ਕਰ ਕੇ, ਭਲਾ ਕਰ ਕੇ ਮੰਨ ਲਵੇ ਜੋ ਉਸ ਨੂੰ ਭਾਉਂਦਾ ਹੈ। ਧੰਨ ਗੁਰੂ ਅੰਗਦ ਸਾਹਿਬ ਜੋ ਆਪ ਵੀ ਹੁਕਮ ਮੰਨਣ ਦਾ ਸਰੂਪ ਹੋਏ ਹਨ, ਇਹੀ ਉਪਦੇਸ਼ ਕਰਦੇ ਹਨ ਕਿ ਇਕ ਸੱਚੇ ਜਗਿਆਸੂ ਲਈ ਜੋ ਇਕ ਪ੍ਰਮੇਸ਼ਰ ਦਾ ਪਿਆਰ ਪਾਉਣਾ ਚਾਹੁੰਦਾ ਹੈ, ਉਸ ਦੇ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਹਉਮੈ ਦਾ ਤਿਆਗ ਕਰ ਕੇ ਪ੍ਰਮੇਸ਼ਰ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਤੁਰੇ।

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*

(ਅੰਗ ੮੩)

ਪ੍ਰਮੇਸ਼ਰ ਦੀ ਰਜ਼ਾ ਵਿਚ ਰਹਿਣਾ, ਭਾਣੇ ਨੂੰ ਮਿੱਠਾ ਕਰ ਕੇ ਮੰਨਣਾ, ਇਹ ਸਿਰੇ ਦੀ ਸਟੇਜ ਹੈ। ਭਾਣੇ ਦੀ ਅਵਸਥਾ ਉਸ ਗੁਰਮੁਖ 'ਤੇ ਆਉਂਦੀ ਹੈ ਜਿਸ ਦੀ ਆਤਮਕ ਕਮਾਈ ਪੂਰਨਤਾ 'ਤੇ ਪਹੁੰਚ ਜਾਵੇ। ਜਿਵੇ ਐਮ.ਏ. ਦੀ ਡਿਗਰੀ ਦੁਨਿਆਵੀ ਕਾਲਜਾਂ ਵਿਚ ਆਖ਼ਰੀ ਕਲਾਸ ਦੇ ਵਿਦਿਆਰਥੀਆਂ ਨੂੰ ਮਿਲਦੀ ਹੈ, ਤਿਵੇਂ ਹੀ ਭਾਣੇ ਦੀ ਅਵਸਥਾ ਦੀ ਡਿਗਰੀ ਉਨ੍ਹਾਂ ਆਤਮਕ ਵਿਦਿਆਰਥੀਆਂ ਨੂੰ ਮਿਲਦੀ ਹੈ ਜਿਨ੍ਹਾਂ ਦੀ ਥੱਲੇ ਦੀ ਵਿਦਿਆ ਸੰਪੂਰਣ ਹੋ ਚੁੱਕੀ ਹੋਵੇ। ਚੌਥੀ ਪੰਜਵੀਂ ਦੇ ਵਿਦਿਆਰਥੀਆਂ ਦੀ

ਸਮਝ ਵਿਚ ਐਮ.ਏ. ਦੀ ਪੜ੍ਹਾਈ ਨਹੀਂ ਆ ਸਕਦੀ, ਤਿਵੇਂ ਹੀ ਆਤਮਕ ਅਵਸਥਾ ਦੀਆਂ ਹੇਠਲੀਆਂ ਸਟੇਜਾਂ ਵਿਚ ਵਿਚਰਨ ਵਾਲੇ ਦੀ ਸਮਝ ਵਿਚ ਭਾਣੇ ਦੀ ਪੜ੍ਹਾਈ ਨਹੀਂ ਆ ਸਕਦੀ। ਆਮ ਗੁਰਸਿੱਖ ਜੇ ਕਰ ਆਪਣੇ ਆਪ ਨੂੰ ਭਾਣੇ ਦੀ ਅਵਸਥਾ ਦੇ ਯੋਗ ਨਾ ਸਮਝਣ ਤਾਂ ਉਨ੍ਹਾਂ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਇਹ ਭਾਣੇ ਵਿਚ ਚਲਣ ਦੀ ਅਵਸਥਾ ਬੜੀ ਹੌਲੀ-ਹੌਲੀ ਪੈਦਾ ਹੁੰਦੀ ਹੈ, ਇਸ ਦੇ ਲਈ ਹਰੇਕ ਨੂੰ ਆਪਣੇ ਆਪ ਨੂੰ ਭਾਣੇ ਦੀ ਅਵਸਥਾ ਦਾ ਪਾਤਰ ਨਹੀਂ ਸਮਝਣਾ ਚਾਹੀਦਾ। (ਇਥੇ ਦਾਸ ਇਕ ਗੱਲ ਖੋਲ੍ਹ ਦੇਵੇ ਕਿ ਸਾਡੇ ਵਿੱਚੋਂ ਕਈ ਸਰੀਰ ਜਦੋਂ ਕਿਸੇ ਮੁਸੀਬਤ ਵਿਚ ਫੱਸ ਜਾਂਦੇ ਹਨ ਜਾਂ ਜਿਸ ਦੁੱਖ ਵਿੱਚੋਂ ਨਿਕਲਣ ਦਾ ਰਾਹ ਨਹੀਂ ਨਜ਼ਰ ਆਉਂਦਾ ਤਾਂ ਉਸ ਲਾਚਾਰੀ ਨੂੰ ਭਾਣੇ ਦਾ ਨਾਂ ਦੇ ਦਿੰਦੇ ਹਨ ਤੇ ਕਹਿੰਦੇ ਹਨ, 'ਜਿਵੇਂ ਰੱਬ ਦਾ ਭਾਣਾ' ਪਰ ਅਸਲ ਵਿਚ ਇਹ ਭਾਣੇ ਵਿਚ ਪਹੁੰਚਣ ਦੀ ਅਵਸਥਾ ਨਹੀਂ ਬਲਕਿ ਮਜਬੂਰੀ ਹੈ।

ਕੋਈ ਹੇਠਲੀ ਪੌੜੀ 'ਤੇ ਖੜ੍ਹਾ ਇਨਸਾਨ ਜੇਕਰ ਉਪਰ ਪਹੁੰਚਣਾ ਚਾਹੁੰਦਾ ਹੈ, ਅਖ਼ੀਰਲੀ ਪੌੜੀ 'ਤੇ ਪਹੁੰਚਣਾ ਚਾਹੁੰਦਾ ਹੈ ਤਾਂ ਉਹ ਕਦਮ-ਬ-ਕਦਮ, ਇਕ-ਇਕ ਪੌੜੀ ਚੜ੍ਹ ਕੇ ਹੀ ਅਖ਼ੀਰਲੀ ਪੌੜੀ 'ਤੇ ਪਹੁੰਚ ਸਕਦਾ ਹੈ। ਭਾਣੇ ਦੀ ਅਵਸਥਾ ਦੇ ਪਾਤਰ ਬਨਣਾ ਇਨਸਾਨ ਦੇ ਆਤਮਕ ਤਜਰਬੇ ਦੀ ਆਖ਼ਰੀ ਟੀਸੀ ਹੈ। ਭਾਣੇ ਦੀ ਅਵਸਥਾ ਗੁਰਮੁਖ ਦੀ ਆਖ਼ਰੀ ਅਵਸਥਾ ਹੈ ਜਿਸ ਵਿਚ ਉਦੋਂ ਹੀ ਖੇਡਿਆ ਜਾ ਸਕਦਾ ਹੈ ਜਦੋਂ ਗੁਰਮੁਖ ਪਹਿਲੀਆਂ ਸਭ ਆਤਮਕ ਅਵਸਥਾਵਾਂ ਵਿਚ ਖੇਡ ਲਵੇ।

ਸੰਤ ਅਤਰ ਸਿੰਘ ਜੀ ਨੇ ਇਕ ਵਾਰੀ ਆਪਣੇ ਸੇਵਾਦਾਰਾਂ ਨੂੰ ਪੁੱਛਿਆ ਸੀ 'ਗੁਰੂ ਨਾਨਕ ਦੇ ਘਰ ਦੀ ਕੱਚੀ ਕਲਾਸ ਕਿਹੜੀ ਹੈ ਤੇ ਆਖ਼ਰੀ ਕਲਾਸ ਡਬਲ ਐਮ.ਏ. ਕਿਹੜੀ ਹੈ ? ਸੇਵਕ ਕਹਿਣ ਲੱਗੇ ਕਿ ਸਾਡੀ ਬੁੱਧੀ ਤੁੱਛ ਹੈ। ਤੁਸੀਂ ਆਪ ਹੀ ਕਿਰਪਾ ਕਰ ਕੇ ਦੱਸੋ। ਸੰਤ ਅਤਰ ਸਿੰਘ ਜੀ ਕਹਿੰਦੇ ਹਨ ਕਿ ਜੇ ਅਸੀਂ ਹੀ ਦੱਸ ਦਿੱਤਾ ਤਾਂ ਕੀ ਫਾਇਦਾ। ਫਿਰ ਕਹਿੰਦੇ ਹਨ, ਚੱਲੋ ਇਕ ਅਸੀਂ ਦੱਸ ਦਿੰਦੇ ਹਾਂ, ਦੂਸਰੀ ਤੁਸੀਂ ਦੱਸ ਦੇਵੋ। ਉਨ੍ਹਾਂ ਬਚਨ ਕੀਤਾ ਕਿ ਗੁਰੂ ਨਾਨਕ ਦੇ ਘਰ ਦੀ ਕੱਚੀ ਕਲਾਸ ਹੈ-'ਰਿਦੈ ਗਰੀਬੀ ਆਵੇ'। ਸੇਵਾਦਾਰਾਂ ਨੂੰ ਕਹਿੰਦੇ ਹਨ, ਹੁਣ ਤੁਸੀਂ ਅਖ਼ੀਰਲੀ ਦੱਸੋ। ਬਾਕੀ ਤਾਂ ਸਾਰੇ ਸੇਵਕ ਸੋਚੀਂ ਪੈ ਗਏ ਪਰ ਇਕ ਸੇਵਾਦਾਰ ਜਿਨ੍ਹਾਂ ਨੇ ਉਨ੍ਹਾਂ ਤੋਂ ਬਾਅਦ ਸੰਪ੍ਰਦਾ ਦੀ ਸੇਵਾ ਸੰਭਾਲੀ, ਉਹ ਕਹਿਣ ਲੱਗੇ, ਜੀ ਸੋਝੀ ਤਾਂ ਨਹੀਂ ਪਰ ਤੁਹਾਡੀ ਕਿਰਪਾ ਨਾਲ ਤੁਹਾਡੇ ਕੋਲੋਂ ਮਿਲੀ ਹੋਈ ਸੁਮੱਤ ਮੁਤਾਬਕ ਇਹ ਖ਼ਿਆਲ ਬਣਦਾ ਹੈ ਕਿ ਗੁਰੂ ਨਾਨਕ ਦੇ ਘਰ ਦੀ ਅਖ਼ੀਰਲੀ ਕਲਾਸ ਹੈ-

*ਭਾਣਾ ਮਿੱਠਾ ਕਰ ਕੇ ਮੰਨਣਾ ਤੇ ਰਜ਼ਾ ਵਿਚ ਰਾਜ਼ੀ ਰਹਿਣਾ।*

'ਭਾਣੇ' ਦੇ ਅਖਰੀ ਅਰਥ ਹਨ-ਭਾਉਣਾ ਜਾਂ ਪਸੰਦ ਆਉਣਾ। ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਵਿਚ ਵੀ ਸਿੱਖ ਨੂੰ ਭਾਣੇ ਵਿਚ ਰਹਿਣ ਦੀ ਹਦਾਇਤ ਹੈ। ਗੁਰੂ ਸਾਹਿਬ ਨੇ ਭਾਣੇ ਵਿਚ ਆਉਣ ਵਾਲੇ ਸਿੱਖ ਨੂੰ 'ਸਖਾ, ਬੰਧਪ, ਕਹਿ ਕੇ ਵਡਿਆਇਆ ਹੈ-

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥*
*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥*

(ਅੰਗ ੬੦੧)

ਭਾਣਾ ਮੰਨਣ ਤੋਂ ਭਾਵ ਹੈ ਕਿ ਸਿੱਖ ਆਪਣੇ ਜੀਵਨ ਨੂੰ ਇਸ ਤਰ੍ਹਾਂ ਬਤੀਤ ਕਰੇ ਜਿਵੇਂ ਸਤਿਗੁਰੂ ਨੂੰ ਭਾਵੇ। ਅਸੀਂ ਉਹ ਕਾਰਜ ਕਰੀਏ ਜੋ ਉਸ ਨੂੰ ਭਾਉਂਦੇ ਹਨ। ਅਸਲ ਵਿਚ ਸਿੱਖ ਦੀ ਭਲਾਈ ਵੀ ਉਸੇ ਵਿਚ ਹੁੰਦੀ ਹੈ ਜਿਸ ਵਿਚ ਸਤਿਗੁਰੂ ਨੂੰ ਸਿੱਖ ਦੀ ਭਲਾਈ ਦਿੱਸੇ। ਇਸ ਭੇਦ ਨੂੰ ਸਮਝਣ ਵਾਲਾ ਗੁਰਸਿੱਖ ਵਾਹਿਗੁਰੂ ਦੇ ਸਹਾਰੇ, ਇਨਸਾਨੀ ਜੀਵਨ ਦੀ ਬਿਖੜੀ ਤੋਂ ਬਿਖੜੀ ਘਟਨਾ ਵਿੱਚੋਂ ਵੀ ਨਿਕਲ ਕੇ ਪਰਮ ਸੁਖੀ ਹੋ ਸਕਦਾ ਹੈ ਪਰ ਐਸੀ ਕਿਰਪਾ ਕਿਸੇ ਵਿਰਲੇ 'ਤੇ ਹੁੰਦੀ ਹੈ। ਭਾਣੇ ਦੀ ਅਵਸਥਾ ਉਹ ਉੱਚ ਅਵਸਥਾ ਹੁੰਦੀ ਹੈ ਜਿਸ ਵਿਚ ਗੁਰਮੁਖ ਆਪਣੀ ਜਾਂ ਆਪਣੇ ਮਿਸ਼ਨ ਦੀ ਭਲਾਈ ਲਈ ਜਾਂ ਕਿਸੇ ਉੱਚੇ ਆਤਮਕ ਅਸੂਲ ਨੂੰ ਸਿੱਧ ਕਰਨ ਲਈ, ਆਪਣੇ ਮਾਲਕ ਦੇ ਆਸਰੇ 'ਤੇ ਖੇਡਦਾ ਹੈ। ਭਾਣੇ ਦੀ ਅਵਸਥਾ ਉਦੋਂ ਪੈਦਾ ਹੁੰਦੀ ਹੈ ਜਦੋਂ ਮਾਲਕ ਦੇ ਸੇਵਕ ਕਿਸੇ ਡੂੰਘੀ ਆਤਮਕ ਸਚਾਈ ਨੂੰ ਸਿੱਧ ਕਰਨਾ ਚਾਹੁੰਦੇ ਹਨ। ਇਸ ਅਵਸਥਾ ਦੇ ਆਸਾਰ ਮਾਲਕ ਉਦੋਂ ਹੀ ਪੈਦਾ ਕਰਦਾ ਹੈ ਜਦੋਂ ਸੇਵਕ ਨੂੰ ਇਸ ਦੇ ਯੋਗ ਵੇਖਦਾ ਹੈ। (ਹੋ ਸਕਦਾ ਹੈ ਇਹ ਗੱਲਾਂ ਕਿਸੇ ਵਿਰਲੇ ਗੁਰਮੁਖ ਦੀ ਸਮਝ ਵਿਚ ਆਉਣ) ਭਾਣੇ ਦੀ ਅਵਸਥਾ ਵਿਚ ਖੇਡਣ ਲਈ ਬੜੀ ਆਤਮਕ ਤਿਆਰੀ ਦੀ ਜ਼ਰੂਰਤ ਹੈ। ਭਾਣੇ ਦੀ ਅਰਸ਼ੀ ਪਾਲ ਵਿਚ ਵਿਚਰਨ ਲਈ ਬੜੀਆਂ ਪੱਕੀਆਂ ਆਤਮਕ ਬੁਨਿਆਦਾਂ ਦੀ ਲੋੜ ਹੈ। ਭਾਣੇ ਦੀ ਉੱਚੀ ਅਵਸਥਾ ਵਿਚ ਉਹੀ ਖੇਡ ਸਕਦਾ ਹੈ ਜਿਸ ਨੂੰ ਵਾਹਿਗੁਰੂ ਦੇ ਸੁਭਾਅ ਦਾ ਪੂਰਾ ਗਿਆਨ ਹੋਵੇ, ਜਿਸ ਨੂੰ ਵਾਹਿਗੁਰੂ 'ਤੇ ਪੂਰਾ ਭਰੋਸਾ ਹੋਵੇ। ਭਾਣੇ ਵਿਚ ਵਿਚਰਨ ਲਈ ਸਭ ਤੋਂ ਪਹਿਲਾਂ ਤਾਂ ਇਹ ਭਰੋਸਾ ਹੋਵੇ ਕਿ ਮੇਰਾ ਮਾਲਕ, ਮੇਰਾ ਵਾਹਿਗੁਰੂ, ਮੇਰਾ ਸਤਿਗੁਰੂ ਮੇਰਾ ਮਿੱਤਰ ਹੈ, ਮੇਰਾ ਸ਼ੁਭ ਚਿੰਤਕ ਹੈ, ਮੇਰਾ ਹਮਦਰਦ ਹੈ। ਮੈਨੂੰ ਆਪਣੇ ਭਲੇ, ਬੁਰੇ ਦੀ ਉਤਨੀ ਸਮਝ ਨਹੀਂ ਜਿਤਨੀ ਮੇਰੇ ਮਾਲਕ ਨੂੰ ਹੈ, ਇਸ ਲਈ ਮੇਰੀ ਭਲਾਈ ਇਸੇ ਵਿਚ ਹੈ ਕਿ ਮੈਂ ਉਸ ਗੱਲ ਨੂੰ ਹੀ ਭਲਾ ਮਨਾਂ ਜੋ ਮੇਰੇ ਮਾਲਕ ਨੂੰ ਚੰਗੀ ਲੱਗਦੀ ਹੈ। ਮੇਰੇ ਮਾਲਕ ਨੂੰ ਉਹ ਗੱਲ ਚੰਗੀ ਲੱਗ ਹੀ ਨਹੀਂ ਸਕਦੀ ਜੋ ਮੇਰੇ ਵਾਸਤੇ ਨੁਕਸਾਨਦਾਇਕ ਹੋਵੇ। ਉਸ ਨੂੰ ਉਹੀ ਚੰਗਾ ਲਗੇਗਾ ਜਿਸ ਵਿਚ ਉਸ ਨੂੰ ਮੇਰਾ ਭਲਾ ਨਜ਼ਰ ਆਵੇਗਾ। ਉਹੀ ਗੱਲ ਚੰਗੀ ਲੱਗੇਗੀ ਜੋ ਮੇਰੇ ਲਈ ਲਾਭਵੰਦ ਹੋਵੇਗੀ। ਮੇਰਾ ਮਾਲਕ ਹਰ ਵੇਲੇ ਮੇਰੇ ਅੰਗ ਸੰਗ ਹੈ ਤੇ ਹਰ ਵਕਤ ਉਸ ਨੂੰ ਮੇਰੀ ਫ਼ਿਕਰ ਹੈ, ਉਹ ਮੈਨੂੰ

ਸੁਖੀ ਤੇ ਖ਼ੁਸ਼ ਦੇਖਣਾ ਚਾਹੁੰਦਾ ਹੈ।

ਆਓ, ਇਸ ਗੱਲ ਨੂੰ ਜ਼ਰਾ ਵਿਚਾਰਨ ਦੀ ਕੋਸ਼ਿਸ਼ ਕਰੀਏ। ਮੰਨ ਲਵੋ ਇਕ ਪਿਤਾ ਦੇ ਤਿੰਨ ਪੁੱਤਰ ਹਨ। ਪਿਤਾ ਬੜਾ ਵੱਡਾ ਸ਼ਾਹੂਕਾਰ ਹੈ, ਕਰੋੜਪਤੀ ਹੈ, ਉਸ ਦੇ ਲਈ ਆਪਣੇ ਤਿੰਨੇ ਪੁੱਤਰ ਸਮਾਨ ਹਨ। ਉਹ ਤਿੰਨਾਂ ਨੂੰ ਬਰਾਬਰ ਹਿੱਸਾ ਦੇਣਾ ਚਾਹੁੰਦਾ ਹੈ। ਉਹ ਤਿੰਨਾਂ ਪੁੱਤਰਾਂ ਨੂੰ ਇਕ-ਇਕ ਕਰੋੜ ਰੁਪਿਆ ਦੇ ਕੇ ਕਹਿੰਦਾ ਹੈ, ਮੈਂ ਚਾਹੁੰਦਾ ਹਾਂ ਤੁਸੀਂ ਸੁਖੀ ਰਹੋ, ਤੁਹਾਡੇ ਸੁਖੀ ਰਹਿਣ ਵਿਚ ਹੀ ਮੈਨੂੰ ਖ਼ੁਸ਼ੀ ਹੈ। ਤੁਸੀਂ ਇਸ ਦੌਲਤ ਦੇ ਨਾਲ ਆਪਣੇ ਆਪ ਨੂੰ ਜਿਸ ਤਰ੍ਹਾਂ ਵੀ ਖ਼ੁਸ਼ ਰਖ ਸਕਦੇ ਹੋ, ਸੁਖੀ ਰੱਖ ਸਕਦੇ ਹੋ, ਉਸੇ ਤਰੀਕੇ ਨਾਲ ਇਸ ਦੌਲਤ ਨੂੰ ਵਰਤ ਸਕਦੇ ਹੋ। ਇਹ ਦੌਲਤ ਹੁਣ ਤੁਹਾਡੀ ਹੈ ਪਰ ਹਾਂ ਜੇ ਤੁਸੀਂ ਚਾਹੋ ਤਾਂ ਮੇਰੀ ਸਲਾਹ ਲੈ ਸਕਦੇ ਹੋ। ਜੇ ਤੁਸੀਂ ਠੀਕ ਸਮਝੋ ਤਾਂ ਮੈਂ ਤੁਹਾਨੂੰ ਜੁਗਤ ਦਸ ਸਕਦਾ ਹਾਂ, ਜਿਸ ਨਾਲ ਕਿ ਤੁਸੀਂ ਵੱਧ ਤੋਂ ਵੱਧ ਸੁਖੀ ਤੇ ਖ਼ੁਸ਼ੀਆਂ ਪ੍ਰਾਪਤ ਕਰ ਸਕੋ। ਹੁਣ ਦੋ ਪੁੱਤਰ ਤਾਂ ਇਹ ਸੋਚਦੇ ਹਨ ਕਿ ਜੇ ਇਹ ਦੌਲਤ ਸਾਡੀ ਹੈ ਤਾਂ ਫਿਰ ਅਸੀਂ ਆਪਣੀ ਮਰਜ਼ੀ ਤੇ ਅਕਲ ਦੇ ਮੁਤਾਬਕ ਇਸ ਨੂੰ ਖ਼ਰਚ ਕਰੀਏ। ਜੇ ਅਸੀਂ ਪਿਤਾ ਦੇ ਕਹੇ ਚਲੇ ਤਾਂ ਸਾਡੀ ਅਜ਼ਾਦੀ, ਸਾਡੀ ਖ਼ੁਸ਼ੀ ਖੋਈ ਜਾਵੇਗੀ। ਪਰ ਜਿਹੜਾ ਤੀਸਰਾ ਪੁੱਤਰ ਹੈ, ਉਹ ਸੋਚਦਾ ਹੈ ਕਿ ਮੇਰਾ ਤਜਰਬਾ ਬਹੁਤ ਘੱਟ ਹੈ, ਜਦ ਕਿ ਮੇਰੇ ਪਿਤਾ ਦਾ ਤਜਰਬਾ ਬਹੁਤ ਜ਼ਿਆਦਾ ਹੈ ਕਿਉਂਕਿ ਮੈਂ ਛੋਟਾ ਹਾਂ ਤੇ ਮੇਰਾ ਪਿਤਾ ਵੱਡਾ ਹੈ, ਉਸ ਨੂੰ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਤਜਰਬਾ ਹੈ। ਇਸ ਲਈ ਮੈਨੂੰ ਚਾਹੀਦਾ ਹੈ ਕਿ ਮੈਂ ਆਪਣੇ ਪਿਤਾ ਤੋਂ ਸਲਾਹ ਲੈ ਕੇ, ਉਸ ਦੇ ਤਜਰਬੇ ਦਾ ਲਾਭ ਉਠਾਵਾਂ। ਹੁਣ ਇਕ ਪੁੱਤਰ ਨੇ ਆਪਣੀ ਉਸ ਦੌਲਤ ਦੇ ਨਾਲ ਖ਼ੂਬ ਅਯਾਸ਼ੀ ਕਰਨੀ ਸ਼ੁਰੂ ਕਰ ਦਿੱਤੀ। ਸ਼ਰਾਬ ਤੇ ਵਿਭਚਾਰ ਵਿਚ ਪੈਸਾ ਖ਼ਰਚ ਕਰਨਾ ਸ਼ੁਰੂ ਕਰ ਦਿੱਤਾ ਤੇ ਸੋਚਦਾ ਹੈ ਕਿ ਮੈਂ ਕਿਤਨਾ ਸੁਖੀ ਹਾਂ ਤੇ ਅਨੰਦ ਦਾਇਕ ਜੀਵਨ ਬਤੀਤ ਕਰ ਰਿਹਾ ਹਾਂ। ਪਰ ਕੁਝ ਸਮੇਂ ਬਾਅਦ ਸ਼ਰਾਬ ਤੇ ਵਿਭਚਾਰ ਕਾਰਨ ਸਿਹਤ ਵੀ ਤੇ ਦੌਲਤ ਵੀ ਦੋਨੋਂ ਹੀ ਬਰਬਾਦ ਹੋ ਗਏ, ਘਰ ਪ੍ਰਵਾਰ ਵੀ ਰੁੱਲ ਗਿਆ। ਦੂਸਰੇ ਪੁੱਤਰ ਨੇ ਸੱਟੇਬਾਜ਼ੀ, ਰੇਸਾਂ ਤੇ ਲਾਟਰੀਆਂ ਵਿਚ ਸਾਰੀ ਦੌਲਤ ਖ਼ਰਚ ਕਰ ਛੱਡੀ ਤੇ ਕੁਝ ਸਮੇਂ ਬਾਅਦ ਉਹ ਵੀ ਕੰਗਾਲ ਹੋ ਗਿਆ। ਤੀਸਰੇ ਪੁੱਤਰ ਨੇ ਆਪਣੇ ਪਿਤਾ ਦੀ ਸਲਾਹ ਕਾਰਨ ਆਪਣਾ ਛੋਟਾ ਜਿਹਾ ਵਪਾਰ ਸ਼ੁਰੂ ਕੀਤਾ। ਉਸ ਵਪਾਰ ਰਾਹੀਂ ਉਸ ਨੂੰ ਜੋ ਨਫ਼ਾ ਹੁੰਦਾ, ਉਸ ਨਾਲ ਆਪਣੇ ਪ੍ਰਵਾਰ ਦਾ ਬੜੀ ਸੋਹਣੀ ਤਰ੍ਹਾਂ ਨਿਰਬਾਹ ਕਰਦਾ। ਆਪਣੇ ਪਿਤਾ ਦੀ ਸਲਾਹ ਮੁਤਾਬਕ ਆਪਣਾ ਫ਼ਾਲਤੂ ਸਮਾਂ ਸ਼ਰਾਬਾਂ ਵਿਚ ਤੇ ਵਿਹਲੇ ਨਿਕੰਮੇ ਦੋਸਤਾਂ ਨਾਲ ਨਹੀਂ ਬਿਤਾਉਂਦਾ, ਆਪਣੇ ਪ੍ਰਵਾਰ ਨਾਲ ਬਿਤਾਉਂਦਾ, ਜਿਸ ਨਾਲ ਉਸ ਦਾ ਪ੍ਰਵਾਰ ਵੀ ਤੇ ਉਹ ਵੀ ਬਹੁਤ ਖ਼ੁਸ਼ਹਾਲ ਜੀਵਨ ਬਤੀਤ ਕਰਨ ਲੱਗੇ। ਹੁਣ ਤੁਸੀਂ ਇਹ ਪੜ੍ਹ ਕੇ ਆਪ ਹੀ ਸੋਚੋ ਕਿ ਕਿਹੜਾ ਪੁੱਤਰ ਸੁਖੀ ਰਿਹਾ ? ਆਪਣੀ ਮਰਜ਼ੀ ਨਾਲ ਚਲਣ ਵਾਲਾ ਕਿ ਆਪਣੇ ਪਿਤਾ ਦੇ ਭਾਣੇ ਵਿਚ

ਚੱਲਣ ਵਾਲਾ ?

ਪਰਮਾਤਮਾ ਵੀ ਸਾਡਾ ਪਿਤਾ ਹੈ। ਉਹ ਸਾਨੂੰ ਸੁਖੀ ਤੇ ਖ਼ੁਸ਼ ਦੇਖਣਾ ਚਾਹੁੰਦਾ ਹੈ ਤੇ ਅਸੀਂ ਵੀ ਸੁਖੀ ਤੇ ਖ਼ੁਸ਼ ਤਾਂ ਹੀ ਰਹਿ ਸਕਦੇ ਹਾਂ ਜੇ ਉਸ ਦੇ ਭਾਣੇ ਵਿਚ ਚਲਦੇ ਹਾਂ। ਆਪਣੇ ਮਨ ਦੇ ਮਗਰ ਲਗ ਕੇ ਚਲਣ ਵਾਲੇ ਦਰ-ਦਰ ਭਟਕਦੇ ਹਨ, ਦੁਖੀ ਹੁੰਦੇ ਹਨ, ਪ੍ਰਮਾਤਮਾ ਤੋਂ ਟੁੱਟ ਜਾਂਦੇ ਹਨ। ਜੋ ਵਾਪਰ ਰਿਹਾ ਹੈ ਉਸ ਵਿਚ ਵੇਖਣਾ ਕਿ ਇਸ ਵਿਚ ਮੇਰਾ ਕਿਹੜਾ ਭਲਾ ਹੈ। ਉਸ ਦੀ ਰਜ਼ਾ ਵਿਚ ਸਾਨੂੰ ਆਪਣੀ ਰਜ਼ਾ ਮੇਲਣੀ ਆ ਜਾਵੇ। ਜੇ ਕੋਈ ਕਾਰਜ ਸਿਰੇ ਚੜ੍ਹ ਜਾਵੇ ਤਾਂ ਸਮਝੋ ਮਾਲਕ ਦੀ ਮਰਜ਼ੀ ਸੀ ਤਾਂ ਹੀ ਸਿਰੇ ਚੜ੍ਹ ਗਿਆ। ਜੇ ਨਹੀਂ ਸਿਰੇ ਚੜ੍ਹਿਆ ਤਾਂ ਮਾਲਕ ਦੀ ਮਰਜ਼ੀ ਨਹੀਂ ਸੀ, ਇਸ ਵਿਚ ਕੋਈ ਭਲਾ ਹੀ ਹੋਵੇਗਾ। ਬਾਬਾ ਨੰਦ ਸਿੰਘ ਜੀ ਵਾਂਗ ਪਛਾਣਿਆ ਕਰੋ। ਬਾਬਾ ਜੀ ਨੇ ਸਾਰੀ ਜ਼ਿੰਦਗੀ ਨੀਂਹ ਨਹੀਂ ਰੱਖੀ। (ਕੋਈ ਮਕਾਨ ਵਗੈਰਾ ਬਨਵਾਉਣਾ ਹੋਵੇ ਤਾਂ ਆਮ ਤੌਰ ਤੇ ਮਹਾਂਪੁਰਸ਼ਾਂ ਕੋਲੋਂ ਅਰਦਾਸ ਕਰਵਾ ਕੇ ਨੀਂਹ ਰਖਵਾਈ ਜਾਂਦੀ ਹੈ) ਗੱਲ ਕੁਝ ਇਸ ਤਰ੍ਹਾਂ ਬਣੀ ਕਿ ਇਕ ਵਾਰੀ ਕਿਸੇ ਗੁ: ਦੇ ਪ੍ਰਬੰਧਕਾਂ ਦੇ ਕਹਿਣ ਤੇ ਗੁ: ਸਾਹਿਬ ਦੀ ਨੀਂਹ ਰੱਖੀ ਤੇ ਜਦੋਂ ਅਰਦਾਸ ਕਰ ਕੇ ਇੱਟ ਰਖੀ ਤਾਂ ਮਿਸਤਰੀ ਨੇ ਚੁੱਕ ਕੇ ਆਪਣੇ ਹਿਸਾਬ ਨਾਲ ਉਸ ਨੂੰ ਠੀਕ ਕਰ ਕੇ ਰਖ ਦਿੱਤਾ। (ਇਹ ਵੀ ਇਕ ਮਰਯਾਦਾ ਹੁੰਦੀ ਹੈ ਕਿ ਮਹਾਂਪੁਰਸ਼ ਅਰਦਾਸ ਕਰ ਕੇ ਜੋ ਇੱਟ ਰਖ ਦੇਣ, ਉਸ ਨੂੰ ਛੇੜਦੇ ਨਹੀਂ, ਮਿਸਤਰੀ ਉਸੇ ਤਰ੍ਹਾਂ ਹੀ ਉੱਤੇ ਮਸਾਲਾ ਪਾ ਦਿੰਦਾ ਹੈ) ਜਦੋਂ ਮਿਸਤਰੀ ਨੇ ਨਾਸਮਝੀ ਕਾਰਨ ਇੱਟ ਠੀਕ ਕਰ ਕੇ ਰਖੀ ਤਾਂ ਬਾਬਾ ਜੀ ਪਹਿਲਾਂ ਤਾਂ ਥੋੜ੍ਹਾ ਬੀਰ ਰਸ ਵਿਚ ਆਏ ਤੇ ਕਹਿੰਦੇ ਹਨ, 'ਮਿਸਤਰੀ ! ਇਹ ਕੀ ਕੀਤਾ ? ਅਰਦਾਸ ਕਰ ਕੇ ਰੱਖੀ ਇੱਟ ਨੂੰ ਤੂੰ ਕਿਉਂ ਛੇੜਿਆ ? ਇਹ ਕਹਿ ਕੇ ਨਾਲ ਹੀ ਇਕ ਦਮ ਹੁਕਮ ਪਛਾਨਣ ਦੀ ਗੱਲ ਵਿਚ ਆ ਗਏ ਤੇ ਕਹਿੰਦੇ ਹਨ, 'ਤੇਰਾ ਕਸੂਰ ਨਹੀਂ, ਗੁਰੂ ਨਾਨਕ ਪਾਤਸ਼ਾਹ ਨੂੰ ਸਾਡੀ ਇੱਟ ਰੱਖੀ ਚੰਗੀ ਨਹੀਂ ਲੱਗੀ'। (ਬੜੀ ਬਰੀਕੀ ਵਾਲੀ ਅਵਸਥਾ ਹੈ) ਹੁਕਮ ਪਛਾਨਣ ਦੀ ਗੱਲ ਜਦੋਂ ਦਿਮਾਗ਼ ਵਿਚ ਆਈ ਤਾਂ ਨਾਲ ਹੀ ਕਹਿੰਦੇ ਹਨ ਕਿ ਅੱਜ ਰੱਖੀ ਹੈ, ਅੱਗੋਂ ਕਦੀ ਨਹੀਂ ਰੱਖਾਂਗੇ, ਕਿਉਂਕਿ ਸਾਡੇ ਮਾਲਕ ਨੂੰ ਸਾਡਾ ਇਹ ਕੰਮ ਕਰਨਾ ਨਹੀਂ ਭਾਇਆ। ਭਾਵ ਹੁਕਮ ਨੂੰ ਪਛਾਣਿਆ। ਇਸ ਤਰ੍ਹਾਂ ਸਾਡੇ ਨਾਲ ਰੋਜ਼ਾਨਾ ਜ਼ਿੰਦਗੀ ਵਿਚ ਕਈ ਨਿੱਕੀਆਂ-ਨਿੱਕੀਆਂ ਗੱਲਾਂ ਵਾਪਰਦੀਆਂ ਹਨ। ਜੇ ਕਿਧਰੇ ਹੁਕਮ ਪਛਾਨਣ ਦੀ ਗੱਲ ਬਣ ਜਾਵੇ ਤਾਂ ਅੰਦਰ ਕਲਪਨਾ ਨਹੀਂ ਆਵੇਗੀ, ਕਲੇਸ਼ ਨਹੀਂ ਆਵੇਗਾ।

ਇਕ ਵਾਰੀ ਦਾਸ ਬਹੁਤ ਥੱਕਿਆ ਹੋਇਆ ਸੀ ਤੇ ਆਪਣੇ ਲੜਕੇ ਨੂੰ ਲੱਤਾਂ ਘੁੱਟਣ ਲਈ ਕਿਹਾ। ਉਸ ਨੇ ਅਜੇ ਲੱਤਾਂ ਘੁੱਟਣੀਆਂ ਸ਼ੁਰੂ ਹੀ ਕੀਤੀਆਂ ਸਨ ਤੇ ਕੋਈ ਦੋ-ਚਾਰ ਮਿੰਟ ਹੀ ਹੋਏ ਹੋਣਗੇ ਕਿ ਨਾਲ ਹੀ ਦਰਵਾਜ਼ਾ ਖੜਕ ਗਿਆ। ਦਾਸ ਨੇ ਕਿਹਾ ਵੇਖ ਜ਼ਰਾ ਕੌਣ ਆਇਆ ਹੈ। ਉਸ ਨੇ ਦੱਸਿਆ ਕਿ ਤੁਹਾਨੂੰ ਕੋਈ ਮਿਲਣ ਆਇਆ

ਹੈ। ਪਹਿਲਾਂ ਦਾਸ ਦੇ ਮੂੰਹ ਵਿੱਚੋਂ ਇਕਦਮ ਇਹ ਲਫਜ਼ ਨਿਕਲੇ 'ਇਸ ਨੇ ਵੀ ਹੁਣੇ ਆਉਣਾ ਸੀ, ਬੜੀ ਥਕਾਵਟ ਸੀ, ਤੂੰ ਲੱਤਾਂ ਘੁੱਟ ਰਿਹਾ ਸੀ, ਬੜਾ ਆਰਾਮ ਮਿਲ ਰਿਹਾ ਸੀ, ਪਰ ਨਾਲ ਹੀ ਦੂਜੇ ਪਾਸੇ ਹੁਕਮ ਪਛਾਨਣ ਵਾਲੀ ਗੱਲ ਬਣ ਗਈ। (ਦਾਸ ਇਹ ਕੋਈ ਹਉਮੈ ਵਸ ਨਹੀਂ ਲਿਖ ਰਿਹਾ, ਸਿਰਫ਼ ਇਹ ਗੱਲ ਸਾਡੀ ਸਮਝ ਵਿਚ ਪੈ ਜਾਵੇ ਕਿ ਹੁਕਮ ਪਛਾਨਣ ਤੋਂ ਕੀ ਭਾਵ ਹੈ) ਹੁਣ ਇਹ ਵਿਚਾਰ ਬਣ ਗਈ ਕਿ ਸਤਿਗੁਰੂ, ਤੈਨੂੰ ਨਹੀਂ ਚੰਗਾ ਲੱਗਾ ਕਿ ਮੈਂ ਲੱਤਾਂ ਘੁਟਾਵਾਂ, ਸੇਵਾ ਕਰਾਵਾਂ, ਇਸ ਲਈ ਰੋਕਣ ਲਈ ਤੂੰ ਕਿਸੇ ਨੂੰ ਭੇਜ ਦਿੱਤਾ ਹੈ ਮਿਲਣ ਲਈ। ਇਕ ਹੈ ਮਨ ਕਲਪਨਾ ਵਿਚ ਜਾਣਾ, ਇਕ ਹੈ ਉਸ ਦੀ ਲੀਲਾ ਵੇਖਣੀ ਕਿ ਤੈਨੂੰ ਇਹ ਗੱਲ ਚੰਗੀ ਨਹੀਂ ਲੱਗੀ। ਬੜੀ ਬਰੀਕੀ ਹੈ, ਪਰਚਾ ਵੀ ਨਾ ਪੈ ਜਾਵੇ, ਡਰ ਕੇ ਵੀ ਰਹਿਣਾ ਹੈ। ਅਸੀਂ ਪਰਚਾ ਵੀ ਨਹੀਂ ਸਹਿ ਸਕਦੇ ਪਰ ਜੇ ਕਿਧਰੇ ਥੋੜ੍ਹਾ-ਥੋੜ੍ਹਾ ਪਛਾਣੋ, ਬੜੀ ਸ਼ਾਂਤੀ ਰਹਿੰਦੀ ਹੈ।

ਜਿਵੇਂ ਇਕ ਗਾਥਾ ਵੀ ਹੈ। ਕੋਈ ਰਾਜਕੁਮਾਰ ਤੇ ਰਾਜਕੁਮਾਰੀ ਸਮੁੰਦਰ 'ਚ ਬੇੜੀ 'ਤੇ ਬੈਠ ਕੇ ਜਾ ਰਹੇ ਸੀ ਕਿ ਅਚਾਨਕ ਹਨੇਰੀ ਆ ਗਈ, ਤੂਫ਼ਾਨ ਆ ਗਿਆ, ਬੇੜੀ ਡੋਲਣ ਲੱਗੀ। ਰਾਜਕੁਮਾਰ ਦੇ ਚੇਹਰੇ 'ਤੇ ਕੋਈ ਘਬਰਾਹਟ ਦੇ ਚਿੰਨ੍ਹ ਨਾ ਦੇਖ ਕੇ ਰਾਜਕੁਮਾਰੀ ਬੜੀ ਹੈਰਾਨ ਹੋ ਕੇ ਪੁੱਛਣ ਲੱਗੀ, ਇਤਨਾ ਤੇਜ਼ ਤੂਫਾਨ ਆ ਰਿਹਾ ਹੈ, ਮੈਨੂੰ ਤਾਂ ਬਹੁਤ ਡਰ ਲੱਗ ਰਿਹਾ ਹੈ ਕਿ ਹੁਣੇ ਡੁੱਬੀ ਕਿ ਡੁੱਬੀ, ਪਰ ਤੁਸੀਂ ਬੜੇ ਸ਼ਾਂਤ ਬੈਠੇ ਹੋ ਜਿਵੇਂ ਤੁਹਾਨੂੰ ਕੋਈ ਪ੍ਰਵਾਹ ਹੀ ਨਹੀਂ, ਕੋਈ ਡਰ, ਕੋਈ ਭੈ ਹੀ ਨਹੀਂ। ਰਾਜਕੁਮਾਰ ਨੇ ਇਕਦਮ ਝਟਕੇ ਨਾਲ ਆਪਣੀ ਮਿਆਨ ਵਿੱਚੋਂ ਤਲਵਾਰ ਕੱਢੀ ਤੇ ਨੰਗੀ ਲਿਸ਼ਕਦੀ ਤਲਵਾਰ ਰਾਜਕੁਮਾਰੀ ਦੇ ਗਲੇ 'ਤੇ ਇਸ ਤਰ੍ਹਾਂ ਰੱਖੀ ਜਿਵੇਂ ਕਿ ਉਸ ਦਾ ਗਲਾ ਵੱਢਣ ਲੱਗਾ ਹੋਵੇ। ਇਹ ਵੇਖ ਕੇ ਰਾਜਕੁਮਾਰੀ ਹੱਸਣ ਲੱਗ ਪਈ। ਰਾਜਕੁਮਾਰ ਕਹਿਣ ਲੱਗਾ ਮੈਂ ਤੇਰੇ ਗਲੇ 'ਤੇ ਨੰਗੀ ਤਲਵਾਰ ਰਖੀ ਹੈ ਪਰ ਤੂੰ ਅੱਗੋਂ ਹੱਸ ਰਹੀ ਹੈਂ, ਕੀ ਤੈਨੂੰ ਡਰ ਨਹੀਂ ਲਗ ਰਿਹਾ ? ਅੱਗੋਂ ਰਾਜਕੁਮਾਰੀ ਕਹਿਣ ਲੱਗੀ, ਇਹ ਤਲਵਾਰ ਜੇ ਕਿਸੇ ਦੁਸ਼ਮਣ ਦੇ ਹੱਥ ਵਿਚ ਹੁੰਦੀ ਤਾਂ ਮੈਂ ਜ਼ਰੂਰ ਡਰਦੀ ਪਰ ਇਹ ਤਲਵਾਰ ਤਾਂ ਮੇਰੇ ਪ੍ਰੀਤਮ, ਮੇਰੇ ਮਾਲਕ, ਮੇਰੇ ਸਿਰ ਦੇ ਸਾਂਈਂ ਦੇ ਹੱਥ ਵਿਚ ਹੈ। ਮੇਰਾ ਮਾਲਕ, ਮੇਰਾ ਸਾਂਈਂ ਮੇਰਾ ਬੁਰਾ ਨਹੀਂ ਕਰ ਸਕਦਾ। ਰਾਜਕੁਮਾਰੀ ਦਾ ਇਹ ਜੁਆਬ ਸੁਣ ਕੇ ਰਾਜਕੁਮਾਰ ਨੇ ਆਖਿਆ, ਇਹੀ ਤੇਰੀ ਗੱਲ ਦਾ ਜੁਆਬ ਹੈ। ਮੈਨੂੰ ਵੀ ਇਤਨੇ ਤੂਫ਼ਾਨ ਦੇ ਵਿਚ ਵੀ ਇਸੇ ਲਈ ਘਬਰਾਹਟ ਨਹੀਂ ਹੋ ਰਹੀ, ਇਸੇ ਲਈ ਕੋਈ ਚਿੰਤਾ ਨਹੀਂ ਹੋ ਰਹੀ ਕਿਉਂਕਿ ਮੈਨੂੰ ਵੀ ਵਿਸ਼ਵਾਸ ਹੈ ਕਿ ਮੇਰੀ ਜ਼ਿੰਦਗੀ ਦੀ ਡੋਰ ਮੇਰੇ ਮਾਲਕ, ਮੇਰੇ ਪ੍ਰੀਤਮ, ਮੇਰੇ ਪ੍ਰਮੇਸ਼ਰ ਦੇ ਹੱਥ ਵਿਚ ਹੈ ਤੇ ਉਹ ਕਦੀ ਵੀ ਮੇਰਾ ਬੁਰਾ ਨਹੀਂ ਕਰ ਸਕਦਾ। ਰਾਜਕੁਮਾਰੀ ਕਹਿੰਦੀ ਹੈ, ਪਰ ਜੇ ਬੇੜੀ ਡੁੱਬ ਗਈ, ਅਸੀਂ ਡੁੱਬ ਕੇ ਮਰ ਗਏ, ਕੀ ਤਾਂ ਵੀ ਤੁਸੀਂ ਇਹੀ ਕਹੋਗੇ ਕਿ ਪ੍ਰੀਤਮ ਨੇ ਮਾੜਾ ਨਹੀਂ ਕੀਤਾ ? ਰਾਜਕੁਮਾਰ ਜੋ ਪੂਰਨ ਸ਼ਰਧਾ ਤੇ ਭਰੋਸੇ ਵਾਲਾ ਸੀ,

ਕਹਿੰਦਾ ਹੈ ਕਿ ਭਾਵੇਂ ਬੇੜੀ ਡੁੱਬ ਜਾਵੇ, ਮੇਰੀ ਮੌਤ ਹੋ ਜਾਵੇ ਫਿਰ ਵੀ ਇਹ ਸਮਝਾਂਗਾ ਕਿ ਮੇਰੇ ਪ੍ਰੀਤਮ ਨੇ ਚੰਗਾ ਕੀਤਾ। ਉਸ ਨੇ ਮੈਨੂੰ ਇਸ ਜਨਮ ਵਿੱਚੋਂ ਕੱਢ ਕੇ ਕਿਧਰੇ ਹੋਰ ਚੰਗੇ ਘਰ, ਕਿਸੇ ਗੁਰਮੁਖ ਦੇ ਘਰ ਜਨਮ ਦੇਣਾ ਹੋਵੇਗਾ ਤਾਂ ਹੀ ਉਹ ਮੇਰਾ ਇਹ ਜਨਮ ਜਲਦੀ ਖ਼ਤਮ ਕਰ ਰਿਹਾ ਹੈ।

ਇਹ ਅਵਸਥਾ ਬਹੁਤ ਉੱਚੀ ਹੈ ਹੁਕਮੀ ਬਣਨਾ, ਅਰਦਾਸ ਕਰਿਉ ਕਿ ਕੋਈ ਪਰਚਾ ਨਾ ਪਵੇ ਅਤੇ ਥੋੜ੍ਹਾ ਥੋੜ੍ਹਾ ਹੁਕਮ ਪਛਾਨਣ ਦੀ ਦਾਤ ਮਿਲੇ।

ਕੋਈ ਸਰੀਰ ਗਿਆ ਤੇ ਕਿਸੇ ਮਹਾਤਮਾ ਕੋਲ ਜਾ ਕੇ ਕਹਿਣ ਲੱਗਾ, ਮਹਾਤਮਾ ਜੀ ! ਮੈਂ ਬੜਾ ਦੁੱਖੀ ਹਾਂ, ਸੁਖੀ ਹੋਣ ਦਾ ਕੋਈ ਰਸਤਾ ਬਖ਼ਸ਼ੋ। ਮਹਾਤਮਾ ਬੜੀ ਸੋਝੀ ਵਾਲੇ ਸਨ। ਉਨ੍ਹਾਂ ਸੋਚਿਆ ਕਿ ਇਸ ਨੂੰ ਜੁਗਤੀ ਨਾਲ ਸਮਝਾਇਆ ਜਾਵੇ, ਕਿਉਂਕਿ ਇਸ ਸੰਸਾਰ ਵਿਚ ਕੋਈ ਐਸਾ ਹੈ ਹੀ ਨਹੀਂ ਜਿਸ ਨੂੰ ਕੋਈ ਦੁੱਖ ਨਾ ਹੋਵੇ। ਸਤਿਗੁਰੂ ਨੇ ਵੀ ਬਾਣੀ ਵਿਚ ਲਿਖਿਆ ਹੈ-

*ਨਾਨਕ ਦੁਖੀਆ ਸਭੁ ਸੰਸਾਰੁ ॥*

(ਅੰਗ ੯੫੪)

ਮਹਾਤਮਾ ਕਹਿਣ ਲੱਗੇ ਜੇ ਤੂੰ ਮੈਨੂੰ ਕਿਸੇ ਸੁਖੀ ਬੰਦੇ ਦੀ ਜੁੱਤੀ ਲਿਆ ਦੇਵੇਂ ਤਾਂ ਮੈਂ ਤੈਨੂੰ ਸੁਖੀ ਹੋਣ ਦਾ ਰਸਤਾ ਦਸ ਸਕਦਾ ਹਾਂ। ਉਹ ਸਰੀਰ ਸੋਚਦਾ ਹੈ ਕਿ ਇਹ ਕਿਹੜਾ ਔਖਾ ਕੰਮ ਹੈ। ਕਿਸੇ ਚੰਗੇ ਸ਼ਾਹੂਕਾਰ ਦੇ ਕੋਲੋਂ ਜਾ ਕੇ ਉਸ ਦੀ ਜੁੱਤੀ ਲੈ ਆਉਂਦਾ ਹਾਂ, ਕਿਉਂਕਿ ਆਮ ਬੰਦੇ ਦੀ ਇਹੀ ਸੋਚ ਹੁੰਦੀ ਹੈ ਕਿ ਜੋ ਸ਼ਾਹੂਕਾਰ ਹੈ ਉਹ ਸੁਖੀ ਹੈ। ਉਸ ਨੇ ਜਦੋਂ ਇਕ ਸ਼ਾਹੂਕਾਰ ਕੋਲ ਜਾ ਕੇ ਉਸ ਦੀ ਜੁੱਤੀ ਮੰਗੀ ਤੇ ਦਸਿਆ ਕਿ ਮੈਨੂੰ ਕਿਸੇ ਮਹਾਤਮਾ ਨੇ ਆਖਿਆ ਹੈ ਕਿ ਜੇ ਤੂੰ ਕਿਸੇ ਸੁਖੀ ਬੰਦੇ ਦੀ ਜੁੱਤੀ ਲਿਆ ਦੇਵੇਂ ਤਾਂ ਤੂੰ ਸੁਖੀ ਹੋ ਸਕਦਾ ਹੈਂ। ਉਹ ਸ਼ਾਹੂਕਾਰ ਕਹਿਣ ਲੱਗਾ, ਜੁੱਤੀ ਤੂੰ ਮੇਰੀ ਬੇਸ਼ੱਕ ਲੈ ਜਾ, ਮੈਨੂੰ ਕੋਈ ਇਤਰਾਜ਼ ਨਹੀਂ ਪਰ ਮੈਨੂੰ ਕਿਧਰੇ ਸੁੱਖੀ ਨਾ ਸਮਝ ਬੈਠੀਂ, ਕਿਉਂਕਿ ਮੈਂ ਸ਼ਾਹੂਕਾਰ ਹੋਣ ਕਾਰਨ, ਦੁਨੀਆਂ ਦੇ ਲੋਕਾਂ ਨੂੰ ਬੜੇ ਸੁੱਖ ਤੇ ਆਰਾਮ ਦੀ ਜ਼ਿੰਦਗੀ ਬਤੀਤ ਕਰਦਾ ਨਜ਼ਰ ਆ ਰਿਹਾ ਹਾਂ ਪਰ ਅਸਲੀਅਤ ਵਿਚ ਮੇਰਾ ਸਰੀਰ ਰੋਗੀ ਹੈ। ਮੈਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਚੰਬੜੀਆਂ ਹਨ, ਜਿਨ੍ਹਾਂ ਕਾਰਨ ਮੈਨੂੰ ਮਿੱਠਾ ਖਾਣਾ ਮਨ੍ਹਾ ਹੈ, ਨਮਕ ਖਾਣਾ ਮਨ੍ਹਾ ਹੈ, ਤਲੀਆਂ ਚੀਜ਼ਾਂ ਖਾਣੀਆਂ ਮਨ੍ਹਾ ਹਨ, ਜਿਸ ਕਾਰਨ ਮੈਂ ਬਹੁਤ ਦੁਖੀ ਹਾਂ।

ਉਹ ਸਰੀਰ ਇਕ ਲੀਡਰ ਕੋਲ ਗਿਆ। ਸੋਚਦਾ ਹੈ ਇਹ ਜ਼ਰੂਰ ਸੁਖੀ ਹੋਵੇਗਾ। ਸਾਰੇ ਪਾਸੇ ਇਸਦਾ ਹੁਕਮ ਚਲਦਾ ਹੈ। ਜਦ ਸੜਕ 'ਤੇ ਜਾਂਦਾ ਹੈ ਤਾਂ ਅੱਗੇ-ਪਿੱਛੇ ਗੱਡੀਆਂ ਹੁੰਦੀਆਂ ਹਨ। ਜਦੋਂ ਉਸ ਸਰੀਰ ਨੇ ਲੀਡਰ ਨੂੰ ਜਾ ਕੇ ਆਪਣੀ ਬਿਰਥਾ ਦਸ

ਕੇ ਜੁੱਤੀ ਦੀ ਮੰਗ ਕੀਤੀ ਤਾਂ ਉਹ ਕਹਿਣ ਲੱਗਾ ਕਿ ਮੇਰਾ ਹੁਕਮ ਜ਼ਰੂਰ ਚਲਦਾ ਹੈ ਪਰ ਜੇ ਤੂੰ ਇਹ ਸੋਚ ਰਿਹਾ ਹੈਂ ਕਿ ਮੈਂ ਸੁਖੀ ਹਾਂ ਤਾਂ ਇਹ ਤੇਰੀ ਬੜੀ ਵੱਡੀ ਭੁੱਲ ਹੈ। ਮੇਰੀਆਂ ਵਿਰੋਧੀ ਪਾਰਟੀਆਂ ਨੇ ਮੇਰੇ 'ਤੇ ਪੰਜ ਕੇਸ ਕੀਤੇ ਹੋਏ ਹਨ ਜਿਨ੍ਹਾਂ ਵਿੱਚੋਂ 2 ਵਿਚ ਤਾਂ ਮੈਂ ਬਿਲਕੁਲ ਸੱਚਾ ਹਾਂ ਪਰ ਤਿੰਨ ਕੇਸ ਮੇਰੇ 'ਤੇ ਅਸਲੀ ਹਨ, ਜਿਸ ਕਾਰਨ ਮੈਂ ਬਹੁਤ ਦੁਖੀ ਹਾਂ, ਪ੍ਰੇਸ਼ਾਨ ਹਾਂ। ਹੁਣ ਉਹ ਸੁਖੀ ਬੰਦੇ ਦੀ ਤਲਾਸ਼ ਵਿਚ ਤੁਰਦਾ-ਤੁਰਦਾ ਇਕ ਬਾਗ਼ ਵਿਚ ਪਹੁੰਚ ਗਿਆ ਜਿਥੇ ਕੋਈ ਸਰੀਰ ਬੜੀ ਬੇਫ਼ਿਕਰੀ ਨਾਲ ਨਿਸਚਿੰਤ ਹੋ ਕੇ ਆਰਾਮ ਕਰ ਰਿਹਾ ਸੀ। ਜਦੋਂ ਉਸ ਬੰਦੇ ਦੇ ਨਜ਼ਦੀਕ ਪਹੁੰਚਿਆ ਜੁੱਤੀ ਮੰਗਣ ਦੇ ਖ਼ਿਆਲ ਨਾਲ ਤਾਂ ਕੀ ਵੇਖਿਆ ਕਿ ਇਹ ਤਾਂ ਉਹੀ ਮਹਾਤਮਾ ਹਨ। ਉਸਨੇ ਮਹਾਤਮਾ ਨੂੰ ਦੱਸਿਆ ਕਿ ਮੈਂ ਇਕ ਸ਼ਾਹੂਕਾਰ ਕੋਲ ਗਿਆ ਤਾਂ ਉਹ ਕਹਿਣ ਲੱਗਾ ਮੈਨੂੰ ਕਈ ਬਿਮਾਰੀਆਂ ਲੱਗੀਆਂ ਹਨ ਜਿਸ ਕਾਰਨ ਮੈਂ ਦੁੱਖੀ ਹਾਂ। ਫਿਰ ਇਕ ਲੀਡਰ ਕੋਲ ਗਿਆ। ਉਹ ਕਹਿਣ ਲੱਗਾ ਮੇਰੇ 'ਤੇ ਤਾਂ 5 ਕੇਸ ਚਲ ਰਹੇ ਹਨ ਜਿਸ ਕਾਰਨ ਮੈਂ ਬਹੁਤ ਦੁੱਖੀ ਹਾਂ। ਮਹਾਤਮਾ ਕਹਿਣ ਲੱਗੇ ਹਰੇਕ ਸਰੀਰ ਨੂੰ ਕੋਈ ਨਾ ਕੋਈ ਦੁੱਖ ਲੱਗਾ ਹੀ ਹੋਇਆ ਹੈ ਪਰ ਜਿਹੜਾ ਇਨਸਾਨ ਆਪਣੇ ਮਨ ਨੂੰ ਬਦਲਾ ਲਵੇ, ਦੁੱਖ ਵਿੱਚੋਂ ਸੁੱਖ ਲਭ ਲਵੇ ਤਾਂ ਉਹ ਸੁੱਖੀ ਹੋ ਸਕਦਾ ਹੈ। ਜਿਸ ਬੰਦੇ ਨੂੰ ਮਿੱਠਾ ਖਾਣਾ, ਨਮਕ ਖਾਣਾ, ਤਲਿਆ ਖਾਣਾ ਮਨ੍ਹਾ ਹੈ, ਉਹ ਜੇ ਫਿੱਕੇ ਪਦਾਰਥ ਨਾਮ ਦੇ ਰਸ ਵਿਚ ਆ ਕੇ ਖਾਵੇ ਤਾਂ ਉਸ ਵਿਚ ਵੀ ਰਸ ਭਰ ਜਾਵੇਗਾ। ਮਨ ਦੀ ਬਿਰਤੀ ਬਣਾ ਲਵੋ ਕਿ ਸ਼ੁਕਰ ਹੈ ਮਾਲਕ ਬਿਮਾਰੀਆਂ ਦੇ ਬਹਾਨੇ ਸੁਆਦਲੇ ਪਦਾਰਥਾਂ ਵੱਲੋਂ ਮੈਨੂੰ ਹਟਾਣਾ ਚਾਹੁੰਦਾ ਹੈ। ਲੀਡਰ ਵੀ ਸੁਖੀ ਹੋ ਸਕਦਾ ਹੈ ਜੇ ਇਹ ਸੋਚ ਲਵੇ ਕਿ ਜੇ ਮੇਰੇ 'ਤੇ ਕੇਸ ਨਾ ਚਲਦੇ ਤਾਂ ਮੈਨੂੰ ਹੋਰ ਗ਼ਲਤ ਕੰਮ ਕਰਨ ਦੀ ਹੱਲਾਸ਼ੇਰੀ ਮਿਲ ਜਾਣੀ ਸੀ ਤੇ ਜਿਹੜੇ ਉਸ ਉੱਤੇ ਝੂਠੇ ਕੇਸ ਦਰਜ ਹਨ, ਉਨ੍ਹਾਂ ਲਈ ਆਪਣੇ ਮਾਲਕ ਤੇ ਪ੍ਰਮੇਸ਼ਰ 'ਤੇ ਭਰੋਸਾ ਰਖੇ ਕਿ ਉਨ੍ਹਾਂ ਵਿੱਚੋਂ ਉਸ ਨੂੰ ਬਰੀ ਕਰਾ ਕੇ, ਉਨ੍ਹਾਂ ਦੀ ਹੋਰ ਇੱਜ਼ਤ ਵਧਾਏਗਾ। ਭਾਵ ਕਿ ਜੇ ਸੁਖੀ ਹੋਣਾ ਹੈ ਤਾਂ ਆਪਣੇ ਮਨ ਦੀ ਘੁੰਡੀ ਬਦਲਾ ਲਵੋ।

ਇਕ ਦਿਨ ਦਾਸ ਨੂੰ ਇਕ ਬੀਬੀ ਮਿਲੀ ਤੇ ਕਹਿਣ ਲੱਗੀ ਕਿ ਤੁਸੀਂ ਕਹਿੰਦੇ ਹੋ ਕਿ ਪ੍ਰੀਤਮ ਕਦੀ ਸਾਡਾ ਬੁਰਾ ਨਹੀਂ ਕਰਦਾ, ਦੁੱਖ ਵਿਚ ਵੀ ਕੋਈ ਨਾ ਕੋਈ ਸੁੱਖ ਛਿਪਿਆ ਹੁੰਦਾ ਹੈ। ਮੇਰੀਆਂ ਲੱਤਾਂ ਦਰਦ ਹੁੰਦੀਆਂ ਹਨ। ਮੈਂ ਕਿਧਰੇ ਜਾਣ ਜੋਗੀ ਨਹੀਂ ਰਹੀ। ਨਾ ਮੇਰੇ ਕੋਲੋਂ ਗੁਰਦੁਆਰੇ ਜਾਇਆ ਜਾਂਦਾ ਹੈ, ਨਾ ਮੈਂ ਉਠ ਕੇ ਘਰ ਦਾ ਕੋਈ ਕੰਮ ਕਰ ਸਕਦੀ ਹਾਂ, ਦੱਸੋ ਇਸ ਦੇ ਵਿਚ ਕੀ ਸੁੱਖ ਛਿਪਿਆ ਹੈ, ਮੇਰਾ ਕਿਹੜਾ ਭਲਾ ਛਿਪਿਆ ਹੈ ? ਦਾਸ ਨੇ ਆਖਿਆ ਇਸ ਦੁੱਖ ਦੇ ਵਿਚ ਵੀ ਸੁੱਖ ਛਿਪਿਆ ਹੈ, ਤੇਰਾ ਭਲਾ ਛਿਪਿਆ ਹੈ ਪਰ ਤੂੰ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਬੜੀ ਹੈਰਾਨ ਹੋ ਕੇ ਕਹਿਣ ਲੱਗੀ, ਉਹ ਕਿਵੇਂ ? ਮੇਰਾ ਗੁਰਦੁਆਰੇ ਜਾਣਾ ਵੀ ਛੁੱਟ ਗਿਆ ਤੇ ਘਰ ਦਾ ਕੰਮ ਵੀ, ਇਸ ਵਿਚ ਮੇਰਾ ਕੀ ਭਲਾ ਹੈ ? ਦਾਸ ਨੇ ਆਖਿਆ ਜੇ ਸ਼ਰਧਾ ਦੀ ਅੱਖ ਨਾਲ ਵੇਖੋਗੇ

ਤੇ ਭਲਾ ਹੀ ਭਲਾ ਹੈ। ਹੁਣ ਤੈਨੂੰ ਲੱਤਾਂ ਦਰਦ ਕਾਰਨ ਕੋਈ ਘਰ ਦਾ ਕੰਮ ਨਹੀਂ ਕਰਨਾ ਪਵੇਗਾ। ਆਪੇ ਧੀ ਕਰੇਗੀ ਜਾਂ ਨੂੰਹ ਕਰੇਗੀ ਜਾਂ ਕੋਈ ਨੌਕਰ-ਨੌਕਰਾਣੀ ਰੱਖੇਂਗੀ। ਇਸ ਨਾਲ ਤੈਨੂੰ ਵੱਧ ਨਿਤਨੇਮ ਕਰਨ ਦਾ, ਪ੍ਰਮੇਸ਼ਰ ਦੀ ਬੰਦਗੀ ਕਰਨ ਲਈ ਹੋਰ ਵੱਧ ਸਮਾਂ ਮਿਲ ਸਕੇਗਾ ਤੇ ਜਿਹੜਾ ਕਹਿੰਦੀ ਹੈਂ ਗੁਰਦੁਆਰੇ ਦਾ ਨੇਮ ਟੁੱਟ ਗਿਆ ਹੈ, ਉਹ ਗੁਰੂ ਸਾਹਿਬ ਤੈਨੂੰ ਅਗਲੀ ਪੌੜੀ ਚੜ੍ਹਾਉਣੀ ਚਾਹੁੰਦੇ ਹਨ, ਉੱਚੀ ਅਵਸਥਾ 'ਤੇ ਪਹੁੰਚਾਉਣਾ ਚਾਹੁੰਦੇ ਹਨ ਜਿਸ ਬਾਰੇ ਬਾਣੀ ਦੀਆਂ ਪੰਕਤੀਆਂ ਵੀ ਹਨ-

*ਹਿਰਦੈ ਨਾਮੁ ਵਸਾਇਹੁ॥ ਘਰਿ ਬੈਠੇ ਗੁਰੂ ਧਿਆਇਹੁ॥*

(ਅੰਗ ੬੨੧)

ਭਗਤ ਰਾਮਾਨੰਦ ਜੀ ਦੀਆਂ ਵੀ ਪੰਕਤੀਆਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜੋ ਇਹੀ ਭਾਵ ਪ੍ਰਗਟਾਉਂਦੀਆਂ ਹਨ-

*ਕਤ ਜਾਈਐ ਰੇ ਘਰ ਲਾਗੋ ਰੰਗ*

(ਅੰਗ ੧੧੯੫)

ਇਥੇ ਦਾਸ ਇਕ ਗੱਲ ਖੋਲ੍ਹ ਦੇਵੇ। ਦਾਸ ਦਾ ਇਹ ਭਾਵ ਨਾ ਸਮਝ ਲੈਣਾ ਕਿ ਜੇ ਕੋਈ ਦੁੱਖ ਆ ਗਿਆ ਹੈ ਤਾਂ ਉਸ ਦੇ ਲਈ ਅਰਦਾਸ ਨਹੀਂ ਕਰਨੀ ਜਾਂ ਉਸ ਦੇ ਲਈ ਇਲਾਜ ਨਹੀਂ ਕਰਨਾ, ਦਵਾਈ ਨਹੀਂ ਖਾਣੀ। ਦਵਾਈ ਵੀ ਲੈਣੀ ਹੈ, ਦੁੱਖ ਦੀ ਅਰਦਾਸ ਵੀ ਕਰਨੀ ਹੈ ਪਰ ਮਨ ਨੂੰ ਕਲਪਨਾ ਵਿਚ ਨਹੀਂ ਪੈਣ ਦੇਣਾ। ਜਿਸ ਦੀ ਇਹ ਘੁੰਡੀ ਖੁੱਲ੍ਹ ਗਈ ਫਿਰ ਸ਼ਾਂਤੀ ਹੈ, ਜਿਸ ਦੀ ਘੁੰਡੀ ਨਹੀਂ ਖੁੱਲ੍ਹੀ, ਉਹ ਹਰ ਵੇਲੇ ਕਲਪਨਾ ਵਿਚ ਫਸਿਆ ਰਹਿੰਦਾ ਹੈ, ਦੁੱਖ ਨੂੰ ਹਿਰਦੇ 'ਤੇ ਲਾ ਕੇ ਬੈਠ ਜਾਂਦਾ ਹੈ।

ਦਾਸ ਦਾ ਅੰਮ੍ਰਿਤਸਰ ਦਾ ਇਕ ਮਿੱਤਰ ਹੈ ਜੋ ਕੀਰਤਨੀਆ ਹੈ। ਇਕ ਵਾਰ ਉਸ ਦੇ ਗਲੇ ਅੰਦਰ ਸੋਜ਼ਿਸ਼ ਜਿਹੀ ਹੋ ਗਈ। ਡਾਕਟਰਾਂ ਨੇ ਆਖਿਆ ਕਿ ਤੂੰ ਦੋ ਮਹੀਨੇ ਕੀਰਤਨ ਨਹੀਂ ਕਰਨਾ, ਗਲੇ ਨੂੰ ਅਰਾਮ ਦੇਣਾ ਹੈ। ਉਹ ਬੜਾ ਦੁਖੀ, ਬੜਾ ਪ੍ਰੇਸ਼ਾਨ। ਕਹਿਣ ਲੱਗਾ, ਮੇਰੇ ਨਾਲ ਤਾਂ ਬਹੁਤ ਮਾੜੀ ਹੋਈ ਹੈ, ਕੀਰਤਨ ਤਾਂ ਮੇਰੀ ਖ਼ੁਰਾਕ ਹੈ, ਮੇਰੇ ਜੀਵਨ ਦਾ ਅਧਾਰ ਹੈ। ਮੈਨੂੰ ਕਿਸੇ ਦਿਨ ਰੋਟੀ ਨਾ ਮਿਲੇ ਮੇਰਾ ਗੁਜ਼ਾਰਾ ਹੋ ਸਕਦਾ ਹੈ ਪਰ ਕੀਰਤਨ ਬਗ਼ੈਰ ਨਹੀਂ। ਹੁਣ ਦੱਸੋ ਇਸ ਵਿਚ ਮੇਰਾ ਕੀ ਭਲਾ ਛੁਪਿਆ ਹੈ ਜੋ ਮੇਰੇ ਕੋਲੋਂ ਮੇਰੀ ਆਤਮਾ ਦੀ ਖ਼ੁਰਾਕ ਹੀ ਖੋਹੀ ਗਈ, ਗੁਰੂ ਦੀਆਂ ਸਿਫ਼ਤਾਂ ਦੀ, ਗੁਰੂ ਦੇ ਕੀਰਤਨ ਦੀ ਦਾਤ ਹੀ ਖੋਹੀ ਗਈ। ਜਿਸ ਚੀਜ਼ ਦੇ ਬਗ਼ੈਰ ਮੇਰਾ ਇਕ ਦਿਨ ਵੀ ਗੁਜ਼ਾਰਾ ਨਹੀਂ, ਦੋ ਮਹੀਨੇ ਕਿਵੇਂ ਕੱਟਾਂਗਾ।

ਕਹਿਣ ਲੱਗਾ, ਕੀਰਤਨ ਕਰਨ ਵਾਲੇ ਨੂੰ ਕੀਰਤਨ ਕਰਨ ਦੀ ਮਨਾਹੀ ਲੱਗ ਜਾਵੇ ਤਾਂ ਇਸ ਦੇ ਵਿਚ ਕੀ ਭਲਾ ਛੁਪਿਆ ਹੈ। ਗੁਰੂ ਸਾਹਿਬ ਨੇ ਤਾਂ ਆਪ ਬਾਣੀ ਵਿਚ

ਕਈ ਪੰਕਤੀਆਂ ਰਾਹੀਂ ਕੀਰਤਨ ਕਰਨ ਲਈ ਹਿਦਾਇਤ ਕੀਤੀ ਹੈ। ਦਾਸ ਨੇ ਕਿਹਾ ਕੀਰਤਨੀਏ ਦੀ ਅਗਲੀ ਪੌੜੀ ਹੈ ਸੰਤ ਦੀ। ਗੁਰੂ ਸਾਹਿਬ ਨੇ ਤੇਰਾ ਗਲਾ ਖ਼ਰਾਬ ਕਰ ਕੇ ਤੈਨੂੰ ਇਹ ਚਾਨਣ ਦਿੱਤਾ ਹੈ ਕਿ ਤੂੰ 2 ਮਹੀਨੇ ਅੰਦਰ ਬੈਠ ਕੇ ਸਿਮਰਨ ਦੀ ਕਮਾਈ ਕਰ ਕੇ ਅਗਲੀ ਪੌੜੀ ਹਾਸਲ ਕਰ ਲੈ, ਕੋਈ ਉੱਚੀ ਅਵਸਥਾ ਦੀ ਪ੍ਰਾਪਤੀ ਕਰ ਲੈ। ਗੁਰੂ ਤੇਗ਼ ਬਹਾਦਰ ਜੀ ਨੇ ਵੀ ਜਿਥੇ ਪ੍ਰਚਾਰ ਕੀਤਾ ਹੈ, ਉਥੇ ਭੋਰਿਆਂ ਵਿਚ ਬੈਠ ਕੇ ਸਿਮਰਨ ਦੀ ਕਮਾਈ ਵੀ ਕੀਤੀ ਹੈ। ਇਹ ਸਾਡੇ ਲਈ ਪੂਰਨੇ ਹਨ। ਕੀਰਤਨ ਰਾਹੀਂ, ਕਥਾ ਰਾਹੀਂ ਦੂਸਰਿਆਂ ਨੂੰ ਉਪਦੇਸ਼ ਕਰਨ ਤੋਂ ਪਹਿਲਾਂ ਕੀਰਤਨੀਏ ਦੀ ਆਪਣੀ ਕਮਾਈ ਵੀ ਬਹੁਤ ਜ਼ਰੂਰੀ ਹੈ। ਤੁਸੀਂ ਆਪ ਸੋਚੋ ਕਿ ਕੋਈ ਕੀਰਤਨੀਆ ਆਪ ਕਮਾਈ ਕਰੇ ਨਾ, ਅੰਮ੍ਰਿਤ ਵੇਲੇ ਉਠੇ ਨਾ, ਜਪ, ਤਪ ਕਰੇ ਨਾ, ਆਪਣੀ ਸਮਾਧੀ ਹੋਵੇ ਨਾ, ਭਜਨ ਬੰਦਗੀ ਆਪ ਕਰੇ ਨਾ ਤੇ ਉਪਦੇਸ਼ ਕਰੀ ਜਾਵੇ। ਸਾਰੀ ਰਾਤ ਚੈਨ ਦੀ ਨੀਂਦ ਸੌਂਦਾ ਹੋਵੇ ਤੇ ਵਾਜੇ 'ਤੇ ਬੈਠ ਕੇ ਸ਼ਬਦ ਪੜ੍ਹੀ ਜਾਵੇ-

*ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥*
*ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥*

(ਅੰਗ ੨੪੪)

ਦੱਸੋ ਕਿਵੇਂ ਗੱਲ ਬਣੇਗੀ ? ਚਾਰ-ਚਾਰ, ਪੰਜ-ਪੰਜ ਪ੍ਰਸ਼ਾਦੇ ਛਕਦਾ ਹੋਵੇ ਤੇ ਪੰਕਤੀ ਪੜ੍ਹੀ ਜਾਵੇ 'ਭਾਵੈ ਅੰਨੁ ਨ ਪਾਣੀ'।

ਕੀਰਤਨ ਦਾ ਅਸਲੀ ਰਸ ਤਾਂ ਹੀ ਹੈ ਜੇ ਅੰਦਰ ਉਹ ਗੱਲ ਹੋਵੇ ਵੀ, ਜੇ ਨਹੀਂ ਫਿਰ ਤਾਂ ਕੀਰਤਨ ਭਗਤੀ ਰੂਪ ਨਾ ਹੋ ਕੇ ਪਖੰਡ ਰੂਪ ਹੋ ਜਾਵੇਗਾ। ਸਿਰੇ ਦੀ ਭਗਤੀ ਤਾਂ ਹੀ ਹੈ ਜੇ ਗੱਲ ਅੰਦਰ ਦੀ ਬਣ ਜਾਵੇ। ਦਾਸ ਨੇ ਉਸ ਕੀਰਤਨੀਏ ਨੂੰ ਬੇਨਤੀ ਕੀਤੀ ਕਿ ਇਹ ਦੋ ਮਹੀਨੇ ਗਲੇ ਦੀ ਸੋਜ਼ਿਸ਼ ਜੋ ਹੋਈ ਹੈ, ਇਸ ਵਿੱਚੋਂ ਸੁਖ ਲੱਭੋ, ਸਤਿਗੁਰੂ ਤੁਹਾਨੂੰ ਅਗਲੀ ਅਵਸਥਾ ਦੇਣੀ ਚਾਹੁੰਦੇ ਹਨ। ਇਹ ਬੜੀ ਪਿਆਰੀ ਅਵਸਥਾ ਹੈ, ਹੁਕਮ ਪਛਾਨਣ ਦੀ ਕਿਧਰੇ ਸੋਝੀ ਪੈ ਜਾਵੇ।

ਦਾਸ ਦਾ ਇਹ ਵਿਚਾਰ ਕਰਨ ਤੋਂ ਭਾਵ ਕਿ ਜਦੋਂ ਦੁੱਖ ਵਿੱਚੋਂ ਵੀ ਸੁੱਖ ਲੱਭੋਗੇ ਤਾਂ ਮਨ ਕਲਪਨਾ ਵਿਚ ਨਹੀਂ ਪਵੇਗਾ। ਅੰਦਰ ਸ਼ਾਂਤੀ ਆ ਜਾਵੇਗੀ। ਉਸ ਦੇ ਹਰ ਕੀਤੇ ਵਿਚ ਮਿਠਾਸ ਲੱਭੋ, ਜ਼ਰੂਰ ਲੱਭੇਗੀ। ਸਹਿਜ ਸੁਭਾਅ ਜੋ ਕੁਝ ਵੀ ਜ਼ਿੰਦਗੀ ਵਿਚ ਬੀਤ ਰਿਹਾ ਹੈ, ਕਦੀ ਉਸ ਵਿੱਚੋਂ ਥੋੜ੍ਹਾ ਜਿਹਾ ਖੋਜਣ ਦਾ ਯਤਨ ਕਰੋਗੇ ਤਾਂ ਦੁੱਖ ਵਿੱਚੋਂ ਵੀ ਸੁੱਖ ਲੱਭਣਾ ਸ਼ੁਰੂ ਹੋ ਜਾਵੇਗਾ। ਅਸੀਂ ਅਨੇਕਾਂ ਗੱਲਾਂ ਨੂੰ ਦੁੱਖ ਦਾ ਕਾਰਨ ਬਣਾ ਲੈਂਦੇ ਹਾਂ ਤੇ ਮਨ ਨੂੰ ਕਲਪਨਾ ਵਿਚ ਪਾਈ ਰੱਖਦੇ ਹਾਂ। ਆਮ ਬੰਦਾ ਦੁੱਖਾਂ ਵਿਚ ਵਿਲਕਦਾ ਹੈ, ਕਲਪਦਾ ਹੈ ਪਰ ਜਿਸ ਦੀ ਗੁਰੂ 'ਤੇ ਸ਼ਰਧਾ ਹੈ, ਉਸ ਨੂੰ ਪ੍ਰਮੇਸ਼ਰ ਦੀ ਹਰ ਲੀਲਾ ਵਿਚ

ਕੁਝ ਛੁਪਿਆ ਨਜ਼ਰ ਆਉਂਦਾ ਹੈ। (ਇਥੇ ਇਕ ਗੱਲ ਧਿਆਨ ਰੱਖਣੀ। ਦਮ ਨਹੀਂ ਮਾਰਨਾ। ਅਰਦਾਸ ਕਰਨੀ ਹੈ ਕਿ ਸੱਚੇ ਪਾਤਸ਼ਾਹ ! ਕਿਰਪਾ ਕਰੋ, ਮੇਰੀ ਇਹ ਅਵਸਥਾ ਬਣਾ ਦਿਓ ਕਿ ਮੈਂ ਤੇਰੇ ਕੀਤੇ ਵਿੱਚੋਂ ਸੁੱਖ ਲਭ ਸਕਾਂ, ਪਰਚਾ ਨਾ ਪਾਉਣਾ।

ਦਾਸ ਦਾ ਅਮਰੀਕਾ ਵਿਚ ਇਕ ਮਿੱਤਰ ਹੈ, ਉਸ ਦਾ ਐਕਸੀਡੈਂਟ ਹੋ ਗਿਆ ਤੇ ਸੱਜੀ ਬਾਂਹ ਦੀ ਹੱਡੀ ਕਰੈਕ ਹੋ ਗਈ। ਉਸ ਨਾਲ ਜਦੋਂ ਫੋਨ 'ਤੇ ਗੱਲ ਹੋਈ ਤਾਂ ਉਹ ਕਹਿੰਦਾ ਹੈ ਕਿ ਜਦੋਂ ਦੀ ਮੇਰੀ ਬਾਂਹ ਟੁੱਟੀ ਹੈ, ਮੇਰੇ ਅੰਦਰੋਂ ਤਾਂ ਸ਼ੁਕਰਾਨੇ ਪਏ ਨਿਕਲਦੇ ਹਨ। ਕਹਿਣ ਲੱਗਾ, ਮੇਰੀ ਨੌਕਰੀ ਐਸੀ ਹੈ ਕਿ ਮੈਨੂੰ ਸਵੇਰੇ 5 ਵਜੇ ਨੌਕਰੀ ਲਈ ਘਰੋਂ ਨਿਕਲਣਾ ਪੈਂਦਾ ਸੀ, ਸਾਰਾ ਦਿਨ ਬੜਾ ਰੁਝੇਵਾਂ ਰਹਿੰਦਾ ਸੀ, ਸ਼ਾਮ ਨੂੰ ਵੀ 7-8 ਵਜੇ ਮੈਂ ਘਰ ਵਾਪਿਸ ਆਉਂਦਾ ਸੀ। ਨਾ ਤਾਂ ਅੰਮ੍ਰਿਤ ਵੇਲੇ ਨੂੰ ਗੁਰੂ ਦੇ ਲੇਖੇ ਲਾਇਆ ਜਾਂਦਾ ਸੀ ਤੇ ਸਾਰਾ ਦਿਨ ਵੀ ਕੰਮ ਦਾ ਇਤਨਾ ਰੁਝੇਵਾਂ ਹੋਣ ਕਾਰਨ ਨਿਤਨੇਮ ਲਈ ਕੋਈ ਸਮਾਂ ਨਹੀਂ ਸੀ ਨਿਕਲਦਾ। ਹੁਣ ਜਦੋਂ ਦੀ ਬਾਂਹ ਟੁੱਟੀ ਹੈ, ਆਰਾਮ ਨਾਲ ਘਰ ਬੈਠਾ ਹਾਂ ਤੇ ਵੱਧ ਤੋਂ ਵੱਧ ਨਿਤਨੇਮ ਕਰ ਕੇ ਗੁਰੂ ਦੇ ਲੇਖੇ ਸਮਾਂ ਲਗਾ ਰਿਹਾ ਹਾਂ। ਕੰਪਨੀ ਵੱਲੋਂ ਅੱਧੀ ਤਨਖ਼ਾਹ ਤਾਂ ਮਿਲੀ ਜਾਣੀ ਹੈ।

ਇਸ਼ਾਰਾ ਸਮਝਿਓ, ਹੈ ਦੁੱਖ ਹੀ, ਪਰ ਜਿਸ ਦੀ ਗੁਰੂ 'ਤੇ ਸ਼ਰਧਾ ਹੈ ਉਹ ਸੋਚਦਾ ਹੈ ਦੁੱਖ ਵਿਚ ਕੋਈ ਸੁੱਖ ਛੁਪਿਆ ਹੈ, ਇਸ ਲਈ ਉਹ ਦੁੱਖਾਂ ਵਿਚ ਮਾਲਕ ਨੂੰ ਕੋਸਦਾ ਨਹੀਂ, ਮਾਲਕ ਨੂੰ ਛੱਡਦਾ ਨਹੀਂ, ਮਨ ਨੂੰ ਕਲਪਨਾ ਵਿਚ ਨਹੀਂ ਪਾਉਂਦਾ, ਪਰ ਜਿਸ ਅੰਦਰ ਨਹੀਂ ਸ਼ਰਧਾ, ਨਹੀਂ ਆਪਣੇ ਮਾਲਕ 'ਤੇ ਭਰੋਸਾ, ਉਹ ਦੁੱਖਾਂ ਵਿਚ, ਮੁਸੀਬਤਾਂ ਵਿਚ ਮਾਲਕ ਨੂੰ ਕੋਸਦਾ ਹੈ, ਕਲਪਦਾ ਹੈ ਤੇ ਇਸ ਤਰ੍ਹਾਂ ਕਰਨ ਨਾਲ ਮਾਲਕ ਦੀ ਖ਼ੁਸ਼ੀ ਪ੍ਰਾਪਤ ਨਹੀਂ ਕਰ ਪਾਉਂਦਾ ਬਲਕਿ ਉਸ ਤੋਂ ਦੂਰ ਹੋ ਜਾਂਦਾ ਹੈ। ਇੱਥੋਂ ਤਕ ਕਿ ਕਈ ਅਨਜਾਣਪੁਣੇ ਵਿਚ ਮਾਲਕ ਨੂੰ ਛੱਡ ਹੀ ਬੈਠਦੇ ਹਨ, ਗੁਰੂ ਤੋਂ ਬੇਮੁਖ ਹੋ ਜਾਂਦੇ ਹਨ। ਆਪ ਹੀ ਸੋਚੋ, ਜਿਹੜਾ ਆਪਣੇ ਗੁਰੂ ਤੋਂ ਬੇਮੁਖ ਹੀ ਹੋ ਗਿਆ ਤਾਂ ਉਸ ਨੂੰ ਫਿਰ ਕਿੱਥੇ ਢੋਈ ਮਿਲੇਗੀ, ਉਸ ਨੂੰ ਤਾਂ ਨਰਕ ਵੀ ਨਹੀਂ ਝਲਣਗੇ। ਇਸ ਲਈ ਕਦੀ ਵੀ ਕਿਸੇ ਵੀ ਦੁੱਖ ਨੂੰ ਦਿਮਾਗ਼ੀ ਬੋਝ ਨਾ ਬਣਾਓ। ਸਾਨੂੰ ਨਜ਼ਰ ਆਉਂਦਾ ਹੈ ਕਿ ਦੁੱਖ ਵਾਲੀ ਗੱਲ ਬਣ ਗਈ ਹੈ ਪਰ ਉਸ ਦੇ ਪਿੱਛੇ ਛੁਪੇ ਹੋਏ ਭਲੇ ਨੂੰ ਸਾਡੀ ਅੱਖ ਵੇਖ ਨਹੀਂ ਸਕਦੀ। ਅਰਦਾਸ ਕਰਨੀ ਹੈ ਸੱਚੇ ਪਾਤਸ਼ਾਹ ! ਕਿਰਪਾ ਕਰੀਂ, ਪਰਚਾ ਨਾ ਪਾਈਂ। ਸਾਡੀ ਇਹ ਅਵਸਥਾ ਬਣਾ ਕਿ ਸਾਨੂੰ ਤੇਰੇ ਕੀਤੇ ਵਿਚ ਸੁੱਖ ਲੱਭਣ ਦੀ ਜਾਚ ਆ ਜਾਵੇ, ਅਸੀਂ ਤੇਰੇ ਬਣੇ ਰਹੀਏ, ਤੇਰੇ ਚਰਨਾਂ ਨਾਲ, ਤੇਰੀ ਬਾਣੀ ਨਾਲ ਹਮੇਸ਼ਾ ਜੁੜੇ ਰਹੀਏ। ਗੁਰੂ ਵੀ ਉਡੀਕਦਾ ਹੈ ਕਿ ਮੇਰਾ ਸਿੱਖ, ਮੇਰਾ ਬੱਚਾ ਇਸ ਅਵਸਥਾ ਨੂੰ ਪ੍ਰਾਪਤ ਕਰ ਕੇ ਬੇਗਮਪੁਰਾ ਸ਼ਹਿਰ ਵਿਚ ਪਹੁੰਚ ਜਾਵੇ। ਸਾਡੀ ਇਹ ਭਾਵਨਾ ਬਣ ਜਾਵੇ-

*ਜਨ ਕਉ ਪ੍ਰਭ ਅਪਨੇ ਕਾ ਤਾਣੁ॥*
*ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ॥*

(ਅੰਗ ੬੧੧)

ਇਹ ਹੈ ਸ਼ਰਧਾ ਦੀ ਗਿਆਰ੍ਹਵੀਂ ਨਿਸ਼ਾਨੀ ਜੋ ਗੁਰੂ ਸਾਹਿਬ ਦੀ ਕਿਰਪਾ ਨਾਲ ਸਾਂਝੀ ਹੋਈ ਹੈ। ਉਸ ਦੇ ਹੁਕਮ ਨੂੰ ਪਛਾਨਣਾ, ਜੋ ਕੁਝ ਉਹ ਕਰ ਰਿਹਾ ਹੈ, ਉਸ ਵਿਚ ਕੋਈ ਮਿਠਾਸ ਲੱਭਣੀ, ਜੋ ਵਾਪਰ ਰਿਹਾ ਹੈ ਉਸ ਵਿਚ ਭਲਾ ਲੱਭਣ ਦੀ ਕੋਸ਼ਿਸ਼ ਕਰਨੀ। ਇਹ ਬੜੀ ਵੱਡੀ ਖੇਡ ਹੈ ਪਰ ਜੇ ਕਿਧਰੇ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਦਾਤ ਮਿਲ ਜਾਵੇ ਤਾਂ ਜ਼ਿੰਦਗੀ ਵਿੱਚੋਂ ਰੋਣਾ ਹੀ ਨਿਕਲ ਜਾਂਦਾ ਹੈ।

*ਜਿਨ੍ੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥*

(ਅੰਗ ੫੨੩)

ਦਾਸ ਆਪ ਸਾਰਿਆਂ ਦੇ ਚਰਨਾਂ ਦੀ ਧੂੜੀ ਹੈ, ਪਰ ਗੁਰੂ ਸਾਹਿਬ ਨੇ ਆਪ ਕਿਰਪਾ ਕਰ ਕੇ ਸਿਰ 'ਤੇ ਆਪਣਾ ਮਿਹਰ ਤੇ ਬਖ਼ਸ਼ਿਸ਼ ਭਰਿਆ ਹੱਥ ਰਖ ਕੇ ਜੋ ਇਹ ਸ਼ਰਧਾ ਦੀਆਂ ਨਿਸ਼ਾਨੀਆਂ ਵਿਸਥਾਰ ਨਾਲ ਲਿਖਣ ਦੀ ਸੇਵਾ ਲਈ ਹੈ, ਬੇਨਤੀ ਹੈ ਕਿ ਇਹ ਸਾਰੀਆਂ ਨਿਸ਼ਾਨੀਆਂ ਨੂੰ ਬਾਰ-ਬਾਰ ਪੜ੍ਹਨਾ, ਪੜ੍ਹ ਕੇ ਵਿਚਾਰਨਾ ਤੇ ਆਪਣੇ ਅੰਦਰ ਨਾਲ ਤੋਲਣਾ ਕਿ ਕਿਹੜੀ ਨਿਸ਼ਾਨੀ ਸਾਡੀ ਜ਼ਿੰਦਗੀ ਵਿਚ ਆਈ ਹੈ ਤੇ ਕਿਹੜੀ ਨਹੀਂ, ਅਸੀਂ ਕਿਥੇ ਕੁ ਖੜੇ ਹਾਂ। ਇਨ੍ਹਾਂ ਨਿਸ਼ਾਨੀਆਂ ਨੂੰ ਪੜ੍ਹਨ ਦਾ ਫ਼ਾਇਦਾ ਤਾਂ ਹੀ ਹੋਵੇਗਾ ਜੇ ਵਿਚਾਰਾਂਗੇ। ਵਿਚਾਰਣ ਤੋਂ ਬਾਅਦ ਆਪਣੇ ਅੰਦਰ ਨੂੰ ਤੋਲਣ ਤੋਂ ਬਾਅਦ ਜਿੱਥੇ ਕਮੀ ਹੋਵੇ, ਸਮਰੱਥ ਪਿਤਾ ਅੱਗੇ ਝੋਲੀਆਂ ਅੱਡ ਕੇ ਅਰਦਾਸ ਕਰਨਾ। ਅਰਦਾਸ ਕਰਿਓ ਦਾਸ ਦੀ ਵੀ ਤੇ ਆਪਣੀ ਵੀ, ਸਤਿਗੁਰੂ ਕਿਰਪਾ ਕਰਨ, ਸਾਡੇ ਅੰਦਰ ਇਹ ਰੰਗ ਭਰ ਦੇਣ-

*ਗੁਰੂ ਗੁਰੂ ਗੁਰੁ ਕਰਿ ਮਨਿ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥*

(ਅੰਗ ੮੬੪)

ਗੁਰੂ ਕਿਰਪਾ ਕਰਨ, ਸਾਡੀਆਂ ਆਪਣੇ ਚਰਨਾਂ ਨਾਲ ਪ੍ਰੇਮ ਦੀਆਂ ਗੰਢਾਂ ਪਾ ਲੈਣ। ਪ੍ਰੇਮ ਹੀ ਸਭ ਕੁਝ ਹੈ।

☆☆☆

ਮੈਂਬਰ ਬਣੋ ! ਮੈਂਬਰ ਬਣੋ !! ਮੈਂਬਰ ਬਣੋ !!!

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਡਾਕ ਰਾਹੀਂ ਆਪ ਜੀ ਦੇ ਗ੍ਰਹਿ ਵਿਖੇ ਪਹੁੰਚੇਗੀ

ਦੋਮਾਹੀ ਪੱਤ੍ਰਿਕਾ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !

| ਚੰਦਾ | ਦੇਸ਼ | ਵਿਦੇਸ਼ |
|---|---|---|
| ਇੱਕ ਸਾਲ | 100/- | 600/- |
| ਪੰਜ ਸਾਲ | 400/- | 2400/- |
| ਲਾਈਫ | 1600/- | 9600/- |

SIKHBOOKCLUB.COM

ਚੰਦਾ ਕੇਵਲ ਮਨੀਆਰਡਰ ਰਾਹੀਂ ਜਾਂ ਡਰਾਫਟ (ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ) ਦੇ ਨਾਮ 'ਤੇ ਭੇਜਿਆ ਜਾਵੇ।

ਨੋਟ : ਰਸਾਲੇ ਦੀ ਬੁਕਿੰਗ ਕਰਾਉਣ ਲਈ ਸੰਪਰਕ ਕਰੋ :-

ਮਾਤਾ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ।

ਫੋਨ : 0183-3292255, ਫੈਕਸ : 0183-2483920, 3294659

ਮੋਬਾਇਲ : 98765-25850

ਪ੍ਰਕਾਸ਼ਕ :

ਦਾਸ : ਭਾਈ ਗੁਰਇਕਬਾਲ ਸਿੰਘ